ਕੇਂਦਰ ਸਰਕਾਰ ਨੇ ਬੀਮਾ ਐਪਕਟ, 1938 ਦੇ ਅਧਿਕਾਰਾਂ ਦੇ ਤਹਿਤ ਜਨਤਕ ਸ਼ਿਕਾਇਤ ਦਾ ਨਿਪਟਾਰਾ ਨਿਯਮ, 1998 ਨਵੰਬਰ 11, 1998 ਨੂੰ ਅਧਿਕਾਰਿਤ ਗਜਟ ਵਿੱਚ ਪ੍ਰਕਾਸ਼ਿਤ। ਇਹ ਨਿਯਮ ਜੀਵਨ ਅਤੇ ਗ਼ੈਰ-ਜੀਵਨ ਬੀਮੇ, ਬੀਮੇ ਦੇ ਸਭ ਨਿੱਜੀ ਵਰਗਾਂ ਲਈ, ਜੋ ਵੀ ਨਿੱਜੀ ਸਮੱਰਥਾ ਮੁਤਾਬਕ ਲਏ ਬੀਮੇ ਹਨ, ਲਈ ਲਾਗੂ ਹੁੰਦੇ ਹਨ।

ਇਹਨਾਂ ਨਿਯਮਾਂ ਦਾ ਮਕਸਦ ਬੀਮਾ ਕੰਪਨੀਆਂ ਦੇ ਭਾਗ ਵਜੋਂ ਦਾਅਵਿਆਂ ਦੇ ਸਮਝੌਤਿਆਂ ਦੇ ਸਬੰਧੀ ਸਭ ਸ਼ਿਕਾਇਤਾਂ ਨੂੰ ਪ੍ਰਭਾਵੀ ਕੀਮਤ, ਸਮਰੱਥ ਅਤੇ ਨਿਰਪੱਖ ਢੰਗ ਨਾਲ ਹੱਲ ਕਰਨਾ ਹੈ।

ਲੋਕਪਾਲ, ਬੀਮਤ ਅਤੇ ਬੀਮਾਕਰਤਾ ਦੀ ਆਪਸੀ ਸਹਿਮਤੀ ਨਾਲ, ਹਵਾਲੇ ਦੀਆਂ ਸ਼ਰਤਾਂ ਦੇ ਤਹਿਤ ਵਿਚੋਲੇ ਅਤੇ ਸਲਾਹਕਾਰ ਵਜੋਂ ਕੰਮ ਕਰ ਸਕਦਾ ਹੈ।

ਲੋਕਪਾਲ ਦਾ ਫੈਸਲਾ, ਸ਼ਿਕਾਇਤ ਨੂੰ ਭਾਵੇਂ ਮੰਨਿਆ ਜਾਵੇ ਜਾਂ ਰੱਦ ਕੀਤਾ ਜਾਵੇ, ਅੰਤਿਮ ਹੁੰਦਾ ਹੈ।

a) ਲੋਕਪਾਲ ਨੂੰ ਸ਼ਿਕਾਇਤ

ਲੋਕਪਾਲ ਨੂੰ ਕੀਤੀ ਜਾਣ ਵਾਲੀ ਸ਼ਿਕਾਇਤ ਲਿਖਤੀ ਰੂਪ ਵਿੱਚ, ਬੀਮਤ ਜਾਂ ਉਸ ਦੇ ਕਾਨੂੰਨੀ ਵਾਰਸ ਵਲੋਂ ਦਸਤਖਤ ਕਰਕੇ, ਲੋਕਪਾਲ ਨੂੰ ਸੰਬੋਧਿਤ ਹੋਣੀ ਚਾਹੀਦੀ ਹੈ, ਜਿਸ ਦੇ ਅਧਿਕਾਰ ਖੇਤਰ ਵਿੱਚ ਬੀਮਾਕਰਤਾ ਦੀ ਬਰਾਂਚ / ਦਫ਼ਤਰ ਆਉਂਦਾ ਹੈ, ਦਸਤਾਵੇਜ਼ ਨੱਥੀ ਹੋਣੇ ਚਾਹੀਦੇ ਹਨ, ਜੇ ਕੋਈ ਹਨ ਤਾਂ, ਇਸ ਦੇ ਨਾਲ ਘਾਟੇ ਦੀ ਕਿਸਮ ਅਤੇ ਹੱਦ ਦਾ ਅੰਦਾਜ਼ਾ ਅਤੇ ਮੰਗੀ ਗਈ ਰਾਹਤ ਬਾਰੇ ਜਾਣਕਾਰੀ ਹੋਣੀ ਚਾਹੀਦੀ ਹੈ।

ਸ਼ਿਕਾਇਤਾਂ ਲੋਕਪਾਲ ਨੂੰ ਕੀਤੀਆਂ ਜਾ ਸਕਦੀਆਂ ਹਨ, ਜੇ:

i. ਪਹਿਲਾਂ ਲਿਖਤੀ ਰੂਪ ਵਿੱਚ ਸ਼ਿਕਾਇਤ ਬੀਮਾ ਕੰਪਨੀ ਨੂੰ ਲਿਖਤੀ ਰੂਪ ਵਿੱਚ ਕੀਤੀ ਗਈ ਹੈ ਅਤੇ ਬੀਮਾ ਕੰਪਨੀ ਨੇ:

   ✓ ਸ਼ਿਕਾਇਤ ਨੂੰ ਰੱਦ ਕਰ ਦਿੱਤਾ ਹੈ ਜਾਂ

- ✓ ਬੀਮਾਕਰਤਾ ਵਲੋਂ ਸ਼ਿਕਾਇਤ ਦੀ ਰਸੀਦ ਦੇਣ ਦੇ ਇੱਕ ਮਹੀਨੇ ਦੇ ਅੰਦਰ ਸ਼ਿਕਾਇਤ ਦਾ ਕੋਈ ਜਵਾਬ ਨਹੀਂ ਆਇਆ ਹੈ
- ✓ ਸ਼ਿਕਾਇਤਕਰਤਾ ਬੀਮਾਕਰਤਾ ਵਲੋਂ ਦਿੱਤੇ ਜਵਾਬ ਨਾਲ ਸੰਤੁਸ਼ਟ ਨਹੀਂ ਹੈ।

ii. ਸ਼ਿਕਾਇਤ ਬੀਮਾ ਕੰਪਨੀ ਵਲੋਂ ਰੱਦ ਕਰਨ ਦੇ ਇੱਕ ਸਾਲ ਵਿੱਚ ਕੀਤੀ ਗਈ ਹੈ।

iii. ਸ਼ਿਕਾਇਤ ਕਿਸੇ ਅਦਾਲਤ ਜਾਂ ਗਾਹਕ ਫੋਰਮ ਜਾਂ ਸਾਲਸੀ (ਵਿਚੋਲਪੁਣੇ) ਵਿੱਚ ਬਕਾਇਆ ਨਹੀਂ ਪਈ ਹੈ।

b) ਲੋਕਪਾਲ ਵਲੋਂ ਸਿਫਾਰਸ਼ਾਂ

ਕੁਝ ਫ਼ਰਜ਼/ਨਿਯਮ ਹਨ, ਜਿਹਨਾਂ ਦੀ ਲੋਕਪਾਲ ਵਲੋਂ ਪਾਲਣਾ ਕਰਨੀ ਹੁੰਦੀ ਹੈ:

i. ਇੰਝ ਦੀ ਸ਼ਿਕਾਇਤ ਦੀ ਰਸੀਦ ਮਿਲਣ ਦੇ ਇੱਕ ਮਹੀਨੇ ਦੇ ਵਿੱਚ ਸਿਫਾਰਸ਼ਾਂ ਕਰਨੀਆਂ ਜ਼ਰੂਰੀ ਹਨ।

ii. ਨਕਲਾਂ ਸ਼ਿਕਾਇਤ ਕਰਤਾ ਅਤੇ ਬੀਮਾ ਕੰਪਨੀ ਦੋਵਾਂ ਨੂੰ ਭੇਜੀਆਂ ਜਾਣੀਆਂ ਚਾਹੀਦੀਆਂ ਹਨ।

iii. ਇੰਝ ਦੀ ਸਿਫਾਰਸ਼ ਨੂੰ ਪ੍ਰਾਪਤ ਕਰਨ ਦੇ 15 ਦਿਨਾਂ ਦੇ ਵਿੱਚ ਵਿੱਚ ਸ਼ਿਕਾਇਤ ਕਰਤਾ ਨੂੰ ਲਿਖਤੀ ਰੂਪ ਵਿੱਚ ਸ਼ਿਫਾਰਸ਼ਾਂ ਨੂੰ ਮੰਨਣਾ ਚਾਹੀਦਾ ਹੈ।

iv. ਮਨਜ਼ੂਰੀ ਪੱਤਰ ਦੀ ਨਕਲ ਬੀਮਤ ਵਲੋਂ ਬੀਮਾ ਕਰਤਾ ਨੂੰ ਭੇਜੀ ਜਾਣੀ ਚਾਹੀਦੀ ਹੈ ਅਤੇ ਉਸ ਦੀ ਲਿਖਤੀ ਪੁਸ਼ਟੀ ਉਸ ਵਲੋਂ ਇੰਝ ਦੇ ਮਨਜ਼ੂਰੀ ਪੱਤਰ ਨੂੰ ਪ੍ਰਾਪਤ ਕਰਨ ਦੇ 15 ਦਿਨਾਂ ਵਿੱਚ ਮੰਗੀ ਜਾਂਦੀ ਹੈ।

ਜੇ ਵਿਵਾਦ ਵਿਚੋਲਗੀ ਨਾਲ ਹੱਲ ਨਹੀਂ ਹੁੰਦਾ ਹੈ ਤਾਂ ਲੋਕਪਾਲ ਬੀਮਤ ਨੂੰ ਇਨਾਮ ਦਿੰਦਾ ਹੈ, ਜੋ ਕਿ ਉਸ ਨੂੰ ਜਾਪਦਾ ਹੈ ਠੀਕ ਹੈ ਅਤੇ ਇਹ ਬੀਮਤ ਨੂੰ ਪਏ ਘਾਟੇ ਨੂੰ ਪੂਰਾ ਕਰਨ ਲਈ ਲੋੜੀਂਦੇ ਤੋਂ ਵੱਧ ਨਹੀਂ ਹੈ।

c) ਲੋਕਪਾਲ ਰਾਹੀਂ ਇਨਾਮ

ਲੋਕਪਾਲ ਵਲੋਂ ਦਿੱਤੇ ਜਾਂਦੇ ਜੁਰਮਾਨੇ (ਇਨਾਮ) ਲਈ ਅੱਗੇ ਦਿੱਤੇ ਨਿਯਮ ਲਾਗੂ ਹੁੰਦੇ ਹਨ:

i. ਇਨਾਮ 20 ਲੱਖ ਰੁਪਏ ਤੋਂ ਵੱਧ ਨਹੀਂ ਹੋਣਾ ਚਾਹੀਦਾ ਹੈ (ਐਕਸ-ਗ੍ਰੇਸ਼ੀਆ ਭੁਗਤਾਨ ਅਤੇ ਹੋਰ ਖਰਚਿਆਂ ਸਮੇਤ)

ii. ਇਨਾਮ ਇੰਝ ਦੀ ਸ਼ਿਕਾਇਤ ਮਿਲਣ ਦੀ ਮਿਤੀ ਤੋਂ 3 ਮਹੀਨਿਆਂ ਵਿੱਚ ਵਿੱਚ ਦਿੱਤਾ ਜਾਣਾ ਚਾਹੀਦਾ ਹੈ ਅਤੇ ਬੀਮਤ ਨੂੰ ਇੰਝ ਦੇ ਇਨਾਮ ਮਿਲਣ ਦੇ ਇੱਕ ਮਹੀਨੇ ਵਿੱਚ ਅੰਤਿਮ ਸਮਝੌਤੇ ਦੇ ਰੂਪ ਵਿੱਚ ਇਨਾਮ ਪ੍ਰਾਪਤ ਕਰਨ ਦੀ ਪੁਸ਼ਟੀ ਕਰਨੀ ਚਾਹੀਦੀ ਹੈ।

iii. ਬੀਮਾਕਰਤਾ ਨੂੰ ਇਨਾਮ ਨਾਲ ਸਹਿਮਤ ਹੋਣਾ ਚਾਹੀਦਾ ਹੈ ਅਤੇ ਲੋਕਪਾਲ ਨੂੰ ਇੰਝ ਦੇ ਮਨਜ਼ੂਰੀ ਪੱਤਰ ਮਿਲਣ ਦੇ 15 ਦਿਨਾਂ ਵਿੱਚ ਲਿਖਤੀ ਰੂਪ ਵਿੱਚ ਇਤਲਾਹ ਦੇਣੀ ਚਾਹੀਦੀ ਹੈ।

iv. ਜੇ ਇੰਝ ਦੇ ਇਨਾਮ ਨੂੰ ਮਨਜ਼ੂਰ ਕਰਨ ਲਈ ਲਿਖਤੀ ਰੂਪ ਵਿੱਚ ਇਤਲਾਹ ਨਹੀਂ ਦਿੰਦਾ ਹੈ ਤਾਂ ਬੀਮਾਕਰਤਾ ਇਨਾਮ ਨਹੀਂ ਦੇਵੇਗਾ

ਸਵੈ ਜਾਂਚ ਕਰੋ **3**

ਗਾਹਕ ਸੁਰੱਖਿਆ ਕਾਨੂੰਨ 1986 ਦੇ ਤਹਿਤ ਕਿਸ ਨੂੰ ਗਾਹਕ ਵਜੋਂ ਨਹੀਂ ਮੰਨਿਆ ਜਾ ਸਕਦਾ ਹੈ?

I. ਨਿੱਜੀ ਵਰਤੋਂ ਲਈ ਚੀਜ਼ਾਂ /ਸੇਵਾਵਾਂ ਲੈਣ ਵਾਲਾ

II. ਵਿਅਕਤੀ, ਜੋ ਕਿ ਮੁੜ-ਵਿਕਰੀ ਦੇ ਮਕਸਦ ਨਾਲ ਸਾਮਾਨ ਖਰੀਦਦਾ ਹੈ

III. ਵਿਚਾਰਨ ਲਈ ਸਾਮਾਨ ਤੇ ਸੇਵਾਵਾਂ ਖਰੀਦਦਾ ਅਤੇ ਵਰਤਦਾ ਹੈ

IV. ਵਿਚਾਰਨ ਲਈ ਹੋਰ ਦੀਆਂ ਸੇਵਾਵਾਂ ਵਰਤਦਾ ਹੈ

D. ਗੱਲਬਾਤ ਢੰਗ

ਗਾਹਕ ਸੇਵਾ ਵਿੱਚ ਗੱਲਬਾਤ ਮੁਹਾਰਤ

ਕੰਮ ਦੇ ਥਾਂ ਉੱਤੇ ਪ੍ਰਭਾਵੀ ਕਾਰਗੁਜ਼ਾਰੀ ਲਈ ਇੱਕ ਏਜੰਟ ਜਾਂ ਸੇਵਾ ਮੁਲਾਜ਼ਮ ਕੋਲ ਹੋਣ ਵਾਲੀਆਂ ਸਭ ਤੋਂ ਮਹੱਤਵਪੂਰਨ ਮੁਹਾਰਤਾਂ ਵਿੱਚ ਇੱਕ ਹੈ ਨਰਮ (ਸਾਫਟ) ਮੁਹਾਰਤ (ਸਾਫਟ ਸਕਿੱਲ)

ਸਖਤ (ਹਾਰਡ) ਮੁਹਾਰਤ ਦੇ ਉਲਟ - ਜੋ ਕਿ ਵਿਅਕਤੀ ਦੇ ਕੁਝ ਕੰਮ ਜਾਂ ਸਰਗਰਮੀ ਕਰਨ ਦੀ ਕਾਰਗੁਜ਼ਾਰੀ ਦੀ ਸਮੱਰਥਾ ਹੈ, **ਨਰਮ (ਸਾਫਟ) ਮੁਹਾਰਤਾਂ ਹੋਰ ਮੁਲਾਜ਼ਮਾਂ ਤੇ ਗਾਹਕਾਂ ਨਾਲ, ਕੰਮ ਅਤੇ**

ਬਾਹਰ ਦੋਵਾਂ ਥਾਵਾਂ ਉੱਤੇ, ਪ੍ਰਭਾਵੀ ਰੂਪ ਵਿੱਚ ਆਪਸੀ ਪ੍ਰਭਾਵ ਪਾਉਣ ਦੀ ਸਮਰੱਥਾ ਨਾਲ ਸਬੰਧਿਤ ਹਨ। ਗੱਲਬਾਤ ਮੁਹਾਰਤਾਂ ਇਸ ਕਿਸਮ ਦੀਆਂ ਨਰਮ ਮੁਹਾਰਤਾਂ ਵਿੱਚ ਸਭ ਤੋਂ ਮਹੱਤਵਪੂਰਨ ਹੈ।

1. ਗੱਲਬਾਤ ਅਤੇ ਗਾਹਕ ਸਬੰਧ

ਗਾਹਕ ਸੇਵਾ ਸੰਤੁਸ਼ਿਤ ਅਤੇ ਵਫਾਦਾਰ ਗਾਹਕ ਬਣਾਉਣ ਲਈ ਪ੍ਰਮੁੱਖ ਭਾਗ ਵਿੱਚੋਂ ਇੱਕ ਹੈ। ਪਰ ਇਹ ਕਾਫ਼ੀ ਨਹੀਂ ਹੈ। ਗਾਹਕ ਇਨਸਾਨ ਹਨ, ਜਿਹਨਾਂ ਨਾਲ ਕੰਪਨੀ ਨੂੰ ਮਜ਼ਬੂਤ ਸਬੰਧ ਬਣਾਉਣ ਦੀ ਲੋੜ ਹੁੰਦੀ ਹੈ। **ਇਹ ਸੇਵਾ ਅਤੇ ਸਬੰਧ ਅਨੁਭਵ ਦੋਵੇਂ ਹਨ, ਜੋ ਕਿ ਗਾਹਕ ਦੇ ਸਾਹਮਣੇ ਕੰਪਨੀ ਨੂੰ ਅਸਲ ਰੂਪ ਵਿੱਚ ਪੇਸ਼ ਕਰਦੇ ਹਨ।**

ਮਜ਼ਬੂਤ ਸਬੰਧ ਕਿਸ ਤਰ੍ਹਾਂ ਬਣਦੇ ਹਨ?

ਬੇਸ਼ੱਕ ਇਸ ਦਾ ਮੂਲ ਹੈ ਭਰੋਸਾ। ਇਸ ਦੇ ਨਾਲ ਹੀ ਹੋਰ ਤੱਥ ਹਨ, ਜੋ ਕਿ ਉਸ ਭਰੋਸੇ ਨੂੰ ਮਜ਼ਬੂਤ ਕਰਦੇ ਹਨ ਤੇ ਵਧਾਉਂਦੇ ਹਨ। ਆਉ ਉਹਨਾਂ ਵਿੱਚੋਂ ਕੁਝ ਤੱਥਾਂ ਬਾਰੇ ਵਿਚਾਰ ਕਰੀਏ

ਸ਼ਕਲ 2: ਭਰੋਸੇ ਦੇ ਤੱਥ



i. ਹਰ ਸਬੰਧ ਇੱਕ ਖਿੱਚ ਨਾਲ ਸ਼ੁਰੂ ਹੁੰਦਾ ਹੈ:

ਕਿਸੇ ਨੂੰ ਪਸੰਦ ਕੀਤਾ ਜਾਣਾ ਚਾਹੀਦਾ ਹੈ ਅਤੇ ਗਾਹਕ ਨਾਲ ਰਾਬਤਾ ਕਾਇਮ ਕਰਨ ਦੇ ਯੋਗ ਹੋਣਾ ਚਾਹੀਦਾ ਹੈ। ਖਿੱਚ ਅਕਸਰ ਪਹਿਲੇ ਪ੍ਰਭਾਵ ਦੇ ਨਤੀਜੇ ਵਜੋਂ ਹੁੰਦੀ ਹੈ, ਜੋ ਕਿ ਗਾਹਕ ਨੂੰ ਸੰਗਠਨ ਜਾਂ ਇਸ ਦੇ ਪ੍ਰਤੀਨਿਧਾਂ ਨਾਲ ਸੰਪਰਕ ਵਿੱਚ ਆਉਣ ਦੇ ਸਮੇਂ ਪੈਦਾ ਹੁੰਦੀ ਹੈ। ਖਿੱਚ ਹਰੇਕ ਦੇ ਦਿਲ ਨੂੰ ਖੋਲ੍ਹਣ ਦੀ ਪਹਿਲੀ ਕੁੰਜੀ ਹੈ। ਇਸ ਦੇ ਬਿਨਾਂ ਤਾਂ ਸਬੰਧ ਪੈਦਾ ਹੋਣਾ ਹੀ ਬਹੁਤ ਔਖਾ ਹੈ। ਵਿਕਰੇਤਾ ਬਾਰੇ

ਸੋਚੋ, ਜਿਸ ਨੂੰ ਪਸੰਦ ਨਹੀਂ ਕੀਤਾ ਜਾਂਦਾ ਹੈ। ਕੀ ਤੁਹਾਨੂੰ ਲੱਗਦਾ ਹੈ ਕਿ ਉਹ ਵਿਕਰੇਤਾ ਕੈਰੀਅਰ ਵਿੱਚ ਬਹੁਤ ਤਰੱਕੀ ਕਰ ਸਕੇਗੀ?

ii. ਸਬੰਧ ਦੇ ਵਿੱਚ ਦੂਜਾ ਤੱਥ ਹੈ ਕਿਸੇ ਦੀ ਮੌਜੂਦਗੀ - ਮੌਜੂਦ ਹੋਣਾ, ਜਦੋਂ ਲੋੜ ਹੋਵੇ:

ਸ਼ਾਇਦ ਵਧੀਆ ਉਦਾਹਰਨ ਹੋ ਸਕਦੀ ਹੈ ਵਿਆਹ। ਕੀ ਇਹ ਮਹੱਤਵਪੂਰਨ ਹੈ ਕਿ ਪਤੀ ਉਪਲੱਬਧ ਹੋਵੇ, ਜਦੋਂ ਪਤਨੀ ਨੂੰ ਉਸ ਦੀ ਲੋੜ ਹੋਵੇ? **ਇਸੇ ਤਰ੍ਹਾਂ ਗਾਹਕ ਸਬੰਧ ਵਿੱਚ, ਮੁੱਦਾ ਹੈ ਕਿ ਕੰਪਨੀ ਜਾਂ ਇਸ ਦੇ ਨੁਮਾਇੰਦੇ ਉਪਲੱਬਧ ਹਨ, ਜਦੋਂ ਲੋੜ ਹੈ? ਕੀ ਉਹ ਪੂਰੀ ਤਰ੍ਹਾਂ ਮੌਜੂਦ ਹੈ ਅਤੇ ਗਾਹਕ ਦੀਆਂ ਲੋੜਾਂ ਨੂੰ ਸੁਣ ਰਹੀ ਹੈ?**

ਕੋਈ ਮੌਕੇ ਹੁੰਦੇ ਹਨ, ਜਦੋਂ ਕੋਈ ਪੂਰੀ ਤਰ੍ਹਾਂ ਮੌਜੂਦ ਨਹੀਂ ਹੁੰਦਾ ਅਤੇ ਆਪਣੇ ਗਾਹਕ ਦੀਆਂ ਸਭ ਉਮੀਦਾਾਂ ਨਾਲ ਇਨਸਾਫ਼ ਨਹੀਂ ਕਰਦਾ ਹੈ। **ਕੋਈ ਮਜ਼ਬੂਤ ਸਬੰਧ ਫੇਰ ਵੀ ਬਣਾਈ ਰੱਖ ਸਕਦਾ ਹੈ, ਜੇ ਉਹ ਗਾਹਕ ਨਾਲ ਵਿਸ਼ਵਾਸ਼ ਦਿਵਾਉਣ, ਪੂਰੀ ਹਮਦਰਦੀ ਅਤੇ ਜ਼ਿੰਮੇਵਾਰੀ ਦੀ ਭਾਵਨਾ ਦਿਖਾਉਣ ਦੇ ਢੰਗ ਨਾਲ ਗੱਲ ਕਰ ਸਕਦਾ ਹੈ।**

ਉੱਤੇ ਦਿੱਤੇ ਸਭ ਵਿਸ਼ੇ ਜਿਵੇਂ:

- ✓ ਪ੍ਰਭਾਵ ਇੱਕ ਬਣਾਉਂਦਾ ਹੈ ਜਾਂ
- ✓ ਢੰਗ ਜਿਸ ਨਾਲ ਕੋਈ ਪੇਸ਼ ਕਰਦਾ ਹੈ ਤੇ ਸੁਣਦਾ ਹੈ ਜਾਂ
- ✓ ਸੁਨੇਹਾ ਜੋ ਇੱਕ ਦੂਜੇ ਨੂੰ ਭੇਜਦਾ ਹੈ

ਨੇਮ-ਪਾਲਣ ਅਤੇ ਮੁਹਾਰਤ ਲਈ ਗੱਲਬਾਤ ਅਤੇ ਕਾਲ ਦੇ ਪਸਾਰ ਹਨ। ਗੱਲਬਾਤ (ਸੰਚਾਰ) ਦਾ ਇੱਕ ਤਰ੍ਹਾਂ ਭਾਵ ਹੈ ਕਿਵੇਂ ਕੋਈ ਸੋਚਦਾ ਅਤੇ ਵੇਖਦਾ ਹੈ।

ਕੰਪਨੀਆਂ ਗਾਹਕ ਸਬੰਧ ਪ੍ਰਬੰਧਨ ਉੱਤੇ ਬਹੁਤ ਜ਼ੋਰ ਦਿੰਦੀਆਂ ਹਨ, ਕਿਉਂਕਿ ਗਾਹਕ ਨੂੰ ਨਾਲ ਜੋੜੀ ਰੱਖਣ ਉੱਤੇ ਖਰਚ ਨਵਾਂ ਗਾਹਕ ਬਣਾਉਣ ਨਾਲੋਂ ਬਹੁਤ ਘੱਟ ਹੁੰਦਾ ਹੈ। ਗਾਹਕ ਸਬੰਧ ਕਈ ਮਿਲਣ ਦੇ ਮੌਕਿਆਂ ਉੱਤੇ ਬਣਦੇ ਹਨ, ਜਿਵੇਂ ਕਿ ਗਾਹਕ ਦੀਆਂ ਬੀਮਾਂ ਲੋੜਾਂ ਨੂੰ ਸਮਝਣ ਦੌਰਾਨ, ਬੀਮਾ ਸੁਰੱਖਿਆ ਸਮਝਾਉਣ ਦੌਰਾਨ, ਫਾਰਮ ਦੇਣ ਦੇ ਦੌਰਾਨ। ਇਸਕਰਕੇ, ਏਜੰਟ ਕੋਲ ਇਹ ਸਮੇਂ ਵਿੱਚੋਂ ਹਰੇਕ ਉੱਤੇ ਸਬੰਧ ਮਜ਼ਬੂਤ ਕਰਨ ਦੇ ਮੌਕੇ ਹੁੰਦੇ ਹਨ।

2. ਗੱਲਬਾਤ ਦੀ ਕਾਰਵਾਈ

ਗੱਲਬਾਤ ਕੀ ਹੈ?

ਸਭ ਗੱਲਾਂਬਾਤਾਂ ਲਈ ਇੱਕ ਭੇਜਣ ਵਾਲਾ, ਜੋ ਕਿ ਸੁਨੇਹਾ ਭੇਜਦਾ ਹੈ, ਅਤੇ ਇੱਕ ਉਸ ਸੁਨੇਹੇ ਦਾ ਪ੍ਰਾਪਤਕਰਤਾ ਹੁੰਦਾ ਹੈ। ਕਾਰਵਾਈ ਪੂਰੀ ਹੋ ਜਾਂਦੀ ਹੈ, ਜਦੋਂ ਪ੍ਰਾਪਤਕਰਤਾ ਭੇਜਣ ਵਾਲੇ ਦੇ ਸੁਨੇਹੇ ਨੂੰ ਸਮਝ ਲੈਂਦਾ ਹੈ।

ਸ਼ਕਲ3: ਗੱਲਬਾਤ ਦੇ ਰੂਪ

ਗੱਲਬਾਤ ਕਰਨ ਦੇ ਕਈ ਢੰਗ ਹੋ ਸਕਦੇ ਹਨ

- ✓ ਬੋਲਣ
- ✓ ਲਿਖਣ
- ✓ ਬਿਨਾਂ-ਬੋਲਣ
- ✓ ਸਰੀਰਿਕ ਭਾਸ਼ਾ ਵਰਤਣੀ

ਇਹ ਆਹਮਣੇ-ਸਾਹਮਣੇ, ਫੋਨ ਉੱਤੇ, ਈਮੇਲ ਜਾਂ ਇੰਟਰਨੈੱਟ ਉੱਤੇ ਹੋ ਸਕਦੀ ਹੈ। ਇਹ ਰਸਮੀ ਜਾਂ ਗ਼ੈਰ-ਰਸਮੀ ਹੋ ਸਕਦੀ ਹੈ। ਸੁਨੇਹੇ ਜਾਂ ਵਰਤੇ ਮੀਡਿਆ ਦੀ ਸਮੱਗਰੀ ਜਾਂ ਰੂਪ ਜੋ ਵੀ ਹੋਵੇ, ਸੰਚਾਰ (ਗੱਲਬਾਤ) ਦਾ ਸਾਰ ਪ੍ਰਾਪਤਕਰਤਾ ਨੇ ਸੰਚਾਰ ਕੀਤੇ ਦੇ ਵਿੱਚੋਂ ਜੋ ਸਮਝਿਆ ਹੈ, ਉਸ ਰਾਹੀਂ ਦਿੱਤਾ ਜਾਂਦਾ ਹੈ।

ਕਾਰੋਬਾਰ ਲਈ ਇਹ ਮਹੱਤਵਪੂਰਨ ਹੈ ਕਿ ਚੁਣਿਆ ਜਾਵੇ ਕਿ ਕਿਵੇਂ ਅਤੇ ਕਦੋਂ ਇਹ ਸੰਭਾਵਿਤ ਪ੍ਰਾਪਤਕਰਤਾ ਨੂੰ ਸੁਨੇਹਾ ਭੇਜਿਆ ਜਾਵੇਗਾ।

ਗੱਲਬਾਤ ਕਾਰਵਾਈ ਨੂੰ ਹੇਠ ਦਿੱਤੇ ਵਾਂਗ ਦਰਸਾਇਆ ਜਾ ਸਕਦਾ ਹੈ।

ਆਓ ਸ਼ਕਲ ਵਿੱਚ ਸ਼ਬਦ ਪਰਿਭਾਸ਼ਿਤ ਕਰੀਏ:

ਸ਼ਕਲ4: ਗੱਲਬਾਤ ਢੰਗ



ਪਰਿਭਾਸ਼ਾ

i. **ਸਰੋਤ**: ਸੁਨੇਹੇ ਦੇ ਸਰੋਤ ਵਜੋਂ, ਏਜੰਟ ਨੂੰ ਸਪਸ਼ਟ ਹੋਣਾ ਚਾਹੀਦਾ ਹੈ ਕਿ ਉਹ ਕਿਉਂ ਗੱਲਬਾਤ ਕਰ ਰਿਹਾ ਹੈ ਅਤੇ ਉਹ ਕੀ ਕਹਿਣਾ ਚਾਹੁੰਦਾ ਹੈ ਅਤੇ ਹੌਂਸਲਾ ਹੋਣਾ ਚਾਹੀਦਾ ਹੈ ਕਿ ਉਸ ਵਲੋਂ ਦਿੱਤੀ ਜਾ ਰਹੀ ਜਾਣਕਾਰੀ ਫਾਇਦੇਮੰਦ ਅਤੇ ਸਹੀਂ ਹੈ।

ii. **ਸੁਨੇਹਾ** ਜਾਣਕਾਰੀ ਹੁੰਦੀ ਹੈ, ਜੋ ਕਿ ਕੋਈ ਸਾਂਝੀ ਕਰਨੀ ਚਾਹੁੰਦਾ ਹੈ।

iii. **ਇੰਕੋਡਿੰਗ** ਜਾਣਕਾਰੀ ਨੂੰ ਤਬਦੀਲ ਕਰਨ ਦੀ ਕਾਰਵਾਈ ਹੈ, ਜੋ ਕਿ ਕਿਸੇ ਵਲੋਂ ਕਹੀ ਗੱਲ ਨੂੰ ਅਜਿਹੇ ਰੂਪ ਵਿੱਚ ਬਦਲਣਾ ਹੈ, ਜੋ ਕਿ ਦੂਜੇ ਪਾਸੇ ਭੇਜਿਆ ਜਾ ਸਕੇ ਅਤੇ ਠੀਕ ਤਰ੍ਹਾਂ ਡੀਕੋਡ ਕੀਤਾ ਜਾ ਸਕੇ। ਇੰਕੋਡਿੰਗ ਦੀ ਸਫ਼ਲਤਾ, ਕੋਈ ਕਿੰਨੇ ਵਧੀਆ ਢੰਗ ਨਾਲ ਦੇ ਸਕਿਆ ਅਤੇ ਗੜਬੜ ਨੂੰ ਖ਼ਾਰਜ ਕਰ ਸਕਦਾ ਹੈ, ਦੇ ਉੱਤੇ ਨਿਰਭਰ ਹੈ। ਇਸ ਦੇ ਲਈ ਜ਼ਰੂਰੀ ਹੈ ਕਿ ਵਿਅਕਤੀ ਨੂੰ ਆਪਣੇ ਸਰੋਤਿਆਂ ਬਾਰੇ ਪਤਾ ਹੋਣਾ ਚਾਹੀਦਾ ਹੈ। ਇੰਝ ਕਰਨ ਲਈ ਅਸਫ਼ਲ ਰਹਿਣ ਦੇ ਨਤੀਜੇ ਵਜੋਂ ਦਿੱਤੇ ਜਾ ਰਹੇ ਸੁਨੇਹੇ ਨਾਲ ਗਲਤਫ਼ਹਿਮੀ ਪੈਦਾ ਹੁੰਦੀ ਹੈ।

iv. ਸੁਨੇਹਾ ਇੱਕ **ਢੰਗ** (ਚੈਨਲ) ਰਾਹੀਂ ਭੇਜਿਆ ਜਾਂਦਾ ਹੈ, ਜੋ ਕਿ ਮਕਸਦ ਲਈ ਚੁਣਿਆ ਜਾਂਦਾ ਹੈ। ਢੰਗ ਮੌਖਿਕ ਹੋ ਸਕਦਾ ਹੈ, ਜਿਸ ਵਿੱਚ ਆਪਣੇ-ਸਾਹਮਣੇ ਮੀਟਿੰਗਾਂ, ਟੈਲੀਫੋਨ ਅਤੇ ਵਿਡੀਓ ਕਨਫਰੰਸ ਸ਼ਾਮਿਲ ਹਨ; ਜਾਂ ਇਸ ਨੂੰ ਪੱਤਰ, ਈਮੇਲ, ਮੀਮੋ ਅਤੇ ਰਿਪੋਰਟਾਂ ਦਾ ਰੂਪ ਹੋ ਸਕਦਾ ਹੈ।

v. **ਡੀਕੋਡਿੰਗ** ਪੜਾਅ ਹੈ, ਜਿੱਥੇ ਜਾਣਕਾਰੀ ਦੇ ਟਿਕਾਣੇ ਉੱਤੇ ਇਸ ਨੂੰ ਖਾਸ ਢੰਗ ਨਾਲ ਪ੍ਰਾਪਤ ਕੀਤਾ ਜਾਂਦਾ ਹੈ, ਵਿਆਖਿਆ ਕੀਤੀ ਅਤੇ ਸਮਝਿਆ ਜਾਂਦਾ ਹੈ। ਇਹ ਵੇਖਿਆ ਜਾ ਸਕਦਾ ਹੈ ਕਿ ਡੀਕੋਡਿੰਗ [ਜਾਂ ਸੁਨੇਹਾ ਕਿਵੇਂ ਪ੍ਰਾਪਤ ਕੀਤਾ ਗਿਆ ਹੈ] ਵੀ ਇੰਕੋਡਿੰਗ [ਜਿਵੇਂ ਇਹ ਦਿੱਤਾ ਗਿਆ ਹੈ] ਵਾਂਗ ਮਹੱਤਵਪੂਰਨ ਹੈ।

vi. **ਪ੍ਰਾਪਤ ਕਰਤਾ**: ਅੰਤ ਵਿੱਚ ਪ੍ਰਾਪਤਕਰਤਾ ਹੁੰਦਾ ਹੈ, ਇੱਕ ਵਿਅਕਤੀ ਜਾਂ ਕਈ [ਸਰੋਤ], ਜਿਹਨਾਂ ਨੂੰ ਸੁਨੇਹਾ ਭੇਜਿਆ ਜਾਂਦਾ ਹੈ। ਇਹਨਾਂ ਸਰੋਤਿਆਂ ਵਿੱਚ ਹਰੇਕ ਦੇ ਆਪਣੇ ਵਿਚਾਰ, ਵਿਸ਼ਵਾਸ਼ ਅਤੇ ਅਹਿਸਾਸ ਹੁੰਦੇ ਹਨ ਅਤੇ ਉਹ ਪ੍ਰਭਾਵਿਤ ਕਰਦੇ ਹਨ ਕਿ ਸੁਨੇਹਾ ਕਿਵੇਂ ਪ੍ਰਾਪਤ ਕੀਤਾ ਜਾਂਦਾ ਹੈ ਅਤੇ ਉਸ ਉੱਤੇ ਕਿਵੇਂ ਕੰਮ ਕੀਤਾ ਜਾਂਦਾ ਹੈ। ਭੇਜਣ ਵਾਲੇ ਨੂੰ ਬੇਸ਼ੱਕ ਇਹ ਕਾਰਨਾਂ ਨੂੰ ਧਿਆਨ ਵਿੱਚ ਰੱਖਣਾ ਚਾਹੀਦਾ ਹੈ, ਜਦੋਂ ਸੁਨੇਹਾ ਭੇਜਣ ਬਾਰੇ ਫੈਸਲਾ ਕਰਨਾ ਹੋਵੇ।

vii. **ਸੁਝਾਅ**: ਭਾਵੇਂ ਸੁਨੇਹਾ ਭੇਜਿਆ ਜਾਣਾ ਅਤੇ ਪ੍ਰਾਪਤ ਕਰਨਾ ਹੋਵੇ ਤਾਂ ਪ੍ਰਾਪਤਕਰਤਾ ਵਲੋਂ ਮੌਖਿਕ ਅਤੇ ਗ਼ੈਰ-ਮੌਖਿਕ ਸੁਨੇਹੇ ਦੇ ਰੂਪ ਵਿੱਚ ਭੇਜਣ ਵਾਲੇ ਨੂੰ ਸੁਝਾਅ ਦੇਣ ਦੀ ਸੰਭਾਵਨਾ ਹੁੰਦੀ ਹੈ। ਬਾਅਦ ਵਿੱਚ ਇੰਝ ਦੇ ਸੁਝਾਆਵਾਂ ਨੂੰ ਵੇਖਣ ਅਤੇ ਇਹ ਪ੍ਰਤਿਕਰਮ ਨੂੰ ਧਿਆਨ ਨਾਲ ਸਮਝਣ ਦੀ ਲੋੜ ਹੁੰਦੀ ਹੈ, ਕਿਉਕਿ ਇਹ ਪਤਾ ਕਰਨ ਵਿੱਚ ਮੱਦਦ ਕਰਦਾ ਹੈ ਕਿ ਸੁਨੇਹਾ ਕਿਵੇਂ ਪ੍ਰਾਪਤ ਹੋਇਆ ਅਤੇ ਇਸ ਉੱਤੇ ਕਿਵੇਂ ਕੰਮ ਕੀਤਾ ਗਿਆ। ਜੇ ਲੋੜ ਹੋਵੇ ਤਾਂ ਸੁਨੇਹੇ ਨੂੰ ਬਦਲਿਆ ਜਾਂ ਹੋਰ ਰੂਪ ਵਿੱਚ ਦਿੱਤਾ ਜਾ ਸਕਦਾ ਹੈ।

---

3. ਪ੍ਰਭਾਵੀ ਗੱਲਬਾਤ ਵਿੱਚ ਰੁਕਾਵਟਾਂ

ਪ੍ਰਭਾਵੀ ਗੱਲਬਾਤ ਵਿੱਚ ਰੁਕਾਵਟਾਂ ਉੱਤੇ ਦਿੱਤੇ ਕਾਰਵਾਈਆਂ ਵਿੱਚ ਹਰਕੇ ਪੜਾਅ ਵਿੱਚ ਆ ਸਕਦੇ ਹਨ। ਗੱਲਬਾਤ ਵਿਗੜ ਸਕਦੀ ਹੈ, ਜੇ ਭੇਜਣ ਵਾਲੇ ਵਲੋਂ ਪਾਏ ਗਏ ਅਸਰ ਕਰਕੇ ਜਾਂ ਸੁਨੇਹੇ ਨੂੰ ਮਾੜੇ ਢੰਗ ਨਾਲ ਤਿਆਰ ਕੀਤਾ ਗਿਆ ਸੀ ਜਾਂ ਬਹੁਤ ਵੱਧ ਸੁਨੇਹਾ ਦਿੱਤਾ ਗਿਆ ਜਾਂ ਬਹੁਤ ਘੱਟ, ਜਾਂ ਭੇਜਣ ਵਾਲੇ ਨੇ ਪ੍ਰਾਪਤ ਕਰਤਾ ਦੇ ਸੱਭਿਆਚਾਰ ਨੂੰ ਨਹੀਂ ਸਮਝਇਆ ਹੈ। ਚੁਣੌਤੀ ਇਹ ਸਭ ਰੁਕਾਵਟਾਂ ਨੂੰ ਦੂਰ ਕਰਨ ਦੀ ਹੈ।

ਸਵੈ ਜਾਂਚ ਕਰੋ **4**

ਮਜ਼ਬੂਤ ਸਬੰਧ ਕਰਨ ਲਈ ਕੀ ਕਰਨਾ ਚਾਹੀਦਾ ਹੈ?

I. ਖਿੱਚ
II. ਭਰੋਸਾ
III. ਗੱਲਬਾਤ
IV. ਸੰਦੇਹਵਾਦ

E. ਬਿਨਾਂ-ਮੌਖਿਕ ਗੱਲਬਾਤ

ਆਉ ਕੁਝ ਧਾਰਨਾਵਾਂ ਨੂੰ ਵੇਖੀਏ, ਜਿਹਨਾਂ ਬਾਰੇ ਏਜੰਟ ਨੂੰ ਪਤਾ ਹੋਣਾ ਚਾਹੀਦਾ ਹੈ।

ਖਾਸ

ਪਹਿਲੇ ਪ੍ਰਭਾਵ ਨੂੰ ਵੱਡਾ ਬਣਾਉਣਾ

ਅਸੀਂ ਪਹਿਲਾਂ ਹੀ ਵੇਖਿਆ ਹੈ ਕਿ ਖਿੱਚ ਕਿਸੇ ਵੀ ਸਬੰਧ ਵਿੱਚ ਪਹਿਲਾਂ ਥੰਮ੍ਹ ਹੈ। ਤੁਸੀਂ ਉਸ ਗਾਹਕ ਨਾਲ ਕਾਰੋਬਾਰ ਪ੍ਰਾਪਤ ਕਰਨ ਦੀ ਉਮੀਦ ਨਹੀਂ ਕਰ ਸਕਦੇ ਹੋ, ਜਿਸ ਨੂੰ ਤੁਹਾਨੂੰ ਪਸੰਦ ਨਹੀਂ ਕਰਦਾ ਹੈ। ਅਸਲ ਵਿੱਚ ਕਈ ਵਿਅਕਤੀਆਂ ਨੂੰ ਤੁਹਾਡੇ ਨਾਲ ਪਹਿਲੀ ਵਾਰ ਮਿਲਣ ਦੇ ਮੌਕੇ ਕੇਵਲ ਇੱਕ ਵਾਰ ਵੇਖਣ ਦੀ ਲੋੜ ਹੁੰਦੀ ਹੈ, ਕੁਝ ਕੁ ਸਕਿੰਟ ਹੀ, ਤੁਹਾਡੀ ਪਰਖ ਤੇ ਮੁਲਾਂਕਣ ਕਰਨ ਲਈ। ਉਹਨਾਂ ਦਾ ਤੁਹਾਡੇ ਬਾਰੇ ਇਰਾਦਾ ਤੁਹਾਡੀ ਦਿੱਖ, ਤੁਹਾਡੀ ਭਾਸ਼ਾ, ਤੁਹਾਡੇ ਵਿਵਹਾਰ ਅਤੇ ਤੁਸੀਂ ਕਿਵੇਂ ਕੱਪੜੇ ਪਾਏ ਹਨ ਅਤੇ ਕਿਵੇਂ ਬੋਲਦੇ ਹੋਏ ਦੇ ਆਧਾਰ ਉੱਤੇ ਹੁੰਦਾ ਹੈ। ਯਾਦ ਰੱਖੋ ਕਿ ਪਹਿਲਾਂ ਪ੍ਰਭਾਵ ਲੰਮੇ ਸਮੇਂ ਲਈ ਰਹਿੰਦਾ ਹੈ। ਪਹਿਲੇ ਪ੍ਰਭਾਵ ਨੂੰ ਚੰਗਾ ਬਣਾਉਣ ਲਈ ਕੁਝ ਫਾਇਦੇਮੰਦ ਗੁਰ ਹਨ:

i. **ਹਮੇਸ਼ਾ ਸਮੇਂ ਉੱਤੇ ਰਹੋ ਆਪਣੀ** ਯਾਤਰਾ ਨੂੰ ਕੁਝ ਮਿੰਟ ਪਹਿਲਾਂ ਸ਼ੁਰੂ ਕਰੋ, ਸਭ ਕਿਸਮ ਦੀਆਂ ਦੇਰੀਆਂ ਲਈ ਸਮਾਂ ਲੈ ਕੇ ਚੱਲੋ।

ii. **ਖੁਦ ਨੂੰ ਢੁੱਕਵੇਂ ਰੂਪ ਵਿੱਚ ਪੇਸ਼ ਕਰੋ** ਤੁਹਾਡਾ ਸੰਭਾਵਿਤ, ਜਿਸ ਨੂੰ ਤੁਸੀਂ ਪਹਿਲੀ ਵਾਰ ਮਿਲਣ ਜਾ ਰਹੇ ਹੋ, ਤੁਹਾਨੂੰ ਨਹੀਂ ਜਾਣਦਾ ਹੈ ਅਤੇ ਤੁਹਾਡਾ ਪਹਿਰਾਵਾ ਉਸ ਲਈ ਪਹਿਲਾਂ ਨਿਸ਼ਾਨ ਬਣਦਾ ਹੈ।

- ✓ ਕੀ ਤੁਹਾਡਾ ਪਹਿਰਾਵਾ ਪਹਿਲੇ ਪ੍ਰਭਾਵ ਨੂੰ ਠੀਕ ਬਣਾਉਣ ਲਈ ਮੱਦਦ ਕਰ ਰਿਹਾ ਹੈ?
- ✓ ਕੀ ਤੁਹਾਡੇ ਕੱਪੜੇ ਮੀਟਿੰਗ ਜਾਂ ਸਮੇਂ ਮੁਤਾਬਕ ਢੁੱਕਵੇਂ ਹਨ?
- ✓ ਕੀ ਤੁਹਾਡੀ ਦਿੱਖ ਸਾਫ਼ ਅਤੇ ਸਲੀਕੇਦਾਰ ਹਨ - ਚੰਗੀ ਤਰ੍ਹਾਂ ਵਾਲ ਕਟਵਾਏ ਅਤੇ ਸ਼ੇਵ ਕੀਤੀ, ਸਾਫ਼ ਅਤੇ ਸਲੀਕੇਦਾਰ ਕੱਪੜੇ ਹਨ, ਮੇਕਅੱਪ ਸਾਫ਼ ਅਤੇ ਸਲੀਕੇਦਾਰ ਹੈ?

iii. **ਇੱਕ ਗਰਮਜ਼ੋਸੀ, ਹੌਂਸਲੇ ਭਰਪੂਰ ਅਤੇ ਜੇਤੂ** ਮੁਸਕਾਨ ਤੁਹਾਨੂੰ ਤੇ ਤੁਹਾਡੇ ਸਰੋਤੇ ਨੂੰ ਤੁਰੰਤ ਇੱਕ ਦੂਜੇ ਲਈ ਸੌਖੇ ਬਣਾ ਦਿੰਦੀ ਹੈ।

iv. **ਖੁੱਲ੍ਹੇ, ਹੌਂਸਲੇ ਅਤੇ ਦ੍ਰਿੜ ਵਿਸ਼ਵਾਸ਼ੀ ਬਣਾਓ**

- ✓ ਕੀ ਤੁਹਾਡੀ ਸਰੀਰਿਕ ਭਾਸ਼ਾ ਹੌਂਸਲੇ ਅਤੇ ਸਵੈ-ਵਿਸ਼ਵਾਸ਼ ਨੂੰ ਦਰਸਾਉਂਦੀ ਹੈ?

- ✓ ਕੀ ਤੁਸੀਂ ਸਿੱਧੇ ਖੜ੍ਹੇ ਹੋ, ਮੁਸਕਰਾਉਂਦੇ ਹੋ, ਅੱਖਾਂ ਵਿੱਚ ਅੱਖਾਂ ਪਾਉਂਦੇ ਹੋ, ਗਰਮਜ਼ੋਸ਼ੀ ਨਾਲ ਹੱਥ ਮਿਲਾਉਂਦੇ ਹੋ?
- ✓ ਕੀ ਤੁਸੀਂ ਕੁਝ ਅਲੋਚਨਾ ਦਾ ਸਾਹਮਣਾ ਕਰਨ ਜਾਂ ਉਮੀਦ ਮੁਤਾਬਕ ਨਾਲ ਮਿਲਣ ਦੇ ਸਮੇਂ ਦ੍ਰਿੜ ਵਿਸ਼ਵਾਸ਼ੀ ਰਹਿੰਦੇ ਹੋ?

v. **ਹੋਰ ਵਿਅਕਤੀ ਵਿੱਚ ਦਿਲਚਸਪੀ** - ਸਭ ਤੋਂ ਮਹੱਤਵਪੂਰਨ ਚੀਜ਼ ਹੈ ਦੂਜੇ ਵਿਅਕਤੀ ਵਿੱਚ ਅਸਲ ਵਿੱਚ ਦਿਲਚਸਪੀ ਲੈਣੀ।

- ✓ ਕੀ ਤੁਸੀਂ ਗਾਹਕ ਬਾਰੇ ਇੱਕ ਵਿਅਕਤੀ ਵਜੋਂ ਪਤਾ ਕਰਨ ਲਈ ਕੁਝ ਸਮਾਂ ਲਗਾਇਆ ਹੈ?
- ✓ ਕੀ ਤੁਸੀਂ ਉਸ ਵਲੋਂ ਕਹੇ ਬਾਰੇ ਧਿਆਨ ਰੱਖਿਆ ਅਤੇ ਜਾਗਰੂਕ ਰਹੇ ਹੋ?
- ✓ ਕੀ ਤੁਸੀਂ ਆਪਣੇ ਗਾਹਕ ਲਈ ਪੂਰੀ ਤਰ੍ਹਾਂ ਮੌਜੂਦ ਅਤੇ ਉਪਲੱਬਧ ਹੋ ਜਾਂ ਆਪਣੀ ਇੰਟਰਵਿਊ ਦੇ ਵਿਚਾਲੇ ਆਪਣੇ ਫੋਨ ਉੱਤੇ ਲੱਗੇ ਹੋਏ ਸੀ?

---

1. ਸਰੀਰਿਕ ਭਾਸ਼ਾ

ਸਰੀਰਿਕ ਭਾਸ਼ਾ ਦਾ ਭਾਵ ਹਿਲਜੁਲ, ਸੰਕੇਤ, ਚਿਹਰੇ ਦੇ ਹਾਵ-ਭਾਵ ਤੋਂ ਹੈ। ਢੰਗ, ਜਿਸ ਨਾਲ ਅਸੀਂ ਗੱਲ ਕਰਦੇ ਹਾਂ, ਤੁਰਦੇ, ਬਹਿੰਦੇ ਤੇ ਖੜ੍ਹਦੇ ਹਾਂ, ਇਹ ਸਾਡੇ ਬਾਰੇ ਸਭ ਕੁਝ ਕਹਿੰਦਾ ਹੈ ਅਤੇ ਸਾਡੇ ਅੰਦਰ ਕੀ ਚੱਲ ਰਿਹਾ ਹੈ।

ਇਹ ਅਕਸਰ ਕਿਹਾ ਜਾਂਦਾ ਹੈ ਕਿ ਲੋਕ ਤੁਹਾਡੇ ਵਲੋਂ ਕਹੇ ਗਏ ਵਿੱਚ ਬਹੁਤ ਘੱਟ ਫੀਸਦੀ ਹੀ ਸੁਣਦੇ ਹਨ। ਜੋ ਤੁਸੀਂ ਨਹੀਂ ਕਹਿੰਦੇ ਹੋ, ਉਹ ਬਹੁਤ ਵੱਧ ਬੋਲਦਾ ਹੈ ਅਤੇ ਬਹੁਤ ਉੱਚੀ ਵੀ। ਬੇਸ਼ੱਕ, ਹਰੇਕ ਨੂੰ ਆਪਣੀ ਸਰੀਰਿਕ ਭਾਸ਼ਾ ਬਾਰੇ ਧਿਆਨ ਰੱਖਣਾ ਚਾਹੀਦਾ ਹੈ।

a) ਭਰੋਸਾ

ਇੱਥੇ ਕੁਝ ਗੁਰ ਹਨ, ਜਿਸ ਨਾਲ ਤੁਸੀਂ ਹੌਂਸਲੇ ਵਿੱਚ ਅਤੇ ਸਵੈ-ਭਰੋਸੇ ਵਿੱਚ ਦਿਖਾਈ ਦੇ ਸਕਦੇ ਹੋ, ਇਸ ਨਾਲ ਤੁਸੀਂ ਕਿਸੇ ਨੂੰ ਗੰਭੀਰ ਰੂਪ ਵਿੱਚ ਸੁਣਨ ਦਾ ਪ੍ਰਭਾਵ ਦਿੰਦੇ ਹੋ:

- ✓ ਅੰਦਾਜ਼ - ਮੋਢੇ ਪਿੱਛੇ ਵੱਲ ਰੱਖ ਕੇ ਸਿੱਧੇ ਖੜ੍ਹੇ ਹੋਵੋ
- ✓ ਮਜ਼ਬੂਤ ਅੱਖ ਸੰਪਰਕ - ਚਿਹਰੇ ਉੱਤੇ "ਮੁਸਕਾਰਹਟ" ਨਾਲ
- ✓ ਉਦੇਸ਼ਪੂਰਨ ਅਤੇ ਧੀਰਜ ਵਾਲੇ ਸੰਕੇਤ

b) ਭਰੋਸਾ

ਅਕਸਰ, ਵਿਕਰੇਤਾ ਦੇ ਸ਼ਬਦ ਬੋਲੇ ਕੰਨਾਂ ਵਿੱਚ ਪੈਂਦੇ ਹਨ, ਕਿਉਂਕਿ ਸਰੋਤਿਆਂ ਦਾ ਉਸ ਵਿੱਚ ਭਰੋਸਾ ਨਹੀਂ ਹੈ - ਉਸਦੀ ਸਰੀਰਿਕ ਭਾਸ਼ਾ ਯਕੀਨ ਨਹੀਂ ਦਿਵਾਉਂਦੀ ਹੈ ਕਿ ਉਹ ਜੋ ਵੀ ਕਹਿ ਰਹੀ ਹੈ, ਉਸ ਪ੍ਰਤੀ ਉਹ ਇਮਾਨਦਾਰ ਹੈ। ਇਹ ਬਹੁਤ ਮਹੱਤਵਪੂਰਨ ਹੈ ਕਿ ਕੁਝ ਖਾਸ ਲੱਛਣਾਂ ਬਾਰੇ ਪਤਾ ਹੋਵੇ, ਜੋ ਕਿ ਦਰਸਾ ਸਕਦੇ ਹਨ ਕਿ ਵਿਅਕਤੀ ਇਮਾਨਦਾਰ ਅਤੇ ਭਰੋਸੇਯੋਗ ਨਹੀਂ ਹੈ ਅਤੇ ਉਹਨਾਂ ਦੇ ਵਿਰੁਧ ਹੇਠ ਦਿੱਤੇ ਮੁਤਾਬਕ ਧਿਆਨ ਰੱਖਿਆ ਜਾਵੇ:

- ✓ ਅੱਖਾਂ ਨਾਲ ਅੱਖ ਬਹੁਤ ਘੱਟ ਮਿਲਾਉਣੀਆਂ ਜਾਂ ਨਾ ਮਿਲਾਉਣੀਆਂ ਜਾਂ ਅੱਖਾਂ ਦੀ ਤੇਜ਼ ਹਿਲਜੁਲ
- ✓ ਬੋਲਣ ਸਮੇਂ ਕਿਸੇ ਦੇ ਮੂੰਹ ਦੇ ਅੱਗੇ ਹੱਥ ਜਾਂ ਉਂਗਲਾਂ ਰੱਖਣੀਆਂ
- ✓ ਵਿਅਕਤੀ ਦਾ ਸਰੀਰ ਦੂਜੇ ਦੇ ਸਾਹਮਣੇ ਤੋਂ ਪਾਸੇ ਘੁੰਮਾਉਣਾ
- ✓ ਵਿਅਕਤੀ ਦੇ ਸਾਹ ਲੈਣ ਦੀ ਦਰ ਵਧਣੀ
- ✓ ਵਿਅਕਤੀ ਦੇ ਚਿਹਰੇ ਦੇ ਰੰਗ ਬਦਲਣੇ; ਚਿਹਰਾ ਜਾਂ ਗਰਦਨ ਲਾਲ ਹੋਣੀ
- ✓ ਪਸੀਨਾ ਵੱਧ ਆਉਣਾ
- ✓ ਆਵਾਜ਼ ਵਿੱਚ ਬਦਲਾਅ ਜਿਵੇਂ ਕਿ ਪਿੱਚ, ਥਥਲਾਉਣਾ, ਗਲਾ ਸਾਫ਼ ਕਰਨਾ
- ✓ ਗਤੀ - ਆਵਾਜ਼ ਦੀ ਟੋਨ ਨੂੰ ਔਸਤ ਦਰਜੇ ਤੋਂ ਹੌਲੀ ਰੱਖ ਕੇ ਹੌਲੀ ਤੇ ਸਪਸ਼ਟ ਬੋਲਣਾ

ਕੁਝ ਸਰੀਰਿਕ ਗਤੀਵਿਧੀਆਂ, ਜੋ ਕਿ ਬਚਾਅ ਅਤੇ ਗ਼ੈਰ-ਗ੍ਰਹਿਣਸ਼ੀਲ ਦਰਸਾਉਂਦੀਆਂ ਹਨ, ਵਿੱਚ ਹਨ:

- ✓ ਹੱਥ/ਬਾਂਹ ਸੰਕੇਤ ਛੋਟੇ ਅਤੇ ਸਰੀਰ ਦੇ ਕੋਲ ਹੋਣੇ
- ✓ ਚਿਹਰੇ ਦੇ ਹਾਵ-ਭਾਵ ਘੱਟੋ-ਘੱਟ
- ✓ ਸਰੀਰ ਅਸਲ ਵਿੱਚ ਤੁਹਾਡੇ ਸਾਹਮਣੇ ਤੋਂ ਪਾਸੇ ਘੁੰਮਾਉਣਾ
- ✓ ਬਾਂਹਾਵਾਂ ਸਰੀਰ ਦੇ ਸਾਹਮਣੇ ਬੰਦ ਕਰਨੀਆਂ
- ✓ ਅੱਖਾਂ ਰਾਹੀਂ ਘੱਟੋ-ਘੱਟ ਸੰਪਰਕ ਰੱਖਣਾ ਜਾਂ ਨਿਰਾਸ਼

ਜੇ ਤੁਹਾਡੇ ਗਾਹਕ ਪੇਸ਼ਕਸ਼ ਇਹਨਾਂ ਵਿਚੋਂ ਕੋਈ ਹੈ ਤਾਂ ਸ਼ਾਇਦ ਤੁਹਾਨੂੰ ਖੁਦ ਨੂੰ ਜਾਂਚਣ ਦੀ ਲੋੜ ਹੈ ਅਤੇ ਗਾਹਕ ਦੇ ਦਿਮਾਗ ਵਿੱਚ ਕੀ ਚੱਲ ਰਿਹਾ ਹੈ ਇਸ ਬਾਰੇ ਧਿਆਨ ਦੇਣ ਦੀ ਲੋੜ ਹੈ।

2. ਸੁਣਨ ਮੁਹਾਰਤ

ਗੱਲਬਾਤ ਮੁਹਾਰਤ ਦੇ ਤੀਜੇ ਸਮੂਹ ਵਿੱਚ ਕਿਸੇ ਨੂੰ ਸੁਣਨ ਮੁਹਾਰਤ ਬਾਰੇ ਧਿਆਨ ਰੱਖਣ ਅਤੇ ਵਿਕਸਤ ਕਰਨ ਦੀ ਲੋੜ ਹੈ। ਇਹ ਨਿੱਜੀ ਪ੍ਰਭਾਵ ਦੇ ਜਾਣ-ਪਛਾਣੇ ਸਿਧਾਂਤ ਦੇ ਮੁਤਾਬਕ ਹੈ - 'ਸਮਝਾਉਣ ਤੋਂ ਪਹਿਲਾਂ ਸਮਝੋ'

ਕਿੰਨੀ ਵਧੀਆ ਤਰ੍ਹਾਂ ਤੁਸੀਂ ਸੁਣਦੇ ਹੋ, ਇਸ ਦਾ ਤੁਹਾਡੇ ਕੰਮ ਦੀ ਕਾਰਗੁਜ਼ਾਰੀ ਅਤੇ ਹੋਰਾਂ ਨਾਲ ਤੁਹਾਡੇ ਸਬੰਧਾਂ ਦੀ ਕੁਆਲਟੀ ਉੱਤੇ ਵੱਡਾ ਅਸਰ ਪੈਂਦਾ ਹੈ। ਆਓ ਸੁਣਨ ਗੁਰਾਂ ਵਿੱਚੋਂ ਕੁਝ ਵੇਖੀਏ।

a) ਸਰਗਰਮ ਸੁਣਨਾ:

ਇਹ ਹੈ, ਜਿੱਥੇ ਅਸੀਂ ਚੇਤਨ ਰੂਪ ਵਿੱਚ ਨਾ ਕੇਵਲ ਸ਼ਬਦਾਂ ਨੂੰ ਸੁਣਨ ਦੀ ਕੋਸ਼ਿਸ਼ ਕਰਦੇ ਹਨ ਪਰ, ਹੋਰ ਵੀ ਮਹੱਤਵਪੂਰਨ ਪੂਰਨ ਵਿੱਚ, ਹੋਰ ਵਲੋਂ ਭੇਜੇ ਗਏ ਪੂਰੇ ਸੁਨੇਹੇ ਨੂੰ ਸਮਝਣ ਦੀ ਵੀ ਕੋਸ਼ਿਸ਼ ਕਰਦੇ ਹਾਂ।

ਆਓ ਸਰਗਰਮ ਸੁਣਨ ਦੇ ਭਾਗਾਂ ਵਿੱਚੋਂ ਕੁਝ ਉੱਤੇ ਵੇਖੀਏ। ਇਹ ਹਨ:

i. ਧਿਆਨ ਦੇਣਾ

ਸਾਨੂੰ ਬੁਲਾਰੇ ਵੱਲ ਸਾਡੇ ਇੱਕਚਿਤ ਧਿਆਨ ਅਤੇ ਸੁਨੇਹੇ ਦੀ ਪੁਸ਼ਟੀ ਕਰਨ ਦੀ ਲੋੜ ਹੁੰਦੀ ਹੈ। ਸੂਚਨਾ, ਗ਼ੈਰ-ਮੌਖਿਕ ਗੱਲਬਾਤ ਵੀ ਉੱਚੀ "ਬੋਲਦੀ" ਹਨ। ਧਿਆਨ ਦੇਣ ਦੇ ਕੁਝ ਪੱਖ ਹੇਠ ਦਿੱਤੇ ਹਨ:

- ✓ ਬੁਲਾਰੇ ਵੱਲ ਸਿੱਧਾ ਵੇਖੋ
- ✓ ਧਿਆਨ ਵੰਡਣਾਉਣ ਵਾਲੇ ਵਿਚਾਰਾਂ ਨੂੰ ਪਾਸੇ ਰੱਖੋ
- ✓ ਦਿਮਾਗੀ ਰੂਪ ਵਿੱਚ ਖੰਡਨ ਕਰਨ ਲਈ ਤਿਆਰ ਨਾ ਰਹੋ
- ✓ ਸਭ ਬਾਹਰੀ ਰੁਕਾਵਟ ਪਾਉਣ ਵਾਲੀਆਂ ਗੱਲਾਂ ਤੋਂ ਬਚੋ [ਜਿਵੇਂ ਕਿ ਆਪਣੇ ਮੋਬਾਇਲ ਨੂੰ ਸ਼ਾਂਤ ਮੋਡ ਵਿੱਚ ਰੱਖੋ]
- ✓ ਬੁਲਾਰੇ ਦੀ ਸਰੀਰਿਕ ਭਾਸ਼ਾ ਨੂੰ "ਸੁਣੋ"

ii. ਨੁਮਾਇਸ਼ ਕਰਨਾ ਕਿ ਤੁਸੀਂ ਸੁਣ ਰਹੇ ਹੋ:

ਸਰੀਰਿਕ ਭਾਸ਼ਾ ਦੀ ਵਰਤੋਂ ਕਰਨਾ ਇੱਥੇ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ। ਜਿਵੇਂ ਕਿ ਕਿਸੇ ਵਲੋਂ:

- ✓ ਕਦੇ ਕਦੇ ਸਿਰ ਹਿਲਾਉਣਾ ਅਤੇ ਮੁਸਕਰਾਉਣਾ
- ✓ ਅੰਦਾਜ਼ ਰੱਖਣਾ, ਜੋ ਕਿ ਦੂਜੇ ਨੂੰ ਖੁੱਲ੍ਹਾ ਰੱਖੇ ਅਤੇ ਦੂਜੇ ਨੂੰ ਮੁਕਤ ਰੂਪ ਵਿੱਚ ਬੋਲਣ ਦੇਵੇ
- ✓ ਛੋਟੇ ਮੌਖਿਕ ਟਿੱਪਣੀਆਂ ਜਿਵੇਂ ਕਿ ਹਾਂ ਅਤੇ ਹੂੰ

iii. ਸੁਝਾਅ ਦੇਣੇ:

ਜੋ ਵੀ ਅਸੀਂ ਬਹੁਤ ਕੁਝ ਸੁਣਦੇ ਹਾਂ, ਸਾਡੇ ਨਿੱਜੀ ਫਿਲਟਰਾਂ ਰਾਹੀਂ ਭਟਕ ਸਕਦੇ ਹਨ, ਜਿਵੇਂ ਕਿ ਸਾਡੀਆਂ ਧਾਰਨਾਵਾਂ, ਅਨੁਮਾਣ ਅਤੇ ਵਿਚਾਰ। ਸਰੋਤੇ ਦੇ ਤੌਰ ਉੱਤੇ, ਸਾਨੂੰ ਇਹ ਫਿਲਟਰਾਂ ਬਾਰੇ ਗਿਆਨ ਹੋਣਾ ਚਾਹੀਦਾ ਹੈ ਅਤੇ ਸਮਝਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ ਕਿ ਅਸਲ ਵਿੱਚ ਕੀ ਕਿਹਾ ਜਾ ਰਿਹਾ ਹੈ।

- ✓ ਇਸ ਲਈ ਤੁਹਾਨੂੰ ਸੁਨੇਹੇ ਉੱਤੇ ਵਿਚਾਰ ਦੇਣ ਅਤੇ ਜੋ ਕਿਹਾ ਗਿਆ ਸੀ, ਨੂੰ ਸਪਸ਼ਟ ਕਰਨ ਲਈ ਸਵਾਲ ਪੁੱਛਣ ਦੀ ਲੋੜ ਹੋ ਸਕਦੀ ਹੈ।
- ✓ ਸੁਝਾਅ ਦੇਣ ਦਾ ਇੱਕ ਹੋਰ ਮਹੱਤਵਪੂਰਨ ਢੰਗ ਕਿ ਬੁਲਾਰੇ ਦੇ ਸ਼ਬਦਾਂ ਦੀ ਵਿਆਖਿਆ ਕਰਨਾ
- ✓ ਤੀਜਾ ਢੰਗ ਹੈ ਬੁਲਾਰੇ ਨੂੰ ਨਿਯਮਤ ਰੂਪ ਵਿੱਚ ਰੋਕਣਾ ਅਤੇ ਜੋ ਵੀ ਬੁਲਾਰੇ ਨੇ ਕਿਹਾ ਹੈ, ਉਸ ਦਾ ਸਾਰ ਬਣਾਉਣ ਅਤੇ ਇਸ ਨੂੰ ਉਸ ਲਈ ਦੁਹਰਾਉਣਾ।

ਉਦਾਹਰਨ

ਸਪਸ਼ਟਤਾ ਲਈ ਪੁੱਛਣਾ - ਜੋ ਮੈਂ ਸੁਣਿਆ ਹੈ, ਕੀ ਮੈਂ ਸਹੀਂ ਅੰਦਾਜ਼ਾ ਲਗਾ ਰਿਹਾ ਹੈ ਕਿ ਤੁਹਾਨੂੰ ਸਾਡੇ ਸਿਹਤ ਸਕੀਮਾਂ ਦੇ ਕੁਝ ਫਾਇਦਿਆਂ ਬਾਰੇ ਕੁਝ ਮੁੱਦੇ ਹਨ, ਕੀ ਤੁਸੀਂ ਕੁਝ ਹੋਰ ਸਪਸ਼ਟ ਕਰ ਸਕਦੇ ਹੋ?

ਬੁਲਾਰੇ ਦੇ ਠੀਕ ਸ਼ਬਦਾਂ ਦਾ ਸਾਰ ਦਿਓ - ਤਾਂ ਤੁਸੀਂ ਕਹਿ ਰਹੇ ਹੋ ਕਿ 'ਸਾਡੀਆਂ ਸਿਹਤ ਸਕੀਮਾਂ ਫਾਇਦਾ ਨਹੀਂ ਦਿੰਦੀਆਂ ਹਨ, ਜੋ ਕਿ ਦਿਲਚਸਪ ਹੋਣ'- ਕੀ ਮੈਂ ਤੁਹਾਨੂੰ ਠੀਕ ਤਰ੍ਹਾਂ ਸਮਝਿਆ ਹੈ?

---

iv. ਅਨੁਮਾਨ ਨਾ ਲਗਾਉ:

ਸਰਗਰਮ ਸੁਣਨ ਵਿੱਚ ਸਭ ਤੋਂ ਵੱਡੀ ਸਮੱਸਿਆ ਹੈ ਕਿ ਸਾਡੇ **ਅਨੁਮਾਨ ਲਗਾਉਣ ਦਾ ਰੁਝਾਨ ਅਤੇ ਬੁਲਾਰੇ ਵਲੋਂ ਪੱਖਪਾਤੀ ਹੋਣਾ।** ਇਸ ਦੇ ਨਤੀਜੇ ਵਜੋਂ ਸਰੋਤ ਸ਼ਾਇਦ ਸੁਣ ਤਾਂ ਉਹ ਰਿਹਾ ਹੋਵੇ, ਜੋ ਬੁਲਾਰੇ ਨੇ ਕਿਹਾ ਹੈ, ਪਰ ਬੁਲਾਰੇ ਵਲੋਂ ਕਹੇ ਜਾ ਰਹੇ ਨੂੰ ਆਪਣੇ ਪੱਖਪਾਤੀ ਵਿਆਖਿਆ ਦੇ ਮੁਤਾਬਕ ਸੁਣ ਰਿਹਾ ਹੈ।

ਇੰਝ ਦੀ ਅਨੁਮਾਨਿਤ ਸੋਚ ਦੇ ਨਤੀਜੇ ਵਜੋਂ ਸਰੋਤਾ ਬੁਲਾਰੇ ਦੇ ਬੋਲਣ ਨੂੰ ਜਾਰੀ ਰੱਖਣ ਨੂੰ ਸਮੇਂ ਦਾ ਨੁਕਸਾਨ ਮੰਨ ਕੇ ਅਣਇੱਛਤ ਹੋ ਸਕਦਾ ਹੈ। ਇਸ ਦੇ ਨਤੀਜੇ ਵਜੋਂ ਬੋਲਣ ਵਿੱਚ ਦਖਲ ਵੀ ਹੋ ਸਕਦਾ ਹੈ ਅਤੇ ਉਲਟ ਦਲੀਲ ਨਾਲ ਬੁਲਾਰੇ ਦਾ ਖੰਡਨ ਹੁੰਦਾ ਹੈ, ਹਾਲਾਂਕਿ ਉਸ ਨੇ ਆਪਣਾ ਪੂਰਾ ਸੁਨੇਹਾ ਹਾਲੇ ਦਿੱਤਾ ਹੀ ਨਾ ਹੋਵੇ।

ਇਹ ਬੁਲਾਰੇ ਲਈ ਹੀ ਨਿਰਾਸ਼ ਕਰਨ ਵਾਲਾ ਹੋਵੇਗਾ ਅਤੇ ਸੁਨੇਹੇ ਦੀ ਪੂਰੀ ਸਮਝ ਨੂੰ ਸੀਮਿਤ ਕਰਦਾ ਹੈ। ਸਰਗਰਮ ਸੁਣਨ ਦਾ ਭਾਵ ਹੈ:

- ✓ ਸਵਾਲ ਪੁੱਛਣ ਤੋਂ ਪਹਿਲਾਂ ਬੁਲਾਰੇ ਨੂੰ ਹਰ ਨੁਕਤਾ ਖਤਮ ਕਰਨ ਦਿਉ
- ✓ ਕਿਸੇ ਵੀ ਉਲਟ ਦਲੀਲ ਨਾਲ ਬੁਲਾਰੇ ਨੂੰ ਟੋਕੋ ਨਾ

v. ਢੁੱਕਵੇਂ ਰੂਪ ਵਿੱਚ ਜਵਾਬ ਦੇਣਾ:

ਸਰਗਰਮ ਸੁਣਨ ਦਾ ਭਾਵ ਬੁਲਾਰੇ ਵਲੋਂ ਬੋਲੇ ਗਏ ਤੋਂ ਕੇਵਲ ਸੁਣਨ ਤੋਂ ਬਹੁਤ ਵੱਧ ਹੈ। ਗੱਲਬਾਤ ਤਾਂ ਹੀ ਪੂਰੀ ਕੀਤੀ ਜਾ ਸਕਦੀ ਹੈ, ਜਦੋਂ ਸਰੋਤਾ ਕਿਸੇ ਢੰਗ ਨਾਲ ਜਵਾਬ ਦੇਵੇ, ਸ਼ਬਦਾਂ ਰਾਹੀਂ ਜਾਂ ਕਿਰਿਆ ਰਾਹੀਂ। ਕੁਝ ਨਿਯਮਾਂ ਦੀ ਪਾਲਣਾ ਕਰਨੀ ਜ਼ਰੂਰੀ ਹੁੰਦੀ ਹੈ ਤਾਂ ਕਿ ਬੁਲਾਰੇ ਨੂੰ ਨੀਵਾਂ ਨਾ ਵਿਖਾਇਆ ਜਾਵੇ, ਬਲਕਿ ਸਨਮਾਨ ਅਤੇ ਇੱਜ਼ਤ ਵਾਲਾ ਸਲੂਕ ਕੀਤਾ ਜਾਵੇਗਾ। ਇਸ ਵਿੱਚ ਹਨ:

- ✓ ਆਪਣੇ ਜਵਾਬ ਵਿੱਚ ਨਿਰਪੱਖ, ਖੁੱਲ੍ਹੇ ਅਤੇ ਇਮਾਨਦਾਰ ਰਹੋ
- ✓ ਕਿਸੇ ਦੇ ਵਿਚਾਰਾਂ ਨੂੰ ਇੱਜ਼ਤ ਦਿਓ
- ✓ ਦੂਜੇ ਵਿਅਕਤੀ ਨੂੰ ਉਸੇ ਢੰਗ ਨਾਲ ਵਰਤਾਓ ਕਰੋ, ਜਿਸ ਤਰ੍ਹਾਂ ਚਾਹੁੰਦੇ ਹੋ ਤੁਹਾਡੇ ਨਾਲ ਕੀਤਾ ਜਾਵੇ

vi. ਹਮਦਰਦੀਪੂਰਕ ਸੁਣਨਾ:

ਹਮਦਰਦੀਪੂਰਕ ਹੋਣ ਦਾ ਸ਼ਬਦੀ ਭਾਵ ਹੈ ਕਿ ਕਿਸੇ ਹੋਰ ਵਿਅਕਤੀ ਦੀ ਸਥਿਤੀ ਵਿੱਚ ਖੁਦ ਨੂੰ ਰੱਖਣਾ ਅਤੇ ਉਸਦੇ ਅਨੁਭਵ ਨੂੰ ਉਸ ਦੇ ਵਜੋਂ ਹੀ ਮਹਿਸੂਸ ਕਰਨਾ ਹੈ।

ਸਭ ਚੰਗੀ ਗਾਹਕ ਸੇਵਾ ਦਾ ਸਭ ਤੋਂ ਮਹੱਤਵਪੂਰਨ ਪੱਖ ਹਮਦਰਦੀ ਨਾਲ ਸੁਣਨਾ ਹੈ। ਇਹ ਖਾਸ ਤੌਰ ਉੱਤੇ ਨਾਜ਼ੁਕ ਮਸਲਾ ਹੈ, ਜਦੋਂ ਹੋਰ ਵਿਅਕਤੀ ਔਖਿਆਈ ਵਿੱਚ ਗਾਹਕ ਹੈ ਅਤੇ ਬਹੁਤ ਤਕਲੀਫ਼ ਵਿੱਚ ਹੈ।

ਹਮਦਰਦੀ ਦਾ ਭਾਵ ਸ਼ਾਂਤ ਹੋ ਕੇ ਸੁਣਨਾ ਅਤੇ ਹੁੰਗਾਰਾ ਭਰਨਾ ਹੈ ਅਤੇ ਪੂਰਾ ਧਿਆਨ ਦੇਣਾ, ਜੋ ਕਿ ਹੋਰ ਵਿਅਕਤੀ ਨੇ ਕਿਹਾ ਹੈ, ਭਾਵੇਂ ਤੁਸੀਂ ਉਸ ਨਾਲ ਸਹਿਮਤ ਨਹੀਂ ਹੋ। ਇਹ ਮਹੱਤਵਪੂਰਨ ਹੈ ਕਿ ਬੁਲਾਰੇ ਨੂੰ ਮਾਨਤਾ ਦਰਸਾਈ ਜਾਵੇ, ਜ਼ਰੂਰੀ ਨਹੀਂ ਹੈ ਕਿ ਸਹਿਮਤੀ। ਵਿਅਕਤੀ ਇੰਝ ਕਰਨ ਲਈ ਕੇਵਲ ਸਿਰ ਹਿਲਾ ਸਕਦਾ ਹੈ ਜਾਂ "ਮੈਂ ਸਮਝਦਾ ਹਾਂ" ਜਾਂ "ਮੈਂ ਵੇਖਦਾ ਹਾਂ" ਵਰਗੇ ਵਾਕ ਵਰਤ ਸਕਦਾ ਹੈ।

ਸਵੈ ਜਾਂਚ ਕਰੋ **5**

ਹੇਠ ਦਿੱਤਿਆਂ ਵਿੱਚੋਂ ਕਿਹੜਾ ਸਰਗਰਮ ਸੁਣਨ ਦਾ ਭਾਗ ਨਹੀਂ ਹੈ?

I. ਚੰਗਾ ਧਿਆਨ ਦੇਣਾ
II. ਬਹੁਤ ਵੱਧ ਅਨੁਮਾਨ ਲਗਾਉਣਾ
III. ਹਮਦਰਦੀਪੂਰਕ ਸੁਣਨਾ
IV. ਢੁੱਕਵੇਂ ਰੂਪ ਵਿੱਚ ਜਵਾਬ ਦੇਣਾ

F. ਨੈਤਿਕ ਰਵੱਈਆ

1. ਸਾਰ

ਦੇਰ ਨਾਲ, ਕਾਰੋਬਾਰ ਦੇ ਗੁਣਾਂ ਬਾਰੇ ਕੁਝ ਗੰਭੀਰ ਸਵਾਲ ਪੈਦਾ ਹੋਏ, ਕਿਉਂਕਿ ਗਲਤ ਰਵੱਈਏ ਦੀਆਂ ਰਿਪੋਰਟਾਂ ਵੱਧ ਰਹੀਆਂ ਹਨ। ਸੰਸਾਰ ਦੀਆਂ ਕੁਝ ਬਹੁਤ ਵੱਡੀਆਂ ਕੰਪਨੀਆਂ ਵਲੋਂ ਗਲਤ ਖਾਤਿਆਂ ਅਤੇ ਬੇਈਮਾਨੀ ਲੇਖਾ-ਪੜਤਾਲ ਸਰਟੀਫਿਕੇਤ ਰਾਹੀਂ ਧੋਖਾ ਦਿੱਤਾ ਗਿਆ ਹੈ। ਬੈਂਕਾਂ ਦੇ ਫੰਡਾਂ ਦੀ ਉਹਨਾਂ ਦੇ ਪ੍ਰਬੰਧਨ ਵਲੋਂ ਆਪਣੇ ਦੋਸਤਾਂ ਦੇ ਲਾਲਚ ਨੂੰ ਪੂਰਾ ਕਰਨ ਲਈ ਗਲਤ ਵਰਤੋਂ ਕੀਤੀ ਜਾਂਦੀ ਹੈ। ਅਧਿਕਾਰੀ ਆਪਣੇ ਅਹੁਦੇ ਦੀ ਵਰਤੋਂ ਨਿੱਜੀ ਫਾਇਦੇ ਲੈਣ ਲਈ ਕਰਦੇ ਹਨ। ਨਾਲ ਹੀ, ਵਿਅਕਤੀ, ਜਿਹਨਾਂ ਉੱਤੇ ਸਮਾਜ ਨੂੰ ਉਹਨਾਂ ਦੇ ਕੰਮ ਕਰਨ ਦਾ ਭਰੋਸਾ ਹੁੰਦਾ ਹੈ, ਹੀ ਭਰੋਸੇ ਨੂੰ ਧੋਖਾ ਦਿੰਦੇ ਵੇਖੇ ਗਏ ਹਨ। ਨਿੱਜੀ ਤਰੱਕੀ ਅਤੇ ਲਾਲਚ ਭਾਰੂ ਹੋਣਾ।

ਨਤੀਜੇ ਵਜੋਂ, ਜ਼ਿੰਮੇਵਾਰੀ ਅਤੇ ਕਾਰਪੋਰੇਟ ਪ੍ਰਬੰਧ ਬਾਰੇ ਚਰਚਾ ਵਧਦੀ ਹੈ, ਜਿਸ ਨੂੰ ਕਾਰੋਬਾਰ ਵਿੱਚ ਸਾਂਝੇ ਤੌਰ ਉੱਤੇ "ਨੈਤਿਕ" ਵੀ ਕਿਹਾ ਜਾਂਦਾ ਹੈ। 'ਜਾਣਕਾਰੀ ਦਾ ਹੱਕ ਕਾਨੂੰਨ' ਵਰਗੇ ਕਾਨੂੰਨ ਅਤੇ 'ਜਨਤਕ ਹਿੱਤ ਦਾਅਵਾ' ਵਰਗੇ ਕਦਮ ਵਧੀਆ ਜ਼ਿੰਮੇਵਾਰੀ ਅਤੇ ਪ੍ਰਬੰਧ ਪ੍ਰਾਪਤ ਕਰਨ ਲਈ ਮਹੱਤਵਪੂਰਨ ਭਾਗ ਮੰਨੇ ਗਏ ਹਨ।

ਨੈਤਿਕ ਰਵੱਈਆ ਆਪਣੇ ਆਪ ਹੀ ਚੰਗੇ ਨਿਯੰਤ੍ਰਨ ਵੱਲ ਲੈ ਜਾਂਦਾ ਹੈ। ਜਦੋਂ ਕੋਈ ਆਪਣੇ ਫ਼ਰਜ਼ ਇਮਾਨਦਾਰੀ ਨਾਲ ਅਤੇ ਸੱਚੇ ਰੂਪ ਨਾਲ ਪੂਰੇ ਕਰਦਾ ਹੈ ਤਾਂ ਇਹ ਚੰਗਾ ਪ੍ਰਬੰਧ ਹੈ। ਅਨੈਤਿਕ ਰਵੱਈਆ ਹੋਰ ਲਈ ਘੱਟ ਫ਼ਿਕਰ ਵੇਖਾਉਂਦਾ ਹੈ ਅਤੇ ਖੁਦ ਲਈ ਵੱਧ। ਜਦੋਂ ਕੋਈ ਆਪਣੇ ਅਧਿਕਾਰ ਖੇਤਰ ਰਾਹੀਂ ਖੁਦ ਦੇ ਹਿੱਤਾਂ ਨੂੰ ਪੂਰਾ ਕਰਨ ਦੀ ਕੋਸ਼ਿਸ਼ ਕਰਦਾ ਹੈ ਤਾਂ ਇਹ ਅਨੈਤਿਕ ਰਵੱਇਆ ਹੁੰਦਾ ਹੈ। ਆਪਣੇ ਫਾਇਦੇ ਬਾਰੇ ਸੋਚਣ ਵਿੱਚ ਕੁਝ ਗਲਤ ਨਹੀਂ ਹੈ। ਪਰ ਕਿਸੇ ਹੋਰ ਦੇ ਹਿੱਤ ਦੀ ਕੀਮਤ ਉੱਤੇ ਇੰਝ ਕਰਨਾ ਗਲਤ ਹੈ।

ਬੀਮਾ ਭਰੋਸੇ ਦਾ ਕਾਰੋਬਾਰ ਹੈ। ਠੀਕ ਵਿਹਾਰ ਅਤੇ ਨੈਤਿਕ ਦੇ ਮਸਲੇ ਬੀਮੇ ਦੇ ਇਹ ਕਾਰੋਬਾਰ ਵਿੱਚ ਬਹੁਤ ਹੀ ਵੱਧ ਮਹੱਤਵਪੂਰਨ ਹਨ। ਟਰੱਸਟ ਭੰਗ ਕਰਨ ਦਾ ਮਤਲਬ ਧੋਖਾ ਹੈ ਅਤੇ ਇਹ ਗਲਤ ਹੈ। ਚੀਜ਼ਾਂ ਗਲਤ ਹੋ ਜਾਂਦੀਆਂ ਹਨ, ਜਦੋਂ ਸੰਭਾਵਿਤ ਨੂੰ ਬੀਮਾ ਖਰੀਦਣ ਲਈ ਪ੍ਰੇਰਿਤ ਕਰਨ ਲਈ ਗਲਤ ਜਾਣਕਾਰੀ ਦਿੱਤੀ ਜਾਂਦੀ ਹੈ ਜਾਂ ਸੰਭਾਵਿਤ ਦੀਆਂ ਸਭ ਲੋੜਾਂ ਨੂੰ ਨਾ ਪੂਰਾ ਕਰਦੀਆਂ ਬੀਮੇ ਦੀਆਂ ਸਕੀਮਾਂ ਲਈ ਪ੍ਰੇਰਿਤ ਕੀਤਾ ਜਾਂਦਾ ਹੈ।

ਅਨੈਤਿਕ ਰਵੱਈਆ ਹੁੰਦਾ ਹੈ, ਜਦੋਂ ਖੁਦ ਦੇ ਹਿੱਤਾਂ ਨੂੰ ਦੂਜੇ ਦੇ ਹਿੱਤਾਂ ਤੋਂ ਵੱਧ ਮਹੱਤਤਾ ਦਿੱਤੀ ਜਾਂਦੀ ਹੈ। ਆਈਆਰਡੀਏਆ ਵਲੋਂ ਕਈ ਨਿਯਮਾਂ ਵਿੱਚ ਨੈਤਿਕਤਾ ਨੂੰ ਨੈਤਿਕ ਰਵੱਈਏ ਵਜੋਂ ਦਰਸਾਇਆ ਗਿਆ ਹੈ (ਪਾਠ 4 ਵਿੱਚ ਚਰਚਾ ਕੀਤੀ ਗਈ ਹੈ)।

ਜਦੋਂ ਕਿ ਕੋਡ ਦੀ ਕੋਈ ਉਲੰਘਣਾ ਨਾ ਹੋਣ ਨੂੰ ਯਕੀਨੀ ਬਣਾਉਣ ਲਈ ਨੈਤਿਕ ਕੋਡ ਦੀ ਹਰ ਸ਼ਰਤ ਨੂੰ ਜਾਣਨਾ ਮਹੱਤਵਪੂਰਨ ਹੈ, ਪਾਲਣਾ ਆਪਣੇ-ਆਪ ਹੀ ਹੋ ਜਾਵੇਗੀ, ਜੇ ਬੀਮਾ ਕਰਤਾ ਅਤੇ ਇਸ ਦੇ ਪ੍ਰਤੀਨਿਧੀ ਸੰਭਾਵਿਤ ਦੇ ਹਿੱਤਾਂ ਨੂੰ ਹਮੇਸ਼ਾ ਧਿਆਨ ਵਿੱਚ ਰੱਖ। ਚੀਜ਼ਾਂ ਗਲਤ ਹੋ ਜਾਂਦੀਆਂ ਹਨ, ਜਦੋਂ ਬੀਮਾ ਕਰਤੇ ਦੇ ਅਧਿਕਾਰੀਆਂ ਕਾਰੋਬਾਰ ਦੇ ਟੀਚੇ ਦੀ ਚਿੰਤਾ ਸੰਭਾਵਿਤ ਦੇ ਫਾਇਦਿਆਂ ਤੋਂ ਵੱਧ ਕਰਦੇ ਹਨ।

2. ਲੱਛਣ

ਨੈਤਿਕ ਰਵੱਈਏ ਦੇ ਕੁਝ ਲੱਛਣ ਹਨ:

a) ਗਾਹਕ ਦੇ ਸਭ ਤੋਂ ਵੱਧ ਹਿੱਤਾਂ ਨੂੰ ਆਪਣੇ ਸਿੱਧੇ ਜਾਂ ਅਸਿੱਧੇ ਫਾਇਦਾਂ ਤੋਂ ਉੱਤੇ ਰੱਖਣਾ

b) ਗਾਹਕ ਦੇ ਮਾਮਲਿਆਂ ਲਈ ਸਭ ਕਾਰੋਬਾਰੀ ਅਤੇ ਨਿੱਜੀ ਜਾਣਕਾਰੀ ਦੇ ਸਬੰਧ ਵਿੱਚ ਸਖ਼ਤ ਗੁਪਤ ਰੱਖਣ ਅਤੇ ਵਿਸ਼ੇਸ਼ ਅਧਿਕਾਰਾਂ ਵਜੋਂ ਮੰਨਣਾ

c) ਸਭ ਤੱਥਾਂ ਬਾਰੇ ਪੂਰੇ ਅਤੇ ਢੁੱਕਵੇਂ ਸਪਸ਼ਟੀਕਰਨ ਦੇਣ ਨਾਲ ਗਾਹਕ ਨੂੰ ਪ੍ਰੇਰਿਤ ਫੈਸਲੇ ਕਰਨ ਦੇ ਯੋਗ ਕਰਦੇ ਹਨ।

ਹੇਠ ਦਿੱਤੇ ਹਾਲਤਾਂ ਵਿੱਚ ਨੈਤਿਕ ਨਾਲ ਆਪਣੇ ਅਸਲਾਂ ਨਾਲ ਸਮਝੌਤਾ ਕੀਤਾ ਗਿਆ ਹੋ ਸਕਦਾ ਹੈ:

a) ਦੋ ਸਕੀਮਾਂ ਵਿੱਚੋਂ ਚੋਣ ਕਰਨੀ, ਇੱਕ ਦੂਜੀ ਨਾਲੋਂ ਬਹੁਤ ਘੱਟ ਪ੍ਰੀਮੀਅਮ ਜਾਂ ਦਲਾਲੀ ਦੇਵੇ।

b) ਮੌਜੂਦਾ ਪਾਲਸੀ ਨੂੰ ਬੰਦ ਕਰਨ ਦੀ ਸਿਫਾਰਸ਼ ਕਰਨ ਅਤੇ ਨਵੀਂ ਖਰੀਦਣ ਲਈ ਪ੍ਰੇਰਿਤ ਕਰਨਾ

c) ਹਾਲਤਾਂ ਬਾਰੇ ਜਾਗਰੂਕ ਬਣਨਾ, ਜੇ ਬੀਮਤ ਨੂੰ ਪਤਾ ਹੋਵੇ, ਤਾਂ ਗਾਹਕ ਦੇ ਹਿੱਤਾਂ ਜਾਂ ਦਾਅਵੇ ਦੇ ਫਾਇਦਿਆਂ ਉੱਤੇ ਉਲਟ ਅਸਰ ਪੈ ਸਕਦਾ ਹੈ

ਸਵੈ ਜਾਂਚ ਕਰੋ **6**

ਹੇਠ ਦਿੱਤਿਆਂ ਵਿੱਚੋਂ ਕਿਹੜਾ ਨੈਤਿਕ ਰਵੱਈਏ ਦਾ ਭਾਗ ਨਹੀਂ ਹੈ?

I. ਢੁੱਕਵੇਂ ਸਪਸ਼ਟੀਕਰਨ ਦੇਣ ਨਾਲ ਗਾਹਕ ਨੂੰ ਪ੍ਰੇਰਿਤ ਫੈਸਲਾ ਕਰਨ ਦੇ ਯੋਗ ਕਰਦੇ ਹਨ।
II. ਗਾਹਕ ਦੇ ਕਾਰੋਬਾਰ ਅਤੇ ਨਿੱਜੀ ਜਾਣਕਾਰੀ ਦੇ ਭੇਤ ਨੂੰ ਭੇਤ ਰੱਖਣਾ
III. ਖੁਦ ਦੇ ਹਿੱਤਾਂ ਨੂੰ ਗਾਹਕ ਦੇ ਹਿੱਤਾਂ ਤੋਂ ਪਹਿਲਾਂ ਰੱਖਣਾ
IV. ਗਾਹਕ ਦੇ ਹਿੱਤਾਂ ਨੂੰ ਆਪਣੇ ਹਿੱਤਾਂ ਤੋਂ ਪਹਿਲਾਂ ਰੱਖਣਾ

ਸਾਰ

a) ਬੀਮੇ ਦੇ ਕੇਸ ਵਿੱਚ ਗਾਹਕ ਸੇਵਾ ਅਤੇ ਸਬੰਧਾਂ ਦੀ ਭੂਮਿਕਾ ਹੋਰ ਉਤਪਾਦਾਂ ਨਾਲੋਂ ਕਿਤੇ ਵੱਧ ਨਾਜ਼ੁਕ ਹੈ।

b) ਸੇਵਾ ਗੁਣਵੱਤਾ (ਕੁਆਲਟੀ) ਦੇ ਪੰਜ ਮੁੱਖ ਸੰਕੇਤਕਾਂ ਵਿੱਚ ਭਰੋਸੇਯੋਗਤਾ, ਵਿਸ਼ਵਾਸ, ਜਵਾਬਦੇਹੀ, ਹਮਦਰਦੀ ਅਤੇ ਸਪਸ਼ਟ ਹੈ।

c) ਗਾਹਕ ਜੀਵਨ ਮੁੱਲ ਨੂੰ ਆਰਥਿਕ ਫਾਇਦਿਆਂ ਦੇ ਜੋੜ ਵਜੋਂ ਪਰਿਭਾਸ਼ਿਤ ਕੀਤਾ ਜਾ ਸਕਦਾ ਹੈ, ਜੋ ਕਿ ਗਾਹਕ ਨਾਲ ਲੰਮੇ ਸਮੇਂ ਦੇ ਮਜ਼ਬੂਤ ਸਬੰਧ ਬਣਾਉਣ ਤੋਂ ਹੋ ਸਕਦੇ ਹਨ।

d) ਗਾਹਕ ਸੇਵਾ ਦੇ ਖੇਤਰ ਵਿੱਚ ਗਾਹਕ ਦੀ ਭੂਮਿਕਾ ਬਹੁਤ ਹੀ ਮਹੱਤਵਪੂਰਨ ਹੈ।

e) ਆਈਆਰਡੀਏਆ ਨੇ ਸਾਂਝਾ ਸ਼ਿਕਾਇਤ ਪ੍ਰਬੰਧ ਸਿਸਟਮ (ਆਈਜੀਐਮਐਸ) ਚਾਲੂ ਕੀਤਾ ਹੈ, ਜੋ ਕਿ ਬੀਮਾ ਸ਼ਿਕਾਇਤ ਡਾਟੇ ਦੇ ਕੇਂਦਰੀ ਭੰਡਾਰ ਅਤੇ ਉਦਯੋਗ ਵਿੱਚ ਸ਼ਿਕਾਇਤ ਨਿਪਟਾਰੇ ਦੀ ਨਿਗਰਾਨੀ ਲਈ ਸੰਦ ਵਜੋਂ ਕੰਮ ਕਰਦਾ ਹੈ।

f) ਲੋਕਪਾਲ, ਬੀਮਤ ਅਤੇ ਬੀਮਾਕਰਤਾ ਦੀ ਆਪਸੀ ਸਹਿਮਤੀ ਨਾਲ, ਹਵਾਲੇ ਦੀਆਂ ਸ਼ਰਤਾਂ ਦੇ ਤਹਿਤ ਵਿਚੋਲੇ ਅਤੇ ਸਲਾਹਕਾਰ ਵਜੋਂ ਕੰਮ ਕਰ ਸਕਦਾ ਹੈ।

g) ਸਰਗਰਮ ਸੁਣਨ ਵਿੱਚ ਧਿਆਨ ਦੇਣਾ, ਸੁਝਾਅ ਦੇਣੇ ਅਤੇ ਢੁੱਕਵੇਂ ਰੂਪ ਵਿੱਚ ਜਵਾਬ ਦੇਣਾ ਸ਼ਾਮਿਲ ਹੈ।

h) ਨੈਤਿਕ ਰਵੱਈਏ ਵਿੱਚ ਗਾਹਕ ਦੇ ਹਿੱਤਾਂ ਨੂੰ ਖੁਦ ਤੋਂ ਪਹਿਲਾਂ ਰੱਖਣਾ ਸ਼ਾਮਿਲ ਹੈ।

ਮੁੱਖ ਸ਼ਬਦ

a) ਸੇਵਾ ਦੀ ਕੁਆਲਟੀ
b) ਹਮਦਰਦੀ
c) ਸਾਂਝਾ ਸ਼ਿਕਾਇਤ ਪ੍ਰਬੰਧ ਸਿਸਟਮ (ਆਈਜੀਐਮਐਸ)
d) ਗਾਹਕ ਸੁਰੱਖਿਆ ਐਕਟ, 1986
e) ਜ਼ਿਲਾ ਗਾਹਕ ਫੋਰਮ
f) ਬੀਮਾ ਲੋਕਪਾਲ
g) ਸਰੀਰਿਕ ਭਾਸ਼ਾ
h) ਸਰਗਰਮ ਸੁਣਨਾ
i) ਨੈਤਿਕ ਰਵੱਈਆ

ਸਵੈ ਜਾਂਚ ਦੇ ਜਵਾਬ

ਜਵਾਬ 1

ਸਹੀਂ ਚੋਣ III ਹੈ।

ਆਰਥਿਕ ਫਾਇਦਿਆਂ ਦਾ ਜੋੜ, ਜੋ ਕਿ ਗਾਹਕ ਨਾਲ ਲੰਮਾ ਸਮਾਂ ਸਬੰਧ ਬਣਾਉਣ ਤੋਂ ਪ੍ਰਾਪਤ ਹੋ ਸਕਦੇ ਹਨ, ਨੂੰ ਗਾਹਕ ਜੀਵਨ-ਸਮਾਂ ਮੁੱਲ ਕਿਹਾ ਜਾਂਦਾ ਹੈ।

ਜਵਾਬ 2

ਸਹੀਂ ਚੋਣ III ਹੈ।

ਕਾਨੂੰਨ ਰਾਹੀਂ ਸੁਤੰਤਰ ਧਿਰ ਦੇਣਦਾਰੀ ਲਈ ਮੋਟਰ ਬੀਮਾ ਕਰਵਾਉਣਾ ਜ਼ਰੂਰੀ ਹੈ ਅਤੇ ਇਸਕਰਕੇ ਇਹ ਲੋੜ ਉੱਤੇ ਚਰਚਾ ਕਰਨ ਦੀ ਲੋੜ ਨਹੀਂ ਹੈ।

ਜਵਾਬ 3

ਸਹੀਂ ਚੋਣ II ਹੈ।

ਗਾਹਕ ਸੁਰੱਖਿਆ ਕਾਨੂੰਨ 1986 ਦੇ ਤਹਿਤ ਵਿਅਕਤੀ ਗਾਹਕ ਵਜੋਂ ਨਹੀਂ ਮੰਨਿਆ ਜਾ ਸਕਦਾ ਹੈ, ਜੋ ਕਿ ਮੁੜ-ਵਿਕਰੀ ਲਈ ਸਾਮਾਨ ਖਰੀਦਦਾ ਹੈ।

ਜਵਾਬ 4

ਸਹੀਂ ਚੋਣ IV ਹੈ।

ਸੰਦੇਹਵਾਦ ਮਜ਼ਬੂਤ ਸਬੰਧ ਕਰਨ ਲਈ ਠੀਕ ਨਹੀਂ ਹੈ।

ਜਵਾਬ 5

ਸਹੀਂ ਚੋਣ II ਹੈ।

ਬਹੁਤ ਹੀ ਵੱਧ ਅਨੁਮਾਨਿਤ ਹੋਣਾ ਸਰਗਰਮ ਸੁਣਨ ਦਾ ਭਾਗ ਨਹੀਂ ਹੈ।

ਜਵਾਬ 6

ਸਹੀਂ ਚੋਣ III ਹੈ।

ਖੁਦ ਦੇ ਹਿੱਤਾਂ ਨੂੰ ਗਾਹਕ ਦੇ ਹਿੱਤਾਂ ਤੋਂ ਪਹਿਲਾਂ ਰੱਖਣਾ ਨੈਤਿਕ ਰਵੱਈਆ ਨਹੀਂ ਹੈ।

ਖੁਦ ਪ੍ਰੀਖਿਆ ਸਵਾਲ

ਸਵਾਲ 1

_____ ਵਾਸਤਵਿਕ ਸਾਮਾਨ ਨਹੀਂ ਹੈ।

I. ਘਰ

II. ਬੀਮਾ

III. ਮੋਬਾਇਲ ਫੋਨ

IV. ਜੀਨਸ

ਸਵਾਲ 2

_____ ਸੇਵਾ ਕੁਆਲਟੀ ਦਾ ਸੰਕੇਤਕ ਨਹੀਂ ਹੈ।

I. ਚਲਾਕੀ

II. ਭਰੋਸੇਯੋਗਤਾ

III. ਹਮਦਰਦੀ

IV. ਪ੍ਰਤਿਉੱਤਰਦਾਇਕ

ਸਵਾਲ 3

ਭਾਰਤ ਵਿੱਚ, _____ ਬੀਮਾ ਲਾਜ਼ਮੀ ਹੈ।

I. ਮੋਟਰ ਸੁਤੰਤਰ ਧਿਰ ਦੇਣਦਾਰੀ

II. ਘਰਾਂ ਲਈ ਅੱਗ ਬੀਮਾ

III. ਘਰੇਲੂ ਯਾਤਰਾ ਲਈ ਯਾਤਰਾ ਬੀਮਾ

IV. ਨਿੱਜੀ ਦੁਰਘਟਨਾ

ਸਵਾਲ 4

ਬੀਮਤ ਲਈ ਬੀਮਾ ਖਰਚੇ ਨੂੰ ਘਟਾਉਣ ਦੇ ਇੱਕ ਢੰਗ ਵਿੱਚੋਂ ਪਾਲਸੀ ਵਿੱਚ _____ ਹੈ।

I. ਮੁੜ-ਬੀਮਾ

II. ਕਟੌਤੀ

III. ਸਹਿ-ਬੀਮਾ

IV. ਛੋਟ

ਸਵਾਲ 5

ਜੇ ਗਾਹਕ ਨੂੰ ਬੀਮਾ ਕੰਪਨੀ ਦੇ ਸਬੰਧ ਵਿੱਚ ਸ਼ਿਕਾਇਤ ਹੈ ਤਾਂ ਉਹ _____ ਰਾਹੀਂ ਆਈਆਰਡੀਏਆ (IRDA) ਕੋਲ ਜਾ ਸਕਦਾ ਹੈ।

I. ਆਈਜੀਐਮਐਸ(IGMS)

II. ਜ਼ਿਲਾ ਗਾਹਕ ਫੋਰਮ

III. ਲੋਕਪਾਲ

IV. ਆਈਜੀਐਮਐਸ ਜਾਂ ਜ਼ਿਲਾ ਗਾਹਕ ਫੋਰਮ ਜਾਂ ਲੋਕਪਾਲ

ਸਵਾਲ 6

ਗਾਹਕ ਸੁਰੱਖਿਆ ਕਾਨੂੰਨ ਕੰਮ ਕਰਦਾ ਹੈ:

I. ਬੀਮਾ ਕੰਪਨੀਆਂ ਦੇ ਖਿਲਾਫ਼ ਸ਼ਿਕਾਇਤ

II. ਦੁਕਾਨਦਾਰਾਂ ਦੇ ਖਿਲਾਫ਼ ਸ਼ਿਕਾਇਤ

III. ਬਰੈਂਡ ਦੇ ਖਿਲਾਫ਼ ਸ਼ਿਕਾਇਤ

IV. ਬੀਮਾ ਕੰਪਨੀਆਂ, ਬਰੈਂਡ ਅਤੇ ਦੁਕਾਨਦਾਰਾਂ ਦੇ ਖਿਲਾਫ਼ ਸ਼ਿਕਾਇਤ

ਸਵਾਲ 7

_____ ਸ਼ਿਕਾਇਤਾਂ ਨੂੰ ਸੁਣਨ ਲਈ ਨਿਆਂ ਵਿਵਸਥਾ ਹੈ, ਜਦੋਂ ਸਾਮਾਨ, ਸੇਵਾਵਾਂ ਅਤੇ ਮੁਆਵਜ਼ਾ ਦਾਅਵਿਆਂ ਦਾ ਮੁੱਲ 20 ਲੱਖ ਰੁਪਏ ਤੱਕ ਹੈ।

I. ਉੱਚ ਅਦਾਲਤ

II. ਜ਼ਿਲਾ ਫੋਰਮ

III. ਸੂਬਾ ਕਮਿਸ਼ਨ

IV. ਕੌਮੀ ਕਮਿਸ਼ਨ

ਸਵਾਲ 8

ਗਾਹਕ ਸਬੰਧ ਵਿੱਚ ਪਹਿਲਾਂ ਪ੍ਰਭਾਵ ਬਣਾਇਆ ਜਾਂਦਾ ਹੈ:

I. ਹੌਸਲਾ ਵਿਖਾ ਕੇ

II. ਸਮੇਂ ਉੱਤੇ ਜਾ ਕੇ

III. ਦਿਲਚਸਪੀ ਵਿਖਾ ਕੇ

IV. ਸਮੇਂ ਉੱਤੇ ਜਾ ਕੇ, ਦਿਲਚਸਪੀ ਵਿਖਾ ਕੇ ਅਤੇ ਹੌਸਲੇ ਰਾਹੀਂ

ਸਵਾਲ 9

ਠੀਕ ਕਥਨ ਚੁਣੋ:

I. ਬੀਮਾ ਵੇਚਣ ਦੇ ਦੌਰਾਨ ਨੈਤਿਕ ਰਵੱਈਆ ਅਸੰਭਵ ਹੈ

II. ਬੀਮਾ ਏਜੰਟਾਂ ਲਈ ਨੈਤਿਕ ਰਵੱਈਆ ਜ਼ਰੂਰੀ ਨਹੀਂ ਹੈ

III. ਨੈਤਿਕ ਰਵੱਈਆ ਏਜੰਟ ਤੇ ਬੀਮਾਕਰਤਾ ਵਿੱਚ ਭਰੋਸਾ ਬਣਾਉਣ ਲਈ ਮੱਦਦ ਕਰਦਾ ਹੈ

IV. ਕੇਵਲ ਉੱਪਰਲੇ ਪ੍ਰਬੰਧਕਾਂ ਕੋਲੋਂ ਹੀ ਨੈਤਿਕ ਰਵੱਈਏ ਦੀ ਉਮੀਦ ਕੀਤੀ ਜਾਂਦੀ ਹੈ

ਸਵਾਲ 10

ਸਰਗਰਮ ਸੁਣਨ ਵਿੱਚ ਸ਼ਾਮਿਲ ਹੈ:

I. ਬੁਲਾਰੇ ਵੱਲ ਧਿਆਨ ਦੇਣਾ

II. ਕਦੇ ਕਦੇ ਸਿਰ ਹਿਲਾਉਣਾ ਅਤੇ ਮੁਸਕਰਾਉਣਾ

III. ਸੁਝਾਅ ਦੇਣੇ

IV. ਬੁਲਾਰੇ ਵੱਲ ਧਿਆਨ ਦੇਣਾ, ਕਦੇ ਕਦੇ ਸਿਰ ਹਿਲਾਉਣਾ ਤੇ ਮੁਸਕਾਉਣਾ ਅਤੇ ਸੁਝਾਅ ਦੇਣਾ

ਸਵੈ ਪ੍ਰੀਖਿਆ ਸਵਾਲਾਂ ਦੇ ਜਵਾਬ

ਜਵਾਬ 1

ਸਹੀਂ ਚੋਣ II ਹੈ।

ਬੀਮਾ ਯਥਾਰਥ ਸਾਮਾਨ ਨਹੀਂ ਹੈ।

ਜਵਾਬ 2

ਸਹੀਂ ਚੋਣ I ਹੈ।

ਚਲਾਕੀ ਸੇਵਾ ਕੁਆਲਟੀ ਦਾ ਸੰਕੇਤਕ ਨਹੀਂ ਹੈ।

ਜਵਾਬ 3

ਸਹੀਂ ਚੋਣ I ਹੈ।

ਮੋਟਰ ਸੁਤੰਤਰ ਧਿਰ ਦੇਣਦਾਰੀ ਬੀਮਾ ਭਾਰਤ ਵਿੱਚ ਲਾਜ਼ਮੀ ਹੈ।

ਜਵਾਬ 4

ਸਹੀਂ ਚੋਣ II ਹੈ।

ਬੀਮਤ ਲਈ ਬੀਮਾ ਖਰਚੇ ਨੂੰ ਘਟਾਉਣ ਦੇ ਇੱਕ ਢੰਗ ਵਿੱਚੋਂ ਪਾਲਸੀ ਵਿੱਚ ਕਟੌਤੀ ਸ਼ਰਤ ਹੈ।

ਜਵਾਬ 5

ਸਹੀਂ ਚੋਣ I ਹੈ।

ਜੇ ਗਾਹਕ ਨੂੰ ਬੀਮਾ ਕੰਪਨੀ ਦੇ ਸਬੰਧ ਵਿੱਚ ਸ਼ਿਕਾਇਤ ਹੈ ਤਾਂ ਉਹ ਆਈਜੀਐਮਐਸ (IGMS) ਰਾਹੀਂ ਆਈਆਰਡੀਏਆ (IRDA) ਕੋਲ ਜਾ ਸਕਦਾ ਹੈ।

ਜਵਾਬ 6

ਸਹੀਂ ਚੋਣ IV ਹੈ।

ਗਾਹਕ ਸੁਰੱਖਿਆ ਕਾਨੂੰਨ ਬੀਮਾ ਕੰਪਨੀਆਂ, ਦੁਕਾਨਦਾਰਾਂ ਅਤੇ ਬਰੈਂਡ ਵਿਰੁਧ ਸ਼ਿਕਾਇਤ ਨਾਲ ਕੰਮ ਕਰਦਾ ਹੈ।

ਜਵਾਬ 7

ਸਹੀਂ ਚੋਣ II ਹੈ।

ਜ਼ਿਲਾ ਫੋਰਮ ਸ਼ਿਕਾਇਤਾਂ ਨੂੰ ਸੁਣਨ ਲਈ ਨਿਆਂ ਵਿਵਸਥਾ ਹੈ, ਜਦੋਂ ਸਾਮਾਨ, ਸੇਵਾਵਾਂ ਅਤੇ ਮੁਆਵਜ਼ਾ ਦਾਅਵਿਆਂ ਦਾ ਮੁੱਲ 20 ਲੱਖ ਰੁਪਏ ਤੱਕ ਹੈ।

ਜਵਾਬ 8

ਸਹੀਂ ਚੋਣ IV ਹੈ।

ਗਾਹਕ ਸਬੰਧਾਂ ਵਿੱਚ, ਪਹਿਲਾਂ ਪ੍ਰਭਾਵ ਹੌਂਸਲੇ, ਸਮੇਂ ਉੱਤੇ ਅਤੇ ਦਿਲਚਸਪੀ ਵਿਖਾਉਣ ਨਾਲ ਬਣਾਇਆ ਜਾਂਦਾ ਹੈ।

ਜਵਾਬ 9

ਸਹੀਂ ਚੋਣ III ਹੈ।

ਨੈਤਿਕ ਰਵੱਈਆ ਏਜੰਟ ਤੇ ਬੀਮਾਕਰਤਾ ਵਿੱਚ ਭਰੋਸਾ ਬਣਾਉਣ ਲਈ ਮੱਦਦ ਕਰਦਾ ਹੈ।

ਜਵਾਬ 10

ਸਹੀਂ ਚੋਣ IV ਹੈ।

ਸਰਗਰਮ ਸੁਣਨ ਦੇ ਵਿੱਚ ਬੁਲਾਰੇ ਵੱਲ ਧਿਆਨ ਦੇਣਾ, ਕਦੇ ਕਦੇ ਸਿਰ ਹਿਲਾਉਣਾ ਤੇ ਮੁਸਕਾਉਣਾ ਅਤੇ ਸੁਝਾਅ ਦੇਣੇ ਸ਼ਾਮਿਲ ਹੈ।

ਪਾਠ 3

ਸ਼ਿਕਾਇਤ ਨਿਵਾਰਣ ਦੀ ਵਿਧਿਆਂ

ਅਧਿਆਇ ਪਛਾਣ

ਬੀਮਾ ਉਦਯੋਗ , ਲਾਜ਼ਮੀ ਰੂਪ ਵਲੋਂ ਇੱਕ ਸੇਵਾ ਉਦਯੋਗ ਹੈ ਜਿੱਥੇ, ਵਰਤਮਾਨ ਸੰਦਰਭ ਵਿੱਚ, ਗਾਹਕਾਂ ਦੀਆਂ ਉੰਮੀਦਾਂ ਲਗਾਤਾਰ ਵੱਧ ਰਹਿਆਂ ਹਨ ਅਤੇ ਪ੍ਰਦਾਨ ਕੀਤੀ ਗਈ ਸੇਵਾਵਾਂ ਦੇ ਮਾਣਕ ਦੇ ਨਾਲ ਅਸੰਤੋਖ ਹਮੇਸ਼ਾ ਮੌਜੂਦ ਹੈ। ਲਗਾਤਾਰ ਨਵੇਂ ਉਤਪਾਦ ਲਿਆਉਣ ਅਤੇ ਗਾਹਕ ਸੇਵਾ ਦੇ ਪੱਧਰ ਵਿੱਚ ਅਰਥਪੂਰਨ ਸੁਧਾਰ, ਆਧੁਨਿਕ ਤਕਨੀਕ ਦੇ ਵਰਤੋ ਦੇ ਦੁਆਰਾ ਸਹਾਇਤਾ ਪ੍ਰਾਪਤ, ਦੇ ਬਾਵਜੂਦ ਇਹ ਉਦਯੋਗ ਗਾਹਕ ਅਸੰਤੋਸ਼ ਅਤੇ ਹੀਨ ਛਵੀ ਵਲੋਂ ਬੁਰੀ ਤਰ੍ਹਾਂ ਗਰਸਤ ਹੈ। ਇਸ ਹਾਲਤ ਨੂੰ ਸੱਮਝਦੇ ਹੋਏ ਸਰਕਾਰ ਅਤੇ ਰੇਗੁਲੇਟਰ ਨੇ ਕਈ ਪਹਲਾਂ ਕੀਤੀਆਂ ਹਨ।

ਆਈਆਰਡੀਏ ਦੇ ਨਿਯਮ ਵੱਖਰਾ ਸੇਵਾਵਾਂ ਲਈ ਨੇਪਰੇ ਚੜ੍ਹਾਉਣ ਦਾ ਸਮਾਂ (TAT) ਨਿਰਧਾਰਤ ਕਰਦੇ ਹਨ ਜੋ ਇੱਕ ਬੀਮਾ ਕੰਪਨੀ ਨੇ ਖਪਤਕਾਰ ਨੂੰ ਪੇਸ਼ ਕਰਣਾ ਹੈ। ਇਹ ਆਈਆਰਡੀਏ (ਪਾਲਿਸੀਧਾਰਕ ਹਿਤਾਂ ਦਾ ਹਿਫਾਜ਼ਤ ਵਿਨਿਅਮ), 2002 ਦਾ ਹਿੱਸਾ ਹਨ। ਬੀਮਾ ਕੰਪਨੀਆਂ ਲਈ ਇੱਕ ਪਰਭਾਵੀ ਸ਼ਿਕਾਇਤ ਨਿਵਾਰਣ ਵਿਧੀ ਵੀ ਜ਼ਰੂਰੀ ਹਨ ਅਤੇ ਆਈਆਰਡੀਏ ਨੇ ਉਸਦੇ ਲਈ ਵੀ ਦਿਸ਼ਾ ਨਿਰਦੇਸ਼ ਬਨਾਏ ਹਨ।

ਸਿੱਖਿਆ ਦੇ ਨਤੀਜੇ

A. ਸ਼ਿਕਾਇਤ ਨਿਵਾਰਣ ਵਿਧੀ - ਖਪਤਕਾਰ ਅਦਾਲਤ, ਓਮਬਡਸਮੈਨ

A. ਸ਼ਿਕਾਇਤ ਨਿਵਾਰਣ ਵਿਧੀ - ਖਪਤਕਾਰ ਅਦਾਲਤ, ਓਮਬਡਸਮੈਨ

1. ਏਕੀਕ੍ਰਿਤ ਸ਼ਿਕਾਇਤ ਪਰਬੰਧਨ ਪ੍ਰਣਾਲੀ (ਇਨਟੈਗਰੇਟਿਡ ਗ੍ਰੀਵਾਂਸ ਮੈਨੇਜਮੈਂਟ ਸਿਸਟਮ ਜਾਂ IGMS)

ਇਰਡਾ ਨੇ ਇੱਕ ਏਕੀਕ੍ਰਿਤ ਸ਼ਿਕਾਇਤ ਪਰਬੰਧਨ ਪ੍ਰਣਾਲੀ (IGMS) ਦੀ ਸ਼ੁਰੂਆਤ ਕੀਤੀ ਹੈ ਜੋ ਬੀਮਾ ਸ਼ਿਕਾਇਤ ਅੰਕੜੇ ਦੇ ਇਕ ਕੇਂਦਰੀ ਭੰਡਾਰ ਅਤੇ ਉਦਯੋਗ ਵਿੱਚ ਸ਼ਿਕਾਇਤ ਛੁਟਕਾਰਾ ਦੀ ਨਿਗਰਾਨੀ ਲਈ ਇੱਕ ਯੰਤਰ ਦੇ ਰੂਪ ਵਿੱਚ ਕਾਰਜ ਕਰਦਾ ਹੈ

ਪਾਲਿਸੀਧਾਰਕ ਇਸ ਪ੍ਰਣਾਲੀ ਵਿੱਚ ਉਨ੍ਹਾਂ ਦੀ ਨੀਤੀ ਦੇ ਟੀਕੇ ਦੇ ਨਾਲ ਰਜਿਸਟਰ ਅਤੇ ਉਨ੍ਹਾਂ ਦੀ ਸ਼ਿਕਾਇਤ ਦਰਜ ਕਰ ਸੱਕਦੇ ਹਨ। ਉਸਦੇ ਬਾਅਦ ਸ਼ਿਕਾਇਤਾਂ ਸਬੰਧਤ ਬੀਮਾ ਕੰਪਨੀਆਂ ਨੂੰ ਭੇਜ ਦਿੱਤੀ ਜਾਂਦੀਆਂ ਹਨ।

ਸ਼ਿਕਾਇਤ ਨਿਵਾਰਣ ਵਿਧੀ

ਆਈਜੀਏਮਏਸ ਸ਼ਿਕਾਇਤਾਂ ਉੱਤੇ ਅਤੇ ਉਨ੍ਹਾਂ ਦੇ ਛੁਟਕਾਰਾ ਲਈ ਲਈ ਗਏਸਮੇਂਤੇ ਨਿਗਰਾਨੀ ਰੱਖਦਾ ਹੈ। ਸ਼ਿਕਾਇਤਾਂ ਨੂੰ ਨਿਮਨ ਯੂਆਰਏਲ ਉੱਤੇ ਪੰਜੀਕ੍ਰਿਤ ਕੀਤਾ ਜਾ ਸਕਦਾ ਹੈ :

http://www.policyholder.gov.in/Integrated_Grievance_Management.aspx

2. ਖਪਤਕਾਰ ਹਿਫਾਜ਼ਤ ਅਧਿਨਿਯਮ , 1986

ਮਹਤਵਪੂਰਣ

ਇਹ ਅਧਿਨਿਯਮ ਖਪਤਕਾਰਾਂ ਦੇ ਹਿੱਤ ਦੀ ਬਿਹਤਰ ਸੁਰੱਖਿਆ ਮੁਹੱਈਆ ਕਰਾਉਣ ਲਈ ਅਤੇ ਖਪਤਕਾਰ ਵਿਵਾਦਾਂ ਦੇ ਨਿਪਟਾਰੇ ਲਈ ਖਪਤਕਾਰ ਪਰਿਸ਼ਦਾਂ ਅਤੇ ਹੋਰ ਪ੍ਰਾਧਿਕਰਣਾਂ ਦੀ ਸਥਾਪਨਾ ਲਈ ਪ੍ਰਾਵਧਾਨ ਬਣਾਉਣ ਦੇ ਲਈ ਪਾਰਿਤ ਕੀਤਾ ਗਿਆ ਸੀ। ਇਹ ਅਧਿਨਿਯਮ ਖਪਤਕਾਰ ਹਿਫਾਜ਼ਤ (ਸੰਸ਼ੋਧਨ) ਅਧਿਨਿਯਮ, 2002 ਦੇ ਦੁਆਰਾ ਸੰਸ਼ੋਧਿਤ ਕੀਤਾ ਗਿਆ ਹੈ।

ਐਕਟ ਵਿੱਚ ਦਿੱਤੇ ਕੁਝ ਪਰਿਭਾਸ਼ਾ ਹੇਠ ਹਨ:

ਪਰਿਭਾਸ਼ਾ

ਸੇਵਾ ਦਾ ਮਤਲੱਬ ਕਿਸੇ ਵੀ ਵਰਣਨ ਦੀ ਸੇਵਾ ਜੋ ਸੰਭਾਵੀ ਉਪਭੋਗਤਾਵਾਂ ਲਈ ਉਪਲੱਬਧ ਕਰਾਈ ਗਈ ਅਤੇ ਸ਼ਾਮਿਲ ਸਹੂਲਤਾਂ ਦੇ ਪ੍ਰਾਵਧਾਨ ਜਿਨ੍ਹਾਂ ਦਾ ਸੰਬੰਧ ਹੈ ਬੈਂਕਿੰਗ, ਫਾਇਨੇਂਸਿੰਗ, ਬੀਮਾ, ਟ੍ਰਾਂਸਪੋਰਟ, ਪ੍ਰਸੰਸਕਰਣ,

ਬਿਜਲੀ ਜਾਂ ਹੋਰ ਊਰਜਾ ਦੀ ਆਪੂਰਤੀ, ਬੋਰਡ ਜਾਂ ਅਸਥਾਈ ਘਰ ਜਾਂ ਦੋਨਾਂ, ਘਰ ਉਸਾਰੀ , ਮਨੋਰੰਜਨ, ਮਨੋਰੰਜਨ ਜਾਂ ਖਬਰਾਂ ਮੁਹੱਈਆ ਕਰਨਾ ਜਾਂ ਹੋਰ ਜਾਣਕਾਰੀ। ਲੇਕਿਨ ਇਸ ਵਿੱਚ ਇਹ ਸ਼ਾਮਿਲ ਨਹੀਂ ਹਨ ਮੁਫਤ ਕਿਸੇ ਵੀ ਸੇਵਾ ਦਾ ਦੇਣਾ ਜਾਂ ਨਿਜੀ ਸੇਵਾ ਇੱਕ ਇਕਰਾਰਨਾਮੇ ਦੇ ਤਹਿਤ ਦੇਣਾ।
ਬੀਮਾ ਇੱਕ ਸੇਵਾ ਦੇ ਤੌਰ ਉੱਤੇ ਸ਼ਾਮਿਲ ਹੈ।

"ਖਪਤਕਾਰ" ਦਾ ਮਤਲੱਬ ਹੈ ਕੋਈ ਵੀ ਵਿਅਕਤੀ ਜੋ

- ✓ ਇੱਕ ਭੁਗਤਾਨੇ ਲਈ ਕਿਸੇ ਵੀ ਸਾਮਾਨ ਨੂੰ ਖਰੀਦਦਾ ਹੈ ਅਤੇ ਇਸ ਵਿੱਚ ਸਾਮਾਨ ਦਾ ਕੋਈ ਉਪਯੋਗਕਰਤਾ ਵੀ ਸ਼ਾਮਿਲ ਹੈ। ਲੇਕਿਨ ਉਹ ਵਿਅਕਤੀ ਸ਼ਾਮਿਲ ਨਹੀਂ ਹੈ ਜੋ ਪੁਨਰ ਵਿਕਰੀ ਲਈ ਜਾਂ ਕਿਸੇ ਵੀ ਵਪਾਰਕ ਉਦੇਸ਼ ਲਈ ਇਸ ਤਰ੍ਹਾਂ ਦੇ ਸਾਮਾਨ ਨੂੰ ਲੈਂਦਾ ਹੈ ਜਾਂ
- ✓ ਮਿਹਨਤਾਨਾ ਦਿੰਦਾ ਹੈ ਜਾਂ ਭੁਗਤਾਨੇ ਕਰਕੇ ਕਿਸੇ ਵੀ ਸੇਵਾ ਦਾ ਲਾਭ ਚੁੱਕਦਾ ਹੈ ਅਤੇ ਅਜਿਹੀ ਸੇਵਾਵਾਂ ਦੇ ਲਾਭ ਪ੍ਰਾਪਤ ਕਰਨ ਵਾਲੇ ਵੀ ਸ਼ਾਮਿਲ ਹਨ।

"ਦੋਸ਼" ਦਾ ਮਤਲੱਬ ਹੈ ਕੋਈ ਵੀ ਗਲਤੀ , ਖਾਮੀਂ , ਕਮੀ , ਗੁਣਵੱਤਾ , ਕੁਦਰਤ ਅਤੇ ਨੁਮਾਇਸ਼ ਦੇ ਤਰੀਕੇ ਵਿੱਚ ਅਪਰਿਆਪਤਤਾ ਜੋ ਕਿਸੇ ਵੀ ਕਨੂੰਨ ਦੇ ਤਹਿਤ ਬਣਾਏ ਰੱਖਣ ਦੀ ਲੋੜ ਹੈ ਜਾਂ ਕਿਸੇ ਵੀ ਸੇਵੇ ਦੇ ਸੰਬੰਧ ਵਿੱਚ ਇੱਕ ਵਿਅਕਤੀ ਦੁਆਰਾ ਨੁਮਾਇਸ਼ ਕਰਣ ਦੀ ਹਾਮੀ ਭਰੀ ਗਈ ਹੈ , ਕਿਸੇ ਸੰਧੀ ਦੇ ਨਕਲ ਵਿੱਚ ਜਾਂ ਨਹੀਂ ਤਾਂ ।

"**ਸ਼ਿਕਾਇਤ**" ਦਾ ਮਤਲਬ ਹੈ ਕੋਈ ਵੀ ਇਲਜ਼ਾਮ ਲਿਖਤੀ ਰੂਪ ਵਿੱਚ ਇੱਕ ਸ਼ਿਕਾਇਤਕਰਤਾ ਦੁਆਰਾ ਕੀਤਾ ਕਿ:

- ✓ ਇੱਕ ਨਾਜਾਇਜ਼ ਵਪਾਰ ਤਰੀਕਾ ਜਾਂ ਪਾਬੰਦੀਸ਼ੁਦਾ ਵਪਾਰ ਤਰੀਕੇ ਨੂੰ ਵਰਤਿਆ ਗਿਆ ਹੈ
- ✓ ਉਸ ਦੁਆਰਾ ਖਰੀਦਿਆ ਸਾਮਾਨ ਇੱਕ ਜ ਵੱਧ ਨੁਕਸ ਦਾ ਸ਼ਿਕਾਰ ਹੈ
- ✓ ਭਾੜੇ ਉਤੇ ਲਈ ਜਾਂ ਇਸਤੇਮਾਲ ਕੀਤੀ ਸੇਵਾ ਕਿਸੇ ਵੀ ਸਬੰਧ ਵਿਚ ਕਮੀ ਦਾ ਸ਼ਿਕਾਰ ਹੈ
- ✓ ਕਨੂੰਨ ਦੁਆਰਾ ਨਿਰਧਾਰਤ ਜਾਂ ਪੈਕੇਜ ਉੱਤੇ ਦਿਖਾਇਆ ਹੋਇਆ ਮੁੱਲ ਵਲੋਂ ਜਿਆਦਾ ਕੀਮਤ ਵਸੂਲੀ ਗਈ ਹੈ
- ✓ ਅਜਿਹਾ ਸਾਮਾਨ ਜੋ ਇਸਤੇਮਾਲ ਕਰਣ ਉੱਤੇ ਜੀਵਨ ਅਤੇ ਸੁਰੱਖਿਆ ਲਈ ਖਤਰਨਾਕ ਹੋ ਜਾਵੇਗਾ ਜਨਤਾ ਲਈ ਵਿਕਰੀ ਲਈ ਪੇਸ਼ ਕੀਤਾ ਜਾ ਰਿਹਾ ਹੈ ਕਿਸੇ ਵੀ ਕਾਨੂੰਨ ਦੀ ਵਿਵਸਥਾ ਦੇ ਉਲਟ ਜਿਸ ਵਿੱਚ ਇਸ ਤਰ੍ਹਾਂ ਦੇ ਸਾਮਾਨ ਦੇ ਵਰਤੋ ਤਰੀਕੇ ਅਤੇ ਪ੍ਰਭਾਵ ਦੇ ਸੰਬੰਧ ਵਿੱਚ ਜਾਣਕਾਰੀ ਦਿਖਾਂਣਾ ਵਪਾਰੀ ਲਈ ਜਰੂਰੀ ਹੈ

"ਖਪਤਕਾਰ ਵਿਵਾਦ" ਦਾ ਮਤਲੱਬ ਇੱਕ ਵਿਵਾਦ ਜਿੱਥੇ ਉਹ ਵਿਅਕਤੀ ਜਿਨ੍ਹਾਂ ਦੇ ਖਿਲਾਫ ਸ਼ਿਕਾਇਤ ਕੀਤੀ ਗਈ ਹੈ, ਸ਼ਿਕਾਇਤ ਵਿੱਚ ਰਖਿਆ ਹੋਇ ਆਰੋਪਾਂ ਵਲੋਂ ਇਨਕਾਰ ਅਤੇ ਵਿਵਾਦ ਕਰਦੇ ਹੈ ।

---

a) ਖਪਤਕਾਰ ਸ਼ਿਕਾਇਤ ਨਿਵਾਰਣ ਅਦਾਰੇ

"ਖਪਤਕਾਰ ਵਿਵਾਦ ਅਦਾਰੇ ਨਿਵਾਰਣ " ਹਰ ਜ਼ਿਲ੍ਹੇ ਅਤੇ ਰਾਜ 'ਚ ਅਤੇ ਰਾਸ਼ਟਰੀ ਪੱਧਰ' ਤੇ ਸਥਾਪਤ ਕੀਤੇ ਗਏਹਨ.

i. ਜ਼ਿਲ੍ਹਾ ਫੋਰਮ.

- ✓ ਮੰਚ ਦੇ ਕੋਲ ਉਨ੍ਹਾਂ ਸ਼ਿਕਾਇਤਾਂ ਉੱਤੇ ਵਿਚਾਰ ਕਰਣ ਦਾ ਅਧਿਕਾਰ ਖੇਤਰ ਹੈ ਜਿੱਥੇ ਦਾਅਵੇ ਦੀਆਂ ਵਸਤਾਂ ਜਾਂ ਸੇਵਾਵਾਂ ਅਤੇ ਮੁਆਵਜੇ ਦਾ ਮੁੱਲ 20 ਲੱਖ ਰੁਪਏ ਤੱਕ ਦਾ ਹੈ ।
- ✓ ਜਿਲਾ ਫੋਰਮ ਨੂੰ ਉਚਿਤ ਨਿਸ਼ਪਾਦਨ ਲਈ ਆਪਣੇ ਆਦੇਸ਼ / ਡਿਕਰੀ ਦੀਵਾਨੀ ਅਦਾਲਤ ਭੇਜਣ ਦਾ ਅਧਿਕਾਰ ਹੈ ।

ਰਾਜ ਕਮਿਸ਼ਨ

- ✓ ਇਸ ਨਿਵਾਰਣ ਪ੍ਰਾਧਿਕਰਣ ਦੇ ਕੋਲ ਮੂਲ, ਅਪੀਲੀ ਅਤੇ ਪਰਿਆਵੇਕਸ਼ੀ ਅਧਿਕਾਰ ਖੇਤਰ ਹੈ ।
- ✓ ਇਹ ਜਿਲਾ ਮੰਚ ਵਲੋਂ ਅਪੀਲ ਉੱਤੇ ਵਿਚਾਰ ਕਰਦਾ ਹੈ ਇਸਦੇ ਕੋਲ ਮੂਲ ਅਧਿਕਾਰ ਖੇਤਰ ਹੈ ਉਨ੍ਹਾਂ ਸ਼ਿਕਾਇਤਾਂ ਦਾ ਵਿਚਾਰ ਕਰਣ ਲਈ ਜਿੱਥੇ ਸਾਮਾਨ/ਸੇਵਾ ਅਤੇ ਮੁਆਵਜੇ ਦਾ ਮੁੱਲ, ਜੇਕਰ ਦਾਅਵੇ ਵਿੱਚ ਮੰਗੀ ਹੈ, 20 ਲੱਖ ਰੁਪਏ ਵਲੋਂ ਜਿਆਦਾ ਹੈ, ਲੇਕਿਨ 100 ਲੱਖ ਰੁਪਏ ਵਲੋਂ ਜਿਆਦਾ ਨਹੀਂ ਹੈ ਹੋਰ ਸ਼ਕਤੀਯਾਂ ਅਤੇ ਅਧਿਕਾਰ ਜਿਲਾ ਫੋਰਮ ਦੇ ਸਮਾਨ ਹੀ ਹਨ

ii. ਰਾਸ਼ਟਰੀ ਕਮਿਸ਼ਨ

- ✓ ਅਧਿਨਿਯਮ ਦੇ ਤਹਿਤ ਸਥਾਪਤ ਅੰਤਮ ਪ੍ਰਾਧਿਕਾਰੀ ਰਾਸ਼ਟਰੀ ਕਮਿਸ਼ਨ ਹੈ
- ✓ ਇਸ ਦੇ ਕੋਲ ਮੂਲ, ਅਪੀਲੀ ਅਤੇ ਪਰਿਆਵੇਕਸ਼ੀ ਅਧਿਕਾਰ ਖੇਤਰ ਹੈ ।
- ✓ ਇਹ ਰਾਜ ਮੰਚ ਵਲੋਂ ਅਪੀਲ ਉੱਤੇ ਵਿਚਾਰ ਕਰਦਾ ਹੈ ਇਸਦੇ ਕੋਲ ਮੂਲ ਅਧਿਕਾਰ ਖੇਤਰ ਹੈ ਉਨ੍ਹਾਂ ਸ਼ਿਕਾਇਤਾਂ ਦਾ ਵਿਚਾਰ ਕਰਣ ਲਈ ਜਿੱਥੇ ਸਾਮਾਨ/ਸੇਵਾ ਅਤੇ ਮੁਆਵਜੇ ਦਾ ਮੁੱਲ, 100 ਲੱਖ ਰੁਪਏ ਵਲੋਂ ਜਿਆਦਾ ਹੈ।
- ✓ ਇਸਦੇ ਕੋਲ ਰਾਜ ਦੇ ਕਮਿਸ਼ਨ ਦੇ ਉੱਤੇ ਨਿਗਰਾਨੀ ਅਧਿਕਾਰ ਖੇਤਰ ਹੈ ।

ਤਿੰਨੇ ਅਦਾਰਿਆਂ ਨੂੰ ਇੱਕ ਦੀਵਾਨੀ ਅਦਾਲਤ ਦੇ ਅਧਿਕਾਰ ਹਨ ।

ਚਿੱਤਰ **1: ਸ਼ਿਕਾਇਤ ਨਿਵਾਰਣ ਲਈ ਮਾਰਗ**

b) ਸ਼ਿਕਾਇਤ ਦਰਜ ਕਰਨ ਲਈ ਵਿਧੀ

ਸ਼ਿਕਾਇਤ ਦਰਜ ਕਰਾਉਣ ਲਈ ਪਰਿਕ੍ਰੀਆ ਉੱਤੇ ਦੇ ਸਾਰੇ ਤਿੰਨ ਨਿਵਾਰਣ ਏਜੇਂਸੀਆਂ ਵਿੱਚ ਬਹੁਤ ਸਰਲ ਹੈ। ਸ਼ਿਕਾਇਤ ਦਰਜ ਕਰਾਉਣ ਜਾਂ ਇੱਕ ਅਪੀਲ ਲਈ ਕੋਈ ਸ਼ੁਲਕ ਨਹੀਂ ਹੈ ਚਾਹੇ ਉਹ ਰਾਜ ਕਮਿਸ਼ਨ ਜਾਂ ਰਾਸ਼ਟਰੀ ਕਮਿਸ਼ਨ ਦੇ ਸਾਹਮਣੇ ਦਾਖਲ ਹੋਵੇ। ਸ਼ਿਕਾਇਤ ਸ਼ਿਕਾਇਤਕਰਤਾ ਆਪਣੇ ਆਪ ਜਾਂ ਉਸਦੇ ਅਧਿਕ੍ਰਿਤ ਏਜੰਟ ਦੁਆਰਾ ਦਰਜ ਕਰ ਸਕਦਾ ਹੈ। ਇਹ ਵਿਅਕਤੀਗਤ ਰੂਪ ਵਲੋਂ ਦਰਜ ਕੀਤੀ ਜਾ ਸਕਦੀ ਹੈ ਜਾਂ ਡਾਕ ਵਲੋਂ ਵੀ ਭੇਜੀ ਜਾ ਸਕਦੀ ਹੈ। ਧਿਆਨ ਦਿਓ ਕਿ ਕੋਈ ਵਕੀਲ ਇੱਕ ਸ਼ਿਕਾਇਤ ਦਾਖਲ ਕਰਣ ਦੇ ਵਰਤੋਂ ਲਈ ਜ਼ਰੂਰੀ ਨਹੀਂ ਹੈ।

c) ਖਪਤਕਾਰ ਫੋਰਮ ਦੇ ਆਦੇਸ਼

ਫੋਰਮ ਸੰਤੁਸ਼ਟ ਹੋ ਜਾਂਦਾ ਹੈ ਕਿ ਜਿਸ ਸਾਮਾਨ ਦੇ ਖਿਲਾਫ ਸ਼ਿਕਾਇਤ ਕੀਤੀ ਹੈ ਉਹ ਸ਼ਿਕਾਇਤ ਵਿੱਚ ਕਹੇ ਗਏਕਿਸੇ ਦੋਸ਼ ਵਲੋਂ ਗਰਸਤ ਹੈਨ ਜਾਂ ਸੇਵਾ ਬਾਰੇ ਲਗਾਏ ਇਲਜ਼ਾਮ ਜੋ ਕਿਸੇ ਸ਼ਿਕਾਇਤ ਵਿੱਚ ਰਖਿਆ ਹੋਇਆ ਹੈ ਸਾਬਤ ਹੋ ਜਾਂਦੇ ਹਨ, ਤਾਂ ਫੋਰਮ ਇੱਕ ਆਦੇਸ਼ ਜਾਰੀ ਕਰ ਸੱਕਦੇ ਹਨ ਵਿਰੋਧੀ ਪੱਖ ਨੂੰ ਨਿਰਦੇਸ਼ ਦਿੰਦੇ ਹੋਏ, ਹੇਠ ਵਿੱਚੋਂ ਇੱਕ ਜਾਂ ਜਿਆਦਾ ਕਰਣ ਦੇ ਲਈ ,

i. ਸ਼ਿਕਾਇਤਕਰਤਾ ਨੂੰ **ਕੀਮਤ** (ਜਾਂ ਬੀਮੇ ਦੇ ਮਾਮਲੇ ਵਿੱਚ ਪ੍ਰੀਮਿਅਮ), ਸ਼ਿਕਾਇਤਕਰਤਾ ਦੁਆਰਾ ਭੁਗਤਾਨ ਕੀਤਾ ਸ਼ੁਲਕ **ਵਾਪਸ** ਕਰਣ ਦੇ ਲਈ ,
ii. ਖਪਤਕਾਰਾਂ ਲਈ ਮੁਆਵਜੇ ਦੇ ਰੂਪ ਵਿੱਚ ਇਸ ਤਰ੍ਹਾਂ ਦੀ ਰਾਸ਼ੀ ਦੇਣਾ ਵਿਪਰੀਤ ਪਾਰਟੀ ਦੀ ਲਾਪਰਵਾਹੀ ਦੇ ਕਾਰਨ ਖਪਤਕਾਰ ਦੁਆਰਾ ਝੇਲੇ ਗਏਕਿਸੇ ਵੀ ਨੁਕਸਾਨ ਜਾਂ ਚੋਟ ਲਈ
iii. ਸਵਾਲਿਆ ਸੇਵਾ ਵਿਚ ਨੁਕਸ ਜਾਂ ਕਮੀ ਨੂੰ ਹਟਾਉਣ ਲਈ
iv. ਪਾਬੰਦੀਸ਼ੁਦਾ ਵਪਾਰ ਤਰੀਕਾ ਜਾਂ **ਨਾਜਾਇਜ਼ ਵਪਾਰ ਤਰੀਕੇ ਬੰਦ ਕਰਨ ਲਈ** ਜਾਂ ਨਾ ਦੁਹਰਾਣ ਲਈ
v. ਪੱਖਾਂ ਨੂੰ **ਸਮਰੱਥ ਲਾਗਤ** ਪ੍ਰਦਾਨ ਕਰਣਾ

d) ਸ਼ਿਕਾਇਤਾਂ ਦੀ ਕੁਦਰਤ

ਤਿੰਨ ਮੰਚਾਂ ਦੇ ਨਾਲ **ਜਿਆਦਾਤਰ ਖਪਤਕਾਰ ਵਿਵਾਦ** ਨਿੱਚੇ ਲਿਖੇ ਮੁੱਖ ਸ਼ਰੇਣੀਆਂ ਵਿੱਚ ਆਉਂਦੇ ਹਨ ਜਿੱਥੇ ਤੱਕ ਬੀਮਾ ਪੇਸ਼ਾ ਦਾ ਸੰਬੰਧ ਹਨ

i. ਦਾਅਵੇ ਦੇ ਨਿਪਟਾਰੇ ਵਿੱਚ ਦੇਰ
ii. ਦਾਅਵੇ ਦਾ ਗੈਰ-ਨਿਪਟਾਰਾ
iii. ਦਾਅਵੇ ਦਾ ਖੰਡਨ ਕਰਨਾ
iv. ਨੁਕਸਾਨ ਦੀ ਮਾਤਰਾ

v. ਪਾਲਿਸੀ ਦੇ ਨਿਯਮ, ਸ਼ਰਤਾਂ ਆਦਿ

3. ਬੀਮਾ ਲੋਕਪਾਲ

ਕੇਂਦਰੀ ਸਰਕਾਰ ਨੇ ਬੀਮਾ ਕਾਨੂੰਨ, 1938 ਦੀ ਅਧਿਕਾਰ ਦੇ ਅਧੀਨ ਲੋਕ ਸ਼ਿਕਾਇਤਾਂ ਨਿਵਾਰਣ ਨਿਯਮ, 1998 ਬਣਾਇਆ 11 ਨਵੰਬਰ, 1998 ਨੂੰ ਗਜ਼ਟ ਵਿਚ ਪ੍ਰਕਾਸ਼ਿਤ ਇਕ ਸੂਚਨਾ ਨਾਲ। ਇਹ ਨਿਯਮ, ਜੀਵਨ ਅਤੇ ਗੈਰ-ਜੀਵਨ ਬੀਮਾ ਦੇ ਸਾਰੇ ਨਿੱਜੀ ਸ਼੍ਰੇਣੀ ਦੇ ਲਈ , ਯਾਨੀ ਕਿ, ਇੱਕ ਵਿਅਕਤੀਗਤ ਸਮਰੱਥਾ ਵਿੱਚ ਲਿਤਾ ਬੀਮਾ,.ਉਤੇ ਲਾਗੂ ਹੁੰਦੇ ਹਨ।

ਇਨ੍ਹਾਂ ਨਿਯਮਾਂ ਦਾ ਉਦੇਸ਼ ਪਰਭਾਵੀ, ਕੁਸ਼ਲ ਅਤੇ ਨਿਰਪੱਖ ਤਰੀਕੇ ਵਲੋਂ ਘੱਟ ਲਾਗਤ ਵਿੱਚ ਬੀਮਾ ਕੰਪਨੀਆਂ ਵਲੋਂ ਦਾਵੇ ਦੇ ਨਿਪਟਾਨ ਵਲੋਂ ਸਬੰਧਤ ਸਾਰਿਆਂ ਸ਼ਿਕਾਇਤਾਂ ਨੂੰ ਹੱਲ ਕਰਣਾ ਹੈ।

ਲੋਕਪਾਲ ਬੀਮਾਧਾਰਕ ਅਤੇ ਬੀਮਾ ਕੰਪਨੀ ਦੇ ਵਿੱਚ, ਸੰਦਰਭ ਦੀਆਂ ਸ਼ਰਤਾਂ ਵਿੱਚ , ਬਿਚੌਲਿਏ ਦਾ ਕੰਮ ਕਰ ਸਕਦਾ ਹੈ , ਜੇਕਰ ਦੋਵੇਂ ਪੱਖ ਇਸਦੇ ਲਈ ਤਿਆਰ ਹੋਣ।

ਸ਼ਿਕਾਇਤ ਨੂੰ ਮੰਜੂਰ ਜਾਂ ਨਾਮੰਜੂਰ ਕਰਣ ਦਾ ਲੋਕਪਾਲ ਦਾ ਫ਼ੈਸਲਾ ਅੰਤਮ ਹੈ।

a) ਲੋਕਪਾਲ ਨੂੰ ਸ਼ਿਕਾਇਤ

ਲੋਕਪਾਲ ਨੂੰ ਕੀਤੀ ਗਈ ਕੋਈ ਵੀ ਸ਼ਿਕਾਇਤ ਲਿਖਤੀ ਵਿੱਚ ਹੋਣੀ ਚਾਹਿਦੀ ਹੈ, ਬੀਮਾਧਾਰਕ ਜਾਂ ਉਸਦੇ ਉੱਤਰਾਧਿਕਾਰੀਆਂ ਦੁਆਰਾ ਹਸਤਾਕਸ਼ਰ ਕਿ ਗਈ , ਦਿਗਪਾਲ ਨੂੰ ਸੰਬੋਧਿਤ ਕਰਦੇ ਹੋਏ , ਜਿਸਦੇ ਅਧਿਕਾਰ ਖੇਤਰ ਵਿੱਚ ਬੀਮਾ ਕੰਪਨੀ ਦਾ ਦਫਤਰ ਹੈ , ਸਬੰਧਤ ਦਸਤਾਵੇਜ਼ਾਂ ਦੇ ਨਾਲ , ਜੇਕਰ ਕੋਈ ਹੋਣ ਤਾਂ , ਨੁਕਸਾਨ ਦਾ ਜਾਇਜਾ ਅਤੇ ਪ੍ਰਕ੍ਰਿਤੀ ਦੇ ਨਾਲ ਅਤੇ ਮੁਆਵਜ਼ਾ ਜੋ ਚਾਹਿਏ।

C ਲੋਕਪਾਲ ਨੂੰ ਸ਼ਿਕਾਇਤ ਕੀਤੀ ਜਾ ਸਕਦੀ ਹੈ ਜੇਕਰ:

i. ਸ਼ਿਕਾਇਤਕਰਤਾ ਨੇ ਪਹਿਲਾਂ ਬੀਮਾ ਕੰਪਨੀ ਨੂੰ ਲਿਖਤੀ ਵਿੱਚ ਸ਼ਿਕਾਇਤ ਕੀਤੀ ਸੀ ਅਤੇ ਬੀਮਾ ਕੰਪਨੀ ਨੇ:

   - ✓ ਸ਼ਿਕਾਇਤ ਨੂੰ ਨਕਾਰ ਦਿੱਤਾ ਸੀ
   - ✓ ਸ਼ਿਕਾਇਤਕਰਤਾ ਨੂੰ ਬੀਮਾ ਕੰਪਨੀ ਦੇ ਕੋਲ ਸ਼ਿਕਾਇਤ ਦਰਜ ਕਰਾਉਣ ਦੇ ਇੱਕ ਮਹੀਨੇ ਦੇ ਅੰਦਰ ਕੋਈ ਜਵਾਬ ਨਹੀਂ ਮਿਲਿਆ

ii. ਸ਼ਿਕਾਇਤਕਰਤਾ ਬੀਮਾ ਕੰਪਨੀ ਵਲੋਂ ਮਿਲੇ ਜਵਾਬ ਵਲੋਂ ਸੰਤੁਸ਼ਟ ਨਹੀਂ ਹੈ

iii. ਸ਼ਿਕਾਇਤ ਦਾਵੇ ਨੂੰ ਨਕਾਰਣ ਦੇ ਇੱਕ ਸਾਲ ਦੇ ਅੰਦਰ ਕੀਤੀ ਗਈ ਹੈ

iv. ਸ਼ਿਕਾਇਤ ਕਿਸੇ ਅਦਾਲਤ ਜਾਂ ਖਪਤਕਾਰ ਫੋਰਮ ਜਾਂ ਮਧਿਅਸਤਤਾ ਵਿੱਚ ਵਿਚਾਰਾਧੀਨ ਨਹੀਂ ਹੈ

b) ਲੋਕਪਾਲ ਦੀਆਂ ਸਿਫਾਰਸ਼ਾਂ

ਲੋਕਪਾਲ ਦੁਆਰਾ ਕੁੱਝ ਕਰਤੱਵਾਂ / ਪ੍ਰੋਟੋਕਾਲ ਪਾਲਣ ਕਰਣ ਦੀ ਉੰਮੀਦ ਹੈ:

i. ਅਜਿਹੀ ਸ਼ਿਕਾਇਤ ਪ੍ਰਾਪਤ ਹੋਣ ਦੇ ਇੱਕ ਮਹੀਨੇ ਦੇ ਅੰਦਰ ਸਿਫਾਰੀਸ਼ਾਂ ਕੀਤਿਆਂ ਜਾਣਿਆਂ ਚਾਹੀਦਆਂ ਹਨ

ii. ਨਕਲਾਂ ਫਰਿਆਦੀ ਅਤੇ ਬੀਮਾ ਕੰਪਨੀ ਦੋਨਾਂ ਨੂੰ ਭੇਜੀ ਜਾਣੀ ਚਾਹਿਦੀਆਂ ਹਨ

iii. ਅਜਿਹੀ ਸਿਫਾਰਸ਼ਾਂ ਸ਼ਿਕਾਇਤਕਰਤਾ ਦੁਆਰਾ ਲਿਖਤੀ ਰੂਪ ਵਿੱਚ ਸਿਫਾਰਸ਼ਾਂ ਮਿਲਣ ਦੇ 15 ਦਿਨਾਂ ਦੇ ਅੰਦਰ ਸਵੀਕਾਰ ਕੀਤੀ ਜਾਣੀਆਂ ਹਨ ।

iv. ਮੰਜ਼ੂਰੀ ਪੱਤਰ ਦੀ ਇੱਕ ਨਕਲ ਬੀਮਾਸ਼ੁਦਾ ਵਿਅਕਤੀ ਦੁਆਰਾ ਬੀਮਾ ਕੰਪਨੀ ਨੂੰ ਭੇਜੀ ਜਾਣੀ ਚਾਹੀਦੀ ਹੈ ਅਤੇ ਉਸਦੀ ਲਿਖਤੀ ਪੁਸ਼ਟੀ ਦੀ ਮੰਗ ਅਜਿਹੀ ਮੰਜ਼ੂਰੀ ਪੱਤਰ ਪ੍ਰਾਪਤ ਕਰਣ ਦੇ 15 ਦਿਨ ਦੇ ਅੰਦਰ ਕੀਤੀ ਜਾਣੀ ਚਾਹੀਦੀ ਹੈ

c) ਫ਼ੈਸਲਾ

ਵਿਵਾਦ ਵਿਚੋਲਗੀ ਦੁਆਰਾ ਤੈਅ ਨਹੀਂ ਹੁੰਦਾ , ਤਾਂ ਲੋਕਪਾਲ ਬੀਮਾਸ਼ੁਦਾ ਲਈ ਇੱਕ ਫੈਸਲਾ ਕਰਣਗੇ ਜੋ ਉਹ ਸੋਚਦਾ ਹੈ ਉਚਿਤ ਹੈ, ਜੋ ਬੀਮਾਸ਼ੁਦਾ ਦੇ ਨੁਕਸਾਨ ਦੀ ਭਰਪਾਈ ਕਰਣ ਲਈ ਜਰੂਰੀ ਹੈ ਅਤੇ ਉਸਤੋਂ ਜਿਆਦਾ ਨਹੀਂ ਹੈ ।

ਲੋਕਪਾਲ ਦੁਆਰਾ ਫ਼ੈਸਲੇ ਉਤੇ ਹੇਠਲੇ ਨਿਯਮ ਲਾਗੂ ਹੁੰਦੇ ਹਨ:

i. ਮੁਆਵਜ਼ਾ 20 ਲੱਖ ਰੁਪਏ ਵਲੋਂ ਜਿਆਦਾ ਨਹੀਂ ਹੋਣਾ ਚਾਹੀਦਾ ਹੈ (ਇਖ਼ਤਿਆਰੀ ਭੁਗਤਾਨ ਅਤੇ ਹੋਰ ਖਰਚ ਸਹਿਤ)

ii. ਮੁਆਵਜ਼ਾ ਇੱਕ ਅਜਿਹੀ ਸ਼ਿਕਾਇਤ ਪ੍ਰਾਪਤ ਹੋਣ ਦੀ ਤਾਰੀਖ ਵਲੋਂ 3 ਮਹੀਨੇ ਦੀ ਮਿਆਦ ਦੇ ਅੰਦਰ ਕੀਤਾ ਜਾਣਾ ਚਾਹੀਦਾ ਹੈ , ਅਤੇ ਬੀਮਾਧਾਰਕ ਨੂੰ ਇੱਕ ਅੰਤਮ ਨਿਪਟਾਨ ਦੇ ਰੂਪ ਵਿੱਚ ਸਾਰਾ ਵਿੱਚ ਮੁਆਵਜ਼ਾ ਦੀ ਪ੍ਰਾਪਤੀ ਇਸ ਤਰ੍ਹਾਂ ਦੇ ਮੁਆਵਜ਼ਾ ਦੇ ਮਿਲਣ ਦੇ ਇੱਕ ਮਹੀਨੇ ਦੇ ਅੰਦਰ ਸਵੀਕਾਰ ਕਰਣਾ ਚਾਹੀਦਾ ਹੈ ।

iii. ਬੀਮਾ ਕੰਪਨੀ ਨੂੰ ਫੈਸਲੇ ਦਾ ਪਾਲਣ ਕਰਣਾ ਹੋਵੇਗਾ ਅਤੇ ਦਿਗਪਾਲ ਨੂੰ ਇੱਕ ਲਿਖਤੀ ਸੂਚਨਾ ਭੇਜਨਿ ਹੋਵੇਗੀ ਇਸ ਤਰ੍ਹਾਂ ਦੇ ਮੰਜ਼ੂਰੀ ਪੱਤਰ ਪ੍ਰਾਪਤ ਹੋਣ ਦੇ 15 ਦਿਨਾਂ ਦੇ ਅੰਦਰ ।

iv. ਬੀਮਾਸ਼ੁਦਾ ਅਜਿਹੇ ਇਨਾਮ ਦੀ ਮੰਜ਼ੂਰੀ ਲਿਖਤੀ ਰੂਪ ਵਿੱਚ ਸੂਚਤ ਨਹੀਂ ਕਰਦਾ ਹੈ , ਤਾਂ ਬੀਮਾ ਕੰਪਨੀ ਨੂੰ ਮੁਆਵਜਾ ਲਾਗੂ ਕਰਣ ਦੀ ਲੋੜ ਨਹੀਂ ।

ਖੁਦ ਜਾਂਚ ਕਰੋ 1

_____ ਕੋਲ ਸ਼ਿਕਾਇਤ ਉਤੇ ਵਿਚਾਰ ਕਰਨ ਲਈ ਅਧਿਕਾਰ ਖੇਤਰ ਹੈ, ਜਿੱਥੇ ਦਾਅਵਾ ਕੀਤਾ ਸਾਮਾਨ ਜਾਂ ਸੇਵਾ ਅਤੇ ਮੁਆਵਜ਼ਾ ਦੇ ਮੁੱਲ 20 ਲੱਖ ਤੱਕ ਦਾ ਹੈ ।

I. ਜ਼ਿਲ੍ਹਾ ਫੋਰਮ
II. ਰਾਜ ਕਮਿਸ਼ਨ
III. ਜ਼ਿਲਾ ਪਰਿਸ਼ਦ
IV. ਰਾਸ਼ਟਰੀ ਕਮਿਸ਼ਨ

ਸੰਖੇਪ

- ਇਰਡਾ ਨੇ ਇੱਕ ਏਕੀਕ੍ਰਿਤ ਸ਼ਿਕਾਇਤ ਪਰਬੰਧਨ ਪ੍ਰਣਾਲੀ (IGMS) ਦੀ ਸ਼ੁਰੂਆਤ ਕੀਤੀ ਹੈ ਜੋ ਬੀਮਾ ਸ਼ਿਕਾਇਤ ਅੰਕੜੇ ਦੇ ਇਕ ਕੇਂਦਰੀ ਭੰਡਾਰ ਅਤੇ ਉਦਯੋਗ ਵਿੱਚ ਸ਼ਿਕਾਇਤ ਛੁਟਕਾਰਾ ਦੀ ਨਿਗਰਾਨੀ ਲਈ ਇੱਕ ਯੰਤਰ ਦੇ ਰੂਪ ਵਿੱਚ ਕਾਰਜ ਕਰਦਾ ਹੈ ।

- ਖਪਤਕਾਰ ਵਿਵਾਦ ਨਿਵਾਰਣ ਅਦਾਰੇ ਹਰ ਜ਼ਿਲ੍ਹੇ ਅਤੇ ਰਾਜ ਅਤੇ ਰਾਸ਼ਟਰੀ ਪੱਧਰ ਉਤੇ ਸਥਾਪਤ ਕੀਤੇ ਗਏਹਨ ।

- ਜਿੱਥੇ ਤਕ ਬੀਮਾ ਕਾਰੋਬਾਰ ਦਾ ਸਬੰਧ ਹੈ, ਖਪਤਕਾਰ ਵਿਵਾਦ ਦੇ ਜਯਾਦਾਤਰ ਦਾਅਵੇ ਇਨ੍ਹਾਂ ਵਰਗਾਂ ਵਿੱਚ ਆਂਉਦੇ ਹਨ, ਦਾਅਵੇ ਦੇ ਨਿਪਟਾਰੇ ਵਿੱਚ ਦੇਰ, ਦਾਅਵੇ ਦਾ ਗੈਰ-ਨਿਪਟਾਰਾ, ਦਾਅਵੇ ਦਾ ਖੰਡਨ ਕਰਨਾ, ਨੁਕਸਾਨ ਦੀ ਮਾਤਰਾ, ਪਾਲਿਸੀ ਦੇ ਨਿਯਮ, ਸ਼ਰਤਾਂ ਆਦਿ ।

- ਲੋਕਪਾਲ ਬੀਮਾਧਾਰਕ ਅਤੇ ਬੀਮਾ ਕੰਪਨੀ ਦੇ ਵਿੱਚ, ਸੰਦਰਭ ਦੀਆਂ ਸ਼ਰਤਾਂ ਵਿੱਚ, ਬਿਚੌਲਿਏ ਦਾ ਕੰਮ ਕਰ ਸਕਦਾ ਹੈ, ਜੇਕਰ ਦੋਵੇਂ ਪੱਖ ਇਸਦੇ ਲਈ ਤਿਆਰ ਹੋਣ ।

ਵਿਵਾਦ ਵਿਚੋਲਗੀ ਦੁਆਰਾ ਤੈਅ ਨਹੀਂ ਹੁੰਦਾ , ਤਾਂ ਲੋਕਪਾਲ ਬੀਮਾਸ਼ੁਦਾ ਲਈ ਇੱਕ ਫੈਸਲਾ ਕਰਣਗੇ ਜੋ ਉਹ ਸੋਚਦਾ ਹੈ ਉਚਿਤ ਹੈ, ਜੋ ਬੀਮਾਸ਼ੁਦਾ ਦੇ ਨੁਕਸਾਨ ਦੀ ਭਰਪਾਈ ਕਰਣ ਲਈ ਜਰੂਰੀ ਹੈ ਅਤੇ ਉਸਤੋਂ ਜਿਆਦਾ ਨਹੀਂ ਹੈ ।

ਮੁਖ ਸ਼ਬਦ

1. ਇਨਟੈਗਰੇਟਿਡ ਗ੍ਰੀਵਾਂਸ ਮੈਨੇਜਮੈਂਟ ਸਿਸਟਮ (IGMS)
2. ਖਪਤਕਾਰ ਹਿਫਾਜ਼ਤ ਅਧਿਨਿਯਮ, 1986
3. ਜ਼ਿਲ੍ਹਾ ਫੋਰਮ
4. ਰਾਜ ਕਮਿਸ਼ਨ
5. ਰਾਸ਼ਟਰੀ ਕਮਿਸ਼ਨ
6. ਜ਼ਿਲ੍ਹਾ ਪਰਿਸ਼ਦ

ਆਪਣੀ ਪਰੀਖਿਆ ਲਓ ਦੇ ਜਵਾਬ

ਜਵਾਬ 1

ਸਹੀ ਚੋਣ I ਹੈ ।

ਜ਼ਿਲ੍ਹਾ ਫੋਰਮ ਕੋਲ ਸ਼ਿਕਾਇਤ ਉਤੇ ਵਿਚਾਰ ਕਰਨ ਲਈ ਅਧਿਕਾਰ ਖੇਤਰ ਹੈ, ਜਿੱਥੇ ਦਾਅਵਾ ਕੀਤਾ ਸਾਮਾਨ ਜਾਂ ਸੇਵਾ ਅਤੇ ਮੁਆਵਜ਼ਾ ਦੇ ਮੁੱਲ 20 ਲੱਖ ਤੱਕ ਦਾ ਹੈ ।

ਸਵੈ-ਪ੍ਰੀਖਿਆ ਸਵਾਲ

ਸਵਾਲ 1

ਸੰਖੇਪ ਸ਼ਬਦ IGMS ਦਾ ਵਿਸਥਾਰ ਕਰੋ ।

I. ਇੰਸ਼ਯੋਰੇਂਸ ਜਨਰਲ ਮੈਨੇਜਮੈਂਟ ਸਿਸਟਮ
II. ਇੰਡਿਅਨ ਜਨਰਲ ਮੈਨੇਜਮੈਂਟ ਸਿਸਟਮ
III. ਇਨਟੈਗਰੇਟਿਡ ਗ੍ਰੀਵਾਂਸ ਮੈਨੇਜਮੈਂਟ ਸਿਸਟਮ
IV. ਇੰਟੇਲਿਜੇਂਟ ਗ੍ਰੀਵਾਂਸ ਮੈਨੇਜਮੈਂਟ ਸਿਸਟਮ

ਸਵਾਲ 2

ਹੇਠਾਂ ਲਿਖਿਆ ਕਿਹੜਾ ਖਪਤਕਾਰ ਸ਼ਿਕਾਇਤ ਨਿਵਾਰਣ ਅਦਾਰਾ ਰੁ.20 ਲੱਖ ਵਲੋਂ ਰੁ.100 ਲੱਖ ਦੇ ਵਿੱਚ ਰਾਸ਼ੀ ਦੇ ਖਪਤਕਾਰ ਸਬੰਧੀ ਵਿਵਾਦਾਂ ਦਾ ਨਬੇੜਾ ਕਰੇਗਾ ?

I. ਜ਼ਿਲ੍ਹਾ ਫੋਰਮ

II. ਰਾਜ ਕਮਿਸ਼ਨ

III. ਰਾਸ਼ਟਰੀ ਕਮਿਸ਼ਨ

IV. ਜ਼ਿਲ੍ਹਾ ਪਰਿਸ਼ਦ

ਸਵਾਲ 3

ਹੇਠ ਲਿਖੇ ਵਿੱਚੋਂ ਕਿਹੜਾ ਇੱਕ ਨਿਯਮਕ ਖਪਤਕਾਰ ਸ਼ਿਕਾਇਤ ਲਈ ਆਧਾਰ ਨਹੀਂ ਬੰਣ ਸਕਦਾ ?

I. ਦੁਕਾਨਦਾਰ ਦਾ ਇੱਕ ਉਤਪਾਦ ਲਈ ਏਮਆਰਪੀ ਦੇ ਜਿਆਦਾ ਕੀਮਤ ਵਸੂਲਨਾ

II. ਦੁਕਾਨਦਾਰ ਦਾ ਇੱਕ ਵਰਗ ਵਿੱਚ ਸਭਤੋਂ ਅੱਛਾ ਉਤਪਾਦ ਉੱਤੇ ਗਾਹਕਾਂ ਨੂੰ ਸਲਾਹ ਨਹੀਂ ਦੇਣਾ

III. ਇੱਕ ਦਵਾਈ ਦੀ ਬੋਤਲ ਉੱਤੇ ਏਲਰਜੀ ਚਿਤਾਵਨੀ ਦਾ ਨਾ ਹੋਣਾ

IV. ਖਰਾਬ ਉਤਪਾਦ

ਸਵਾਲ 4

ਇੱਕ ਬੀਮਾ ਪਾਲਿਸੀ ਵਲੋਂ ਸਬੰਧਤ ਸ਼ਿਕਾਇਤ ਦਰਜ ਕਰਣ ਲਈ ਇੱਕ ਗਾਹਕ ਲਈ ਹੇਠ ਵਿੱਚੋਂ ਕਿਹੜੀ ਸਭਤੋਂ ਠੀਕ ਮੋਣ ਹੋਵੇਗੀ ?

I. ਪੁਲਿਸ

II. ਸੁਪ੍ਰੀਮ ਕੋਰਟ

III. ਬੀਮਾ ਲੋਕਪਾਲ

IV. ਜ਼ਿਲ੍ਹਾ ਅਦਾਲਤ

ਸਵਾਲ 5

ਹੇਠਾਂ ਦਿੱਤੇ ਗਏਬਿਆਨ ਵਲੋਂ ਕਿਹੜਾ ਬੀਮਾ ਦਿਗਪਾਲ ਦੇ ਅਧਿਕਾਰ ਖੇਤਰ ਦੇ ਸੰਬੰਧ ਵਿੱਚ ਠੀਕ ਹੈ ?

I. ਬੀਮਾ ਲੋਕਪਾਲ ਦਾ ਰਾਸ਼ਟਰੀ ਅਧਿਕਾਰ ਖੇਤਰ ਹੈ

II. ਬੀਮਾ ਲੋਕਪਾਲ ਦਾ ਰਾਜਕੀਏ ਅਧਿਕਾਰ ਖੇਤਰ ਹੈ

III. ਬੀਮਾ ਲੋਕਪਾਲ ਦਾ ਜਿਲਾ ਪੱਧਰ ਦਾ ਅਧਿਕਾਰ ਖੇਤਰ ਹੈ

IV. ਬੀਮਾ ਲੋਕਪਾਲ ਕੇਵਲ ਨਿਸ਼ਚਿਤ ਖੇਤਰੀ ਸੀਮਾਵਾਂ ਦੇ ਅੰਦਰ ਕੰਮ ਕਰਦਾ ਹੈ

ਸਵਾਲ 6

ਇੱਕ ਬੀਮਾ ਲੋਕਪਾਲ ਕੋਲ ਸ਼ਿਕਾਇਤ ਕਿਵੇਂ ਦਰਜ ਕੀਤੀ ਜਾ ਸਕਦੀ ਹੈ ?

I. ਸ਼ਿਕਾਇਤ ਲਿਖਤੀ ਰੂਪ ਵਿੱਚ ਕੀਤੀ ਜਾ ਸਕਦੀ ਹੈ
II. ਸ਼ਿਕਾਇਤ ਫੋਨ ਉੱਤੇ ਜ਼ਬਾਨੀ ਰੂਪ ਵਲੋਂ ਕੀਤੀ ਜਾ ਸਕਦੀ ਹੈ
III. ਸ਼ਿਕਾਇਤ ਆਮਨੇ ਸਾਹਮਣੇ ਜ਼ਬਾਨੀ ਰੂਪ ਵਲੋਂ ਕੀਤੀ ਜਾ ਸਕਦੀ ਹੈ
IV. ਸ਼ਿਕਾਇਤ ਅਖਬਾਰ ਦੇ ਇਸ਼ਤਿਹਾਰ ਦੇ ਮਾਧਿਅਮ ਵਲੋਂ ਕੀਤੀ ਜਾ ਸਕਦੀ ਹੈ

ਸਵਾਲ 7

ਬੀਮਾ ਦਿਗਪਾਲ ਦੇ ਕੋਲ ਜਾਣ ਲਈ ਸਮਾਂ ਸੀਮਾ ਕੀ ਹੈ ?

I. ਬੀਮਾ ਕੰਪਨੀ ਦੁਆਰਾ ਸ਼ਿਕਾਇਤ ਦੇ ਇਨਕਾਰ ਦੇ ਦੋ ਸਾਲਾਂ ਦੇ ਅੰਦਰ
II. ਬੀਮਾ ਕੰਪਨੀ ਦੁਆਰਾ ਸ਼ਿਕਾਇਤ ਦੇ ਇਨਕਾਰ ਦੇ ਤਿੰਨ ਸਾਲਾਂ ਦੇ ਅੰਦਰ
III. ਬੀਮਾ ਕੰਪਨੀ ਦੁਆਰਾ ਸ਼ਿਕਾਇਤ ਦੇ ਇਨਕਾਰ ਦੇ ਇੱਕ ਸਾਲਾਂ ਦੇ ਅੰਦਰ
IV. ਬੀਮਾ ਕੰਪਨੀ ਦੁਆਰਾ ਸ਼ਿਕਾਇਤ ਦੇ ਇਨਕਾਰ ਦੇ ਇੱਕ ਮਹੀਨੇ ਦੇ ਅੰਦਰ

ਸਵਾਲ 8

ਨਿੱਚੇ ਲਿਖੇ ਵਿੱਚੋਂ ਕਿਹੜਾ ਲੋਕਪਾਲ ਦੇ ਨਾਲ ਇੱਕ ਸ਼ਿਕਾਇਤ ਦਰਜ ਕਰਣ ਲਈ ਪਹਿਲਾਂ ਜਰੂਰੀ ਨਹੀਂ ਹੈ ?

I. ਸ਼ਿਕਾਇਤ ਇੱਕ ਵਿਅਕਤੀ ਦੁਆਰਾ ਇੱਕ ਕੀਤਾ ਨਿਜੀ ਵਰਗ ਬੀਮਾ ਉੱਤੇ ਜਾਣਾ ਚਾਹੀਦਾ ਹੈ
II. ਸ਼ਿਕਾਇਤਕਰਤਾ ਨੂੰ ਬੀਮਾ ਕੰਪਨੀ ਦੇ ਸ਼ਿਕਾਇਤ ਖਾਰਿਜ ਕਰਣ ਦੇ 1 ਸਾਲ ਦੇ ਅੰਦਰ ਪਹੁੰਚਨਾ ਚਾਹੀਦਾ ਹੈ
III. ਸ਼ਿਕਾਇਤਕਰਤਾ ਨੂੰ ਦਿਗਪਾਲ ਵਲੋਂ ਪਹਿਲਾਂ ਇੱਕ ਖਪਤਕਾਰ ਫੋਰਮ ਦੇ ਕੋਲ ਜਾਣ ਦੀ ਜ਼ਰੂਰਤ ਹੈ
IV. ਮੰਗੀ ਗਈ ਕੁਲ ਰਾਹਤ 20 ਲੱਖ ਰੁਪਏ ਦੀ ਰਾਸ਼ੀ ਦੇ ਅੰਦਰ ਹੋਣੀ ਚਾਹੀਦੀ ਹੈ ।

ਸਵਾਲ 9

ਕੀ ਲੋਕਪਾਲ ਦੇ ਨਾਲ ਸ਼ਿਕਾਇਤ ਦਰਜ ਕਰਾਉਣ ਲਈ ਕਿਸੇ ਵੀ ਸ਼ੁਲਕ / ਚਾਰਜ ਦੇ ਭੁਗਤਾਨੇ ਕਰਣ ਦੀ ਲੋੜ ਹੈ ?

I. 100 ਰੁਪਏ ਦੇ ਇੱਕ ਸ਼ੁਲਕ ਦਾ ਭੁਗਤਾਨੇ ਕਰਣ ਦੀ ਲੋੜ ਹੈ
II. ਕੋਈ ਸ਼ੁਲਕ ਜਾਂ ਸ਼ੁਲਕ ਭੁਗਤਾਨੇ ਕਰਣ ਦੀ ਲੋੜ ਨਹੀਂ ਹੈ
III. ਰਾਹਤ ਦੀ ਮੰਗ ਦਾ 20 % ਦਾ ਸ਼ੁਲਕ ਦੇ ਰੂਪ ਵਿੱਚ ਭੁਗਤਾਨੇ ਕੀਤਾ ਜਾਣਾ ਚਾਹੀਦਾ ਹੈ
IV. ਰਾਹਤ ਦੀ ਮੰਗ ਦਾ 10 % ਸ਼ੁਲਕ ਦੇ ਰੂਪ ਵਿੱਚ ਭੁਗਤਾਨੇ ਕੀਤਾ ਜਾਣਾ ਚਾਹੀਦਾ ਹੈ

ਸਵਾਲ 10

ਕੀ ਇੱਕ ਨਿਜੀ ਬੀਮਾ ਕੰਪਨੀ ਦੇ ਖਿਲਾਫ ਸ਼ਿਕਾਇਤ ਦਰਜ ਕੀਤੀ ਜਾ ਸਕਦੀ ਹੈ ?

I. ਸ਼ਿਕਾਇਤੇਂ ਕੇਵਲ ਸਾਰਵਜਨਿਕ ਬੀਮਾ ਕੰਪਨੀਆਂ ਦੇ ਖਿਲਾਫ ਦਰਜ ਕੀਤੀ ਜਾ ਸਕਦੀਆਂ ਹਨ ਹਾਂ
II. ਸ਼ਿਕਾਇਤ ਨਿਜੀ ਬੀਮਾ ਕੰਪਨੀਆਂ ਦੇ ਖਿਲਾਫ ਦਰਜ ਕੀਤੀ ਜਾ ਸਕਦਾ ਹੈ
III. ਸ਼ਿਕਾਇਤ ਕੇਵਲ ਜੀਵਨ ਖੇਤਰ ਵਿੱਚ ਨਿਜੀ ਬੀਮਾ ਕੰਪਨੀਆਂ ਦੇ ਖਿਲਾਫ ਦਰਜ ਕੀਤੀ ਜਾ ਸਕਦਾ ਹੈ
IV. ਸ਼ਿਕਾਇਤ ਕੇਵਲ ਗੈਰ ਜੀਵਨ ਖੇਤਰ ਵਿੱਚ ਨਿਜੀ ਬੀਮਾ ਕੰਪਨੀਆਂ ਦੇ ਖਿਲਾਫ ਦਰਜ ਕੀਤੀ ਜਾ ਸਕਦੀ ਹੈ

ਸਵੈ-ਪ੍ਰੀਖਿਆ ਸਵਾਲਾਂ ਦੇ ਜਵਾਬ

ਜਵਾਬ 1

ਸਹੀ ਚੋਣ III ਹੈ ।

IGMS ਹੈ ਇਨਟੈਗਰੇਟਿਡ ਗ੍ਰੀਵਾਂਸ ਮੈਨੇਜਮੈਂਟ ਸਿਸਟਮ ।

ਜਵਾਬ 2

ਸਹੀ ਚੋਣ II ਹੈ ।

ਰਾਜ ਕਮਿਸ਼ਨ ਨੇ ਰੁਪਏ 20 ਲੱਖ ਅਤੇ. ਨੂੰ ਰੁਪਏ 100 ਲੱਖ ਦੇ ਵਿਚਕਾਰ ਦੇ ਖਪਤਕਾਰ ਵਿਵਾਦ ਨੂੰ ਸੰਭਾਲੇਗਾ.

ਜਵਾਬ 3

ਸਹੀ ਚੋਣ II ਹੈ ।

ਦੁਕਾਨਦਾਰ ਦਾ ਇੱਕ ਵਰਗ ਵਿੱਚ ਸਭਤੋਂ ਚੰਗੇ ਉਤਪਾਦ ਉੱਤੇ ਗਾਹਕ ਨੂੰ ਸਲਾਹ ਨਹੀਂ ਦੇਣਾ ਇੱਕ ਜਾਇਜ਼ ਖਪਤਕਾਰ ਸ਼ਿਕਾਇਤ ਦਾ ਆਧਾਰ ਨਹੀਂ ਬੰਨ ਸਕਦਾ ਹੈ ।

ਜਵਾਬ 4

ਸਹੀ ਚੋਣ III ਹੈ ।

ਸ਼ਿਕਾਇਤ ਉਸ ਬੀਮਾ ਲੋਕਪਾਲ ਦੇ ਨਾਲ ਦਰਜ ਕਰਾਈ ਜਾਣੀ ਹੈ ਜਿਸਦੇ ਅਧਿਕਾਰ ਖੇਤਰ ਦੇ ਤਹਿਤ ਬੀਮਾ ਕੰਪਨੀ ਦਾ ਦਫ਼ਤਰ ਆਉਂਦਾ ਹੈ ।

ਜਵਾਬ 5

ਸਹੀ ਚੋਣ IV ਹੈ ।.

ਬੀਮਾ ਲੋਕਪਾਲ ਕੇਵਲ ਨਿਸ਼ਚਿਤ ਖੇਤਰੀ ਸੀਮਾਵਾਂ ਦੇ ਅੰਦਰ ਕੰਮ ਕਰਦਾ ਹੈ ।

ਜਵਾਬ 6

ਸਹੀ ਚੋਣ I ਹੈ ।

ਲੋਕਪਾਲ ਨੂੰ ਕੀਤੀ ਗਈ ਕੋਈ ਵੀ ਸ਼ਿਕਾਇਤ ਲਿਖਤੀ ਵਿੱਚ ਹੋਣੀ ਚਾਹਿਦੀ ਹੈ

ਜਵਾਬ 7

ਸਹੀ ਚੋਣ III ਹੈ ।

ਲੋਕਪਾਲ ਨੂੰ ਸ਼ਿਕਾਇਤ ਬੀਮਾ ਕੰਪਨੀ ਦੁਆਰਾ ਦਾਵੇ ਨੂੰ ਨਕਾਰਣ ਦੇ ਇੱਕ ਸਾਲ ਦੇ ਅੰਦਰ ਕੀਤੀ ਜਾਣੀ ਚਾਹਿਦੀ ਹੈ ।

ਜਵਾਬ 8

ਸਹੀ ਚੋਣ III ਹੈ ।

ਸ਼ਿਕਾਇਤ ਕਰਤਾ ਨੂੰ ਲੋਕਪਾਲ ਤੋਂ ਪਹਿਲਾਂ ਕਿਸੇ ਖਪਤਕਾਰ ਫੋਰਮ ਦੇ ਕੋਲ ਜਾਣ ਦੀ ਲੋੜ ਨਹੀਂ ਹੈ ।

ਜਵਾਬ 9

ਸਹੀ ਚੋਣ II ਹੈ ।

ਲੋਕਪਾਲ ਦੇ ਨਾਲ ਸ਼ਿਕਾਇਤ ਦਾਇਰ ਕਰਨ ਲਈ ਕੋਈ ਫੀਸ / ਖਰਚੇ ਭੁਗਤਾਨ ਕਰਨ ਦੀ ਲੋੜ ਨਹੀਂ ਹੈ ।

ਜਵਾਬ 10

ਸਹੀ ਚੋਣ II ਹੈ ।

ਹਾਂ, ਨਿਜੀ ਬੀਮਾ ਕੰਪਨੀ ਦੇ ਖਿਲਾਫ ਸ਼ਿਕਾਇਤ ਦਰਜ ਕੀਤੀ ਜਾ ਸਕਦੀ ਹੈ ।

ਪਾਠ 4

ਕਾਰਪੋਰੇਟ ਏਜੰਟ ਦੇ ਰੈਗੂਲੇਟਰੀ ਪਹਿਲੂ

ਬੀਮਾ ਏਜੰਟ

ਬੀਮਾ ਏਜੰਟਾਂ ਦੀ ਨਿਯੁਕਤੀ ਦੇ ਨਿਯਮ 1 ਅਪਰੈਲ 2016 ਤੋਂ ਲਾਗੂ ਹੋਏ ਹਨ।

ਅੱਗੇ ਦਿੱਤੀਆਂ ਪਰਿਭਾਸ਼ਾਵਾਂ ਢੁੱਕਵੀਆਂ ਹਨ।

1. ਪਰਿਭਾਸ਼ਾ:

1) **"ਐਕਟ" ਦਾ ਭਾਵ ਬੀਮਾ ਐਕਟ (ਕਾਨੂੰਨ), 1938 (1938 ਦਾ 4) ਤੋਂ ਹੈ, ਜਿਸ ਨੂੰ ਸਮੇਂ ਸਮੇਂ ਉੱਤੇ ਸੋਧਿਆ ਗਿਆ ਹੈ।**
2) **"ਨਿਯੁਕਤੀ ਪੱਤਰ" ਦਾ ਭਾਵ ਬੀਮਾਕਰਤਾ ਵਲੋਂ ਵਿਅਕਤੀ ਨੂੰ ਬੀਮਾ ਏਜੰਟ ਦੇ ਵਜੋਂ ਕੰਮ ਕਰਨ ਲਈ ਦਿੱਤਾ ਗਿਆ ਨਿਯੁਕਤੀ ਪੱਤਰ ਹੈ।**
3) **"ਅਪੀਲ ਅਧਿਕਾਰੀ" ਦਾ ਭਾਵ ਅਧਿਕਾਰੀ ਤੋਂ ਹੈ, ਜਿਸ ਨੂੰ ਬੀਮਾਕਰਤਾ ਵਲੋਂ ਬੀਮਾ ਏਜੰਟਾਂ ਤੋਂ ਪ੍ਰਤੀਨਿਧਤਾ ਅਤੇ ਅਪੀਲ ਉੱਤੇ ਵਿਚਾਰ ਕਰਨ ਅਤੇ ਨਿਪਟਾਉਣ ਲਈ ਪਰਮਾਣਿਤ ਕੀਤਾ ਹੁੰਦਾ ਹੈ।**
4) **"ਬੀਮਾ ਏਜੰਟ" ਦਾ ਭਾਵ ਬੀਮਾਕਰਤਾ ਵਲੋਂ ਨਿਯੁਕਤ ਵਿਅਕਤੀ ਤੋਂ ਹੈ, ਜਿਸ ਦਾ ਕੰਮ ਬੀਮਾ ਕਾਰੋਬਾਰ ਦੀ ਵਿਕਰੀ ਜਾਂ ਵੇਚਣਾ ਹੈ, ਜਿਸ ਵਿੱਚ ਬੀਮਾ ਪਾਲਸੀਆਂ ਦੀ ਨਿਰੰਤਰਤਾ, ਨਵਿਆਉਣਾ ਜਾਂ ਮੁੜ-ਪ੍ਰਾਪਤੀ ਸ਼ਾਮਲ ਹੈ।**
5) **"ਅਥਾਰਟੀ" ਦਾ ਮਤਲਬ, ਭਾਰਤੀ ਬੀਮਾ ਰੈਗੂਲੇਟਰੀ ਅਤੇ ਡਿਵੈਲਪਮੈਂਟ ਅਥਾਰਟੀ ਕਾਨੂੰਨ, 1999(1999 ਦਾ 4) ਦੇ ਸੈਕਸ਼ਨ 3 ਦੇ ਨਿਯਮਾਂ ਦੇ ਅਧੀਨ ਬਣਾਈ ਗਈ ਬੀਮਾ ਰੈਗੂਲੇਟਰੀ ਅਤੇ ਡਿਵੈਲਪਮੈਂਟ ਅਥਾਰਟੀ ਤੋਂ ਹੈ।**
6) **"ਸੰਯੁਕਤ ਬੀਮਾ ਏਜੰਟ" ਦਾ ਭੀਮਾ ਅਜਿਹੇ ਵਿਅਕਤੀ ਤੋਂ ਹੈ, ਜਿਸ ਨੂੰ ਦੋ ਜਾਂ ਵੱਧ ਬੀਮਾਕਰਤਾਵਾਂ ਵਲੋਂ ਬੀਮਾ ਏਜੰਟ ਨਿਯੁਕਤ ਕੀਤਾ ਹੁੰਦਾ ਹੈ, ਜਿਸ ਲਈ ਸ਼ਰਤ ਹੁੰਦੀ ਹੈ ਕਿ ਉਸ ਨੂੰ ਇੱਕ ਤੋਂ ਵੱਧ ਜੀਵਨ ਬੀਮਾਕਰਤਾ, ਆਮ ਬੀਮਾਕਰਤਾ, ਸਿਹਤ ਬੀਮਾਕਰਤਾ ਅਤੇ ਇੱਕੋ ਕਿਸਮ ਦੇ ਬੀਮਾਕਰਤਾ ਵਿੱਚੋਂ ਹਰ ਇੱਕ ਲਈ ਕੰਮ ਨਹੀਂ ਕਰਨਾ ਚਾਹੀਦਾ ਹੈ।**

7) **"ਏਜੰਟਾਂ ਦੀ ਕੇਂਦਰੀ ਸੂਚੀ" ਦਾ ਭਾਵ ਅਥਾਰਟੀ ਵਲੋਂ ਤਿਆਰ ਕੀਤੀ ਏਜੰਟਾਂ ਦੀ ਸੂਚੀ ਤੋਂ ਹੈ, ਜਿਸ ਵਿੱਚ ਸਾਰੇ ਬੀਮਾਕਰਤਾ ਵਲੋਂ ਨਿਯੁਕਤ ਕੀਤੇ ਏਜੰਟਾਂ ਦੇ ਵੇਰਵੇ ਹੁੰਦੇ ਹਨ।**

8) **"ਪਾਬੰਦੀ ਲਗਾਏ ਏਜੰਟਾਂ ਦੀ ਕੇਂਦਰੀ ਸੂਚੀ" ਦਾ ਭਾਵ ਅਥਾਰਟਈ ਵਲੋਂ ਤਿਆਰ ਕੀਤੀ ਏਜੰਟਾਂ ਦੀ ਸੂਚੀ ਹੁੰਦੀ ਹੈ, ਜਿਹਨਾਂ ਦੀ ਨਿਯੁਕਤੀ ਨੂੰ ਬੀਮਾਕਰਤਾ ਦੇ ਨਿਯੁਕਤ ਅਧਿਕਾਰੀ ਵਲੋਂ ਨੈਤਿਕ ਕੋਡ ਦੀ ਉਲੰਘਣ ਅਤੇ / ਜਾਂ ਠੱਗੀ ਮਾਰਨ ਕਰਕੇ ਰੱਦ / ਮੁਅੱਤਲ ਕੀਤੀ ਗਈ ਹੁੰਦੀ ਹੈ।**

9) **"ਨਿਯੁਕਤ ਅਧਿਕਾਰੀ" ਦਾ ਭਾਵ ਬੀਮਾਕਰਤਾ ਤੋਂ ਪ੍ਰਮਾਣਿਤ ਅਧਿਕਾਰੀ ਤੋਂ ਹੈ, ਜੋ ਕਿ ਵਿਅਕਤੀ ਦੀ ਬੀਮਾ ਏਜੰਟ ਵਜੋਂ ਨਿਯੁਕਤ ਕਰਦਾ ਹੈ।**

10) **"ਪਰੀਖਿਆ ਸੰਸਥਾ" ਦਾ ਭਾਵ ਸੰਸਥਾ ਤੋਂ ਹੈ, ਜੋ ਕਿ ਬੀਮਾ ਏਜੰਟਾਂ ਲਈ ਭਰਤੀ ਤੋਂ ਪਹਿਲਾਂ ਟੈਸਟ ਲੈਂਦੀ ਹੈ ਅਤੇ ਅਥਾਰਟੀ ਵਲੋਂ ਮਾਨਤਾ ਪ੍ਰਾਪਤ ਹੁੰਦੀ ਹੈ।**

11) **"ਇੱਕ ਕਿਸਮ ਦੇ ਬੀਮਾਕਰਤਾ" ਇਹਨਾਂ ਨਿਯਮਾਂ ਦੇ ਮਕਸਦ ਲਈ ਦਾ ਭਾਵ ਬੀਮਾਕਰਤਾ ਨੂੰ ਬੀਮਾ ਐਕਟ, 1938 ਦੇ ਸੈਕਸ਼ਨ 2(9) ਅਧੀਨ ਪ੍ਰਭਾਵਿਤ ਕਰਨਾ ਅਤੇ ਕਾਰੋਬਾਰ ਦੀ ਖਾਸ ਕਿਸਮ ਨੂੰ ਚਲਾਉਣ ਤੋਂ ਹੈ, ਜਿਵੇਂ ਕਿ ਖੇਤੀਬਾੜੀ ਬੀਮਾ, ਨਿਰਯਾਤ ਕਰੈਡਿਟ ਗਾਰੰਟੀ ਕਾਰੋਬਾਰ।**

12) **"ਬਹੁ-ਪੱਖੀ ਮਾਰਕੀਟਿੰਗ ਸਕੀਮ" ਦਾ ਭਾਵ ਕਿਸ ਵੀ ਸਕੀਮ ਤੋਂ ਹੈ, ਜਿਸ ਨੂੰ ਐਕਟ ਦੇ ਸੈਕਸ਼ਨ 42ਏ ਰਾਹੀਂ ਪਰਿਭਾਸ਼ਿਤ ਕੀਤਾ ਜਾਂਦਾ ਹੈ।**

2. ਬੀਮਾਕਰਤਾ ਵਲੋਂ ਬੀਮਾ ਏਜੰਟ ਨੂੰ ਨਿਯੁਕਤ ਕਰਨਾ:

1) **ਬੀਮਾਕਰਤਾ ਦੇ ਬੀਮਾ ਏਜੰਟ ਵਲੋਂ ਨਿਯੁਕਤ ਹੋਣਾ ਚਾਹੁੰਦੇ ਐਪਲੀਕੇਸ਼ਨ ਦੇਣ ਵਾਲੇ ਨੂੰ ਬੀਮਾਕਰਤਾ ਦੇ ਨਿਯਤ ਅਧਿਕਾਰੀ ਕੋਲ ਫਾਰਮ I-A ਵਿੱਚ ਐਪਲੀਕੇਸ਼ਨ ਦੇਣੀ ਹੋਵੇਗੀ।**

2) **ਐਪਲੀਕੇਸ਼ਨ ਪ੍ਰਾਪਤ ਕਰਨ ਉੱਤੇ ਬੀਮਾਕਰਤਾ ਦਾ ਨਿਯਤ ਅਧਿਕਾਰੀ ਨੂੰ ਖੁਦ ਨੂੰ ਸੰਤੁਸ਼ਤ ਕਰਨਾ ਹੋਵੇਗਾ ਕਿ ਐਪਲੀਕੇਸ਼ਨ ਦੇਣ ਵਾਲੇ ਨੇ:-**

a) ਸਭ ਤਰ੍ਹਾਂ ਨਾਲ ਫਾਰਮ I-A ਵਿੱਚ ਏਜੰਸੀ ਐਪਲੀਕੇਸ਼ਨ ਨੂੰ ਪੂਰਾ ਕੀਤਾ ਹੈ;

b) ਏਜੰਸੀ ਐਪਲੀਕੇਸ਼ਨ ਫਾਰਮ ਨਾਲ ਪੈਨ (PAN) ਵੇਰਵਾ ਦੇ ਦਿੱਤਾ ਹੈ;

c) ਨਿਯਮ 6 ਤਹਿਤ ਬੀਮਾ ਪ੍ਰੀਖਿਆ ਨੂੰ ਪਾਸ ਕਰ ਲਿਆ ਹੈ;

d) ਨਿਯਮ 7 ਵਿੱਚ ਦਿੱਤੀਆਂ ਅਯੋਗਤਾਵਾਂ ਵਿੱਚੋਂ ਕਿਸੇ ਨਾਲ ਸੰਬੰਧਿਤ ਨਹੀਂ ਹੈ;

e) ਕੋਲ ਬੀਮਾ ਕਾਰੋਬਾਰ ਕਰਨ ਲਈ ਲੋੜੀਂਦੀ ਜਾਣਕਾਰੀ ਹੈ ਅਤੇ ਪਾਲਸੀਧਾਰਕ ਨੂੰ ਲੋੜੀਂਦੀ ਸੇਵਾ ਦੇਣ ਦੇ ਸਮਰੱਥ ਹੈ;

3) **ਨਿਯਤ ਅਧਿਕਾਰੀ ਨੂੰ ਏਜੰਸੀ ਐਪਲੀਕੇਸ਼ਨ ਨੂੰ ਪੂਰੀ ਮਿਹਨਤ ਨਾਲ ਜਾਂਚਣਾ ਚਾਹੀਦਾ ਹੈ ਅਤੇ ਪਤਾ ਕਰਨਾ ਚਾਹੀਦਾ ਹੈ ਕਿ ਐਪਲੀਕੇਸ਼ਨ ਦੇਣ ਵਾਲੇ ਕੋਲ ਇੱਕ ਜੀਵਨ ਬੀਮਾਕਰਤਾ, ਇੱਕ ਆਮ ਬੀਮਾਕਰਤਾ, ਇੱਕ ਸਿਹਤ ਬੀਮਾਕਰਤਾ ਅਤੇ ਇੱਕ-ਪੱਖੀ ਬੀਮਾਕਰਤਾ ਵਿੱਚੋਂ ਹਰੇਕ ਲਈ ਇੱਕ ਤੋਂ ਵੱਧ ਦੀ ਨਿਯੁਕਤੀ ਨਹੀਂ ਹੈ ਅਤੇ ਉਹ ਏਜੰਟਾਂ ਦੀ ਤਿਆਰ ਕੀਤੀ ਕੇਂਦਰੀ ਕਾਲੀ-ਸੂਚੀ ਵਿੱਚ ਨਹੀਂ ਹੈ।**

4) **ਨਿਯਤ ਅਧਿਕਾਰੀ ਨੂੰ ਇਹ ਵੀ ਜਾਂਚ ਕਰਨੀ ਚਾਹੀਦੀ ਹੈ**
   a) ਉੱਤੇ ਦਿੱਤੀ ਜਾਣਕਾਰੀ ਦੇ ਮੁਤਾਬਕ ਐਪਲੀਕੇਸ਼ਨ ਦੇਣ ਵਾਲੇ ਦੇ PAN ਨੰਬਰ ਨਾਲ ਅਥਾਰਟੀ ਵਲੋਂ ਬਣਾਈ ਹੋਈ ਏਜੰਟਾਂ ਦੀ ਕੇਂਦਰੀ ਸੂਚੀ ਵਿੱਚੋਂ ਪਤਾ ਲਗਾਉਣਾ ਚਾਹੀਦਾ ਹੈ।
   b) ਅਥਾਰਟੀ ਵਲੋਂ ਬਣਾਈ ਏਜੰਟਾਂ ਦੀ ਕੇਂਦਰੀ ਕਾਲੀ ਸੂਚੀ ਨੂੰ ਪਤਾ ਲਗਾਉਣ ਲਈ ਵਰਤਿਆ ਜਾਂਦਾ ਹੈ ਕਿ ਐਪਲੀਕੇਸ਼ਨ ਦੇਣ ਵਾਲਾ ਸੂਚੀ ਵਿੱਚ ਨਹੀਂ ਹੈ।

5) **ਨਿਯਤ ਅਧਿਕਾਰੀ ਨੂੰ ਖੁਦ ਨੂੰ ਸੰਤੁਸ਼ਟ ਕਰਨਾ ਚਾਹੀਦਾ ਹੈ ਕਿ ਐਪਲੀਕੇਸ਼ਨ ਦੇਣ ਵਾਲੇ ਨੇ ਉੱਤੇ ਦਿੱਤੇ ਨਿਯਮ ਵਿਚਲੀਆਂ ਸਾਰੀਆਂ ਸ਼ਰਤਾਂ ਨੂੰ ਪੂਰਾ ਕੀਤਾ ਹੈ ਅਤੇ ਐਕਟ ਦੇ ਸੈਕਸ਼ਨ 42 ਦੇ ਅਧੀਨ-ਸੈਕਸ਼ਨ (3) ਵਿੱਚ ਦਿੱਤੀਆਂ ਅਯੋਗਤਾਵਾਂ ਵਿੱਚੋਂ ਕਿਸੇ ਨਾਲ ਪ੍ਰਭਾਵਿਤ ਨਹੀਂ ਹੈ, ਉਹ ਏਜੰਸੀ ਐਪਲੀਕੇਸ਼ਨ ਉੱਤੇ ਕਾਰਵਾਈ ਕਰ ਸਕਦਾ ਹੈ ਅਤੇ ਐਪਲੀਕੇਸ਼ਨ ਦੇਣ ਵਾਲੇ ਨੂੰ ਉਸ ਵਲੋਂ ਦਸਤਾਵੇਜ਼ ਜ਼ਮ੍ਹਾਂ ਕਰਵਾਉਣ ਦੇ 15 ਦਿਨਾਂ ਵਿੱਚ ਬੀਮਾ ਏਜੰਟ ਵਜੋਂ ਨਿਯੁਕਤੀ ਪੱਤਰ ਦੇ ਕੇ ਨਿਯੁਕਤੀ ਦੀ ਇਜਾਜ਼ਤ ਦੇ ਸਕਦਾ ਹੈ। ਨਿਯਤ ਅਧਿਕਾਰੀ ਨੂੰ ਨਿਯੁਕਤ ਕੀਤੇ ਏਜੰਟ ਨੂੰ ਏਜੰਸੀ ਕੋਡ ਨੰਬਰ ਦੇਣਾ ਹੋਵੇਗਾ ਅਤੇ ਏਜੰਸੀ ਕੋਡ ਨੰਬਰ ਨੂੰ ਬੀਮਾਕਰਤਾ ਦੇ ਨਾਂ ਦੇ ਸੰਖੇਪ ਰੂਪ ਦੇ ਅਗੇਤਰ ਨਾਲ ਜਾਰੀ ਕੀਤਾ ਜਾਵੇਗਾ।**

6) **ਉੱਤੇ ਦਿੱਤੇ ਮੁਤਾਬਕ ਜਾਰੀ ਕੀਤੇ ਏਜੰਸੀ ਨਿਯੁਕਤੀ ਪੱਤਰ ਵਿੱਚ ਬੀਮਾ ਏਜੰਟ ਦੇ ਵਜੋਂ ਐਪਲੀਕੇਸ਼ਨ ਦੇਣ ਵਾਲੇ ਦੀ ਨਿਯੁਕਤੀ ਉੱਤੇ ਲਾਗੂ ਹੋਣ ਵਾਲੀਆਂ ਸ਼ਰਤਾਂ ਤੇ ਕੰਮ ਵਾਲੀਆਂ ਸਾਰੇ ਨਿਯੁਕਤੀ ਨਿਯਮ ਅਤੇ ਹੇਠ ਦਿੱਤੇ ਨਿਯਮ ਵਿੱਚ ਦਿੱਤੇ ਸਦਾਚਾਰ ਨਿਯਮਾਂਵਲੀ ਬਾਰੇ ਜਾਣਕਾਰੀ ਦਿੱਤੀ ਹੋਣੀ ਚਾਹੀਦੀ ਹੈ। ਨਿਯੁਕਤੀ ਪੱਤਰ ਨੂੰ ਏਜੰਟ ਦੀ ਨਿਯੁਕਤ ਹੋਣ ਦੇ 7 ਦਿਨਾਂ ਦੇ ਵਿੱਚ-ਵਿੱਚ ਭੇਜਿਆ ਜਾਣਾ ਚਾਹੀਦਾ ਹੈ ਜਿਵੇਂ ਕਿ ਉੱਤੇ ਦਿੱਤਾ ਹੈ।**

7) **ਇੰਝ ਬੀਮਾ ਏਜੰਟ ਵਜੋਂ ਨਿਯੁਕਤ ਕੀਤੇ ਐਪਲੀਕੇਸ਼ਨ ਦੇਣ ਵਾਲੇ ਨੂੰ ਬੀਮਾਕਰਤਾ ਵਲੋਂ ਪਛਾਣ ਪੱਤਰ ਦਿੱਤਾ ਜਾਵੇਗਾ, ਜੋ ਕਿ ਏਜੰਟ ਬੀਮਾਕਰਤਾ ਨਾਲ ਆਪਣੀ ਪਛਾਣ ਦੇ ਸਕਦੇ, ਜਿਸ ਲਈ ਉਹ ਏਜੰਟ ਵਜੋਂ ਕੰਮ ਕਰਦਾ ਹੈ।**

8) ਨਿਯਤ ਅਧਿਕਾਰੀ ਕਿਸੇ ਵੀ ਐਪਲੀਕੇਸ਼ਨ ਦੇਣ ਵਾਲੇ ਨੂੰ ਏਜੰਸੀ ਨਿਯੁਕਤੀ ਦੇਣ ਤੋਂ ਇਨਕਾਰ ਕਰ ਸਕਦਾ ਹੈ ਜੇ ਐਪਲੀਕੇਸ਼ਨ ਦੇਣ ਵਾਲੇ ਇਹਨਾਂ ਨਿਯਮਾਂ ਵਿੱਚ ਦਿੱਤੀਆਂ ਸ਼ਰਤਾਂ ਵਿੱਚੋਂ ਕਿਸੇ ਨੂੰ ਠੀਕ ਤਰ੍ਹਾਂ ਪੂਰਾ ਨਾ ਕੀਤਾ ਹੋਵੇ। ਨਿਯਤ ਅਧਿਕਾਰੀ ਨੂੰ ਏਜੰਟ ਵਜੋਂ ਨਿਯੁਕਤ ਤੋਂ ਇਨਕਾਰ ਕਰਨ ਦੇ ਕਾਰਨਾਂ ਨੂੰ ਅਰਜ਼ੀ ਦੇਣ ਵਾਲੇ ਵਲੋਂ ਮਿਲਣ ਦੇ 21 ਦਿਨਾਂ ਵਿੱਚ ਲਿਖਤੀ ਰੂਪ ਵਿੱਚ ਦੇਣੇ ਜ਼ਰੂਰੀ ਹਨ।

9) ਐਪਲੀਕੇਸ਼ਨ, ਜੋ ਕਿ ਨਿਯਤ ਅਧਿਕਾਰੀ ਦੇ ਏਜੰਸੀ ਨਿਯੁਕਤੀ ਤੋਂ ਇਨਕਾਰ ਕਰਨ ਦੇ ਫੈਸਲੇ ਨਾਲ ਅਸਹਿਮਤ ਹੋਵੇ, ਫੈਸਲੇ ਦੀ ਪੜਤਾਲ ਲਈ ਬੀਮਾਕਰਤੇ ਦੇ ਨਿਯੁਕਤ ਕੀਤੇ ਅਪੀਲ ਅਧਿਕਾਰੀ ਕੋਲ ਪੜਤਾਲ ਐਪਲੀਕੇਸ਼ਨ ਦੇ ਸਕਦਾ ਹੈ। ਬੀਮਾਕਰਤਾ ਨੂੰ ਐਪਲੀਕੇਸ਼ਨ ਦੇਣ ਵਾਲੇ ਦੀ ਐਪਲੀਕੇਸ਼ਨ ਦੀ ਪੜਤਾਲ ਕਰਨ ਲਈ ਅਪੀਲ ਅਧਿਕਾਰ ਵਜੋਂ ਕਰਨਾ ਚਾਹੀਦਾ ਹੈ। ਅਪੀਲ ਅਧਿਕਾਰੀ ਨੂੰ ਐਪਲੀਕੇਸ਼ਨ ਉੱਤੇ ਵਿਚਾਰ ਕਰਨਾ ਚਾਹੀਦਾ ਹੈ ਅਤੇ ਆਖਰੀ ਫੈਸਲਾ ਪੜਤਾਲ ਐਪਲੀਕੇਸ਼ਨ ਪ੍ਰਾਪਤ ਹੋਣ ਦੇ 15 ਦਿਨਾਂ ਵਿੱਚ ਲਿਖਤੀ ਰੂਪ ਵਿੱਚ ਦੇਣਾ ਚਾਹੀਦਾ ਹੈ।

3. ਬੀਮਾਕਰਤਾ ਵਲੋਂ ਸਾਂਝਾ ਬੀਮਾ ਏਜੰਟ ਨੂੰ ਨਿਯੁਕਤ ਕਰਨਾ:

1) 'ਸਾਂਝੇ ਬੀਮਾ ਏਜੰਟ' ਵਜੋਂ ਨਿਯੁਕਤ ਕਰਵਾਉਣ ਦੇ ਚਾਹਵਾਨ ਐਪਲੀਕੇਸ਼ਨ ਦੇਣ ਵਾਲੇ ਨੂੰ ਸੰਬੰਧਿਤ ਜੀਵਨ, ਆਮ, ਸਿਹਤ ਬੀਮਾਕਰਤਾ ਜਾਂ ਇੱਕ ਕਿਸਮ ਦੇ ਬੀਮਾਕਰਤਾ ਦੇ ਨਿਯਤ ਅਧਿਕਾਰੀਆਂ ਕੋਲ ਵੱਖ-ਵੱਖ ਐਪਲੀਕੇਸ਼ਨ ਦੇਣੀਆਂ ਹੋਣਗੀਆਂ, ਜਿਵੇਂ ਕਿ 'ਸਾਂਝੀ ਏਜੰਸੀ ਐਪਲੀਕੇਸ਼ਨ ਫਾਰਮ I-B ਵਿੱਚ ਹੋ ਸਕਦਾ ਹੈ। ਸੰਬੰਧਿਤ ਬੀਮਾਕਰਤਾ ਦੇ ਨਿਯਤ ਅਧਿਕਾਰੀ ਉੱਤੇ ਦਿੱਤੇ ਤਹਿ ਕੀਤੇ ਢੰਗਾਂ ਤੇ ਅਮਲਾਂ ਮੁਤਾਬਕ ਐਪਲੀਕੇਸ਼ਨਾਂ ਨੂੰ ਨਿਪਟਾਉਂਦੇ ਹਨ।

4. ਬੀਮਾ ਏਜੰਸੀ ਪ੍ਰੀਖਿਆ:—

1) ਐਪਲੀਕੇਸ਼ਨ ਦੇਣ ਵਾਲੇ ਵਲੋਂ ਜੀਵਨ, ਆਮ ਜਾਂ ਸਿਹਤ ਬੀਮਾ ਦੇ ਵਿਸ਼ਿਆਂ ਦੀ ਪ੍ਰੀਖਿਆ ਬੋਰਡ ਵਲੋਂ ਲਈ ਬੀਮਾ ਏਜੰਸੀ ਪ੍ਰੀਖਿਆ ਨੂੰ ਬੀਮਾ ਏਜੰਟ ਵਜੋਂ ਨਿਯੁਕਤ ਦੇ ਯੋਗ ਹੋਣ ਲਈ ਅਥਾਰਟੀ ਵਲੋਂ ਤਹਿ ਕੀਤੇ ਸਿਲੇਬਸ ਦੇ ਮੁਤਾਬਕ ਪਾਸ ਕੀਤੀ ਹੋਣੀ ਚਾਹੀਦੀ ਹੈ। ਬੀਮਾਕਰਤਾ ਉਮੀਦਵਾਰਾਂ ਨੂੰ ਏਜੰਸੀ ਪ੍ਰੀਖਿਆ ਵਿੱਚ ਯੋਗ ਬਣਾਉਣ ਲਈ ਢੁੱਕਵੀਂ ਬੀਮਾ ਜਾਣਕਾਰੀ ਨਾਲ ਲੈਸ ਕਰਨ ਲਈ ਉਹਨਾਂ ਨੂੰ ਲੋੜੀਂਦੀ ਸਹਾਇਤਾ ਤੇ ਸੇਧਾਂ ਦੇਵੇਗਾ।

2) ਐਪਲੀਕੇਸ਼ਨ ਦੇਣ ਵਾਲੇ, ਜਿਹਨਾਂ ਨੇ ਉੱਤੇ ਦਿੱਤੀ ਬੀਮਾ ਏਜੰਸੀ ਪ੍ਰੀਖਿਆ ਨੂੰ ਪਾਸ ਕਰ ਲਿਆ ਹੋਵੇ ਨੂੰ ਪ੍ਰੀਖਿਆ ਸੰਸਥਾ ਵਲੋਂ ਪਾਸ ਸਰਟੀਫਿਕੇਟ ਦਿੱਤਾ ਜਾਵੇਗਾ। ਪ੍ਰੀਖਿਆ ਸੰਸਥਾ ਵਲੋਂ ਪਾਸ ਕਰਨ

ਦਾ ਸਰਟੀਫਿਕੇਟ ਬਾਰਾਂ ਮਹੀਨਿਆਂ ਲਈ ਯੋਗ ਹੁੰਦਾ ਹੈ, ਤਾਂ ਕਿ ਪਹਿਲੀ ਵਾਰ ਏਜੰਟ ਦੇ ਵਜੋਂ ਕਿਸੇ ਵੀ ਬੀਮਾਕਰਤਾ ਨਾਲ ਨਿਯੁਕਤੀ ਲਈ ਜਾ ਸਕੇ।

3) ਕੇਵਲ ਉਮੀਦਵਾਰ, ਜੋ ਕਿ ਉੱਤੇ ਦਿੱਤੇ ਮੁਤਾਬਕ ਬੀਮਾ ਏਜੰਸੀ ਪ੍ਰੀਖਿਆ ਵਿੱਚ ਪਾਸ ਹੁੰਦੇ ਹਨ ਅਤੇ ਜਿਹਨਾਂ ਕੋਲ ਪ੍ਰੀਖਿਆ ਸੰਸਥਾ ਤੋਂ ਪਾਸ ਕਰਨ ਦਾ ਢੁੱਕਵਾਂ ਸਰਟੀਫਿਕੇਟ ਹੈ, ਹੀ ਏਜੰਟ ਦੇ ਵਜੋਂ ਨਿਯੁਕਤ ਹੋਣ ਲਈ ਵਿਚਾਰਨ ਦੇ ਯੋਗ ਹਨ।

5. ਬੀਮਾ ਏਜੰਸੀ ਵਜੋਂ ਕੰਮ ਕਰਨ ਤੋਂ ਆਯੋਗ ਕਰਾਰ ਦੇਣਾ: ਆਯੋਗ ਲਈ ਸ਼ਰਤਾਂ ਐਕਟ ਦੇ ਸੈਕਸ਼ਨ 42 (3) ਦੇ ਅਧੀਨ ਦਿੱਤੀਆਂ ਹਨ।

6. ਏਜੰਟ ਦੀ ਆਚਰਨ ਨਿਯਮਾਵਲੀ।

1) ਹਰੇਕ ਏਜੰਟ ਨੂੰ ਹੇਠ ਦਿੱਤੀ ਆਚਰਨ ਨਿਯਮਾਵਲੀ ਦੀ ਪਾਲਣਾ ਕਰਨੀ ਜ਼ਰੂਰੀ ਹੈ:-

a) ਹਰੇਕ ਬੀਮਾਕਰਤਾ ਏਜੰਟ ਨੂੰ,---

i. ਆਪਣੀ ਅਤੇ ਬੀਮਾਕਰਤਾ, ਜਿਸ ਲਈ ਉਹ ਬੀਮਾ ਏਜੰਟ ਹੈ, ਦੀ ਪਛਾਣ ਦੇਣੀ ਚਾਹੀਦੀ ਹੈ;

ii. ਸੰਭਾਵਿਤ ਨੂੰ ਏਜੰਸੀ ਪਛਾਣ ਪੱਤਰ ਵਿਖਾਉਣਾ ਚਾਹੀਦਾ ਹੈ ਅਤੇ ਮੰਗ ਕਰਨ ਉੱਤੇ ਸੰਭਾਵਿਤ ਨੂੰ ਏਜੰਸੀ ਨਿਯੁਕਤੀ ਪੱਤਰ ਵੀ ਦੇਣਾ ਚਾਹੀਦਾ ਹੈ;

iii. ਉਸ ਦੇ ਬੀਮਾਕਰਤਾ ਵਲੋਂ ਦਿੱਤੇ ਜਾ ਰਹੇ ਬੀਮਾ ਉਤਾਪਦਾਂ ਦੇ ਸਬੰਧ ਵਿੱਚ ਮੰਗੀ ਗਈ ਜਾਣਕਾਰੀ ਨੂੰ ਧਿਆਨ ਸਮਝਾਉਣਾ ਚਾਹੀਦਾ ਹੈ ਅਤੇ ਖਾਸ ਬੀਮਾ ਸਕੀਮ ਦੀ ਸਿਫਾਰਸ਼ ਕਰਨ ਦੇ ਦੌਰਾਨ ਸੰਭਾਵਿਤ ਦੀਆਂ ਲੋੜਾਂ ਧਿਆਨ ਵਿੱਚ ਰੱਖਣਾ ਚਾਹੀਦਾ ਹੈ;

iv. ਜਿੱਥੇ ਕਿ ਬੀਮਾ ਏਜੰਟ ਇੱਕੋ ਕਿਸਮ ਦੇ ਉਤਪਾਦਾਂ ਲਈ ਪੇਸ਼ਕਸ਼ਾਂ ਲਈ ਇੱਕ ਤੋਂ ਵੱਧ ਬੀਮਾਕਰਤਾ ਨੂੰ ਦਰਸਾਉਂਦਾ ਹੈ, ਉਸ ਨੂੰ ਪਾਲਸੀਧਾਰਕਾਂ ਨੂੰ ਸਭ ਬੀਮਾਕਰਤਾਵਾਂ, ਜਿਹਨਾਂ ਨੂੰ ਵੀ ਉਹ ਦਰਸਾਉਂਦਾ ਹੈ, ਦੇ ਉਤਪਾਦਾਂ ਨੂੰ ਨਿਰਪੱਖ ਰੂਪ ਵਿੱਚ ਪੇਸ਼ ਕਰਨੇ ਚਾਹੀਦੇ ਹਨ ਅਤੇ ਸੰਭਾਵਿਤ ਦੀਆਂ ਖਾਸ ਲੋੜਾਂ ਨੂੰ ਪੂਰਾ ਕਰਨ ਵਾਲੇ ਉਤਪਾਦ ਦੀ ਸਲਾਹ ਦੇਣੀ ਚਾਹੀਦੀ ਹੈ;

v. ਵਿਕਰੀ ਲਈ ਦਿੱਤੇ ਗਏ ਬੀਮਾ ਉਤਪਾਦ ਦੇ ਸਬੰਧ ਵਿੱਚ ਦਲਾਲੀ ਦੇ ਪੈਮਾਨੇ ਨੂੰ ਦੱਸਣਾ ਚਾਹੀਦਾ ਹੈ;

vi. ਬੀਮਾ ਕਰਤਾ ਵਲੋਂ ਵਿਕਰੀ ਲਈ ਦਿੱਤੇ ਗਏ ਉਤਪਾਦ ਲਈ ਲਏ ਜਾਣ ਵਾਲੇ ਪ੍ਰੀਮੀਅਮ ਨੂੰ ਦਰਸਾਉਣਾ ਚਾਹੀਦਾ ਹੈ;

vii. ਸੰਭਾਵਿਤ ਨੂੰ ਬੀਮਾ ਕਰਤਾ ਵਲੋਂ ਪੇਸ਼ਕਸ਼ ਫਾਰਮ ਵਿੱਚ ਮੰਗ ਗਈ ਜਾਣਕਾਰੀ ਬਾਰੇ ਸਮਝਾਉਣਾ, ਅਤੇ ਬੀਮਾ ਇਕਰਾਰਨਾਮੇ ਦੀ ਖਰੀਦ ਵਿੱਚ ਤੱਥਾਂ ਦੀ ਜਾਣਕਾਰੀ ਦੱਸਣ ਦੀ ਮਹੱਤਤਾ ਬਾਰੇ ਵੀ ਦੱਸਣਾ ਚਾਹੀਦਾ ਹੈ;

viii. ਬੀਮਾ ਅੰਡਰਰਾਈਟਿੰਗ ਦੇ ਲਈ ਸੰਭਾਵਿਤ ਦੇ ਸਭ ਢੁੱਕਵੇਂ ਪੱਖਾਂ ਨੂੰ , ਜਿਸ ਵਿੱਚ ਕਿਸੇ ਵੀ ਗਲਤ ਆਦਤਾਂ ਜਾਂ ਅਸੰਗਤ ਆਮਦਨ, ਜੋ ਵੀ ਏਜੰਟ ਦੀ ਜਾਣਕਾਰੀ ਵਿੱਚ ਹੋਣ, ਬਾਰੇ ਬੀਮਾਕਰਤਾ ਨੂੰ ਦਿੱਤੇ ਜਾਣ ਵਾਲੇ ਹਰੇਕ ਪੇਸ਼ਕਸ਼ ਦੇ ਨਾਲ ਰਿਪੋਰਟ, ਜਿਸ ਨੂੰ "ਬੀਮਾ ਏਜੰਟ ਦੀ ਗੁਪਤ ਰਿਪੋਰਟ" ਕਿਹਾ ਜਾਂਦਾ ਹੈ, ਦੇ ਰੂਪ ਵਿੱਚ ਬੀਮਾਕਰਤਾ ਦੇ ਧਿਆਨ ਲਿਆਉਣਾ ਚਾਹੀਦਾ ਹੈ ਅਤੇ ਪੇਸ਼ਕਸ਼ ਦੇ ਬਾਰੇ ਸਭ ਸੰਭਵ ਪੁੱਛਗਿੱਛ ਕਰਕੇ ਕੋਈ ਵੀ ਮਹੱਤਵਪੂਰਨ ਤੱਥਾਂ, ਜੋ ਵੀ ਲਾਗੂ ਹੋਣ, ਜਾਣ ਕੇ, ਜੋ ਕਿ ਬੀਮਾਕਰਤਾ ਦੇ ਪੇਸ਼ਕਸ਼ ਮਨਜ਼ੂਰ ਕਰਨ ਦੇ ਸਬੰਧੀ ਅੰਡਰਰਾਈਟਿੰਗ ਦੇ ਫੈਸਲੇ ਨੂੰ ਪ੍ਰਭਾਵਿਤ ਕਰਦੇ ਹਨ;

ix. ਬੀਮਾਕਰਤਾ ਨਾਲ ਪੇਸ਼ਕਸ਼ ਫਾਰਮ ਭਰਨ ਦੇ ਸਮੇਂ ਸਭ ਲੋੜੀਦੇ ਦਸਤਾਵੇਜ਼ ਲੈਣ, ਅਤੇ ਪੇਸ਼ਕਸ਼ ਨੂੰ ਪੂਰਾ ਕਰਨ ਲਈ ਬੀਮਾਕਰਤਾ ਵਲੋਂ ਮੰਗੇ ਹੋਰ ਦਸਤਾਵੇਜ਼ ਵੀ ਲੈਣੇ;

x. ਪਾਲਸੀ ਦੇ ਅਧੀਨ ਨਾਮਜ਼ਦ ਪ੍ਰਭਾਵੀ ਹੋਣ ਵਾਲੇ ਕਿਸੇ ਵੀ ਸੰਭਾਵਿਤ ਬਾਰੇ ਜਾਣਕਾਰੀ ਦੇਣੀ ਚਾਹੀਦੀ ਹੈ

xi. ਸੰਭਾਵਿਤ ਨੂੰ ਬੀਮਾਕਰਤਾ ਵਲੋਂ ਪੇਸ਼ਕਸ਼ ਦੇ ਮਨਜ਼ੂਰ ਜਾਂ ਰੱਦ ਕਰਨ ਬਾਰੇ ਤੁਰੰਤ ਜਾਣਕਾਰੀ ਦੇਣੀ ਚਾਹੀਦੀ ਹੈ;

xii. ਸਭ ਪਾਲਸੀ ਸੇਵਾ ਮਾਮਲਿਆਂ, ਜਿਸ ਵਿੱਚ ਪਾਲਸੀ ਦੀ ਨਿਯੁਕਤੀ, ਪਾਲਸੀ ਜਾਂ ਹੋਰ ਪਾਲਸੀ ਸੇਵਾ ਦੇ ਅਧੀਨ ਸਿਰਨਾਵਾਂ ਬਦਲਣ ਜਾਂ ਚੋਣਾਂ ਦੀ ਵਰਤੋਂ ਕਰਨ, ਜੋ ਵੀ ਜ਼ਰੂਰੀ ਹੋਵੇ, ਦੇ ਬਾਰੇ ਹਰੇਕ ਪਾਲਸੀਧਾਰਕ ਨੂੰ ਜ਼ਰੂਰੀ ਸਹਾਇਤਾ ਜਾਂ ਸਲਾਹ ਦੇਣੀ।

xiii. ਪਾਲਸੀ-ਹੋਲਡਰ ਜਾਂ ਦਾਅਵੇਦਾਰਾਂ ਜਾਂ ਲਾਭਪਾਤਰਾਂ ਦੀ ਬੀਮਾਕਰਤਾ ਵਲੋਂ ਦਾਅਵੇ ਦੇ ਸਮਝੌਤੇ ਲਈ ਲੋਰਾਂ ਨੂੰ ਪੂਰਾ ਕਰਨ ਲਈ ਲੋੜੀਂਦੀ ਸਹਾਇਤਾ ਕਰਨੀ;

2) ਕਿਸੇ ਬੀਮਾ ਏਜੰਟ ਨੂੰ ਨਹੀਂ ਚਾਹੀਦਾ ਹੈ, ---

a. ਬਿਨਾਂ ਨਿਯੁਕਤ ਕੀਤੇ ਬਿਨਾਂ ਬੀਮਾਕਰਤਾ ਦੇ ਵਜੋਂ ਬੀਮਾ ਕਾਰੋਬਾਰ ਨੂੰ ਰੀਝਾਉਣਾ ਜਾਂ ਹਾਸਲ ਕਰਨਾ

b. ਸੰਭਾਵਿਤ ਨੂੰ ਕੋਈ ਵੀ ਮਹੱਤਵਪੂਰਨ ਜਾਣਕਾਰੀ ਨੂੰ ਪੇਸ਼ਕਸ਼ ਫਾਰਮ ਵਿੱਚ ਛੱਡਣ ਲਈ ਫੁਸਲਾਉਣਾ;

c. ਸੰਭਾਵਿਤ ਵਲੋਂ ਬੀਮਾਕਰਤਾ ਨੂੰ ਪੇਸ਼ਕਸ਼ ਮਨਜ਼ੂਰ ਕਰਨ ਲਈ ਦਿੱਤੇ ਗਏ ਪੇਸ਼ਕਸ਼ ਫਾਰਮ ਜਾਂ ਦਸਤਾਵੇਜ਼ ਵਿੱਚ ਗਲਤ ਜਾਣਕਾਰੀ ਦੇਣ ਲਈ ਪ੍ਰੇਰਿਤ ਕਰਨਾ;

d. ਬੀਮਾ ਪਾਲਸੀਆਂ ਰੀਝਾਉਣ ਤੇ ਹਾਸਲ ਕਰਨ ਲਈ ਬਹੁ-ਪੱਧਰੀ ਮਾਰਕੀਟਿੰਗ ਦਾ ਸਹਾਰਾ ਲੈਣਾ ਅਤੇ/ਜਾਂ ਕਿਸੇ ਵੀ ਸੰਭਾਵਿਤ/ਪਾਲਸੀਧਾਰਕ ਨੂੰ ਬਹੁ-ਪੱਧਰੀ ਮਾਰਕੀਟਿੰਗ ਸਕੀਮ ਦਾ ਹਿੱਸਾ ਬਣਨ ਲਈ ਮਜ਼ਬੂਰ ਕਰਨਾ।

e. ਸੰਭਾਵਿਤ ਨਾਲ ਅਸਭਿਅਕ ਢੰਗ ਨਾਲ ਵਰਤਾਉ ਕਰਨਾ;

f. ਕਿਸੇ ਹੋਰ ਬੀਮਾ ਏਜੰਟ ਵਲੋਂ ਦਿੱਤੀ ਗਈ ਪੇਸ਼ਕਸ਼ ਵਿੱਚ ਦਖਲ ਦੇਣਾ;

g. ਆਪਣੇ ਬੀਮਾ ਕਰਤਾ ਵਲੋਂ ਦਿੱਤੇ ਜਾ ਰਹੀਆਂ ਦਰਾਂ, ਪੇਸ਼ਕਸ਼, ਸ਼ਰਤਾਂ ਅਤੇ ਨਿਯਮਾਂ ਤੋਂ ਵੱਖਰੇ ਦੇਣੇ;

h. ਬੀਮਾ ਇਕਰਾਰਨਾਮੇ ਦੇ ਅਧੀਨ ਲਾਭਪਾਤਰ ਤੋਂ ਆਮਦਨ ਵਿੱਚੋ ਹਿੱਸਾ ਮੰਗਣਾ ਜਾਂ ਲੈਣਾ;

i. ਪਾਲਸੀਧਾਰਕ ਨੂੰ ਮੌਜੂਦਾ ਪਾਲਸੀ ਖਤਮ ਕਰਨ ਅਤੇ ਉਸ ਤੋਂ ਇਸ ਤਰ੍ਹਾਂ ਦੇ ਖਾਤਮੇ ਤੋਂ ਤਿੰਨ ਸਾਲ ਦੇ ਅੰਦਰ ਅੰਦਰ ਨਵੀਂ ਪਾਲਸੀ ਲਾਗੂ ਕਰਵਾਉਣ ਲਈ ਜ਼ੋਰ ਦੇਣਾ;

j. ਬੀਮਾ ਏਜੰਟ ਵਜੋਂ ਨਵੀਂ ਏਜੰਸੀ ਨਿਯੁਕਤੀ ਲਈ ਦਰਖਾਸਤ ਦੇਣੀ, ਜਦੋਂ ਕਿ ਉਸ ਦੇ ਨਿਯੁਕਤ ਅਧਿਕਾਰੀ ਵਜੋਂ ਉਸ ਦੀ ਨਿਯੁਕਤੀ ਨੂੰ ਰੱਦ ਕੀਤਾ ਗਿਆ ਸੀ ਅਤੇ ਇੰਝ ਦੇ ਰੱਦ ਕਰਨ ਦੀ ਮਿਤੀ ਨੂੰ ਹਾਲੇ ਪੰਜ ਸਾਲ ਪੂਰੇ ਨਹੀ ਹੋਏ ਹਨ;

k. ਕਿਸੇ ਵੀ ਬੀਮਾਕਰਤਾ ਦਾ ਡਾਇਰੈਕਟਰ ਬਣਨਾ ਜਾਂ ਰਹਿਣਾ;

3) ਹਰੇਕ ਬੀਮਾ ਏਜੰਟ ਨੂੰ ਉਸ ਰਾਹੀਂ ਪਹਿਲਾਂ ਹੀ ਕੀਤੇ ਗਏ ਬੀਮਾ ਕਾਰੋਬਾਰ ਦੀ ਨਿਗਰਾਨੀ ਕਰਦੇ ਰਹਿਣਾ ਚਾਹੀਦਾ ਹੈ; ਪਾਲਸੀ-ਧਾਰਕ ਵਲੋਂ ਤਹਿ ਸਮੇਂ ਵਿੱਚ ਪ੍ਰੀਮੀਅਮ ਦੇ ਭੁਗਤਾਨ ਨੂੰ ਯਕੀਨੀ ਬਣਾਉਣ ਦੀ ਹਰ ਕੋਸ਼ਿਸ਼ ਮੌਖਿਕ ਅਤੇ ਲਿਖਤੀ ਰੂਪ ਵਿੱਚ ਪਾਲਸੀਧਾਰਕ ਨੂੰ ਸੂਚਨਾ ਦੇ ਕੇ ਕਰਨੀ ਚਾਹੀਦੀ ਹੈ;

4) ਕੋਈ ਵਿਅਕਤੀ, ਜੋ ਕਿ ਬੀਮਾ ਐਕਟ 1938 ਅਤੇ ਨਿਯਮਾਂ ਦੇ ਤਹਿਤ ਦੀ ਉਲੰਘਣਾ ਕਰਕੇ ਬੀਮਾ ਏਜੰਟ ਵਜੋਂ ਕੰਮ ਕਰਦਾ ਹੈ, ਨੂੰ ਜ਼ੁਰਮਾਨਾ ਹੋ ਸਕਦਾ ਹੈ, ਜਿਸ ਨੂੰ 10 ਹਜ਼ਾਰ ਰੁਪਏ ਤੱਕ ਵਧਾਇਆ ਜਾ ਸਕਦਾ ਹੈ ਅਤੇ ਕੋਈ ਵੀ ਬੀਮਾਕਰਤਾ ਜਾਂ ਬੀਮਾਕਰਤਾ ਦੇ ਤੌਰ ਉੱਤੇ ਕਿਸੇ ਵੀ ਵਿਅਕਤੀ, ਜਿਸ ਨੂੰ ਕਿ ਬੀਮਾ ਏਜੰਟ ਵਜੋਂ ਨਿਯੁਕਤ ਕਰ ਸਕਦਾ ਹੈ, ਦੇ ਪ੍ਰਤੀਨਿਧੀ ਵਜੋਂ ਕੰਮ ਕਰਦਾ ਹੈ, ਜਿਸ ਦੀ ਭਾਰਤ ਵਿੱਚ ਕਿਸੇ ਵੀ ਬੀਮਾ ਕਾਰੋਬਾਰ ਕਰਨ ਦੀ ਇਜਾਜ਼ਤ ਨਹੀਂ ਹੈ, ਦੇ ਲਈ ਜ਼ੁਰਮਾਨਾ ਹੋ ਸਕਦਾ ਹੈ, ਜੋ ਕਿ ਇੱਕ ਕਰੋੜ ਰੁਪਏ ਤੱਕ ਸੰਭਵ ਹੈ।

5) ਬੀਮਾਕਰਤਾ ਇਹਨਾਂ ਨਿਯਮਾਂ ਦੇ ਅਧੀਨ ਦਿੱਤੇ ਸਦਾਚਾਰ ਨਿਯਮਾਵਲੀ ਦੇ ਉਲੰਘਣ ਸਮੇਂ ਆਪਣੇ ਏਜੰਟਾਂ ਦੇ ਸਾਰੇ ਕੰਮਾਂ ਤੇ ਭੁੱਲ-ਚੁੱਕ ਲਈ ਜ਼ਿੰਮੇਵਾਰ ਹੋਵੇਗਾ ਅਤੇ ਦੇਣਦਾਰੀ ਜ਼ੁਰਮਾਨੇ ਨੂੰ ਇੱਕ ਕਰੋੜ ਰੁਪਏ ਤੱਕ ਵਧਾਇਆ ਜਾ ਸਕਦਾ ਹੈ।

7. ਏਜੰਟ ਵਜੋਂ ਨਿਯੁਕਤੀ ਮੁਅੱਤਲ ਕਰਨੀ:

1) ਏਜੰਟ ਦੀ ਨਿਯੁਕਤੀ ਨੂੰ ਸੂਚਨਾ ਦੇਣ ਤੇ ਉਸ ਨੂੰ ਸੰਭਵ ਕਾਰਨ ਦੇਣ ਦਾ ਮੌਕਾ ਦੇਣ ਦੇ ਬਾਅਦ ਰੱਦ ਜਾਂ ਮੁਅੱਤਲ ਕੀਤਾ ਜਾ ਸਕਦਾ ਹੈ, ਜੇ:-

a. ਬੀਮਾ ਐਕਟ 1938 (1938 ਦੇ 4) ਦੇ ਨਿਯਮਾਂ, ਬੀਮਾ ਰੈਗੂਲੇਟਰੀ ਤੇ ਵਿਕਾਸ ਅਥਾਰਟੀ ਐਕਟ 1999 (1999 ਦਾ 4) ਜਾਂ ਸਮੇਂ ਸਮੇਂ ਉੱਤੇ ਉਹਨਾਂ ਵਿੱਚ ਕੀਤੀਆਂ ਸੋਧਾਂ ਦੇ ਅਧੀਨ ਨਿਯਮਾਂ ਜਾਂ ਸ਼ਰਤਾਂ ਦੇ ਉਲੰਘਣ ਕਰਦਾ/ਕਰਦੀ ਹੈ;

b. ਉੱਤੇ ਦਿੱਤੀਆਂ ਅਯੋਗਤਾਵਾਂ ਵਿੱਚੋਂ ਕਿਸੇ ਦੇ ਅਧੀਨ ਨਹੀਂ ਹੈ।

c. ਨਿਯਮ 8 ਵਿੱਚ ਦਿੱਤੇ ਆਚਰਨ ਨਿਯਮਾਵਲੀ ਤੇ ਸਮੇਂ ਸਮੇਂ ਉੱਤੇ ਅਥਾਰਟੀ ਵਲੋਂ ਜਾਰੀ ਕੀਤੀਆਂ ਹਦਾਇਤਾਂ ਦੀ ਪਾਲਣਾ ਕਰਨ ਲਈ ਅਸਫ਼ਲ ਰਹਿਣਾ।

d. ਨਿਯੁਕਤੀ ਦੀਆਂ ਸ਼ਰਤਾਂ ਦਾ ਉਲੰਘਣ ਕਰਨਾ।

e. ਬੀਮਾਕਰਤਾ ਜਾਂ ਅਥਾਰਟੀ ਵਲੋਂ ਏਜੰਟਾਂ ਦੇ ਵਜੋਂ ਆਪਣੀਆਂ ਸਰਗਰਮੀਆਂ ਬਾਰੇ ਕੋਈ ਵੀ ਜਾਣਕਾਰੀ ਦੇਣ ਲਈ ਅਸਫ਼ਲ ਰਹਿਣਾ।

f. ਅਥਾਰਟੀ ਵਲੋਂ ਜਾਰੀ ਕੀਤੀਆਂ ਹਦਾਇਤਾਂ ਨੂੰ ਪੂਰਾ ਕਰਨ ਲਈ ਅਸਫ਼ਲ ਰਹਿਣਾ;

g. ਗਲਤ ਜਾਂ ਝੂਠੀ ਜਾਣਕਾਰੀ ਦੇਣੀ ਜਾਂ ਬੀਮਾ ਏਜੰਟ ਦੀ ਨਿਯੁਕਤ ਜਾਂ ਉਸ ਦੀ ਵੈਧਤਾ ਦੇ ਜਾਂਚ ਸਮੇਂ ਦੌਰਾਨ ਪੇਸ਼ ਕੀਤੀ ਐਪਲੀਕੇਸ਼ਨ ਵਿੱਚ ਪ੍ਰਮੁੱਖ ਤੱਥ ਦੇਣ ਲਈ ਅਸਫ਼ਲ ਰਹਿਣਾ।

h. ਬੀਮਾਕਰਤਾ/ਅਥਾਰਟੀ ਵਲੋਂ ਚਾਹੀਦੀ ਨਿਯਮਤ ਰੀਟਰਨ ਨਾ ਦੇਣੀ;

i. ਅਥਾਰਟੀ ਵਲੋਂ ਕੀਤੀ ਜਾ ਰਹੀ ਕਿਸੇ ਜਾਂਚ ਜਾਂ ਪੁੱਛਗਿੱਛ ਵਿੱਚ ਸਹਿਯੋਗ ਨਾ ਕਰਨਾ;

j. ਪਾਲਸੀਧਾਰਕ ਦੀਆਂ ਸ਼ਿਕਾਇਤਾਂ ਨੂੰ ਨਿਪਟਾਉਣ ਜਾਂ ਉਹਨਾਂ ਦੇ ਲਈ ਅਥਾਰਟੀ ਨੂੰ ਤਸੱਲੀਬਖਸ਼ ਜਵਾਬ ਦੇਣ ਲਈ ਅਸਫ਼ਲ ਰਹਿਣਾ।

k. ਬੀਮਾਕਰਤਾ ਦੇ ਤੌਰ ਉੱਤੇ ਪਾਲਸੀਧਾਰਕ/ਪੇਸ਼ਕਰਤਾ ਤੋਂ ਇਕੱਤਰ ਕੀਤੇ ਪ੍ਰੀਮੀਅਮਾਂ / ਨਕਦੀ ਦੇ ਗ਼ਬਨ ਵਿੱਚ ਸਿੱਧੀ ਜਾਂ ਅਸਿੱਧੀ ਹਿੱਸੇਦਾਰੀ। ਪਰ ਇਹ ਸ਼ਰਤ ਏਜੰਟ ਨੂੰ ਬੀਮਾਕਰਤਾ ਵਲੋਂ ਖਾਸ ਤੌਰ ਉੱਤੇ ਪ੍ਰਮਾਣਿਤ ਤੋਂ ਬਿਨਾਂ ਨਕਦੀ / ਪ੍ਰੀਮੀਅਮ ਇਕੱਤਰ ਕਰਨ ਦੀ ਇਜਾਜ਼ਤ ਨਹੀਂ ਹੁੰਦੀ ਹੈ।

8. ਏਜੰਸੀ ਰੱਦ ਕਰਨ ਦਾ ਢੰਗ:

ਬੀਮਾ ਏਜੰਟ ਦੀ ਏਜੰਸੀ ਨੂੰ ਰੱਦ ਕਰਨ ਦੇ ਆਖਰੀ ਹੁਕਮ ਜਾਰੀ ਕਰਨ ਉੱਤੇ, ਉਸ ਨੂੰ ਅੰਤਿਮ ਹੁਕਮ ਦੀ ਮਿਤੀ ਤੋਂ ਬੀਮਾ ਏਜੰਟ ਵਜੋਂ ਕੰਮ ਕਰਨਾ ਵੀ ਰੋਕ ਦਿੱਤਾ ਜਾਂਦਾ ਹੈ।

9. ਏਜੰਸੀ ਨਿਯੁਕਤੀ ਨੂੰ ਮੁਅੱਤਲ / ਰੱਦ ਕਰਨ ਦਾ ਪ੍ਰਭਾਵ।—

1) **ਏਜੰਸੀ ਨੂੰ ਮੁਅੱਤਲ ਜਾਂ ਰੱਦ ਕਰਨ ਦੀ ਮਿਤੀ ਨੂੰ ਅਤੇ ਤੋਂ, ਬੀਮਾ ਏਜੰਟ ਇੱਕ ਬੀਮਾ ਏਜੰਟ ਵਜੋਂ ਕੰਮ ਕਰਨਾ ਰੋਕ ਦੇਵੇਗਾ।**

   a. **ਬੀਮਾਕਰਤਾ ਏਜੰਟ ਤੋਂ ਨਿਯੁਕਤੀ ਪੱਤਰ ਤੇ ਪਛਾਣ ਪੱਤਰ ਪ੍ਰਾਪਤ ਕਰੇਗਾ, ਜਿਸ ਦੀ ਨਿਯੁਕਤੀ ਨੂੰ ਆਖਰੀ ਹੁਕਮ ਜਾਰੀ ਕਰਨ ਦੇ 7 ਦਿਨਾਂ ਵਿੱਚ ਇਹਨਾਂ ਨਿਯਮਾਂ ਦੇ ਅਧੀਨ ਰੱਦ ਕੀਤਾ ਗਿਆ ਹੈ।**

   b. **ਬੀਮਾਕਰਤਾ ਏਜੰਟ ਨੂੰ ਕਾਲੀ ਵਿੱਚ ਜੋੜੇਗਾ ਅਤੇ ਏਜੰਟ, ਜਿਸ ਦੀ ਨਿਯੁਕਤੀ ਨੂੰ ਮੁਅੱਤਲ/ਰੱਦ ਕੀਤਾ ਗਿਆ ਹੈ, ਦੇ ਵੇਰਵੇ ਨੂੰ ਅਥਾਰਟੀ ਵਲੋਂ ਤਿਆਰ ਕੀਤੇ ਕਾਲੀ ਸੂਚੀ ਏਜੰਟ ਡਾਟਾਬੇਸ ਤੇ ਅਥਾਰਟੀ ਵਲੋਂ ਆਨਲਾਈਨ ਢੰਗ ਵਿੱਚ ਕੇਂਦਰੀ ਏਜੰਟ ਡਾਟਾਬੇਸ ਵਿੱਚ ਮੁਅੱਤਲ/ਰੱਦ ਕਰਨ ਦੇ ਹੁਕਮ ਜਾਰੀ ਹੋਣ ਦੇ ਤੁਰੰਤ ਬਾਅਦ ਦਰਜ ਕਰੇਗਾ।**

   c. **ਜੇ ਨਿਯਤ ਅਧਿਕਾਰੀ ਵਲੋਂ ਜ਼ਬਾਨੀ ਹੁਕਮਾਂ ਰਾਹੀਂ ਕਿਸੇ ਏਜੰਟ ਦੇ ਸੰਬੰਧ ਵਿੱਚ ਮੁਅੱਤਲ ਦੀ ਕਾਰਵਾਈ ਨੂੰ ਅਨੁਸ਼ਾਸਨ ਸੰਬੰਧੀ ਕਾਰਵਾਈ ਵਜੋਂ ਵਾਪਿਸ ਲੈ ਲਿਆ ਜਾਂਦਾ ਹੈ ਤਾਂ ਇੰਝ ਦੇ ਏਜੰਟ ਵੇਰਵੇ ਨੂੰ ਉਸ ਦੇ ਮੁਅੱਤਲ ਕਰਨ ਦੇ ਜ਼ਬਾਨੀ ਹੁਕਮ ਮਿਲਣ ਦੇ ਨਾਲ ਹੀ ਕਾਲੀ ਸੂਚੀ ਦੇ ਏਜੰਟਾਂ ਵਿੱਚੋਂ ਹਟਾਇਆ ਜਾਵੇਗਾ।**

   d. **ਬੀਮਾਕਰਤਾ ਹੋਰ ਬੀਮਾਕਰਤਾਵਾਂ, ਜੀਵ ਜਾਂ ਆਮ ਜਾਂ ਸਿਹਤ ਬੀਮਾਕਰਤਾ ਜਾਂ ਇਕੱਲੀ ਕਿਸਮ ਦੇ ਬੀਮਾਕਰਤਾ, ਜਿਸ ਲਈ ਏਜੰਟ ਕੰਮ ਕਰਦਾ ਹੈ, ਨੂੰ ਉਹਨਾਂ ਦੇ ਰਿਕਾਰਡ ਤੇ ਜ਼ਰੂਰੀ ਕਾਰਵਾਈ ਲਈ ਬੀਮਾ ਏਜੰਟ ਦੇ ਵਿਰੁਧ ਕੀਤੀ ਕਾਰਵਾਈ ਬਾਰੇ ਸੂਚਿਤ ਕਰੇਗਾ।**

10. ਬੀਮਾ ਏਜੰਟ ਵਲੋਂ ਨਿਯੁਕਤੀ ਤੋਂ ਅਸਤੀਫ਼ਾ/ਤਿਆਗ-ਪੱਤਰ ਦੇਣ ਦੇ ਸੰਬੰਧ ਵਿੱਚ ਹੇਠ ਦਿੱਤੀ ਕਾਰਵਾਈ ਕਰਨੀ ਚਾਹੀਦੀ ਹੈ:

1) **ਜੇ ਬੀਮਾਕਰਤਾ ਵਲੋਂ ਨਿਯੁਕਤ ਕੀਤੇ ਬੀਮਾ ਏਜੰਟ ਵਲੋਂ ਆਪਣੀ ਮਰਜ਼ੀ ਨਾਲ ਆਪਣੇ ਬੀਮਾਕਰਤਾ ਨਾਲ ਆਪਣੀ ਏਜੰਸੀ ਨੂੰ ਵਾਪਿਸ ਕਰਨੀ ਚਾਹੁੰਦਾ ਹੈ ਤਾਂ ਉਸ ਨੂੰ ਆਪਣਾ ਨਿਯੁਕਤੀ ਪੱਤਰ ਤੇ ਪਛਾਣ-ਪੱਤਰ ਬੀਮਾਕਰਤਾ ਦੇ ਨਿਯੁਕਤ ਅਧਿਕਾਰੀ, ਜੋ ਕਿ ਉਸ ਸਮੇਂ ਏਜੰਸੀ ਵਿੱਚ ਹੋਵੇ, ਨੂੰ ਵਾਪਿਸ ਕਰਨਾ ਹੋਵੇਗਾ।**

2) **ਬੀਮਾਕਰਤਾ ਨੂੰ ਖ਼ਾਤਮੇ ਦਾ ਸਰਟੀਫਿਕੇਟ ਅਸਤੀਫ਼ਾ ਦੇਣ ਜਾਂ ਨਿਯੁਕਤ ਵਾਪਿਸ ਕਰਨ ਦੀ ਮਿਤੀ ਦੇ 15 ਦਿਨਾਂ ਵਿੱਚ ਫਾਰਮ I-C ਉੱਤੇ ਵੇਰਵੇ ਸਮੇਤ ਦੇਣਾ ਹੋਵੇਗਾ।**

3) ਬੀਮਾ ਏਜੰਟ, ਜਿਸ ਨੇ ਆਪਣੀ ਨਿਯੁਕਤ ਨੂੰ ਵਾਪਿਸ ਕਰ ਦਿੱਤਾ ਹੈ, ਹੋਰ ਬੀਮਾਕਰਤਾ ਕੋਲ ਨਵੀਂ ਨਿਯੁਕਤੀ ਪ੍ਰਾਪਤ ਕਰ ਸਕਦਾ ਹੈ। ਉਸ ਕੇਸ ਵਿੱਚ, ਏਜੰਟ ਨੂੰ ਪਿਛਲੀ ਏਜੰਸੀ ਕੋਲ ਦਿੱਤੇ ਸਭ ਵੇਰਵੇ ਨਵੇਂ ਬੀਮਾਕਰਤਾ ਨੂੰ ਦੇਣੇ ਹੋਣਗੇ ਅਤੇ ਆਪਣੇ ਏਜੰਸੀ ਐਪਲੀਕੇਸ਼ਨ ਫਾਰਮ ਦੇ ਨਾਲ ਫਾਰਮ I-C ਵਿੱਚ ਪਿਛਲੇ ਬੀਮਾਕਰਤਾ ਵਲੋਂ ਦਿੱਤੇ ਖ਼ਾਤਮੇ ਦੇ ਸਰਟੀਫਿਕੇਟ ਦੇਣਾ ਹੋਵੇਗਾ।
4) ਬੀਮਾਕਰਤਾ ਪਿਛਲੇ ਬੀਮਾਕਰਤਾ ਵਲੋਂ ਖ਼ਾਤਮੇ ਸਰਟੀਫਿਕੇਟ ਨੂੰ ਜਾਰੀ ਕਰਨ ਦੀ ਮਿਤੀ ਤੋਂ ਨੱਬੇ ਦਿਨਾਂ ਦੇ ਬਾਅਦ ਸ਼ਰਤ ਉੱਤੇ ਦਿੱਤੇ ਮੁਤਾਬਕ ਏਜੰਸੀ ਐਪਲੀਕੇਸ਼ਨ ਉੱਤੇ ਵਿਚਾਰ ਕਰੇਗਾ।

11. ਬੀਮਾਕਰਤਾ ਵਲੋਂ ਏਜੰਟ ਨੂੰ ਨਿਯੁਕਤ ਕਰਨ ਲਈ ਆਮ ਸ਼ਰਤਾਂ:

1) ਬੀਮਾਕਰਤਾ ਵਲੋਂ ਹਰ ਸਾਲ 31 ਮਾਰਚ ਤੋਂ ਪਹਿਲਾਂ ਏਜੰਸੀ ਮਾਮਲਿਆਂ ਉੱਤੇ 'ਬੋਰਡ ਵਲੋਂ ਮਨਜ਼ੂਰ ਕੀਤੀ ਪਾਲਸੀ' ਤਿਆਰ ਕਰਨੀ ਅਤੇ ਉਸ ਲਈ ਅਥਾਰਟੀ ਕੋਲ ਫ਼ਾਈਲ ਕਰਨੀ ਚਾਹੀਦੀ ਹੈ। 'ਬੋਰਡ ਵਲੋਂ ਮਨਜ਼ੂਰੀ ਪ੍ਰਾਪਤ ਪਾਲਸੀ' ਲਈ ਬੀਮਾਕਰਤਾ ਵਲੋਂ ਤਿਆਰ ਕਰਨ ਵਾਸਤੇ ਸੇਧਾਂ:
2) ਕਿਸੇ ਵੀ ਬੀਮਾ ਏਜੰਟ ਨੂੰ ਇੱਕ ਤੋਂ ਵੱਧ ਜੀਵਨ ਬੀਮਾਕਰਤਾ, ਇੱਕ ਆਮ ਬੀਮਾਕਰਤਾ, ਇੱਕ ਸਿਹਤ ਬੀਮਾਕਰਤਾ ਤੇ ਇੱਕ-ਕਿਸਮ ਦੇ ਬੀਮਾਕਰਤਾ ਵਿੱਚੋਂ ਹਰ ਇੱਕ ਤੋਂ ਵੱਧ ਲਈ ਕਰਨਾ ਨਹੀਂ ਚਾਹੀਦਾ ਹੈ
3) ਕੋਈ ਵਿਅਕਤੀ, ਜੋ ਕਿ ਇਹ ਐਕਟ ਦੇ ਨਿਯਮਾਂ ਤਹਿਤ ਦੀ ਉਲੰਘਣਾ ਕਰਕੇ ਬੀਮਾ ਏਜੰਟ ਵਜੋਂ ਕੰਮ ਕਰਦਾ ਹੈ, ਨੂੰ ਜ਼ੁਰਮਾਨਾ ਹੋ ਸਕਦਾ ਹੈ, ਜਿਸ ਨੂੰ 10 ਹਜ਼ਾਰ ਰੁਪਏ ਤੱਕ ਵਧਾਇਆ ਜਾ ਸਕਦਾ ਹੈ।
4) ਕੋਈ ਵੀ ਬੀਮਾਕਰਤਾ ਜਾਂ ਬੀਮਾਕਰਤਾ ਦੇ ਤੌਰ ਉੱਤੇ ਬੀਮਾਕਰਤਾ, ਜਿਸ ਨੂੰ ਕਿ ਬੀਮਾ ਏਜੰਟ ਵਜੋਂ ਨਿਯੁਕਤ ਕਰ ਸਕਦਾ ਹੈ, ਦੇ ਪ੍ਰਤੀਨਿਧੀ ਵਜੋਂ ਕੰਮ ਕਰਦਾ ਹੈ, ਜਿਸ ਦੀ ਭਾਰਤ ਵਿੱਚ ਕਿਸੇ ਵੀ ਬੀਮਾ ਕਾਰੋਬਾਰ ਕਰਨ ਦੀ ਇਜਾਜ਼ਤ ਨਹੀਂ ਹੈ, ਦੇ ਲਈ ਜ਼ੁਰਮਾਨਾ ਹੋ ਸਕਦਾ ਹੈ, ਜੋ ਕਿ ਇੱਕ ਕਰੋੜ ਰੁਪਏ ਤੱਕ ਸੰਭਵ ਹੈ।
5) ਕੋਈ ਵੀ ਬੀਮਾਕਰਤਾ ਨੂੰ ਬੀਮਾ ਕਾਨੂੰਨ (ਸੋਧ) ਕਾਨੂੰਨ, 2015 ਦੇ ਲਾਗੂ ਹੋਣ ਜਾਂ ਦੇ ਬਾਅਦ, ਕੋਈ ਵੀ ਪ੍ਰਿੰਸੀਪਲ ਏਜੰਟ, ਮੁੱਖ ਏਜੰਟ ਤੇ ਖਾਸ ਏਜੰਟ ਨਿਯੁਕਤ ਨਹੀਂ ਕਰਨਾ ਚਾਹੀਦਾ ਤੇ ਉਹਨਾਂ ਦੇ ਰਾਹੀਂ ਭਾਰਤ ਵਿੱਚ ਕੋਈ ਵੀ ਬੀਮਾ ਕਾਰੋਬਾਰ ਨਹੀਂ ਕਰਨਾ ਚਾਹੀਦਾ।
6) ਕਿਸੇ ਵੀ ਵਿਅਕਤੀ ਨੂੰ ਬਹੁ-ਪੱਧਰੀ ਮਾਰਕੀਟਿੰਗ ਸਕੀਮ ਦੇ ਰਾਹੀਂ ਬੀਮਾ ਪਾਲਸੀ ਲੈਣ, ਨਵਿਆਉਣ ਜਾਂ ਜਾਰੀ ਰੱਖਣ ਲਈ ਕਿਸੇ ਵੀ ਹੋਰ ਵਿਅਕਤੀ ਨੂੰ ਸਿੱਧੇ ਜਾਂ ਅਸਿੱਧੇ ਰੂਪ ਵਿੱਚ ਪ੍ਰੇਰਿਤ ਕਰਨ ਲਈ ਪੇਸ਼ਕਸ਼ ਨਹੀਂ ਕਰਨੀ ਚਾਹੀਦੀ ਹੈ।

7) ਅਥਾਰਟੀ ਆਪਣੇ ਤੌਰ ਉੱਤੇ ਪ੍ਰਮਾਣਿਤ ਕੀਤੇ ਅਧਿਕਾਰੀ ਰਾਹੀਂ ਬਹੁ-ਪੱਧਰੀ ਮਾਰਕੀਟਿੰਗ ਸਕੀਮ ਵਿੱਚ ਸ਼ਾਮਿਲ ਕਿਸੇ ਵੀ ਸੰਸਥਾ ਜਾਂ ਵਿਅਕਤੀ ਦੇ ਸੰਬੰਧ ਵਿੱਚ ਢੁੱਕਵੇਂ ਪੁਲਿਸ ਅਥਾਰਟੀ ਕੋਲ ਸ਼ਿਕਾਇਤ ਕਰ ਸਕਦੀ ਹੈ।

8) ਹਰ ਬੀਮਾਕਰਤਾ ਤੇ ਹਰ ਨਿਯਤ ਅਧਿਕਾਰੀ, ਜੋ ਕਿ ਬੀਮਾ ਏਜੰਟਾਂ ਨੂੰ ਨਿਯੁਕਤ ਕਰਨ ਲਈ ਬੀਮਾਕਰਤਾ ਦੇ ਤੌਰ ਉੱਤੇ ਕੰਮ ਕਰਦਾ ਹੈ, ਨੂੰ ਉਸ ਵਲੋਂ ਨਿਯੁਕਤ ਕੀਤੇ ਹਰੇਕ ਬੀਮਾ ਏਜੰਟ ਦਾ ਨਾਂ ਤੇ ਮਿਤੀ ਅਤੇ ਉਸ ਦੀ ਨਿਯਕੁਤੀ ਦੀ ਮਿਤੀ ਤੇ ਜੇ ਉਸ ਦੀ ਨਿਯੁਕਤ ਰੋਕਣ ਦੀ ਮਿਤੀ ਹੋਵੇ ਉਹ ਵੀ, ਰੱਖਣ ਵਾਲਾ ਰਜਿਸਟਰ ਰੱਖਣਾ ਚਾਹੀਦਾ ਹੈ।

9) ਉੱਤੇ ਦਿੱਤੇ ਗਏ ਰਿਕਾਰਡਾਂ ਨੂੰ ਬੀਮਾਕਰਤਾ ਵਲੋਂ ਬੀਮਾ ਕਰਤਾ ਦੇ ਸੇਵਾ ਵਿੱਚ ਰਹਿਣ ਦੇ ਦੌਰਾਨ ਅਤੇ ਨਿਯੁਕਤੀ ਰੱਦ ਕਰਨ ਦੇ ਬਾਅਦ ਪੰਜ ਸਾਲ ਤੱਕ ਰੱਖਣਾ ਚਾਹੀਦਾ ਹੈ।

ਪਾਠ 5

ਜੀਵਨ ਬੀਮੇ ਦੇ ਕਾਨੂੰਨੀ ਸਿਧਾਂਤ

ਪਾਠ ਜਾਣ-ਪਛਾਣ

ਇਸ ਪਾਠ ਵਿੱਚ, ਅਸੀਂ ਭਾਗਾਂ ਦੇ ਬਾਰੇ ਵਿਚਾਰ ਕਰਾਂਗੇ, ਜਿਹਨਾਂ ਦੇ ਅਧੀਨ ਜੀਵਨ ਬੀਮਾ ਇਕਰਾਰ ਕੰਮ ਕਰਦਾ ਹੈ। ਪਾਠ ਵਿੱਚ ਜੀਵਨ ਬੀਮਾ ਇਕਰਾਰ ਦੇ ਖਾਸ ਲੱਛਣਾਂ ਦੇ ਬਾਰੇ ਵੀ ਜਾਣਕਾਰੀ ਦਿੱਤੀ ਗਈ ਹੈ।

ਸਿੱਖਣ ਨਤੀਜੇ

A. ਬੀਮਾ ਇਕਰਾਰਨਾਮੇ - ਕਾਨੂੰਨੀ ਪੱਖ ਅਤੇ ਖਾਸ ਲੱਛਣ

A. ਬੀਮਾ ਇਕਰਾਰਨਾਮੇ - ਕਾਨੂੰਨੀ ਪੱਖ ਅਤੇ ਖਾਸ ਲੱਛਣ

1. ਬੀਮਾ ਇਕਰਾਰਨਾਮੇ - ਕਾਨੂੰਨੀ ਪੱਖ

a) ਬੀਮਾ ਇਕਰਾਰਨਾਮਾ

ਬੀਮੇ ਵਿੱਚ ਸਮਝੌਤੇ ਦਾ ਇਕਰਾਰਨਾਮਾ ਹੁੰਦਾ ਹੈ, ਜਿਸ ਵਿੱਚ ਬੀਮਾਕਰਤਾ ਇੱਕ ਮੰਨਣਯੋਗ ਕੀਮਤ, ਜਿਸ ਨੂੰ ਪ੍ਰੀਮੀਅਮ ਕਹਿੰਦੇ ਹਨ, ਦੇ ਉੱਤੇ ਵਿੱਤੀ ਸੁਰੱਖਿਆ ਦੇਣ ਲਈ ਸਹਿਮਤ ਹੁੰਦਾ ਹੈ। ਸਮਝੌਤੇ ਦੇ ਤੌਰ ਉੱਤੇ ਇਕਰਾਰਨਾਮਾ ਇੱਕ ਬੀਮਾ ਪਾਲਸੀ ਦਾ ਰੂਪ ਲੈਂਦਾ ਹੈ।

b) ਬੀਮਾ ਇਕਰਾਰਨਾਮੇ ਦੇ ਕਾਨੂੰਨੀ ਪੱਖ

ਅਸੀਂ ਹੁਣ ਬੀਮਾ ਇਕਰਾਰਨਾਮੇ ਵਿੱਚ ਸ਼ਾਮਿਲ ਕੁਝ ਪੱਖਾਂ ਬਾਰੇ ਵਿਚਾਰ ਕਰਾਂਗੇ ਅਤੇ ਫੇਰ ਕਾਨੂੰਨੀ ਸਿਧਾਂਤਾਂ ਬਾਰੇ, ਜੋ ਕਿ ਆਮ ਤੌਰ ਉੱਤੇ ਬੀਮਾ ਇਕਰਾਰਨਾਮਿਆਂ ਲਈ ਹੁੰਦੇ ਹਨ।

ਖਾਸ

ਇੱਕ ਸਮਝੌਤਾ ਧਿਰਾਂ ਵਿਚਕਾਰ ਕਾਨੂੰਨੀ ਤੌਰ ਉੱਤੇ ਲਾਗੂ ਹੋਇਆ ਇਕਰਾਰਨਾਮਾ ਹੁੰਦਾ ਹੈ। ਭਾਰਤੀ ਇਕਰਾਰਨਾਮਾ ਕਾਨੂੰਨ, 1872 ਦੇ ਵਿਧਾਨ ਤਹਿਤ ਭਾਰਤ ਵਿੱਚ ਸਭ ਇਕਰਾਰ ਹੁੰਦੇ ਹਨ, ਜਿਸ ਵਿੱਚ ਬੀਮਾ ਇਕਰਾਰ ਵੀ ਸ਼ਾਮਿਲ ਹਨ।

ਬੀਮਾ ਪਾਲਸੀ ਇਕਰਾਰਨਾਮਾ ਹੈ, ਜੋ ਕਿ ਦੋ ਧਿਰਾਂ, ਕੰਪਨੀ, ਜੋ ਕਿ **ਬੀਮਾ-ਕਰਤਾ** ਹੈ ਅਤੇ ਪਾਲਸੀ ਧਾਰਕ, ਜਿਸ ਨੂੰ **ਬੀਮਤ** ਕਹਿੰਦੇ ਹਨ, ਦੇ ਵਿਚਾਲੇ ਭਾਰਤੀ ਇਕਰਾਰਨਾਮਾ ਕਾਨੂੰਨੀ, 1872 ਦੇ ਨਿਯਮਾਂ ਦੇ ਤਹਿਤ ਕੀਤਾ ਜਾਂਦਾ ਹੈ।

Diagram 1: ਬੀਮਾ ਇਕਰਾਰਨਾਮਾ



c) ਜਾਇਜ਼ ਇਕਰਾਰ ਦੇ ਭਾਗ

Diagram 2: ਜਾਇਜ਼ ਇਕਰਾਰ ਦੇ ਭਾਗ



ਇੱਕ ਜਾਇਜ਼ ਇਕਰਾਰ ਦੇ ਭਾਗ ਹਨ:

i. ਪੇਸ਼ਕਸ਼ ਅਤੇ ਮਨਜ਼ੂਰੀ

ਜਦੋਂ ਇੱਕ ਵਿਅਕਤੀ ਦੂਜੇ ਨੂੰ ਕਰਨ ਜਾਂ ਕੋਈ ਵੀ ਕੰਮ ਲਈ ਹੋਰ ਤੋਂ ਮਨਜ਼ੂਰੀ ਲੈਣ ਨੂੰ ਵੇਖਦੇ ਹੋਏ ਇੰਝ ਕਰਨ ਤੋਂ ਪਰਹੇਜ਼ ਕਰਨ ਲਈ ਆਪਣੀ ਇੱਛਾ ਜ਼ਾਹਿਰ ਕਰੇ ਤਾਂ ਉਸ ਵਲੋਂ ਪੇਸ਼ਕਸ਼ ਕਰਨਾ ਕਿਹਾ ਜਾਂਦਾ ਹੈ। ਆਮ ਤੌਰ ਉੱਤੇ, ਪੇਸ਼ਕਰਤਾ ਵਲੋਂ ਪੇਸ਼ਕਸ਼ ਕੀਤੀ ਜਾਂਦੀ ਹੈ ਅਤੇ ਬੀਮਾਕਰਤਾ ਵਲੋਂ ਉਸ ਨੂੰ ਮਨਜ਼ੂਰ ਕੀਤਾ ਜਾਂਦਾ ਹੈ।

ਜਦੋਂ ਵਿਅਕਤੀ, ਜਿਸ ਨੂੰ ਪੇਸ਼ਕਸ਼ ਕੀਤੀ ਗਈ ਹੈ, ਆਪਣੀ ਸਹਿਮਤੀ ਦਿੰਦਾ ਹੈ ਤਾਂ ਇਸ ਨੂੰ ਮਨਜ਼ੂਰ ਕੀਤਾ ਮੰਨਿਆ ਜਾਂਦਾ ਹੈ। ਇਸਕਰਕੇ, ਜਦੋਂ ਪੇਸ਼ਕਸ਼ ਮਨਜ਼ੂਰ ਹੋ ਜਾਂਦੀ ਹੈ ਤਾਂ ਇਹ ਵਾਅਦਾ ਬਣ ਜਾਂਦੀ ਹੈ।

ਮਨਜ਼ੂਰੀ ਦੇ ਬਾਰੇ ਪੇਸ਼ਕਰਤਾ ਨੂੰ ਸੂਚਨਾ ਦੇਣ ਦੀ ਲੋੜ ਹੁੰਦੀ ਹੈ, ਜਿਸ ਦੇ ਨਤੀਜੇ ਵਜੋਂ ਇਕਰਾਰਨਾਮਾ ਤਿਆਰ ਹੁੰਦਾ ਹੈ।

ਜਦੋਂ ਪੇਸ਼ਕਰਤਾ ਬੀਮਾ ਸਕੀਮ ਦੀਆਂ ਮੱਦਾਂ ਦੀ ਮਨਜ਼ੂਰ ਕਰਦਾ ਹੈ ਅਤੇ ਜ਼ਮ੍ਹਾਂ ਰਕਮ ਦਾ ਭੁਗਤਾਨ ਕਰਕੇ ਉਸ ਦੀ ਸਹਿਮਤੀ ਦਰਸਾਉਂਦਾ ਹੈ, ਜੋ ਕਿ ਪੇਸ਼ਕਸ਼ ਮਨਜ਼ੂਰ ਕਰਨ ਉੱਤੇ ਪਹਿਲੇ ਪ੍ਰੀਮੀਅਮ ਦੇ ਰੂਪ ਵਿੱਚ ਬਦਲ ਜਾਂਦੀ ਹੈ ਤਾਂ ਪੇਸ਼ਕਸ਼ ਪਾਲਸੀ ਬਣ ਜਾਂਦੀ ਹੈ।

ਜੇ ਕੋਈ ਸ਼ਰਤ ਰੱਖੀ ਗਈ ਹੈ ਤਾਂ ਇਹ ਉਲਟ ਪੇਸ਼ਕਸ਼ ਬਣ ਜਾਂਦੀ ਹੈ।

ਪਾਲਸੀ ਬੌਂਡ ਇਕਰਾਰਨਾਮੇ ਦਾ ਸਬੂਤ ਬਣ ਜਾਂਦਾ ਹੈ।

ii. ਵਿਚਾਰ

ਇਸ ਦਾ ਭਾਵ ਹੈ ਕਿ ਇਕਰਾਰਨਾਮੇ ਵਿੱਚ ਧਿਰਾਂ ਦਾ ਕੁਝ ਆਪਸੀ ਫਾਇਦਾ ਹੋਣਾ ਚਾਹੀਦਾ ਹੈ। ਬੀਮਤ ਵਲੋਂ ਪ੍ਰੀਮੀਅਮ ਵਿਚਾਰਨਯੋਗ ਹੈ ਅਤੇ ਹਰਜ਼ਾਨਾ ਦੇਣ ਦਾ ਵਾਅਦਾ ਬੀਮਾਕਰਤਾ ਵਲੋਂ ਵਿਚਾਰਨਯੋਗ ਹੈ।

iii. ਧਿਰਾਂ ਵਿੱਚ ਸਹਿਮਤੀ

ਦੋਵੇਂ ਧਿਰਾਂ ਵਿੱਚ ਇੱਕ ਚੀਜ਼ ਬਾਰੇ ਇੱਕ ਹੀ ਭਾਵਨਾ ਵਿੱਚ ਸਹਿਮਤੀ ਹੋਣੀ ਚਾਹੀਦੀ ਹੈ। ਦੂਜੇ ਸ਼ਬਦਾਂ ਵਿੱਚ, ਦੋਵਾਂ ਧਿਰਾਂ ਵਿਚਾਲੇ "ਕਥਿਤ ਆਮ ਸਸਰਬਸੰਮਤੀ" ਹੋਣਾ ਚਾਹੀਦਾ ਹੈ। ਬੀਮਾ ਕੰਪਨੀ ਅਤੇ ਪਾਲਸੀ-ਧਾਰਕ ਦੋਵਾਂ ਨੂੰ ਇੱਕ

ਭਾਵਨਾ ਵਿੱਚ ਇੱਕ ਵਿਚਾਰ ਉੱਤੇ ਸਹਿਮਤ ਹੋਣਾ ਜ਼ਰੂਰੀ ਹੈ।

iv. ਮੁਕਤ ਰਜ਼ਾਮੰਦੀ

ਇਕਰਾਰਨਾਮੇ ਨੂੰ ਮੰਨਣ ਦੇ ਦੌਰਾਨ ਮੁਕਤ ਰਜ਼ਾਮੰਦੀ ਹੋਣੀ ਚਾਹੀਦੀ ਹੈ।

ਰਜ਼ਾਮੰਦੀ ਨੂੰ ਮੁਕਤ ਕਿਹਾ ਜਾਂਦਾ ਹੈ, ਜਦੋਂ ਇਹ ਹੇਠ ਦਿੱਤੇ ਕਾਰਨਾਂ ਦੇ ਅਧੀਨ ਨਾ ਹੋਵੇ

- ✓ ਦਬਾਅ
- ✓ ਨਾਜਾਇਜ਼ ਪ੍ਰਭਾਵ
- ✓ ਧੋਖਾ
- ✓ ਗਲਤ ਬਿਆਨੀ
- ✓ ਗਲਤੀ

ਜਦੋਂ ਇਕਰਾਰ ਲਈ ਸਹਿਮਤੀ ਦਬਾਅ, ਧੋਖੇ ਜਾਂ ਗਲਤ-ਬਿਆਨੀ ਨਾਲ ਦਿੱਤੀ ਜਾਂਦੀ ਹੈ ਤਾਂ ਇਕਰਾਰਨਾਮੇ ਨੂੰ ਰੱਦ ਮੰਨਿਆ ਜਾਂਦਾ ਹੈ।

v. ਧਿਰਾਂ ਦੀ ਸਮੱਰਥਾ

ਸਮਝੌਤੇ ਲਈ ਦੋਵੇਂ ਧਿਰਾਂ ਸਮਝੌਤਾ ਕਰਨ ਦੇ ਕਾਨੂੰਨੀ ਤੌਰ ਉੱਤੇ ਯੋਗ ਹੋਣੀਆਂ ਚਾਹੀਦੀਆਂ ਹਨ। ਪਾਲਸੀਧਾਰਕ ਵਲੋਂ ਪੇਸ਼ਕਸ਼ ਉੱਤੇ ਦਸਤਖਤ ਕਰਨ ਸਮੇਂ ਉਸ ਦੀ ਉਮਰ ਬਾਲਗ ਹੋਣੀ ਚਾਹੀਦੀ ਹੈ ਅਤੇ ਉਹ ਦਿਮਾਗੀ ਤੌਰ ਉੱਤੇ ਠੀਕ ਅਤੇ ਕਾਨੂੰਨੀ ਤੌਰ ਉੱਤੇ ਆਯੋਗ ਨਹੀਂ ਹੋਣਾ ਚਾਹੀਦਾ ਹੈ। ਉਦਾਹਰਨ ਲਈ , ਨਾਬਾਲਗ ਬੀਮਾ ਸਮਝੌਤੇ ਨਹੀਂ ਕਰ ਸਕਦੇ ਹਨ।

vi. ਕਾਨੂੰਨੀ ਹੈਸੀਅਤ

ਸਮਝੌਤੇ ਦਾ ਮਕਸਦ ਕਾਨੂੰਨੀ ਹੋਣਾ ਚਾਹੀਦਾ ਹੈ, ਉਦਾਹਰਨ ਲਈ ਸਮਗਲ ਕੀਤੇ ਸਾਮਾਨ ਦਾ ਬੀਮਾ ਨਹੀਂ ਹੋ ਸਕਦਾ ਹੈ। ਹਰ ਇਕਰਾਰਨਾਮਾ, ਜਿਸ ਦਾ ਮਕਸਦ ਜਾਂ ਵਿਵਾਦ ਗੈਰ-ਕਾਨੂੰਨੀ ਹੋਵੇ, ਰੱਦ ਹੁੰਦਾ ਹੈ। ਬੀਮਾ ਇਕਰਾਰਨਾਮੇ ਦੀ ਵਿਸ਼ਾ ਕਾਨੂੰਨੀ ਵਿਸ਼ਾ ਹੋਣਾ ਚਾਹੀਦਾ ਹੈ।

ਖਾਸ

i. ਦਬਾਅ - ਮੁਜਰਮਾਨਾ ਢੰਗਾਂ ਨਾਲ ਦਬਾਅ ਪਾਉਣਾ।

ii. **ਦਬਾਅ ਅਧੀਨ** - ਜਦੋਂ ਵਿਅਕਤੀ, ਜੋ ਕਿ ਹੋਰ ਦੀ ਇੱਛਾ ਉੱਤੇ ਪ੍ਰਭਾਵ ਪਾਉਣ ਦੇ ਸਮਰੱਥ ਹੁੰਦਾ ਹੈ, ਆਪਣੇ ਅਹੁਦੇ ਦੀ ਵਰਤੋਂ ਹੋਰ ਤੋਂ ਨਜ਼ਾਇਜ਼ ਫਾਇਦਾ ਲੈਣ ਲਈ ਕਰਦਾ ਹੈ।

iii. **ਧੋਖਾ** - ਜਦੋਂ ਇੱਕ ਵਿਅਕਤੀ ਹੋਰ ਕਿਸੇ ਨੂੰ ਅਜਿਹੀ ਪੇਸ਼ਕਸ਼, ਜਿਸ ਉੱਤੇ ਹੋਰ ਭਰੋਸਾ ਨਹੀਂ ਕਰ ਸਕਦਾ ਹੈ, ਦੇ ਕਾਰਨ ਗਲਤ ਭਰੋਸੇ ਉੱਤੇ ਲੁਭਾਉਣ ਦਾ ਯਤਨ ਕਰਦਾ ਹੈ। ਇਹ ਤੱਥਾਂ ਨੂੰ ਲੁਕਾ ਕੇ ਵਿਚਾਰ ਦੇਣ ਜਾਂ ਉਹਨਾਂ ਨੂੰ ਗਲਤ ਦਰਸਾਉਣ ਦੇ ਕਾਰਨ ਹੋ ਸਕਦਾ ਹੈ।

iv. **ਗਲਤੀ** - ਕਿਸੇ ਦੇ ਗਿਆਨ ਜਾਂ ਵਿਸ਼ਵਾਸ਼ ਜਾਂ ਇੱਕ ਵਿਚਾਰ ਜਾਂ ਘਟਨਾ ਨੂੰ ਪ੍ਰਗਟ ਕਰਨ ਵਿੱਚ ਗਲਤੀ ਇਸ ਨਾਲ ਇਕਰਾਰੇ ਦੇ ਵਿਸ਼ੇ ਬਾਰੇ ਸਮਝਣ ਅਤੇ ਸਹਿਮਤ ਹੋਣ ਵਿੱਚ ਗਲਤੀ ਆ ਸਕਦੀ ਹੈ।

---

2. ਬੀਮਾ ਇਕਰਾਰਨਾਮਾ - ਖਾਸ ਫੀਚਰ

a) ਪਰਮ ਵਿਸ਼ਵਾਸ਼ ਜਾਂ ਬੇਹੱਦ ਚੰਗਾ ਯਕੀਨ

ਇਹ ਬੀਮਾ ਇਕਰਾਰਨਾਮੇ ਦੇ ਮੁੱਢਲੇ ਸਿਧਾਂਤਾਂ ਵਿੱਚੋਂ ਇੱਕ ਹੈ। ਇਸ ਨੂੰ ਅਤਿ-ਚੰਗਾ ਵਿਸ਼ਵਾਸ਼ ਵੀ ਕਹਿੰਦੇ ਹਨ, ਇਸ ਦਾ ਭਾਵ ਹੈ ਕਿ ਇਕਰਾਰਨਾਮੇ ਦੀ ਹਰੇਕ ਧਿਰ ਵਲੋਂ ਬੀਮੇ ਦੀ ਵਿਸ਼ਾ ਵਸਤੂ ਬਾਰੇ ਸਭ ਪ੍ਰਮੱਖ ਜਾਣਕਾਰੀ ਦੇਣੀ ਜ਼ਰੂਰੀ ਹੈ

ਚੰਗੇ ਵਿਸ਼ਵਾਸ਼ ਅਤੇ ਅਤਿ ਚੰਗੇ ਵਿਸ਼ਵਾਸ਼ ਵਿੱਚ ਅੰਤਰ ਹੋ ਸਕਦਾ ਹੈ। ਸਭ ਵਪਾਰਕ ਇਕਰਾਰਾਂ ਵਿੱਚ ਆਮ ਤੌਰ ਉੱਤੇ ਚੰਗੇ ਯਕੀਨ ਉਹਨਾਂ ਦੇ ਲੈਣ-ਦੇਣ ਵਿੱਚ ਵਿਚਾਰਿਆ ਜਾਂਦਾ ਹੈ ਅਤੇ ਕੋਈ ਵੀ ਧੋਖਾ ਜਾਂ ਫ਼ਰੇਬ ਨਹੀਂ ਹੋਣਾ ਚਾਹੀਦਾ ਹੈ, ਜਦੋਂ ਜਾਣਕਾਰੀ ਦਿੱਤੀ ਜਾ ਰਹੀ ਹੋਵੇ। ਚੰਗੇ ਯਕੀਨ ਦੇ ਇਹ ਕਾਨੂੰਨੀ ਫ਼ਰਜ਼ ਤੋਂ ਇਲਾਵਾ ਵੇਚਣ ਵਾਲਾ ਇਕਰਾਰ ਦੇ ਵਿਸ਼ੇ ਬਾਰੇ ਕੋਈ ਵੀ ਜਾਣਕਾਰੀ ਨੂੰ ਵੇਚਣ ਵਾਲੇ ਨੂੰ ਦੱਸਣ ਲਈ ਪ੍ਰਤਿਬੰਧ ਨਹੀਂ ਹੈ।

ਇੱਥੇ ਦੇਖਿਆ ਜਾਣ ਵਾਲੇ ਨਿਯਮ ਨੂੰ "**ਕੇਵੀਏਟ ਇੰਪਟਾਰ (Caveat Emptor)**" ਕਹਿੰਦੇ ਹਨ, ਜਿਸ ਦਾ ਭਾਵ ਹੈ ਕਿ **ਖਰੀਦਦਾਰ ਸਾਵਧਾਨ**। ਇਕਰਾਰ ਕਰਨ ਵਾਲੀਆਂ ਧਿਰਾਂ ਵਲੋਂ ਇਕਰਾਰ ਦੇ ਵਿਸ਼ੇ ਨੂੰ ਨਿਰੀਖਣ ਦੀ

ਉਮੀਦ ਕੀਤੀ ਜਾਂਦੀ ਹੈ ਅਤੇ ਜਦੋਂ ਤੱਕ ਇੱਕ ਧਿਰ ਦੂਜੀ ਨੂੰ ਧੋਖਾ ਨਹੀਂ ਦਿੰਦੀ ਅਤੇ ਜਵਾਬ ਇਮਾਨਦਾਰ ਦਿੰਦੀ ਹੈ, ਉਦੋਂ ਤੱਕ ਦੂਜੀ ਧਿਰ ਵਲੋਂ ਇਕਰਾਰ ਨੂੰ ਰੱਦ ਕਰਨ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ ਹੈ।

ਬੇਹੱਦ ਚੰਗਾ ਯਕੀਨ: ਬੀਮਾ ਇਕਰਾਰਨਾਮੇ ਦਾ ਅਧਾਰ ਵੱਖ ਹੁੰਦੇ ਹਨ। ਪਹਿਲਾਂ ਤਾਂ ਇਕਰਾਰਨਾਮੇ ਦੀ ਵਿਸ਼ਾ ਵਸਤੂ ਅਛੋਹ ਹੁੰਦੀ ਹੈ ਅਤੇ ਬੀਮਾਕਰਤਾ ਵਲੋਂ ਸਿੱਧੀ ਨਿਗਰਾਨੀ ਜਾਂ ਤਜਰਬੇ ਨਾਲ ਜਾਣੀ ਨਹੀਂ ਜਾ ਸਕਦੀ ਹੈ। ਫੇਰ ਕਈ ਤੱਥ ਹੁੰਦੇ ਹਨ, ਜੋ ਕਿ ਉਹਨਾਂ ਦੇ ਸੁਭਾਅ ਅਨੁਸਾਰ, ਕੇਵਲ ਪੇਸ਼ਕਰਤਾ ਨੂੰ ਹੀ ਪਤਾ ਹੋ ਸਕਦੇ ਹਨ। ਬੀਮਾਕਰਤਾ ਜਾਣਕਾਰੀ ਲਈ ਕੇਵਲ ਪੇਸ਼ਕਰਤਾ ਉੱਤੇ ਹੀ ਨਿਰਭਰ ਹੁੰਦਾ ਹੈ।

ਇਸਕਰਕੇ ਪੇਸ਼ਕਰਤਾ ਦਾ ਇਹ ਕਾਨੂੰਨੀ ਫਰਜ਼ ਹੈ ਕਿ ਬੀਮੇ ਦੇ ਵਿਸ਼ੇ ਬਾਰੇ ਸਭ ਜ਼ਰੂਰੀ ਜਾਣਕਾਰੀ ਬੀਮਾ ਕਰਤਾ ਨੂੰ ਦੇਵੇ, ਜਿਸ ਕੋਲ ਇਹ ਜਾਣਕਾਰੀ ਨਹੀਂ ਹੈ।

ਉਦਾਹਰਨ

ਡੇਵਿਡ ਨੇ ਜੀਵਨ ਬੀਮਾ ਪਾਲਸੀ ਲਈ ਪੇਸ਼ਕਸ਼ ਕੀਤੀ ਹੈ। ਪਾਲਸੀ ਲਈ ਅਪਲਾਈ ਕਰਨ ਦੇ ਦੌਰਾਨ, ਡੇਵਿਡ ਡਾਇਬਟੀਜ਼ ਤੋਂ ਪੀੜਿਤ ਸੀ ਅਤੇ ਇਸ ਦਾ ਇਲਾਜ ਚੱਲਦਾ ਸੀ। ਪਰ ਡੇਵਿਡ ਨੇ ਇਹ ਤੱਥ ਬਾਰੇ ਜੀਵਨ ਬੀਮਾ ਕੰਪਨੀ ਨੂੰ ਜਾਣਕਾਰੀ ਨਹੀਂ ਦਿੱਤੀ। ਡੇਵਿਡ ਆਪਣੇ ਤੀਹਵਿਆਂ ਵਿੱਚੋਂ ਹੈ, ਇਸਕਰਕੇ ਜੀਵਨ ਬੀਮਾ ਕੰਪਨੀ ਨੇ ਡੇਵਿਡ ਨੂੰ ਬਿਨਾਂ ਮੈਡੀਕਲ ਜਾਂਚ ਕਰਵਾਏ ਪਾਲਸੀ ਜਾਰੀ ਕਰ ਦਿੱਤੀ ਹੈ। ਕੁਝ ਸਾਲਾਂ ਦੇ ਬਾਅਦ ਡੇਵਿਡ ਦੀ ਸਿਹਤ ਖਰਾਬ ਹੋ ਗਈ ਅਤੇ ਉਸ ਨੂੰ ਹਸਪਤਾਲ ਭਰਤੀ ਕੀਤਾ ਗਿਆ ਸੀ। ਡੇਵਿਡ ਠੀਕ ਨਹੀਂ ਹੋ ਸਕਿਆ ਅਤੇ ਅਗਲੇ ਕੁਝ ਦਿਨਾਂ ਵਿੱਚ ਮਰ ਗਿਆ। ਜੀਵਨ ਬੀਮਾ ਕੰਪਨੀ ਨੂੰ ਦਾਅਵਾ ਪੇਸ਼ ਕੀਤਾ ਗਿਆ।

ਡੇਵਿਡ ਦੇ ਨਾਮਜ਼ਦ ਨੂੰ ਹੈਰਾਨੀ ਹੋਈ, ਜਦੋਂ ਜੀਵਨ ਬੀਮਾ ਕੰਪਨੀ ਨੇ ਦਾਅਵਾ ਰੱਦ ਕਰ ਦਿੱਤਾ। ਆਪਣੀ ਜਾਂਚ ਵਿੱਚ ਬੀਮਾ ਕੰਪਨੀ ਨੂੰ ਪਤਾ ਲੱਗਾ ਕਿ ਡੇਵਿਡ ਅਸਲ ਵਿੱਚ ਪਾਲਸੀ ਲੈਣ ਸਮੇਂ ਡਾਇਬਟੀਜ਼ ਤੋਂ ਪੀੜਤ ਸੀ ਅਤੇ ਇਹ ਜਾਣਕਾਰੀ ਡੇਵਿਡ ਵਲੋਂ ਜਾਣ ਬੁੱਝ ਕੇ ਨਹੀਂ ਦਿੱਤੀ ਗਈ। ਇਸਕਰਕੇ ਬੀਮਾ ਇਕਰਾਰਨਾਮੇ ਨੂੰ ਮਨਸੂਖ ਕਰ ਦਿੱਤਾ ਗਿਆ ਅਤੇ ਦਾਅਵੇ ਨੂੰ ਰੱਦ ਕਰ ਦਿੱਤਾ ਗਿਆ।

ਜ਼ਰੂਰੀ ਜਾਣਕਾਰੀ ਉਹ ਜਾਣਕਾਰੀ ਹੈ ਜੋ ਕਿ ਬੀਮਾ ਕਰਤਾ ਨੂੰ ਫੈਸਲਾ ਕਰਨ ਦੇ ਯੋਗ ਕਰਦੀ ਹੈ:

- ✓ ਕੀ ਉਹ ਜ਼ੋਖਿਮ ਨੂੰ ਮਨਜ਼ੂਰ ਕਰਨਗੇ?
- ✓ ਜੇ ਹਾਂ ਤਾਂ ਕਿਸ ਪ੍ਰੀਮੀਅਮ ਦਰ ਅਤੇ ਕਿਹੜੀਆਂ ਸ਼ਰਤਾਂ ਤੇ ਨਿਯਮਾਂ ਤਹਿਤ?

ਇਹ ਬੇਹੱਦ ਚੰਗਾ ਯਕੀਨ ਆਮ ਕਾਨੂੰਨ ਦੇ ਅਧੀਨ ਆਉਂਦਾ ਹੈ। ਫ਼ਰਜ਼ ਨਾ ਕੇਵਲ ਅਸਲ ਤੱਥਾਂ, ਜੋ ਕਿ ਪੇਸ਼ਕਰਤਾ ਨੂੰ ਪਤਾ ਹੈ, ਲਈ ਲਾਗੂ ਹੁੰਦੇ ਹਨ, ਬਲਕਿ ਅਸਲ ਤੱਥਾਂ ਤੱਕ ਵੀ ਲਾਗੂ ਹੁੰਦੇ ਹਨ, ਜਿਹਨਾਂ ਦਾ ਉਸ ਨੂੰ ਪਤਾ ਹੋਣਾ ਚਾਹੀਦਾ ਹੈ।

ਉਦਾਹਰਨ

ਹੇਠਾਂ ਕੁਝ ਪ੍ਰਮੁੱਖ ਤੱਥਾਂ ਦੀਆਂ ਉਦਾਹਰਨਾਂ ਦਿੱਤੀਆਂ ਹਨ, ਜੋ ਕਿ ਪੇਸ਼ਕਰਤਾ ਨੂੰ ਪੇਸ਼ਕਸ਼ ਕਰਨ ਦੇ ਦੌਰਾਨ ਦੱਸਣੀਆਂ ਚਾਹੀਦੀਆਂ ਹਨ:

i. **ਜੀਵਨ ਬੀਮਾ:** ਆਪਣਾ ਮੈਡੀਕਲ ਅਤੀਤ, ਖਾਨਦਾਨੀ ਬੀਮਾਰੀਆਂ ਲਈ ਪਰਿਵਾਰਿਕ ਅਤੀਤ, ਆਦਤਾਂ ਜਿਵੇਂ ਕਿ ਸਿਗਰਟ ਤੇ ਸ਼ਰਾਬ ਪੀਣੀ, ਕੰਮ ਤੋਂ ਛੁੱਟੀਆਂ, ਉਮਰ , ਆਦਲਤਾਂ, ਵਿੱਤੀ ਜਾਣਕਾਰੀ ਜਿਵੇਂ ਕਿ ਪੇਸ਼ਕਰਤਾ ਦੀ ਆਮਦਨ, ਪਹਿਲਾਂ ਕਰਵਾਈਆਂ ਜੀਵਨ ਬੀਮਾ ਪਾਲਸੀਆਂ, ਅਹੁਦਾ ਆਦਿ।
ii. **ਅੱਗ ਬੀਮਾ:** ਇਮਾਰਤ ਦਾ ਨਿਰਮਾਣ ਤੇ ਵਰਤੋਂ, ਇਮਾਰਤ ਦੀ ਉਮਰ , ਇਮਾਰਤ ਵਿੱਚ ਸਮਾਨ ਦੀ ਕਿਸਮ ਆਦਿ।
iii. **ਜਹਾਜ਼ੀ ਬੀਮਾ:** ਸਮਾਨ ਦਾ ਵੇਰਵਾ, ਪੈਕ ਕਰਨ ਦਾ ਢੰਗ ਆਦਿ।
iv. **ਮੋਟਰ ਬੀਮਾ:** ਵਹੀਕਲ ਦੀ ਕਿਸਮ, ਖਰੀਦ ਦੀ ਮਿਤੀ, ਡਰਾਇਵਰ ਦਾ ਵੇਰਵਾ ਆਦਿ।

ਬੀਮਾ ਇਕਰਾਰਨਾਮੇ ਬਹੁਤ ਵੱਧ ਜ਼ਿੰਮੇਵਾਰੀ ਦੇ ਅਧੀਨ ਆਉਂਦੇ ਹਨ। ਜਦੋਂ ਇਹ ਬੀਮੇ ਦੀ ਗੱਲ ਹੈ ਤਾਂ ਚੰਗੇ ਯਕੀਨ ਇਕਰਾਰਨਾਮੇ ਬੇਹੱਦ ਚੰਗੇ ਯਕੀਨ ਇਕਰਾਰਨਾਮੇ ਬਣਦੇ ਹਨ।

ਪਰਿਭਾਸ਼ਾ

"ਪਰਮ ਵਿਸ਼ਵਾਸ਼ (Uberrima fides)" ਦੇ ਸਿਧਾਂਤ ਨੂੰ "ਪੇਸ਼ ਕੀਤੇ ਜਾ ਰਹੇ ਸਭ ਅਸਲ ਤੱਥਾਂ ਨੂੰ ਠੀਕ ਅਤੇ ਪੂਰੀ ਤਰ੍ਹਾਂ ਵਲੰਟੀਅਰ ਤੌਰ ਉੱਤੇ ਪੇਸ਼ ਕਰਨ ਦਾ ਜ਼ਰੂਰੀ ਫ਼ਰਜ਼ ਹੈ, ਇਸ ਬਾਰੇ ਪੁੱਛਿਆ ਜਾਵੇ ਜਾਂ ਨਾ।"

ਜੇ ਕਿਸੇ ਵੀ ਧਿਰ ਵਲੋਂ ਅਤਿ ਚੰਗੇ ਵਿਸ਼ਵਾਸ਼ ਦੇ ਲਈ ਸ਼ੱਕ ਹੋਵੇ ਤਾਂ ਕਿਸੇ ਵੀ ਧਿਰ ਵਲੋਂ ਇਕਰਾਰ ਨੂੰ ਰੱਦ ਕੀਤਾ ਜਾ ਸਕਦਾ ਹੈ। ਇਸ ਦਾ ਲਾਜ਼ਮੀ ਰੂਪ ਵਿੱਚ ਭਾਵ ਹੈ ਕਿ ਕਿਸੇ ਨੂੰ ਵੀ ਆਪਣੇ ਗਲਤ ਕੰਮਾਂ ਦਾ ਫਾਇਦਾ ਲੈਣ ਦੀ ਇਜ਼ਾਜ਼ਤ ਨਹੀਂ ਹੁੰਦੀ ਹੈ, ਖਾਸ ਤੌਰ ਉੱਤੇ ਬੀਮੇ ਦਾ ਇਕਰਾਰਨਾਮਾ ਕਰਨ ਸਮੇਂ।

ਇਹ ਉਮੀਦ ਕੀਤੀ ਜਾਂਦੀ ਹੈ ਕਿ ਬੀਮਤ ਬੀਮਾ ਇਕਰਾਰਨਾਮੇ ਲਈ ਤੱਥਾਂ ਦੇ ਸੰਬੰਧ ਵਿੱਚ ਕੋਈ ਵੀ ਗਲਤ ਜਾਣਕਾਰੀ ਨਹੀਂ ਦੇਵੇਗਾ। ਬੀਮਤ ਵਲੋਂ ਸਭ ਢੁੱਕਵੇਂ ਤੱਥਾਂ ਬਾਰੇ ਜਾਣਕਾਰੀ ਦਿੱਤੀ ਜਾਣੀ ਚਾਹੀਦੀ ਹੈ। ਜੇ ਇਹ ਸ਼ਰਤ ਨਾ ਹੁੰਦੀ ਤਾਂ ਬੀਮਾ ਲੈਣ ਵਾਲਾ ਵਿਅਕਤੀ ਕੁਝ ਤੱਥਾਂ ਦੇ ਬਾਰੇ ਜਾਣਾਕਰੀ ਨਾ ਦਿੰਦਾ, ਜੋ ਕਿ ਵਿਸ਼ਾ ਵਸਤੂ ਦੇ ਜੋਖਿਮ ਨੂੰ ਪ੍ਰਭਾਵਿਤ ਕਰਦੇ ਹਨ ਅਤੇ ਨਜਾਇਜ਼ ਫਾਇਦਾ ਲੈ ਲੈਂਦਾ।

ਪਾਲਸੀਧਾਰਕ ਵਲੋਂ ਆਪਣੀ ਸਿਹਤ, ਪਰਿਵਾਰਿਕ ਅਤੀਤ, ਆਮਦਨ, ਰੁਜ਼ਗਾਰ ਆਦਿ ਦੀ ਸਥਿਤੀ ਬਾਰੇ ਜਾਣਕਾਰੀ ਬਿਨਾਂ ਕਿਸੇ ਖਾਸ ਤੱਥ ਨੂੰ ਓਹਲੇ ਰੱਖੇ ਦੱਸਣ ਦੀ ਉਮੀਦ ਕੀਤੀ ਜਾਂਦੀ ਹੈ ਤਾਂ ਕਿ ਅੰਡਰਰਾਈਟਰ ਜੋਖਿਮ ਨੂੰ ਠੀਕ ਢੰਗ ਨਾਲ ਪਤਾ ਲਗਾ ਸਕੇ। ਪੇਸ਼ਕਸ਼ ਵਿੱਚ ਜਾਣਕਾਰੀ ਦੇਣ ਜਾਂ ਗਲਤ ਜਾਣਕਾਰੀ ਦੇਣ, ਜੋ ਕਿ ਅੰਡਰਰਾਈਟਰ ਦੇ ਫੈਸਲੇ ਨੂੰ ਪ੍ਰਭਾਵਿਤ ਕਰ ਸਕਦੀ ਹੈ, ਦੇ ਹਾਲਤ ਵਿੱਚ, ਜੋ ਬੀਮਾਕਰਤਾ ਕੋਲ ਇਕਰਾਰ ਨੂੰ ਰੱਦ ਕਰਨ ਦਾ ਅਧਿਕਾਰ ਹੁੰਦਾ ਹੈ।

ਕਾਨੂੰਨ ਸਭ ਮੁੱਖ ਤੱਥਾਂ ਨੂੰ ਪ੍ਰਗਟ ਕਰਨ ਲਈ ਜ਼ਿੰਮੇਵਾਰੀ ਲਗਾਉਂਦਾ ਹੈ

ਉਦਾਹਰਨ

ਇੱਕ ਅਧਿਕਾਰੀ ਨੂੰ ਹਾਈਪਰਟੈਨਸ਼ਨ ਹੈ ਅਤੇ ਹਲਕਾ ਦਿਲ ਦਾ ਦੌਰਾਨ ਹੁਣੇ ਹੀ ਹੋਇਆ ਸੀ, ਜਿਸ ਦੇ ਬਾਅਦ ਉਸ ਨੂੰ ਮੈਡੀਕਲ ਪਾਲਸੀ ਲੈਣ ਦਾ ਫੈਸਲਾ ਕੀਤਾ ਹੈ, ਪਰ ਆਪਣੀ ਅਸਲ ਹਾਲਤ ਬਾਰੇ ਨਹੀਂ ਦੱਸਿਆ। ਇਸਕਰਕੇ ਬੀਮਾ ਕਰਤਾ ਨੂੰ ਬੀਮਤ ਨੇ ਗਲਤ ਤੱਥ ਦਰਸਾ ਕੇ ਪੇਸ਼ਕਸ਼ ਮਨਜ਼ੂਰ ਕਰਨ ਲਈ ਧੋਖੇ ਦਾ ਸ਼ਿਕਾਰ ਬਣਾਇਆ।

ਵਿਅਕਤੀ ਦੇ ਦਿਲ ਵਿੱਚ ਛੇਕ ਹੈ ਅਤੇ ਇਸ ਬਾਰੇ ਪੇਸ਼ਕਸ਼ ਫਾਰਮ ਵਿੱਚ ਜਾਰੀ ਦਿੱਤੀ ਗਈ ਬੀਮਾ ਕਰਤਾ ਵਲੋਂ ਇਸ ਨੂੰ ਮਨਜ਼ੂਰ ਕਰ ਲਿਆ ਗਿਆ ਹੈ ਅਤੇ ਪੇਸ਼ਕਰਤਾ ਨੂੰ ਦੱਸਿਆ ਨਹੀਂ ਗਿਆ ਕਿ ਪਹਿਲਾਂ-ਮੌਜੂਦਾ ਬੀਮਾਰੀਆਂ ਨੂੰ ਘੱਟੋ-ਘੱਟ 4 ਸਾਲ ਲਈ ਬੀਮਾ ਸੁਰੱਖਿਆ ਨਹੀਂ ਹੁੰਦੀ ਹੈ। ਇਹ ਬੀਮਾ ਕਰਤਾ ਵਲੋਂ ਤੱਥਾਂ ਦਾ ਭੁਲੇਖਾ ਪਾਉਣਾ ਹੈ।

---

b) ਪ੍ਰਮੁੱਖ ਤੱਥ

ਪਰਿਭਾਸ਼ਾ

ਜ਼ਰੂਰੀ ਤੱਥ ਨੂੰ ਤੱਥ ਵਜੋਂ ਦਰਸਾਇਆ ਜਾਂਦਾ ਹੈ, ਜੋ ਕਿ ਬੀਮਾ ਅੰਡਰਰਾਈਟਰ ਦੇ ਫੈਸਲੇ ਨੂੰ ਪ੍ਰਭਾਵਿਤ ਕਰਦਾ ਹੈ ਕਿ ਕੀ ਜ਼ੋਖਿਮ ਨੂੰ ਮਨਜ਼ੂਰ ਕਰਨਾ ਹੈ ਅਤੇ ਜੇ ਹਾਂ ਤਾਂ ਪ੍ਰੀਮੀਅਮ ਦੀ ਦਰ ਤੇ ਨਿਯਮ ਅਤੇ ਸ਼ਰਤਾਂ।

ਕੀ ਨਾ-ਦੱਸਿਆ ਤੱਥ ਜ਼ਰੂਰੀ ਸੀ ਜਾਂ ਨਹੀਂ, ਇਹ ਵੱਖ-ਵੱਖ ਕੇਸਾਂ ਦੇ ਹਾਲਤਾਂ ਉੱਤੇ ਨਿਰਭਰ ਕਰਦਾ ਹੈ ਅਤੇ ਇਸ ਦਾ ਫੈਸਲਾ ਕੇਵਲ ਕਾਨੂੰਨੀ ਅਦਾਲਤ ਵਿੱਚ ਹੀ ਹੋ ਸਕਦਾ ਹੈ। ਬੀਮਤ ਨੂੰ ਤੱਥ ਦੱਸਣੇ ਚਾਹੀਦੇ ਹਨ, ਜੋ ਕਿ ਜ਼ੋਖਿਮ ਨੂੰ ਪ੍ਰਭਾਵਿਤ ਕਰਦੇ ਹਨ।

ਆਉ ਬੀਮੇ ਵਿੱਚ ਮੁੱਖ ਤੱਥਾਂ ਦੀਆਂ ਕਿਸਮਾਂ ਵਿੱਚੋਂ ਕੁਝ ਵੇਖੀਏ, ਜਿਹਨਾਂ ਨੂੰ ਦੱਸਣ ਦੀ ਲੋੜ ਹੁੰਦੀ ਹੈ:

i. ਤੱਥ ਦਰਸਾਉਂਦੇ ਹਨ ਕਿ ਖਾਸ ਜ਼ੋਖਿਮ ਆਮ ਨਾਲੋਂ ਵੱਧ ਪ੍ਰਭਾਵੀ ਹੈ।

ਉਦਾਹਰਨ

ਸਮੁੰਦਰ ਵਿੱਚ ਲੈ ਕੇ ਜਾਣ ਵਾਲੇ ਜਹਾਜ਼ ਦੇ ਮਾਲ ਦੇ ਖਤਰੇ ਦੀ ਕਿਸਮ; ਬੀਮਾਰੀ ਦਾ ਪੁਰਾਣਾ ਅਤੀਤ

---

ii. ਸਭ ਬੀਮਾ ਕਰਨ ਵਾਲਿਆਂ ਤੋਂ ਪਿਛਲੀਆਂ ਪਾਲਸੀਆਂ ਅਤੇ ਉਹਨਾਂ ਦੀ ਮੌਜੂਦਾ ਸਥਿਤੀ

iii. ਬੀਮੇ ਲਈ ਪੇਸ਼ਕਸ਼ ਫਾਰਮ ਜਾਂ ਅਰਜ਼ੀ ਵਿੱਚ ਸਭ ਸਵਾਲਾਂ ਨੂੰ ਮੁੱਖ ਮੰਨਿਆ ਜਾਣਾ ਚਾਹੀਦਾ ਹੈ, ਕਿਉਂਕਿ ਉਹ ਬੀਮੇ ਦੇ ਵਿਸ਼ੇ ਅਤੇ ਇਸ ਦੇ ਜ਼ੋਖਿਮਾਂ ਦੇ ਪ੍ਰਭਾਵ ਦੇ ਕਈ ਪੱਖਾਂ ਨਾਲ ਸਬੰਧਿਤ ਹੁੰਦੇ ਹਨ। ਉਹਨਾਂ ਨੂੰ ਸਾਰੇ ਜਵਾਬ ਸਹੀਂ ਸਹੀਂ ਦੇਣੇ ਚਾਹੀਦੇ ਹਨ ਅਤੇ ਸਭ ਤਰ੍ਹਾਂ ਪੂਰੇ ਹੋਣੇ ਚਾਹੀਦੇ ਹਨ।

ਹੇਠਾਂ ਕੁਝ ਉਦਾਹਰਨਾਂ ਦਿੱਤੀਆਂ ਹਨ, ਜਿੱਥੇ ਲੋੜੀਂਦੇ ਪ੍ਰਮੁੱਖ ਤੱਥਾਂ ਦੇ ਬਾਰੇ ਜਾਣਕਾਰੀ ਨਹੀਂ ਦਿੱਤੀ ਗਈ॥

ਜਾਣਕਾਰੀ

ਪ੍ਰਮੁੱਖ ਤੱਥ, ਜਿਹਨਾਂ ਬਾਰੇ ਜਾਣਕਾਰੀ ਦੇਣ ਦੀ ਲੋੜ ਨਹੀਂ ਹੈ

ਇਹ ਵੀ ਹੁੰਦਾ ਹੈ, ਜਦੋਂ ਤੱਕ ਕਿ ਅੰਡਰਰਾਈਟਰ ਵਲੋਂ ਖਾਸ ਤੌਰ ਉੱਤੇ ਪੁੱਛਿਆ ਨਹੀਂ ਜਾਂਦਾ ਹੈ, ਪੇਸ਼ਕਰਤਾ ਲਈ ਅੱਗੇ ਦਿੱਤੇ ਤੱਥ ਦੱਸਣ ਦੀ ਕੋਈ ਪਾਬੰਦੀ ਨਹੀਂ ਹੈ:

i. ਜੋਖਿਮ ਨੂੰ ਘਟਾਉਣ ਲਈ ਚੁੱਕੇ ਗਏਕਦਮ।

ਉਦਾਹਰਨ: ਅੱਗ ਬਝਾਊ ਜੰਤਰ ਦੀ ਮੌਜੂਦਗੀ

ii. ਤੱਥ, ਜੋ ਕਿ ਬੀਮਤ ਨੂੰ ਪਤਾ ਨਹੀਂ ਜਾਂ ਧਿਆਨ ਨਹੀਂ ਹੁੰਦਾ ਹੈ

ਉਦਾਹਰਨ: ਵਿਅਕਤੀ, ਜੋ ਕਿ ਉੱਚ ਖ਼ੂਨ ਦਬਾਉ ਤੋਂ ਪੀੜਿਤ ਹੈ, ਪਰ ਇਸ ਬਾਰੇ ਪਾਲਸੀ ਲੈਣ ਸਮੇਂ ਤੱਕ ਪਤਾ ਨਹੀਂ ਸੀ, ਨੂੰ ਇਹ ਤੱਥ ਨਾ-ਉਜਾਗਰ ਕਰਨ ਲਈ ਖਰਚਾ ਨਹੀਂ ਲਗਾਇਆ ਜਾ ਸਕਦਾ ਹੈ।

iii. ਕਿਸ ਨੂੰ ਸੰਭਵ ਉੱਦਮ ਨਾਲ ਲੱਭਿਆ ਜਾ ਸਕਦਾ ਸੀ?

ਹਰ ਮਿੰਟ ਦੇ ਪ੍ਰਮੁੱਖ ਤੱਥਾਂ ਦੀ ਜਾਣਕਾਰੀ ਦੇਣੀ ਜ਼ਰੂਰੀ ਨਹੀਂ ਹੈ। ਅੰਡਰਰਾਈਟਰਾਂ ਨੂੰ ਉਹਨਾਂ ਦੇ ਪੁੱਛਣ ਲਈ ਧਿਆਨ ਰੱਖਣਾ ਚਾਹੀਦਾ ਹੈ, ਜੇ ਹੋਰ ਜਾਣਕਾਰੀ ਦੀ ਲੋੜ ਹੋਵੇ।

iv. ਕਾਨੂੰਨੀ ਮਾਮਲੇ:

ਹਰ ਕਿਸੇ ਨੂੰ ਦੇਸ਼ ਦੇ ਕਾਨੂੰਨ ਬਾਰੇ ਪਤਾ ਹੋਣਾ ਚਾਹੀਦਾ ਹੈ।

ਉਦਾਹਰਨ: ਵਿਸਫੋਟਕਾਂ ਨੂੰ ਸੰਭਾਲਣ ਲਈ ਨਗਰਪਾਲਿਕਾ ਦੇ ਕਾਨੂੰਨ

v. ਜਿਸ ਬਾਰੇ ਬੀਮਾਕਰਤਾ ਵੱਖ-ਵੱਖ ਹੋ ਸਕਦੇ ਹਨ (ਜਾਂ ਹੋਰ ਜਾਣਕਾਰੀ ਦੀ ਲੋੜ ਵਾਸਤੇ ਛੱਡ ਸਕਦੇ ਹਨ)

ਬੀਮਾਕਰਤਾ ਬਾਅਦ ਵਿੱਚ ਜਵਾਬ ਅਧੂਰੇ ਹੋਣ ਦੇ ਅਧਾਰ ਉੱਤੇ ਦਾਅਵਾ ਜ਼ਿੰਮੇਵਾਰੀ ਨੂੰ ਛੱਡ ਨਹੀਂ ਸਕਦਾ ਹੈ।

ਐਲਾਨ ਕਰਨ ਦਾ ਫ਼ਰਜ਼ ਕਦੋਂ ਹੁੰਦਾ ਹੈ?

ਜੀਵਨ ਬੀਮਾ ਇਕਰਾਰਨਾਮਿਆਂ ਦੇ ਕੇਸ ਵਿੱਚ, ਜਾਣਕਾਰੀ ਦੇਣ ਦਾ ਫ਼ਰਜ਼ ਗੱਲਬਾਤ ਦੇ ਪੂਰੇ ਸਮੇਂ ਦੌਰਾਨ ਰਹਿੰਦਾ ਹੈ, ਜਦੋਂ ਤੱਕ ਕਿ ਪੇਸ਼ਕਸ਼ ਮਨਜ਼ੂਰ ਨਹੀਂ ਹੋ ਜਾਂਦੀ ਅਤੇ ਪਾਲਸੀ ਜਾਰੀ ਹੋ ਜਾਂਦੀ ਹੈ। ਇੱਕ ਵਾਰ ਪਾਲਸੀ ਮਨਜ਼ੂਰ ਹੋ ਜਾਂਦੀ ਹੈ ਤਾਂ ਹੋਰ ਕੋਈ ਪ੍ਰਮੁੱਖ ਤੱਥ ਦੇ ਬਾਰੇ ਜਾਣਕਾਰੀ ਦੇਣ ਦੀ ਲੋੜ ਨਹੀਂ ਹੁੰਦੀ ਹੈ, ਜੋ ਕਿ ਪਾਲਸੀ ਦੀ ਮਿਆਦ ਦੇ ਦੌਰਾਨ ਆ ਸਕਦੇ ਹਨ।

ਉਦਾਹਰਨ

ਸ੍ਰੀਮਾਨ ਰਾਜਨ ਨੇ ਪੰਦਰਾਂ ਸਾਲਾਂ ਦੀ ਮਿਆਦ ਲਈ ਜੀਵਨ ਬੀਮਾ ਪਾਲਸੀ ਲਈ ਹੈ। ਪਾਲਸੀ ਲੈਣ ਦੇ ਛੇ ਸਾਲ ਬਾਅਦ, ਸ੍ਰੀਮਾਨ ਰਾਜਨ ਨੂੰ ਕੁਝ ਦਿਲ ਦੀਆਂ ਸਮੱਸਿਆਵਾਂ ਹੋਈਆਂ ਅਤੇ ਉਹਨਾਂ ਦੀ ਕੁਝ ਸਰਜਰੀ ਹੋਈ॥ ਸ੍ਰੀਮਾਨ ਰਾਜਨ ਨੂੰ ਬੀਮਾਕਰਤਾ ਲਈ ਇਹ ਤੱਥ ਬਾਰੇ ਜਾਣਕਾਰੀ ਦੇਣ ਦੀ ਲੋੜ ਨਹੀਂ ਹੈ।

ਪਰ, ਜੇ ਪਾਲਸੀ ਦੇਣ ਵਾਲੇ ਪ੍ਰੀਮੀਅਮ ਦੇ ਭੁਗਤਾਨ ਨਾ ਕਰਕੇ ਪਾਲਸੀ ਲੈਪਸ ਹੋਣ ਦੀ ਸਥਿਤੀ ਵਿੱਚ ਹੈ ਅਤੇ ਪਾਲਸੀਧਾਰਕ ਪਾਲਸੀ ਇਕਰਾਰ ਨੂੰ ਮੁੜ-ਪ੍ਰਚਲਿਤ ਕਰਨਾ ਚਾਹੁੰਦਾ ਹੈ ਅਤੇ ਇਸ ਨੂੰ ਮੁੜ-ਚਾਲੂ ਕਰਦਾ ਹੈ ਤਾਂ ਇੰਝ ਦੇ ਮੁੜ-ਪ੍ਰਚਲਣ ਦੇ ਸਮੇਂ, ਸਭ ਪ੍ਰਮੁੱਖ ਅਤੇ ਢੁੱਕਵੇਂ ਤੱਥਾਂ ਬਾਰੇ ਜਾਣਕਾਰੀ ਨਵੀਂ ਪਾਲਸੀ ਦੇ ਵਾਂਗ ਹੀ ਦੇਣੀ ਜ਼ਰੂਰੀ ਹੈ।

ਅਤਿ ਚੰਗੇ ਯਕੀਨ ਦੀ ਉਲੰਘਣਾ

ਅਸੀਂ ਹਾਲਤ ਬਾਰੇ ਵਿਚਾਰ ਕਰਾਂਗੇ, ਜਿੱਥੇ ਕਿ ਬੇਅੰਤ ਚੰਗੇ ਯਕੀਨ ਦੀ ਉਲੰਘਣਾ ਹੁੰਦੀ ਹੈ। ਇੰਝ ਦੀ ਉਲੰਘਣਾ ਨਾ-ਪ੍ਰਗਟ ਕਰਕੇ ਜਾਂ ਗਲਤ-ਜਾਣਕਾਰੀ ਦੇ ਕੇ ਹੋ ਸਕਦੀ ਹੈ।

ਨਾ-ਪ੍ਰਗਟ: ਪੈਦਾ ਹੁੰਦਾ ਹੈ, ਜਦੋਂ ਬੀਮਤ ਆਮ ਤੌਰ ਉੱਤੇ ਜ਼ਰੂਰੀ ਤੱਥਾਂ ਬਾਰੇ ਚੁੱਪ ਰਹਿੰਦਾ ਹੈ, ਕਿਉਂਕਿ ਬੀਮਾ ਕਰਨ ਵਾਲੇ ਨੇ ਕੋਈ ਖਾਸ ਸਵਾਲ ਨਹੀਂ ਪੁੱਛਿਆ ਹੈ। ਇਹ ਬੀਮਾਕਰਤਾ ਵਲੋਂ ਪੁੱਛੇ ਗਏਸਵਾਲਾਂ ਲਈ ਗਲਤ ਜਵਾਬਾਂ ਰਾਹੀਂ ਹੋ ਸਕਦਾ ਹੈ। ਅਕਸਰ ਖੁਲਾਸਾ ਅਚੇਤ ਹੋ ਸਕਦਾ ਹੈ (ਇਸ ਦਾ ਭਾਵ ਹੈ ਕਿ ਬਿਨਾਂ ਕਿਸੇ ਦੀ ਜਾਣਕਾਰੀ ਜਾਂ ਇਰਾਦੇ ਦੇ ਹੋ ਸਕਦਾ ਹੈ) ਜਾਂ ਪੇਸ਼ਕਰਤਾ ਵਿਚਾਰ ਕਰਕੇ, ਕਿਉਂਕਿ ਤੱਥ ਜ਼ਰੂਰੀ ਨਹੀਂ ਸੀ।

ਇਸ ਕੇਸ ਵਿੱਚ ਇਹ ਅਣਜਾਣ ਹੈ। ਜਦੋਂ ਤੱਥਾਂ ਨੂੰ ਜਾਣ-ਬੁਝ ਕੇ ਨਹੀਂ ਦਰਸਾਇਆ ਜਾਂਦਾ ਹੈ ਤਾਂ ਇਸ ਨੂੰ ਪਰਦਾਦਾਰੀ ਮੰਨਿਆ ਜਾਂਦਾ ਹੈ। ਬਾਅਦ ਵਾਲੇ ਕੇਸ ਵਿੱਚ ਧੋਖਾ ਦੇਣ ਦਾ ਇਰਾਦਾ ਸੀ।

ਗਲਤ ਬਿਆਨੀ: ਬੀਮੇ ਦੇ ਇਕਰਾਰਨਾਮੇ ਦੇ ਸਮਝੌਤੇ ਦੇ ਦੌਰਾਨ ਕਿਸੇ ਵੀ ਕਥਨ ਨੂੰ ਬਿਆਨ ਕਹਿੰਦੇ ਹਨ। ਦਰਸਾਉਣਾ ਤੱਥਾਂ ਦਾ ਬਿਆਨ ਜਾਂ ਭਰੋਸੇ, ਇਰਾਦੇ ਜਾਂ ਆਸ ਦਾ ਬਿਆਨ ਹੋ ਸਕਦਾ ਹੈ। ਇੱਕ ਤੱਥ ਦੇ ਸੰਬੰਧ ਵਿੱਚ ਇਹ ਉਮੀਦ ਕੀਤੀ ਜਾਂਦੀ ਹੈ ਕਿ ਬਿਆਨ ਪੂਰੀ ਤਰ੍ਹਾਂ ਠੀਕ ਹੋਣਾ ਚਾਹੀਦਾ ਹੈ। ਜਦੋਂ ਪ੍ਰਤੀਨਿਧਤਾ ਲਈ ਹੈ ਤਾਂ ਭਰੋਸੇ (ਵਿਸ਼ਵਾਸ਼) ਜਾਂ ਆਸ ਦੇ ਬਾਰੇ ਸਬੰਧਿਤ ਹੁੰਦਾ ਹੈ ਤਾਂ ਇਸ ਨੂੰ ਨੇਕ ਇਰਾਦੇ ਨਾਲ ਕੀਤਾ ਹੋਣਾ ਚਾਹੀਦਾ ਹੈ।

ਗਲਤ ਬਿਆਨੀ ਦੀਆਂ ਦੋ ਕਿਸਮਾਂ ਹਨ:

i. **ਅਣਜਾਣੇ ਵਿੱਚ ਗਲਤ-ਬਿਆਨ** ਦਾ ਭਆਵ ਗਲਤ ਬਿਆਨ ਤੋਂ ਹੈ, ਜਿਸ ਨੂੰ ਧੋਖਾ ਦੇਣ ਲਈ ਨਹੀਂ ਦਿੱਤਾ ਜਾਂਦਾ ਹੈ।

ii. ਦੂਜੇ ਪਾਸੇ **ਧੋਖੇਬਾਜ਼ੀ ਗਲਤ-ਬਿਆਨੀ** ਉਹ ਗਲਤ ਬਿਆਨ ਹਨ, ਜੋ ਕਿ ਬੀਮਾ ਕਰਤਾ ਨੂੰ ਧੋਖਾ ਦੇਣ ਲਈ ਦਿੱਤੇ ਗਏਹਨ ਜਾਂ ਸੱਚ ਨੂੰ ਅਣਡਿੱਠਾ ਕਰਕੇ ਬੇਧਿਆਨੀ ਵਿੱਚ ਦਿੱਤੇ ਗਏਹਨ।

ਬੀਮਾ ਇਕਰਾਰ (ਸਮਝੌਤਾ) ਅਕਸਰ ਪ੍ਰਭਾਵਹੀਣ ਹੋ ਜਾਂਦਾ ਹੈ, ਜਦੋਂ ਧੋਖਾ ਦੇਣ ਦੇ ਸਪਸ਼ਟ ਇਰਾਦੇ ਦੇ ਨਾਲ ਤੱਥ ਲੁਕਾਏ ਜਾਂਦੇ ਹਨ ਜਾਂ ਧੋਖੇਬਾਜ਼ ਗ਼ੈਰ-ਪ੍ਰਗਟ ਜਾਂ ਗਲਤ ਤੱਥ ਦਿੱਤੇ ਜਾਂਦੇ ਹਨ।

c) ਬੀਮਾਯੋਗ ਹਿੱਤ

'ਬੀਮਾਯੋਗ ਹਿੱਤਾਂ' ਦੀ ਮੌਜੂਦਗੀ ਹਰ ਬੀਮਾ ਇਕਰਾਰਨਾਮੇ ਦਾ ਲਾਜ਼ਮੀ ਭਾਗ ਹੈ ਅਤੇ ਕਾਨੂੰਨੀ ਤੌਰ ਉੱਤੇ ਬੀਮੇ ਲਈ ਮੁੱਢਲੀ ਲੋੜ ਹੈ। ਆਓ ਵੇਖੀਏ ਕਿ ਬੀਮਾ ਜੂਆ ਜਾਂ ਦਾਅ ਖੇਡਣ ਇਕਰਾਰਨਾਮੇ ਤੋਂ ਵੱਖ ਕਿਵੇਂ ਹੈ?

i. ਜੂਆ ਅਤੇ ਬੀਮਾ

ਤਾਸ਼ ਦੀ ਖੇਡ ਬਾਰੇ ਸੋਚੋ, ਜਿੱਥੇ ਕੋਈ ਜਿੱਤਦਾ ਜਾਂ ਹਾਰਦਾ ਹੈ। ਹਾਰ ਜਾਂ ਜਿੱਤ ਤਾਂ ਹੀ ਹੁੰਦੀ ਹੈ, ਕਿਉਂਕਿ ਵਿਅਕਤੀ ਸ਼ਰਤ (ਦਾਅ) ਲਗਾਉਂਦਾ ਹੈ। ਵਿਅਕਤੀ, ਜੋ ਕਿ ਖੇਡ ਖੇਡਦਾ ਹੈ, ਦਾ ਖੇਡ ਵਿੱਚ ਕੋਈ ਹੋਰ ਹਿੱਤ ਜਾਂ ਸਬੰਧ ਨਹੀਂ ਹੁੰਦਾ ਹੈ, ਬਿਨਾਂ ਇਸ ਦੇ ਕਿ ਉਹ ਖੇਡ ਜਿੱਤਣੀ ਚਾਹੁੰਦਾ ਹੈ। ਸ਼ਰਤ ਲਗਾਉਣਾ ਜਾਂ ਜੂਆ ਖੇਡਣਾ ਕਾਨੂੰਨੀ ਅਦਾਲਤ ਵਿੱਚ ਕਾਨੂੰਨੀ ਕਾਰਵਾਈ ਦੇ ਯੋਗ ਨਹੀਂ ਹੈ ਅਤੇ ਇਸਕਰਕੇ ਇਸ ਦੇ ਮਕਸਦ ਲਈ ਕਿਸੇ ਦੇ ਲਈ ਕੀਤਾ ਗਿਆ ਕੋਈ ਵੀ ਕਾਨੂੰਨੀ ਇਕਰਾਰਨਾਮਾ ਗੈਰ-ਕਾਨੂੰਨੀ ਹੋਵੇਗਾ। ਮੰਨ ਲਵੋ ਕਿ ਜੇ ਕਿਸੇ ਨੇ ਤਾਸ਼ ਦੀ ਖੇਡ ਹਾਰਨ ਦੀ ਹਾਲਤ ਵਿੱਚ ਆਪਣੇ ਘਰ ਦੀ ਜ਼ਮਾਨਤ ਦਿੱਤੀ ਹੈ ਤਾਂ ਦੂਜੀ ਧਿਰ ਇਸ ਨੂੰ ਪੂਰਾ ਕਰਵਾਉਣ ਲਈ ਅਦਾਲਤ ਵਿੱਚ ਨਹੀਂ ਜਾ ਸਕਦੀ ਹੈ।

ਹੁਣ ਇੱਕ ਘਰ ਨੂੰ ਅਤੇ ਇਸ ਦੇ ਸੜਨ ਦੀ ਘਟਨਾ ਨੂੰ ਮੰਨੋ। ਵਿਅਕਤੀ, ਜਿਸ ਨੇ ਘਰ ਦਾ ਬੀਮਾ ਕਰਵਾਇਆ ਹੈ ਦਾ ਬੀਮੇ ਦੇ ਵਿਸ਼ੇ - ਘਰ, ਨਾਲ ਕਾਨੂੰਨੀ ਸਬੰਧ ਹੈ। ਉਹ ਇਸ ਦਾ ਮਾਲਕ ਹੈ ਅਤੇ ਵਿੱਤੀ ਤੌਰ ਉੱਤੇ ਪ੍ਰਭਾਵਿਤ ਹੋਵੇਗਾ, ਜੇ ਇਹ ਖਰਾਬ ਹੋਇਆ ਜਾਂ ਨੁਕਸਾਨਿਆ ਗਿਆ। ਇਹ ਮਲਕੀਅਤ ਦਾ ਸਬੰਧ ਬਿਨਾਂ ਇਸ ਗੱਲ ਉੱਤੇ ਨਿਰਭਰ ਹੋਏ ਰਹਿੰਦਾ ਹੈ ਕਿ ਅੱਗ ਲੱਗੇ ਭਾਵੇਂ ਨਾ, ਅਤੇ ਇਹ ਸਬੰਧ ਹੈ, ਜਿਸ ਨਾਲ ਘਾਟਾ ਹੋ ਸਕਦਾ ਹੈ। ਦੁਰਘਟਨਾ (ਅੱਗ ਜਾਂ ਚੋਰੀ) ਨਾਲ ਘਾਟਾ ਤਾਂ ਪੈਣਾ ਹੀ ਹੈ, ਭਾਵੇਂ ਬੀਮਾ ਕਰਵਾਇਆ ਹੋਵੇ ਜਾਂ ਨਾਂਹ।

ਤਾਸ਼ ਦੀ ਖੇਡ ਦੇ ਉਲਟ, ਜਿੱਥੇ ਕੋਈ ਵੀ ਜਿੱਤ ਜਾਂ ਹਾਰ ਸਕਦਾ ਹੈ, ਅੱਗ ਦਾ ਇੱਕ ਹੀ ਨਤੀਜਾ ਹੋ ਸਕਦਾ ਹੈ - ਘਰ ਦੇ ਮਾਲਕ ਦਾ ਘਾਟਾ।

ਮਾਲਕ ਬੀਮਾ ਲੈ ਕੇ ਇਹ ਯਕੀਨੀ ਬਣਾਉਂਦਾ ਹੈ ਕਿ ਹੋਏ ਘਾਟੇ ਨੂੰ ਕਿਸੇ ਢੰਗ ਨਾਲ ਪੂਰਾ ਕੀਤਾ ਜਾ ਸਕੇ।

ਹਿੱਤ, ਜੋ ਕਿ ਬੀਮਤ ਦਾ ਆਪਣੇ ਘਰ ਜਾਂ ਆਪਣੇ ਧਨ ਹੈ, ਨੂੰ ਬੀਮਯੋਗ ਹਿੱਤ ਕਿਹਾ ਜਾਂਦਾ ਹੈ। ਬੀਮਾਯੋਗ ਹਿੱਤਾਂ ਦੀ ਮੌਜੂਦਗੀ ਇੱਕ ਬੀਮਾ ਇਕਰਾਰ ਨੂੰ ਕਾਨੂੰਨ ਦੇ ਤਹਿਤ ਯੋਗ ਅਤੇ ਲਾਗੂ ਹੋਣ ਯੋਗ ਬਣਾਉਂਦੀ ਹਨ।

ਉਦਾਹਰਨ

ਸ੍ਰੀਮਾਨ ਚੰਦਰਸੇਖ਼ਰ ਕੋਲ ਘਰ ਹੈ, ਜਿਸ ਨਾਲ ਉਹਨਾਂ ਨੇ ਬੈਂਕ ਤੋਂ 15 ਲੱਖ ਰੁਪਏ ਦਾ ਘਰ ਕਰਜ਼ ਲਿਆ ਹੈ। ਹੇਠ ਦਿੱਤੇ ਸਵਾਲਾਂ ਉੱਤੇ ਵਿਚਾਰ ਕਰੋ:

- ✓ ਕੀ ਘਰ ਵਿੱਚ ਉਹਨਾਂ ਦਾ ਬੀਮਾਯੋਗ ਹਿੱਤ ਹੈ?
- ✓ ਕੀ ਬੈਂਕ ਦਾ ਘਰ ਵਿੱਚ ਬੀਮਾਯੋਗ ਹਿੱਤ ਹੈ?
- ✓ ਉਹਨਾਂ ਦੇ ਗੁਆਂਢੀ ਬਾਰੇ ਕੀ?

ਸ੍ਰੀਮਾਨ ਸ੍ਰੀਨਿਵਾਸਨ ਦੀ ਪਤਨੀ, ਦੋ ਬੱਚਿਆਂ ਅਤੇ ਬੁੱਢੇ ਮਾਪਿਆਂ ਨਾਲ ਪੂਰਾ ਪਰਿਵਾਰ ਹੈ। ਹੇਠ ਦਿੱਤੇ ਸਵਾਲਾਂ ਉੱਤੇ ਵਿਚਾਰ ਕਰੋ:

- ✓ ਕੀ ਉਹਨਾਂ ਦੇ ਆਪਣੇ ਭਲੇ ਵਿੱਚ ਬੀਮਾਯੋਗ ਹਿੱਤ ਹਨ?
- ✓ ਕੀ ਉਹ ਵਿੱਤੀ ਘਾਟੇ ਨੂੰ ਝੱਲ ਸਕਦੇ ਹਨ, ਜੇ ਉਹਨਾਂ ਵਿੱਚੋਂ ਕਿਸੇ ਨੂੰ ਹਸਪਤਾਲ ਵਿੱਚ ਭਰਤੀ ਹੋਣਾ ਪੈਂਦਾ ਹੈ?
- ✓ ਉਹਨਾਂ ਦੇ ਗੁਆਂਢੀ ਬੱਚਿਆਂ ਬਾਰੇ ਕੀ? ਕੀ ਉਹਨਾਂ ਦਾ ਉਹਨਾਂ ਵਿੱਚ ਬੀਮਾਯੋਗ ਹਿੱਤ ਹੈ?

ਇੱਥੇ ਬੀਮੇ ਦੇ ਵਿਸ਼ੇ ਅਤੇ ਬੀਮਾ ਇਕਰਾਰਨਾਮੇ ਦੇ ਵਿਸ਼ੇ ਵਿੱਚ ਅੰਤਰ ਸਪਸ਼ਟ ਕਰਨਾ ਢੁੱਕਵਾਂ ਹੋਵੇਗਾ।

ਬੀਮੇ ਦਾ ਵਿਸ਼ਾ ਬੀਮਤ ਦੀ ਜਾਇਦਾਦ ਦੇ ਨਾਲ ਸਬੰਧਿਤ ਹੈ, ਜਿਸ ਦੀ ਆਪਣੀ ਖੁਦ ਦਾ ਨਿੱਜੀ ਮੁੱਲ ਹੈ।

ਦੂਜੇ ਪਾਸੇ **ਬੀਮੇ ਇਕਰਾਰਨਾਮੇ ਦਾ ਵਿਸ਼ਾ ਬੀਮਤ** ਦੇ ਉਸ ਜਾਇਦਾਦ ਵਿੱਚ ਵਿੱਤੀ ਹਿੱਤ ਹੁੰਦਾ ਹੈ। ਬੀਮਤ ਦਾ ਜਾਇਦਾਦ ਵਿੱਚ ਹਿੱਤ ਉਦੋਂ ਹੀ ਹੁੰਦਾ ਹੈ, ਜਦੋਂ ਉਸ ਕੋਲ ਬੀਮਾ ਕਰਵਾਉਣ ਦਾ ਕਾਨੂੰਨੀ ਹੱਕ ਹੁੰਦਾ ਹੈ। ਅਸਲ ਵਿੱਚ ਬੀਮਾ ਪਾਲਸੀ ਸਹੀਂ ਅਰਥਾਂ ਵਿੱਚ ਜਾਇਦਾਦ ਨੂੰ ਬੀਮਾ ਸੁਰੱਖਿਆ ਨਹੀਂ ਦਿੰਦੀ ਹੈ, ਪਰ ਜਾਇਦਾਦ ਵਿੱਚ ਬੀਮਤ ਦੇ ਵਿੱਤੀ ਹਿੱਤਾਂ ਨੂੰ ਸੁਰੱਖਿਆ ਦਿੰਦੀ ਹੈ।

Diagram 3: ਆਮ ਕਾਨੂੰਨ ਦੇ ਮੁਤਾਬਕ ਬੀਮਾਯੋਗ ਹਿੱਤ ਹੁੰਦੇ ਹਨ



ii. ਸਮਾਂ, ਜਦੋਂ ਬੀਮਾਯੋਗ ਹਿੱਤ ਮੌਜੂਦ ਹੋਣੇ ਚਾਹੀਦੇ ਹਨ

ਜੀਵਨ ਬੀਮੇ ਵਿੱਚ, ਬੀਮਾਯੋਗ ਹਿੱਤ ਪਾਲਸੀ ਲੈਣ ਦੇ ਸਮੇਂ ਮੌਜੂਦ ਹੋਣੇ ਚਾਹੀਦੇ ਹਨ। ਆਮ ਬੀਮੇ ਵਿੱਚ, ਬੀਮਾਯੋਗ ਹਿੱਤ ਪਾਲਸੀ ਲੈਣ ਅਤੇ ਦਾਅਵਾ ਲੈਣ ਦੋਵਾਂ ਸਮਿਆਂ ਉੱਤੇ ਮੌਜੂਦ ਹੋਣੇ ਚਾਹੀਦੇ ਹਨ, ਸਿਰਫ਼ ਕੁਝ ਹਾਲਤਾਂ ਨੂੰ ਛੱਡ ਕੇ ਜਿਵੇਂ ਕਿ ਸਮੁੰਦਰੀ ਜਹਾਜ਼ੀ ਪਾਲਸੀਆਂ।

d) ਨੇੜਲਾ ਕਾਰਨ

ਕਾਨੂੰਨੀ ਸਿਧਾਤਾਂ ਦੇ ਆਖਰ ਵਿੱਚ ਨੇੜਲੇ ਕਾਰਨ ਦਾ ਸਿਧਾਂਤ ਹੈ।

ਨੇੜਲਾ ਕਾਰਨ (Proximate cause) ਬੀਮੇ ਦਾ ਮੁੱਖ ਸਿਧਾਂਤ ਹੈ ਅਤੇ ਇਹ ਘਾਟਾ ਜਾਂ ਨੁਕਸਾਨ ਕਿਵੇਂ ਹੋਇਆ, ਉਸ ਨਾਲ ਸਬੰਧਿਤ ਹੈ ਅਤੇ ਕੀ ਇਹ ਅਸਲ ਵਿੱਚ ਬੀਮਾ ਕੀਤੇ ਸੰਕਟ ਦੇ ਨਤੀਜੇ ਵਜੋਂ ਹੋਇਆ ਹੈ। ਜੇ ਘਾਟੇ ਦਾ ਕਾਰਨ ਬੀਮਾ ਕਰਵਾਇਆ ਸੰਕਟ ਹੈ ਤਾਂ ਬੀਮਾਕਰਤਾ ਦੇਣਦਾਰ ਹੈ। ਜੇ ਨੇੜਲਾ ਕਾਰਨ ਬੀਮਾ ਕਰਵਾਇਆ ਸੰਕਟ ਹੈ ਤਾਂ ਬੀਮਾਕਰਤਾ ਲਈ ਘਾਟੇ ਨੂੰ ਚੰਗਾ ਬਣਾਉਣ ਵਾਸਤੇ ਬੰਧਨ ਹੈ, ਹੋਰ ਨਹੀਂ।

ਇਹ ਨਿਯਮ ਦੇ ਤਹਿਤ, ਬੀਮਾਕਰਤਾ ਪ੍ਰਮੁੱਖ ਕਾਰਨ ਲੱਭਦਾ ਹੈ, ਜਿਸ ਨਾਲ ਘਾਟਾ ਪੈਣ ਦੀਆਂ ਘਟਨਾਵਾਂ ਦੀ ਲੜੀ ਸ਼ੁਰੂ ਹੋਈ। ਇਹ ਜ਼ਰੂਰੀ ਨਹੀਂ ਹੈ ਕਿ ਇਹ ਆਖਰੀ ਘਟਨਾ ਹੋਵੇ, ਜਿਸ ਨਾਲ ਤੁਰੰਤ ਘਾਟਾ ਸ਼ੁਰੂ ਹੋਇਆ ਹੋਵੇ ਭਾਵ ਕਿ ਇਹ ਜ਼ਰੂਰੀ ਨਹੀਂ ਹੈ ਕਿ ਇਹ ਘਾਟੇ ਦੇ ਕਾਰਨਾਂ ਲਈ ਸਭ ਤੋਂ ਨੇੜਲਾ ਹੀ ਹੋਵੇ।

ਹੋਰ ਕਾਰਨਾਂ ਨੂੰ ਦੂਰ-ਦੁਰੇਡੇ ਕਾਰਨਾਂ ਵਜੋਂ ਵੰਡਿਆ ਜਾ ਸਕਦਾ ਹੈ ਜੋ ਕਿ ਨੇੜਲੇ ਕਾਰਨਾਂ ਤੋਂ ਵੱਖਰੇ ਹਨ। ਦੂਰ-ਦੁਰੇਡਾ ਕਾਰਨ ਵੀ ਮੌਜੂਦ ਹੋ ਸਕਦੇ ਹਨ, ਪਰ ਘਟਨਾ ਦੇ ਕਾਰਨਾਂ ਵਿੱਚ ਪੱਕੇ ਤੌਰ ਉੱਤੇ ਨਹੀਂ ਹਨ।

ਪਰਿਭਾਸ਼ਾ

ਨੇੜਲਾ ਕਾਰਨ (proximate cause) ਨੂੰ ਸਰਗਰਮ ਅਤੇ ਪ੍ਰਭਾਵੀ ਕਾਰਨ ਵਜੋਂ ਪ੍ਰਭਾਸ਼ਿਤ ਕੀਤਾ ਜਾਂਦਾ ਹੈ, ਜੋ ਕਿ ਇੱਕ ਨਤੀਜਾ ਦੇਣ ਵਾਲੀ ਘਟਨਾਵਾਂ ਦੀ ਲੜੀ ਨੂੰ ਸੈੱਟ ਕਰਦਾ ਹੈ, ਬਿਨਾਂ ਕਿਸੇ ਸ਼ੁਰੂਆਤੀ ਤਾਕਤ ਦੇ ਅਤੇ ਨਵੇਂ ਤੇ ਸਵੈ-ਨਿਰਭਰ ਸਰੋਤ ਤੋਂ ਸਰਗਰਮ ਰੂਪ ਵਿੱਚ ਕੰਮ ਕਰਦਾ ਹੈ।

ਜੀਵਨ ਬੀਮਾ ਇਕਰਾਰਨਾਮਿਆਂ ਲਈ ਨੇੜਲੇ ਕਾਰਨ ਦਾ ਸਿਧਾਂਤ ਕਿਵੇਂ ਲਾਗੂ ਹੁੰਦਾ ਹੈ? ਆਮ ਤੌਰ ਉੱਤੇ ਮੌਤ ਦੇ ਕਾਰਨ ਦੀ ਪਰਵਾਹ ਕੀਤੇ ਬਗੈਰ ਜੀਵਨ ਬੀਮਾ ਦੇਣ ਵਾਲੇ ਮੌਤ ਫਾਇਦੇ ਦਾ ਭੁਗਤਾਨ ਕਰਦੇ ਹਨ, ਨੇੜਲੇ ਕਾਰਨ ਦਾ ਸਿਧਾਂਤ ਲਾਗੂ ਨਹੀਂ ਹੋਵੇਗਾ। ਪਰ ਕਈ ਜੀਵਨ ਬੀਮਾ ਇਕਰਾਰਨਾਮਿਆਂ ਵਿੱਚ ਦੁਰਘਟਨਾ ਫਾਇਲਾ ਰਾਈਡਰ ਵੀ ਹੁੰਦਾ ਹੈ, ਜਿੱਥੇ ਕਿ ਦੁਰਘਟਨਾ ਦੇ ਕਾਰਨ ਮੌਤ ਹੋਣ ਉੱਤੇ ਵਾਧੂ ਬੀਮਾ ਕੀਤੀ ਰਕਮ ਦੇਣਯੋਗ ਹੁੰਦੀ ਹੈ। ਇਸ ਹਾਲਤ ਵਿੱਚ, ਕਾਰਨ ਦਾ ਪਤਾ ਲਗਾਉਣਾ ਜ਼ਰੂਰੀ ਹੋ ਜਾਂਦਾ ਹੈ - ਕੀ ਮੌਤ ਦੁਰਘਟਨਾ ਦੇ ਕਰਕੇ ਹੋਈ ਹੈ। ਨੇੜਲੇ ਕਾਰਨ ਦਾ ਸਿਧਾਂਤ ਇੰਝ ਦੇ ਮੌਕਿਆਂ ਉੱਤੇ ਲਾਗੂ ਹੋਵੇਗਾ।

ਵਫ਼ਾਦਾਰੀ ਦਾ ਇਕਰਾਰ

ਵਫ਼ਾਦਾਰੀ ਇਕਰਾਰ ਉਹ ਹੁੰਦੇ ਹਨ ਜਿਹਨਾਂ ਦਾ ਖਰੜਾ ਸੌਦੇਬਾਜ਼ੀ ਵਿੱਚ ਵੱਧ ਅਧਿਕਾਰ ਰੱਖਣ ਵਾਲੀ ਧਿਰ ਵਲੋਂ ਤਿਆਰ ਕੀਤਾ ਜਾਂਦਾ ਹੈ, ਜੇ ਦੂਜੀ ਧਿਰ ਕੋਲ ਕੇਵਲ ਵਫ਼ਾਦਾਰ ਰਹਿਣ ਦਾ ਹੀ ਮੌਕਾ ਹੋਵੇ ਜਿਵੇਂ ਕਿ ਇਕਰਾਰ ਨੂੰ ਮੰਨਣ ਜਾਂ ਰੱਦ ਕਰਨ ਦਾ। ਇੱਥੇ ਬੀਮਾ ਕੰਪਨੀ ਕੋਲ ਇਕਰਾਰਨਾਮੇ ਦੇ ਸੰਬੰਧ ਵਿੱਚ ਨਿਯਮ ਤੇ ਸ਼ਰਤਾਂ ਦੇ ਸੰਬੰਧ ਵਿੱਚ ਸੌਦੇਬਾਜ਼ੀ ਕਰਨ ਦੇ ਸਭ ਅਧਿਕਾਰ ਹੁੰਦੇ ਹਨ।
ਇਸ ਨੂੰ ਸੰਤੁਲਿਤ ਕਰਨ ਲਈ , ਮੁਕਤ-ਜਾਂਚ ਸਮਾਂ ਦਿੱਤਾ ਜਾਂਦਾ ਹੈ, ਜਿੱਥੇ ਪਾਲਸੀ ਲੈਣ ਦੇ ਬਾਅਦ ਵੀ ਪਾਲਸੀਧਾਰਕ ਪਾਲਸੀ ਦਸਤਾਵੇਜ਼ ਪ੍ਰਾਪਤ ਹੋਣ ਦੇ 15 ਦਿਨਾਂ ਦੇ ਵਿੱਚ ਵਿੱਚ ਸਹਿਮਤ ਨਾ ਹੋਣ ਦੇ ਕੇਸ ਵਿੱਚ ਇਸ ਨੂੰ ਰੱਦ ਕਰਨ ਦਾ ਅਧਿਕਾਰ ਰੱਖਦਾ ਹੈ। ਕੰਪਨੀ ਨੂੰ ਲਿਖਤੀ ਰੂਪ ਵਿੱਚ ਦੇਣਾ ਹੁੰਦਾ ਹੈ ਅਤੇ ਪ੍ਰੀਮੀਅਮ ਨੂੰ ਖ਼ਰਚੇ ਤੇ ਲਾਗਤ ਕੱਟ ਕੇ ਬਾਕੀ ਰਕਮ ਵਾਪਿਸ ਕਰਦੀ ਹੈ।

ਖੁਦ ਜਾਂਚ ਕਰੋ 1

ਹੇਠ ਦਿੱਤਿਆਂ ਵਿੱਚੋਂ ਕਿਹੜਾ ਦਬਾਅ ਦੀ ਉਦਾਹਰਨ ਹੈ?

I. ਰਮੇਸ਼ ਨੇ ਇੱਕ ਇਕਰਾਰਨਾਮੇ ਉੱਤੇ ਬਿਨਾਂ ਠੀਕ ਤਰ੍ਹਾਂ ਸਮਝੇ ਦਸਤਖਤ ਕੀਤੇ ਹਨ
II. ਰਮੇਸ਼ ਨੇ ਮਹੇਸ਼ ਨੂੰ ਡਰਾਇਆ ਕਿ ਜੇ ਉਸ ਨੇ ਇਕਰਾਰ ਉੱਤੇ ਦਸਤਖਤ ਨਾ ਕੀਤੇ ਤਾਂ ਉਹ ਮਾਰ ਦੇਵੇਗਾ
III. ਰਮੇਸ਼ ਨੇ ਇਕਰਾਰ ਉੱਤੇ ਦਸਤਖਤ ਕਰਨ ਲਈ ਮਹੇਸ਼ ਨੂੰ ਆਪਣੇ ਪੇਸ਼ੇਵਰ ਅਧਿਕਾਰਾਂ ਦੀ ਵਰਤੋਂ ਕੀਤੀ
IV. ਰਮੇਸ਼ ਨੇ ਇਕਰਾਰ ਉੱਤੇ ਦਸਤਖਤ ਕਰਨ ਲਈ ਮਹੇਸ਼ ਨੂੰ ਗਲਤ ਜਾਣਕਾਰੀ ਦਿੱਤੀ ਹੈ

ਖੁਦ ਜਾਂਚ ਕਰੋ 2

ਹੇਠ ਦਿੱਤਿਆਂ ਵਿੱਚੋਂ ਕਿਸ ਦਾ ਰਮੇਸ਼ ਬੀਮਾ ਨਹੀਂ ਕਰ ਸਕਦਾ ਹੈ?

I. ਰਮੇਸ਼ ਦਾ ਘਰ
II. ਰਮੇਸ਼ ਦੀ ਪਤਨੀ
III. ਰਮੇਸ਼ ਦਾ ਦੋਸਤ
IV. ਰਮੇਸ਼ ਦੇ ਮਾਪੇ

ਸਾਰ

- ਬੀਮੇ ਵਿੱਚ ਸਮਝੌਤੇ ਦਾ ਇਕਰਾਰਨਾਮਾ ਹੁੰਦਾ ਹੈ, ਜਿਸ ਵਿੱਚ ਬੀਮਾਕਰਤਾ ਇੱਕ ਮੰਨਣਯੋਗ ਕੀਮਤ, ਜਿਸ ਨੂੰ ਪ੍ਰੀਮੀਅਮ ਕਹਿੰਦੇ ਹਨ, ਦੇ ਉੱਤੇ ਵਿੱਤੀ ਸੁਰੱਖਿਆ ਦੇਣ ਲਈ ਸਹਿਮਤ ਹੁੰਦਾ ਹੈ।

- ਇੱਕ ਸਮਝੌਤਾ ਧਿਰਾਂ ਵਿਚਕਾਰ ਕਾਨੂੰਨੀ ਤੌਰ ਉੱਤੇ ਲਾਗੂ ਹੋਇਆ ਇਕਰਾਰਨਾਮਾ ਹੁੰਦਾ ਹੈ।

- ਇੱਕ ਜਾਇਜ਼ ਇਕਰਾਰ ਦੇ ਭਾਗ ਹਨ:

  i. ਪੇਸ਼ਕਸ਼ ਅਤੇ ਮਨਜ਼ੂਰੀ
  ii. ਵਿਚਾਰ
  iii. ਕਥਿਤ ਆਮ ਸਰਬਸੰਮਤੀ,
  iv. ਮੁਕਤ ਰਜ਼ਾਮੰਦੀ
  v. ਧਿਰਾਂ ਦੀ ਸਮੱਰਥਾ ਅਤੇ
  vi. ਵਿਸ਼ੇ ਦੀ ਕਾਨੂੰਨੀ ਮਾਨਤਾ

- ਬੀਮਾ ਇਕਰਾਰਨਾਮੇ ਦੇ ਮੁੱਖ ਲੱਛਣਾਂ ਵਿੱਚ ਸ਼ਾਮਿਲ ਹਨ:

  i. ਅਤਿ ਚੰਗਾ ਵਿਸ਼ਵਾਸ਼
  ii. ਬੀਮਾਯੋਗ ਹਿੱਤ
  iii. ਨੇੜਲਾ ਕਾਰਨ
  iv.

ਮੁੱਖ ਸ਼ਬਦ

1. ਪੇਸ਼ਕਸ਼ ਅਤੇ ਮਨਜ਼ੂਰੀ
2. ਕਾਨੂੰਨ ਤਹਿਤ ਵਿਚਾਰ
3. ਉੱਤੇ ਦਿੱਤਾ ਆਮ-ਸਹਿਮਤੀ ਇਸ਼ਤਿਹਾਰ
4. ਪਰ ਵਿਸ਼ਵਾਸ਼
5. ਪ੍ਰਮੁੱਖ ਤੱਥ
6. ਬੀਮਾਯੋਗ ਹਿੱਤ
7. ਨੇੜਲਾ ਕਾਰਨ

ਸਵੈ ਜਾਂਚ ਦੇ ਜਵਾਬ

Answer 1

ਸਹੀਂ ਚੋਣ II ਹੈ।

ਰਮੇਸ਼ ਵਲੋਂ ਮਹੇਸ਼ ਨੂੰ ਮਾਰ ਦੇਣ ਡਰਾਇਆ ਜਾਣਾ ਕਿ ਜੇ ਉਸ ਨੇ ਇਕਰਾਰ ਉੱਤੇ ਦਸਤਖਤ ਨਾ ਕੀਤੇ, ਡਰਾਉਣ ਧਮਕਾਉਣ ਦੀ ਉਦਾਹਰਨ ਹੈ।

Answer 2

ਸਹੀਂ ਚੋਣ III ਹੈ।

ਰਮੇਸ਼ ਕੋਲ ਉਸ ਦੇ ਦੋਸਤ ਦੇ ਜੀਵਨ ਵਿੱਚ ਬੀਮਾਯੋਗ ਹਿੱਤ ਨਹੀਂ ਹਨ ਅਤੇ ਇਸਕਰਕੇ ਉਸ ਦਾ ਬੀਮਾ ਨਹੀਂ ਹੋ ਸਕਦਾ ਹੈ।

ਸਵੈ-ਪ੍ਰੀਖਿਆ ਸਵਾਲ

Question 1

ਜਾਇਜ਼ ਇਕਰਾਰ ਦਾ ਕਿਹੜਾ ਭਾਗ ਬੀਮਾ ਪ੍ਰੀਮੀਅਮ ਨਾਲ ਸੰਬੰਧਿਤ ਹੈ?

I. ਪੇਸ਼ਕਸ਼ ਅਤੇ ਮਨਜ਼ੂਰੀ
II. ਕੀਮਤ

III. ਮੁਕਤ ਰਜ਼ਾਮੰਦੀ

IV. ਇਕਰਾਰਨਾਮੇ ਲਈ ਧਿਰਾਂ ਦੀ ਸਮੱਰਥਾ

Question 2

_____ ਭਾਵ ਗਲਤ ਬਿਆਨ ਤੋਂ ਹੈ, ਜਿਸ ਨੂੰ ਧੋਖਾ ਦੇਣ ਲਈ ਨਹੀਂ ਦਿੱਤਾ ਜਾਂਦਾ ਹੈ।

I. ਗਲਤ ਬਿਆਨੀ

II. ਯੋਗਦਾਨ

III. ਪੇਸ਼ਕਸ਼

IV. ਪ੍ਰਤਿਨਿਧਤਾ

Question 3

_____ ਵਿੱਚ ਮੁਜਰਮਾਨਾ ਢੰਗਾਂ ਨਾਲ ਦਬਾਅ ਪਾਉਣਾ।

I. ਧੋਖਾ

II. ਨਾਜਾਇਜ਼ ਪ੍ਰਭਾਵ

III. ਦਬਾਅ

IV. ਗਲਤੀ

Question 4

ਹੇਠ ਦਿੱਤਿਆਂ ਵਿੱਚੋਂ ਕਿਹੜਾ ਜੀਵਨ ਬੀਮਾ ਇਕਰਾਰਨਾਮਿਆਂ ਦੇ ਸੰਬੰਧ ਵਿੱਚ ਸਹੀਂ ਹੈ?

I. ਉਹ ਮੌਖਿਕ ਇਕਰਾਰ ਹੁੰਦੇ ਹਨ ਅਤੇ ਕਾਨੂੰਨ ਤੌਰ ਉੱਤੇ ਲਾਗੂ ਨਹੀਂ ਹੁੰਦੇ

II. ਉਹ ਮੌਖਿਕ ਇਕਰਾਰ ਹੁੰਦੇ ਹਨ ਅਤੇ ਕਾਨੂੰਨ ਤੌਰ ਉੱਤੇ ਲਾਗੂ ਹੁੰਦੇ ਹਨ

III. ਇਹ ਭਾਰਤੀ ਇਕਰਾਰਨਾਮਾ ਐਕਟ, 1873 ਦੇ ਮੁਤਾਬਕ ਦੋ ਧਿਰਾਂ (ਬੀਮਾਕਰਤਾ ਅਤੇ ਬੀਮਤ) ਵਿਚਾਲੇ ਇਕਰਾਰ ਹੁੰਦੇ ਹਨ।

IV. ਇਹ ਸ਼ਰਤ ਲਗਾਉਣ ਵਾਲੇ ਇਕਰਾਰ ਦੇ ਵਾਂਗ ਹੀ ਹੁੰਦੇ ਹਨ

Question 5

ਹੇਠ ਦਿੱਤਿਆਂ ਵਿੱਚੋਂ ਕਿਹੜਾ ਇਕਰਾਰਨਾਮੇ ਲਈ ਸਹੀਂ ਕੀਮਤ ਨਹੀਂ ਹੈ?

I. ਧਨ

II. ਜਾਇਦਾਦ

III. ਰਿਸ਼ਵਤ

IV. ਗਹਿਣੇ

Question 6

ਹੇਠ ਦਿੱਤਿਆਂ ਵਿੱਚੋਂ ਕਿਹੜੀ ਧਿਰ ਜੀਵਨ ਬੀਮਾ ਇਕਰਾਰ ਕਰਨ ਲਈ ਯੋਗਤਾ ਨਹੀਂ ਰੱਖਦੀ ਹੈ?

I. ਕਾਰੋਬਾਰੀ ਮਾਲਕ

II. ਨਾਬਾਲਗ

III. ਘਰੇ ਰਹਿਣ ਵਾਲੀ ਔਰਤ

IV. ਸਰਕਾਰੀ ਮੁਲਾਜ਼ਮ

Question 7

ਹੇਠ ਦਿੱਤਿਆਂ ਵਿੱਚੋਂ ਕਿਹੜੀ ਕਾਰਵਾਈ "ਅਤਿ ਚੰਗਾ-ਵਿਸ਼ਵਾਸ਼" ਦੇ ਸਿਧਾਂਤ ਨੂੰ ਦਰਸਾਉਂਦੀ ਹੈ?

I. ਬੀਮਾ ਪੇਸ਼ਕਸ਼ ਫਾਰਮ ਵਿੱਚ ਮੈਡੀਕਲ ਸ਼ਰਤ ਦੇ ਬਾਰੇ ਝੂਠ ਦੱਸਣਾ

II. ਬੀਮਾ ਪੇਸ਼ਕਸ਼ ਫਾਰਮ ਵਿੱਚ ਜਾਣੇ ਹੋਏ ਮੈਡੀਕਲ ਤੱਥਾਂ ਬਾਰੇ ਨਾ ਦੱਸਣਾ

III. ਬੀਮਾ ਪੇਸ਼ਕਸ਼ ਫਾਰਮ ਵਿੱਚ ਜਾਣੇ ਹੋਏ ਪ੍ਰਮੁੱਖ ਤੱਥਾਂ ਬਾਰੇ ਐਲਾਨ ਕਰਨਾ

IV. ਸਮੇਂ ਸਿਰ ਪ੍ਰੀਮੀਅਮ ਦੇਣਾ

Question 8

ਬੀਮੇ-ਯੋਗ ਹਿੱਤ ਦੇ ਬਾਰੇ ਹੇਠ ਦਿੱਤੇ ਵਿੱਚੋਂ ਕਿਹੜਾ ਸਹੀਂ ਨਹੀਂ ਹੈ?

I. ਪਿਤਾ ਆਪਣੇ ਬੱਚੇ ਲਈ ਬੀਮਾ ਲੈਂਦਾ ਹੈ

II. ਜੀਵਨ-ਸਾਥੀ ਦੂਜੇ ਲਈ ਬੀਮਾ ਲੈਂਦਾ ਹੈ

III. ਦੋਸਤ ਆਪਣੇ ਦੂਜੇ ਲਈ ਬੀਮਾ ਲੈਂਦਾ ਹੈ

IV. ਕੰਪਨੀ ਦਾ ਮਾਲਕ ਮੁਲਾਜ਼ਮਾਂ ਲਈ ਬੀਮਾ ਲੈਂਦਾ ਹੈ

Question 9

ਜੀਵਨ ਬੀਮੇ ਦੇ ਕੇਸ ਵਿੱਚ ਕਦੋਂ ਇਹ ਜ਼ਰੂਰੀ ਹੋ ਜਾਂਦਾ ਹੈ ਕਿ ਬੀਮਾਯੋਗ ਹਿੱਤ ਮੌਜੂਦ ਹੋਣ?

I. ਬੀਮਾ ਲੈਣ ਦੇ ਸਮੇਂ ਉੱਤੇ

II. ਦਾਅਵੇ ਦੇ ਸਮੇਂ ਉੱਤੇ

III. ਜੀਵਨ ਬੀਮੇ ਦੇ ਕੇਸ ਵਿੱਚ ਬੀਮੇ-ਯੋਗ ਹਿੱਤ ਹੋਣ ਦੀ ਲੋੜ ਨਹੀਂ ਹੈ

IV. ਜਾਂ ਤਾਂ ਪਾਲਸੀ ਲੈਣ ਦੇ ਸਮੇਂ ਜਾਂ ਦਾਅਵਾ ਕਰਨ ਦੇ ਸਮੇਂ

Question 10

ਹੇਠ ਦਿੱਤੇ ਕੇਸ ਵਿੱਚ ਮੌਤ ਦਾ ਨੇੜਲਾ ਕਾਰਨ ਲੱਭੋ?

ਅਜੇ ਘੋੜੇ ਤੋਂ ਡਿੱਗ ਪਿਆ ਅਤੇ ਉਸ ਦੀ ਪਿੱਠ ਟੁੱਟ ਗਈ ਉਹ ਪਾਣੀ ਦੇ ਟੋਏ ਵਿੱਚ ਡਿੱਗਿਆ ਅਤੇ ਨਮੂਨੀਆ ਹੋ ਗਿਆ। ਉਸ ਨੂੰ ਹਸਪਤਾਲ ਵਿੱਚ ਭਰਤੀ ਕੀਤਾ ਗਿਆ ਅਤੇ ਉਹ ਨਮੂਨੀਏ ਦੇ ਕਰਕੇ ਮਰ ਗਿਆ।

I. ਨਮੂਨੀਆ
II. ਪਿੱਠ ਟੁੱਟਣ ਕਰਕੇ
III. ਘੋੜੇ ਤੋਂ ਡਿੱਗਣ ਕਰਕੇ
IV. ਸਰਜਰੀ

ਸਵੈ ਪ੍ਰੀਖਿਆ ਸਵਾਲਾਂ ਦੇ ਜਵਾਬ

Answer 1

ਸਹੀਂ ਚੋਣ II ਹੈ।

ਜਾਇਜ਼ ਇਕਰਾਰ ਦਾ ਕੀਮਤ ਭਾਗ ਬੀਮਾ ਪ੍ਰੀਮੀਅਮ ਨਾਲ ਸੰਬੰਧਿਤ ਹੈ।

Answer 2

ਸਹੀਂ ਚੋਣ I ਹੈ।

ਗਲਤ ਜਾਣਕਾਰੀ ਦੇਣ ਤੋਂ ਭਾਵ ਗਲਤ ਬਿਆਨ ਤੋਂ ਹੈ, ਜਿਸ ਨੂੰ ਧੋਖਾ ਦੇਣ ਲਈ ਨਹੀਂ ਦਿੱਤਾ ਜਾਂਦਾ ਹੈ।

Answer 3

ਸਹੀਂ ਚੋਣ III ਹੈ।

ਦਬਾਅ ਮੁਜਰਮਾਨਾ ਢੰਗਾਂ ਨਾਲ ਦਬਾਅ ਪਾਉਣਾ।

ਸਹੀਂ ਚੋਣ III ਹੈ।

ਜੀਵਨ ਬੀਮਾ ਇਕਰਾਰਨਾਮੇ ਭਾਰਤੀ ਇਕਰਾਰਨਾਮਾ ਐਕਟ, 1873 ਦੇ ਮੁਤਾਬਕ ਦੋ ਧਿਰਾਂ (ਬੀਮਾਕਰਤਾ ਅਤੇ ਬੀਮਤ) ਵਿਚਾਲੇ ਇਕਰਾਰ ਹੁੰਦੇ ਹਨ।

Answer 4

ਸਹੀਂ ਚੋਣ III ਹੈ।

ਰਿਸ਼ਵਤ ਇਕਰਾਰਨਾਮੇ ਲਈ ਸਹੀਂ ਕੀਮਤ ਨਹੀਂ ਹੈ।

Answer 5

ਸਹੀਂ ਚੋਣ II ਹੈ।

ਨਾਬਾਲਗ ਜੀਵਨ ਬੀਮਾ ਇਕਰਾਰ ਕਰਨ ਲਈ ਯੋਗ ਨਹੀਂ ਹੁੰਦੇ ਹਨ।

Answer 6

ਸਹੀਂ ਚੋਣ III ਹੈ।

ਬੀਮਾ ਪੇਸ਼ਕਸ਼ ਫਾਰਮ ਉੱਤੇ ਜਾਣੇ ਹੋਏ ਪ੍ਰਮੁੱਖ ਤੱਥਾਂ ਦੇ ਬਾਰੇ ਦੱਸਣਾ "ਅਤਿ ਚੰਗੇ ਵਿਸ਼ਵਾਸ਼" ਦੇ ਸਿਧਾਂਤ ਦਾ ਸਹੀਂ ਰੂਪ ਹੈ।

Answer 7

ਸਹੀਂ ਚੋਣ III ਹੈ।

ਦੋਸਤ ਦੂਜੇ ਦੋਸਤ ਲਈ ਬੀਮਾ ਨਹੀਂ ਲੈ ਸਕਦੇ ਹਨ, ਕਿਉਂਕਿ ਕੋਈ ਵੀ ਬੀਮਾਯੋਗ ਹਿੱਤ ਮੌਜੂਦ ਨਹੀਂ ਹੁੰਦਾ ਹੈ।

Answer 8

ਸਹੀਂ ਚੋਣ I ਹੈ।

ਜੀਵਨ ਬੀਮੇ ਵਿੱਚ, ਬੀਮਾਯੋਗ ਹਿੱਤ ਪਾਲਸੀ ਲੈਣ ਦੇ ਸਮੇਂ ਮੌਜੂਦ ਹੋਣੇ ਚਾਹੀਦੇ ਹਨ।

Answer 9

ਸਹੀਂ ਚੋਣ III ਹੈ।

ਘੋੜੇ ਤੋਂ ਡਿੱਗਣਾ ਅਜੇ ਦੀ ਮੌਤ ਦਾ ਨੇੜਲਾ (ਸੰਭਵ) ਕਾਰਨ ਹੈ।

ਭਾਗ 2

ਸਿਹਤ ਬੀਮਾ

ਪਾਠ 6

ਸਿਹਤ ਬੀਮੇ ਨਾਲ ਜਾਣ-ਪਛਾਣ

ਪਾਠ ਜਾਣ-ਪਛਾਣ

ਇਹ ਪਾਠ ਵਿੱਚ ਤੁਹਾਨੂੰ ਦੱਸਿਆ ਜਾਵੇਗਾ ਕਿ ਬੀਮੇ ਦਾ ਸਮੇਂ ਨਾਲ ਕਿਵੇਂ ਵਿਕਾਸ ਹੋਇਆ। ਇਸ ਵਿੱਚ ਸਿਹਤ-ਦੇਖਭਾਲ ਕੀ ਹੈ, ਇਸ ਦੇ ਵੱਖ-ਵੱਖ ਪੱਧਰਾਂ ਤੇ ਸਿਹਤ-ਦੇਖਭਾਲ ਦੀਆਂ ਕਿਸਮਾਂ ਬਾਰੇ ਦੱਸਿਆ ਜਾਵੇਗਾ। ਤੁਸੀਂ ਭਾਰਤ ਵਿੱਚ ਸਿਹਤ-ਦੇਖਭਾਲ ਤੇ ਇਸ ਨੂੰ ਪ੍ਰਭਾਵਿਤ ਕਰਨ ਵਾਲੇ ਕਾਰਕਾਂ ਦੇ ਬਾਰੇ ਵੀ ਦੱਸਿਆ ਜਾਵੇਗਾ। ਅੰਤ ਉੱਤੇ ਭਾਰਤ ਵਿੱਚ ਸਿਹਤ ਦੇਖਭਾਲ ਦਾ ਵਿਕਾਸ ਬਾਰੇ ਅਤੇ ਭਾਰਤ ਦੇ ਸਿਹਤ ਬੀਮਾ ਬਾਜ਼ਾਰ ਵਿੱਚ ਵੱਖ-ਵੱਖ ਕੰਪਨੀਆਂ ਦੇ ਬਾਰੇ ਵੀ ਜਾਣਕਾਰੀ ਦਿੱਤੀ ਜਾਵੇਗੀ।

ਸਿੱਖਣ ਨਤੀਜੇ

A. ਭਾਰਤ ਵਿੱਚ ਬੀਮੇ ਦਾ ਇਤਿਹਾਸ ਤੇ ਬੀਮੇ ਦੇ ਵਿਕਾਸ
B. ਸਿਹਤ-ਦੇਖਭਾਲ ਕੀ ਹੈ
C. ਸਿਹਤ-ਦੇਖਭਾਲ ਦੇ ਪੱਧਰ
D. ਸਿਹਤ-ਦੇਖਭਾਲ ਦੀਆਂ ਕਿਸਮਾਂ
E. ਭਾਰਤ ਵਿੱਚ ਸਿਹਤ ਪ੍ਰਣਾਲੀ ਨੂੰ ਪ੍ਰਭਾਵਿਤ ਕਰਨ ਵਾਲੇ ਕਾਰਨ
F. ਸਿਹਤ-ਦੇਖਭਾਲ - ਆਜ਼ਾਦੀ ਦੇ ਬਾਅਦ ਤਰੱਕੀ
G. ਸਿਹਤ ਬੀਮਾ ਬਾਜ਼ਾਰ

ਇਹ ਕਾਂਡ ਪੜ੍ਹਨ ਦੇ ਬਾਅਦ, ਤੁਸੀਂ ਯੋਗ ਹੋਣੇ ਚਾਹੀਦੇ ਹੋ:

1. ਸਮਝਣਾ ਕਿ ਬੀਮੇ ਦਾ ਵਿਕਾਸ ਕਿਵੇਂ ਹੋਇਆ।
2. ਸਿਹਤ-ਦੇਖਭਾਲ ਦੀ ਧਾਰਨਾ ਤੇ ਸਿਹਤ-ਦੇਖਭਾਲ ਦੀਆਂ ਕਿਸਮਾਂ ਤੇ ਪੱਧਰਾਂ ਦੀ ਵਿਆਖਿਆ ਕਰਨੀ।
3. ਭਾਰਤ ਵਿੱਚ ਸਿਹਤ-ਦੇਖਭਾਲ ਨੂੰ ਪ੍ਰਭਾਵਿਤ ਕਰਨ ਵਾਲੇ ਕਾਰਕਾਂ ਦੇ ਮੁਲਾਂਕਣ ਤੇ ਆਜ਼ਾਦੀ ਦੇ ਬਾਅਦ ਹੋਈ ਤਰੱਕੀ
4. ਭਾਰਤ ਵਿੱਚ ਸਿਹਤ ਬੀਮੇ ਦੇ ਵਿਕਾਸ ਬਾਰੇ ਵਿਚਾਰ-ਚਰਚਾ।
5. ਭਾਰਤ ਵਿੱਚ ਸਿਹਤ ਬੀਮਾ ਬਾਜ਼ਾਰ ਨੂੰ ਜਾਣਨਾ।

A. ਭਾਰਤ ਵਿੱਚ ਬੀਮੇ ਦਾ ਇਤਿਹਾਸ ਤੇ ਬੀਮੇ ਦੇ ਵਿਕਾਸ

ਬੀਮੇ ਨੂੰ ਕੁਝ ਜਾਂ ਅਨੇਕਾਂ ਰੂਪ ਵਿੱਚ ਹਜ਼ਾਰਾਂ ਸਾਲਾਂ ਤੋਂ ਮੌਜੂਦ ਹੋਣ ਵਜੋਂ ਜਾਣਿਆ ਜਾਂਦਾ ਹੈ। ਸਾਲਾਂ ਤੱਕ ਕਈ ਸਭਿਆਤਾਵਾਂ ਵਿੱਚ ਸਮਾਜ ਦੇ ਕੁਝ ਮੈਂਬਰਾਂ ਦੇ ਹੋਣ ਵਾਲੇ ਸਾਰੇ ਘਾਟੇ ਨੂੰ ਆਪਸ ਵਿੱਚ ਸਾਂਝਾ ਕਰਨ ਅਤੇ ਵੰਡਣ ਦੀ ਧਾਰਨਾ ਸੀ। ਹਾਲਾਂਕਿ, ਬੀਮੇ ਦੇ ਜਿਸ ਧੰਦੇ ਨੂੰ ਅਸੀਂ ਅੱਜ ਜਾਣਦੇ ਹਾਂ, ਦੋ ਤੋਂ ਤਿੰਨ ਸਦੀਆਂ ਪਹਿਲਾਂ ਹੀ ਹੋਂਦ ਵਿੱਚ ਆਇਆ ਹੈ।

1. ਆਧੁਨਿਕ ਵਣਜ ਬੀਮਾ

ਬੀਮੇ ਦੀ ਧਾਰਨਾ ਰਾਹੀਂ ਸਭ ਤੋਂ ਆਧੁਨਿਕ ਜ਼ੋਖਿਮਾਂ ਦੇ ਹੱਲ ਕਰਨ ਵਾਲਿਆਂ ਵਿੱਚੋਂ ਸਮੁੰਦਰ ਵਿੱਚੋਂ ਹੋਣ ਵਾਲੀਆਂ ਦੁਰਘਟਨਾਵਾਂ ਰਾਹੀਂ ਹੋਣ ਵਾਲੇ ਘਾਟੇ ਸਨ - ਜਿਸ ਨੂੰ ਅਸੀਂ ਸਮੁੰਦਰੀ ਬੀਮਾ ਜ਼ੋਖਿਮ ਕਹਿੰਦੇ ਹਾਂ। ਸਮੁੰਦਰੀ ਬੀਮਾ ਹੋਰ ਕਿਸਮ ਦੇ ਬੀਮਿਆਂ ਤੋਂ ਮੋਹਰੀ ਸੀ।

ਪਰ, ਆਧੁਨਿਕ ਬੀਮੇ ਦੀ ਮੁੱਢਲੀ ਕਿਸਮ 14ਵੀਂ ਸਦੀ ਵਿੱਚ ਯੂਰਪ ਖਾਸ ਤੌਰ ਉੱਤੇ ਇਟਲੀ ਵਿੱਚ ਕਾਰੋਬਾਰੀ ਸੰਘਾਂ ਜਾਂ ਸਮਾਜਾਂ ਵਲੋਂ ਸੁਰੱਖਿਆ ਦੇ ਰੂਪ ਵਿੱਚ ਸੀ। ਇਹ ਸੰਘ ਮੈਂਬਰ ਵਲੋਂ ਭੇਜਣ ਦੇ ਦੌਰਾਨ ਘਾਟੇ, ਅੱਗ, ਮੈਂਬਰਾਂ ਦੀ ਮੌਤ ਜਾਂ ਰੋਜ਼ੀ-ਰੋਟੀ ਦੇ ਘਾਟੇ ਦੇ ਲਈ ਮੈਂਬਰੀ ਅਧਾਰਿਤ ਫੰਡ ਘਾਟੇ ਉੱਤੇ ਅਧਾਰਿਤ ਸੀ। ਅੱਗ ਬੀਮੇ ਦਾ ਰੂਪ, ਜਿਸ ਨੂੰ ਅਸੀਂ ਅੱਜ ਜਾਣਦੇ ਹਾਂ, 1591 ਵਿੱਚ ਹਮਬਰਗ ਵਿੱਚ ਹੋਂਦ ਵਿੱਚ ਆਇਆ ਸੀ।

ਇੰਗਲੈਂਡ ਲਈ, 1666 ਵਿੱਚ ਲੰਡਨ ਵਿੱਚ ਲੱਗੀ ਵੱਡੀ ਅੱਗ, ਜਿਸ ਨਾਲ ਸ਼ਹਿਰ ਦੇ ਬਹੁਤਾ ਸ਼ਹਿਰ ਅਤੇ 13,000 ਤੋਂ ਵੱਧ ਘਰ ਸੜ ਗਏ ਸਨ, ਨੇ ਬੀਮੇ ਨੂੰ ਉਤਸ਼ਾਹਿਤ ਕੀਤਾ ਅਤੇ ਪਹਿਲੀ ਅੱਗ ਬੀਮਾ ਕੰਪਨੀ, ਜਿਸ ਨੂੰ ਫਾਇਰ ਆਫਿਸ ਕਿਹਾ ਜਾਂਦਾ ਸੀ, 1680 ਵਿੱਚ ਸ਼ੁਰੂ ਕੀਤੀ ਗਈ।

ਲੋਇਡਸ: ਅੱਜ ਦੇ ਬੀਮਾ ਧੰਦੇ ਦਾ ਮੁੱਢ ਲੰਡਨ ਦੇ ਲੋਇਡਸ ਦੇ ਕਾਫ਼ੀ ਹਾਊਸ ਵਿੱਚ ਬੱਝਾ। ਵਪਾਰੀ, ਜੋ ਕਿ ਉੱਥੇ ਇੱਕਠੇ ਹੁੰਦੇ ਸਨ, ਸਮੁੰਦਰੀ ਖਤਰਿਆਂ ਦੇ ਕਰਕੇ ਸਮੁੰਦਰੀ ਜ਼ਹਾਜ਼ਾਂ ਰਾਹੀਂ ਲੈ ਕੇ ਜਾਣ ਵਾਲੇ ਸਮਾਨ ਦੇ ਹੋਏ ਨੁਕਸਾਨ ਨੂੰ ਸਾਂਝਾ ਕਰਨ ਲਈ ਸਹਿਮਤ ਹੋਏ। ਇੰਝ ਦੇ ਨੁਕਸਾਨ ਸਮੁੰਦਰੀ ਖਤਰਿਆਂ, ਜਿਵੇਂ ਕਿ ਸਮੁੰਦਰੀ ਡਾਕੂਆਂ ਵਲੋਂ ਖੁੱਲ੍ਹੇ ਸਮੁੰਦਰਾਂ ਵਿੱਚ ਲੁੱਟਣਾ ਜਾਂ ਖ਼ਰਾਬ ਸਮੁੰਦਰੀ ਮੌਸਮ ਕਰਕੇ ਸਮਾਨ ਖਰਾਬ ਹੋਣਾ ਜਾਂ ਕਿਸੇ ਕਾਰਨ ਕਰਕੇ ਜ਼ਹਾਜ਼ ਦਾ ਡੁੱਬਣਾ, ਕਰਕੇ ਹੁੰਦੇ ਸਨ।

2. ਭਾਰਤ ਵਿੱਚ ਆਧੁਨਿਕ ਵਪਾਰਕ ਬੀਮੇ ਦਾ ਅਤੀਤ

ਭਾਰਤ ਵਿੱਚ ਆਧੁਨਿਕ ਬੀਮੇ ਦੀ ਸ਼ੁਰੂਆਤ 1800 ਦੇ ਸ਼ੁਰੂ ਵਿੱਚ ਜਾਂ ਨੇੜੇ ਤੇੜੇ ਵਿਦੇਸ਼ੀ ਬੀਮਾ ਕੰਪਨੀਆਂ ਵਲੋਂ ਸਮੁੰਦਰੀ ਬੀਮਾ ਧੰਦੇ ਲਈ ਏਜੰਸੀਆਂ ਨਾਲ ਹੋਈ। ਭਾਰਤ ਵਿੱਚ ਪਹਿਲੀ ਜੀਵਨ ਬੀਮਾ ਕੰਪਨੀ ਅੰਗਰੇਜ਼ੀ ਕੰਪਨੀ, ਓਰੀਐਂਟਲ ਜੀਵਨ ਬੀਮਾ ਕਾਰਪੋ. ਲਿਮ. 1818 ਵਿੱਚ ਅਤੇ ਪਹਿਲੀ ਗ਼ੈਰ-ਜੀਵਨ ਬੀਮਾ ਕੰਪਨੀ ਟ੍ਰੀਟੋਨ ਇੰਸ਼ੋਅਰੈਂਸ ਕਾਰਪੋ. ਲਿਮ. ਦੋਵੇਂ ਕਲਕੱਤੇ ਵਿੱਚ 1850 ਵਿੱਚ ਸਥਾਪਿਤ ਕੀਤੀਆਂ ਗਈਆਂ।

ਪਹਿਲੀ ਪੂਰੀ ਭਾਰਤੀ ਬੀਮਾ ਕੰਪਨੀ ਬੰਬੇ ਮਿਊਚਲ ਅਸ਼ੋਅਰੈਂਸ ਸੋਸਾਇਟੀ ਲਿਮ. ਮੁੰਬਈ ਵਿੱਚ 1870 ਸਥਾਪਿਤ ਕੀਤੀ ਗਈ। ਸਦੀ ਦੇ ਮੋੜ ਉੱਤੇ ਸਵਦੇਸ਼ੀ ਅੰਦੋਲਨ ਦੇ ਨਤੀਜੇ ਵਜੋਂ ਕਈ ਹੋਰ ਭਾਰਤੀ ਕੰਪਨੀਆਂ ਸਥਾਪਿਤ ਕੀਤੀਆਂ ਗਈਆਂ।

1912 ਵਿੱਚ, ਬੀਮਾ ਧੰਦੇ ਨੂੰ ਨਿਯਮਤ ਕਰਨ ਲਈ **ਜੀਵਨ ਬੀਮਾ ਕੰਪਨੀ ਐਕਟ ਅਤੇ ਪ੍ਰੋਵੀਡੈਂਟ ਫੰਡ ਐਕਟ** ਪਾਸ ਕੀਤਾ ਗਿਆ। ਜੀਵਨ ਬੀਮਾ ਕੰਪਨੀ ਐਕਟ 1912 ਰਾਹੀਂ ਇਹ ਲਾਜ਼ਮੀ ਬਣਾਇਆ ਗਿਆ ਕਿ ਪ੍ਰੀਮੀਅਮ-ਦਰ ਸਾਰਣੀਆਂ ਅਤੇ ਕੰਪਨੀਆਂ ਦੇ ਆਵਰਤੀ ਮੁਲਾਂਕਣ ਨੂੰ ਬੀਮਾਂਕਿਕ ਵਲੋਂ ਤਸਦੀਕ ਕੀਤਾ ਜਾਵੇ। ਪਰ, ਭਾਰਤੀ ਅਤੇ ਵਿਦੇਸ਼ੀ ਕੰਪਨੀਆਂ ਵਿੱਚ ਭੇਦਭਾਵ ਜਾਰੀ ਰਿਹਾ।

ਭਾਰਤ ਵਿੱਚ ਸਭ ਤੋਂ ਪੁਰਾਣੀ ਬੀਮਾ ਕੰਪਨੀ, ਜੋ ਕਿ ਅੱਜ ਵੀ ਮੌਜੂਦ ਹੈ, ਨੈਸ਼ਨਲ ਇੰਸ਼ੋਅਰੈਂਸ ਕੰਪਨੀ ਲਿਮ. ਹੈ, ਜਿਸ ਨੂੰ 1906 ਵਿੱਚ ਬਣਾਇਆ ਗਿਆ ਸੀ।

ਹਾਲਤ ਦੀ ਲੋੜ ਦੇ ਮੁਤਾਬਕ, ਭਾਰਤੀ ਬੀਮਾ ਉਦਯੋਗ ਦੀ ਨਿਗਰਾਨੀ ਸਰਕਾਰ ਵਲੋਂ ਕਰਨੀ, ਕੌਮੀਕਰਨ ਅਤੇ ਫ਼ੇਰ ਨਿੱਜੀਕਰਨ ਅਤੇ ਇਹ ਸਭ ਕਿਵੇਂ ਵਾਪਰਿਆ:

a) ਜੀਵਨ ਬੀਮੇ ਦਾ ਕੌਮੀਕਰਨ

ਜੀਵਨ ਬੀਮੇ ਦੇ ਧੰਦੇ ਨੂੰ 1 ਸਤੰਬਰ 1956 ਵਿੱਚ ਕੌਮੀਕ੍ਰਿਤ ਕੀਤਾ ਗਿਆ ਅਤੇ ਭਾਰਤੀ ਜੀਵਨ ਬੀਮਾ ਨਿਗਮ (ਐਲਆਈਸੀ) ਦਾ ਨਿਰਮਾਣ ਹੋਇਆ। ਉਸ ਸਮੇਂ ਭਾਰਤ ਵਿੱਚ 170 ਕੰਪਨੀਆਂ ਅਤੇ 75 ਪ੍ਰੋਵੀਡੈਂਟ ਫੰਡ ਸੋਸਾਇਟੀਆਂ ਜੀਵਨ ਬੀਮਾ ਧੰਦੇ ਵਿੱਚ ਕਰਦੀਆਂ ਸਨ। 1956 ਤੋਂ 1999 ਤੱਕ, ਕੇਵਲ ਐਲਆਈਸੀ (LIC) ਕੋਲ ਭਾਰਤ ਵਿੱਚ ਜੀਵਨ ਬੀਮਾ ਕਰਨ ਦਾ ਰਾਖਵਾਂ ਹੱਕ ਸੀ।

b) ਗ਼ੈਰ-ਜੀਵਨ ਬੀਮੇ ਦਾ ਕੌਮੀਕਰਨ

1972 ਵਿੱਚ ਜਰਨਲ ਬੀਮਾ ਵਣਜ ਕੌਮੀਕਰਨ ਐਕਟ (ਜੀਆਈਬੀਐਨਏ) ਦੇ ਕਾਨੂੰਨ ਬਣਨ ਨਾਲ, ਗ਼ੈਰ-ਜੀਵਨ ਬੀਮਾ ਧੰਦੇ ਨੂੰ ਵੀ ਕੌਮੀਕ੍ਰਿਤ ਕੀਤਾ ਗਿਆ ਅਤੇ **ਭਾਰਤੀ ਜਰਨਲ ਬੀਮਾ ਨਿਯਮ (ਜੀਆਈਸੀ)** ਅਤੇ ਇਸ ਦੀਆਂ **ਚਾਰ ਸਹਾਇਕ ਕੰਪਨੀਆਂ** ਤਿਆਰ ਕੀਤੀਆਂ ਗਈਆਂ। ਉਸ ਸਮੇਂ ਭਾਰਤ ਵਿੱਚ 106 ਬੀਮਾ ਕੰਪਨੀਆਂ ਗ਼ੈਰ-ਜੀਵਨ ਬੀਮਾ ਧੰਦਾ ਕਰਨ ਵਾਲੀਆਂ ਕੰਪਨੀਆਂ ਨੂੰ ਆਪਸ ਵਿੱਚ ਮਿਲਾ ਕੇ ਭਾਰਤੀ ਜੀਆਈਸੀ ਦੀਆਂ ਸਹਾਇਕ ਕੰਪਨੀਆਂ ਤਿਆਰ ਕੀਤੀਆਂ ਗਈਆਂ।

c) ਮਲੋਹਤਰਾ ਕਮੇਟੀ ਅਤੇ ਆਈਆਰਡੀਏ

1993 ਵਿੱਚ, ਮਲੋਹਤਰਾ ਕਮੇਟੀ ਪ੍ਰਾਈਵੇਟ ਕੰਪਨੀਆਂ ਨੂੰ ਲਿਆ ਕੇ ਮੁਕਾਬਲੇ ਨੂੰ ਮੁੜ-ਉਤਸ਼ਾਹਿਤ ਕਰਨ ਦੇ ਸਮੇਤ ਉਦਯੋਗ ਦੇ ਵਿਕਾਸ ਦੀਆਂ ਸੰਭਵਾਨਵਾਂ ਦਾ ਪਤਾ ਲਗਾਉਣ ਅਤੇ ਤਬਦੀਲੀਆਂ ਦੀ ਸਿਫਾਰਸ਼ ਕਰਨ ਲਈ ਸਥਾਪਿਤ ਕੀਤੀ ਗਈ। ਕਮੇਟੀ ਨੇ 1994 ਵਿੱਚ ਆਪਣੀ ਰਿਪੋਰਟ ਦਿੱਤੀ। 1997 ਵਿੱਚ ਬੀਮਾ ਰੈਗੂਲੇਟਰੀ ਅਥਾਰਟੀ (ਆਈਆਰਏ) ਬਣਾਈ ਗਈ।

d) ਇੰਸ਼ੋਅਰੈਂਸ ਰੈਗੂਲੇਟਰੀ ਐਂਡ ਡਿਵੈਲਪਮੈਂਟ ਐਕਟ 1999 (ਆਈਆਰਡੀਏ) ਦਾ ਪਾਸ ਕਰਕੇ ਬੀਮਾ ਰੈਗੂਲੇਟਰੀ ਅਤੇ ਵਿਕਾਸ ਅਥਾਰਟੀ (IRDA) ਨੂੰ ਅਪ੍ਰੈਲ 2000 ਵਿੱਚ ਜੀਵਨ ਅਤੇ ਗ਼ੈਰ-ਜੀਵਨ ਬੀਮਾ ਉਦਯੋਗ ਲਈ ਰੈਗੂਲੇਟਰੀ ਸੰਸਥਾ ਵਜੋਂ "ਪਾਲਸੀ ਧਾਰਕਾਂ ਦੇ ਹਿੱਤਾਂ ਦੀ ਸੁਰੱਖਿਆ ਅਤੇ ਬੀਮਾ ਉਦਯੋਗ ਵਿੱਚ ਲਗਾਤਾਰ ਤਰੱਕੀ ਨੂੰ ਯਕੀਨੀ ਬਣਾਉਣ ਲਈ" ਸਥਾਪਿਤ ਕੀਤਾ ਗਿਆ।

e) ਜੀਆਈਸੀ ਦਾ ਪੁਨਰਗਠਨ

ਜੀਆਈਸੀ ਨੂੰ ਕੌਮੀ ਮੁੜ-ਬੀਮਾ ਕੰਪਨੀ ਵਜੋਂ ਬਦਲ ਦਿੱਤਾ ਗਿਆ ਹੈ ਅਤੇ ਇਸ ਦੀਆਂ ਚਾਰ ਸਹਾਇਕ ਕੰਪਨੀਆਂ ਨੂੰ ਆਤਮ-ਨਿਰਭਰ ਕੰਪਨੀਆਂ ਵਲੋਂ ਮੁੜ-ਨਿਰਮਤ ਕੀਤਾ ਗਿਆ। ਦਸੰਬਰ, 2000 ਵਿੱਚ, ਸੰਸਦ ਨੇ ਜੀਆਈਸੀ ਤੋਂ ਚਾਰ ਸਹਾਇਕ ਕੰਪਨੀਆਂ ਨੂੰ ਜੁਲਾਈ 2002 ਤੋਂ ਮੁਕਤ ਕਰਨ ਦਾ ਬਿੱਲ ਪਾਸ ਕੀਤਾ। ਇਹ ਹਨ

- ✓ ਨੈਸ਼ਨਲ ਬੀਮਾ ਕਾਰਪੋ. ਲਿਮ
- ✓ ਓਰੀਐਂਟਲ ਬੀਮਾ ਕਾਰਪੋ. ਲਿਮ.
- ✓ ਨਿਊ ਇੰਡੀਆ ਅਸ਼ੋਅਰੈਂਸ ਕਾਰਪੋ. ਲਿਮ.
- ✓ ਯੂਨਾਈਟਡ ਬੀਮਾ ਕਾਰਪੋ. ਲਿਮ.

f) ਜੀਵਨ ਬੀਮਾ ਉਦਯੋਗ ਅੱਜ

28 ਬੀਮਾ ਕੰਪਨੀਆਂ "ਜੀਵਨ ਬੀਮਾ" ਕੰਪਨੀਆਂ ਵਜੋਂ ਰਜਿਸਟਰ ਹਨ। ਸੂਚੀ ਹੇਠਾਂ ਦਿੱਤੀ ਹੈ।

g) ਗੈਰ-ਜੀਵਨ ਬੀਮਾ ਉਦਯੋਗ ਅੱਜ

28 ਬੀਮਾ ਕੰਪਨੀਆਂ "ਆਮ ਬੀਮਾ" ਕੰਪਨੀਆਂ ਵਜੋਂ ਰਜਿਸਟਰ ਹਨ।

i. ਐਗਰੀਕਲਚਰ ਇੰਸ਼ੋਅਰੈਂਸ ਕੰਪਨੀ ਆਫ਼ ਇੰਡੀਆ ਲਿਮਟਡ ਫ਼ਸਲ ਬੀਮਾ/ਪੇਂਡੂ ਬੀਮੇ ਦੇ ਸਬੰਧੀ ਜ਼ੋਖਿਮਾਂ ਲਈ ਮਾਹਿਰ ਬੀਮਾ ਕਰਨ ਵਾਲੀ ਕੰਪਨੀ ਹੈ।

ii. ਐਕਸਪੋਰਟ ਕਰੈਡਿਟ ਅਤੇ ਗਾਰੰਟੀ ਕਾਰਪੋਰੇਸ਼ਨ ਆਫ਼ ਇੰਡੀਆ ਨਿਰਯਾਤ ਕਰੈਡਿਟ ਦੇ ਸਬੰਧੀ ਜ਼ੋਖਿਮਾਂ ਲਈ ਖਾਸ ਬੀਮਾ ਕੰਪਨੀ ਹੈ।

iii. 5 ਇਕੱਲੀ ਸਿਹਤ ਬੀਮਾ ਕੰਪਨੀਆਂ ਹਨ।

iv. ਬਾਕੀ ਕੰਪਨੀਆਂ ਆਮ ਬੀਮਾ ਕਾਰੋਬਾਰ ਦੀਆਂ ਸਭ ਕਿਸਮਾਂ ਲਈ ਕੰਮ ਕਰਦੀਆਂ ਹਨ।

ਜੀਵਨ ਬੀਮਾ ਕੰਪਨੀਆਂ ਦੀ ਸੂਚੀ :

1. ਏਜੀਗੋਨ ਰਿਲੀਗੇਅਰ ਲਾਈਫ ਇੰਸ਼ੋਅਰੈਂਸ	13. IDBI ਫੈਡਰਲ ਲਾਈਫ ਇੰਸ਼ੋਅਰੈਂਸ
2. ਅਵੀਵਾ ਲਾਈਫ ਬੀਮਾ	14. ਇੰਡੀਆ ਫਸਟ ਲਾਈਫ ਇੰਸ਼ੋਅਰੈਂਸ
3. ਬਜਾਜ ਅਲਾਨਜ਼ ਲਾਈਫ਼ ਇੰਸ਼ੋਅਰੈਂਸ	15. ਕੋਟਕ ਮਹਿੰਦਰਾ ਓਲਡ ਮਿਊਚਲ ਲਾਈਫ ਇੰਸ਼ੋਅਰੈਂਸ
4. ਭਾਰਤੀ ਐਕਸਸ ਲਾਈਫ ਇੰਸ਼ੋਅਰੈਂਸ	16. ਜੀਵਨ ਬੀਮਾ ਕਾਰਪੋਰੇਸ਼ਨ
5. ਬਿਰਲਾ ਸਨ ਲਾਈਫ ਇੰਸ਼ੋਅਰੈਂਸ	17. ਮੈਕਸ ਲਾਈਫ ਇੰਸ਼ੋਅਰੈਂਸ
6. ਕੈਨਰਾ HSBC OBC ਲਾਈਫ਼ ਇੰਸ਼ੋਅਰੈਂਸ	18. PNB ਮਿਟਲਾਈਫ
7. DHFL ਪ੍ਰਮੀਰਿਕਾ ਲਾਈਫ ਇੰਸ਼ੋਅਰੈਂਸ	19. ਰਿਲਾਈਂਸ ਲਾਈਫ ਇੰਸ਼ੋਅਰੈਂਸ
8. ਇਡੇਲਵਿਸਸ ਲਾਈਫ ਬੀਮਾ	20. ਸਹਾਰਾ ਇੰਡੀਆ ਲਾਈਫ ਇੰਸ਼ੋਅਰੈਂਸ
9. ਐਕਸਾਈਡ ਲਾਈਫ ਬੀਮਾ	21. SBI ਲਾਈਫ ਇੰਸ਼ੋਅਰੈਂਸ
10. ਫਿਊਚਰ ਜਰਨਲੀ ਲਾਈਫ ਇੰਸ਼ੋਅਰੈਂਸ	22. ਸ੍ਰੀਰਾਮ ਲਾਈਫ ਇੰਸ਼ੋਅਰੈਂਸ
11. HDFC ਸਟੈਂਡਰਡ ਲਾਈਫ ਇੰਸ਼ੋਅਰੈਂਸ	23. ਸਟਾਰ ਯੂਨੀ ਡਾਈ-ਲਚੀ ਲਾਈਫ ਇੰਸ਼ੋਅਰੈਂਸ
12. ICICI ਪ੍ਰੋਡੈਂਟਲ ਲਾਈਫ ਇੰਸ਼ੋਅਰੈਂਸ	24. ਟਾਟਾ AIA ਲਾਈਫ ਇੰਸ਼ੋਅਰੈਂਸ

ਇੱਕਲੀਆਂ ਸਿਹਤ ਬੀਮਾ ਕੰਪਨੀਆਂ ਦੀ ਸੂਚੀ :

1. ਬਜਾਜ ਅਲਾਨਜ਼ ਜਰਨਲ ਇੰਸ਼ੋਅਰੈਂਸ
2. ਫਿਊਚਰ ਜਰਨਲੀ ਜਰਨਲ ਇੰਸ਼ੋਅਰੈਂਸ
3. ਓਰੀਐਂਟਲ ਇੰਸ਼ੋਅਰੈਂਸ
4. ਟਾਟਾ ਏਜੀਆਈ ਜਰਨਲ ਇੰਸ਼ੋਅਰੈਂਸ
5. ਸਟਾਰ ਹੈਲਥ ਇੰਸ਼ੋਅਰੈਂਸ

ਆਮ ਬੀਮਾ ਕੰਪਨੀਆਂ ਦੀ ਸੂਚੀ :

1. ਖੇਤੀਬਾੜੀ ਬੀਮਾ ਕੰਪਨੀ	12. ਮੈਗਮਾ ਐਚਡੀਆਈ ਜਰਨਲ ਇੰਸ਼ੋਅਰੈਂਸ
2. ਬਜਾਜ ਅਲਾਨਜ਼ ਜਰਨਲ ਇੰਸ਼ੋਅਰੈਂਸ	13. ਨੈਸ਼ਨਲ ਇੰਸ਼ੋਅਰੈਂਸ
3. ਭਾਰਤੀ ਐਕਸਸ ਜਰਨਲ ਇੰਸ਼ੋਅਰੈਂਸ	14. ਨਿਊ ਇੰਡੀਆ ਅੱਸ਼ੋਅਰੈਂਸ
4. ਚੋਲਾਮੰਡਲਮ ਐਮਐਸ ਜਰਨਲ ਇੰਸ਼ੋਅਰੈਂਸ	15. ਓਰੀਐਂਟਲ ਇੰਸ਼ੋਅਰੈਂਸ
5. ਐਕਸਪੋਰਟ ਕਰੈਡਿਟ ਗਾਰੰਟੀ ਕਾਰਪੋਰੇਸ਼ਨ	16. ਰਾਹੇਜਾ ਕਿਊਬੀਈ ਜਰਨਲ ਇੰਸ਼ੋਅਰੈਂਸ
6. ਫਿਊਚਰ ਜਰਨਲੀ ਜਰਨਲ ਇੰਸ਼ੋਅਰੈਂਸ	17. ਰਿਲਾਈਂਸ ਜਰਨਲ ਇੰਸ਼ੋਅਰੈਂਸ

7. ਐਚਡੀਐਫਸੀ ਈਆਰਜੀਓ ਜਰਨਲ ਇੰਸ਼ੋਅਰੈਂਸ	18. ਰਾਇਲ ਸੁੰਦਰਮ ਜਰਨਲ ਇੰਸ਼ੋਅਰੈਂਸ
8. ਆਈਸੀਆਈਸੀਆਈ ਲੰਬਾਰਡ ਜਰਨਲ ਇੰਸ਼ੋਅਰੈਂਸ	19. ਐਸਬੀਆਈ ਜਰਨਲ ਇੰਸ਼ੋਅਰੈਂਸ
	20. ਸ੍ਰੀਰਾਮ ਜਰਨਲ ਇੰਸ਼ੋਅਰੈਂਸ
9. ਇਫਕੋ ਟੋਕਿਓ ਜਰਨਲ ਇੰਸ਼ੋਅਰੈਂਸ	21. ਟਾਟਾ ਏਜੀਆਈ ਜਰਨਲ ਇੰਸ਼ੋਅਰੈਂਸ
10. ਐਲ ਟੀ ਜਰਨਲ ਇੰਸ਼ੋਅਰੈਂਸ	22. ਯੂਨਾਈਟਡ ਇੰਡੀਆ ਇੰਸ਼ੋਅਰੈਂਸ
11. ਲਿਬਰਟੀ ਵਿਡੀਓਕਾਨ ਜਰਨਲ ਇੰਸ਼ੋਅਰੈਂਸ	23. ਯੂਨੀਵਰਸਲ ਸੰਪੋ ਜਰਨਲ ਇੰਸ਼ੋਅਰੈਂਸ

B. ਸਿਹਤ-ਦੇਖਭਾਲ ਕੀ ਹੈ

ਤੁਸੀਂ ਕਹਿੰਦੇ ਸੁਣਿਆ ਹੋਵੇਗਾ ਕਿ "ਸਿਹਤ ਹੀ ਧਨ ਹੈ"। ਕੀ ਤੁਸੀਂ ਕਦੇ ਪਤਾ ਕਰਨ ਦੀ ਕੋਸ਼ਿਸ਼ ਕੀਤੀ ਹੈ ਕਿ ਅਸਲ ਵਿੱਚ ਸਿਹਤ ਦਾ ਕੀ ਅਰਥ ਹੈ? ਸ਼ਬਦ 'ਸਿਹਤ' (Health) ਸ਼ਬਦ 'hoelth' ਤੋਂ ਬਣਿਆ ਹੈ, ਜਿਸ ਦਾ ਅਰਥ ਹੈ 'ਤੰਦਰੁਸਤ ਸਰੀਰ'।

ਪੁਰਾਣੇ ਸਮਿਆਂ ਵਿੱਚ, ਸਿਹਤ ਨੂੰ 'ਰੱਬੀ ਦਾਤ' ਮੰਨਿਆ ਜਾਂਦਾ ਸੀ ਅਤੇ ਬੀਮਾਰੀ ਨੂੰ ਸੰਬੰਧਿਤ ਵਿਅਕਤੀ ਵਲੋਂ ਕੀਤੇ ਗਏ ਪਾਪਾਂ ਦੇ ਕਰਕੇ ਹੋਣਾ ਸਮਝਿਆ ਜਾਂਦਾ ਸੀ। ਹਿੱਪੋਕਰੇਟਸ (460 ਤੋਂ 370 BC) ਨੇ ਬੀਮਾਰੀ ਦੇ ਪੁੱਛੇ ਕਾਰਨ ਦਿੱਤੇ। ਉਸ ਦੇ ਮੁਤਾਬਕ, ਬੀਮਾਰੀ ਮਾਹੌਲ, ਸਫ਼ਾਈ, ਨਿੱਜੀ ਅਰੋਗਤਾ ਤੇ ਭੋਜਨ ਦੇ ਸੰਬੰਧੀ ਵੱਖ-ਵੱਖ ਕਾਰਨਾਂ ਦੇ ਕਰਕੇ ਹੁੰਦੀ ਹੈ।

ਆਯੁਰਵੇਦ ਦੀ ਭਾਰਤੀ ਪ੍ਰਣਾਲੀ, ਜੋ ਕਿ ਹਿੱਪੋਕਰੇਟਸ ਤੋਂ ਕਈ ਸਦੀਆਂ ਪਹਿਲਾਂ ਮੌਜੂਦ ਸੀ, ਨੇ ਬੀਮਾਰੀ ਨੂੰ ਚਾਰ ਤਰਲਾਂ ਦੇ ਵਿਚਾਲੇ ਸੰਤੁਲਨ ਮੰਨਿਆ ਹੈ: ਖ਼ੂਨ, ਪੀਲਾ ਰਸ, ਕਾਲਾ ਰਸ ਤੇ ਬਲਗਮ ਅਤੇ ਇਹਨਾਂ ਤਰਲਾਂ ਦੇ ਵਿਚਾਲੇ ਅਸੰਤੁਲਨ ਪੈਦਾ ਹੋਣ ਨਾਲ ਸਿਹਤ ਬੀਮਾ ਹੁੰਦੀ ਹੈ। ਸੁਸ਼ਰੁਤਾ, ਭਾਰਤੀ ਇਲਾਜ ਦਾ ਪਿਤਾਮਾ, ਨੂੰ ਗੁੰਝਲਦਾਰ ਸਰਜਰੀਆਂ ਦਾ ਮਾਣ ਹੈ, ਜਦੋਂ ਕਿ ਪੱਛਮ ਨੂੰ ਉਸ ਸਮੇਂ ਇਸ ਦਾ ਪਤਾ ਵੀ ਨਹੀਂ ਸੀ।

ਸਮੇਂ ਦੇ ਨਾਲ, ਆਧੁਨਿਕ ਦਵਾਈਆਂ ਗੁੰਝਲਦਾਰ ਵਿਗਿਆਨ ਦੇ ਰੂਪ ਵਿੱਚ ਵਿਕਸਿਤ ਹੋਈਆਂ ਅਤੇ ਆਧੁਨਿਕ ਦਵਾਈਆਂ ਦਾ ਮਕਸਦ ਹੁਣ ਬੀਮਾਰੀ ਦਾ ਇਲਾਜ ਨਹੀਂ ਸੀ ਰਿਹਾ, ਬਲਕਿ ਬੀਮਾਰੀ ਤੋਂ ਰੋਕਥਾਮ ਤੇ ਚੰਗੇ ਜੀਵਨ ਦਾ ਪ੍ਰਸਾਰ ਕਰਨਾ ਹੈ। ਸੰਸਾਰ ਭਰ ਵਿੱਚ ਸਭ ਤੋਂ ਵੱਧ ਮੰਨੀ ਗਈ ਸਿਹਤ ਦੀ ਪਰਿਭਾਸ਼ਾ ਸੰਸਾਰ ਸਿਹਤ ਸੰਸਥਾ ਵਲੋਂ 1948 ਵਿੱਚ ਦਿੱਤੀ ਗਈ ਹੈ, ਜਿਸ ਮੁਤਾਬਕ 'ਸਿਹਤ ਪੂਰਨ ਸਰੀਰਿਕ, ਮਾਨਸਿਕ ਤੇ ਸਮਾਜਿਕ ਚੰਗੀ ਭਾਵਨਾ ਦੀ ਸਥਿਤੀ ਹੈ, ਨਾ ਕਿ ਕੇਵਲ ਬੀਮਾਰੀ ਦਾ ਨਾ ਹੋਣਾ"। ਇਹ ਯਾਦ ਰੱਖਣਾ ਚਾਹੀਦਾ ਹੈ ਕਿ ਦਵਾਈਆਂ ਦੀ ਭਾਰਤੀ ਪ੍ਰਣਾਲੀ ਜਿਵੇਂ ਕਿ ਆਯੁਰਵੇਦ ਨੇ ਇੰਝ ਦੀ ਸਿਹਤ ਨੂੰ ਅਤਿ ਪ੍ਰਾਚੀਨ ਸਮੇਂ ਤੋਂ ਹੀ ਮੰਨਿਆ ਹੋਇਆ ਹੈ।

ਪਰਿਭਾਸ਼ਾ

ਸੰਸਾਰ ਸਿਹਤ ਸੰਸਥਾ (WHO): ਸਿਹਤ ਪੂਰਨ ਸਰੀਰਿਕ, ਮਾਨਸਿਕ ਤੇ ਸਮਾਜਿਕ ਚੰਗੀ ਭਾਵਨਾ ਦੀ ਸਥਿਤੀ ਹੈ, ਨਾ ਕਿ ਕੇਵਲ ਬੀਮਾਰੀ ਦਾ ਨਾ ਹੋਣਾ।

ਸਿਹਤ ਦੇ ਭਾਗ

ਆਮ ਤੌਰ ਉੱਤੇ ਕਿਸੇ ਵਿਅਕਤੀ ਦੀ ਸਿਹਤ ਦਾ ਪਤਾ ਲਗਾਉਣ ਲਈ ਹੇਠ ਦਿੱਤੇ ਕਾਰਨ ਮੰਨੇ ਗਏ ਹਨ:

a) ਜੀਵਨ-ਸ਼ੈਲੀ ਕਾਰਨ

ਜੀਵਨ-ਸ਼ੈਲੀ ਕਾਰਨ ਉਹ ਹੁੰਦੇ ਹਨ, ਜਿਹਨਾਂ ਨੂੰ ਆਮ ਤੌਰ ਉੱਤੇ ਨਿੱਜੀ ਸੰਬੰਧਾਂ ਦੇ ਕਰਕੇ ਕੰਟਰੋਲ ਕੀਤਾ ਜਾਂਦਾ ਹੈ, ਜਿਵੇਂ ਕਿ ਕਸਰਤ ਕਰਨੀ ਤੇ ਸੀਮਿਤ ਖਾਣਾ, ਚਿੰਤਾ ਤੋਂ ਬਚਣਾ ਅਤੇ ਚੰਗੀ ਸਿਹਤ ਬਣਾਈ ਰੱਖਣੀ ਅਤੇ ਮਾੜੀਆਂ ਆਦਤਾਂ ਜਿਵੇਂ ਕਿ ਸਿਗਰਟ ਪੀਣੀ, ਨਸ਼ੇ ਕਰਨੇ, ਅਸੁਰੱਖਿਅਤ ਜਿਨਸੀ ਸੰਬੰਧ ਅਤੇ ਆਲਸੀ ਜੀਵਨ ਸ਼ੈਲੀ (ਬਿਨਾਂ ਕਸਰਤ) ਆਦਿ ਨਾਲ ਕੈਂਸਰ, ਏਡਜ਼, ਹਾਈਪਰ-ਟੈਨਸ਼ਨ ਤੇ ਡਾਇਬਟੀਜ਼ ਆਦਿ ਵਰਗੀਆਂ ਬੀਮਾਰੀਆਂ ਹੁੰਦੀਆਂ ਹਨ।

ਹਾਲਾਂਕਿ ਸਰਕਾਰ ਇੰਝ ਦੇ ਰਵੱਈਏ ਨੂੰ ਕੰਟਰੋਲ / ਪ੍ਰਭਾਵਿਤ ਕਰਨ ਲਈ ਵੱਡੀ ਭੂਮਿਕਾ ਨਿਭਾਉਂਦੀਆਂ ਹਨ (ਜਿਵੇਂ ਕਿ ਨਸ਼ੇ ਕਰਨ ਵਾਲਿਆਂ ਨੂੰ ਗ਼ੈਰ-ਜਮਾਨਤੀ ਜੇਲ, ਤੰਬਾਕੂ ਵਰਗੇ ਉਤਪਾਦਾਂ ਉੱਤੇ ਵੱਧ ਟੈਕਸ ਲਗਾਉਣਾ), ਪਰ ਨਿੱਜੀ ਤੌਰ ਉੱਤੇ ਵਿਅਕਤੀ ਦੀ ਜ਼ਿੰਮੇਵਾਰੀ ਜੀਵਨ ਸ਼ੈਲੀ ਕਾਰਨਾਂ ਦੇ ਕਰਕੇ ਹੋਣ ਵਾਲੀਆਂ ਬੀਮਾਰੀਆਂ ਨੂੰ ਕੰਟੋਰਲ ਕਰਨ ਲਈ ਭੂਮਿਕਾ ਨਿਭਾਉਂਦੀ ਹੈ।

b) ਮਾਹੌਲ ਕਾਰਨ

ਸੁਰੱਖਿਅਤ ਪਾਣੀ ਪੀਣਾ, ਅਰੋਗ ਪ੍ਰਬੰਧ ਅਤੇ ਪੁਸ਼ਟ ਆਹਾਰ ਸਿਹਤ ਲਈ ਬਹੁਤ ਜ਼ਰੂਰੀ ਹਨ, ਉਹਨਾਂ ਦੀ ਕਮੀ ਦੇ ਕਰਕੇ ਗੰਭੀਰ ਸਿਹਤ ਮਾਮਲੇ ਪੈਦਾ ਹੁੰਦੇ ਹਨ, ਜੋ ਕਿ ਸਾਰੇ ਸੰਸਾਰ ਵਿੱਚ ਮੌਜੂਦ ਹਨ ਖਾਸ ਤੌਰ ਉੱਤੇ ਵਿਕਾਸਸ਼ੀਲ ਦੇਸ਼ਾਂ ਵਿੱਚ। ਛੂਤ ਦੀਆਂ ਬੀਮਾਰੀਆਂ ਜਿਵੇਂ ਕਿ ਜ਼ੁਕਾਮ ਤੇ ਚੇਚਕ ਆਦਿ ਅਢੁੱਕਵੀਂ ਸਾਫ਼-ਸਫ਼ਾਈ ਦੇ ਕਰਕੇ, ਮਲੇਰੀਅ ਤੇ ਡੇਂਗੂ ਵਰਗੀਆਂ ਬੀਮਾਰੀਆਂ ਖ਼ਰਾਬ ਅਰੋਗ ਪ੍ਰਬੰਧਾਂ ਕਰਕੇ ਫੈਲਦੀਆਂ ਹਨ, ਜਦੋਂ ਕਿ ਕੁਝ ਬੀਮਾਰੀਆਂ ਮਾਹੌਲ ਦੇ ਕਾਰਨਾਂ ਜਿਵੇਂ ਕਿ ਖਾਸ ਨਿਰਮਾਣ ਉਦਯੋਗਾਂ ਵਿੱਚ ਕੰਮ ਕਰਨ ਦੇ

ਕਰਕੇ ਰੁਜ਼ਗਾਰ ਖਤਰਿਆਂ ਦੇ ਸੰਬੰਧੀ ਬੀਮਾਰੀਆਂ ਤੋਂ ਪੀੜਤ ਹੋ ਸਕਦੇ ਹਨ ਜਿਵੇਂ ਕਿ ਐਸਬੈਸਟਾਸ ਨਿਰਮਾਣ ਵਿੱਚ ਕੰਮ ਕਰਨ ਵਾਲਿਆਂ ਨੂੰ ਐਸਬੈਸਟਾਸ ਹੋਣ ਅਤੇ ਕੋਲੇ ਦੀਆਂ ਖਾਨਾਂ ਵਿੱਚ ਕੰਮ ਕਨ ਵਾਲਿਆਂ ਨੂੰ ਫੇਫੜਿਆਂ ਸੰਬੰਧੀ ਬੀਮਾਰੀਆਂ ਦੀ ਸੰਭਾਵਨਾ ਰਹਿੰਦੀ ਹੈ।

c) ਖਾਨਦਾਨੀ ਕਾਰਨ

ਬੀਮਾਰੀਆਂ ਮਾਪਿਆਂ ਤੋਂ ਬੱਚਿਆਂ ਵਿੱਚ ਜੀਵਾਣੂ ਰਾਹੀਂ ਵੀ ਆ ਸਕਦੀਆਂ ਹਨ। ਕੁਝ ਖਾਨਦਾਰੀ ਕਾਰਨਾਂ ਦੇ ਕਰਕੇ ਲੋਕਾਂ ਵਿੱਚ ਵੱਖ-ਵੱਖ ਸਿਹਤ ਸੰਬੰਧੀ ਰੁਝਾਨ ਵੇਖਣ ਨੂੰ ਮਿਲਦੇ ਹਨ, ਜੋ ਕਿ ਸੰਸਾਰ ਭਰ ਵਿੱਚ ਨਸਲ, ਭੂਗੋਲਿਕ ਟਿਕਾਣੇ ਤੇ ਸਮਾਜਾਂ ਦੇ ਕਰਕੇ ਵੀ ਹੁੰਦੇ ਹਨ।

ਇਹ ਤਾਂ ਸਪਸ਼ਟ ਹੈ ਕਿ ਦੇਸ਼ ਦੀ ਸਮਾਜਿਕ ਤੇ ਆਰਥਿਕ ਤਰੱਕੀ ਇਸ ਦੇ ਲੋਕਾਂ ਦੀ ਸਿਹਤ ਉੱਤੇ ਨਿਰਭਰ ਕਰਦੀ ਹੈ। ਸਿਹਤਮੰਦ ਆਬਾਦੀ ਨਾ ਕੇਵਲ ਆਰਥਿਕ ਸਰਗਰਮੀ ਲਈ ਉਤਪਾਦਿਕ ਕਾਮੇ ਦਿੰਦੀ ਹੈ, ਬਲਕਿ ਕੀਮਤੀ ਸਰੋਤਾਂ ਨੂੰ ਮੁਕਤ ਕਰਦੀ ਹੈ, ਜੋ ਕਿ ਭਾਰਤ ਵਰਗੇ ਵਿਕਾਸਸ਼ੀਲ ਦੇਸ਼ਾਂ ਲਈ ਵੱਧ ਜ਼ਰੂਰੀ ਹਨ। ਨਿੱਜੀ ਪੱਧਰ ਉੱਤੇ ਬੀਮਾਰ ਸਿਹਤ ਦੇ ਕਾਰਜ ਰੋਜ਼ੀ-ਰੋਟੀ ਦੀ ਕਮੀ ਹੁੰਦੀ ਹੈ, ਰੋਜ਼ਾਨਾ ਜ਼ਰੂਰੀ ਸਰਗਰਮੀਆਂ ਪੂਰੀਆਂ ਕਰਨ ਦੀ ਅਸਮਰੱਥਤਾ ਹੁੰਦੀ ਹੈ ਤੇ ਲੋਕਾਂ ਨੂੰ ਗਰੀਬ ਵਿੱਚ ਧੱਕਿਆ ਜਾਂਦਾ ਹੈ ਤੇ ਆਤਮ-ਹੱਤਿਆ ਤੱਕ ਨੌਬਤ ਆ ਜਾਂਦੀ ਹੈ।

ਇਸਕਰਕੇ ਸੰਸਾਰ ਭਰ ਵਿੱਚ ਸਰਕਾਰ ਵਲੋਂ ਆਪਣੇ ਲੋਕਾਂ ਦੀ ਸਿਹਤ ਤੇ ਭਲਾਈ ਲਈ ਕਦਮ ਚੁੱਕੇ ਜਾਂਦੇ ਹਨ ਅਤੇ ਸਭ ਨਾਗਰਿਕਾਂ ਲਈ ਸਿਹਤ-ਦੇਖਭਾਲ ਯਕੀਨੀ ਅਤੇ ਪਹੁੰਚ ਵਿੱਚ ਬਣਾਉਣਾ ਯਕੀਨੀ ਬਣਾਇਆ ਜਾਂਦਾ ਹੈ। ਇਸਕਰਕੇ ਸਿਹਤ-ਦੇਖਭਾਲ ਉੱਤੇ 'ਖਰਚ' ਹਰੇਕ ਦੇਸ਼ ਦੀ ਜੀਡੀਪੀ (GDP) ਦਾ ਮਹੱਤਵਪੂਰਨ ਭਾਗ ਹੁੰਦਾ ਹੈ।

ਇਸ ਨਾਲ ਸਵਾਲ ਪੈਦਾ ਹੁੰਦਾ ਹੈ ਕਿ ਕੀ ਵੱਖ-ਵੱਖ ਹਾਲਤਾਂ ਲਈ ਵੱਖ-ਵੱਖ ਕਿਸਮ ਦੀ ਸਿਹਤ-ਦੇਖਭਾਲ ਦੀ ਲੋੜ ਹੈ।

C. ਸਿਹਤ-ਦੇਖਭਾਲ ਦੇ ਪੱਧਰ

ਸਿਹਤ-ਦੇਖਭਾਲ ਅਸਲ ਵਿੱਚ ਵੱਖ-ਵੱਖ ਏਜੰਸੀਆਂ ਵਲੋਂ ਦਿੱਤੀਆਂ ਜਾਣ ਵਾਲੀਆਂ ਸੇਵਾਵਾਂ ਹਨ ਅਤੇ ਸੇਵਾਵਾਂ ਦੇਣ ਵਾਲਿਆਂ ਵਿੱਚ ਸਰਕਾਰ ਵਲੋਂ ਲੋਕਾਂ ਦੀ ਸਿਹਤ ਲਈ ਪ੍ਰਚਾਰ, ਦੇਖਭਾਲ, ਨਿਗਰਾਨੀ ਜਾਂ ਮੁੜ-ਪ੍ਰਬੰਧ ਕਰਨਾ ਸ਼ਾਮਿਲ ਹੈ। ਸਿਹਤ ਦੇਖਭਾਲ ਦੇ ਪ੍ਰਭਾਵ ਹੋਣ ਲਈ ਜ਼ਰੂਰੀ ਹੈ:

- ਲੋਕਾਂ ਦੀਆਂ ਲੋੜਾਂ ਲਈ ਢੁੱਕਵੀਂ
- ਸਰਬੰਗੀ
- ਢੁੱਕਵਾਂ
- ਸੌਖੀ ਤਰ੍ਹਾਂ ਮੌਜੂਦ
- ਸਮਰੱਥਾ

ਵਿਅਕਤੀ ਦੀ ਸਿਹਤ ਸਥਿਤੀ ਵਿਅਕਤੀ ਤੋਂ ਵਿਅਕਤੀ ਮੁਤਾਬਕ ਵੱਖ-ਵੱਖ ਹੁੰਦੀ ਹੈ। ਸਿਹਤ ਸਮੱਸਿਆਵਾਂ ਦੀਆਂ ਸਭ ਕਿਸਮਾਂ ਲਈ ਇੱਕੋ ਪੱਧਰ ਉੱਤੇ ਢਾਂਚਾ ਉਪਲੱਬਧ ਕਰਵਾਉਣ ਨਾ ਤਾਂ ਸੰਭਵ ਹੈ ਅਤੇ ਨਾ ਹੀ ਜ਼ਰੂਰੀ ਹੈ। ਸਿਹਤ ਦੇਖਭਾਲ ਸਹੂਲਤਾਂ ਆਬਾਦੀ ਲਈ ਬੀਮਾਰੀ ਦੀ ਦੁਰਘਟਨਾ ਦੀ ਸੰਭਾਵਨਾ ਦੇ ਉੱਤੇ ਅਧਾਰਿਤ ਹੋਣਾ ਚਾਹੀਦਾ ਹੈ। ਉਦਾਹਰਨ ਲਈ, ਵਿਅਕਤੀ ਨੂੰ ਬੁਖਾਰ, ਠੰਡ, ਖੰਘ, ਚਮੜੀ ਦੀ ਐਲਰਜੀ ਆਦਿ ਸਾਲ ਵਿੱਚ ਕਈ ਵਾਰ ਹੋ ਸਕਦੀ ਹੈ, ਪਰ ਉਸ ਨੂੰ ਹੈਪੇਟਾਈਟਸ ਬੀ ਹੋਣ ਸੰਭਾਵਨਾ ਠੰਡ ਲੱਗਣ ਜਾਂ ਖੰਘ ਹੋਣ ਤੋਂ ਘੱਟ ਹੈ।

ਇਸੇਤਰ੍ਹਾਂ ਵਿਅਕਤੀ ਨੂੰ ਗੰਭੀਰ ਬੀਮਾਰੀ ਜਿਵੇਂ ਕਿ ਦਿਲ ਦੀ ਬੀਮਾਰੀ ਜਾਂ ਕੈਂਸਰ ਤੋਂ ਪੀੜਿਤ ਹੋਣ ਦੀ ਸੰਭਾਵਨਾ ਹੈਪੇਟਾਈਟਸ ਬੀ ਦੇ ਮੁਕਾਬਲੇ ਘੱਟ ਹੈ। ਇਸਕਰਕੇ, ਕਿਸੇ ਵੀ ਪਿੰਡ ਜਾਂ ਜ਼ਿਲੇ ਜਾਂ ਰਾਜ ਦੇ ਖੇਤਰ ਵਿੱਚ ਸਿਹਤ-ਦੇਖਭਾਲ ਸਹੂਲਤ ਸਥਾਪਿਤ ਕਰਨ ਦੀ ਲੋੜ ਉਸ ਖੇਤਰ ਦੇ ਵੱਖ-ਵੱਖ ਸਿਹਤ ਦੇਖਭਾਲ ਕਾਰਕਾਂ, ਜਿਹਨਾਂ ਨੂੰ ਸੰਕੇਤਕ ਕਹਿੰਦੇ ਹਨ, ਦੇ ਉੱਤੇ ਨਿਰਭਰ ਹੋਵੇਗੀ:

- ✓ ਆਬਾਦੀ ਦਾ ਆਕਾਰ
- ✓ ਮੌਤ ਦਰ
- ✓ ਬੀਮਾਰੀ ਦਰ
- ✓ ਅਪੰਗਤਾ ਦਰ
- ✓ ਲੋਕਾਂ ਦੀ ਸਮਾਜਿਕ ਤੇ ਮਾਨਸਿਕ ਸਿਹਤ
- ✓ ਲੋਕਾਂ ਦੀ ਆਮ ਪੋਸ਼ਟਿਕ ਭੋਜਨ ਸਥਿਤੀ
- ✓ ਮਾਹੌਲ ਕਾਰਨ ਜਿਵੇਂ ਕਿ ਸੁਰੰਗ-ਖੁਦਾਈ ਜਾਂ ਉਦਯੋਗਿਕ ਖੇਤਰ
- ✓ ਸੰਭਵ ਸਿਹਤ ਦੇਖਭਾਲ ਦੇਣ ਵਾਲੀ ਪ੍ਰਣਾਲੀ ਜਿਵੇਂ ਕਿ ਦਿਲ ਦਾ ਡਾਕਟਰ ਪਿੰਡ ਵਿੱਚ ਮੌਜੂਦ ਨਹੀਂ ਹੋ ਸਕਦਾ ਹੈ, ਪਰ ਜ਼ਿਲਾ ਕਸਬੇ ਵਿੱਚ ਮੌਜੂਦ ਹੋ ਸਕਦਾ ਹੈ।
- ✓ ਸਿਹਤ ਦੇਖਭਾਲ ਪ੍ਰਣਾਲੀ ਨੂੰ ਵਰਤੇ ਜਾਣ ਦੀ ਕਿੰਨੀ ਸੰਭਾਵਨਾ ਹੈ
- ✓ ਸਮਾਜਿਕ-ਆਰਥਿਕ ਕਰਨ ਜਿਵੇਂ ਕਿ ਸਹਿਣਯੋਗਤਾ

ਉੱਤੇ ਦਿੱਤੇ ਕਾਰਨਾਂ ਦੇ ਅਧਾਰ ਉੱਤੇ, ਸਰਕਾਰ ਮੁੱਢਲੀ (ਪ੍ਰਾਇਮਰੀ), ਸੈਕੰਡਰੀ ਤੇ ਟਰਸ਼ਰੀ ਸਿਹਤ ਦੇਖਭਾਲ ਵਾਸਤੇ ਕੇਂਦਰ ਤਿਆਰ ਕਰਨ ਦਾ ਫੈਸਲਾ ਕਰਦੀ ਹੈ ਅਤੇ ਆਬਾਦੀ ਲਈ ਪੁੱਜਤ ਤੇ ਪਹੁੰਚ ਵਿੱਚ ਢੁੱਕਵੀਂ ਸਿਹਤ-ਦੇਖਭਾਲ ਵਾਸਤੇ ਕਦਮ ਚੁੱਕਦੀ ਹੈ।

D. ਸਿਹਤ-ਦੇਖਭਾਲ ਦੀਆਂ ਕਿਸਮਾਂ

ਸਿਹਤ-ਦੇਖਭਾਲ ਦੀਆਂ ਮੁੱਖ ਰੂਪ ਵਿੱਚ ਹੇਠ ਦਿੱਤੀਆਂ ਸ਼੍ਰੇਣੀਆਂ ਹਨ:

1. ਮੁੱਢਲੀ ਸਿਹਤ-ਦੇਖਭਾਲ

ਮੁੱਢਲੀ ਸਿਹਤ ਦੇਖਭਾਲ ਦਾ ਭਾਵ ਡਾਕਟਰਾਂ, ਨਰਸਾਂ ਤੇ ਹੋਰ ਛੋਟੇ ਕਲੀਨਿਕਾਂ ਵਲੋਂ ਦਿੱਤੀਆਂ ਜਾਣ ਵਾਲੀਆਂ ਸੇਵਾਵਾਂ ਤੋਂ ਹੈ, ਜਿਹਨਾਂ ਨਾਲ ਮਰੀਜ਼ਾਂ ਵਲੋਂ ਕਿਸੇ ਵੀ ਬੀਮਾਰੀ ਦੇ ਕੇਸ ਵਿੱਚ ਪਹਿਲੀ ਵਾਰ ਸੰਪਰਕ ਕੀਤਾ ਜਾਂਦਾ ਹੈ, ਇਸ ਤਰ੍ਹਾਂ ਮੁੱਢਲੀ ਸਿਹਤ ਦੇਖਭਾਲ ਦੇਣ ਵਾਲੇ ਸਿਹਤ ਪ੍ਰਣਾਲੀ ਵਿੱਚ ਸਭ ਮਰੀਜ਼ਾਂ ਲਈ ਸੰਪਰਕ ਦੇ ਮੁੱਢਲੀ ਥਾਂ ਹੁੰਦੇ ਹਨ।

ਵਿਕਸਤ ਦੇਸ਼ਾਂ ਵਿੱਚ, ਮੁੱਢਲੀ ਸਿਹਤ ਦੇਖਭਾਲ ਉੱਤੇ ਵੱਧ ਧਿਆਨ ਦਿੱਤਾ ਜਾਂਦਾ ਹੈ, ਤਾਂ ਕਿ ਸਿਹਤ ਸਮੱਸਿਆਵਾਂ ਨਾਲ ਉਹਨਾਂ ਦੇ ਵੱਡੇ ਪੱਧਰ ਤੇ ਫੈਲਣ, ਜਟਿਲ ਤੇ ਪੱਕਾ ਜਾਂ ਤੀਬਰ ਹੋਣ ਤੋਂ ਪਹਿਲਾਂ ਨਿਪਟਿਆ ਜਾ ਸਕੇ। ਮੁੱਢਲੀ ਸਿਹਤ ਦੇਖਭਾਲ ਪ੍ਰਬੰਧ ਰੋਕਥਾਮ ਵਾਲੀ ਸਿਹਤ ਦੇਖਭਾਲ, ਟੀਕੇ ਲਗਾਉਣ, ਜਾਗਰੂਕਤਾ, ਡਾਕਟਰੀ ਸਲਾਹ ਆਦਿ ਦੇਣ ਉੱਤੇ ਕੇਂਦਰਿਤ ਹੁੰਦੇ ਹਨ ਅਤੇ ਮਰੀਜ਼ਾਂ ਨੂੰ ਲੋੜ ਮੁਤਾਬਕ ਅੱਗੇ ਮਾਹਿਰਾਂ ਕੋਲ ਭੇਜਦੇ ਹਨ।

ਉਦਾਹਰਨ ਲਈ, ਜੇ ਵਿਅਕਤੀ ਡਾਕਟਰ ਕੋਲ ਬੁਖਾਰ ਲਈ ਆਉਂਦਾ ਹੈ ਅਤੇ ਮੁੱਢਲੀ ਜਾਂਚ ਵਿੱਚ ਡੇਂਗੂ ਬੁਖਾਰ ਦੇ ਲੱਛਣ ਮਿਲਦੇ ਹਨ ਤਾਂ ਮੁੱਢਲੀ ਦੇਖਭਾਲ ਦੇਣ ਵਾਲਾ ਕੁਝ ਦਵਾਈਆਂ ਦੇਵੇਗਾ, ਪਰ ਮਰੀਜ਼ ਨੂੰ ਖਾਸ ਇਲਾਜ ਲਈ ਹਸਪਤਾਲ ਵਿੱਚ ਭਰਤੀ ਹੋਣ ਦੀ ਸਲਾਹ ਦੇਵੇਗਾ। ਬਹੁਤੇ ਮੁੱਢਲੀ ਦੇਖਭਾਲ ਦੇ ਕੇਸਾਂ ਵਿੱਚ ਡਾਕਟਰ 'ਪਰਿਵਾਰਿਕ ਡਾਕਟਰ' ਵਜੋਂ ਕੰਮ ਕਰਦਾ ਹੈ, ਜਿੱਥੇ ਪਰਿਵਾਰ ਦੇ ਸਭ ਮੈਂਬਰ ਡਾਕਟਰ ਕੋਲ ਕਿਸੇ ਵੀ ਛੋਟੀ ਬੀਮਾਰੀ ਲਈ ਜਾਂਦੇ ਹਨ।

ਇਹ ਢੰਗ ਨਾਲ ਖਾਨਦਾਨੀ ਲੱਛਣਾਂ ਦੇ ਅਧਾਰ ਉੱਤੇ ਇਲਾਜ ਕਰਨ ਤੇ ਢੁੱਕਵੀਂ ਡਾਕਟਰੀ ਸਲਾਹ ਦੇਣ ਲਈ ਡਾਕਟਰ ਨੂੰ ਮੱਦਦ ਮਿਲਦੀ ਹੈ। ਉਦਾਹਰਨ ਲਈ, ਡਾਕਟਰ ਮਰੀਜ਼ ਨੂੰ ਮਾਪਿਆਂ ਦੀ ਡਾਇਬੇਟੀਜ਼ ਅਤੀਤ ਨੂੰ ਧਿਆਨ ਵਿੱਚ ਰੱਖਦੇ ਹੋਏ ਡਾਇਬੇਟੀਜ਼ ਦੇ ਖਤਰੇ ਨੂੰ ਟਾਲਣ ਲਈ ਨੌਜਵਾਨ ਉਮਰ ਵਿੱਚ ਸਲਾਹ ਦੇਵੇਗਾ।

ਦੇਸ਼ ਪੱਧਰ ਉੱਤੇ, ਮੁੱਢਲੀ ਸਿਹਤ ਦੇਖਭਾਲ ਕੇਂਦਰਾਂ ਨੂੰ ਸਰਕਾਰ ਤੇ ਪ੍ਰਾਈਵੇਟ ਧਿਰਾਂ ਦੋਵਾਂ ਵਲੋਂ ਸਥਾਪਿਤ ਕੀਤਾ ਜਾਂਦਾ ਹੈ। ਸਰਕਾਰੀ ਮੁੱਢਲੀ ਸਿਹਤ ਦੇਖਭਾਲ ਕੇਂਦਰ ਆਬਾਦੀ ਦੇ ਅਧਾਰ ਉੱਤੇ ਸਥਾਪਿਤ ਕੀਤਾ ਜਾਂਦੇ ਹਨ ਅਤੇ ਪਿੰਡ ਪੱਧਰ ਉੱਤੇ ਕਿਸੇ ਨਾ ਕਿਸੇ ਰੂਪ ਵਿੱਚ ਮੌਜੂਦ ਹਨ।

2. ਸਹਾਇਕ ਸਿਹਤ-ਦੇਖਭਾਲ

ਸਹਾਇਕ (ਸੈਕੰਡਰੀ) ਦੇਖਭਾਲ ਕੇਂਦਰ ਦਾ ਅਰਥ ਮਾਹਿਰ ਡਾਕਟਰਾਂ ਤੇ ਹੋਰ ਸਿਹਤ ਪੇਸ਼ੇਵਰਾਂ ਵਲੋਂ ਦਿੱਤੀਆਂ ਜਾਣ ਵਾਲੀਆਂ ਸਿਹਤ-ਦੇਖਭਾਲ ਸੇਵਾਵਾਂ ਤੋਂ ਹੈ, ਜੋ ਕਿ ਮਰੀਜ਼ਾਂ ਨਾਲ ਪਹਿਲੇ ਸੰਪਰਕ ਸਥਾਨ ਨਹੀਂ ਹੁੰਦੇ ਹਨ। ਇਸ ਵਿੱਚ ਗੰਭੀਰ ਬੀਮਾਰੀ ਲਈ ਥੋੜ੍ਹੇ ਸਮੇਂ ਲਈ ਨਾਜ਼ਕ ਦੇਖਭਾਲ ਸ਼ਾਮਿਲ ਹੈ, ਅਕਸਰ (ਪਰ ਜ਼ਰੂਰੀ ਨਹੀਂ) ਹਸਪਤਾਲ ਵਿੱਚ ਮਰੀਜ਼ ਵਜੋਂ ਦਾਖਲ ਹੁੰਦੇ ਹਨ, ਜਿਸ ਵਿੱਚ ਇਨਟੈਂਸ਼ਿਵ ਕੇਅਰ ਸੇਵਾਵਾਂ, ਐਂਬੂਲੈਂਸ ਸਹੂਲਤਾਂ, ਪਥੋਲਾਜੀ, ਜਾਂਚ ਤੇ ਹੋਰ ਸੰਬੰਧਿਤ ਡਾਕਟਰੀ ਸੇਵਾਵਾਂ ਸ਼ਾਮਿਲ ਹਨ।

ਬਹੁਤੀ ਵਾਰ ਸਹਾਇਕ ਦੇਖਭਾਲ ਲਈ ਮਰੀਜ਼ਾਂ ਨੂੰ ਮੁੱਢਲੇ ਸਿਹਤ ਦੇਖਭਾਲ ਕਰਨ ਵਾਲਿਆਂ/ਮੁੱਢਲੇ ਡਾਕਟਰ ਵਲੋਂ ਭੇਜਿਆ ਜਾਂਦਾ ਹੈ। ਕੁਝ ਹਾਲਤਾਂ ਵਿੱਚ ਸਹਾਇਕ ਦੇਖਭਾਲ ਕਰਨ ਵਾਲੇ 'ਆਪਣੀ' ਮੁੱਢਲੀ ਸਿਹਤ-ਦੇਖਭਾਲ ਸਹੂਲਤ ਸਾਂਝੀਆਂ ਸੇਵਾਵਾਂ ਦੇਣ ਲਈ ਵੀ ਚਲਾਉਂਦੇ ਹਨ।

ਆਮ ਤੌਰ ਉੱਤੇ ਸਹਾਇਕ ਦੇਖਭਾਲ ਕਰਨ ਵਾਲੇ ਕੇਂਦਰ ਆਬਾਦੀ ਦੇ ਅਧਾਰ ਉੱਤੇ ਤਹਿਸੀਲ / ਬਲਾਕ ਪੱਧਰ ਉੱਤੇ ਮੌਜੂਦ ਹੁੰਦੇ ਹਨ।

3. ਤੀਜੇ ਪੱਧਰੀ ਸਿਹਤ ਦੇਖਭਾਲ

ਤੀਜੇ ਪੱਧਰੀ (ਟਰਸ਼ਰੀ) ਸਿਹਤ ਦੇਖਭਾਲ ਖਾਸ ਸਲਾਹਕਾਰੀ ਸਿਹਤ ਦੇਖਭਾਲ ਹੈ, ਅਕਸਰ ਹਸਪਤਾਲ ਵਿੱਚ ਦਾਖ਼ਲ ਮਰੀਜ਼ ਹੁੰਦੇ ਹਨ ਅਤੇ ਮੁੱਢਲੇ/ਸਹਾਇਕ ਦੇਖਭਾਲ ਕੇਂਦਰਾਂ ਵਲੋਂ ਭੇਜੇ ਜਾਂਦੇ ਹਨ। ਤੀਜੇ ਪੱਧਰੀ ਦੇਖਭਾਲ ਦੇਣ ਵਾਲੇ ਬਹੁਤਾ ਕਰਕੇ ਸੂਬਿਆਂ ਦੀ ਰਾਜਧਾਨੀਆਂ ਵਿੱਚ ਮੌਜੂਦ ਹਨ ਅਤੇ ਕੁਝ ਜ਼ਿਲੇ ਦੇ ਮੁੱਖ ਦਫ਼ਤਰਾਂ ਵਿੱਚ ਵੀ ਹਨ।

ਤੀਜੇ ਪੱਧਰੀ ਦੇਖਭਾਲ ਦੇਣ ਵਾਲਿਆਂ ਦੀ ਉਦਾਹਰਨਾਂ ਵਿੱਚ ਮਾਹਿਰ ਮੈਡੀਕਲ ਸਹੂਲਤਾਂ ਤੇ ਮੈਡੀਕਲ ਪੇਸ਼ੇਵਰ ਦੇਣ ਵਾਲੇ ਸ਼ਾਮਿਲ ਹਨ, ਜੋ ਕਿ ਸਹਾਇਕ ਸਿਹਤ ਦੇਖਭਾਲ ਦੇਣ ਵਾਲਿਆਂ ਦੇ ਖੇਤਰ ਤੋਂ ਬਾਹਰ ਹਨ, ਜਿਵੇਂ ਕਿ ਓਨਕੋਲੋਜੀ (ਕੈਂਸਰ ਦਾ ਇਲਾਜ), ਅੰਗ ਟਰਾਂਸਪਲਾਂਟ ਸਹੂਲਤਾਂ, ਉੱਚ ਖਤਰੇ ਵਾਲੇ ਜਣੇਪਾ ਮਾਹਿਰ ਆਦਿ।

ਇਹ ਯਾਦ ਰੱਖਣਾ ਚਾਹੀਦਾ ਹੈ ਕਿ ਜਿਵੇਂ ਜਿਵੇਂ ਦੇਖਭਾਲ ਦਾ ਪੱਧਰ ਵੱਧਦਾ ਹੈ, ਉਸ ਨਾਲ ਹੀ ਇਲਾਜ ਦੀ ਖ਼ਰਚਾ ਵੀ ਵੱਧਦਾ ਜਾਂਦਾ ਹੈ। ਜਦੋਂ ਕਿ ਲੋਕਾਂ ਲਈ ਮੁੱਢਲੀ ਦੇਖਭਾਲ ਲਈ ਭੁਗਤਾਨ ਕਰਨਾ ਸੌਖਾ ਹੈ, ਪਰ ਸਹਾਇਕ ਦੇਖਭਾਲ ਲਈ ਭੁਗਤਾਨ ਕਰਨਾ ਉਸ ਮੁਕਾਬਲੇ ਔਖਾ ਹੋ ਜਾਂਦਾ ਹੈ ਅਤੇ ਤੀਜੇ ਪੱਧਰ ਦੀ ਦੇਖਭਾਲ ਲਈ ਬਹੁਤ ਹੀ ਔਖਾ ਹੋ ਜਾਂਦਾ ਹੈ। ਦੇਖਭਾਲ ਦੇ ਵੱਖ-ਵੱਖ ਪੱਧਰਾਂ ਲਈ ਢਾਂਚਾ ਵੀ ਦੇਸ਼ਾਂ, ਪੇਂਡੂ-ਸ਼ਹਿਰੀ ਖੇਤਰਾਂ ਵਿੱਚ ਵੱਖ-ਵੱਖ ਹੈ, ਜਦੋਂ ਕਿ ਸਮਾਜਿਕ-ਆਰਥਿਕ ਕਾਰਨ ਉਸ ਨੂੰ ਪ੍ਰਭਾਵਿਤ ਕਰਦੇ ਹਨ।

E. ਭਾਰਤ ਵਿੱਚ ਸਿਹਤ ਪ੍ਰਣਾਲੀ ਨੂੰ ਪ੍ਰਭਾਵਿਤ ਕਰਨ ਵਾਲੇ ਕਾਰਨ

ਭਾਰਤੀ ਸਹਿਤ ਪ੍ਰਣਾਲੀ ਨੂੰ ਕਈ ਸਮੱਸਿਆਵਾਂ ਤੇ ਚੁਣੌਤੀਆਂ ਦਾ ਸਾਹਮਣਾ ਕਰਨਾ ਪਿਆ ਸੀ ਅਤੇ ਲਗਾਤਾਰ ਕਰਨਾ ਪੈ ਰਿਹਾ ਹੈ। ਇਹ ਸਿਹਤ-ਦੇਖਭਾਲ ਪ੍ਰਣਾਲੀ ਦੀ ਕਿਸਮ ਤੇ ਸਮਰੱਥਾ ਅਤੇ ਵੱਖ-ਵੱਖ ਪੱਧਰ ਤੇ ਢਾਂਚਾਗਤ ਪੱਧਰ ਉੱਤੇ ਸਿਹਤ-ਦੇਖਭਾਲ ਸੰਗਠਨਾਂ ਨੂੰ ਪ੍ਰਭਾਵਿਤ ਕਰਦੇ ਹਨ। ਇਹਨਾਂ ਬਾਰੇ ਵਿਚਾਰ-ਚਰਚਾ ਹੇਠਾਂ ਹੈ:

1. ਆਬਾਦੀ ਸੰਬੰਧੀ ਰੁਝਾਨ

a) ਭਾਰਤ ਸੰਸਾਰ ਵਿੱਚ ਦੂਜਾ ਸਭ ਤੋਂ ਵੱਧ ਆਬਾਦੀ ਵਾਲਾ ਦੇਸ਼ ਹੈ।

b) ਇਹ ਸਾਨੂੰ ਆਬਾਦੀ ਦੇ ਵਾਧੇ ਨਾਲ ਸੰਬੰਧਿਤ ਸਮੱਸਿਆਵਾਂ ਦੇ ਖ਼ਤਰੇ ਵਿੱਚ ਪਾਉਂਦਾ ਹੈ।

c) ਗਰੀਬ ਦਾ ਪੱਧਰ ਵੀ ਡਾਕਟਰੀ ਦੇਖਭਾਲ ਲਈ ਲੋਕਾਂ ਦੀ ਭੁਗਤਾਨ ਸਮਰੱਥਾ ਨੂੰ ਵੀ ਪ੍ਰਭਾਵਿਤ ਕਰਦਾ ਹੈ।

2. ਸਮਾਜਿਕ ਰੁਝਾਨ

a) ਸ਼ਹਿਰੀਕਰਨ ਵੱਧਣ ਜਾਂ ਲੋਕਾਂ ਵਲੋਂ ਪਿੰਡਾਂ ਤੋਂ ਸ਼ਹਿਰੀ ਖੇਤਰ ਵਿੱਚ ਆਉਣ ਨਾਲ ਸਿਹਤ-ਦੇਖਭਾਲ ਉਪਲੱਬਧ ਕਰਵਾਉਣ ਦੀ ਚੁਣੌਤੀ ਪੈਦਾ ਹੁੰਦੀ ਹੈ।

b) ਪੇਂਡੂ ਖੇਤਰਾਂ ਵਿੱਚ ਵੀ ਸਿਹਤ ਸੰਬੰਧੀ ਮਾਮਲੇ ਹੁੰਦੇ ਹਨ, ਖਾਸ ਤੌਰ ਉੱਤੇ ਡਾਕਟਰੀ ਸਹੂਲਤਾਂ ਦੀ ਮੌਜੂਦਗੀ ਤੇ ਪਹੁੰਚਯੋਗਤਾ ਦੇ ਨਾਲ ਨਾਲ ਪੁੱਜਤ ਹੋਣ ਦੀ ਕਮੀ ਦੇ ਕਰਕੇ।

c) ਲੋਕਾਂ ਵਲੋਂ ਕਸਰਤ ਘਟਾਉਣ ਵਾਲੀ ਹੋਰ ਵੀ ਸੁਸਤ ਰਹਿਣੀ-ਬਹਿਣੀ ਅਪਨਾਉਣ ਦੇ ਨਾਲ ਨਵੇਂ ਕਿਸਮ ਦੀਆਂ ਬੀਮਾਰੀਆਂ ਜਿਵੇਂ ਕਿ ਡਾਇਬੇਟੀਜ਼ ਤੇ ਹਾਈ ਬਲੱਡ ਪ੍ਰੈਸ਼ਰ ਆਦਿ ਵਿੱਚ ਵਾਧਾ ਹੋਇਆ ਹੈ।

3. ਜੀਵਨ ਦੀ ਉਮੀਦ

a) ਜੀਵਨ ਦੀ ਉਮੀਦ ਤੋਂ ਭਾਵ ਅੱਜ ਪੈਦਾ ਹੋਣ ਵਾਲੇ ਬੱਚੇ ਵਲੋਂ ਜਿਉਂਦੇ ਰਹਿਣ ਦੇ ਸਾਲਾਂ ਦੀ ਗਿਣਤੀ ਹੈ।

b) ਜੀਵਨ ਦੀ ਉਮੀਦ ਆਜ਼ਾਦੀ ਦੇ ਸਮੇਂ ਦੇ 30 ਸਾਲਾਂ ਤੋਂ ਵੱਧ ਕੇ ਅੱਜ 60 ਸਾਲ ਹੀ ਚੁੱਕੀ ਹੈ, ਪਰ ਜੀਵਨ ਭਰ ਦੇ ਦੌਰਾਨ ਕੁਆਲਟੀ ਦੇ ਨਾਲ ਸੰਬੰਧਿਤ ਮਾਮਲਿਆਂ ਦੇ ਲਈ ਨਹੀਂ ਹੈ।

c) ਇਸ ਨਾਲ 'ਸਿਹਤਮੰਦ ਜੀਵਨ ਦੀ ਉਮੀਦ' ਨਾਂ ਦਾ ਨਵਾਂ ਸਿਧਾਂਤ ਸਾਹਮਣੇ ਆਇਆ ਹੈ।

d) ਇਸ ਦੇ ਲਈ 'ਜੇਰੀਅਟਰਿਕ' (Geriatric) (ਬੁਢਾਪੇ ਦੇ ਨਾਲ ਸੰਬੰਧਿਤ) ਬੀਮਾਰੀਆਂ ਲਈ ਢਾਂਚਾ ਤਿਆਰ ਕਰਨ ਦੀ ਵੀ ਲੋੜ ਪੈਦਾ ਹੋਈ।

F. ਭਾਰਤ ਵਿੱਚ ਸਿਹਤ ਬੀਮੇ ਦਾ ਵਿਕਾਸ

ਜਦੋਂ ਕਿ ਸਰਕਾਰ ਸਿਹਤ-ਦੇਖਭਾਲ ਸੰਬੰਧੀ ਆਪਣੀਆਂ ਨੀਤੀ ਦੇ ਫੈਸਲਿਆਂ ਨਾਲ ਰੁੱਝੀ ਹੋਈ ਸੀ ਤਾਂ ਇਸ ਨੇ ਸਹਿਤ ਬੀਮਾ ਸਕੀਮਾਂ ਨੂੰ ਨਿਰਧਾਰਿਤ ਕੀਤਾ ਹੈ। ਬੀਮਾ ਕੰਪਨੀਆਂ ਆਪਣੀਆਂ ਸਿਹਤ ਬੀਮਾ ਨੀਤੀਆਂ ਬਾਅਦ ਵਿੱਚ ਹੀ ਲੈ ਕੇ ਆਈਆਂ। ਭਾਰਤ ਵਿੱਚ ਸਿਹਤ ਬੀਮੇ ਦਾ ਵਿਕਾਸ ਇੰਝ ਹੋਇਆ:

a) ਮੁਲਾਜ਼ਮ ਰਾਜ ਬੀਮਾ ਸਕੀਮ

ਭਾਰਤ ਵਿੱਚ ਸਿਹਤ ਬੀਮਾ ਰਸਮੀ ਰੂਪ ਵਿੱਚ ਮੁਲਾਜ਼ਮ ਰਾਜ ਬੀਮਾ ਸਕੀਮ ਦੇ ਰੂਪ ਵਿੱਚ ਸ਼ੁਰੂ ਹੋਇਆ ਸੀ, ਜਿਸ ਨੂੰ 1947 ਵਿੱਚ ਦੇਸ਼ ਦੀ ਆਜ਼ਾਦੀ ਦੇ ਛੇਤੀ ਬਾਅਦ ਵਿੱਚ ਈਸੀਐਸ ਐਕਟ 1948 ਦੇ ਤਹਿਤ ਲਿਆਂਦਾ ਗਿਆ। ਇਹ ਸਕੀਮ ਨੂੰ ਪੁਰਾਣੇ ਨਿੱਜੀ ਖੇਤਰ ਵਿੱਚ ਕੰਮ ਕਰਨ ਵਾਲੇ ਉਦਯੋਗਿਕ ਕਾਮਿਆਂ (ਬਲਿਉ-ਕਾਲਰ) ਲਈ ਪੇਸ਼ ਕੀਤਾ ਗਿਆ ਸੀ ਅਤੇ ਆਪਣੀਆਂ ਡਿਸਪੈਨਸਰੀਆਂ ਤੇ ਹਸਪਤਾਲਾਂ ਦੇ ਨੈਟਵਰਕ ਰਾਹੀਂ ਸੰਪੂਰਨ ਸਿਹਤ ਸੇਵਾਵਾਂ ਦਿੰਦੀ ਹੈ।

ਈਐਸਆਈਸੀ(ESIC) (ਇੰਪੈਲਾਏਜ਼ ਸਟੇਟ ਇੰਸ਼ੋਅਰੈਂਸ ਕਾਰਪੋਰੇਸ਼ਨ) ਸਥਾਪਿਤ ਕਰਨ ਵਾਲੀ ਏਜੰਸੀ ਹੈ, ਜੋ ਕਿ ਆਪਣੇ ਹਸਪਤਾਲ ਤੇ ਡਿਸਪੈਨਸਰੀਆਂ ਚਲਾਉਂਦੀ ਹੈ ਅਤੇ ਪਬਲਿਕ/ਪ੍ਰਾਈਵੇਟ ਸੇਵਾਵਾਂ ਦੇਣ ਵਾਲਿਆਂ ਨੂੰ ਠੇਕੇ ਵੀ ਦਿੰਦੀ ਹੈ, ਜਿੱਥੇ ਇਸ ਦੀਆਂ ਆਪਣੀਆਂ ਸਹੂਲਤਾਂ ਪੂਰੀਆਂ ਨਹੀਂ ਹਨ।

ਸਭ ਕਾਮਿਆਂ, ਜੋ ਕਿ 15,000 ਰੁਪਏ ਤੱਕ ਦੀ ਤਨਖਾਹ ਕਮਾਉਂਦੇ ਹਨ, ਨੂੰ ਯੋਗਦਾਨੀ ਸਕੀਮ ਦੇ ਤਹਿਤ ਬੀਮਾ ਸੁਰੱਖਿਆ ਮਿਲਦੀ ਹੈ ਮੁਲਾਜ਼ਮ ਤੇ ਕੰਪਨੀ ਤਨਖਾਹ ਵਿੱਚੋਂ 1.75% ਤੇ 4.75% ਤੱਕ ਯੋਗਦਾਨ ਪਾਉਂਦੇ ਹਨ, ਰਾਜ ਸਰਕਾਰਾਂ ਮੈਡੀਕਲ ਖਰਚਿਆਂ ਲਈ 12.5% ਯੋਗਦਾਨ ਦਿੰਦੀਆਂ ਹਨ।

ਦਿੱਤੇ ਜਾ ਰਹੇ ਫਾਇਦਿਆਂ ਵਿੱਚ ਸ਼ਾਮਿਲ ਹਨ:

a) ESIS ਸਹੂਲਤਾਂ ਵਿੱਚ ਮੁਫ਼ਤ ਪੂਰਨ ਸਿਹਤ-ਦੇਖਭਾਲ

b) ਜਣੇਪਾ ਫਾਇਦਾ

c) ਅਪੰਗਤਾ ਫਾਇਦਾ

d) ਬੀਮਾਰੀ ਤੇ ਬਾਕੀ-ਬਚੀ ਕਮਾਈ ਦੇ ਕਰਕੇ ਹੋਣ ਵਾਲੇ ਆਮਦਨ ਦੇ ਘਾਟੇ ਅਤੇ

e) ਕਾਮੇ ਦੀ ਮੌਤ ਹੋਣ ਉੱਤੇ ਸੰਸਕਾਰ ਖ਼ਰਚੇ ਲਈ ਨਕਦ ਮੁਆਵਜ਼ਾ

ਇਸ ਨੂੰ ਪਰਮਾਣਿਤ ਡਾਕਟਰੀ ਸਹਾਇਕਾਂ ਤੇ ਨਿੱਜੀ ਹਸਪਤਾਲਾਂ ਤੋਂ ਖਰੀਦੀਆਂ ਸੇਵਾਵਾਂ ਰਾਹੀਂ ਸਹਾਇਤਾ ਪ੍ਰਾਪਤ ਹੁੰਦੀ ਹੈ। ESIS ਨੇ ਮਾਰਚ 2012 ਤੱਕ 6 ਕਰੋੜ 55 ਲੱਖ ਲਾਭਪਾਤਰਾਂ ਨੂੰ ਬੀਮਾ ਸੁਰੱਖਿਆ ਦਿੱਤੀ ਹੈ।

b) ਕੇਂਦਰ ਸਰਕਾਰ ਸਿਹਤ ਸਕੀਮ

ਈਐਸਆਈਐਸ ਦੇ ਛੇਤੀ ਬਾਅਦ ਕੇਂਦਰ ਸਰਕਾਰ ਸਿਹਤ ਸਕੀਮ (CGHS) ਜਾਰੀ ਹੋਈ, ਜਿਸ ਨੂੰ ਕੇਂਦਰੀ ਸਰਕਾਰ ਦੇ ਮੁਲਾਜ਼ਮ ਲਈ ਪੇਸ਼ ਕੀਤਾ ਗਿਆ ਸੀ, ਜਿਸ ਵਿੱਚ ਸਰਕਾਰੀ ਨੌਕਰੀਆਂ ਕਰਨ ਵਾਲੇ ਪੈਨਸ਼ਨਰਾਂ ਤੇ ਉਹਨਾਂ ਦੇ ਪਰਿਵਾਰਿਕ ਮੈਂਬਰ ਸ਼ਾਮਿਲ ਸਨ। ਇਸ ਦਾ ਮਕਸਦ ਮੁਲਾਜ਼ਮਾਂ ਤੇ ਉਹਨਾਂ ਦੇ ਪਰਿਵਾਰਾਂ ਨੂੰ ਸੰਪੂਰਨ ਡਾਕਟਰੀ ਦੇਖਭਾਲ ਦੇਣਾ ਸੀ ਅਤੇ ਇਸ ਲਈ ਅਪੂਰਨ ਰੂਪ ਵਿੱਚ ਫੰਡ ਮੁਲਾਜ਼ਮ ਤੇ ਵੱਡੇ ਰੂਪ ਵਿੱਚ ਰੁਜ਼ਗਾਰ ਦੇਣ ਵਾਲਾ (ਕੇਂਦਰ ਸਰਕਾਰ) ਦਿੰਦੀ ਹੈ।

ਇਹ ਸੇਵਾਵਾਂ CGHS ਦੇ ਆਪਣੀ ਡਿਸਪੈਨਸਰੀਆਂ, ਪੌਲੀਕਲੀਨਿਕ ਅਤੇ ਦਰਜਾਬੰਦ ਨਿੱਜੀ ਹਸਪਤਾਲਾਂ ਰਾਹੀਂ ਦਿੱਤੀਆਂ ਜਾਂਦੀਆਂ ਹਨ।

ਇਸ ਵਿੱਚ ਦਵਾਈਆਂ ਦੀਆਂ ਸਭ ਪ੍ਰਣਾਲੀਆਂ, ਐਲੋਪੈਥੀ ਪ੍ਰਣਾਲੀ ਵਿੱਚ ਐਮਰਜੈਂਸੀ ਸੇਵਾਵਾਂ, ਮੁਫ਼ਤ ਦਵਾਈਆਂ, ਪੈਥੋਲਾਜੀ ਤੇ ਰੇਡਿਓਲੋਜੀ, ਗੰਭੀਰ ਰੂਪ ਵਿੱਚ ਬੀਮਾਰ ਮਰੀਜ਼ਾਂ ਲਈ ਨਿਵਾਸ-ਸਥਾਨ ਦੌਰਾ, ਮਾਹਿਰ ਸਲਾਹਕਾਰ ਆਦਿ ਲਈ ਸੁਰੱਖਿਆ ਦਿੱਤੀ ਜਾਂਦੀ ਹੈ।

ਮੁਲਾਜ਼ਮਾਂ ਵਲੋਂ ਪਾਇਆ ਜਾਣ ਵਾਲਾ ਯੋਗਦਾਨ ਪਾਇਆ ਜਾਣ ਵਾਲਾ ਯੋਗਦਾਨ ਤਨਖਾਹ ਸਕੇਲ ਦੇ ਮੁਤਾਬਕ ਬਹੁਤ ਹੀ ਨਿਗੂਣਾ ਹੁੰਦਾ ਹੈ - 15 ਰੁਪਏ ਮਹੀਨੇ ਤੋਂ ਲੈ ਕੇ 150 ਰੁਪਏ ਮਹੀਨੇ ਤੱਕ।

ਹਵਾਲਾ ਧਨ ਵਿਰੋਧੀ ਸਰਗਰਮੀਆਂ ਉੱਤੇ ਰੋਕ ਲਗਾਉਣ ਲਈ ਸਰਕਾਰ ਵਲੋਂ 2002 ਵਿੱਚ ਸ਼ੁਰੂ ਕੀਤਾ ਸੀ। ਆਈਆਰਡੀਏਆਈ ਦੇ ਜਾਰੀ ਕੀਤੇ ਕਾਲੇ ਧਨ ਨੂੰ ਸਫੈਦ ਬਣਾਉਣ ਵਿਰੋਧੀ ਦਿਸ਼ਾ-ਨਿਰਦੇਸ਼ਾਂ ਤੋਂ ਬਾਅਦ ਜਲਦੀ ਹੀ ਬੀਮਾ ਸੇਵਾਵਾਂ ਲਈ ਬੇਨਤੀ ਕਰਨ ਵਾਲੇ ਉੱਪਭੋਗਤਾਵਾਂ ਦੀ ਸਹੀ ਪਛਾਣ ਨੂੰ ਨਿਰਧਾਰਿਤ ਕਰਨ, ਸ਼ੱਕੀ ਲੈਣ-ਦੇਣ ਦੀ ਸੂਚਨਾ ਦੇਣ ਅਤੇ ਕਾਲੇ ਧਨ ਨੂੰ ਸਫੈਦ ਬਣਾਉਣ ਵਿੱਚ ਸ਼ਾਮਿਲ ਮਾਮਲਿਆਂ ਜਾਂ ਸ਼ੱਕੀ ਵਿਅਕਤੀਆਂ ਦਾ ਉੱਚਿਤ ਰਿਕਾਰਡ ਰੱਖਣ ਨਾਲ ਉੱਚਿਤ ਤਰੀਕਿਆਂ ਦਾ ਸੰਕੇਤ ਦਿੱਤਾ ਹੈ।

ਆਪਣੇ ਉੱਪਭੋਗਤਾ ਨੂੰ ਜਾਣੋ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ, ਹਰੇਕ ਉੱਪਭੋਗਤਾ ਨੂੰ ਠੀਕ ਤਰ੍ਹਾਂ ਨਾਲ ਹੇਠਾਂ ਦਿੱਤੇ ਦਸਤਾਵੇਜ਼ਾਂ ਦੇ ਭੰਡਾਰ ਦੁਆਰਾ ਪਛਾਣ ਕਰਵਾਉਣ ਦੀ ਲੋੜ ਹੁੰਦੀ ਹੈ:

1. ਸਿਰਨਾਵਾਂ ਜਾਂਚ
2. ਹਾਲੀਆ ਤਸਵੀਰ
3. ਵਿੱਤੀ ਸਥਿਤੀ
4. ਬੀਮਾ ਇਕਰਾਰਨਾਮੇ ਦਾ ਮਕਸਦ

ਇਸਲਈ ਏਜੰਟ ਨੂੰ ਵਪਾਰ ਵਿੱਚ ਲਿਆਉਣ ਵੇਲੇ ਉੱਪਭੋਗਤਾ ਦੀ ਪਛਾਣ ਸਥਾਪਿਤ ਕਰਨ ਲਈ ਦਸਤਾਵੇਜ਼ ਇੱਕਠੇ ਕਰਨੇ ਜਰੂਰੀ ਹਨ:

1. ਵਿਅਕਤੀਗਤ ਹੋਣ ਦੇ ਮਾਮਲੇ ਵਿੱਚ - ਪੂਰਾ ਨਾਂ, ਪਤਾ, ਬੀਮਤ ਦੀ ਆਈ.ਡੀ. ਅਤੇ ਪਤੇ ਦੇ ਸਬੂਤ ਸਮੇਤ ਸੰਪਰਕ ਨੰਬਰ, ਪੈਨ(PAN) ਨੰਬਰ ਅਤੇ ਐਨ.ਈ.ਐਫ.ਟੀ. ਉਦੇਸ਼ਾਂ ਲਈ ਪੂਰੇ ਬੈਂਕ ਵੇਰਵਿਆਂ ਨੂੰ ਇੱਕਠਾ ਕਰਨਾ

2. ਕਾਰਪੋਰੇਟ ਹੋਣ ਦੇ ਮਾਮਲੇ ਵਿੱਚ - ਇਨਕਾਰਪੋਰੇਸ਼ਨ ਦੇ ਸਰਟੀਫਿਕੇਟ, ਐਸੋਸੀਏਸ਼ਨ ਦੇ ਮੈਮੋਰੈਂਡਮ ਅਤੇ ਆਰਟੀਕਲ, ਵਪਾਰ ਚਲਾਉਣ ਲਈ ਮੁਖਤਿਆਰਨਾਮਾ, ਪੈਨ ਕਾਰਡ ਦੀ ਕਾਪੀ ਨੂੰ ਇੱਕਠਾ ਕਰਨਾ
3. ਹਿੱਸੇਦਾਰੀ ਵਾਲੀਆਂ ਫਰਮਾਂ ਦੇ ਮਾਮਲੇ ਵਿੱਚ - ਰਜਿਸਟਰੇਸ਼ਨ ਸਰਟੀਫਿਕੇਟ (ਜੇਕਰ ਰਜਿਸਟਰਡ ਹੋਵੇ ਤਾਂ), ਪਾਰਟਨਰਸ਼ਿਪ ਡੀਡ, ਆਪਣੇ ਦੁਆਰਾ ਵਪਾਰ ਨੂੰ ਚਲਾਉਣ ਲਈ ਫਰਮ ਦੇ ਇੱਕ ਹਿੱਸੇਦਾਰ ਜਾਂ ਕਰਮਚਾਰੀ ਨੂੰ ਦਿੱਤਾ ਗਿਆ ਮੁਖਤਿਆਰਨਾਮਾ, ਅਜਿਹੇ ਵਿਅਕਤੀ ਦੀ ਪਛਾਣ ਦਾ ਸਬੂਤ
4. ਟਰੱਸਟ ਅਤੇ ਫਾਊਂਡੇਸ਼ਨ ਦੇ ਮਾਮਲੇ ਵਿੱਚ - ਹਿੱਸੇਦਾਰੀ ਦੇ ਸਮਾਨ

ਇੱਥੇ ਇਹ ਗੱਲ ਧਿਆਨ ਵਿੱਚ ਰੱਖਣੀ ਚਾਹੀਦੀ ਹੈ ਕਿ ਅਜਿਹੀ ਜਾਣਕਾਰੀ ਉੱਤਪਾਦਾਂ ਦਾ ਕਰਾਸ ਵਿਕਰੀ ਵਿੱਚ ਮਦਦ ਕਰਦੀ ਹੈ ਅਤੇ ਇੱਕ ਸਹਾਇਕ ਮਾਰਕੀਟਿੰਗ ਟੂਲ ਹੈ।

ਸਾਰ

a) ਦਸਤਾਵੇਜ਼ੀ ਪ੍ਰਮਾਣ ਦੇ ਉਸ ਬਾਰੇ ਜ਼ਰੂਰੀ ਰੂਪ ਵਿੱਚ ਪੇਸ਼ਕਸ਼ ਫਾਰਮ ਹਨ, ਜਿਸ ਰਾਹੀਂ ਬੀਮਤ ਸੂਚਨਾ ਦਿੰਦਾ ਹੈ।

b) ਪ੍ਰਮੁੱਖ ਜਾਣਕਾਰੀ ਦੇਣ ਦੇ ਫ਼ਰਜ਼ ਪਾਲਸੀ ਸ਼ੁਰੂ ਹੋਣ ਤੋਂ ਪਹਿਲਾਂ ਹੁੰਦਾ ਹੈ ਅਤੇ ਪਾਲਸੀ ਦੀ ਮਿਆਦ ਦੇ ਦੌਰਾਨ ਵੀ ਜਾਰੀ ਰਹਿੰਦਾ ਹੈ

c) ਬੀਮਾ ਕੰਪਨੀਆਂ ਅਕਸਰ ਪੇਸ਼ਕਸ਼ ਫਾਰਮ ਦੇ ਅੰਤ ਉੱਤੇ ਐਲਾਨ ਜੋੜਦੀਆਂ ਹਨ, ਜਿਸ ਉੱਤੇ ਬੀਮਾਕਰਤਾ ਰਾਹੀਂ ਦਸਤਖਤ ਕੀਤੇ ਜਾਂਦੇ ਹਨ

d) ਆਮ ਤੌਰ 'ਤੇ ਪੇਸ਼ਕਸ਼ ਫਾਰਮ ਦੇ ਤੱਥਾਂ ਵਿੱਚ ਸ਼ਾਮਿਲ ਹਨ:

   i. ਪੇਸ਼ਕਸ਼ਕਰਤਾ ਦਾ ਪੂਰਾ ਨਾਂ
   ii. ਪੇਸ਼ਕਸ਼ਕਰਤਾ ਦਾ ਸਿਰਨਾਵਾਂ ਅਤੇ ਸੰਪਰਕ ਵੇਰਵਾ
   iii. ਸਿਹਤ ਪਾਲਸੀਆਂ ਦੇ ਮਾਮਲੇ ਵਿੱਚ ਬੈਂਕ ਦੇ ਵੇਰਵੇ
   iv. ਪੇਸ਼ਕਸ਼ਕਰਤਾ ਦਾ ਕਿੱਤਾ, ਅਹੁਦਾ ਜਾਂ ਵਪਾਰ
   v. ਬੀਮੇ ਦੇ ਵਿਸ਼ੇ ਦਾ ਵੇਰਵਾ ਅਤੇ ਪਛਾਣ
   vi. ਬੀਮਾ ਕੀਤੀ ਰਕਮ
   vii. ਪੁਰਾਣਾ ਅਤੇ ਮੌਜੂਦਾ ਬੀਮਾ
   viii. ਘਾਟਾ ਅਨੁਭਵ
   ix. ਬੀਮਤ ਵਲੋਂ ਐਲਾਨ

e) ਏਜੰਟ, ਜੋ ਕਿ ਵਿਚੋਲੇ ਦਾ ਕੰਮ ਕਰਦਾ ਹੈ, ਦੀ ਜ਼ਿੰਮੇਵਾਰੀ ਹੈ ਕਿ ਬੀਮਤ ਵਲੋਂ ਬੀਮਾਕਰਤਾ ਵਲੋਂ ਜੋਖਿਮ ਬਾਰੇ ਪ੍ਰਮੁੱਖ ਜਾਣਕਾਰੀ ਦਿੱਤੀ ਜਾਂਦੀ ਹੈ।

f) ਪੇਸ਼ਕਸ਼ ਨੂੰ ਪੜਤਾਲਣ ਅਤੇ ਮਨਜ਼ੂਰੀ ਦੇਣ ਦੇ ਫੈਸਲੇ ਦੀ ਕਾਰਵਾਈ ਨੂੰ ਅੰਡਰਰਾਈਟਿੰਗ ਵਜੋਂ ਜਾਣਿਆ ਜਾਂਦਾ ਹੈ।

g) ਸਿਹਤ ਪਾਲਸੀਆਂ ਵਿੱਚ, ਬੀਮਤ ਨੂੰ ਇੱਕ ਪ੍ਰੋਸਪੈਕਟਸ ਵੀ ਪ੍ਰਦਾਨ ਕੀਤਾ ਜਾਂਦਾ ਹੈ ਅਤੇ ਉਸਨੂੰ ਇਸ ਪ੍ਰਸਤਾਵ ਵਿੱਚ ਘੋਸ਼ਣਾ ਕਰਨੀ ਹੁੰਦੀ ਹੈ ਕਿ ਉਸਨੇ ਇਸਨੂੰ ਪੜ੍ਹ ਅਤੇ ਸਮਝ ਲਿਆ ਹੈ।

h) ਪ੍ਰੀਮੀਅਮ ਬੀਮਤ ਵਲੋਂ ਬੀਮਾਕਰਤਾ ਨੂੰ ਬੀਮੇ ਦੀ ਵਿਸ਼ਾ-ਵਸਤੂ ਦੇ ਬੀਮੇ ਲਈ ਕੀਤਾ ਜਾਣ ਵਾਲਾ ਭੁਗਤਾਨ ਹੈ, ਬੀਮੇ ਦੇ ਇਕਰਾਰਨਾਮੇ ਦੇ ਤਹਿਤ।

i) ਪ੍ਰੀਮੀਅਮ ਦਾ ਭੁਗਤਾਨ ਨਕਦ, ਕਿਸੇ ਵੀ ਜਾਣੇ-ਪਛਾਣੇ ਬੈਂਕ ਸਮਝੌਤੇਯੋਗ ਕਾਗਜ਼, ਪੋਸਟ ਮਨੀਆਰਡਰ, ਕਰੈਡਿਟ ਜਾਂ ਡੇਬਿਟ ਕਾਰਡ, ਇੰਟਰਨੈੱਟ, ਈ-ਟਰਾਂਸਫਰ, ਸਿੱਧਾ ਕਰੈਡਿਟ ਜਾਂ ਅਥਾਰਟੀ ਵਲੋਂ ਸਮੇਂ ਸਮੇਂ ਉੱਤੇ ਮਨਜ਼ੂਰ ਕੀਤੇ ਗਏ ਹੋਰ ਕਿਸੇ ਵੀ ਢੰਗ ਨਾਲ ਕੀਤਾ ਜਾ ਸਕਦਾ ਹੈ।

j) ਬੀਮੇ ਦਾ ਸਰਟੀਫਿਕੇਟ ਬੀਮੇ ਦੇ ਸਬੂਤ ਨੂੰ ਦਰਸਾਉਂਦਾ ਹੈ, ਜਿੱਥੇ ਇਹ ਚਾਹੀਦਾ ਹੋਵੇ

k) ਪਾਲਸੀ ਇੱਕ ਰਸਮੀ ਦਸਤਾਵੇਜ਼ ਹੈ, ਜੋ ਕਿ ਬੀਮੇ ਦੇ ਇਕਰਾਰ ਦਾ ਸਬੂਤ ਦਿੰਦਾ ਹੈ।

l) ਵਾਰੰਟੀ ਪਾਲਸੀ ਵਿੱਚ ਦਰਸਾਈ ਗਈ ਸ਼ਰਤ ਹੁੰਦੀ ਹੈ, ਜੋ ਕਿ ਇਕਰਾਰਨਾਮੇ ਨੂੰ ਯੋਗ ਰੱਖਣ ਲਈ ਸ਼ਬਦੀ ਰੂਪ ਵਿੱਚ ਪਾਲਣ ਕਰਨ ਵਾਸਤੇ ਹੁੰਦੀ ਹੈ।

m) ਜੇ ਪਾਲਸੀ ਜਾਰੀ ਕਰਨ ਦੇ ਸਮੇਂ ਉਸ ਦੇ ਕੁਝ ਨਿਯਮਾਂ ਤੇ ਸ਼ਰਤਾਂ ਨੂੰ ਸੋਧਣ ਦੀ ਲੋੜ ਹੋਵੇ ਤਾਂ ਇਸ ਨੂੰ ਦਸਤਾਵੇਜ਼ ਰਾਹੀਂ ਸੋਧ/ਬਦਲ ਕੇ ਪੂਰਾ ਕੀਤਾ ਜਾਂਦਾ ਹੈ, ਜਿਸ ਨੂੰ ਤਸਦੀਕ (endorsment) ਕਹਿੰਦੇ ਹਨ।

n) ਨਿਰਮਾਣ ਦਾ ਸਭ ਤੋਂ ਮਹੱਤਵਪੂਰਨ ਨਿਯਮ ਹੈ ਕਿ ਧਿਰਾਂ ਦੀ ਨੀਅਤ ਪ੍ਰਬਲ ਹੋਣੀ ਚਾਹੀਦੀ ਹੈ ਅਤੇ ਇਹ ਨੀਅਤ ਨੂੰ ਖੁਦ ਪਾਲਸੀ ਵਿੱਚ ਵੀ ਵਿਚਾਰਨਾ ਚਾਹੀਦਾ ਹੈ।

o) ਮਨੀ ਲਾਂਡਰਿੰਗ ਦਾ ਮਤਲਬ ਅਪਰਾਧਿਕ ਤਰੀਕਿਆਂ ਨਾਲ ਪ੍ਰਾਪਤ ਕੀਤੇ ਧਨ ਨੂੰ ਵੈਧ ਧਨ ਵਿੱਚ ਬਦਲਣਾ ਅਤੇ ਇਸ ਨਾਲ ਲੜਾਈ ਕਰਨ ਦੇ ਲਈ ਦੁਨੀਆਂ ਭਰ ਵਿੱਚ ਅਤੇ ਭਾਰਤ ਵਿੱਚ ਕਾਨੂੰਨ ਪੇਸ਼ ਕੀਤੇ ਗਏ ਹਨ।

p) ਇੱਕ ਏਜੰਟ ਨੂੰ ਆਪਣੇ ਉੱਪਭੋਗਤਾ ਨੂੰ ਜਾਣੋ ਦੇ ਦਿਸ਼ਾ-ਨਿਰਦੇਸ਼ਾਂ ਦੀ ਪਾਲਣਾ ਕਰਨ ਅਤੇ ਇਹਨਾਂ ਦਿਸ਼ਾ-ਨਿਰਦੇਸ਼ਾਂ ਦੁਆਰਾ ਲੋੜ ਅਨੁਸਾਰ ਦਸਤਾਵੇਜ਼ਾਂ ਨੂੰ ਪ੍ਰਾਪਤ ਕਰਨ ਦੀ ਜਿੰਮੇਵਾਰੀ ਹੁੰਦੀ ਹੈ।

ਮੁੱਖ ਸ਼ਬਦ

a) ਪਾਲਸੀ ਫਾਰਮ
b) ਪ੍ਰੀਮੀਅਮ ਦਾ ਪੇਸ਼ਗੀ ਭੁਗਤਾਨ
c) ਬੀਮੇ ਦਾ ਸਰਟੀਫਿਕੇਟ
d) ਨਵਿਆਉਣ ਸੂਚਨਾ
e) ਵਾਰੰਟੀਆਂ
f) ਸ਼ਰਤ
g) ਤਸਦੀਕ
h) ਧਨ ਹਵਾਲਾ
i) ਆਪਣੇ ਗਾਹਕ ਨੂੰ ਜਾਣੋ (KYC)

ਪਾਠ 8

ਜੀਵਨ ਬੀਮਾ ਉਤਪਾਦ

ਪਾਠ ਜਾਣ-ਪਛਾਣ

ਇਹ ਪਾਠ ਵਿੱਚ ਤੁਹਾਨੂੰ ਭਾਰਤ ਵਿੱਚ ਵੱਖ-ਵੱਖ ਬੀਮਾ ਕੰਪਨੀਆਂ ਵਲੋਂ ਦਿੱਤੇ ਜਾਂਦੇ ਸਿਹਤ ਬੀਮਾ ਉਤਪਾਦਾਂ ਦੇ ਬਾਰੇ ਡੂੰਘੀ ਜਾਣਕਾਰੀ ਦਿੱਤੀ ਜਾਵੇਗੀ। ਕੇਵਲ ਇੱਕ ਉਤਪਾਦ ਮੈਡੀਕਲੇਮ ਤੋਂ ਵੱਖ-ਵੱਖ ਕਿਸਮਾਂ ਦੇ ਉਤਪਾਦਾਂ ਵਿੱਚੋਂ ਗਾਹਕ ਕੋਲ ਢੁੱਕਵੀਂ ਬੀਮਾ ਸੁਰੱਖਿਆ ਚੁਣਨ ਲਈ ਵੱਡੀ ਸੀਮਾ ਹੈ। ਇਹ ਪਾਠ ਵਿੱਚ ਵੱਖ-ਵੱਖ ਉਤਪਾਦਾਂ ਦੇ ਬਾਰੇ ਜਾਣਕਾਰੀ ਦਿੱਤੀ ਜਾਵੇਗੀ, ਜੋ ਕਿ ਵਿਅਕਤੀ, ਪਰਿਵਾਰ ਤੇ ਗਰੁੱਪ ਨੂੰ ਸੁਰੱਖਿਆ ਦਿੰਦੇ ਹਨ।

ਸਿੱਖਣ ਨਤੀਜੇ

A. ਜੀਵਨ ਬੀਮਾ ਉਤਪਾਦ ਦਾ ਵਰਗੀਕਰਨ
B. ਸਿਹਤ ਬੀਮੇ ਵਿੱਚ ਮਿਆਰੀਕਰਨ ਉੱਤੇ IRDA ਦੀਆਂ ਸੇਧਾਂ
C. ਹਸਪਤਾਲ ਹਰਜ਼ਾਨਾ ਉਤਪਾਦ
D. ਟਾਪ-ਅੱਪ ਬੀਮਾ-ਸੁਰੱਖਿਆ ਜਾਂ ਉੱਚ ਕਟੌਤੀ ਬੀਮਾ ਸਕੀਮਾਂ
E. ਸੀਨੀਅਰ ਨਾਗਰਿਕ ਨੀਤੀ
F. ਸਥਿਰ ਫਾਇਦਾ ਬੀਮਾ-ਸੁਰੱਖਿਆ - ਹਸਪਤਾਲ ਨਕਦ, ਘਾਤਕ ਬੀਮਾਰੀ
G. ਲੰਮਾ ਸਮਾਂ ਦੇਖਭਾਲ ਉਤਪਾਦ
H. ਕੰਬੀ-ਉਤਪਾਦ
I. ਪੈਕੇਜ ਨੀਤੀਆਂ
J. ਗਰੀਬ ਵਰਗਾਂ ਲਈ ਲਘੂ ਬੀਮਾ ਤੇ ਸਿਹਤ ਬੀਮਾ
K. ਰਾਸ਼ਟਰੀ ਸਿਹਤ ਬੀਮਾ ਯੋਜਨਾ
L. ਪ੍ਰਧਾਨ ਮੰਤਰੀ ਸੁਰੱਖਿਆ ਬੀਮਾ ਯੋਜਨਾ
M. ਪ੍ਰਧਾਨ ਮੰਤਰੀ ਜਨ ਧਨ ਯੋਜਨਾ
N. ਨਿੱਜੀ ਦੁਰਘਟਨਾ ਤੇ ਅਪੰਗਤਾ ਬੀਮਾ-ਸੁਰੱਖਿਆ
O. ਵਿਦੇਸ਼ੀ ਯਾਤਰਾ ਬੀਮਾ
P. ਗਰੁੱਪ ਸਿਹਤ ਬੀਮਾ-ਸੁਰੱਖਿਆ
Q. ਸਿਹਤ ਬੱਚਤ ਖਾਤਾ
R. ਸਿਹਤ ਨੀਤੀਆਂ ਵਿੱਚ ਮੁੱਖ ਸ਼ਰਤਾਂ

ਇਹ ਕਾਂਡ ਪੜ੍ਹਨ ਦੇ ਬਾਅਦ, ਤੁਸੀਂ ਯੋਗ ਹੋਣੇ ਚਾਹੀਦੇ ਹੋ:

a) ਸਿਹਤ ਬੀਮੇ ਵਿੱਚ ਵੱਖ-ਵੱਖ ਸ਼ਰਤਾਂ ਬਾਰੇ ਸਮਝਾਉਣਾ

b) ਸਿਹਤ ਬੀਮੇ ਵਿੱਚ ਮਿਆਰੀਕਰਨ ਉੱਤੇ IRDA ਦੀਆਂ ਸੇਧਾਂ ਬਾਰੇ ਵੇਰਵਾ ਦੇਣਾ

c) ਅੱਜ ਭਾਰਤੀ ਬਾਜ਼ਾਰ ਵਿੱਚ ਮੌਜੂਦ ਵੱਖ-ਵੱਖ ਕਿਸਮ ਦੀਆਂ ਸਿਹਤ ਉਤਪਾਦਾਂ ਬਾਰੇ ਵਿਚਾਰ ਕਰਨਾ

d) ਨਿੱਜੀ ਦੁਰਘਟਨਾ ਬੀਮੇ ਬਾਰੇ ਸਮਝਾਉਣਾ

e) ਵਿਦੇਸ਼ੀ ਯਾਤਰਾ ਬੀਮੇ ਬਾਰੇ ਚਰਚਾ

f) ਸਿਹਤ ਨੀਤੀਆਂ ਵਿੱਚ ਮੁੱਖ ਸ਼ਰਤਾਂ ਤੇ ਨਿਯਮਾਂ ਨੂੰ ਸਮਝਣਾ

g) IRDA ਵਲੋਂ ਜਾਰੀ ਕੀਤੀਆਂ ਸੇਧਾਂ ਨੂੰ ਫਾਇਲ ਕਰਨ ਤੇ ਵਰਤਣ ਬਾਰੇ ਜਾਣਨਾ

A. ਜੀਵਨ ਬੀਮਾ ਉਤਪਾਦ ਦਾ ਵਰਗੀਕਰਨ

1. ਸਿਹਤ ਬੀਮਾ ਉਤਪਾਦਾਂ ਨਾਲ ਜਾਣ-ਪਛਾਣ

IRDA ਦਾ ਸਿਹਤ ਬੀਮਾ ਰੈਗੂਲੇਸ਼ਨ ਸਿਹਤ ਬੀਮਾ ਸੁਰੱਖਿਆ ਨੂੰ ਅੱਗੇ ਦਿੱਤੇ ਮੁਤਾਬਕ ਪਰਿਭਾਸ਼ਿਤ ਕਰਦਾ ਹੈ

ਪਰਿਭਾਸ਼ਾ

"ਸਿਹਤ ਬੀਮਾ ਕਾਰੋਬਾਰ" ਜਾਂ "ਸਿਹਤ ਬੀਮਾ ਸੁਰੱਖਿਆ" ਦਾ ਭਾਵ ਬੀਮਾ ਇਕਰਾਰਨਾਮੇ ਦੇ ਪ੍ਰਭਾਵੀ ਹੋਣ ਤੋਂ ਹੈ, ਜੋ ਕਿ ਬੀਮਾਰੀ ਫਾਇਦੇ ਜਾਂ ਮੈਡੀਕਲ, ਸਰਜੀਕਲ ਜਾਂ ਹਸਪਤਾਲ ਖ਼ਰਚ ਫਾਇਦੇ, ਜਿਸ ਵਿੱਚ ਬੀਮਾ ਕਰਵਾਉਣ ਫਾਇਦੇ ਤੇ ਲੰਮਾ ਸਮਾਂ ਦੇਖਭਾਲ ਸ਼ਾਮਿਲ ਹਨ, ਯਾਤਰਾ ਬੀਮਾ ਤੇ ਨਿੱਜੀ ਦੁਰਘਟਨਾ ਬੀਮਾ ਸੁਰੱਖਿਆ ਲਈ ਹਨ।

ਭਾਰਤੀ ਬਾਜ਼ਾਰ ਵਿੱਚ ਸਿਹਤ ਬੀਮਾ ਉਤਪਾਦ ਮੌਜੂਦ ਹਨ, ਜੋ ਕਿ ਆਮ ਤੌਰ ਉੱਤੇ **ਹਸਪਤਾਲ ਵਿੱਚ ਭਰਤੀ ਹੋਣ ਦੇ ਉਤਪਾਦ** ਕਿਸਮ ਦੀਆਂ ਹਨ।ਇਹ ਉਤਪਾਦ ਹਸਪਤਾਲ ਵਿੱਚ ਭਰਤੀ ਹੋਣ ਦੇ ਦੌਰਾਨ ਵਿਅਕਤੀ ਨੂੰ ਹੋਣ ਵਾਲੇ ਖ਼ਰਚ ਲਈ ਬੀਮਾ ਸੁਰੱਖਿਆ ਦਿੰਦੀਆਂ ਹਨ। ਇੰਝ ਦੇ ਖਰਚੇ ਬਹੁਤ ਵੱਧ ਹੁੰਦੇ ਹਨ ਅਤੇ ਸਿਹਤ-ਦੇਖਭਾਲ ਦੀ ਵਧਦੀ ਕੀਮਤ, ਸਰਜੀਕਲ ਪ੍ਰਕਿਰਿਆਵਾਂ, ਬਾਜ਼ਾਰ ਵਿੱਚ ਆਉਣ ਵਾਲੀਆਂ ਨਵੀਆਂ ਤੇ ਵੱਧ ਖਰਚੀਲੀਆਂ ਤਕਨੀਕਾਂ ਅਤੇ ਦਵਾਈਆਂ ਦੀਆਂ ਨਵੀਆਂ ਕਿਸਮਾਂ ਦੇ ਖ਼ਰਚੇ ਦੇ ਕਰਕੇ ਆਮ ਵਿਅਕਤੀ ਦੀ ਪਹੁੰਚ ਤੋਂ ਬਾਹਰ ਹਨ। ਅਸਲ ਵਿੱਚ ਵਿਅਕਤੀ ਵਲੋਂ ਵਿੱਤੀ ਤੌਰ ਉੱਤੇ ਮਜ਼ਬੂਤ ਹੋਣ ਦੇ ਬਾਵਜੂਦ ਇੰਝ ਦੇ ਵੱਧ ਖਰਚਿਆਂ ਨੂੰ ਬਿਨਾਂ ਸਿਹਤ ਬੀਮੇ ਦੇ ਝੱਲਣਾ ਬਹੁਤ ਔਖਾ ਹੋ ਰਿਹਾ ਹੈ।

ਇਸਕਰਕੇ ਸਿਹਤ ਬੀਮਾ ਦੋ ਕਾਰਨਾਂ ਲਈ ਖਾਸ ਤੌਰ ਉੱਤੇ ਮਹੱਤਵਪੂਰਨ ਹੈ:

- ✓ ਕਿਸੇ ਵੀ ਬੀਮਾਰੀ ਦੀ ਹਾਲਤ ਵਿੱਚ **ਡਾਕਟਰੀ ਸਹੂਲਤਾਂ ਲਈ ਭੁਗਤਾਨ ਵਾਸਤੇ ਵਿੱਤੀ ਸਹਾਇਤਾ ਦੇਣ ਲਈ।**
- ✓ **ਵਿਅਕਤੀ ਦੀ ਬੱਚਤ ਨੂੰ ਬਚਾਈ ਰੱਖਣਾ**, ਜੋ ਕਿ ਬੀਮਾਰੀ ਦੇ ਕਰਕੇ ਖਤਮ ਵੀ ਹੋ ਸਕਦੀ ਹੈ।

ਹਸਪਤਾਲ ਦੇ ਖ਼ਰਚਿਆਂ ਲਈ ਬੀਮਾ ਸੁਰੱਖਿਆ ਦੇਣ ਵਾਲੀ ਪਹਿਲੀ ਖੁਦਰਾ ਸਿਹਤ ਬੀਮਾ ਉਤਪਾਦ - ਮੈਡੀਕਲੇਮ ਨੂੰ 1986 ਵਿੱਚ 4 ਜਨਤਕ ਖੇਤਰ ਦੇ ਬੀਮਾਕਰਤਾਵਾਂ ਵਲੋਂ ਪੇਸ਼ ਕੀਤਾ ਗਿਆ ਸੀ। ਇਹ ਕੰਪਨੀਆਂ ਨੇ ਹੋਰ ਬੀਮਾ ਸੁਰੱਖਿਆਵਾਂ ਵੀ ਪੇਸ਼ ਕੀਤੀ ਸਨ ਜਿਵੇਂ ਕਿ ਭਵਿੱਖ ਅਰੋਗ ਪਾਲਸੀ, ਜੋ ਕਿ ਨੌਜਵਾਨ ਉਮਰ ਵਿੱਚ ਸੰਭਾਵਿਤ ਵਿਅਕਤੀ ਨੂੰ ਉਸ ਦੇ ਰਿਟਾਇਰਮੈਂਟ ਦੇ ਬਾਅਦ ਦੇ ਡਾਕਟਰੀ ਖਰਚਿਆਂ ਲਈ, ਵਿਦੇਸ਼ੀ ਮੈਡੀਕਲੇਮ ਪਾਲਸੀ ਯਾਤਰਾ ਬੀਮਾ ਤੇ ਜਨ ਅਰੋਗਾ ਬੀਮਾ ਪਾਲਸੀ ਗਰੀਬ ਲੋਕਾਂ ਲਈ ਸੀ।

ਬਾਅਦ ਵਿੱਚ ਬੀਮਾ ਖੇਤਰ ਨੂੰ ਨਿੱਜੀ ਖੇਤਰ ਦੀਆਂ ਕੰਪਨੀਆਂ ਲਈ ਖੋਲ੍ਹ ਦਿੱਤਾ ਗਿਆ, ਜਿਸ ਨਾਲ ਕਈ ਹੋਰ ਕੰਪਨੀਆਂ ਆਈਆਂ, ਜਿਸ ਵਿੱਚ ਸਿਹਤ ਬੀਮਾ ਬਾਜ਼ਾਰ ਵੀ ਸ਼ਾਮਿਲ ਸੀ। ਇਹ ਕਾਰੋਬਾਰ ਦੇ ਇੰਨੇ ਵੱਡੇ ਪੱਧਰ

ਉੱਤੇ ਫੈਲਣ ਨਾਲ, ਇਹ ਬੀਮਾ ਸੁਰੱਖਿਆਵਾਂ ਵਿੱਚ ਕਈ ਤਬਦੀਲੀਆਂ ਆਈਆਂ ਤੇ ਕੁਝ ਨਵੇਂ ਬੀਮਾ ਸੁਰੱਖਿਆ ਵੀ ਆਈਆਂ।

ਅੱਜ, ਸਿਹਤ ਬੀਮਾ ਖੇਤਰ ਬਹੁਤ ਵੱਡੇ ਪੱਧਰ ਉੱਤੇ ਫੈਲ ਚੁੱਕਾ ਹੈ, ਲਗਭਗ ਹਰ ਜਰਨਲ ਬੀਮਾ ਕੰਪਨੀਆਂ ਵਲੋਂ ਸਿਹਤ ਬੀਮਾਕਰਤਾ ਤੇ ਜੀਵਨ ਬੀਮਾਕਰਤਾ ਲਈ ਹਜ਼ਾਰਾਂ ਉਤਪਾਦ ਦਿੱਤੇ ਜਾ ਰਹੇ ਹਨ। ਪਰ, ਮੈਡੀਕਲੇਮ ਪਾਲਸੀ ਦਾ ਮੁੱਢਲਾ ਫਾਇਦਾ ਰੂਪ ਕਿ ਹਸਪਤਾਲ ਵਿੱਚ ਭਰਤੀ ਹੋਣ ਉੱਤੇ ਬੀਮਾ ਸੁਰੱਖਿਆ ਦੇਣੀ, ਹਾਲੇ ਵੀ ਬੀਮੇ ਦਾ ਸਭ ਤੋਂ ਪ੍ਰਸਿੱਧ ਚ ਰੂਪ ਹੈ।

ਬੀਮਾ ਰੈਗੂਲੇਟਰੀ ਤੇ ਵਿਕਾਸ ਅਥਾਰਟੀ (ਸਿਹਤ ਬੀਮਾ) ਰੈਗੂਲੇਸ਼ਨ, 2013 ਦੇ ਮੁਤਾਬਕ

1. ਜੀਵਨ ਬੀਮਾ ਕੰਪਨੀਆਂ ਲੰਮਾ ਸਮਾਂ ਸਿਹਤ ਉਤਪਾਦ ਪੇਸ਼ ਕਰ ਸਕਦੀਆਂ ਹਨ, ਪਰ ਇੰਝ ਦੇ ਉਤਪਾਦਾਂ ਲਈ ਪ੍ਰੀਮੀਅਮ ਘੱਟੋ-ਘੱਟ ਤਿੰਨ ਦੇ ਸਾਲਾਂ ਦੇ ਹਰੇਕ ਭਾਗ ਲਈ ਇੱਕ ਹੀ ਰਹਿਣਾ ਚਾਹੀਦਾ ਹੈ, ਜਿਸ ਦੇ ਬਾਅਦ ਪ੍ਰੀਮੀਅਮ ਦੀ ਪੜਤਾਲ ਤੇ ਲੋੜ ਮੁਤਾਬਕ ਸੋਧਿਆ ਜਾ ਸਕਦਾ ਹੈ।
2. ਗ਼ੈਰ-ਜੀਵਨ ਤੇ ਇਕੱਲਾ ਸਿਹਤ ਬੀਮਾ ਕੰਪਨੀਆਂ ਘੱਟੋ-ਘੱਟ ਇੱਕ ਸਾਲ ਤੇ ਵੱਧ ਤੋਂ ਵੱਧ ਤਿੰਨ ਸਾਲਾਂ ਦੇ ਸਮੇਂ ਲਈ ਨਿੱਜੀ ਸਿਹਤ ਉਤਪਾਦ ਦੇ ਸਕਦੀਆਂ ਹਨ, ਜਦੋਂ ਤੱਕ ਕਿ ਪ੍ਰੀਮੀਅਮ ਅੰਤਰਾਲ ਦੇ ਦੌਰਾਨ ਇੱਕ ਹੀ ਰਹਿਣਾ ਚਾਹੀਦਾ ਹੈ।

2. ਸਿਹਤ ਨੀਤੀਆਂ ਦੇ ਲੱਛਣ

ਸਿਹਤ ਬੀਮਾ ਮੂਲ ਰੂਪ ਵਿੱਚ ਬੀਮਾਰੀ ਤੇ ਬੀਮਾਰੀਆਂ ਕਰਕੇ ਹੋਣ ਵਾਲੇ ਖਰਚਿਆਂ ਨਾਲ ਨਿਪਟਣ ਲਈ ਹੈ। ਕਈ ਵਾਰ, ਵਿਅਕਤੀ ਨੂੰ ਲੱਗੀ ਹੋਈ ਬੀਮਾਰੀ ਬਹੁਤ ਗੰਭੀਰ ਜਾਂ ਲੰਮਾ ਸਮਾਂ, ਜੀਵਨ ਭਾਰ ਜਾਂ ਰੋਜ਼ਾਨਾ ਦੀਆਂ ਸਰਗਰਮੀਆਂ ਉੱਤੇ ਅਸਰ ਪਾਉਣ ਵਜੋਂ ਗੰਭੀਰ ਹੋ ਸਕਦੀ ਹੈ। ਖ਼ਰਚੇ ਦੁਰਘਟਨਾ ਦੇ ਕਰਕੇ ਲੱਗਣ ਵਾਲੀਆਂ ਸੱਟਾਂ ਜਾਂ ਦੁਰਘਟਨਾ ਦੇ ਕਰਕੇ ਹੋਣ ਵਾਲੀ ਅਪੰਗਤਾ ਦੇ ਕਰਕੇ ਵੀ ਹੋ ਸਕਦੇ ਹਨ।

ਵੱਖ-ਵੱਖ ਗਾਹਕਾਂ ਦੀਆਂ ਰਹਿਣੀ-ਬਹਿਣੀ, ਭੁਗਤਾਨ ਸਮਰੱਥਾ ਤੇ ਸਿਹਤ ਸਥਿਤੀ ਦੇ ਮੁਤਾਬਕ ਵੱਖ-ਵੱਖ ਲੋੜਾਂ ਹੋ ਸਕਦੀਆਂ ਹਨ, ਜਿਹਨਾਂ ਨੂੰ ਹਰੇਕ ਗਾਹਕ ਖੇਤਰ ਨੂੰ ਦਿੱਤੇ ਜਾਣ ਵਾਲੇ ਢੁੱਕਵੇਂ ਉਤਪਾਦ ਤਿਆਰ ਕਰਨ ਲਈ ਮੰਨਿਆ ਜਾਣਾ ਚਾਹੀਦਾ ਹੈ। ਗਾਹਕ ਸੰਪੂਰਨ ਬੀਮਾ ਸੁਰੱਖਿਆ ਵੀ ਲੈਣੀ ਚਾਹ ਸਕਦੇ ਹਨ, ਜਦੋਂ ਕਿ ਸਿਹਤ ਬੀਮਾ ਖਰੀਦਦੇ ਹਨ, ਜੋ ਕਿ ਉਹਨਾਂ ਦੀਆਂ ਸਭ ਲੋੜਾਂ ਨੂੰ ਪੂਰਾ ਕਰਦੀ ਹੋਵੇ। ਇਸ ਦੇ ਨਾਲ ਹੀ, ਵੱਧ ਪਹੁੰਚਣਯੋਗਤਾ ਤੇ ਵੱਡੀ ਗਿਣਤੀ ਨੂੰ ਪ੍ਰਾਪਤ ਕਰਨ ਲਈ, ਸਿਹਤ ਬੀਮਾ ਉਤਪਾਦਾਂ ਨੂੰ ਪੁੱਜਤ ਵਿੱਚ ਰੱਖਣ ਦੀ ਲੋੜ ਹੁੰਦੀ ਹੈ, ਉਹ ਗਾਹਕ ਵਲੋਂ ਸੌਖੀ ਤਰ੍ਹਾਂ ਸਮਝ ਵੀ ਆਉਂਣੀਆਂ ਚਾਹੀਦੀਆਂ ਹਨ ਅਤੇ ਵਿਕਰੀ ਟੀਮ ਨੂੰ ਉਹਨਾਂ ਨੂੰ ਵੇਚਣਾ ਵੀ ਚਾਹੀਦਾ ਹੈ।

ਸਿਹਤ ਬੀਮਾ ਉਤਪਾਦਾਂ ਵਿੱਚ ਕੁਝ ਚਾਹੀਦੇ ਲੱਛਣ ਹੁੰਦੇ ਹਨ, ਜੋ ਕਿ ਬੀਮਾ ਕੰਪਨੀਆਂ ਗਾਹਕਾਂ ਲਈ ਵੱਖ-ਵੱਖ ਰੂਪਾਂ ਵਿੱਚ ਪ੍ਰਾਪਤ ਕਰਨ ਦੀ ਕੋਸ਼ਿਸ਼ ਕਰਦੀਆਂ ਹਨ।

3. ਜੀਵਨ ਬੀਮਾ ਉਤਪਾਦ ਦਾ ਵੱਡੇ ਰੂਪ ਵਿੱਚ ਵਰਗੀਕਰਨ

ਕੋਈ ਵੀ ਉਤਪਾਦ ਨਿਰਮਾਣ ਹੋਵੇ ਸਿਹਤ ਬੀਮਾ ਉਤਪਾਦਾਂ ਨੂੰ 3 ਮੁੱਖ ਵਰਗਾਂ ਵਿੱਚ ਵੰਡਿਆ ਜਾ ਸਕਦਾ ਹੈ:

a) **ਹਰਜਾਨਾ ਬੀਮਾ-ਸੁਰੱਖਿਆ**

ਇਹ ਉਤਪਾਦ ਸਿਹਤ ਬੀਮਾ ਬਾਜ਼ਾਰ ਦਾ ਵੱਡਾ ਭਾਗ ਬਣਾਉਂਦੇ ਹਨ ਅਤੇ ਹਸਪਤਾਲ ਵਿੱਚ ਜਾਣ ਦੇ ਕਰਕੇ ਹੋਏ ਅਸਲ ਮੈਡੀਕਲ ਖ਼ਰਚਿਆਂ ਲਈ ਭੁਗਤਾਨ ਕਰਦੇ ਹਨ।

b) **ਸਥਿਰ ਫਾਇਦਾ ਬੀਮਾ-ਸੁਰੱਖਿਆ**

ਇਸ ਨੂੰ 'ਹਸਪਤਾਲ ਨਕਦ' ਵੀ ਕਹਿੰਦੇ ਹਨ, ਇਹ ਉਤਪਾਦ ਹਸਪਤਾਲ ਵਿੱਚ ਭਰਤੀ ਹੋਣ ਦੇ ਦੌਰਾਨ ਹਰ ਦਿਨ ਤਹਿਸ਼ੁਦਾ ਰਕਮ ਦਾ ਭੁਗਤਾਨ ਕਰਦੇ ਹਨ। ਕੁਝ ਉਤਪਾਦਾਂ ਵਿੱਚ ਉਤਪਾਦ ਦੌਰਾਨ ਸਥਿਰ ਹੱਦ ਦੇ ਸਰਜਰੀ ਫਾਇਦਾ ਵਿੱਚ ਸ਼ਾਮਿਲ ਹੁੰਦਾ ਹੈ।

c) **ਘਾਤਕ ਬੀਮਾਰੀ ਬੀਮਾ ਸੁਰੱਖਿਆ**

ਇਹ ਪਹਿਲਾਂ-ਪ੍ਰਭਾਸ਼ਿਤ ਗੰਭੀਰ ਬੀਮਾਰੀ ਜਿਵੇਂ ਕਿ ਦਿਲ ਦਾ ਦੌਰਾ, ਸਟਰੋਕ, ਕੈਂਸਰ ਆਦਿ ਹੋਣ ਉੱਤੇ ਭੁਗਤਾਨ ਲਈ ਹਨ।

ਸੰਸਾਰ ਵਿੱਚ ਸਿਹਤ ਅਤੇ ਅਪੰਗਤਾ ਬੀਮਾ ਇਕੱਠੇ ਹੁੰਦੇ ਹਨ, ਪਰ ਭਾਰਤ ਵਿੱਚ, **ਨਿੱਜੀ ਦੁਰਘਟਨਾ ਬੀਮਾ ਸੁਰੱਖਿਆ** ਨੂੰ ਮੁੱਖ ਰੂਪ ਵਿੱਚ ਸਿਹਤ ਬੀਮੇ ਤੋਂ ਵੱਖਰੇ ਰੂਪ ਵਿੱਚ ਵੇਚਿਆ ਜਾਂਦਾ ਹੈ।

ਅਤੇ ਸਿਹਤ ਬੀਮੇ ਵਿੱਚ ਆਮ ਤੌਰ ਉੱਤੇ ਖਰਚਿਆਂ ਨੂੰ ਸ਼ਾਮਿਲ ਨਹੀਂ ਕੀਤਾ ਜਾਂਦਾ ਹੈ, ਜਦੋਂ ਕਿ ਭਾਰਤ ਤੋਂ ਬਾਹਰ ਹੁੰਦਾ ਹੈ। ਇਸ ਮਕਸਦ ਲਈ, ਹੋਰ ਉਤਪਾਦ - **ਵਿਦੇਸ਼ੀ ਸਿਹਤ ਬੀਮਾ ਜਾਂ ਯਾਤਰਾ ਬੀਮਾ** - ਖਰੀਦਣ ਦੀ ਲੋੜ ਹੁੰਦੀ ਹੈ। ਹੁਣ ਦੇ ਸਮੇਂ ਵਿੱਚ ਹੀ, ਕੁਝ ਨਿੱਜੀ ਬੀਮਾਕਰਤਾ ਦੇ ਕੁਝ ਉੱਚ ਪੱਧਰੀ ਸਿਹਤ ਬੀਮਾ ਉਤਪਾਦ ਜਿਸ ਵਿੱਚ ਵਿਦੇਸ਼ੀ ਬੀਮਾ ਸੁਰੱਖਿਆ ਨਿਯਮਤ ਸਿਹਤ ਬੀਮਾ ਸੁਰੱਖਿਆ ਦੇ ਨਾਲ ਦਿੱਤਾ ਜਾਂਦਾ ਹੈ, ਜੋ ਕਿ ਕੁਝ ਸ਼ਰਤਾਂ ਤੇ ਨਿਯਮਾਂ ਦੇ ਅਧੀਨ ਹੈ।

4. ਗਾਹਕ ਭਾਗ ਉੱਤੇ ਅਧਾਰਿਤ ਵਰਗੀਕਰਨ

ਉਤਪਾਦਾਂ ਨੂੰ ਮਿੱਥੇ ਹੋਏ ਗਾਹਕ ਖੇਤਰ ਨੂੰ ਧਿਆਨ ਵਿੱਚ ਰੱਖ ਕੇ ਡਿਜ਼ਾਇਨ ਕੀਤਾ ਜਾਂਦਾ ਹੈ। ਹਰੇਕ ਖੇਤਰ ਲਈ ਫਾਇਦਾ ਢਾਂਚਾ, ਕੀਮਤ, ਅੰਡਰਰਾਈਟਿੰਗ ਤੇ ਮਾਰਕੀਟਿੰਗ ਬਿਲਕੁਲ ਵੱਖਰੀ ਹੁੰਦੀ ਹੈ। ਉਤਪਾਦਾਂ ਨੂੰ ਗਾਹਕ ਖੇਤਰ ਦੇ ਮੁਤਾਬਕ ਵੰਡਿਆ ਜਾਂਦਾ ਹੈ:

a) **ਨਿੱਜੀ ਬੀਮਾ-ਸੁਰੱਖਿਆ** ਖੁਦਰਾ ਗਾਹਕਾਂ ਤੇ ਉਹਨਾਂ ਦੇ ਪਰਿਵਾਰਿਕ ਮੈਂਬਰਾਂ ਲਈ ਦਿੱਤੀ ਜਾਂਦੀ ਹੈ।

b) **ਗਰੁੱਪ ਬੀਮਾ-ਸੁਰੱਖਿਆ** ਕੰਪਨੀ ਗਾਹਕਾਂ ਨੂੰ ਦਿੱਤੀ ਜਾਂਦੀ ਹੈ, ਜਿਸ ਵਿੱਚ ਬੀਮਾ-ਸੁਰੱਖਿਆ ਪ੍ਰਾਪਤ ਮੁਲਾਜ਼ਮਾਂ ਤੇ ਗਰੁੱਪਾਂ, ਉਹਨਾਂ ਦੇ ਮੈਂਬਰਾਂ ਨੂੰ ਦਿੱਤੀ ਜਾਂਦੀ ਹੈ।

c) ਸਰਕਾਰੀ ਸਕੀਮਾਂ ਜਿਵੇਂ ਕਿ RSBY ਆਬਾਦੀ ਦੇ ਸਭ ਤੋਂ ਗਰੀਬ ਖੇਤਰ ਨੂੰ ਬੀਮਾ ਸੁਰੱਖਿਆ ਦੇਣ ਲਈ **ਵੱਡੀ ਗਿਣਤੀ ਵਿੱਚ ਪਾਲਸੀਆਂ।**

B. ਸਿਹਤ ਬੀਮੇ ਵਿੱਚ ਮਿਆਰੀਕਰਨ ਉੱਤੇ IRDA ਦੀਆਂ ਸੇਧਾਂ

ਇੰਨੇ ਬੀਮਾਕਰਤਾਵਾਂ ਵਲੋਂ ਬਹੁਤ ਸਾਰੀਆਂ ਵੱਖ-ਵੱਖ ਉਤਪਾਦ ਦਿੱਤੇ ਜਾ ਰਹੇ ਹਨ ਅਤੇ ਵੱਖ-ਵੱਖ ਸ਼ਰਤਾਂ ਤੇ ਅਲਹਿਦਗੀਆਂ ਦੀਆਂ ਵੱਖ-ਵੱਖ ਪਰਿਭਾਸ਼ਾਵਾਂ ਦੇ ਨਾਲ ਬਾਜ਼ਾਰ ਵਿੱਚ ਉਲਝਣਾਂ ਪੈਦਾ ਹੋਈਆਂ। ਗਾਹਕ ਲਈ ਉਤਪਾਦਾਂ ਦੀ ਤੁਲਨਾ ਕਰਨਾ ਅਤੇ ਤੀਜੀ ਧਿਰ ਪ੍ਰਸ਼ਾਸ਼ਕਾਂ ਲਈ ਵੱਖ-ਵੱਖ ਕੰਪਨੀਆਂ ਦੇ ਉਤਪਾਦਾਂ ਲਈ ਦਾਅਵੇ ਭੁਗਤਾਨ ਕਰਨੇ ਔਖੇ ਹੋ ਗਏ। ਇਸ ਤੋਂ ਇਲਾਵਾ, ਗੰਭੀਰ ਬੀਮਾਰੀ ਪਾਲਸੀਆਂ ਵਿੱਚ ਗੰਭੀਰ ਬੀਮਾਰੀ ਕਿਹੜੀ ਸੀ ਅਤੇ ਕਿਹੜੀ ਨਹੀਂ, ਦੇ ਬਾਰੇ ਕੋਈ ਸਪਸ਼ਟ ਜਾਣਕਾਰੀ ਨਹੀਂ ਸੀ। ਸਿਹਤ ਬੀਮਾ ਉਦਯੋਗ ਲਈ ਇਲੈਕਟ੍ਰੋਨਿਕ ਡਾਟੇ ਦਾ ਪ੍ਰਬੰਧ ਕਰਨਾ ਵੀ ਮੁਸ਼ਕਿਲ ਬਣ ਰਿਹਾ ਸੀ।

ਬੀਮਾਕਰਤਾਵਾਂ, ਸੇਵਾ ਦੇਣ ਵਾਲਿਆਂ, ਟੀਪੀਏ ਤੇ ਹਸਪਤਾਲ ਵਿਚਾਲੇ ਉਲਝਣਾ ਅਤੇ ਬੀਮਾ ਕਰਵਾਉਣ ਵਾਲਿਆਂ ਦੀਆਂ ਸ਼ਿਕਾਇਤਾਂ ਹਟਾਉਣ ਲਈ, ਵੱਖ-ਵੱਖ ਸੰਗਠਨਾਂ ਜਿਵੇਂ ਕਿ IRDA, ਸੇਵਾ ਦੇਣ ਵਾਲਿਆਂ, ਹਸਪਤਾਲਾਂ, ਹੈਲਥ ਐਡਵਾਈਜ਼ਰੀ ਕਮੇਟੀ ਆਫ਼ ਦਾ ਫੈਡਰੇਸ਼ਨ ਆਫ ਚੈਂਬਰ ਆਫ਼ ਕਮਾਰਸ ਅਤੇ ਉਦਯੋਗ ਨੇ ਮਿਲ ਕੇ ਸਿਹਤ ਬੀਮੇ ਵਿੱਚ ਕੁਝ ਮਿਆਰ ਤਿਆਰ ਕੀਤੇ ਹਨ। ਆਮ ਸਮਝ ਦੇ ਮੁਤਾਬਕ, IRDA ਨੇ 2013 ਵਿੱਚ ਸਿਹਤ ਬੀਮੇ ਵਿੱਚ ਮਿਆਰੀਕਰਨ ਲਈ ਸੇਧਾਂ ਜਾਰੀ ਕੀਤੀਆਂ ਹਨ।

ਹੁਣ ਸੇਧਾਂ ਇਹਨਾਂ ਦੇ ਮਿਆਰੀਕਰਨ ਲਈ ਦਿੱਤੀਆਂ ਜਾਂਦੀਆਂ ਹਨ:

1. ਆਮ ਵਰਤੀਆਂ ਬੀਮਾ ਸ਼ਰਤਾਂ ਨੂੰ ਪਰਿਭਾਸ਼ਿਤ ਕਰਨ ਲਈ
2. ਘਾਤਕ ਬੀਮਾਰੀਆਂ ਨੂੰ ਪਰਿਭਾਸ਼ਿਤ ਕਰਨ ਲਈ
3. ਹਸਪਤਾਲ ਹਰਜਾਨਾ ਪਾਲਸੀਆਂ ਵਿੱਚ ਖ਼ਰਚਿਆਂ ਦੀ ਅਲਹਿਦਗੀਆਂ ਦੀ ਸੂਚੀ
4. ਦਾਅਵਾ ਫਾਰਮ ਤੇ ਪਹਿਲਾਂ-ਪਰਮਾਣਕਿਤਾ ਫਾਰਮ
5. ਬਿੱਲ ਫਾਰਮੈਟ
6. ਹਸਪਤਾਲਾਂ ਵਲੋਂ ਡਿਸਚਾਰਜ ਸਾਰ ਦੇਣ ਲਈ
7. ਟੀਪੀਏ, ਬੀਮਾਕਰਤਾ ਤੇ ਹਸਪਤਾਲਾਂ ਦੇ ਵਿਚਾਲੇ ਮਿਆਰੀ ਇਕਰਾਰਨਾਮੇ
8. ਨਵੀਆਂ ਪਾਲਸੀਆਂ ਲਈ IRDAI ਲੈਣ ਲਈ ਮਿਆਰੀ ਫਾਇਲ ਤੇ ਵਰਤਣ ਫਾਰਮੈਟ

ਇਹ ਸਿਹਤ ਸੇਵਾ ਦੇਣ ਵਾਲਿਆਂ ਤੇ ਬੀਮਾ ਉਦਯੋਗ ਵਲੋਂ ਸੇਵਾ ਦੀ ਕੁਆਲਟੀ ਸੁਧਾਰਨ ਲਈ ਵੱਡਾ ਕਦਮ ਸੀ ਅਤੇ ਫਾਇਦੇਮੰਦ ਸਿਹਤ ਤੇ ਸਿਹਤ ਬੀਮਾ ਡਾਟਾ ਇਕੱਤਰ ਕਰਨ ਲਈ ਵੀ ਮਦਦਗਾਰ ਹੋਵੇਗਾ।

C. ਹਸਪਤਾਲ ਹਰਜ਼ਾਨਾ ਉਤਪਾਦ

ਹਰਜਾਨਾ ਅਧਾਰਿਤ ਸਿਹਤ ਬੀਮਾ ਪਾਲਸੀ ਭਾਰਤ ਵਿੱਚ ਸਭ ਤੋਂ ਵੱਧ ਆਮ ਅਤੇ ਸਭ ਤੋਂ ਵੱਧ ਵਿਕਣ ਵਾਲਾ ਸਿਹਤ ਬੀਮਾ ਉਤਪਾਦ ਹੈ। ਮੈਡੀਕਲੇਮ ਪਾਲਸੀ ਨੂੰ ਪੀਐਸਯੂ ਬੀਮਾਕਰਤਾ ਵਲੋਂ ਅੱਸੀਵਿਆਂ ਵਿੱਚ ਪੇਸ਼ ਕੀਤਾ ਗਿਆ ਹੈ, ਜੋ ਕਿ ਸਭ ਤੋਂ ਪਹਿਲਾਂ ਮਿਆਰੀ ਸਿਹਤ ਉਤਪਾਦ ਸੀ ਅਤੇ ਲੰਮੇ ਸਮੇਂ ਲਈ ਇਕੱਲਾ ਮੌਜੂਦ ਉਤਪਾਦ ਸੀ। ਹਾਲਾਂਕਿ ਕਿ ਕੁਝ ਤਬਦੀਲੀਆਂ ਦੇ ਨਾਲ ਇਹ ਉਤਪਾਦ ਵੱਖ-ਵੱਖ ਬਰੈਂਡ ਨਾਵਾਂ ਦੇ ਅਧੀਨ ਵੱਖ-ਵੱਖ ਬੀਮਾਕਰਨ ਵਾਲਿਆਂ ਵਲੋਂ ਵੇਚਿਆ ਜਾਂਦਾ ਹੈ, ਮੈਡੀਕਲੇਮ ਦੇਸ਼ ਵਿੱਚ ਸਭ ਤੋਂ ਵੱਧ ਵਿਕਣ ਵਾਲਾ ਸਿਹਤ ਬੀਮਾ ਹੈ।

ਹਸਪਤਾਲ ਹਰਜਾਨਾ ਉਤਪਾਦ ਵਿਅਕਤੀਆਂ ਨੂੰ ਹਸਪਤਾਲ ਵਿੱਚ ਜਾਣ ਦੇ ਕਰਕੇ ਉਸ ਨੂੰ ਹੋਣ ਵਾਲੇ ਖ਼ਰਚੇ ਤੋਂ ਸੁਰੱਖਿਆ ਦਿੰਦਾ ਹੈ। ਬਹੁਤੇ ਕੇਸਾਂ ਵਿੱਚ, ਉਹਨਾਂ ਨੂੰ ਹਸਪਤਾਲ ਜਾਣ ਤੋਂ ਪਹਿਲਾਂ ਤੇ ਬਾਅਦ ਦੇ ਖਾਸ ਦਿਨਾਂ ਲਈ ਸੁਰੱਖਿਆ ਦਿੱਤੀ ਜਾਂਦੀ ਹੈ, ਪਰ ਹਸਪਤਾਲ ਤੋਂ ਬਿਨਾਂ ਕਿਸੇ ਵੀ ਹੋਰ ਖ਼ਰਚੇ ਨੂੰ ਸ਼ਾਮਿਲ ਨਹੀਂ ਕੀਤਾ ਜਾਂਦਾ ਹੈ।

ਇੰਝ ਦੀ ਬੀਮਾ ਸੁਰੱਖਿਆ 'ਹਰਜਾਨੇ' ਦੇ ਰੂਪ ਵਿੱਚ ਦਿੱਤੀ ਜਾਂਦੀ ਹੈ, ਜਿਸ ਨਾਲ ਹਸਪਤਾਲ ਵਿੱਚ ਭਰਤੀ ਰਹਿਣ ਦੇ ਦੌਰਾਨ ਹੋਏ ਖ਼ਰਚੇ ਜਾਂ ਲਾਗਤ ਦਾ ਵੱਡਾ ਹਿੱਸਾ ਜਾਂ ਪੂਰਾ ਦਿੱਤਾ ਜਾਂਦਾ ਹੈ। ਇਹ 'ਫਾਇਦੇ' ਦੇ ਅਧਾਰ ਉੱਤੇ ਬੀਮਾ ਸੁਰੱਖਿਆ ਦੇ ਨਾਲ ਉਲਟ ਹੋ ਸਕਦਾ ਹੈ, ਜਿੱਥੇ ਕਿ ਰਕਮ ਕੁਝ ਘਟਨਾ ਵਾਪਰਨ (ਜਿਵੇਂ ਕਿ ਹਸਪਤਾਲ ਵਿੱਚ ਭਰਤੀ ਹੋਣਾ, ਗੰਭੀਰ ਬੀਮਾਰੀ ਲਈ ਜਾਂਚ ਜਾਂ ਭਰਤੀ ਰਹਿਣ ਦੇ ਹਰ ਦਿਨ) ਉੱਤੇ ਭੁਗਤਾਨ ਕੀਤੀ ਜਾਂਦੀ ਹੈ, ਜਿਵੇਂ ਕਿ ਬੀਮਾ ਪਾਲਸੀ ਵਿੱਚ ਤਹਿ ਕੀਤਾ ਗਿਆ ਹੁੰਦਾ ਹੈ ਹੈ ਅਤੇ ਅਸਲ ਹੋਏ ਖ਼ਰਚ ਦੇ ਮੁਤਾਬਕ ਨਹੀਂ ਹੁੰਦੀ।

ਉਦਾਹਰਨ

ਰਘੂ ਦੀ ਪਤਨੀ ਤੇ 14 ਸਾਲਾਂ ਦੇ ਪੁੱਤਰ ਨਾਲ ਛੋਟਾ ਪਰਿਵਾਰ ਹੈ। ਉਸ ਨੇ ਮੈਡੀਕਲੇਮ ਪਾਲਸੀ ਖਰੀਦੀ ਹੈ, ਜਿਸ ਵਿੱਚ ਉਸ ਦੇ ਹਰੇਕ ਮੈਂਬਰ ਲਈ ਇੱਕ ਸਿਹਤ ਬੀਮਾ ਕੰਪਨੀ ਵਲੋਂ ਹਰੇਕ ਲਈ 1 ਲੱਖ ਰੁਪਏ ਤੱਕ ਦੀ ਸੁਰੱਖਿਆ ਹੈ। ਉਹਨਾਂ ਵਿੱਚੋਂ ਹਰੇਕ ਹਸਪਤਾਲ ਵਿੱਚ ਭਰਤੀ ਹੋਣ ਦੇ ਕੇਸ ਵਿੱਚ 1 ਲੱਖ ਰੁਪਏ ਤੱਕਦੇ ਮੈਡੀਕਲ ਖਰਚਿਆਂ ਨੂੰ ਵਾਪਿਸ ਪ੍ਰਾਪਤ ਕਰ ਸਕਦਾ ਹੈ।

ਰਘੂ ਨੂੰ ਦਿਲ ਦੇ ਦੌਰੇ ਕਰਕੇ ਹਸਪਤਾਲ ਵਿੱਚ ਭਰਤੀ ਕਰਨਾ ਪਿਆ ਅਤੇ ਸਰਜਰੀ ਦੀ ਲੋੜ ਸੀ। ਮੈਡੀਕਲ ਬਿੱਲ 1.25 ਲੱਖ ਰੁਪਏ ਤੱਕ ਬਣ ਗਿਆ। ਬੀਮਾ ਕੰਪਨੀ ਬੀਮਾ ਸਕੀਮ ਸੁਰੱਖਿਆ ਦੇ ਮੁਤਾਬਕ 1 ਲੱਖ ਰੁਪਏ ਦਾ ਭੁਗਤਾਨ ਕਰੇਗੀ ਅਤੇ ਰਘੂ ਨੂੰ ਬਾਕੀ ਰਹਿੰਦੀ ਰਕਮ ਰੁਪਏ 25,000 ਦਾ ਭੁਗਤਾਨ ਖੁਦ ਕਰਨਾ ਪਿਆ।

ਹਰਜਾਨਾ ਅਧਾਰਿਤ ਮੈਡੀਕਲੇਮ ਪਾਲਸੀ ਦੇ ਮੁੱਖ ਲੱਛਣਾਂ ਬਾਰੇ ਵੇਰਵੇ ਸਮੇਤ ਜਾਣਕਾਰੀ ਅੱਗੇ ਦਿੱਤੀ ਹੈ, **ਬੀਮਾ-ਸੁਰੱਖਿਆ ਦੀ ਹੱਦਾਂ ਵਿੱਚ ਤਬਦੀਲੀਆਂ, ਵਾਧੂ ਅਲਹਿਦਗੀਆਂ ਜਾਂ ਫਾਇਦਿਆਂ ਰਾਹੀਂ ਜਾਂ ਕੁਝ ਐਡ-ਆਨ ਹਰੇਕ ਬੀਮਾਕਰਤਾ ਵਲੋਂ ਵੇਚੇ ਜਾ ਰਹੇ ਉਤਪਾਦਾਂ ਲਈ ਲਾਗੂ ਹੋ ਸਕਦੇ ਹਨ।**ਵਿਦਿਆਰਥੀ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਅੱਗੇ ਕੇਵਲ ਉਤਪਾਦ ਬਾਰੇ ਪੂਰੇ ਰੂਪ ਵਿੱਚ ਢਾਂਚਾ ਦਿੱਤਾ ਗਿਆ ਹੈ ਅਤੇ ਉਸ ਨੂੰ ਖੁਦ ਖਾਸ ਬੀਮਾਕਰਤਾ ਦੇ ਉਤਪਾਦ ਦੇ ਬਾਰੇ ਜਾਣਕਾਰੀ ਹਾਸਿਲ ਕਰਨੀ ਚਾਹੀਦੀ ਹੈ, ਜਿਸ ਬਾਰੇ ਉਹ ਜਾਣਨਾ ਚਾਹੁੰਦਾ ਹੈ। ਉਸ ਨੂੰ **ਕੁਝ ਮੈਡੀਕਲ ਸ਼ਬਦਾਂ ਵਿੱਚੋਂ ਕੁਝ ਬਾਰੇ ਸਿੱਖਣ ਦੀ ਲੋੜ ਹੁੰਦੀ ਹੈ, ਜੋ ਕਿ ਵਰਤੇ ਜਾ ਸਕਦੇ ਹਨ।**

1. ਹਸਪਤਾਲ ਵਿੱਚ ਭਰਤੀ ਹੋਣ ਦੇ ਖਰਚੇ

ਹਰਜਾਨਾ ਪਾਲਸੀ ਬੀਮਤ ਨੂੰ ਬੀਮਾਰੀ / ਦੁਰਘਟਨਾ ਹੋਣ ਉੱਤੇ ਹਸਪਤਾਲ ਵਿੱਚ ਭਰਤੀ ਹੋਣ ਉੱਤੇ ਹੋਏ ਖ਼ਰਚਿਆਂ ਦੀ ਕੀਮਤ ਦਾ ਭੁਗਤਾਨ ਕਰਦੀ ਹੈ।

ਸਭ ਖ਼ਰਚੇ ਭੁਗਤਾਨ ਯੋਗ ਨਹੀਂ ਵੀ ਹੋ ਸਕਦੇ ਅਤੇ ਬਹੁਤੇ ਉਤਪਾਦਾਂ ਵਿੱਚ ਬੀਮਾ-ਸੁਰੱਖਿਆ ਪ੍ਰਾਪਤ ਖ਼ਰਚਿਆਂ ਨੂੰ ਪਰਿਭਾਸ਼ਿਤ ਕੀਤਾ ਹੁੰਦਾ ਹੈ, ਜਿਸ ਵਿੱਚ ਆਮ ਤੌਰ ਉੱਤੇ ਸ਼ਾਮਿਲ ਹੁੰਦੇ ਹਨ:

i. ਕਮਰਾ, ਬੋਰਡਿੰਗ ਅਤੇ ਨਰਸਿੰਗ ਖ਼ਰਚੇ, ਜੋ ਕਿ ਹਸਪਤਾਲ / ਨਰਸਿੰਗ ਹੋਮ ਵਲੋਂ ਉਪਲੱਬਧ ਕਰਵਾਏ ਜਾਂਦੇ ਹਨ। ਉਹਨਾਂ ਵਿੱਚ ਨਰਸਿੰਗ ਦੇਖਭਾਲ, ਆਰਐਮਓ ਖ਼ਰਚੇ, IV ਤਰਲ / ਖ਼ੂਨ ਟਰਾਂਸਫਿਊਜ਼ਨ / ਟੀਕਾ ਪ੍ਰਸ਼ਾਸ਼ਨ ਖ਼ਰਚੇ ਤੇ ਸੰਬੰਧਿਤ ਖ਼ਰਚੇ

ii. ਇਨਟੈਨਸਿਵ ਕੇਅਰ ਯੂਨਿਟ (ICU) ਖ਼ਰਚੇ

iii. ਸਰਜਨ, ਐਨਥਿਟਿਸਟ, ਮੈਡੀਕਲ ਪਟੀਸ਼ਨਰ, ਸਲਾਹਕਾਰ, ਮਾਹਿਰ ਦੀਆਂ ਫ਼ੀਸਾਂ

iv. ਐਨਥਿਟਿਸਕ, ਖ਼ੂਨ, ਆਕਸੀਜਨ, ਓਪਰੇਸ਼ਨ ਥੀਏਟਰ ਖ਼ਰਚੇ, ਸਰਜੀਕਲ ਸਾਧਨ

v. ਦਵਾਈਆਂ

vi. ਡਾਇਲਿਸਿਸ, ਕੀਮੋਥਰੈਪੀ, ਰੇਡਿਓਥਰੇਪੀ

vii. ਸਰਜੀਕਲ ਪ੍ਰਕਿਰਿਆ ਰਾਹੀਂ ਨਕਲੀ ਅੰਗ ਲਗਾਉਣ ਵਾਲੇ ਸਾਧਨ ਜਿਵੇਂ ਕਿ ਪੇਸਮੇਕਰ, ਓਰਥੋਪਿਡਿਕ ਲਗਾਉਣਾ, ਇਫਰਾ ਕਾਰਡਿਕਸ ਵਾਲਵ ਤਬਦੀਲੀ, ਨਾੜੀ ਸਟੈਂਨਟ ਆਦਿ ਦੇ ਖ਼ਰਚੇ

viii. ਇਲਾਜ ਨਾਲ ਸੰਬੰਧਿਤ ਢੁੱਕਵੇਂ ਲੇਬਾਰਟਰੀ / ਜਾਂਚ ਟੈਸਟ ਤੇ ਹੋਰ ਮੈਡੀਕਲ ਖ਼ਰਚੇ

ix. ਬੀਮਤ ਨੂੰ ਅੰਗ ਟਰਾਂਸਪਲਾਂਟ ਕਰਵਾਉਣ ਦੇ ਸੰਬੰਧ ਵਿੱਚ ਦਾਨੀ ਲਈ ਹਸਪਤਾਲ ਵਿੱਚ ਭਰਤੀ ਹੋਣ ਦੇ ਖ਼ਰਚੇ (ਅੰਗ ਦੀ ਕੀਮਤ ਤੋਂ ਬਿਨਾਂ)

ਨਿਯਮਤ ਹਸਪਤਾਲ ਵਿੱਚ ਭਰਤੀ ਲਈ ਹਰਜਾਨਾ ਪਾਲਸੀ ਕੇਵਲ ਤਾਂ ਹੀ ਖ਼ਰਚਿਆਂ ਲਈ ਸੁਰੱਖਿਆ ਦਿੰਦੀ ਹੈ, ਜੇ ਹਸਪਤਾਲ ਵਿੱਚ 24 ਘੰਟੇ ਜਾਂ ਵੱਧ ਸਮੇਂ ਲਈ ਰਹਿੰਦੇ ਹੋ। ਪਰ ਮੈਡੀਕਲ ਤਕਨੀਕਾਂ ਵਿੱਚ ਵਿਕਾਸ ਦੇ ਨਾਲ, ਕਈ ਸਰਜਰੀਆਂ ਰਾਹੀਂ ਇਲਾਜ ਕਾਰਵਾਈਆਂ ਲਈ ਹਸਪਤਾਲ ਵਿੱਚ ਭਰਤੀ ਹੋਣ ਦੀ ਲੋੜ ਨਹੀਂ ਹੁੰਦੀ ਹੈ। ਹੁਣ ਡੇ-ਕੇਅਰ ਪ੍ਰਕਿਰਿਆਵਾਂ ਦੇ ਵਜੋਂ, ਉਹਨਾਂ ਨੂੰ ਖਾਸ ਡੇ-ਕੇਅਰ ਕੇਂਦਰਾਂ ਜਾਂ ਹਸਪਤਾਲ ਵਿੱਚ ਕੀਤਾ ਜਾਂਦਾ ਹੈ, ਜੋ ਕਿ ਕੇਸ ਉੱਤੇ ਨਿਰਭਰ ਹੈ। ਇਲਾਜ ਜਿਵੇਂ ਕਿ ਅੱਖਾਂ ਦੀ ਸਰਜਰੀ, ਕੀਮੋਥਰੈਪੀ; ਡਾਇਲਿਸਿਸ ਆਦਿ ਨੂੰ ਡੇ-ਕੇਅਰ ਸਰਜਰੀਆਂ ਦੇ ਅਧੀਨ ਰੱਖਿਆ ਜਾ ਸਕਦਾ ਹੈ ਅਤੇ ਸੂਚੀ ਲਗਾਤਾਰ ਵੱਧ ਰਹੀ ਹੈ। ਇਹ ਵੀ ਪਾਲਸੀ ਦੇ ਅਧੀਨ ਬੀਮਾ-ਸੁਰੱਖਿਆ ਪ੍ਰਾਪਤ ਹਨ।

ਬਿਨਾਂ-ਭਰਤੀ ਹੋਏ ਮਰੀਜ਼ਾਂ ਲਈ ਖ਼ਰਚਿਆਂ ਵਾਸਤੇ ਬੀਮਾ ਸੁਰੱਖਿਆ ਭਾਰਤੀ ਵਿੱਚ ਹਾਲੇ ਵੀ ਸੀਮਿਤ ਹੈ, ਬਸ ਕੁਝ ਉਤਪਾਦ ਓਪੀਡੀ ਸੁਰੱਖਿਆ ਦਿੰਦੇ ਹਨ। ਪਰ, ਕੁਝ ਸਕੀਮਾਂ ਹਨ ਜੋ ਕਿ ਬਿਨਾਂ-ਭਰਤੀ ਹੋਏ ਮਰੀਜ਼ਾਂ ਦੇ ਇਲਾਜ ਲਈ ਅਤੇ ਡਾਕਟਰ ਨੂੰ ਮਿਲਣ, ਨਿਯਮਤ ਮੈਡੀਕਲ ਟੈਸਟ, ਦੰਦਾਂ ਤੇ ਦਵਾਈਆਂ ਦੀ ਕੀਮਤ ਨਾਲ ਸੰਬੰਧਿਤ ਖ਼ਰਚਿਆਂ ਲਈ ਵੀ ਬੀਮਾ ਸੁਰੱਖਿਆ ਦਿੰਦੀਆਂ ਹਨ।

2. ਹਸਪਤਾਲ ਵਿੱਚ ਭਰਤੀ ਹੋਣ ਤੋਂ ਪਹਿਲਾਂ ਤੇ ਬਾਅਦ ਦੇ ਖਰਚੇ

i. ਹਸਪਤਾਲ ਵਿੱਚ ਭਰਤੀ ਹੋਣ ਤੋਂ ਪਹਿਲਾਂ ਦੇ ਖਰਚੇ

ਹਸਪਤਾਲ ਵਿੱਚ ਭਰਤੀ ਹੋਣਾ ਜਾਂ ਤਾਂ ਐਮਰਜੈਂਸੀ ਵਿੱਚ ਹੋ ਸਕਦਾ ਜਾਂ ਵਿਉਂਤ ਮੁਤਾਬਕ। ਜੇ ਮਰੀਜ਼ ਵਿਉਂਤ ਮੁਤਾਬਕ ਸਰਜਰੀ ਲਈ ਜਾਂਦਾ ਹੈ ਤਾਂ ਉਸ ਨੂੰ ਹਸਪਤਾਲ ਵਿੱਚ ਭਰਤੀ ਹੋਣ ਤੋਂ ਪਹਿਲਾਂ ਖ਼ਰਚੇ ਖੁਦ ਉਠਾਉਣੇ ਪੈਣਗੇ।

ਪਰਿਭਾਸ਼ਾ

IRDA ਸਿਹਤ ਬੀਮਾ ਮਿਆਰੀਕਰਨ ਸੇਧਾਂ ਨੇ ਪਹਿਲਾਂ-ਹਸਪਤਾਲ ਖ਼ਰਚਿਆਂ ਨੂੰ ਇੰਝ ਪਰਿਭਾਸ਼ਿਤ ਕੀਤਾ ਹੈ:

ਮੈਡੀਕਲ ਖ਼ਰਚੇ ਬੀਮਤ ਵਲੋਂ ਹਸਪਤਾਲ ਵਿੱਚ ਭਰਤੀ ਹੋਣ ਤੋਂ ਤੁਰੰਤ ਪਹਿਲਾਂ ਦਿੱਤੇ ਜਾਂਦੇ ਹਨ, ਜਦੋਂ ਤੱਕ ਕਿ:

a) ਇੰਝ ਦੇ ਮੈਡੀਕਲ ਖ਼ਰਚੇ ਉਸ ਹਾਲਤ, ਜਿਸ ਲਈ ਬੀਮਤ ਵਿਅਕਤੀ ਨੂੰ ਪਹਿਲਾਂ ਹਸਪਤਾਲ ਵਿੱਚ ਭਰਤੀ ਕਰਨ ਦੀ ਲੋੜ ਹੁੰਦੀ ਹੈ, ਲਈ ਉਠਾਏ ਜਾਂਦੇ ਹਨ, ਅਤੇ

b) ਇੰਛ ਦੇ ਹਸਪਤਾਲ ਵਿੱਚ ਭਰਤੀ ਹੋਣ ਲਈ ਹਸਪਤਾਲ ਭਰਤੀ ਮਰੀਜ਼ ਦਾਅਵੇ ਬੀਮਾ ਕੰਪਨੀ ਵਲੋਂ ਮੰਨਣਯੋਗ ਹੁੰਦੇ ਹਨ।

ਹਸਪਤਾਲ ਵਿੱਚ ਭਰਤੀ ਹੋਣ ਤੋਂ ਪਹਿਲਾਂ ਦੇ ਖ਼ਰਚ ਟੈਸਟਾਂ, ਦਵਾਈਆਂ, ਡਾਕਟਰਾਂ ਦੀ ਫੀਸ ਆਦਿ ਦੇ ਰੂਪ ਵਿੱਚ ਹੋ ਸਕਦੇ ਹਨ। ਇੰਛ ਦੇ ਖ਼ਰਚੇ ਹਸਪਤਾਲ ਵਿੱਚ ਭਰਤੀ ਹੋਣ ਲਈ ਢੁੱਕਵੇਂ ਅਤੇ ਸੰਬੰਧਿਤ ਹੋਣ ਉੱਤੇ ਸਿਹਤ ਪਾਲਸੀਆਂ ਦੇ ਅਧੀਨ ਸੁਰੱਖਿਆ ਪ੍ਰਾਪਤ ਹੁੰਦੇ ਹਨ।

ii. ਹਸਪਤਾਲ ਵਿੱਚ ਭਰਤੀ ਹੋਣ ਤੋਂ ਬਾਅਦ ਦੇ ਖਰਚੇ

ਹਸਪਤਾਲ ਵਿੱਚ ਰਹਿਣ ਦੇ ਬਾਅਦ, ਬਹੁਤੇ ਕੇਸਾਂ ਵਿੱਚ ਰਿਕਵਰੀ ਤੇ ਬਾਅਦ ਵਿੱਚ ਧਿਆਨ ਰੱਖਣ ਦੇ ਸੰਬੰਧਿਤ ਖ਼ਰਚੇ ਹੋਣਗੇ।

ਪਰਿਭਾਸ਼ਾ

ਮੈਡੀਕਲ ਖ਼ਰਚੇ ਬੀਮਤ ਵਲੋਂ ਹਸਪਤਾਲ ਵਿੱਚੋਂ ਡਿਸਚਾਰਜ ਹੋਣ ਦੇ ਤੁਰੰਤ ਬਾਅਦ ਹੁੰਦੇ ਹਨ, ਜਦੋਂ ਤੱਕ ਕਿ:

a) ਇੰਛ ਦੇ ਮੈਡੀਕਲ ਖ਼ਰਚੇ ਉਸ ਹਾਲਤ, ਜਿਸ ਲਈ ਬੀਮਤ ਵਿਅਕਤੀ ਨੂੰ ਪਹਿਲਾਂ ਹਸਪਤਾਲ ਵਿੱਚ ਭਰਤੀ ਕਰਨ ਦੀ ਲੋੜ ਹੁੰਦੀ ਹੈ, ਲਈ ਉਠਾਏ ਜਾਂਦੇ ਹਨ, ਅਤੇ

b) ਇੰਛ ਦੇ ਹਸਪਤਾਲ ਵਿੱਚ ਭਰਤੀ ਹੋਣ ਲਈ ਹਸਪਤਾਲ ਭਰਤੀ ਮਰੀਜ਼ ਦਾਅਵੇ ਬੀਮਾ ਕੰਪਨੀ ਵਲੋਂ ਮੰਨਣਯੋਗ ਹੁੰਦੇ ਹਨ।

ਹਸਪਤਾਲ ਵਿੱਚ ਭਰਤੀ ਹੋਣ ਤੋਂ ਬਾਅਦ ਦੇ ਖ਼ਰਚੇ ਉਹ ਢੁੱਕਵੇਂ ਮੈਡੀਕਲ ਖ਼ਰਚੇ ਹੋਣਗੇ, ਜੋ ਕਿ ਹਸਪਤਾਲ ਦੇ ਬਾਅਦ ਨਿਸ਼ਚਤ ਦਿਨਾਂ ਤੱਕ ਦੇ ਸਮੇਂ ਦੌਰਾਨ ਹੁੰਦੇ ਹਨ ਅਤੇ ਇਹਨਾਂ ਨੂੰ ਦਾਅਵੇ ਦਾ ਭਾਗ ਮੰਨਿਆ ਜਾਵੇਗਾ।

ਹਸਪਤਾਲ ਵਿੱਚ ਭਰਤੀ ਹੋਣ ਦੇ ਬਾਅਦ ਦੇ ਖ਼ਰਚੇ ਹਸਪਤਾਲ ਤੋਂ ਡਿਸਚਾਰਜ ਹੋਣ ਦੇ ਬਾਅਦ ਦਵਾਈਆਂ, ਡਾਕਟਰ ਵਲੋਂ ਪੜਤਾਲ ਆਦਿ ਦੇ ਰੂਪ ਵਿੱਚ ਹੋ ਸਕਦੇ ਹਨ। ਇੰਛ ਦੇ ਖ਼ਰਚੇ ਹਸਪਤਾਲ ਵਿੱਚ ਕਰਵਾਏ ਇਲਾਜ ਦੇ ਨਾਲ ਸੰਬੰਧਿਤ ਹੋਣੇ ਚਾਹੀਦੇ ਹਨ ਅਤੇ ਸਿਹਤ ਪਾਲਸੀਆਂ ਦੇ ਅਧੀਨ ਸੁਰੱਖਿਆ ਪ੍ਰਾਪਤ ਹੁੰਦੇ ਹਨ।

ਹਾਲਾਂਕਿ ਹਸਪਤਾਲ ਵਿੱਚ ਭਰਤੀ ਹੋਣ ਤੋਂ ਪਹਿਲਾਂ ਤੇ ਬਾਅਦ ਦੇ ਖ਼ਰਚਿਆਂ ਲਈ ਬੀਮਾ ਸੁਰੱਖਿਆ ਦਾ ਸਮਾਂ ਬੀਮਾਕਰਤਾ ਦੇ ਮੁਤਾਬਕ ਵੱਖ-ਵੱਖ ਹੋਵੇਗਾ ਅਤੇ ਪਾਲਸੀ ਵਿੱਚ ਦਿੱਤਾ ਹੁੰਦਾ ਹੈ, ਆਮ ਤੌਰ ਉੱਤੇ ਬੀਮਾ-ਸੁਰੱਖਿਆ **ਹਸਪਤਾਲ ਵਿੱਚ ਭਰਤੀ ਹੋਣ ਤੋਂ ਤੀਹ ਦਿਨ ਪਹਿਲਾਂ ਅਤੇ ਸੱਠ ਦਿਨ ਬਾਅਦ ਵਿੱਚ** ਹੁੰਦੀ ਹੈ।

ਹਸਪਤਾਲ ਵਿੱਚ ਭਰਤੀ ਹੋਣ ਤੋਂ ਪਹਿਲਾਂ ਤੇ ਬਾਅਦ ਦੇ ਖ਼ਰਚੇ ਬੀਮਾ ਕਰਵਾਈ ਕੁੱਲ ਰਕਮ ਦਾ ਹਿੱਸਾ ਹੁੰਦੇ ਹਨ, ਜਿਸ ਲਈ ਪਾਲਸੀ ਦੇ ਅਧੀਨ ਬੀਮਾ-ਸੁਰੱਖਿਆ ਦੀ ਇਜਾਜ਼ਤ ਹੁੰਦੀ ਹੈ।

a) ਨਿਵਾਸ-ਸਥਾਨ ਹਸਪਤਾਲ

ਹਾਲਾਂਕਿ ਇਹ ਫਾਇਦੇ ਨੂੰ ਆਮ ਤੌਰ ਉੱਤੇ ਪਾਲਸੀ-ਧਾਰਕਾਂ ਵਲੋਂ ਨਹੀਂ ਵਰਤਿਆ ਜਾਂਦਾ ਹੈ, ਪਰ ਨਿੱਜੀ ਸਿਹਤ ਪਾਲਸੀ ਵਿੱਚ ਹਸਪਤਾਲ ਵਿੱਚ ਭਰਤੀ ਹੋਏ ਬਿਨਾਂ ਘਰ ਵਿੱਚ ਹੀ ਡਾਕਟਰੀ ਇਲਾਜ ਕਰਵਾਉਣ ਲਈ ਕੀਤੇ ਗਏ ਖ਼ਰਚਿਆਂ ਨੂੰ ਪੂਰਾ ਕਰਨ ਦਾ ਪ੍ਰਬੰਧ ਵੀ ਹੁੰਦਾ ਹੈ। ਪਰ, ਸ਼ਰਤ ਇਹ ਹੁੰਦੀ ਹੈ ਕਿ ਭਾਵੇਂ ਬੀਮਾਰੀ ਲਈ ਹਸਪਤਾਲ ਵਿੱਚ ਇਲਾਜ ਦੀ ਲੋੜ ਹੈ, ਪਰ ਮਰੀਜ਼ ਦੀ ਹਾਲਤ ਅਜਿਹੀ ਹੈ ਕਿ ਉਹ ਹਸਪਤਾਲ ਜਾ ਨਹੀਂ ਸਕਦਾ ਹੈ ਜਾਂ ਹਸਪਤਾਲ ਵਿੱਚ ਰੱਖਣ ਦੀ ਥਾਂ ਨਹੀਂ ਹੈ।

ਇਹ ਬੀਮਾ-ਸੁਰੱਖਿਆ ਵਿੱਚ **ਵੱਧ ਤੋਂ ਵੱਧ ਤਿੰਨ ਤੋਂ ਪੰਜ ਦਿਨਾਂ ਦੀ ਸ਼ਰਤ** ਹੁੰਦੀ ਹੈ, ਜਿਸ ਦਾ ਭਾਵ ਹੁੰਦਾ ਹੈ ਕਿ ਪਹਿਲੇ ਤਿੰਨ ਤੋਂ ਪੰਜ ਦਿਨਾਂ ਦੇ ਇਲਾਜ ਦਾ ਖ਼ਰਚ ਮਰੀਜ਼ ਵਲੋਂ ਝੱਲਿਆ ਜਾਵੇਗਾ। ਬੀਮਾ-ਸੁਰੱਖਿਆ ਵਿੱਚ ਨਿਵਾਸ-ਸਥਾਨ ਇਲਾਜਾਂ ਨੂੰ ਅਲਹਿਦਾ ਰੱਖਿਆ ਹੁੰਦਾ ਹੈ, ਜਿਸ ਵਿੱਚ ਕੁਝ ਕਿਸਮ ਦੀਆਂ ਪੁਰਾਣੀਆਂ ਜਾਂ ਆਮ ਬੀਮਾਰੀਆਂ ਜਿਵੇਂ ਕਿ ਅਸਥਮਾ, ਬਰੋਂਚੀਟੀਸ, ਕ੍ਰੋਨਿਕ ਨੇਫੈਰਿਟਿਸ ਤੇ ਨੇਫੈਰਿਟਿਸ ਸਿੰਡਰੋਮ, ਡਾਈਰਿਆ ਤੇ ਸਭ ਕਿਸਮ ਦੇ ਪੇਚਸ਼ ਗੈਸਟਰੌਨਟਰਿਟਿਸ ਸਮੇਤ, ਡਾਇਬੇਟਿਸ ਮਿੱਟੁਸ ਇਪੀਲੇਪਸੀ, ਹਾਈਪਰਟੈਨਸ਼ਨ, ਇਨਫਲੂਨਜ਼ਾ, ਖੰਘ ਤੇ ਜ਼ੁਕਾਮ, ਬੁਖਾਰ ਸ਼ਾਮਿਲ ਹਨ।

b) ਆਮ ਅਲਹਿਦਗੀਆਂ

ਹਸਪਤਾਲ ਵਿੱਚ ਭਰਤੀ ਹੋਣ ਦੇ ਹਰਜਾਨੇ ਦੇ ਅਧੀਨ ਆਮ ਅਲਹਿਦਗੀਆਂ ਵਿੱਚੋਂ ਕੁਝ ਹੇਠ ਦਿੱਤੀਆਂ ਹਨ. ਇਹ IRDAI ਦੇ ਤੱਥ ਅਨੁਬੰਧ IV ਵਲੋਂ ਜਾਰੀ ਕੀਤੇ ਸਿਹਤ ਬੀਮੇ ਵਿੱਚ ਮਿਆਰੀਕਰਨ ਉੱਤੇ ਸੇਧਾਂ ਵਿੱਚ ਵੇਰਵੇ ਸਮੇਤ ਅਲਹਿਦਗੀਆਂ ਉੱਤੇ ਸੁਝਾਏ ਹਨ। ਵਿਦਿਆਰਥੀਆਂ ਨੂੰ IRDAI ਵੈਬਸਾਈਟ ਉੱਤੇ ਮੌਜੂਦ ਸੇਧਾਂ ਬਾਰੇ ਖੁਦ ਨੂੰ ਜਾਣੂ ਕਰਵਾਉਣਾ ਚਾਹੀਦਾ ਹੈ।

ਇਹ ਯਾਦ ਰੱਖਣਾ ਚਾਹੀਦਾ ਹੈ ਕਿ ਫਾਇਲ ਕਰਨ ਤੇ ਮਨਜ਼ੂਰ ਕੀਤੀਆਂ ਸ਼ਰਤਾਂ ਦੇ ਤਹਿਤ ਜੇ ਕੋਈ ਅਲਹਿਦਗੀ ਤੋਂ ਛੋਟ ਹੈ ਜਾਂ ਕਿਸੇ ਵੀ ਵਧੀਕ ਅਲਹਿਦਗੀਆਂ ਨੂੰ ਲਾਗੂ ਕੀਤਾ ਜਾਂਦਾ ਹੈ ਤਾਂ ਇਹਨਾਂ ਬਾਰੇ ਗਾਹਕ ਨੂੰ ਵੱਖਰੀ ਸ਼ੀਟ ਤੇ ਨੀਤੀ ਵਿੱਚ ਕਿਹਾ ਜਾਣਾ ਚਾਹੀਦਾ ਹੈ।

i. ਪਹਿਲਾਂ ਮੌਜੂਦ ਬੀਮਾਰੀਆਂ

ਨਿੱਜੀ ਸਿਹਤ ਸਕੀਮ ਦੇ ਅਧੀਨ ਇਸ ਨੂੰ ਹਮੇਸ਼ਾ ਅਲਹਿਦਾ ਰੱਖਿਆ ਜਾਂਦਾ ਹੈ, ਨਹੀਂ ਤਾਂ ਇਸ ਦਾ ਭਾਵ ਹੈ ਕਿ ਨਿਸ਼ਚਤ ਵਾਪਰਨ ਨੂੰ ਸੁਰੱਖਿਆ ਦੇਣੀ ਅਤੇ ਬੀਮਾਕਰਤਾ ਨੂੰ ਉੱਚ ਜੋਖਿਮ ਬਣਿਆ ਰਹੇਗਾ। ਸਿਹਤ ਪਾਲਸੀ ਲੈਣ ਦੇ ਸਮੇਂ ਹਰ ਬੀਮਾ ਕਰਵਾਉਣ ਵਾਲੇ ਵਿਅਕਤੀ ਨੂੰ ਤਬੀਅਤ ਖ਼ਰਾਬੀ / ਸੱਟਾਂ ਦੇ ਬਾਰੇ ਅਤੀਤ ਖਾਸ ਐਲਾਨ ਕਰਨ ਦੀ ਲੋੜ ਹੁੰਦੀ ਹੈ। ਇਸ ਨਾਲ ਬੀਮਾਕਰਤਾ ਬੀਮੇ ਲਈ ਪੇਸ਼ਕਸ਼ ਨੂੰ ਮਨਜ਼ੂਰ ਕਰਨ ਦੇ ਫੈਸਲੇ ਦੇ ਸਮਰੱਥ ਹੁੰਦਾ ਹੈ।

ਪਰਿਭਾਸ਼ਾ

ਪਹਿਲਾਂ-ਮੌਜੂਦ ਨੂੰ ਮਿਆਰੀ ਤੌਰ ਉੱਤੇ ਪਰਿਭਾਸ਼ਿਤ ਕਰਨ ਲਈ IRDA ਸੇਧਾਂ ਹਨ

"ਬੀਮਾਕਰਤਾ ਵਲੋਂ ਪਹਿਲੀ ਪਾਲਸੀ ਜਾਰੀ ਕਰਨ ਤੋਂ ਪਹਿਲਾਂ ਕੋਈ ਵੀ ਹਾਲਤ, ਤਬੀਅਤ ਦੀ ਖ਼ਰਾਬੀ ਜਾਂ ਸੱਤ ਜਾਂ ਸੰਬੰਧਿਤ ਕੋਈ ਵੀ ਹਾਲਤ, ਜਿਸ ਲਈ ਤੁਹਾਨੂੰ ਲੱਛਣ ਜਾਂ ਅਲਾਮਤਾਂ ਹਨ ਅਤੇ/ਜਾਂ ਜਾਂਚ ਕੀਤੀ ਗਈ ਹੋਵੇ ਅਤੇ/ਜਾਂ ਪਿਛਲੇ 48 ਮਹੀਨਿਆਂ ਦੇ ਦੌਰਾਨ ਡਾਕਟਰੀ ਸਲਾਹ/ਇਲਾਜ ਕਰਵਾਇਆ ਹੋਵੇ।"

ਅਲਹਿਦਾ ਹੈ: ਪਾਲਸੀ ਵਿੱਚ ਦਿੱਤੇ ਮੁਤਾਬਕ ਪਹਿਲਾਂ-ਮੌਜੂਦਾ ਹਾਲਤ, ਜਦੋਂ ਤੱਕ ਕਿ ਕੰਪਨੀ ਨਾਲ ਉਸ ਦੀ ਪਹਿਲੀ ਪਾਲਸੀ ਸ਼ੁਰੂ ਹੋਣ ਦੇ ਬਾਅਦ ਇੰਝ ਦੇ ਬੀਮਤ ਵਿਅਕਤੀ ਲਈ 48 ਮਹੀਨਿਆਂ ਦੇ ਲਗਾਤਾਰ ਲਈ ਸੁਰੱਖਿਆ ਬੀਤ ਚੁੱਕੀ ਹੋਵੇ।

---

1. ਭਾਰਤ ਕੰਟਰੋਲ ਪ੍ਰੋਗਰਾਮ/ਸਪਲਾਈ/ ਸੇਵਾਵਾਂ
2. ਨਜ਼ਰ ਦੀ ਐਨਕ / ਕੰਟੈਕਟ ਲੈਨਜ਼ / ਸੁਣਨ ਸਾਧਨ ਆਦਿ ਦੇ ਖ਼ਰਚੇ
3. ਦੰਦਾਂ ਦੇ ਇਲਾਜ ਲਈ ਖ਼ਰਚੇ, ਜਿਹਨਾਂ ਲਈ ਹਸਪਤਾਲ ਵਿੱਚ ਭਰਤੀ ਹੋਣ ਦੀ ਲੋੜ ਨਹੀਂ ਹੈ
4. ਹਾਰਮੋਨ ਪਰਿਵਰਤਨ
5. ਘਰੇਲੂ ਦੌਰਿਆਂ ਦੇ ਖ਼ਰਚੇ
6. ਬਾਂਝਪਣ / ਅਧੂਰੀ ਜਣਨ-ਸ਼ਕਤੀ / ਸਹਾਇਤਾ ਪ੍ਰਾਪਤ ਗਰਭ ਧਾਰਨ ਕਾਰਵਾਈ
7. ਮੋਟਾਪੇ (ਰੋਗ ਗ੍ਰਹਿਸਤ ਮੋਟਾਪੇ ਸਮੇਤ) ਦਾ ਇਲਾਜ
8. ਮਾਨਸਿਕ ਰੋਗ ਅਤੇ ਮਨੋਸਰੀਰਕ ਵਿਕਾਰ
9. ਅਪਵਰਤਿ ਤਰੁੱਟੀ ਦੂਰ ਕਰਨ ਵਾਲੀ ਸਰਜਰੀ
10. ਜਿਨਸੀ ਸੰਬੰਧਾਂ ਨਾਲ ਪਰਿਵਰਤਿਤ ਹੋਣ ਵਾਲੀਆਂ ਬੀਮਾਰੀਆਂ ਲਈ ਇਲਾਜ
11. ਅੰਗ-ਦਾਨੀ ਜਾਂਚ ਦੇ ਖ਼ਰਚੇ
12. ਦਾਖ਼ਲਾ/ਰਜਿਸਟਰੇਸ਼ਨ ਖ਼ਰਚੇ
13. ਜਾਂਚ ਪੜਤਾਲ ਲਈ ਹਸਪਤਾਲ ਵਿੱਚ ਭਰਤੀ ਹੋਣਾ
14. ਬੀਮਾਰੀ, ਜਿਸ ਲਈ ਭਰਤੀ ਕੀਤਾ ਜਾਂ ਜਾਂਚ ਕੀਤੀ ਗਈ ਸੀ, ਦੇ ਨਾਲ ਬੇਮੇਲ ਜਾਂਚ / ਇਲਾਜ ਲਈ ਖ਼ਰਚੇ
15. ਸਭ ਖ਼ਰਚੇ, ਜਦੋਂ ਕਿ ਮਰੀਜ਼ ਨੂੰ ਰਿਟਰੋ ਵਾਈਰਸ ਲਈ ਜਾਂਚ ਕੀਤੀ ਜਾਂਦੀ ਹੈ ਅਤੇ/ ਜਾਂ HIV/ਏਡਜ਼ ਆਦਿ ਤੋਂ ਸਿੱਧੇ ਜਾਂ ਅਸਿੱਧੇ ਰੂਪ ਵਿੱਚ ਪੀੜਿਤ ਹੋਣ ਦਾ ਪਤਾ ਚੱਲਦਾ ਹੈ
16. ਸਟੀਮ ਸੈਲ ਸਥਾਪਿ ਕਰਵਾਉਣੇ / ਸਰਜਰੀ ਤੇ ਸਟੋਰੇਜ਼
17. ਜੰਗ ਤੇ ਪ੍ਰਮਾਣੂ ਸੰਬੰਧੀ ਕਾਰਨ
18. ਸਭ ਗ਼ੈਰ-ਮੈਡੀਕਲ ਚੀਜ਼ਾਂ ਜਿਵੇਂ ਕਿ ਰਜਿਸਟਰੇਸ਼ਨ ਖ਼ਰਚੇ, ਦਾਖਲਾ ਫੀਸ, ਟੈਲੀਫੋਨ, ਟੈਲੀਵਿਜ਼ਨ ਖ਼ਰਚੇ, ਸ਼ਿੰਗਾਰ ਸਮੱਗਰੀ ਆਦਿ।
19. ਪਾਲਸੀ ਸ਼ੁਰੂ ਹੋਣ ਤੋਂ 30 ਤੱਕ ਉਡੀਕ ਸਮਾਂ ਕਿਸੇ ਵੀ ਦਾਅਵੇ ਲਈ ਬਹੁਤੀਆਂ ਪਾਲਸੀਆਂ ਲਈ ਆਮ ਤੌਰ ਉੱਤੇ ਲਾਗੂ ਹੁੰਦਾ ਹੈ। ਪਰ ਇਹ ਦੁਰਘਟਨਾ ਦੇ ਕਰਕੇ ਹਸਪਤਾਲ ਵਿੱਚ ਭਰਤੀ ਹੋਣ ਉੱਤੇ ਲਾਗੂ ਨਹੀਂ ਹੁੰਦਾ ਹੈ।

ਉਦਾਹਰਨ

ਮੀਰਾ ਨੇ ਹਸਪਤਾਲ ਭਰਤੀ ਹੋਣ ਦੀ ਘਟਨਾ ਦੇ ਖਰਚਿਆਂ ਲਈ ਬੀਮਾ ਸੁਰੱਖਿਆ ਵਾਸਤੇ ਸਿਹਤ ਬੀਮਾ ਪਾਲਸੀ ਲਈ ਹੈ। ਪਾਲਸੀ ਵਿੱਚ 30 ਦਿਨਾਂ ਲਈ ਸ਼ੁਰੂਆਤੀ ਉਡੀਕ ਸਮੇਂ ਦੀ ਸ਼ਰਤ ਹੈ।

ਬਦਕਿਸਮਤੀ ਨਾਲ ਉਸ ਵਲੋਂ ਪਾਲਸੀ ਲੈਣ ਦੇ 20 ਦਿਨਾਂ ਦੇ ਬਾਅਦ, ਮੀਰਾ ਨੂੰ ਮਲੇਰੀਆ ਹੋ ਗਿਆ ਅਤੇ 5 ਦਿਨਾਂ ਲਈ ਹਸਪਤਾਲ ਵਿੱਚ ਰਹਿਣਾ ਪਿਆ। ਉਸ ਨੂੰ ਵੱਡਾ ਹਸਪਤਾਲ ਦਾ ਬਿੱਲ ਦੇਣਾ ਪਿਆ।

ਜਦੋਂ ਉਸ ਨੇ ਬੀਮਾ ਕੰਪਨੀ ਤੋਂ ਧਨ-ਵਾਪਸੀ ਲਈ ਪੁੱਛਿਆ ਤਾਂ ਉਹਨਾਂ ਨੇ ਦਾਅਵੇ ਤੋਂ ਇਨਕਾਰ ਕਰ ਦਿੱਤਾ ਕਿਉਂਕਿ ਪਾਲਸੀ ਲੈਣ ਦੇ 30 ਦਿਨਾਂ ਦੇ ਉਡੀਕ ਸਮੇਂ ਦੇ ਦੌਰਾਨ ਹਸਪਤਾਲ ਵਿੱਚ ਭਰਤੀ ਹੋਇਆ ਗਿਆ ਸੀ।

i. **ਉਡੀਕ ਅੰਤਰਾਲ:** ਇਹ ਬੀਮਾਰੀਆਂ ਲਈ ਵੀ ਲਾਗੂ ਹੈ, ਜਿਸ ਲਈ ਆਮ ਤੌਰ ਉੱਤੇ ਇਲਾਜ ਵਿੱਚ ਦੇਰੀ ਹੋ ਸਕਦੀ ਹੈ ਅਤੇ ਵਿਉਂਤ ਕੀਤੀ ਹੋਈ ਹੁੰਦੀ ਹੈ। ਉਤਪਾਦ ਦੇ ਮੁਤਾਬਕ ਮੋਤਿਆਬਿੰਦ, ਆਸਾਨ ਪ੍ਰੋਸਟੈਟਿਕ ਹਾਈਪਰਟਰੋਫੀ, ਮੇਨੋਰਹਾਗੀਆ ਜਾਂ ਫਿਬਰੋਮਯੋਮਾ ਲਈ ਹਸਟੀਰਟੋਮੇ, ਹਰਨੀਆ, ਹਾਈਡਰੋਸੇਲੇ, ਕਾਂਗਜੇਨੀਟਲ ਅੰਦਰੂਨੀ ਬੀਮਾਰੀ, ਗੁਦੇ ਵਿੱਚ ਜ਼ਖਮ, ਬਵਾਸੀਰ, ਸਾਇਨਸਾਇਟਿਸ ਅਤੇ ਸੰਬੰਧਿਤ ਬੀਮਾਰੀਆਂ, ਪਿੱਤੇ ਦਾ ਪੱਥਰ ਹਟਾਉਣਾ, ਗਠੀਆ ਅਤੇ ਜੋੜਾਂ ਦੇ ਦਰਦ, ਪੱਥਰੀ ਰੋਗ, ਉਮਰ ਨਾਲ ਸੰਬੰਧਿਤ ਜੋੜਾਂ ਦੀ ਸੋਜ਼ਸ਼ ਤੇ ਦਰਦ, ਬੁਢੇਪੇ ਕਰਕੇ ਹੱਡੀਆਂ ਟੁੱਟਣ ਵਰਗੀਆਂ ਬੀਮਾਰੀਆਂ ਲਈ ਉਡੀਕ ਸਮਾਂ ਇੱਕ/ਦੋ / ਚਾਰ ਸਾਲ ਤੱਕ ਹੁੰਦਾ ਹੈ।

c) ਮੌਜੂਦ ਬੀਮਾ-ਸੁਰੱਖਿਆ ਚੋਣਾਂ

i. ਨਿੱਜੀ ਬੀਮਾ-ਸੁਰੱਖਿਆ

ਨਿੱਜੀ ਬੀਮਾ-ਸੁਰੱਖਿਆ ਪਰਿਵਾਰ ਦੇ ਮੈਂਬਰਾਂ ਜਿਵੇਂ ਕਿ ਜੀਵਨ-ਸਾਥੀ, ਨਿਰਭਰ ਬੱਚੇ, ਨਿਰਭਰ ਮਾਪੇ, ਨਿਰਭਰ ਸੁਹਰੇ, ਨਿਰਭਰ ਭੈਣ/ਭਰਾ ਆਦਿ, ਸਮੇਤ ਖੁਦ ਲਈ ਸੁਰੱਖਿਆ ਹੋ ਸਕਦੀ ਹੈ। ਕੁਝ ਬੀਮਾਕਰਤਾਵਾਂ ਲਈ ਨਿਰਭਰਾਂ ਲਈ ਕੋਈ ਪਾਬੰਦੀ ਨਹੀਂ ਹੁੰਦੀ ਹੈ, ਜਿਹਨਾਂ ਨੂੰ ਸੁਰੱਖਿਆ ਮਿਲ ਸਕਦੀ ਹੈ। ਹਰ ਨਿਰਭਰ ਬੀਮਤ ਵਿੱਚੋਂ ਹਰੇਕ ਲਈ ਇੱਕ ਪਾਲਸੀ ਦੇ ਅਧੀਨ ਹਰੇਕ ਬੀਮਤ ਵਿਅਕਤੀ ਲਈ ਵੱਖ-ਵੱਖ ਚੁਣੀ ਗਈ ਬੀਮਾ ਕਰਵਾਈ ਰਕਮ ਨਾਲ ਬੀਮਾ-ਸੁਰੱਖਿਆ ਸੰਭਵ ਹੈ। ਇੰਡੂ ਦੀ ਬੀਮਾ-ਸੁਰੱਖਿਆ ਵਿੱਚ, ਪਾਲਸੀ ਦੇ ਅਧੀਨ ਹਰ ਬੀਮਤ ਵਿਅਕਤੀ ਪਾਲਸੀ ਦੇ ਜਾਰੀ ਰਹਿਣ ਦੇ ਦੌਰਾਨ ਉਸ ਲਈ ਬੀਮਾ ਕਰਵਾਈ ਰਕਮ ਵਿੱਚੋਂ ਵੱਧ ਤੋਂ ਵੱਧ ਲਈ ਦਾਅਵਾ ਕਰ ਸਕਦਾ ਹੈ। ਹਰ ਬੀਮਾ ਕਰਵਾਉਣ ਵਾਲੇ ਵਿਅਕਤੀ ਲਈ ਵਸੂਲਿਆ ਜਾਣ ਵਾਲਾ ਪ੍ਰੀਮੀਅਮ ਉਸ ਦੀ ਉਮਰ ਅਤੇ ਕੁੱਲ ਚੁਣੀ ਗਈ ਬੀਮਾ ਕਰਵਾਈ ਰਕਮ ਤੇ ਕਿਸੇ ਹੋਰ ਰੇਟਿੰਗ ਕਾਰਨ ਦੇ ਮੁਤਾਬਕ ਹੋਵੇਗਾ।

ii. ਪਰਿਵਾਰ ਫਲੋਟਰ

ਪਰਿਵਾਰਿਕ ਫਲੋਟਰ ਪਾਲਸੀ ਵਜੋਂ ਜਾਣੇ ਜਾਂਦੇ ਬਦਲ ਵਿੱਚ, ਜੀਵਨ-ਸਾਥੀ, ਨਿਰਭਰ ਬੱਚਿਆਂ ਤੇ ਨਿਰਭਰ-ਮਾਪਿਆਂ ਨੂੰ ਪਰਿਵਾਰ ਮੰਨ ਕੇ ਇੱਕ ਬੀਮਾ ਸੁਰੱਖਿਆ ਦਿੱਤੀ ਜਾਂਦੀ ਹੈ, ਜੋ ਕਿ ਪੂਰੇ ਪਰਿਵਾਰ ਲਈ ਸਾਂਝੀ ਹੁੰਦੀ ਹੈ।

ਉਦਾਹਰਨ

ਜੇ ਫਲੋਟਰ ਚਾਰ ਮੈਂਬਰਾਂ ਦੇ ਪਰਿਵਾਰ ਨੇ 5 ਲੱਖ ਰੁਪਏ ਦੀ ਪਾਲਸੀ ਲਈ ਹੈ ਤਾਂ ਇਸ ਦਾ ਅਰਥ ਹੈ ਕਿ ਪਾਲਸੀ ਦੇ ਦੌਰਾਨ ਇਹ ਇੱਕ ਤੋਂ ਵੱਧ ਪਰਿਵਾਰਿਕ ਮੈਂਬਰਾਂ ਦੇ ਸੰਬੰਧੀ ਦਾਅਵਿਆਂ ਜਾਂ ਪਰਿਵਾਰ ਦੇ ਇੱਕ ਮੈਂਬਰ ਦੇ ਕਈ ਦਾਅਵਿਆਂ ਲਈ ਭੁਗਤਾਨ ਕਰੇਗੀ। ਇਹ ਸਭ ਮਿਲ ਕੇ 5 ਲੱਖ ਰੁਪਏ ਦੀ ਕੁੱਲ ਸੁਰੱਖਿਆ ਤੋਂ ਵੱਧ ਨਹੀਂ ਹੋ ਸਕਦੀ ਹੈ। ਪ੍ਰੀਮੀਅਮ ਅਕਸਰ ਬੀਮੇ ਲਈ ਪੇਸ਼ਕਸ਼ ਕਰਨ ਵਾਲੇ ਪਰਿਵਾਰ ਦੇ ਸਭ ਤੋਂ ਵੱਡੇ ਮੈਂਬਰ ਦੀ ਉਮਰ ਦੇ ਅਧਾਰ ਉੱਤੇ ਵਸੂਲਿਆ ਜਾਂਦਾ ਹੈ।

ਇਹਨਾਂ ਦੋਵਾਂ ਪਾਲਸੀਆਂ ਲਈ ਬੀਮਾ-ਸੁਰੱਖਿਆ ਅਤੇ ਅਲਹਿਦਗੀਆਂ ਇੱਕੋ ਹੋਣਗੀਆਂ। ਪਰਿਵਾਰ ਫਲੋਟਰ ਪਾਲਸੀਆਂ ਬਾਜ਼ਾਰ ਵਿੱਚ ਹਰਮਨਪਿਆਰੀ ਹੋ ਰਹੀਆਂ ਹਨ ਕਿਉਂਕਿ ਪੂਰੇ ਪਰਿਵਾਰ ਨੂੰ ਬੀਮਾ ਕਰਵਾਈ ਪੂਰੀ ਰਕਮ ਲਈ ਸੁਰੱਖਿਆ ਮਿਲਦੀ ਹੈ, ਜਿਸ ਨੂੰ ਢੁੱਕਵੇਂ ਪ੍ਰੀਮੀਅਮ ਦੇ ਮੁਤਾਬਕ ਉੱਚ ਪੱਧਰ ਉੱਤੇ ਚੁਣਿਆ ਜਾ ਸਕਦਾ ਹੈ।

d) ਖਾਸ ਫੀਚਰ

ਪੁਰਾਣੀ ਮੈਡੀਕਲੇਮ ਉਤਪਾਦ ਦੇ ਅਧੀਨ ਦਿੱਤੇ ਜਾਣ ਵਾਲੇ ਮੂਲ ਹਰਜਾਨਾ ਸੁਰੱਖਿਆ ਵਿੱਚ ਮੌਜੂਦਾ ਬੀਮਾ-ਸੁਰੱਖਿਆ ਲਈ ਕਈ ਤਬਦੀਲੀਆਂ ਤੇ ਨਵੇਂ ਮੁੱਲ ਵਧਾਉਣ ਵਾਲੇ ਫੀਚਰ ਜੋੜਨ ਜੋੜੇ ਗਏ ਹਨ। ਅਸੀਂ ਉਹਨਾਂ ਤਬਦੀਲੀਆਂ ਵਿੱਚੋਂ ਕੁਝ ਬਾਰੇ ਵਿਚਾਰ ਕਰਾਂਗੇ। ਇਹ ਯਾਦ ਰੱਖਣਾ ਚਾਹੀਦਾ ਹੈ ਕਿ ਸਭ ਉਤਪਾਦ ਹੇਠ ਦਿੱਤੇ ਗਏ ਸਭ ਫੀਚਰ ਨਹੀਂ ਰੱਖਦੇ ਹਨ ਅਤੇ ਉਹ ਬੀਮਾਕਰਤਾ ਅਤੇ ਉਤਪਾਦ ਦੇ ਮੁਤਾਬਕ ਵੱਖ-ਵੱਖ ਹੋ ਸਕਦੇ ਹਨ।

i. ਅਧੀਨ ਲਿਮਟ ਤੇ ਬੀਮਾਰੀ ਲਈ ਖਾਸ ਹੱਦ

ਕੁਝ ਉਤਪਾਦਾਂ ਵਿੱਚ ਬੀਮਾਰੀਆਂ ਦੇ ਸੰਬੰਧੀ ਖਾਸ ਹੱਦ ਹੁੰਦੀ ਹੈ ਜਿਵੇਂ ਕਿ ਮੋਤੀਆ-ਬਿੰਦ ਕੁਝ ਹੋਰਾਂ ਵਿੱਚ ਬੀਮਾ ਕਰਵਾਈ ਰਕਮ ਦੇ ਸੰਬੰਧ ਵਿੱਚ ਕਮਰੇ ਦੇ ਕਿਰਾਏ ਲਈ ਹੱਦ ਹੁੰਦੀ ਹੈ ਜਿਵੇਂ ਕਿ ਕਮਰੇ ਦਾ ਕਿਰਾਇਆ ਬੀਮਾ ਕਰਵਾਈ ਰਕਮ ਦਾ 1% ਅਤੇ ICU ਖ਼ਰਚੇ ਬੀਮਾ ਕਰਵਾਈ ਰਕਮ ਦਾ 2%। ਹੋਰ ਭਾਗਾਂ ਲਈ ਖ਼ਰਚੇ ਜਿਵੇਂ ਕਿ ICU ਖ਼ਰਚੇ, OT ਖ਼ਰਚੇ ਅਤੇ ਸਰਜਨ ਦੀ ਫੀਸ ਨੂੰ ਵੀ ਚੁਣੇ ਕਮਰੇ ਦੀ ਕਿਸਮ ਨਾਲ ਜੋੜੇ ਜਾ ਸਕਦੇ ਹਨ, ਕਮਰਾ ਕਿਰਾਏ ਨੂੰ ਸੀਮਿਤ ਕਰਨ ਨਾਲ ਹੋਰ ਭਾਗਾਂ ਦੇ ਖ਼ਰਚਿਆਂ ਨੂੰ ਸੀਮਿਤ ਕੀਤਾ ਜਾ ਸਕਦਾ ਹੈ ਅਤੇ ਇਸਕਰਕੇ ਸਾਰੇ ਹਸਪਤਾਲ ਵਿੱਚ ਭਰਤੀ ਰਹਿਣ ਦੇ ਖ਼ਰਚੇ ਵੀ।

ii. ਸਹਿ-ਭੁਗਤਾਨ (ਆਮ ਤੌਰ ਉੱਤੇ ਕੋ-ਪੇਅ ਕਹਿੰਦੇ ਹਨ)

ਸਹਿ-ਭੁਗਤਾਨ ਨੂੰ ਸਿਹਤ ਬੀਮਾ ਪਾਲਸੀ ਦੇ ਅਧੀਨ ਕੀਮਤ-ਸਾਂਝੀ ਕਰਨ ਦਾ ਢੰਗ ਹੈ, ਜੋ ਕਿ ਪਾਲਸੀਧਾਰਕ/ਬੀਮਤ ਨੂੰ ਮੰਨਣਯੋਗ ਦਾਅਵਾ ਰਕਮ ਦੇ ਤਹਿਸ਼ੁਦਾ ਭੁਗਤਾਨ ਨੂੰ ਝੱਲਣ ਦੇਵੇਗਾ। ਸਹਿ-ਭੁਗਾਤਨ ਬੀਮਾ ਕਰਵਾਈ ਰਕਮ ਨੂੰ ਨਹੀਂ ਘਟਾਉਂਦਾ ਹੈ।

ਇਹ ਯਕੀਨੀ ਬਣਾਉਂਦਾ ਹੈ ਕਿ ਆਪਣੀਆਂ ਚੋਣਾਂ ਕਰਨ ਸਮੇਂ ਬੀਮਤ ਬਹੁਤ ਧਿਆਨ ਰੱਖਦੇ ਅਤੇ ਇਸਕਰਕੇ ਹਸਪਤਾਲ ਵਿੱਚ ਭਰਤੀ ਹੋਣ ਦੇ ਖ਼ਰਚਿਆਂ ਨੂੰ ਖੁਦ ਘਟਾਏ।

iii. ਕਟੌਤੀਯੋਗ

ਕਟੌਤੀਯੋਗ ਸਿਹਤ ਬੀਮਾ ਪਾਲਸੀ ਦੇ ਅਧੀਨ ਕੀਮਤ-ਸਾਂਝੀ ਕਰਨ ਦੀ ਲੋੜ ਹੈ, ਜੋ ਕਿ ਤਹਿ ਕਰਦੀ ਹੈ ਕਿ ਹਰਜਾਨਾ ਪਾਲਸੀਆਂ ਦੇ ਕੇਸ ਵਿੱਚ ਤਹਿ ਕੀਤੀ ਰੁਪਏ ਵਿੱਚ ਰਕਮ ਲਈ ਅਤੇ ਹਸਪਤਾਲ ਨਕਦੀ ਪਾਲਸੀਆਂ ਦੇ ਕੇਸ ਵਿੱਚ ਦਿਨਾਂ/ਘੰਟਿਆਂ ਦੀ ਖਾਸ ਗਿਣਤੀ ਲਈ ਬੀਮਾਕਰਤਾ ਨੂੰ ਦੇਣਦਾਰ ਨਹੀਂ ਹੋਵੇਗਾ, ਜੋ ਕਿ ਬੀਮਾਕਰਤਾ ਵਲੋਂ ਭੁਗਤਾਨ ਕੀਤੇ ਜਾਣ ਵਾਲੇ ਫਾਇਦਿਆਂ ਤੋਂ ਪਹਿਲਾਂ ਲਾਗੂ ਹੁੰਦੀਆਂ ਹਨ ਹਨ। ਕਟੌਤੀ ਕਰਵਾਈ ਰਕਮ ਨੂੰ ਨਹੀਂ ਘਟਾਉਂਦੀ ਹੈ।

ਬੀਮਾਕਰਤਾ ਤਹਿ ਕਰਦੇ ਹਨ ਕਿ ਕੀ ਕਟੌਤੀ ਹਰ ਸਾਲ, ਹਰ ਜੀਵਨ ਜਾਂ ਹਰ ਘਟਨਾ ਲਈ ਲਾਗੂ ਹੈ ਅਤੇ ਕਿੰਨੀ ਕਟੌਤੀ ਲਾਗੂ ਕਰਨੀ ਹੈ।

iv. ਨਵੀਆਂ ਅਲਹਿਦਗੀਆਂ ਨੂੰ IRDAI ਵਲੋਂ ਪੇਸ਼ ਕੀਤਾ ਤੇ ਬਾਅਦ ਵਿੱਚ ਉਹਨਾਂ ਦਾ ਮਿਆਰੀਕਰਨ ਕੀਤਾ ਜਾਂਦਾ ਹੈ:

- ✓ ਖਾਨਦਾਨੀ ਬੀਮਾਰੀਆਂ ਤੇ ਸਟੀਮ ਸੈਲ ਸਥਾਪਿਤ ਕਰਵਾਉਣਾ / ਸਰਜਰੀ।
- ✓ ਜਾਂਚ ਅਤੇ /ਜਾਂ ਇਲਾਜ ਲਈ ਕਿਸੇ ਵੀ ਕਿਸਮ ਦੇ ਬਾਹਰੀ ਅਤੇ ਜਾਂ ਚੱਲਣਯੋਗ ਮੈਡੀਕਲ / ਗ਼ੈਰ-ਮੈਡੀਕਲ ਸਾਧਨਾਂ, ਜਿਸ ਵਿੱਚ CPAP, CAPD, ਇਨਫਿਊਜ਼ਨ ਪੰਪ ਆਦਿ ਸ਼ਾਮਿਲ ਹਨ, ਕਿਸੇ ਵੀ ਕਿਸਮ ਦੇ ਐਮਬੂਲੇਟਰੀ ਸਾਧਨ ਜਿਵੇਂ ਕਿ ਵਾਕਰ, ਕਰੱਚ, ਬੈਲਟ, ਕਾਲਰ, ਕੈਪਸ, ਸਪਲਿੰਟ, ਸਲਿੰਗ, ਬਰਾਸ, ਸਟਾਕਿੰਗ ਆਦਿ, ਡਾਇਬੇਟੀਜ਼ ਪੈਰਾਂ ਵਿੱਚ ਪਾਉਣ ਵਾਲੇ, ਗਲੂਕੋਜ਼ਮੀਟਰ/ ਥਰਮਾਮੀਟਰ ਅਤੇ ਰਲਦੀਆਂ ਮਿਲਦੀਆਂ ਚੀਜ਼ਾਂ ਆਦਿ ਅਤੇ ਕਿਸੇ ਵੀ ਹੋਰ ਕਿਸਮ ਦੇ ਸਾਧਨ, ਜੋ ਕਿ ਘਰੇ ਵਰਤੇ ਜਾ ਸਕਦੇ ਹਨ ਆਦਿ।
- ✓ ਹਸਪਤਾਲ ਵਲੋਂ ਲਗਾਏ ਗਏ ਕਿਸੇ ਵੀ ਕਿਸਮ ਦੇ ਸਰਵਿਸ ਖ਼ਰਚੇ, ਸਰ-ਚਾਰਜ, ਦਾਖਲਾ ਫੀਸਾਂ /ਰਜਿਸਟਰੇਸ਼ਨ ਫੀਸਾਂ ਆਦਿ
- ✓ ਹਸਪਤਾਲ ਵਿੱਚ ਭਰਤੀ ਹੋਣ ਤੋਂ ਪਹਿਲਾਂ ਤੇ ਬਾਅਦ ਦੇ ਸਮੇਂ ਦੌਰਾਨ ਡਾਕਟਰ ਦੇ ਘਰ ਆਉਣ ਦੇ ਖ਼ਰਚੇ, ਸਹਾਇਕ/ ਨਰਸਿੰਗ ਖ਼ਰਚੇ

v. ਖੇਤਰ ਮੁਤਾਬਕ ਪ੍ਰੀਮੀਅਮ

ਆਮ ਤੌਰ ਉੱਤੇ ਪ੍ਰੀਮੀਅਮ ਵਿਅਕਤੀ ਦੀ ਉਮਰ ਅਤੇ ਚੁਣੀ ਗਈ ਬੀਮਾ ਕਰਵਾਈ ਰਕਮ ਦੇ ਨਾਲ ਸਬੰਧਿਤ ਹੋਵੇਗਾ। ਉੱਚ ਦਾਅਵਾ ਖ਼ਰਚਿਆਂ ਵਾਲੇ ਕੁਝ ਖੇਤਰਾਂ ਵਿੱਚ ਪ੍ਰੀਮੀਅਮ ਅੰਤਰ ਪੇਸ਼ ਕੀਤਾ ਗਿਆ

ਜਿਵੇਂ ਕਿ ਦਿੱਲੀ ਤੇ ਮੁੰਬਈ ਇੱਕੋ ਬੀਮਾਕਰਤਾ ਵਲੋਂ ਕੁਝ ਉਤਪਾਦਾਂ ਲਈ ਸਭ ਤੋਂ ਵੱਧ ਪ੍ਰੀਮੀਅਮ ਖੇਤਰ ਦਾ ਹਿੱਸਾ ਹਨ।

vi. ਪਹਿਲਾਂ ਮੌਜੂਦ ਬੀਮਾਰੀਆਂ ਲਈ ਬੀਮਾ-ਸੁਰੱਖਿਆ

ਰੈਗੂਲੇਟਰੀ ਲੋੜਾਂ ਦੇ ਮੁਤਾਬਕ, ਪਹਿਲਾਂ ਮੌਜੂਦ ਬੀਮਾਰੀਆਂ, ਜਿਹਨਾਂ ਨੂੰ ਚਾਰ ਸਾਲਾਂ ਦੇ ਉਡੀਕ ਸਮੇਂ ਦੇ ਲਈ ਖਾਸ ਤੌਰ ਉੱਤੇ ਅਲਹਿਦਾ ਰੱਖਿਆ ਗਿਆ ਸੀ। ਕੁਝ ਬੀਮਾ ਕੰਪਨੀਆਂ ਵਲੋਂ ਕੁਝ ਉੱਚ ਪੱਧਰੀ ਉਤਪਾਦਾਂ ਵਿੱਚ ਸਮੇਂ ਨੂੰ 2 ਤੇ 3 ਸਾਲਾਂ ਤੱਕ ਘਟਾਇਆ ਗਿਆ ਹੈ।

vii. ਨਵਿਆਉਣਯੋਗਤਾ

ਕੁਝ ਬੀਮਾਕਰਤਾਵਾਂ ਵਲੋਂ ਜੀਵਨ-ਭਰ ਨਵਿਆਉਣਯੋਗਤਾ ਪੇਸ਼ ਕੀਤੀ ਗਈ ਸੀ। ਹੁਣ ਇਸ ਨੂੰ IRDAI ਵਲੋਂ ਸਭ ਪਾਲਸੀਆਂ ਲਈ ਲਾਜ਼ਮੀ ਬਣਾ ਦਿੱਤਾ ਹੈ।

viii.ਰੋਜ਼ਾਨਾ ਦੇਖਭਾਲ ਕਾਰਵਾਈ ਲਈ ਬੀਮਾ-ਸੁਰੱਖਿਆ

ਮੈਡੀਕਲ ਵਿਗਿਆਨ ਵਿੱਚ ਤਰੱਕੀ ਦੇ ਨਾਲ ਡੇ ਕੇਅਰ ਵਰਗ ਦੇ ਅਧੀਨ ਇਲਾਜ ਦੀ ਵੱਡੀ ਗਿਣਤੀ ਨੂੰ ਸ਼ਾਮਿਲ ਕੀਤਾ ਗਿਆ ਹੈ। ਪਹਿਲਾਂ ਕੇਵਲ ਸੱਤ ਇਲਾਜਾਂ ਨੂੰ ਹੀ ਡੇ-ਕੇਅਰ ਦੇ ਅਧੀਨ ਸ਼ਾਮਿਲ ਕੀਤਾ ਹੋਇਆ ਸੀ - ਮੋਤੀਆ-ਬਿੰਦ, ਡੀ ਤੇ ਸੀ, ਡਾਇਲਿਸਿਸ, ਕੀਮੋਥਰੈਪੀ, ਰੇਡਿਓਥਰੈਪੀ, ਲਿਥੋਟਰਿਪਸੀ ਅਤੇ ਟੋਂਸਟਿੱਲੇਕਟੋਮੀ। ਹੁਣ ਤੱਕ 150 ਕਾਰਵਾਈਆਂ ਤੋਂ ਵੱਧ ਲਈ ਬੀਮਾ-ਸੁਰੱਖਿਆ ਮੌਜੂਦ ਹੈ ਅਤੇ ਸੂਚੀ ਵੱਧ ਰਹੀ ਹੈ।

ix. ਪਾਲਸੀ ਤੋਂ ਪਹਿਲਾਂ ਚੈਕ ਅਪ ਲਈ ਖਰਚਾ

ਪਹਿਲਾਂ ਮੈਡੀਕਲ ਜਾਂਚ ਦੀ ਕੀਮਤ ਸੰਭਾਵਿਤ ਗਾਹਕ ਵਲੋਂ ਝੱਲੀ ਜਾਂਦੀ ਸੀ। ਹੁਣ ਬੀਮਾਕਰਤਾ ਕੀਮਤ ਵਾਪਿਸ ਕਰਦਾ ਹੈ, ਜਦੋਂ ਤੱਕ ਕਿ ਪੇਸ਼ਕਸ਼ ਨੂੰ ਅੰਡਰਰਾਈਟਿੰਗ ਲਈ ਮਨਜ਼ੂਰ ਕੀਤਾ ਜਾਂਦਾ ਹੈ, ਵਾਪਿਸ ਕੀਤੇ ਜਾਣ ਵਾਲੀ ਰਕਮ 50% ਤੋਂ 100% ਤੱਕ ਹੁੰਦੀ ਹੈ। ਹੁਣ IRDAI ਵਲੋਂ ਜ਼ਰੂਰੀ ਬਣਾ ਦਿੱਤਾ ਗਿਆ ਹੈ ਕਿ ਬੀਮਾਕਰਤਾ ਨੂੰ ਸਿਹਤ ਜਾਂਚ ਦੇ ਖ਼ਰਚਿਆਂ ਨੂੰ ਘੱਟੋ-ਘੱਟ 50% ਝੱਲਣਾ ਜ਼ਰੂਰੀ ਹੈ।

x. ਹਸਪਤਾਲ ਤੋਂ ਪਹਿਲਾਂ ਤੇ ਬਾਅਦ ਦੇ ਦੌਰਾਨ ਬੀਮਾ-ਸੁਰੱਖਿਆ

ਹਸਪਤਾਲ ਤੋਂ ਪਹਿਲਾਂ ਤੇ ਬਾਅਦ ਬੀਮਾ ਸੁਰੱਖਿਆ ਦੇ ਸਮੇਂ ਨੂੰ ਬਹੁਤੇ ਬੀਮਾਕਰਤਾਵਾਂ ਵਲੋਂ ਆਪਣੀਆਂ ਉੱਚ ਪੱਧਰੀ ਉਤਪਾਦਾਂ ਲਈ 60 ਦਿਨਾਂ ਤੇ 90 ਦਿਨਾਂ ਤੱਕ ਵਧਾਇਆ ਗਿਆ ਹੈ। ਕੁਝ ਬੀਮਾਕਰਤਾਵਾਂ ਨੇ ਇਹਨਾਂ ਖਰਚਿਆਂ ਨੂੰ ਦਾਅਵੇ ਦੀ ਰਕਮ ਦੇ ਕੁਝ ਫੀਸਦੀ ਦੇ ਮੁਤਾਬਕ ਸੀਮਿਤ ਵੀ ਕੀਤਾ ਗਿਆ ਹੈ, ਜਿੱਥੇ ਕਿ ਵੱਧ ਤੋਂ ਵੱਧ ਹੱਦ ਹੈ।

xi. ਬੀਮਾ-ਸੁਰੱਖਿਆ ਉੱਤੇ ਐਡ ਆਨ

ਕੁਝ ਬੀਮਾਕਰਤਾਵਾਂ ਵਲੋਂ ਵੱਖ-ਵੱਖ ਵਾਧੂ ਬੀਮਾ-ਸੁਰੱਖਿਆਵਾਂ ਪੇਸ਼ ਕੀਤੀਆਂ ਗਈਆਂ ਹਨ, ਜਿਹਨਾਂ ਨੂੰ ਐਡ-ਆਨ ਸੁਰੱਖਿਆ ਕਹਿੰਦੇ ਹਨ। ਇਹਨਾਂ ਵਿੱਚ ਕੁਝ ਹਨ:

- ✓ **ਜਣੇਪਾ ਬੀਮਾ-ਸੁਰੱਖਿਆ:** ਜਣੇਪਾ ਨੂੰ ਪਹਿਲਾਂ ਖੁਦਰਾ ਪਾਲਸੀਆਂ ਵਿੱਚ ਪੇਸ਼ ਨਹੀਂ ਸੀ ਕੀਤਾ ਗਿਆ, ਪਰ ਹੁਣ ਬਹੁਤੇ ਬੀਮਾਕਰਤਾ ਉਡੀਕ ਸਮੇਂ ਦੇ ਨਾਲ ਪੇਸ਼ ਕਰਦੇ ਹਨ।
- ✓ **ਘਾਤਕ ਬੀਮਾਰੀ ਬੀਮਾ ਸੁਰੱਖਿਆ:** ਉੱਚ ਪੱਧਰੀ ਕਿਸਮ ਦੇ ਉਤਪਾਦਾਂ ਦੇ ਅਧੀਨ ਕੁਝ ਬੀਮਾਰੀਆਂ, ਜਿਹਨਾਂ ਲਈ ਜੀਵਨ ਖਤਰਾ ਹੁੰਦਾ ਹੈ ਅਤੇ ਇਲਾਜ ਬਹੁਤ ਮਹਿੰਗਾ ਹੈ, ਲਈ ਚੋਣ ਮੌਜੂਦ ਹੈ।
- ✓ **ਬੀਮਾ ਕਰਵਾਈ ਰਕਮ ਦੀ ਮੁੜ-ਇੰਸਟਾਲਮੈਂਟ:** ਦਾਅਵੇ ਦੇ ਭੁਗਤਾਨ ਦੇ ਬਾਅਦ, ਬੀਮਾ ਕਰਵਾਈ ਰਕਮ (ਜੋ ਕਿ ਦਾਅਵੇ ਦੇ ਭੁਗਤਾਨ ਦੇ ਬਾਅਦ ਘੱਟ ਜਾਂਦੀ ਹੈ) ਨੂੰ ਵਾਧੂ ਪ੍ਰੀਮੀਅਮ ਦੇ ਭੁਗਤਾਨ ਕਰਕੇ ਅਸਲ ਹੱਦ ਤੱਕ ਵਾਪਿਸ ਪਰਤਾਇਆ ਜਾ ਸਕਦਾ ਹੈ।
- ✓ **ਅਯੂਸ਼ (AYUSH) - ਆਯੂਰਵੇਦ - ਯੋਗਾ - ਯੂਨਾਨੀ - ਸਿੱਧਾ - ਹੋਮੋਪੈਥੀ ਲਈ ਬੀਮਾ ਸੁਰੱਖਿਆ:** ਕੁਝ ਪਾਲਸੀਆਂ ਅਯੂਸ਼ ਇਲਾਦ ਲਈ ਹਸਪਤਾਲ ਵਿੱਚ ਭਰਤੀ ਹੋਣ ਦੇ ਖ਼ਰਚਿਆਂ ਲਈ ਕੁਝ ਫੀਸਦੀ ਤੱਕ ਸੁਰੱਖਿਆ ਦਿੰਦੀਆਂ ਹਨ।

xii. ਮੁੱਲ ਐਡ-ਆਨ ਬੀਮਾ-ਸੁਰੱਖਿਆ

ਕੁਝ ਹਰਜਾਨਾ ਉਤਪਾਦਾਂ ਵਿੱਚ ਹੇਠ ਦਿੱਤੀ ਸੂਚੀ ਦੇ ਮੁਤਾਬਕ ਮੁੱਲ ਵਾਧਾ ਕਰਨ ਵਾਲੀਆਂ ਬੀਮਾ ਸੁਰੱਖਿਆ ਸ਼ਾਮਿਲ ਹਨ। ਫਾਇਦੇ ਪਾਲਸੀ ਦੀਆਂ ਸ਼ਰਤਾਂ ਵਿੱਚ ਹਰੇਕ ਬੀਮਾ ਸੁਰੱਖਿਆ ਦੇ ਲਈ ਖਾਸ ਬੀਮਾ ਕਰਵਾਈ ਰਕਮ ਦੀ ਹੱਦ ਤੱਕ ਭੁਗਤਾਨ ਕਰਨ ਯੋਗ ਹੁੰਦੇ ਹਨ, ਜੋ ਕਿ ਕੁੱਲ ਬੀਮਾ ਕਰਵਾਈ ਰਕਮ ਤੋਂ ਵੱਧ ਨਹੀਂ ਸਕਦੇ ਹਨ।

- ✓ **ਨਾ-ਭਰਤੀ ਹੋਣ ਵਾਲੇ ਮਰੀਜ਼(ਆਉਟ-ਪੇਸ਼ੈਂਟ) ਬੀਮਾ-ਸੁਰੱਖਿਆ:**ਜਿਵੇਂ ਕਿ ਅਸੀਂ ਜਾਣਦੇ ਹਾਂ ਕਿ ਭਾਰਤ ਵਿੱਚ ਸਿਹਤ ਬੀਮਾ ਉਤਪਾਦ ਕੇਵਲ ਹਸਪਤਾਲ ਵਿੱਚ ਭਰਤੀ ਹੋਣ ਵਾਲੇ ਮਰੀਜਾਂ ਲਈ ਹੀ ਖ਼ਰਚਿਆਂ ਲਈ ਸੁਰੱਖਿਆ ਦਿੰਦੇ ਹਨ। ਕੁਝ ਕੰਪਨੀਆਂ ਨੇ ਹੁਣ ਉੱਚ-ਪੱਧਰੀ ਸਕੀਮਾਂ ਵਿਚੋਂ ਕੁਝ ਦੇ ਅਧੀਨ ਬਿਨਾਂ-ਭਰਤੀ ਹੋਣ ਵਾਲੇ ਮਰੀਜ਼ਾਂ ਲਈ ਵੀ ਸੀਮਿਤ ਸੁਰੱਖਿਆ ਦੇਣੀ ਸ਼ੁਰੂ ਕੀਤੀ ਹੈ।
- ✓ **ਹਸਪਤਾਲ ਨਕਦ:** ਇਹ ਖਾਸ ਦਿੱਤੇ ਸਮੇਂ ਲਈ ਹਸਪਤਾਲ ਵਿੱਚ ਭਰਤੀ ਰਹਿਣ ਦੇ ਹਰੇਕ ਦਿਨ ਲਈ ਸਥਿਰ ਇੱਕ-ਮੁਸ਼ਤ ਰਕਮ ਦਿੰਦੀ ਹੈ। ਆਮ ਤੌਰ ਉੱਤੇ 2/3 ਦਿਨਾਂ ਦੀ ਕਟੌਤੀ ਨਾਲ ਪਾਲਸੀਆਂ ਨਾਲ 7 ਦਿਨਾਂ ਲਈ ਅਲਹਿਦਗੀ ਨਾਲ ਇਜਾਜ਼ਤ ਹੁੰਦੀ ਹੈ। ਇਸਕਰਕੇ, ਫਾਇਦਾ ਕੇਵਲ ਤਾਂ ਹੀ ਮਿਲੇਗਾ ਜੇ ਹਸਪਤਾਲ ਅੰਤਰਾਲ ਕਟੌਤੀ ਅੰਤਰਾਲ ਤੋਂ ਵੱਧ ਹੋਵੇਗਾ। ਇਹ ਹਸਪਤਾਲ ਦਾਅਵੇ ਤੋਂ ਵਾਧੂ ਹੈ, ਪਰ ਪਾਲਸੀ ਦੇ ਅਧੀਨ ਬੀਮਾ ਕਰਵਾਈ ਪੂਰੀ ਰਕਮ ਦੇ ਵਿੱਚ ਹੈ ਜਾਂ ਵੱਖਰੀ ਅਧੀਨ-ਹੱਦ ਵਿੱਚ ਹੋ ਸਕਦੀ ਹੈ।

- ✓ **ਰਿਕਵਰੀ ਫਾਇਦਾ:** ਇੱਕ ਮੁਸ਼ਤ ਫਾਇਦਾ ਰਕਮ ਦਾ ਭੁਗਤਾਨ ਕੀਤਾ ਜਾਂਦਾ ਹੈ, ਜੇ ਬੀਮਾਰੀ ਅਤੇ/ਜਾਂ ਦੁਰਘਟਨਾ ਦੇ ਕਰਕੇ ਹਸਪਤਾਲ ਵਿੱਚ ਰਹਿਣ ਦਾ ਕੁੱਲ ਸਮਾਂ 10 ਦਿਨਾਂ ਤੋਂ ਘੱਟ ਨਹੀਂ ਹੈ।
- ✓ **ਦਾਨਕਰਤਾ ਦੇ ਖਰਚੇ:** ਪਾਲਸੀ ਵੱਡੇ ਅੰਗ ਟਰਾਂਸਪਲਾਂਟ ਦੇ ਕੇਸ ਵਿੱਚ ਦਾਨੀ ਦੇ ਖ਼ਰਚੇ ਨੂੰ ਪਾਲਸੀ ਵਿੱਚ ਦਿੱਤੇ ਗਏ ਨਿਯਮਾਂ ਤੇ ਸ਼ਰਤਾਂ ਦੇ ਤਹਿਤ ਧਨ-ਵਾਪਸ ਦਿੰਦੀ ਹੈ।
- ✓ **ਐਲਬੂਲੈਂਸ ਲਈ ਧਨ-ਵਾਪਸੀ:** ਬੀਮਤ/ਬੀਮਾ ਕਰਵਾਉਣ ਵਾਲੇ ਵਿਅਕਤੀ ਵਲੋਂ ਐਮਬੂਲੈਂਸ ਲਈ ਦਿੱਤੇ ਖ਼ਰਚੇ ਪਾਲਸੀ ਦੇ ਨਿਯਮਾਂ ਵਿੱਚ ਦਿੱਤੀ ਕੁਝ ਹੱਦ ਤੱਕ ਵਾਪਿਸ ਕੀਤੇ ਜਾਂਦੇ ਹਨ।
- ✓ **ਨਾਲ ਰਹਿਣ ਵਾਲੇ ਵਿਅਕਤੀ ਲਈ ਖਰਚੇ:** ਇਸ ਦਾ ਮਕਸਦ ਹਸਪਤਾਲ ਵਿੱਚ ਭਰਤੀ ਰਹਿਣ ਦੇ ਸਮੇਂ ਦੌਰਾਨ ਬੀਮਾ ਕਰਵਾਏ ਮਰੀਜ਼ ਨੂੰ ਸੰਭਾਲਣ ਵਾਲੇ ਵਿਅਕਤੀ ਦੇ ਭੋਜਨ, ਆਉਣ-ਜਾਣ ਦੇ ਹੋਏ ਖ਼ਰਚਿਆਂ ਲਈ ਸੁਰੱਖਿਆ ਦੇਣਾ ਹੈ। ਪਾਲਸੀ ਨਿਯਮਾਂ ਦੇ ਤਹਿਤ ਇੱਕ ਮੁਸ਼ਤ ਭੁਗਤਾਨ ਜਾਂ ਧਨ-ਵਾਪਸੀ ਭੁਗਤਾਨ ਕੀਤਾ ਜਾਂਦਾ ਹੈ, ਜੋਂ ਕਿ ਪਾਲਸੀ ਦੀ ਸ਼ਰਤ ਵਿੱਚ ਦਿੱਤੀ ਹੱਦ ਤੱਕ ਹੁੰਦਾ ਹੈ।
- ✓ **ਪਰਿਵਾਰ ਪਰਿਭਾਸ਼ਾ:** ਪਰਿਵਾਰ ਦੀ ਪਰਿਭਾਸ਼ਾ ਕੁਝ ਸਿਹਤ ਉਤਪਾਦਾਂ ਵਿੱਚ ਤਬਦੀਲ ਹੋਈ ਹੈ। ਪਹਿਲਾਂ, ਮੁੱਢਲੀ ਬੀਮਾ ਕਰਵਾਉਣ ਵਾਲਾ, ਜੀਵਨ-ਸਾਥੀ, ਨਿਰਭਰ ਬੱਚਿਆਂ ਨੂੰ ਬੀਮਾ-ਸੁਰੱਖਿਆ ਮਿਲਦੀ ਸੀ। ਹੁਣ ਪਾਲਸੀਆਂ ਵਿੱਚ ਮਾਪਿਆਂ ਤੇ ਸੁਹਰਿਆਂ ਨੂੰ ਵੀ ਇੱਕੋ ਪਾਲਸੀ ਅਧੀਨ ਸੁਰੱਖਿਆ ਦਿੱਤੀ ਜਾ ਸਕਦੀ ਹੈ।

D. ਟਾਪ-ਅੱਪ ਬੀਮਾ-ਸੁਰੱਖਿਆ ਜਾਂ ਉੱਚ ਕਟੌਤੀ ਬੀਮਾ ਸਕੀਮਾਂ

ਟਾਪ-ਅੱਪ ਬੀਮਾ-ਸੁਰੱਖਿਆ ਨੂੰ ਉੱਚ ਕਟੌਤੀ ਪਾਲਸੀ ਵਜੋਂ ਵੀ ਜਾਣਿਆ ਜਾਂਦਾ ਹੈ। ਕੌਮਾਂਤਰੀ ਬਾਜ਼ਾਰ ਵਿੱਚ ਬਹੁਤੇ ਲੋਕ ਟਾਪ-ਅੱਪ ਬੀਮਾ-ਸੁਰੱਖਿਆ ਨੂੰ ਸਹਿ-ਭੁਗਤਾਨ ਪਾਲਸੀਆਂ ਜਾਂ ਨਾ-ਸੁਰੱਖਿਆ ਪ੍ਰਾਪਤ ਬੀਮਾਰੀਆਂ ਜਾਂ ਇਲਾਜ ਦੇ ਨਾਲ ਖਰੀਦਦੇ ਹਨ। ਪਰ ਭਾਰਤ ਵਿੱਚ ਸ਼ੁਰੂ ਵੇਲੇ ਟਾਪ-ਅੱਪ ਬੀਮਾ-ਸੁਰੱਖਿਆ ਲਿਆਉਣ ਦਾ ਮੁੱਖ ਕਾਰਨ ਉੱਚ ਬੀਮਾ-ਸੁਰੱਖਿਆ ਵਾਲੇ ਉਤਪਾਦਾਂ ਦੀ ਕਮੀ ਸੀ, ਹਾਲਾਂਕਿ ਇਹ ਹੁਣ ਮੌਜੂਦ ਨਹੀਂ ਰਿਹਾ ਹੈ। ਸਿਹਤ ਪਾਲਸੀ ਦੇ ਅਧੀਨ ਬੀਮਾ ਸੁਰੱਖਿਆ ਦੀ ਵੱਧ ਤੋਂ ਵੱਧ ਰਕਮ ਬਹੁਤ ਲੰਮੇ ਸਮੇਂ ਤੱਕ 5,00,000 ਰੁਪਏ ਹੀ ਰਹੀ। ਕਿਸੇ ਵੀ ਵਿਅਕਤੀ ਨੂੰ, ਜੋ ਕਿ ਵੱਧ ਬੀਮਾ ਸੁਰੱਖਿਆ ਚਾਹੁੰਦਾ ਸੀ, ਨੂੰ ਦੋਹਰਾ ਪ੍ਰੀਮੀਅਮ ਦੇ ਕੇ ਦੂਜੀ ਪਾਲਸੀ ਖਰੀਦਣ ਲਈ ਮਜ਼ਬੂਰ ਹੋਣਾ ਪੈਂਦਾ ਸੀ। ਇਸ ਨਾਲ ਬੀਮਾਕਰਤਾਵਾਂ ਵਲੋਂ ਟਾਪ-ਅੱਪ ਪਾਲਸੀਆਂ ਵਿਕਸਤ ਕਰਨ ਦੀ ਲੋੜ ਪਈ, ਜੋ ਕਿ ਇੱਕ ਖਾਸ ਰਕਮ (ਥਰੈਸ਼ਹੋਲਡ) ਤੋਂ ਵੱਧ ਉੱਚ ਬੀਮਾ ਕੀਤੀ ਰਕਮ ਨਾਲ ਸੁਰੱਖਿਆ ਦੇ ਸਕਦੀਆਂ ਸਨ।

ਇਹ ਪਾਲਸੀ ਘੱਟ ਬੀਮਾ ਕੀਤੀ ਰਕਮ ਨੂੰ ਮੂਲ ਸਿਹਤ ਬੀਮਾ ਸੁਰੱਖਿਆ ਦੇ ਨਾਲ ਚੱਲਦੀ ਹੈ ਅਤੇ ਢੁੱਕਵੇਂ ਪ੍ਰੀਮੀਅਮ ਦੇ ਨਾਲ ਆਉਂਦੀ ਹੈ। ਉਦਾਹਰਨ ਲਈ, ਵਿਅਕਤੀ, ਜੋ ਕਿ ਆਪਣੇ ਰੁਜ਼ਗਾਰਦਾਤਾ ਵਲੋਂ ਬੀਮਾ ਸੁਰੱਖਿਆ ਲੈਂਦਾ ਹੈ, ਵਾਧੂ ਸੁਰੱਖਿਆ ਲਈ ਟਾਪ-ਅੱਪ ਬੀਮਾ ਸੁਰੱਖਿਆ ਦੀ ਵੀ ਚੋਣ ਕਰ ਸਕਦਾ ਹੈ (ਪਹਿਲੀ ਪਾਲਸੀ ਦੀ ਬੀਮਾ ਕਰਵਾਈ ਰਕਮ ਨੂੰ ਥਰੈਸ਼ਹੋਲਡ ਰੱਖ ਕੇ) ਇਹ ਖੁਦ ਤੇ ਪਰਿਵਾਰ ਲਈ ਹੋ ਸਕਦੀ ਹੈ, ਜਿਸ ਨਾਲ ਉੱਚ ਇਲਾਜ ਦੇ ਖ਼ਰਚੇ ਦੀ ਹਾਲਤ ਵਿੱਚ ਮਦਦ ਮਿਲ ਸਕਦੀ ਹੈ।

ਟਾਪ-ਅੱਪ ਪਾਲਸੀ ਦੇ ਤਹਿਤ ਦਾਅਵਾ ਪ੍ਰਾਪਤ ਕਰਨ ਦੇ ਯੋਗ ਹੋਣ ਲਈ, ਮੈਡੀਕਲ ਦਾਅਵਿਆਂ ਦੀ ਕੀਮਤ ਕਟੌਤੀਆਂ (ਜਾਂ ਥਰੈਸ਼ਹੋਲਡ) ਤੋਂ ਵੱਦ ਹੋਣੀ ਚਾਹੀਦੀ ਹੈ, ਜੋ ਕਿ ਸਕੀਮ ਦੇ ਤਹਿਤ ਚੁਣੀ ਗਈ ਹੈ ਅਤੇ ਧਨ-ਵਾਪਸੀ ਦੇ ਅਧੀਨ ਉੱਚ ਕਟੌਤੀ ਸਕੀਮ ਅਸਲ ਹੋਏ ਖ਼ਰਚਿਆਂ ਦੀ ਰਕਮ ਕਟੌਤੀਆਂ ਤੋਂ ਵੱਧ ਹੈ।

ਉਦਾਹਰਨ

ਵਿਅਕਤੀ ਨੂੰ ਉਸ ਦੇ ਮਾਲਕ ਵਲੋਂ 3 ਲੱਖ ਰੁਪਏ ਦੀ ਬੀਮਾ ਕਰਵਾਈ ਰਕਮ ਲਈ ਬੀਮਾ-ਸੁਰੱਖਿਆ ਦਿੱਤੀ ਜਾਂਦੀ ਹੈ। ਉਹ ਤਿੰਨ ਲੱਖ ਰੁਪਏ ਤੋਂ ਵੱਧ 10 ਲੱਖ ਰੁਪਏ ਤੱਕ ਟਾਪ-ਅੱਪ ਪਾਲਸੀ ਦੀ ਚੋਣ ਕਰ ਸਕਦਾ ਹੈ।

ਜੇ ਇੱਕ ਵਾਰ ਹਸਪਤਾਲ ਵਿੱਚ ਭਰਤੀ ਹੋਣ ਦਾ ਖ਼ਰਚਾ 5 ਲੱਖ ਰੁਪਏ ਤੱਕ ਹੈ ਤਾਂ ਮੂਲ ਪਾਲਸੀ ਕੇਵਲ ਤਿੰਨ ਲੱਖ ਰੁਪਏ ਤੱਕ ਹੀ ਸੁਰੱਖਿਆ ਦੇਵੇਗੀ। ਟਾਪ-ਅੱਪ ਬੀਮਾ-ਸੁਰੱਖਿਆ ਨਾਲ, ਬਾਕੀ ਦੋ ਲੱਖ ਰੁਪਏ ਦੀ ਰਕਮ ਦਾ ਭੁਗਤਾਨ ਟਾਪ-ਅੱਪ ਪਾਲਸੀ ਤੋਂ ਕੀਤਾ ਜਾਵੇਗਾ।

ਟਾਪ-ਅੱਪ ਪਾਲਸੀਆਂ ਸਸਤੀਆਂ ਆਉਂਦੀਆਂ ਹਨ ਅਤੇ ਇਕੱਲੀ 10 ਲੱਖ ਰੁਪਏ ਦੀ ਪਾਲਸੀ ਦੀ ਕੀਮਤ ਤਿੰਨ ਲੱਖ ਰੁਪਏ ਦੇ ਉੱਤੇ 10 ਲੱਖ ਰੁਪਏ ਵਾਲੀ ਟਾਪ-ਅੱਪ ਪਾਲਸੀ ਤੋਂ ਵੱਧ ਹੋਵੇਗੀ। ਰੁਪਏ ਤੱਕ ਟਾਪ-ਅੱਪ ਪਾਲਸੀ ਦੀ ਚੋਣ ਕਰ ਸਕਦਾ ਹੈ।

ਇਹ ਬੀਮਾ-ਸੁਰੱਖਿਆ ਵਿਅਕਤੀ ਅਤੇ ਪਰਿਵਾਰ ਦੇ ਅਧਾਰ ਉੱਤੇ ਮੌਜੂਦ ਹੁੰਦੀਆਂ ਹਨ। ਅੱਜ ਬਾਜ਼ਾਰ ਵਿੱਚ ਹਰ ਪਰਿਵਾਰਿਕ ਮੈਂਬਰ ਲਈ ਸੁਰੱਖਿਆ ਲਈ ਨਿੱਜੀ ਬੀਮਾ ਕੀਤੀ ਰਕਮ ਜਾਂ ਪਰਿਵਾਰ ਲਈ ਇਕੱਲੇ ਬੀਮਾ ਕਰਵਾਏ ਫਲੋਟਿੰਗ ਨੂੰ ਸੁਰੱਖਿਆ ਮੌਜੂਦ ਹੈ।

ਟਾਪ-ਅੱਪ ਸਕੀਮ ਦੇ ਤਹਿਤ ਹਸਪਤਾਲ ਵਿੱਚ ਭਰਤੀ ਹੋਣ ਦੇ ਹਰ ਵਾਰ ਕਟੌਤੀ ਰਕਮ ਪੂਰੀ ਹੋਣੀ ਚਾਹੀਦੀ ਹੈ, ਸਕੀਮ ਨੂੰ ਕੈਟਾਸਰੋਫ ਅਧਾਰਿਤ ਉੱਚ ਕਟੌਤੀ ਸਕੀਮ ਵੀ ਕਹਿੰਦੇ ਹਨ। ਇਸ ਦਾ ਅਰਥ ਹੈ ਕਿ ਭੁਗਤਾਨਯੋਗ ਹੋਣ ਦੇ ਲਈ, ਉੱਤੇ ਦਿੱਤੀ ਉਦਾਹਰਨ ਮੁਤਾਬਕ, ਹਰ ਵਾਰ ਦਾਅਵਾ ਰਕਮ 3 ਲੱਖ ਤੋਂ ਵੱਧਣੀ ਜ਼ਰੂਰੀ ਹੈ

ਪਰ ਟਾਪ-ਅੱਪ ਸਕੀਮਾਂ, ਜੋ ਕਿ ਪਾਲਸੀ ਦੇ ਸਮੇਂ ਦੇ ਦੌਰਾਨ ਹਸਪਤਾਲ ਵਿੱਚ ਭਰਤੀ ਰਹਿਣ ਦੀ ਲੜੀ ਦੇ ਦੌਰਾਨ ਕਟੌਤੀ ਦੀ ਇਜਾਜ਼ਤ ਦਿੰਦੇ ਹਨ, ਨੂੰ ਭਾਰਤ ਬਾਜ਼ਾਰ ਵਿੱਚ ਇਕੱਤਰ (**aggregate**) ਅਧਾਰਿਤ ਉੱਚ ਕਟੌਤੀ ਸਕੀਮ ਜਾਂ ਸੁਪਰ ਟਾਪ-ਅੱਪ (**super** top-up) ਬੀਮਾ ਸੁਰੱਖਿਆ ਵਜੋਂ ਜਾਣਿਆ ਜਾਂਦਾ ਹੈ। ਇਸ ਦਾ ਭਾਵ ਹੈ, ਉੱਤੇ ਦਿੱਤੀ ਉਦਾਹਰਨ ਮੁਤਾਬਕ, ਕਿ ਹਰੇਕ ਦਾਅਵੇ ਨੂੰ ਜੋੜਿਆ ਜਾਵੇਗਾ ਅਤੇ ਜਦੋਂ ਇਹ 3 ਲੱਖ ਰੁਪਏ ਤੋਂ ਵੱਧ ਗਿਆ ਤਾਂ ਟਾਪ-ਅੱਪ ਬੀਮਾ-ਸੁਰੱਖਿਆ ਦਾਅਵਿਆਂ ਦਾ ਭੁਗਤਾਨ ਕਰਨਾ ਸ਼ੁਰੂ ਕਰੇਗੀ।

ਹਸਪਤਾਲ ਹਰਜਾਨਾ ਪਾਲਸੀ ਦੀਆਂ ਮਿਆਰੀ ਨਿਯਮ, ਸ਼ਰਤਾਂ ਅਤੇ ਅਲਹਿਦਗੀਆਂ ਵਿੱਚੋਂ ਬਹੁਤੀਆਂ ਇਹ ਉਤਪਾਦਾਂ ਉੱਤੇ ਵੀ ਲਾਗੂ ਹੁੰਦੀਆਂ ਹਨ। ਕੁਝ ਬਾਜ਼ਾਰਾਂ ਵਿੱਚ, ਜਿੱਥੇ ਕਿ ਮੂਲ ਸਿਹਤ ਬੀਮਾ ਸਰਕਾਰ ਵਲੋਂ ਦਿੱਤਾ ਜਾਂਦਾ ਹੈ, ਬੀਮਾਕਰਤਾ ਕੇਵਲ ਟਾਪ-ਅੱਪ ਬੀਮਾ-ਸੁਰੱਖਿਆ ਦੇਣ ਦਾ ਹੀ ਕੰਮ ਕਰਦੇ ਹਨ।

E. ਸੀਨੀਅਰ ਨਾਗਰਿਕ ਨੀਤੀ

ਇਹ ਸਕੀਮਾਂ ਬੁੱਢੇ ਲੋਕਾਂ ਨੂੰ ਸੁਰੱਖਿਆ ਦੇਣ ਲਈ ਤਿਆਰ ਕੀਤੀਆਂ ਗਈਆਂ ਹਨ, ਜਿਹਨਾਂ ਨੂੰ ਕੁਝ ਉਮਰ ਦੇ ਬਾਅਦ ਬੀਮਾ-ਸੁਰੱਖਿਆ ਦੇਣ ਤੋਂ ਇਨਕਾਰ ਕੀਤਾ ਜਾਂਦਾ ਹੈ (ਜਿਵੇਂ ਕਿ 60 ਸਾਲ ਦੀ ਉਮਰ ਤੋਂ ਵੱਧ ਦੇ ਲੋਕ) ਬੀਮਾ-ਸੁਰੱਖਿਆ ਤੇ ਅਲਹਿਦਗੀਆਂ ਦਾ ਢਾਂਚਾ ਹਸਪਤਾਲ ਵਿੱਚ ਭਰਤੀ ਹੋਣ ਨੀਤੀ ਵਰਗਾ ਹੀ ਹੁੰਦਾ ਹੈ।

ਬੀਮਾ-ਸੁਰੱਖਿਆ ਵਿੱਚ ਬੁਢਾਪੇ ਵਿੱਚ ਬੀਮਾਰੀਆਂ ਤੇ ਉਡੀਕ ਅੰਤਰਾਲ ਸੈੱਟ ਕਰਨ ਲਈ ਖਾਸ ਧਿਆਨ ਦੇਣ ਦੀ ਲੋੜ ਹੁੰਦੀ ਹੈ। ਦਾਖਲਾ ਉਮਰ ਆਮ ਤੌਰ ਉੱਤੇ 60 ਸਾਲ ਦੇ ਬਾਅਦ ਹੈ ਅਤੇ ਜੀਵਨ-ਭਰ ਨਵਿਆਉਣਯੋਗ ਹੈ। ਬੀਮਾ ਕਰਵਾਈ ਰਕਮ ਰੁ. 50,000 ਤੋਂ ਰੁ. 5,00,000 ਤੱਕ ਹੋ ਸਕਦੀ ਹੈ। ਕੁਝ ਅਲਾਮਤਾਂ ਵਿੱਚ ਲਾਗੂ ਹੋਣ ਯੋਗ ਉਡੀਕ ਅੰਤਰਾਲ ਵਿੱਚ ਫ਼ਰਕ ਹੁੰਦਾ ਹੈ। ਉਦਾਹਰਨ: ਕਿਸੇ ਬੀਮਾਕਰਤਾ ਲਈ ਮੋਤੀਆ-ਬਿੰਦ ਲਈ ਉਡੀਕ 1 ਸਾਲ ਹੈ ਤੇ ਕਿਸੇ ਹੋਰ ਬੀਮਾਕਰਤਾ ਲਈ ਇਹੀ ਉਡੀਕ ਸਮਾਂ 2 ਸਾਲ।

ਇਸ ਦੇ ਨਾਲ ਹੀ ਕਿਸੇ ਬੀਮਾਕਰਤਾ ਕੋਲ ਅਲਾਮਤ ਲਈ ਕੋਈ ਉਡੀਕ ਸਮਾਂ ਨਹੀਂ ਹੋ ਸਕਦਾ ਹੈ, ਜਦ ਕਿ ਦੂਜੇ ਕੋਲ ਹੋ ਵੀ ਸਕਦਾ ਹੈ। ਉਦਾਹਰਨ: ਕੁਝ ਬੀਮਾਕਰਤਾਵਾਂ ਲਈ ਸਾਇਨਸਾਇਟਿਸ ਉਡੀਕ ਅੰਤਰਾਲ ਦੀ ਸ਼ਰਤ ਵਿੱਚ ਨਹੀਂ ਆਉਂਦੀ ਹੈ, ਜਦੋਂ ਕਿ ਕੁਝ ਇਸ ਲਈ ਉਡੀਕ ਅੰਤਰਾਲ ਸ਼ਾਮਿਲ ਕਰਦੇ ਹਨ।

ਪਹਿਲਾਂ-ਮੌਜੂਦ ਬੀਮਾਰੀ ਲਈ ਕੁਝ ਪਾਲਸੀਆਂ ਵਿੱਚ ਉਡੀਕ ਸਮਾਂ ਜਾਂ ਹੱਦ ਤਹਿ ਹੁੰਦੀ ਹੈ। ਹਸਪਤਾਲ ਤੋਂ ਪਹਿਲਾਂ-ਬਾਅਦ ਦੇ ਖ਼ਰਚੇ ਜਾਂ ਹਸਪਤਾਲ ਦਾਅਵੇ ਦੇ ਫੀਸਦੀ ਵਜੋਂ ਦਿੱਤੇ ਜਾਂਦੇ ਹਨ ਜਾਂ ਅਧੀਨ-ਹੱਦ ਮੁਤਾਬਕ, ਜੋ ਵੀ ਘੱਟ ਹੋਵੇ। ਕੁਝ ਪਾਲਸੀਆਂ ਵਿੱਚ, ਉਹ ਆਮ ਹਰਜਾਨਾ ਸਕੀਮਾਂ ਦੇ ਮੁਤਾਬਕ ਕੰਮ ਕਰਦੇ ਹਨ ਜਿਵੇਂ ਕਿ 30/60 ਜਾਂ 60/90 ਦਿਨਾਂ ਦੇ ਖਾਸ ਸਮੇਂ ਵਿੱਚ ਆਉਣ ਵਾਲੇ ਖ਼ਰਚੇ।

IRDAI ਨੇ ਬੀਮਤ ਵਿਅਕਤੀਆਂ, ਜੋ ਕਿ ਸੀਨੀਅਰ ਨਾਗਰਿਕ ਹਨ, ਲਈ ਖਾਸ ਪਰਬੰਧ ਕਰਨੇ ਜ਼ਰੂਰੀ ਕੀਤੇ ਹਨ:

1. ਸੀਨੀਅਰ ਨਾਗਰਿਕਾਂ ਨੂੰ ਪੇਸ਼ ਕੀਤੇ ਜਾਣ ਵਾਲੇ ਸਿਹਤ ਬੀਮਾ ਉਤਪਾਦਾਂ ਲਈ ਵਸੂਲੇ ਜਾਣ ਵਾਲਾ ਪ੍ਰੀਮੀਅਮ ਢੁੱਕਵਾਂ, ਅਨੁਕੂਲ, ਪਾਰਦਰਸ਼ੀ ਅਤੇ ਸਪਸ਼ਟ ਰੂਪ ਵਿੱਚ ਦਰਸਾਇਆ ਗਿਆ ਹੋਣਾ ਚਾਹੀਦਾ ਹੈ।

2. ਬੀਮਤ ਨੂੰ ਪ੍ਰੀਮੀਅਮ ਤੋਂਵੱਧ ਵਸੂਲੇ ਜਾਣ ਵਾਲੇ ਕਿਸੇ ਵੀ ਅੰਡਰਰਾਈਟਿੰਗ ਲੋਡਿੰਗ ਦੇ ਬਾਰੇ ਲਿਖਤੀ ਰੂਪ ਵਿੱਚ ਸੂਚਿਤ ਕੀਤਾ ਜਾਵੇਗਾ ਅਤੇ ਪਾਲਸੀ ਜਾਰੀ ਕਰਨ ਤੋਂ ਪਹਿਲਾਂ ਇੰਝ ਦੀ ਲੋਡਿੰਗ ਦੇ ਬਾਰੇ ਪਾਲਸੀਧਾਰਕ ਤੋਂ ਖਾਸ ਸਹਿਮਤੀ ਲੈਣ ਦੀ ਲੋੜ ਹੈ।

3. ਸਭ ਸਿਹਤ ਬੀਮਾਕਰਤਾ ਤੇ TPA ਸਿਹਤ ਬੀਮੇ ਦੇ ਸੰਬੰਧੀ ਸੀਨੀਅਰ ਨਾਗਰਿਕਾਂ ਦੇ ਦਾਅਵਿਆਂ ਤੇ ਸ਼ਿਕਾਇਤਾਂ ਨੂੰ ਨਿਪਟਾਉਣ ਲਈ ਵੱਖਰਾ ਚੈਨਲ ਤਿਆਰ ਕਰਨਗੇ।

F. ਸਥਿਰ ਫਾਇਦਾ ਬੀਮਾ-ਸੁਰੱਖਿਆ - ਹਸਪਤਾਲ ਨਕਦ, ਘਾਤਕ ਬੀਮਾਰੀ

ਸਿਹਤ ਬੀਮਾ ਪਾਲਸੀ ਵਿੱਚ ਬੀਮਾਕਰਤਾ ਲਈ ਸਭ ਤੋਂ ਵੱਡਾ ਜੋਖਿਮ ਪਾਲਸੀ ਫਾਇਦਿਆਂ ਦੀ ਬੇਲੋੜੀ ਅਤੇ ਬੇਕਾਰਨ ਵਰਤੋਂ ਹੈ। ਇਹ ਜਾਣਦੇ ਹੋਏ ਕਿ ਮਰੀਜ਼ ਸਿਹਤ ਪਾਲਸੀ ਦੇ ਅਧੀਨ ਸੁਰੱਖਿਆ ਪ੍ਰਾਪਤ ਹੈ ਤਾਂ ਡਾਕਟਰ, ਸਰਜਨ ਤੇ ਹਸਪਤਾਲ ਉਸ ਦਾ ਲੋੜ ਤੋਂ ਵੱਧ ਇਲਾਜ ਕਰਨ ਦੀ ਕੋਸ਼ਿਸ਼ ਕਰਦੇ ਹਨ। ਉਹ ਉਸ ਨੂੰ ਹਸਪਤਾਲ ਵਿੱਚ ਵੱਧ ਸਮਾਂ ਰੱਖਦੇ ਹਨ, ਬੇਲੋੜੀਆਂ ਜਾਂਚਾਂ ਤੇ ਲੇਬਾਰਟਰੀ ਟੈਸਟ ਕਰਦੇ ਹਨ ਅਤੇ ਇਸਕਰਕੇ ਲੋੜ ਜਿੰਨੀ ਰਕਮ ਤੋਂ ਵੱਧ ਇਲਾਜ ਦੇ ਖਰਚੇ ਨੂੰ ਵਧਾਉਂਦੇ ਹਨ। ਬੀਮਾਕਰਤਾ ਦੇ ਖਰਚਿਆਂ ਉੱਤੇ ਇੱਕ ਹੋਰ ਵੱਡਾ ਅਸਰ ਮੈਡੀਕਲ ਖ਼ਰਚਿਆਂ ਵਿੱਚ ਲਗਾਤਾਰ ਵਾਧਾ ਹੋਣਾ ਹੈ, ਜੋ ਕਿ ਪ੍ਰੀਮੀਅਮ ਦਰਾਂ ਵਿੱਚੋਂ ਵਾਧੇ ਤੋਂ ਵੱਧ ਹੁੰਦਾ ਹੈ।

ਇਸ ਦਾ ਜਵਾਬ ਸਥਿਰ ਫਾਇਦਾ ਬੀਮਾ ਸੁਰੱਖਿਆ ਹੈ। ਜਦੋਂ ਕਿ ਬੀਮਤ ਵਿਅਕਤੀ ਨੂੰ ਢੁੱਕਵੀਂ ਸੁਰੱਖਿਆ ਦਿੱਤੀ ਜਾਂਦੀ ਹੈ, ਸਥਿਰ ਫਾਇਦਾ ਬੀਮਾ-ਸੁਰੱਖਿਆ ਵੀ ਬੀਮਾਕਰਤਾ ਨੂੰ ਢੁੱਕਵੇਂ ਅੰਤਰਾਲ ਲਈ ਉਸ ਦੀ ਪਾਲਸੀ ਪ੍ਰਭਾਵੀ ਕੀਮਤ ਤਹਿ ਕਰਨ ਲਈ ਮਦਦ ਕਰਦੀ ਹੈ। ਇਸ ਉਤਪਾਦ ਵਿੱਚ, ਆਮ ਤੌਰ ਉੱਤੇ ਹਰੇਕ ਪ੍ਰਣਾਲੀ ਵਿੱਚ ਆਉਣ ਵਾਲੇ ਆਮ ਇਲਾਜਾਂ ਦੀ ਸੂਚੀ ਹੁੰਦੀ ਹੈ ਜਿਵੇਂ ਕਿ ਈਐਨਟੀ, ਓਪਥਾਲਮੋਲੋਜੀ, ਓਬਸਟਿਟਰਿਕਸ ਅਤੇ ਔਰਤ ਰੋਗ਼ ਆਦਿ ਅਤੇ ਉਹਨਾਂ ਵਿੱਚੋਂ ਹਰੇਕ ਲਈ ਵੱਧ ਤੋਂ ਵੱਧ ਭੁਗਤਾਨ ਪਾਲਸੀ ਵਿੱਚ ਦਿੱਤਾ ਹੁੰਦਾ ਹੈ।

ਬੀਮਤ ਨੂੰ ਉਸ ਵਲੋਂ ਦਿੱਤੇ ਗਏ ਇਲਾਜ ਲਈ ਖ਼ਰਚ ਕੀਤੀ ਰਕਮ ਦੇ ਉਲਟ ਪਹਿਲਾਂ ਹੀ ਤਹਿਸ਼ੁਦਾ ਰਕਮ ਦਾਅਵੇ ਵਜੋਂ ਮਿਲਦੀ ਹੈ। ਪੈਕੇਜ ਖ਼ਰਚੇ ਇਹਨਾਂ ਇਲਾਜਾਂ ਵਿੱਚੋਂ ਹਰੇਕ ਲਈ ਆਮ ਤੌਰ ਉੱਤੇ ਢੁੱਕਵੇਂ ਕੀਮਤ, ਜੋ ਕਿ ਹਾਲਤ ਦੇ ਇਲਾਜ ਲਈ ਚਾਹੀਦੀ ਹੈ, ਦੇ ਅਧਿਐਨ ਦੇ ਅਧਾਰ ਉੱਤੇ ਭੁਗਤਾਨਯੋਗ ਹੁੰਦੇ ਹਨ।

ਪੈਕੇਜ ਖ਼ਰਚੇ ਵਿੱਚ ਖ਼ਰਚਿਆਂ ਦੇ ਸਭ ਭਾਗ ਸ਼ਾਮਿਲ ਹੁੰਦੇ ਹਨ:

a) ਕਮਰਾ ਕਿਰਾਇਆ,
b) ਪੇਸ਼ੇਵਰ ਫੀਸਾਂ,
c) ਜਾਂਚ-ਪੜਤਾਲ,
d) ਦਵਾਈਆਂ,
e) ਹਸਪਤਾਲ ਵਿੱਚ ਭਰਤੀ ਹੋਣ ਤੋਂ ਪਹਿਲਾਂ ਤੇ ਬਾਅਦ ਦੇ ਖਰਚੇ ਆਦਿ।

ਪੈਕੇਜ ਖ਼ਰਚੇ ਵਿੱਚ ਭੋਜਨ, ਟਰਾਂਸਪੋਰਟ, ਐਮਬੂਲੈਂਸ ਖ਼ਰਚੇ ਆਦਿ ਸ਼ਾਮਿਲ ਹਨ, ਜੋ ਕਿ ਉਤਪਾਦ ਉੱਤੇ ਨਿਰਭਰ ਹਨ।

ਇਹ ਪਾਲਸੀਆਂ ਲਈ ਪ੍ਰਸ਼ਾਸ਼ਕੀ ਕੰਮ ਸੌਖੇ ਹਨ, ਕਿਉਂਕਿ ਹਸਪਤਾਲ ਵਿੱਚ ਭਰਤੀ ਹੋਣ ਦੇ ਖ਼ਰਚੇ ਦੇ ਸਬੂਤ ਅਤੇ ਪਾਲਸੀ ਦੇ ਅਧੀਨ ਬੀਮਾਰੀ ਲਈ ਇਲਾਜ ਵਾਸਤੇ ਬੀਮਾ ਸੁਰੱਖਿਆ ਦਾਅਵੇ ਉੱਤੇ ਕਾਰਵਾਈ ਕਰਨ ਲਈ ਕਾਫ਼ੀ ਹੈ।

ਕੁਝ ਉਤਪਾਦਾਂ ਵਿੱਚ ਸਥਿਰ ਫਾਇਦਾ ਬੀਮਾ ਸੁਰੱਖਿਆ ਦੇ ਨਾਲ ਰੋਜ਼ਾਨਾ ਨਕਦ ਫਾਇਦਾ ਵੀ ਸ਼ਾਮਿਲ ਹੁੰਦਾ ਹੈ। ਬੀਮਾ ਸੁਰੱਖਿਆ ਪ੍ਰਾਪਤ ਇਲਾਜਾਂ ਦੀ ਸੂਚੀ ਉਤਪਾਦ ਵਿੱਚ ਇਲਾਜਾਂ ਦੀ ਪਰਿਭਾਸ਼ਾ ਮੁਤਾਬਕ 75 ਤੋਂ ਲੈ ਕੇ 200 ਤੱਕ ਹੋ ਸਕਦੀ ਹੈ।

ਉਹਨਾਂ ਸਰਜਰੀਆਂ / ਇਲਾਜਾਂ ਲਈ ਸਥਿਰ ਰਕਮ ਭੁਗਤਾਨ ਕਰਨ ਦਾ ਸਿਧਾਂਤ ਵੀ ਹੈ, ਜੇ ਉਹਨਾਂ ਦਾ ਨਾਂ ਪਾਲਸੀ ਦੀ ਸੂਚੀ ਵਿੱਚ ਨਾ ਹੋਵੇ। ਪਾਲਸੀ ਦੇ ਸਮੇਂ ਦੌਰਾਨ ਵੱਖ-ਵੱਖ ਇਲਾਜਾਂ ਲਈ ਕਈ ਦਾਅਵੇ ਵੀ ਸੰਭਵ ਹਨ। ਪਰ ਅੰਤ ਵਿੱਚ ਦਾਅਵੇ ਪਾਲਸੀ ਦੇ ਅਧੀਨ ਬੀਮਾ ਕਰਵਾਈ ਰਕਮ ਲਈ ਸੀਮਿਤ ਹੈ।

ਸਥਿਰ ਫਾਇਦਾ ਬੀਮਾ ਸਕੀਮਾਂ ਵਿੱਚੋਂ ਕੁਝ ਹਨ:

- ✓ ਹਸਪਤਾਲ ਰੋਜ਼ਾਨਾ ਨਕਦ ਬੀਮਾ ਸਕੀਮਾਂ
- ✓ ਘਾਤਕ ਬੀਮਾਰੀ ਬੀਮਾ ਸਕੀਮਾਂ

1. ਹਸਪਤਾਲ ਰੋਜ਼ਾਨਾ ਨਕਦ ਨੀਤੀ

a) ਹਰੇਕ ਦਿਨ ਰਕਮ ਹੱਦ

ਹਸਪਤਾਲ ਨਕਦ ਸੁਰੱਖਿਆ ਹਸਪਤਾਲ ਵਿੱਚ ਭਰਤੀ ਹੋਣ ਦੇ ਹਰ ਦਿਨ ਲਈ ਬੀਮਤ ਨੂੰ ਸਥਿਰ ਰਕਮ ਦਿੰਦੀ ਹੈ। ਹਰ ਦਿਨ ਨਕਦ ਸੁਰੱਖਿਆ (ਉਦਾਹਰਨ ਲਈ) 1,500 ਰੁਪਏ ਪ੍ਰਤੀ ਦਿਨ ਤੋਂ 5,000 ਰੁਪਏ ਜਾਂ ਵੱਧ ਹਰ ਦਿਨ ਲਈ ਹੋ ਸਕਦਾ ਹੈ। ਹਰ ਬੀਮਾਰੀ ਲਈ ਅਤੇ ਪਾਲਸੀ ਦੇ ਦੌਰਾਨ ਰੋਜ਼ਾਨਾ ਨਕਦ ਭੁਗਤਾਨ ਉੱਤੇ ਉੱਪਰੀ ਹੱਦ ਹੁੰਦੀ ਹੈ, ਜੋ ਕਿ ਅਕਸਰ ਸਾਲਾਨਾ ਪਾਲਸੀ ਹੁੰਦੀ ਹੈ।

b) ਭੁਗਤਾਨ ਦਿਨਾਂ ਦੀ ਗਿਣਤੀ

ਇਹ ਪਾਲਸੀ ਦੇ ਕੁਝ ਬਦਲਾਂ ਵਿੱਚ, ਮਨਜ਼ੂਰ ਕੀਤੇ ਰੋਜ਼ਾਨਾ ਨਕਦ ਲਈ ਦਿਨਾਂ ਦੀ ਗਿਣਤੀ ਇਲਾਜ ਕਰਵਾਉਣ ਵਾਲੀ ਬੀਮਾਰੀ ਨਾਲ ਜੋੜੀ ਹੁੰਦੀ ਹੈ। ਇਲਾਜਾਂ ਤੇ ਹਰੇਕ ਲਈ ਰਹਿਣ ਦੀ ਵੇਰਵੇ ਸਮੇਤ ਸੂਚੀ ਵਿੱਚ ਬੰਦਿਸ਼ ਲਗਾਈ ਹੁੰਦੀ ਹੈ, ਜੋ ਕਿ ਹਰ ਕਿਸਮ ਦੇ ਇਲਾਜ/ਬੀਮਾਰੀ ਲਈ ਮਨਜ਼ੂਰ ਕੀਤੇ ਰੋਜ਼ਾਨਾ ਨਕਦ ਫਾਇਦਿਆਂ ਨੂੰ ਸੀਮਿਤ ਕਰਦੀ ਹੈ।

c) ਇੱਕਲੀ ਬੀਮਾ-ਸੁਰੱਖਿਆ ਜਾਂ ਐਡ-ਐਨ ਬੀਮਾ-ਸੁਰੱਖਿਆ

ਹਸਪਤਾਲ ਰੋਜ਼ਾਨਾ ਨਕਦ ਪਾਲਸੀ ਇਕੱਲੀ ਪਾਲਸੀ ਵਜੋਂ ਵੀ ਮਿਲਦੀ ਹੈ, ਜਿਵੇਂ ਕਿ ਕੁਝ ਬੀਮਾਕਰਤਾ ਦਿੰਦੇ ਹਨ, ਜਦ ਕਿ ਦੂਜੇ ਪਾਸੇ ਇਸ ਨੂੰ ਨਿਯਮਤ ਹਰਜਾਨਾ ਪਾਲਸੀ ਦੇ ਨਾਲ ਐਡ-ਆਨ ਵਜੋਂ ਵੀ ਦਿੱਤਾ ਜਾਂਦਾ ਹੈ। ਇਹ ਪਾਲਸੀਆਂ ਬੀਮਤ ਨੂੰ ਅਚਾਨਕ ਹੋਣ ਵਾਲੇ ਖ਼ਰਚ ਦੇ ਭੁਗਤਾਨ ਲਈ ਸਥਿਰ ਰਕਮ ਵਜੋਂ ਭੁਗਤਾਨ ਲਈ ਮਦਦ ਕਰਦੀਆਂ ਹਨ ਅਤੇ ਇਲਾਜ ਦੇ ਅਸਲ ਖ਼ਰਚ ਦੇ ਨਾਲ ਸੰਬੰਧਿਤ ਨਹੀਂ ਹਨ। ਇਸ ਨੂੰ ਪਾਲਸੀ ਦੇ ਅਧੀਨ ਹਰਜਾਨਾ ਅਧਾਰਿਤ ਸਿਹਤ ਬੀਮਾ ਸਕੀਮ ਦੇ ਅਧੀਨ ਪ੍ਰਾਪਤ ਕਿਸੇ ਵੀ ਬੀਮਾ-ਸੁਰੱਖਿਆ ਦੇ ਨਾਲ ਜੋੜ ਕੇ ਭੁਗਤਾਨ ਕਰਨ ਦੀ ਇਜਾਜ਼ਤ ਹੁੰਦੀ ਹੈ।

d) ਸਹਾਇਕ ਬੀਮਾ-ਸੁਰੱਖਿਆ

ਇਹ ਪਾਲਸੀਆਂ ਨਿਯਮਤ ਹਸਪਤਾਲ ਖ਼ਰਚਾ ਪਾਲਸੀ ਦਾ ਸਹਾਇਕ ਹੋ ਸਕਦੀਆਂ ਹਨ ਕਿਉਂਕਿ ਇਹ ਖ਼ਰਚਾ ਪ੍ਰਭਾਵੀ ਹਨ ਅਤੇ ਹਾਦਸਾ ਖ਼ਰਚ ਅਤੇ ਹਰਜਾਨਾ ਪਾਲਸੀ ਦੇ ਤਹਿਤ ਨਾ-ਭੁਗਤਾਨਯੋਗ ਖ਼ਰਚਿਆਂ, ਜਿਵੇਂ ਕਿ ਅਲਹਿਦਗੀਆਂ, ਸਹਿਯੋਗ-ਭੁਗਤਾਨ ਆਦਿ ਲਈ ਮੁਆਵਜ਼ਾ ਦਿੰਦੀਆਂ ਹਨ।

e) ਬੀਮਾ-ਸੁਰੱਖਿਆ ਦੇ ਹੋਰ ਫਾਇਦੇ

ਬੀਮਾਕਰਤਾ ਦੇ ਪੱਖ ਤੋਂ, ਇਹ ਸਕੀਮ ਦੇ ਕਈ ਫਾਇਦੇ ਹਨ ਜਿਵੇਂ ਕਿ ਇਹ ਗਾਹਕ ਨੂੰ ਸਮਝਾਉਣੀ ਸੌਖੀ ਹੈ ਅਤੇ ਇਸਕਰਕੇ ਛੇਤੀ ਵਿਕ ਸਕਦੀ ਹੈ। ਇਹ ਮੈਡੀਕਲ ਮਹਿੰਗਾਈ-ਦਰ ਨੂੰ ਪਿਛਾੜਦੀ ਹੈ, ਕਿਉਂਕਿ ਹਸਪਤਾਲ ਵਿੱਚ ਭਰਤੀ ਹੋਣ ਦੇ ਦੌਰਾਨ ਹਰ ਦਿਨ ਲਈ ਸਥਿਰ ਰਕਮ ਦਾ ਭੁਗਤਾਨ ਕੀਤਾ ਜਾਂਦਾ ਹੈ, ਭਾਵੇਂ ਕਿ ਅਸਲ ਖ਼ਰਚ ਜੋ ਵੀ ਹੋਵੇ। ਇਸ ਦੇ ਨਾਲ ਹੀ ਇੰਝ ਦੇ ਬੀਮਾ ਸੁਰੱਖਿਆ ਅਤੇ ਦਾਅਵਾ ਸਮਝੌਤਿਆਂ ਦੀ ਮਨਜ਼ੂਰ ਵੀ ਬਹੁਤ ਸੌਖੀ ਹੁੰਦੀ ਹੈ।

2. ਘਾਤਕ ਬੀਮਾਰੀ ਨੀਤੀ

ਇਸ ਉਤਪਾਦ ਨੂੰ **ਡਰਾਉਣੀ ਬੀਮਾਰੀ ਬੀਮਾ-ਸੁਰੱਖਿਆ** ਜਾਂ **ਸਦਮਾ ਦੇਖਭਾਲ ਬੀਮਾ-ਸੁਰੱਖਿਆ** ਵਜੋਂ ਵੀ ਜਾਣਿਆ ਜਾਂਦਾ ਹੈ

ਮੈਡੀਕਲ ਵਿਗਿਆਨ ਵਿੱਚ ਤਰੱਕੀ ਦੇ ਨਾਲ, ਵੱਡੀਆਂ ਬੀਮਾਰੀਆਂ ਜਿਵੇਂ ਕਿ ਕੈਂਸਰ, ਦੌਰੇ ਅਤੇ ਦਿਲ ਦੇ ਦੌਰੇ ਆਦਿ ਤੋਂ ਲੋਕ ਬਚ ਰਹੇ ਹਨ, ਜਿਹਨਾਂ ਦੇ ਪੁਰਾਣੇ ਸਮਿਆਂ ਨਤੀਜੇ ਮੌਤ ਦੇ ਰੂਪ ਵਿੱਚ ਹੁੰਦੇ ਸਨ। ਇੱਕ ਵਾਰ ਫੇਰ ਇੰਝ ਦੀਆਂ ਵੱਡੀਆਂ ਬੀਮਾਰੀਆਂ ਤੋਂ ਬਚਣ ਦੇ ਬਾਅਦ ਜੀਵਨ ਉਮੀਦ ਕਾਫ਼ੀ ਵੱਧ ਜਾਂਦੀ ਹੈ। ਪਰ ਵੱਡੀ ਬੀਮਾਰੀ ਤੋਂ ਬਚਣ ਨਾਲ ਇਲਾਜ ਕਰਵਾਉਣ ਲਈ ਵੱਡੇ ਖ਼ਰਚੇ ਨਾਲ ਨਾਲ ਇਲਾਜ ਤੋਂ ਬਾਅਦ ਜਿਉਂਦੇ ਰਹਿਣ ਦੇ ਖ਼ਰਚੇ ਹੁੰਦੇ ਹਨ। ਇਸਕਰਕੇ ਗੰਭੀਰ ਬੀਮਾਰੀ ਵਿਅਕਤੀ ਦੀ ਵਿੱਤੀ ਸੁਰੱਖਿਆ ਲਈ ਖ਼ਤਰਾ ਹੁੰਦੀ ਹੈ।

a) ਗੰਭੀਰ ਬੀਮਾਰੀ ਪਾਲਸੀ ਫਾਇਦਾ ਪਾਲਸੀ ਹੈ, ਜੋ ਕਿ ਕੁਝ ਨਾਂ ਵਾਲੀਆਂ ਗੰਭੀਰ ਬੀਮਾਰੀਆਂ ਲਈ ਪਤਾ ਲੱਗਣ ਉੱਤੇ ਇੱਕ-ਮੁਸ਼ਤ ਰਕਮ ਦਾ ਭੁਗਤਾਨ ਕਰਨ ਦਾ ਪ੍ਰਬੰਧ ਹੈ।
b) ਇਸ ਨੂੰ ਵੇਚਿਆ ਜਾਂਦਾ ਹੈ:
   - ✓ ਇਕੱਲੀ ਨੀਤੀ ਵਜੋਂ ਜਾਂ
   - ✓ ਕੁਝ ਸਿਹਤ ਨੀਤੀਆਂ ਲਈ ਐਡ-ਆਨ ਬੀਮਾ-ਸੁਰੱਖਿਆ ਵਜੋਂ ਜਾਂ
   - ✓ ਕੁਝ ਜੀਵਨ ਬੀਮਾ ਨੀਤੀਆਂ ਲਈ ਐਡ-ਆਨ ਬੀਮਾ-ਸੁਰੱਖਿਆ ਵਜੋਂ

ਭਾਰਤ ਵਿੱਚ ਗੰਭੀਰ ਬੀਮਾਰੀ ਫਾਇਦੇ ਆਮ ਤੌਰ ਉੱਤੇ ਜੀਵਨ ਬੀਮਾਕਰਤਾਵਾਂ ਵਲੋਂ ਜੀਵਨ ਪਾਲਸੀਆਂ ਦੇ ਨਾਲ ਰਾਈਡਰ ਵਜੋਂ ਵੇਚੀਆਂ ਜਾਂਦੀਆਂ ਹਨ ਅਤੇ ਉਹਨਾਂ ਵਲੋਂ ਦੋ ਕਿਸਮ ਦੀਆਂ ਸੁਰੱਖਿਆ ਦਿੱਤੀਆਂ ਜਾਂਦੀਆਂ ਹਨ - ਐਕਸਲੇਟਡ ਸੀਆਈ ਫਾਇਦਾ ਸਕੀਮ ਅਤੇ ਇਕੱਲੀ ਸੀਆਈ ਫਾਇਦਾ ਸਕੀਮ। ਸੁਰੱਖਿਆ ਦਿੱਤੀਆਂ ਬੀਮਾਰੀਆਂ

ਦੀ ਠੀਕ ਪਰਿਭਾਸ਼ਾ ਅਤੇ ਚੰਗੀ ਅੰਡਰਰਾਟੀਇੰਗ ਬਹੁਤ ਹੀ ਮਹੱਤਵਪੂਰਨ ਹੈ, ਜਦੋਂ ਇਹ ਫਾਇਦਾ ਵੇਚਿਆ ਜਾਂਦਾ ਹੈ। ਉਲਝਣ ਨੂੰ ਦੂਰ ਕਰਨ ਲਈ, 20 ਆਮ ਗੰਭੀਰ ਬੀਮਾਰੀਆਂ ਦੀਆਂ ਪਰਿਭਾਸ਼ਾਵਾਂ ਨੂੰ IRDA ਸਿਹਤ ਬੀਮਾ ਮਿਆਰੀਕਰਨ ਸੇਧਾਂ ਰਾਹੀਂ ਮਿਆਰੀਕਰਨ ਕੀਤਾ ਗਿਆ ਹੈ। (ਕਿਰਪਾ ਕਰਕੇ ਅੰਤ ਉੱਤੇ ਅੰਤਿਕਾ ਦੇਖੋ ਜੀ)।

ਪਰ, ਜਾਰੀ ਕਰਨ ਦੇ ਪੜਾਅ ਉੱਤੇ ਉਲਟ ਚੋਣ (ਜਿੱਥੇ ਕਿ ਬਹੁਤੇ ਲੋਕਇਸ ਬੀਮੇ ਦਾ ਫਾਇਦਾ ਵੱਧ ਤੋਂ ਵੱਧ ਲੈਣਾ ਚਾਹੁੰਦੇ ਹਨ) ਬਹੁਤ ਵੱਧ ਹੁੰਦਾ ਹੈ ਅਤੇ ਪੇਸ਼ਕਰਤਾ ਦੀ ਸਰੀਰਿਕ ਸਥਿਤੀ ਦਾ ਪਤਾ ਲਗਾਉਣਾ ਜ਼ਰੂਰੀ ਹੁੰਦਾ ਹੈ। ਢੁੱਕਵੇਂ ਡਾਟਾ ਨਾ ਹੋਣ ਦੇ ਕਰਕੇ, ਇਸ ਸਮੇਂ ਗੰਭੀਰ ਬੀਮਾਰੀ ਸਕੀਮਾਂ ਦੀ ਕੀਮਤ ਮੁੜ-ਬੀਮਾਕਰਤਾ ਦੇ ਡਾਟੇ ਰਾਹੀਂ ਸਹਾਇਕ ਹੈ।

c) ਗੰਭੀਰ ਬੀਮਾਰੀਆਂ ਵੱਡੀਆਂ ਬੀਮਾਰੀਆਂ ਹੁੰਦੀਆਂ ਹਨ, ਜੋ ਕਿ ਨਾ ਕੇਵਲ ਬਹੁਤ ਵੱਡੇ ਹਸਪਤਾਲ ਵਿੱਚ ਭਰਤੀ ਹੋਣ ਦੇ ਖ਼ਰਚੇ ਖ਼ੜ੍ਹੇ ਕਰਦੀਆਂ ਹਨ, ਬਲਕਿ ਉਹਨਾਂ ਨਾਲ ਅਪੰਗਤਾ, ਅੰਗਾਂ ਦਾ ਨਿਕਾਰਾ ਹੋਣਾ, ਕਮਾਈ ਖਤਮ ਹੋਣ ਆਦਿ ਵੀ ਹੋ ਸਕਦੀ ਹੈ ਅਤੇ ਹਸਪਤਾਲ ਵਿੱਚ ਭਰਤੀ ਹੋਣ ਦੇ ਬਾਅਦ ਲੰਮੇ ਸਮੇਂ ਲਈ ਦੇਖਭਾਲ ਦੀ ਲੋੜ ਵੀ ਹੋ ਸਕਦੀ ਹੈ।

d) ਗੰਭੀਰ ਬੀਮਾਰੀ ਪਾਲਸੀ ਅਕਸਰ ਹਸਪਤਾਲ ਹਰਜਾਨਾ ਪਾਲਸੀ ਦੇ ਨਾਲ ਵਾਧੂ ਰੂਪ ਵਿੱਚ ਲੈਣ ਦੀ ਸਿਫਾਰਸ਼ ਕੀਤੀ ਜਾਂਦੀ ਹੈ ਤਾਂ ਕਿ ਪਾਲਸੀ ਦੇ ਅਧੀਨ ਮੁਆਵਜ਼ਾ ਪਰਿਵਾਰ ਉੱਤੇ ਵਿੱਤੀ ਬੋਝ ਨੂੰ ਘਟਾਉਣ ਲਈ ਮਦਦ ਕਰ ਸਕੇ, ਜਿਸ ਦਾ ਮੈਂਬਰ ਇੰਝ ਦੀ ਬੀਮਾਰੀ ਨਾਲ ਪੀੜਤ ਹੈ।

e) ਬੀਮਾ ਸੁਰੱਖਿਆ ਪ੍ਰਾਪਤ ਗੰਭੀਰ ਬੀਮਾਰੀਆਂ ਬੀਮਾਕਰਤਾ ਤੇ ਉਤਪਾਦਾਂ ਦੇ ਮੁਤਾਬਕ ਵੱਖ-ਵੱਖ ਹੋ ਸਕਦੀਆਂ ਹਨ, ਪਰ ਕੁਝ ਆਮ ਵਿੱਚ ਸ਼ਾਮਿਲ ਹਨ:

- ✓ ਖਾਸ ਤੀਬਰਤਾ ਦਾ ਕੈਂਸਰ
- ✓ ਨਾਜ਼ਕ ਦੌਰੇ ਰੁਕਾਵਟ
- ✓ ਕੋਰੋਨਰੀ ਧਮਣੀ ਸਰਜਰੀ
- ✓ ਦਿਲ ਵਾਲਵ ਪਰਿਵਰਤਨ
- ✓ ਖਾਸ ਤੀਬਰਤਾ ਦਾ ਕੋਮਾ
- ✓ ਗੁਰਦਾ ਫੇਲ੍ਹ ਹੋਣਾ
- ✓ ਪੱਕੇ ਲੱਛਣਾਂ ਵਿੱਚ ਨਤੀਜੇ ਵਜੋਂ ਸਟਰੋਕ
- ✓ ਵੱਡਾ ਅੰਗ / ਬੋਨ ਮੇਰੋ ਟਰਾਂਸਪਲਾਂਟ
- ✓ ਕਈ ਸਕਲਾਰੋਸਿਸ
- ✓ ਮੋਟਰ ਨਿਊਰਨ ਬੀਮਾਰੀ
- ✓ ਅੰਗ-ਪੈਰਾਂ ਦੀ ਪੱਕੇ ਤੌਰ ਉੱਤੇ ਅਧਰੰਗ
- ✓ ਵੱਡੀ ਦੁਰਘਟਣਾ ਦੇ ਕਰਕੇ ਪੱਕੇ ਤੌਰ ਉੱਤੇ ਅਪੰਗਤਾ

ਨਾਜ਼ਕ ਬੀਮਾਰੀ ਦੀ ਸੂਚੀ ਸਥਿਰ ਨਹੀਂ ਹੈ ਅਤੇ ਲਗਾਤਾਰ ਬਦਲਦੀ ਰਹਿੰਦੀ ਹੈ। ਕੁਝ ਅੰਤਰਰਾਸ਼ਟਰੀ ਬਾਜ਼ਾਰਾਂ ਵਿੱਚ, ਬੀਮਾਕਰਤਾ ਹਾਲਤਾਂ ਨੂੰ 'ਮੂਲ' ਅਤੇ 'ਵਾਧੂ' ਦੇ ਰੂਪ ਵਿੱਚ ਵੰਡਦੇ ਹਨ, ਇਸ ਤੋਂ ਬਿਨਾਂ ਬੀਮਾ-ਸੁਰੱਖਿਆ ਪ੍ਰਾਪਤ ਹਾਲਤ ਜਿਵੇਂ ਕਿ ਅਲਜ਼ਾਇਮਰ ਦੀ ਬੀਮਾਰੀ। ਕਈ ਵਾਰ 'ਟਰਮੀਨਲ ਬੀਮਾਰੀ' ਵਿੱਚ ਬੇਸ਼ੱਕ ਬਹੁਤ ਵੱਡੀ ਪ੍ਰੀਮੀਅਮ ਨਾਲ ਬੀਮਾ-ਸੁਰੱਖਿਆ ਸ਼ਾਮਿਲ ਕੀਤੀ ਹੁੰਦੀ ਹੈ।

f) ਜਦੋਂ ਕਿ ਬਹੁਤੀਆਂ ਗੰਭੀਰ ਬੀਮਾਰੀ ਪਾਲਸੀਆਂ ਬੀਮਾਰੀ ਦੀ ਜਾਂਚ-ਪੜਤਾਲ ਲਈ ਇੱਕ-ਮੁਸ਼ਤ ਭੁਗਤਾਨ ਕਰਦੀਆਂ ਹਨ, ਕੁਝ ਪਾਲਸੀਆਂ ਹਨ, ਜੋ ਕਿ ਕੇਵਲ ਖ਼ਰਚਿਆਂ ਦੇ ਲਈ ਧਨ-ਵਾਪਸੀ ਦੇ ਰੂਪ ਵਿੱਚ ਹੀ ਹਸਪਤਾਲ ਭਰਤੀ ਹੋਣ ਦੇ ਖ਼ਰਚੇ ਦਿੰਦੇ ਹਨ। ਕੁਝ ਉਤਪਾਦ ਦੋਵਾਂ ਸੁਰੱਖਿਆ ਦਾ ਜੋੜ ਪੇਸ਼ ਕਰਦੀਆਂ ਹਨ ਭਾਵ ਮਰੀਜ਼ ਦੇ ਹਸਪਤਾਲ ਭਰਤੀ ਹੋਣ ਦੇ ਖ਼ਰਚਿਆਂ ਲਈ ਹਰਜਾਨਾ ਅਤੇ ਪਾਲਸੀ ਵਿੱਚ ਦਿੱਤੇ ਨਾਂ ਵਾਲੀ ਵੱਡੀ ਬੀਮਾਰੀ ਦੀ ਜਾਂਚ ਉੱਤੇ ਇੱਕ-ਮੁਸ਼ਤ ਭੁਗਤਾਨ।

g) ਗੰਭੀਰ ਬੀਮਾਰੀ ਪਾਲਸੀਆਂ ਅਕਸਰ 21 ਸਾਲ ਤੋਂ 65 ਸਾਲ ਤੱਕ ਦੇ ਵਿਅਕਤੀਆਂ ਲਈ ਉਪਲੱਬਧ ਹੁੰਦੀਆਂ ਹਨ।

h) ਇਹਨਾਂ ਪਾਲਸੀਆਂ ਦੇ ਅਧੀਨ ਬੀਮਾ ਕਰਵਾਈ ਰਕਮ ਬਹੁਤ ਵੱਡੀ ਹੁੰਦੀ ਹੈ, ਕਿਉਂਕਿ ਇਹ ਪਾਲਸੀ ਦਾ ਮੁੱਢਲਾ ਕਾਰਨ ਇੰਝ ਦੀ ਬੀਮਾਰੀ ਦੇ ਨਾਲ ਸੰਬੰਧਿਤ ਲੰਮੇ ਸਮੇਂ ਦੇ ਵਿੱਤੀ ਬੋਝ ਲਈ ਦਿੱਤੀਆਂ ਜਾਂਦੀਆਂ ਹਨ।

i) ਇਹ ਪਾਲਸੀਆਂ ਦੇ ਅਧੀਨ ਬੀਮਾ ਕਰਵਾਈ ਰਕਮ ਦਾ ਅਕਸਰ 100% ਗੰਭੀਰ ਬੀਮਾਰੀ ਦਾ ਪਤਾ ਲੱਗਣ ਉੱਤੇ ਭੁਗਤਾਨ ਕੀਤਾ ਜਾਂਦਾ ਹੈ। ਕੁਝ ਕੇਸਾਂ ਵਿੱਚ ਮੁਆਵਜ਼ਾ ਬੀਮਾ ਕਰਵਾਈ ਰਕਮ ਦਾ 25% ਤੋਂ 100% ਤੱਕ ਹੋ ਸਕਦਾ ਹੈ, ਜੋ ਕਿ ਪਾਲਸੀ ਨਿਯਮਾਂ ਤੇ ਸ਼ਰਤਾਂ ਅਤੇ ਬੀਮਾਰੀ ਦੀ ਗੰਭੀਰਤਾ ਉੱਤੇ ਨਿਰਭਰ ਹੁੰਦਾ ਹੈ।

j) ਸਭ ਗੰਭੀਰ ਬੀਮਾਰੀ ਪਾਲਸੀਆਂ ਵਿੱਚ ਇੱਕ ਮਿਆਰੀ ਸ਼ਰਤ ਪਾਲਸੀ ਦੇ ਅਧੀਨ ਭੁਗਤਾਨ ਯੋਗ ਕਿਸੇ ਵੀ ਫਾਇਦੇ ਲਈ ਪਾਲਸੀ ਸ਼ੁਰੂ ਹੋਣ ਤੋਂ 90 ਦਿਨਾਂ ਤੱਕ ਉਡੀਕ ਸਮਾਂ ਹੁੰਦਾ ਹੈ ਅਤੇ ਬੀਮਾਰੀ ਦੀ ਜਾਂਚ-ਪੜਾਤਲ ਦੇ 30 ਦਿਨ ਬਾਅਦ ਤੱਕ ਜਿਉਣ ਦੀ ਸ਼ਰਤ ਹੁੰਦੀ ਹੈ। ਜਿਉਣ ਸ਼ਰਤ ਨੂੰ ਸ਼ਾਮਿਲ ਕੀਤਾ ਜਾਂਦਾ ਹੈ ਤਾਂ ਕਿ ਇਹ ਫਾਇਦੇ ਨੂੰ "ਮੌਤ ਫਾਇਦੇ" ਨਾਲ ਉਲਝਾਇਆ ਨਾ ਜਾਵੇ, ਬਲਕਿ "ਜਿਉਂਦੇ ਰਹਿਣ ਫਾਇਦੇ" ਵਜੋਂ ਸਮਝਿਆ ਜਾਵੇਗਾ, ਭਾਵ ਕਿ ਗੰਭੀਰ ਬੀਮਾਰੀ ਦੇ ਬਾਅਦ ਆਉਣ ਵਾਲੇ ਮੁਸ਼ਕਿਲ ਸਮੇਂ ਨੂੰ ਲੰਘਾਉਣ ਲਈ।

k) ਖਾਸ ਤੌਰ ਉੱਤੇ 45 ਸਾਲ ਦੀ ਉਮਰ ਤੋਂ ਵੱਧ ਵਾਲੇ ਵਿਅਕਤੀ ਲਈ ਸਖ਼ਤ ਮੈਡੀਕਲ ਟੈਸਟ ਕੀਤੇ ਜਾਂਦੇ ਹਨ, ਜੋ ਕਿ ਗੰਭੀਰ ਬੀਮਾਰੀ ਨੀਤੀ ਲੈਣੀ ਚਾਹੁੰਦੇ ਹਨ। ਮਿਆਰੀ ਅਲਹਿਦਗੀਆਂ ਸਿਹਤ ਬੀਮਾ ਉਤਪਾਦਾਂ ਵਿੱਚ ਮੌਜੂਦ ਅਲਹਿਦਗੀਆਂ ਵਾਂਗ ਹੀ ਹੁੰਦੀਆਂ ਹਨ, ਪਤਾ ਕਰਨ ਲਈ ਜਾਂ ਮੈਡੀਕਲ ਸਲਾਹ ਦੀ ਪਾਲਣਾ ਕਰਨ ਲਈ ਅਸਫ਼ਲ ਰਹਿਣਾ, ਜਾਂ ਉਡੀਕ ਸਮੇਂ ਨੂੰ ਟਾਲਣ ਲਈ ਮੈਡੀਕਲ ਇਲਾਜ ਵਿੱਚ ਦੇਰੀ ਕਰਨੀ ਖਾਸ ਤੌਰ ਉੱਤੇ ਅਲਹਿਦਗੀਆਂ ਵਿੱਚ ਸ਼ਾਮਿਲ ਹਨ।

l) ਬੀਮਾਕਰਤਾ ਬੀਮਤ ਨੂੰ ਕੇਵਲ ਇੱਕ ਵਾਰ ਹੀ ਪਾਲਸੀ ਵਿੱਚ ਸੁਰੱਖਿਆ ਦਿੱਤੀਆਂ ਬੀਮਾਰੀਆਂ ਦੇ ਇੱਕ ਜਾਂ ਵੱਧ ਨੂੰ ਹੀ ਮੁਆਵਾਜ਼ਾ ਦਿੰਦਾ ਹੈ ਜਾਂ ਕੁਝ ਸੀਮਿਤ ਗਿਣਤੀ ਤੱਕ ਕਈ ਵਾਰ ਭੁਗਤਾਨ ਕਰਦਾ ਹੈ। ਬੀਮਤ ਵਿਅਕਤੀ ਵਿੱਚੋਂ ਕਿਸੇ ਲਈ ਵੀ ਪਾਲਸੀ ਦੇ ਅਧੀਨ ਇੱਕ ਵਾਰ ਮੁਆਵਜ਼ਾ ਦੇਣ ਦੇ ਬਾਅਦ ਪਾਲਸੀ ਖਤਮ ਹੁੰਦੀ ਹੈ।

m) ਗੰਭੀਰ ਬੀਮਾਰੀ ਪਾਲਸੀ ਗਰੁੱਪ ਪੇਸ਼ਕਸ਼ ਵੀ ਕਰਦੀ ਹੈ, ਜੋ ਕਿ ਖਾਸ ਤੌਰ ਉੱਤੇ ਕਾਰਪੋਰੇਟ ਹਨ, ਜਿਹਨਾਂ ਨੇ ਆਪਣੇ ਮੁਲਾਜ਼ਮਾਂ ਲਈ ਪਾਲਸੀਆਂ ਲੈਣੀਆਂ ਹਨ।

G. ਲੰਮਾ ਸਮਾਂ ਦੇਖਭਾਲ ਬੀਮਾ

ਅੱਜ, ਜੀਵਨ ਉਮੀਦ ਵੱਧਣ ਨਾਲ, ਸੰਸਾਰ ਵਿੱਚ ਬੁੱਢੇ ਲੋਕਾਂ ਦੀ ਆਬਾਦੀ ਵੱਧ ਰਹੀ ਹੈ। ਉਮਰ ਵੱਧਣ ਵਾਲੀ ਆਬਾਦੀ ਵੱਧਣ ਦੇ ਨਾਲ, ਸੰਸਾਰ ਭਰ ਵਿੱਚ ਲੰਮੇ ਸਮੇਂ ਲਈ ਦੇਖਭਾਲ ਬੀਮਾ ਪ੍ਰਾਪਤ ਕਰਨ ਦੀ ਮਹੱਤਤਾ ਵੀ ਵੱਧ ਰਹੀ ਹੈ। ਬੁੱਢੇ ਲੋਕਾਂ ਨੂੰ ਲੰਮੇ ਸਮੇਂ ਦੀ ਦੇਖਭਾਲ ਦੀ ਲੋੜ ਹੁੰਦੀ ਹੈ ਅਤੇ ਉਹਨਾਂ ਲੋਕਾਂ ਨੂੰ ਵੀ ਜਿਹੜੇ ਕਿ ਕਿਸੇ ਕਿਸਮ ਦੀ ਅਪੰਗਤਾ ਤੋਂ ਪੀੜਿਤ ਹੁੰਦੇ ਹਨ। ਲੰਮੇ ਸਮੇਂ ਦੀ ਦੇਖਭਾਲ ਦਾ ਭਾਵ ਹੈ ਕਿ ਲੋਕਾਂ, ਜੋ ਕਿ ਸਹਾਇਤਾ ਤੋਂ ਬਿਨਾਂ ਖੁਦ ਦੀ ਦੇਖਭਾਲ ਕਰਨ ਤੋਂ ਅਸਮਰੱਥ ਹਨ ਤੇ ਜਿਹਨਾਂ ਦੀ ਸਿਹਤ ਦੀ ਭਵਿੱਖ ਵਿੱਚ ਠੀਕ ਹੋਣ ਦੀ ਕੋਈ ਸੰਭਾਵਨਾ ਨਹੀਂ ਹੁੰਦੀਹ, ਲਈ ਲਗਾਤਾਰ ਨਿੱਜੀ ਜਾਂ ਨਰਸਿੰਗ ਦੇਖਭਾਲ ਦੇ ਸਭ ਰੂਪ ਹਨ।

ਲੰਮਾ ਸਮਾਂ ਦੇਖਭਾਲ ਲਈ ਦੋ ਕਿਸਮ ਦੀਆਂ ਸਕੀਮਾਂ ਹਨ:

a) ਪਹਿਲਾਂ-ਫੰਡ ਸਕੀਮ, ਜਿਹਨਾਂ ਨੂੰ ਸਿਹਤਮੰਦ ਬੀਮਤ ਵਲੋਂ ਆਪਣੇ ਭਵਿੱਖ ਦੇ ਮੈਡੀਕਲ ਖ਼ਰਚਿਆਂ ਦੀ ਦੇਖਭਾਲ ਲਈ ਖਰੀਦਿਆ ਜਾਂਦਾ ਹੈ ਅਤੇ

b) ਤੁਰੰਤ ਲੋੜ ਸਕੀਮ, ਜਿਹਨਾਂ ਨੂੰ ਇੱਕ ਮੁਸ਼ਤ ਪ੍ਰੀਮੀਅਮ ਦੇ ਕੇ ਖਰੀਦਿਆ ਜਾਂਦਾ ਹੈ, ਜਦੋਂ ਕਿ ਬੀਮਤ ਨੂੰ ਲੰਮੇ ਸਮੇਂ ਦੀ ਦੇਖਭਾਲ ਦੀ ਲੋੜ ਹੁੰਦੀ ਹੈ।

ਅਪੰਗਤਾ ਦੀ ਤੀਬਰਤਾ (ਅਤੇ ਉਮੀਦ ਕੀਤਾ ਜਿਉਂਦੇ ਰਹਿਣ ਦਾ ਸਮਾਂ) ਫਾਇਦੇ ਦੀ ਰਾਸ਼ੀ ਤਹਿ ਕਰਦੀ ਹੈ। ਲੰਮਾ ਸਮਾਂ ਦੇਖਭਾਲ ਉਤਪਾਦਾਂ ਨੇ ਹਾਲੇ ਭਾਰਤੀ ਬਾਜ਼ਾਰ ਵਿੱਚ ਵਿਕਸਤ ਹੋਣਾ ਹੈ।

ਭਵਿੱਖ ਅਰੋਗਤਾ ਪਾਲਸੀ

ਪਹਿਲਾਂ ਪ੍ਰੀ-ਫੰਡਡ ਬੀਮਾ ਸਕੀਮ ਨੂੰ ਚਾਰ ਜਨਤਕ ਖੇਤਰ ਦੀਆਂ ਜਨਰਲ ਬੀਮਾ ਕੰਪਨੀਆਂ ਵਲੋਂ ਭਵਿੱਖ ਅਰੋਗਤਾ ਪਾਲਸੀ ਦੇ ਤਹਿਤ ਵੇਚਿਆ ਗਿਆ ਸੀ। ਸਾਲ 1990 ਵਿੱਚ ਪੇਸ਼ ਕਰਨ ਕਰਨ ਦੌਰਾਨ ਪਾਲਸੀ ਮੁੱਖ ਰੂਪ ਵਿੱਚ ਬੀਮਾ ਕਰਵਾਉਣ ਵਾਲੇ ਵਿਅਕਤੀ ਦੀਆਂ ਰਿਟਾਇਰ ਹੋਣ ਦੇ ਬਾਅਦ ਲੋੜਾਂ ਨੂੰ ਪੂਰਾ ਕਰਨ ਲਈ ਸੀ, ਜਦੋਂ ਕਿ ਉਹ ਆਪਣੇ ਕੰਮਕਾਜ ਦੇ ਜੀਵਨ ਦੌਰਾਨ ਪ੍ਰੀਮੀਅਮ ਭੁਗਤਾਨ ਕਰਦਾ ਸੀ। ਇਹ ਜੀਵਨ ਬੀਮਾ ਪਾਲਸੀ ਲੈਣ ਵਾਂਗ ਹੀ ਹੈ, ਬੱਸ ਇਸ ਮੌਤ ਦੀ ਬਜਾਏ ਭਵਿੱਖ ਦੇ ਡਾਕਟਰੀ ਖ਼ਰਚਿਆਂ ਲਈ ਸੁਰੱਖਿਆ ਦਿੰਦੀ ਹੈ।

a) ਮੁਲਤਵੀ ਮੈਡੀਕਲੇਮ

ਪਾਲਸੀ ਮੁਲਤਵੀ ਜਾਂ ਭਵਿੱਖ ਦੀ ਮੈਡੀਕਲੇਮ ਪਾਲਸੀ ਹੈ ਅਤੇ ਮੈਡੀਕਲੇਮ ਪਾਲਸੀ ਦੇ ਵਾਂਗ ਹੀ ਬੀਮਾ ਸੁਰੱਖਿਆ ਦਿੰਦੀ ਹੈ। ਪੇਸ਼ਕਰਤਾ 25 ਤੋਂ 55 ਸਾਲਾਂ ਦੀ ਉਮਰ ਵਿਚਾਲੇ ਕਦੇ ਵੀ ਸਕੀਮ ਵਿੱਚ ਹਿੱਸਾ ਲੈ ਸਕਦਾ ਹੈ।

b) ਰਿਟਾਇਰਮੈਂਟ ਉਮਰ

ਉਹ 55 ਤੋਂ 60 ਸਾਲਾਂ ਦੇ ਵਿਚਾਲੇ ਰਿਟਾਇਰਮੈਂਟ ਉਮਰ ਦੀ ਚੋਣ ਇਹ ਸ਼ਰਤ ਉੱਤੇ ਕਰਦਾ ਹੈ ਕਿ ਭਾਗ ਲੈਣ ਦੀ ਮਿਤੀ ਅਤੇ ਚੁਣੀ ਗਈ ਰਿਟਾਇਰਮੈਂਟ ਉਮਰ ਦੇ ਵਿਚਾਲੇ ਸਪਸ਼ਟ ਰੂਪ ਨਾਲ 4 ਸਾਲਾਂ ਦਾ ਅੰਤਰ ਹੋਣਾ ਚਾਹੀਦਾ ਹੈ। ਪਾਲਸੀ ਰਿਟਾਇਰਮੈਂਟ ਉਮਰ ਦਾ ਭਾਵ ਹੈ ਕਿ ਬੀਮਤ ਵਲੋਂ ਪੇਸ਼ਕਸ਼ ਦਸਤਖਤ ਕਰਨ ਦੇ ਸਮੇਂ ਚੁਣੀ ਗਈ ਉਮਰ ਅਤੇ ਪਾਲਸੀ ਦੇ ਅਧੀਨ ਫਾਇਦੇ ਸ਼ੁਰੂ ਹੋਣ ਦੇ ਵਾਸਤੇ ਨਿਯਮ ਵਿੱਚ ਦਿੱਤੀ ਗਈ ਹੈ। ਇਸ ਉਮਰ ਨੂੰ ਪਹਿਲਾਂ ਨਹੀਂ ਕੀਤਾ ਜਾ ਸਕਦਾ ਹੈ।

c) ਪਹਿਲਾਂ-ਰਿਟਾਇਰਮੈਂਟ ਸਮਾਂ

ਪਹਿਲਾਂ-ਰਿਟਾਇਰਮੈਂਟ ਸਮੇਂ ਦਾ ਭਾਵ ਹੈ ਸਮਾਂ-ਅੰਤਰਾਲ ਪੇਸ਼ਕਸ਼ ਨੂੰ ਮਨਜ਼ੂਰ ਕਰਨ ਦੀ ਮਿਤੀ ਤੋਂ ਸ਼ੁਰੂ ਹੁੰਦਾ ਹੈ ਅਤੇ ਸੈਡਿਊਲ ਵਿੱਚ ਦਿੱਤੀ ਪਾਲਸੀ ਰਿਟਾਇਰਮੈਂਟ ਉਮਰ ਨਾਲ ਖ਼ਤਮ ਹੁੰਦਾ ਹੈ। ਇਸ ਸਮੇਂ ਦੇ ਦੌਰਾਨ ਬੀਮਤ ਲਾਗੂ ਹੋਣ ਵਾਲੀ ਕਿਸ਼ਤ/ਇਕੱਲੀ ਪ੍ਰੀਮੀਅਮ ਰਕਮ ਦਾ ਭੁਗਤਾਨ ਕਰੇਗਾ। ਬੀਮਤ ਕੋਲ ਇੱਕ ਮੁਸ਼ਤ ਭੁਗਤਾਨ ਕਰਨ ਜਾਂ ਕਿਸ਼ਤਾਂ ਦੇ ਰੂਪ ਵਿੱਚ ਭੁਗਤਾਨ ਕਰ ਸਕਦਾ ਹੈ।

d) ਕਢਵਾਉਣਾ

ਜੇ, ਬੀਮਤ ਮਰ ਜਾਂਦਾ ਹੈ ਜਾਂ ਸਕੀਮ ਵਿੱਚੋਂ ਰਕਮ ਕਢਵਾਉਣੀ ਚਾਹੁੰਦਾ ਹੈ ਜਾਂ ਤਾਂ ਰਿਟਾਇਰਮੈਂਟ ਉਮਰ ਤੋਂ ਪਹਿਲਾਂ ਜਾਂ ਰਿਟਾਇਰਮੈਂਟ ਉਮਰ ਦੇ ਬਾਅਦ ਤਾਂ ਢੁੱਕਵੇਂ ਪ੍ਰੀਮੀਅਮ ਨੂੰ ਵਾਪਿਸ ਕੀਤਾ ਜਾਵੇਗਾ, ਜੋ ਕਿ ਪਾਲਸੀ ਦੇ ਅਧੀਨ ਕਿਸੇ ਦਾਅਵੇ ਦੇ ਬਿਨਾਂ ਮਨਜ਼ੂਰ ਹੋਵੇਗਾ। ਨਵਿਆਉਣ ਵਿੱਚ ਢੁੱਕਵੇਂ ਕਾਰਨ ਹੋਣ ਕਰਕੇ ਪ੍ਰੀਮੀਅਮ ਦੇ ਭੁਗਤਾਨ ਲਈ 7 ਦਿਨਾਂ ਦੀ ਛੋਟ (ਗਰੇਸ) ਦਾ ਨਿਯਮ ਹੈ।

e) ਨਿਯੁਕਤੀ

ਸਕੀਮ ਨਿਯੁਕਤ ਲਈ ਦਿੱਤੀ ਜਾਂਦੀ ਹੈ।

f) ਅਲਹਿਦਾ

ਪਾਲਸੀ ਵਿੱਚ ਪਹਿਲਾਂ-ਮੌਜੂਦਾ ਬੀਮਾਰੀਆਂ ਦੀ ਅਲਹਿਦਗੀ, 30 ਦਿਨਾਂ ਦਾ ਉਡੀਕ ਸਮਾਂ ਅਤੇ ਮੈਡੀਕਲੇਮ ਦੇ ਵਾਂਗ ਖਾਸ ਬੀਮਾਰੀ ਲਈ ਪਹਿਲੇ ਸਾਲ ਲਈ ਅਲਹਿਦਗੀ ਨਹੀਂ ਹੈ। ਕਿਉਂਕਿ ਇਹ ਭਵਿੱਖ ਮੈਡੀਕਲੇਮ ਪਾਲਸੀ ਹੈ ਤਾਂ ਇਹ ਸਪਸ਼ਟ ਤੌਰ ਉੱਤੇ ਨਿਆਂਪੂਰਕ ਹੈ।

g) ਗਰੁੱਪ ਬੀਮਾ ਬਦਲ

ਪਾਲਸੀ ਗਰੁੱਪ ਦੇ ਅਧਾਰ ਉੱਤੇ ਵੀ ਲਈ ਜਾ ਸਕਦੀ ਹੈ, ਜਿਸ ਕੇਸ ਵਿੱਚ ਗਰੁੱਪ ਛੋਟ ਦੀ ਸਹੂਲਤ ਵੀ ਮਿਲਦੀ ਹੈ।

H. ਕੰਬੀ-ਉਤਪਾਦ

ਕਈ ਵਾਰ, ਜੀਵਨ ਬੀਮੇ ਨਾਲ ਮਿਲਦੇ ਉਤਪਾਦਾਂ ਨੂੰ ਸਿਹਤ ਬੀਮਾ ਉਤਪਾਦਾਂ ਨਾਲ ਜੋੜ ਦਿੱਤਾ ਜਾਂਦਾ ਹੈ। ਇਹ ਪੈਕੇਜ ਵਿੱਚ ਦੋ ਉਤਪਾਦਾਂ ਦੇ ਪ੍ਰਸਾਰ ਦਾ ਢੰਗਾ ਹੈ, ਜਿੱਥੇ ਦੋ ਬੀਮਾ ਕਰਨ ਵਾਲੇ ਇਕੱਠੇ ਆ ਕੇ ਆਪਸੀ ਸਮਝ ਤਿਆਰ ਕਰਦੇ ਹਨ।

ਬੀਮਾ ਅਤੇ ਜੀਵਨ ਕੰਬੀ ਉਤਪਾਦ ਦਾ ਭਾਵ ਉਤਪਾਦਾਂ ਤੋਂ ਹੈ ਜੋ ਕਿ ਜੀਵਨ ਬੀਮਾ ਕੰਪਨੀ ਵਲੋਂ ਜੀਵਨ ਬੀਮਾ ਸੁਰੱਖਿਆ ਅਤੇ ਗ਼ੈਰ-ਜੀਵਨ ਅਤੇ//ਜਾਂ ਇੱਕਲੀ ਸਿਹਤ ਬੀਮਾ ਕੰਪਨੀ ਵਲੋਂ ਦਿੱਤੀ ਸਿਹਤ ਬੀਮਾ ਸੁਰੱਖਿਆ ਦੋਵੇਂ ਦਿੰਦੇ ਹਨ।

ਉਤਪਾਦਾਂ ਨੂੰ ਦੋ ਬੀਮਾਕਰਤਾ ਵਲੋਂ ਸਾਂਝੇ ਰੂਪ ਵਿੱਚ ਤਿਆਰ ਕੀਤਾ ਜਾਂਦਾ ਹੈ ਅਤੇ ਦੋਵਾਂ ਦੇ ਵਿਕਰੀ ਚੈਨਲ ਰਾਹੀਂ ਵੇਚਿਆ ਜਾਂਦਾ ਹੈ। ਬੇਸ਼ੱਕ ਇਹ ਦੋ ਕੰਪਨੀਆਂ ਦੇ ਵਿਚਾਲੇ ਰਿਸ਼ਤਾ ਹੋਵੇਗਾ ਅਤੇ ਮੌਜੂਦਾ ਨਿਯਮਾਂ ਦੇ ਮੁਤਾਬਕ, ਇੰਝ ਦੇ ਸੰਬੰਧ ਨੂੰ ਕਿਸੇ ਵੀ ਸਮੇਂ ਇੱਕ ਜੀਵਨ ਬੀਮਾਕਰਤਾ ਤੇ ਇੱਕ ਗ਼ੈਰ-ਜੀਵਨ ਬੀਮਾਕਰਤਾ ਵਿਚਾਲੇ ਹੀ ਮਨਜ਼ੂਰ ਕੀਤਾ ਜਾਵੇਗਾ। ਇੰਝ ਦੀਆਂ ਕੰਪਨੀਆਂ ਦੇ ਵਿਚਾਲੇ ਬਾਜ਼ਾਰੀਕਰਨ ਦੇ ਢੰਗ, ਪਾਲਸੀ ਸੇਵਾ ਦੇਣ ਤੇ ਹੋਣ ਵਾਲੇ ਆਮ ਖ਼ਰਚਿਆਂ ਅਤੇ ਪਾਲਸੀ ਸੇਵਾ ਦੇਣ ਤੇ ਪ੍ਰੀਮੀਅਮ ਲੈਣ-ਦੇਣ ਨੂੰ ਸਾਂਝਾ ਕਰਨ ਲਈ ਆਪਸੀ ਸਹਿਮਤੀ ਪੱਤਰ ਬਣਾਇਆ ਹੋਣਾ ਜ਼ਰੂਰੀ ਹੈ। ਸੰਬੰਧ ਲਈ IRDAI ਦੀ ਮਨਜ਼ੂਰੀ ਕਿਸੇ ਵੀ ਬੀਮਾਕਤਾ ਵਲੋਂ ਲਈ ਜਾ ਸਕਦੀ ਹੈ। ਇਕਰਾਰ ਲੰਮੇ ਸਮੇਂ ਲਈ ਹੋਣਾ ਚਾਹੀਦਾ ਹੈ ਅਤੇ ਸੰਬੰਧ ਨੂੰ ਖਤਮ ਕਰਨ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ, ਜਦੋਂ ਤੱਕ ਕਿ ਖਾਸ ਹਾਲਤਾਂ ਵਿੱਚ IRDAI ਵਲੋਂ ਸਹਿਮਤੀ ਨਾ ਦਿੱਤੀ ਹੋਵੇ।

13. ਦੱਸੀ ਗਈ ਬੀਮਾਰੀ ਦੇ ਬਾਰੇ ਸਾਰ
14. ਦਾਖਲ ਹੋਣ ਦੇ ਸਮੇਂ ਸਰੀਰਿਕ ਜਾਂਚ ਉੱਤੇ ਲੱਭੇ ਮੁੱਖ ਕਾਰਨ
15. ਸ਼ਰਾਬ, ਤੰਬਾਕੂ ਜਾਂ ਦਵਾਈਆਂ ਦੀ ਦੁਰਵਰਤੋਂ ਦਾ ਅਤੀਤ, ਜੇ ਕੋਈ ਹੈ
16. ਖਾਸ ਪਿਛਲਾ ਮੈਡੀਕਲ ਅਤੇ ਸਰਜੀਕਲ ਅਤੀਤ ਜੇ ਕੋਈ ਹੈ

17. ਪਰਿਵਾਰਿਕ ਅਤੀਤ ਜੇ ਜਾਂਚ-ਪੜਤਾਲ ਜਾਂ ਇਲਾਜ ਦੇ ਸੰਬੰਧ ਵਿੱਚ ਖਾਸ/ਢੁੱਕਵਾਂ ਹੈ
18. ਹਸਪਤਾਲ ਵਿੱਚ ਭਰਤੀ ਹੋਣ ਦੇ ਦੌਰਾਨ ਮੁੱਖ ਜਾਂਚਾਂ ਦਾ ਸਾਰ
19. ਹਸਪਤਾਲ ਵਿੱਚ ਕੋਰਸ, ਜਿਸ ਵਿੱਚ ਜਟਿਲਤਾਵਾਂ ਸ਼ਾਮਲ ਹਨ, ਜੇ ਕੋਈ ਹੋਣ
20. ਛੁੱਟੀ ਮਿਲਣ ਉੱਤੇ ਸਲਾਹ
21. ਇਲਾਜ ਕਰਨ ਵਾਲੇ ਡਾਕਟਰ/ਪ੍ਰਮਾਣਿਤ ਡਾਕਟਰਾਂ ਦੀ ਟੀਮ ਦਾ ਨਾਂ ਤੇ ਦਸਤਖਤ
22. ਮਰੀਜ਼ / ਸਲਾਹ ਦਾ ਨਾਂ ਤੇ ਦਸਤਖਤ

ਇੱਕ ਠੀਕ ਤਰ੍ਹਾਂ ਲਿਖਿਆ ਛੁੱਟੀ ਦਾ ਸਾਰ ਦਾਅਵੇ ਉੱਤੇ ਕਾਰਵਾਈ ਕਰਨ ਵਾਲੇ ਵਿਅਕਤੀ ਨੂੰ ਤੁਰੰਤ ਬੀਮਾਰੀ / ਸੱਟ, ਇਲਾਜ ਬਾਰੇ ਸਮਝਣ ਲਈ ਮਦਦ ਕਰਦਾ ਹੈ, ਜਿਸ ਨਾਲ ਸਮਝੌਤੇ ਦੀ ਕਾਰਵਾਈ ਤੇਜ਼ ਹੁੰਦੀ ਹੈ। IRDAI ਮਿਆਰੀਕਰਨ ਸੇਧਾਂ ਵਿੱਚ ਦਾਅਵਿਆਂ ਦੇ ਪ੍ਰਭਾਵੀ ਢੰਗ ਨਾਲ ਨਿਪਟਾਉਣ ਲਈ ਛੁੱਟੀ ਸਾਰ ਵਿੱਚ ਦਿੱਤੀ ਜਾਣ ਵਾਲੀ ਸਮੱਗਰੀ ਸੁਝਾਈ ਗਈ ਹੈ। ਜਦੋਂ ਮਰੀਜ਼ ਬਦਕਿਸਮਤੀ ਨਾਲ ਬਚ ਨਹੀਂ ਸਕਦਾ ਹੈ ਤਾਂ ਛੁੱਟੀ ਸਾਰ ਨੂੰ ਕਈ ਹਸਪਤਾਲਾਂ ਵਿੱਚ **ਮੌਤ ਸਾਰ** (Death Summary) ਕਿਹਾ ਜਾਂਦਾ ਹੈ।

ਛੁੱਟੀ ਸਾਰ ਹਮੇਸ਼ਾ ਅਸਲ ਹੋਣਾ ਚਾਹੀਦਾ ਹੈ।

2. ਜਾਂਚ ਰਿਪੋਰਟਾਂ

ਜਾਂਚ ਰਿਪੋਰਟਾਂ ਨਿਰੀਖਣ ਤੇ ਇਲਾਜ ਦੀ ਤੁਲਨਾ ਕਰਨ ਲਈ ਮਦਦ ਕਰਦੀਆਂ ਹਨ, ਜਿਸ ਨਾਲ ਅਸਲ ਹਾਲਤ, ਜਿਸ ਕਰਕੇ ਇਲਾਜ ਕਰਵਾਉਣਾ ਪਿਆ, ਅਤੇ ਹਸਪਤਾਲ ਵਿੱਚ ਭਰਤੀ ਰਹਿਣ ਦੇ ਦੌਰਾਨ ਹੋਏ ਸੁਧਾਰ ਬਾਰੇ ਜ਼ਰੂਰੀ ਜਾਣਕਾਰੀ ਮਿਲਦੀ ਹੈ।

ਜਾਂਚ ਰਿਪੋਰਟਾਂ ਵਿੱਚ ਅਕਸਰ ਸ਼ਾਮਿਲ ਹੁੰਦਾ ਹੈ:

a) ਖ਼ੂਨ ਜਾਂਚ ਰਿਪੋਰਟਾਂ,

b) ਐਕਸ-ਰੇ ਰਿਪੋਰਟਾਂ,

c) ਸਕੈਨ ਰਿਪੋਰਟਾਂ ਅਤੇ

d) ਬਾਇਓਪਾਸੀ ਰਿਪੋਰਟਾਂ

ਸਭ ਜਾਂਚਾਂ ਵਿੱਚ ਨਾਂ, ਉਮਰ, ਲਿੰਗ, ਟੈਸਟ ਦੀ ਮਿਤੀ ਆਦਿ ਸ਼ਾਮਿਲ ਹੁੰਦੀ ਹੈ ਅਤੇ ਆਮ ਤੌਰ ਉੱਤੇ ਅਸਲ ਰੂਪ ਵਿੱਚ ਪੇਸ਼ ਕੀਤਾ ਜਾਂਦਾ ਹੈ। ਬੀਮਾਕਰਤਾ ਐਕਸ-ਰੇ ਤੇ ਹੋਰ ਫਿਲਮਾਂ ਗਾਹਕ ਨੂੰ ਖਾਸ ਮੰਗ ਕਰਨ ਉੱਤੇ ਵਾਪਿਸ ਵੀ ਕਰ ਸਕਦਾ ਹੈ।

3. ਇਕੱਤਰ ਅਤੇ ਵੇਰਵੇ ਸਮੇਤ ਬਿੱਲ:

ਇਹ ਦਸਤਾਵੇਜ਼ ਹੈ, ਜੋ ਕਿ ਫੈਸਲਾ ਕਰਦਾ ਹੈ ਕਿ ਬੀਮਾ ਪਾਲਸੀ ਦੇ ਅਧੀਨ ਕੀ ਭੁਗਤਾਨ ਕਰਨ ਦੀ ਲੋੜ ਹੈ। ਪਹਿਲਾਂ, ਬਿੱਲ ਲਈ ਕੋਈ ਮਿਆਰੀ ਫਾਰਮੈਟ ਨਹੀਂ ਸੀ, ਪਰ ਇਕੱਠੇ ਅਤੇ ਵੇਰਵੇ ਸਮੇਤ ਬਿੱਲ ਲਈ IRDAI ਨੇ ਮਿਆਰੀਕਰਨ ਸੇਧਾਂ ਦਿੱਤੀਆਂ ਹਨ। ਵਿਦਿਆਰਥੀਆਂ ਨੂੰ IRDAI ਵੈਬਸਾਈਟ ਉੱਤੇ ਮੌਜੂਦ ਵੇਰਵਿਆਂ ਬਾਰੇ ਜਾਣਕਾਰੀ ਹਾਸਲ ਕਰਨ ਦੀ ਸਲਾਹ ਦਿੱਤੀ ਜਾਂਦੀ ਹੈ।

ਜਦੋਂ ਕਿ ਇਕੱਤਰ ਬਿੱਲ ਪੂਰਾ ਸਾਰ ਪੇਸ਼ ਕਰਦਾ ਹੈ, ਵੇਰਵੇ ਸਮੇਤ ਹਵਾਲਾ ਕੋਡ, ਲਈ ਵਿਭਾਜਨ ਪੇਸ਼ ਕਰੇਗਾ।

ਕੁਝ ਨਾ-ਭੁਗਤਾਨਯੋਗ ਖ਼ਰਚਿਆਂ ਦੀ ਛਾਣਬੀਣ ਵੇਰਵੇ ਸਮੇਤ ਬਿੱਲ ਤੋਂ ਕੀਤੀ ਜਾਂਦੀ ਹੈ, ਜਿੱਥੇ ਕਿ ਨਾ-ਮੰਨਣਯੋਗ ਖ਼ਰਚਿਆਂ ਨੂੰ ਪੂਰਾ ਕੀਤਾ ਹੁੰਦਾ ਹੈ ਤੇ ਖ਼ਰਚੇ ਭਾਗ ਦੇ ਅਧੀਨ ਕਟੌਤੀ ਕਰਨ ਲਈ ਵਰਤਿਆ ਜਾਂਦਾ ਹੈ, ਜਿੱਥੇ ਕਿ ਇਹ ਸੰਬੰਧਿਤ ਹੁੰਦੇ ਹਨ।

ਬਿੱਲ ਅਸਲ ਰੂਪ ਵਿੱਚ ਪ੍ਰਾਪਤ ਹੋਣੇ ਚਾਹੀਦੇ ਹਨ।

4. ਭੁਗਤਾਨ ਦੀ ਰਸੀਦ

ਹਰਜਾਨੇ ਦੇ ਇਕਰਾਰ ਦੇ ਰੂਪ ਵਿੱਚ, ਬੀਮਾ ਸਿਹਤ ਦਾਅਵੇ ਦੇ ਲਈ ਧਨ-ਵਾਪਸੀ ਵਾਸਤੇ ਭੁਗਤਾਨ ਕੀਤੀ ਰਕਮ ਲਈ ਹਸਪਤਾਲ ਤੋਂ ਰਸਮੀ ਰਸੀਦ ਦੀ ਵੀ ਲੋੜ ਹੋਵੇਗੀ।

ਜਦੋਂ ਭੁਗਤਾਨ ਕੀਤੀ ਰਕਮ ਕੁੱਲ ਰਕਮ ਦੇ ਨਾਲ ਸੰਬੰਧਿਤ ਹੋਣੀ ਚਾਹੀਦੀ ਹੈ, ਕਈ ਹਸਪਤਾਲ ਭੁਗਤਾਨ-ਯੋਗ ਰਕਮ ਵਿੱਚ ਛੋਟਾਂ ਦਾ ਭਾਗ ਵੀ ਦਿੰਦੇ ਹਨ। ਇੰਝ ਦੇ ਕੇਸ ਵਿੱਚ ਬੀਮਾਕਰਤਾ ਨੂੰ ਮਰੀਜ਼ ਦੇ ਤੌਰ ਉੱਤੇ ਅਸਲ ਵਿੱਚ ਭੁਗਤਾਨ ਕੀਤੀ ਰਕਮ ਲਈ ਹੀ ਭੁਗਤਾਨ ਕਰਨ ਲਈ ਕਿਹਾ ਜਾਂਦਾ ਹੈ।

ਰਸੀਦ ਉੱਤੇ ਲੜੀ ਨੰਬਰ ਹੋਣਾ ਚਾਹੀਦਾ ਹੈ ਅਤੇ ਜਾਂ ਮੋਹਰ ਲੱਗੀ ਹੋਣੀ ਚਾਹੀਦੀ ਹੈ ਅਤੇ ਅਸਲ ਰੂਪ ਵਿੱਚ ਦੇਣੀ ਹੁੰਦੀ ਹੈ।

5. ਦਾਅਵਾ ਫਾਰਮ

ਦਾਅਵਾ ਫਾਰਮ ਦਾਅਵੇ ਉੱਤੇ ਕਾਰਵਾਈ ਕਰਨ ਲਈ ਇੱਕ ਰਸਮੀ ਤੇ ਕਾਨੂੰਨੀ ਮੰਗ ਹੈ ਅਤੇ ਗਾਹਕ ਵਲੋਂ ਅਸਲ ਰੂਪ ਵਿੱਚ ਦਸਤਖਤਾਂ ਨਾਲ ਪੇਸ਼ ਕਰਨਾ ਚਾਹੀਦਾ ਹੈ। IRDAI ਵਲੋਂ ਦਾਅਵੇ ਫਾਰਮ ਨੂੰ ਸਟੈਂਡਰਡ ਰੂਪ ਦਿੱਤਾ ਗਿਆ ਹੈ ਅਤੇ ਇਸ ਉੱਤੇ ਅਧਾਰਿਤ ਹੈ:

a) ਮੁੱਢਲੇ ਬੀਮਤ ਅਤੇ ਪਾਲਸੀ ਨੰਬਰ, ਜਿਸ ਦੇ ਅਧੀਨ ਦਾਅਵਾ ਕੀਤਾ ਗਿਆ ਹੈ।

b) ਬੀਮਾ ਅਤੀਤ ਦਾ ਵੇਰਵਾ

c) ਬੀਮਤ ਵਿਅਕਤੀ ਦੇ ਹਸਪਤਾਲ ਵਿੱਚ ਭਰਤੀ ਹੋਣ ਦੇ ਵੇਰਵੇ

d) ਹਸਪਤਾਲ ਵਿੱਚ ਭਰਤੀ ਹੋਣ ਦੇ ਵੇਰਵੇ ਜਿਵੇਂ ਕਿ ਹਸਪਤਾਲ, ਕਮਰਾ ਵਰਗ, ਭਰਤੀ ਹੋਣ ਅਤੇ ਛੁੱਟੀ ਮਿਲਣ ਦੀ ਮਿਤੀ ਅਤੇ ਸਮਾਂ, ਕੀ ਹਾਦਸੇ ਦੀ ਜਾਣਕਾਰੀ ਪੁਲਿਸ ਨੂੰ ਦਿੱਤੀ ਗਈ ਸੀ, ਦਵਾਈਆਂ ਦੀ ਪ੍ਰਣਾਲੀ ਆਦਿ।

e) ਦਾਅਵੇ ਦੇ ਵੇਰਵੇ, ਜਿਸ ਲਈ ਹਸਪਤਲਾ ਵਿੱਚ ਭਰਤੀ ਕੀਤਾ ਗਿਆ ਸੀ, ਖ਼ਰਚਿਆਂ ਦੀ ਪੂਰੀ ਜਾਣਕਾਰੀ, ਹਸਪਤਾਲ ਵਿੱਚ ਭਰਤੀ ਹੋਣ ਤੋਂ ਪਹਿਲਾਂ ਤੇ ਬਾਅਦ ਦੇ ਸਮੇਂ, ਦਾਅਵਾ ਕੀਤੇ ਇੱਕ ਮੁਸ਼ਤ ਰਕਮ/ਨਕਦ ਫਾਇਦੇ ਦੇ ਵੇਰਵੇ ਸ਼ਾਮਲ ਹਨ।

f) ਨੱਥੀ ਕੀਤੇ ਬਿੱਲਾਂ ਦਾ ਵੇਰਵਾ

g) ਮੁੱਢਲੇ ਬੀਮਾਕਰਤਾ ਲਈ ਬੈਂਕ ਖਾਤਾ ਵੇਰਵੇ, ਜਿਸ ਲਈ ਮਨਜ਼ੂਰ ਕੀਤੇ ਦਾਅਵੇ ਲਈ ਰਕਮ ਭੇਜਣੀ ਹੈ

h) ਬੀਮਤ ਵਲੋਂ ਐਲਾਨ।

ਬੀਮਾਰੀ, ਇਲਾਜ ਆਦਿ ਦੇ ਬਾਰੇ ਜਾਣਕਾਰੀ ਦੇ ਨਾਲ, ਬੀਮਤ ਵਿਅਕਤੀ ਵਲੋਂ ਐਲਾਨ ਦਾਅਵਾ ਫਾਰਮ ਨੂੰ ਕਾਨੂੰਨੀ ਰੂਪ ਵਿੱਚ ਸਭ ਤੋਂ ਮਹੱਤਵਪੂਰਨ ਦਸਤਾਵੇਜ਼ ਬਣਾਉਂਦਾ ਹੈ।

ਇਹ ਐਲਾਨ ਹੁੰਦਾ ਹੈ ਕਿ ਜੋ ਕਿ ਦਾਅਵੇ ਵਿੱਚ "ਅਤਿ ਚੰਗੇ ਵਿਸ਼ਵਾਸ਼ ਦਾ ਸਿਧਾਂਤ" ਲਾਗੂ ਕਰਦਾ ਹੈ, ਜਿਸ ਦੇ ਉਲੰਘਣਾ ਕਰਨ ਉੱਤੇ ਪਾਲਸੀ ਦੇ ਅਧੀਨ ਗਲਤ ਜਾਣਕਾਰੀ ਦੇਣ ਦੀ ਸ਼ਰਤ ਲਾਗੂ ਹੁੰਦੀ ਹੈ।

6. ਪਛਾਣ ਸਬੂਤ

ਸਾਡੀ ਜ਼ਿੰਦਗੀ ਵਿੱਚ ਵੱਖ-ਵੱਖ ਸਰਗਰਮੀਆਂ ਵਿੱਚ ਪਛਾਣ ਸਬੂਤ ਦੀ ਵਰਤੋਂ ਵੱਧ ਰਹੀ ਹੈ, ਪਛਾਣ ਦੇ ਆਮ ਸਬੂਤ ਖਾਸ ਮਕਸਦ ਨੂੰ ਪੂਰਦੇ ਹਨ - ਉਹ ਹੈ ਕਿ ਤਸਦੀਕ ਕਰਨਾ ਕਿ ਕੀ ਸੁਰੱਖਿਆ ਪ੍ਰਾਪਤ ਤੇ ਇਲਾਜ ਕੀਤਾ ਵਿਅਕਤੀ ਇੱਕੋ ਹੀ ਹਨ।

ਆਮ ਪਛਾਣ ਦਸਤਾਵੇਜ਼, ਜਿਹਨਾਂ ਦੀ ਮੰਗ ਕੀਤੀ ਜਾ ਸਕਦੀ ਹੈ:

a) ਵੋਟਰ ਪਛਾਣ ਪੱਤਰ,

b) ਡਰਾਇਵਿੰਗ ਲਾਇਸੈਂਸ,

c) ਪੈਨ ਕਾਰਡ,

d) ਆਧਾਰ ਕਾਰਡ ਆਦਿ

ਪਛਾਣ ਸਬੂਤ ਉੱਤੇ ਜ਼ੋਰ ਦੇਣ ਨਾਲ ਨਕਦੀ-ਰਹਿਤ ਦਾਅਵਿਆਂ ਦੇ ਝੂਠੇ ਕੇਸਾਂ ਵਿੱਚ ਵੱਡੀ ਕਮੀ ਆਈ ਹੈ ਕਿਉਂਕਿ ਪਛਾਣ ਸਬੂਤ ਹਸਪਤਾਲ ਵਿੱਚ ਭਰਤੀ ਹੋਣ ਤੋਂ ਪਹਿਲਾਂ ਚਾਹੀਦਾ ਹੈ, ਇਸ ਦੀ ਜਾਂਚ ਕਰਨਾ ਅਤੇ ਉਸ ਨੂੰ ਬੀਮਾਕਰਤਾ ਜਾਂ ਟੀਪੀਏ ਨੂੰ ਪੇਸ਼ ਕਰਨਾ ਹਸਪਤਾਲ ਦੀ ਜ਼ਿੰਮੇਵਾਰੀ ਬਣਾਇਆ ਗਿਆ ਹੈ।

ਧਨ-ਵਾਪਸੀ ਦੇ ਦਾਅਵਿਆਂ ਦੇ ਵਿੱਚ, ਪਛਾਣ ਸਬੂਤ ਦਾ ਮਕਸਦ ਘੱਟ ਹੈ।

7. ਖਾਸ ਦਾਅਵਿਆਂ ਲਈ ਢੁੱਕਵੇਂ ਦਸਤਾਵੇਜ਼

ਕੁਝ ਕਿਸਮ ਦੇ ਦਾਅਵੇ ਹੁੰਦੇ ਹਨ, ਜਿਹਨਾਂ ਲਈ ਉੱਤੇ ਦਿੱਤੇ ਦਸਤਾਵੇਜ਼ਾਂ ਤੋਂ ਬਿਨਾਂ ਹੋਰ ਵੀ ਚਾਹੀਦੇ ਹੁੰਦੇ ਹਨ। ਇਹ ਹਨ:

a) ਹਾਦਸਾ ਦਾਅਵੇ, ਜਿੱਥੇ FIR ਜਾਂ ਹਸਪਤਾਲ ਵਲੋਂ ਰਜਿਸਟਰ ਹੋਏ ਪੁਲਿਸ ਥਾਣੇ ਲਈ ਮਿਡਕੋ-ਕਾਨੂੰਨੀ ਸਰਟੀਫਿਕੇਟ ਦੀ ਲੋੜ ਹੋ ਸਕਦੀ ਹੈ। ਇਸ ਵਿੱਚ ਹਾਦਸੇ ਦਾ ਕਾਰਨ ਅਤੇ ਜੇ ਟਰੈਫਿਕ ਹਾਦਸੇ ਦੇ ਕੇਸ ਵਿੱਚ ਜੇ ਵਿਅਕਤੀ ਨੇ ਸ਼ਰਾਬ ਪੀਤੀ ਹੋਵੇ।

b) ਗੁੰਝਲਦਾਰ ਜਾਂ ਵੱਧ ਮੁੱਲ ਦੇ ਦਾਅਵਿਆਂ ਦੇ ਕੇਸ ਵਿੱਚ ਕੇਸ ਅੰਦਰੂਨੀ ਪੇਪਰ। ਅੰਦਰੂਨੀ ਕੇਸ ਪੇਪਰ ਜਾਂ ਕੇਸ ਸ਼ੀਟ ਅਜਿਹਾ ਦਸਤਾਵੇਜ਼ ਹੁੰਦਾ ਹੈ, ਜਿਸ ਨੂੰ ਹਸਪਤਾਲ ਬਣਾਉਂਦਾ ਤੇ ਰੱਖਦਾ ਹੈ, ਜਿਸ ਵਿੱਚ ਹਸਪਤਾਲ ਵਿੱਚ ਭਰਤੀ ਰਹਿਣ ਦੇ ਪੂਰੇ ਸਮੇਂ ਲਈ ਹਰ ਰੋਜ਼ ਦੇ ਮਰੀਜ਼ ਦੇ ਕੀਤੇ ਜਾਣ ਵਾਲੇ ਇਲਾਜ ਦਾ ਪੂਰਾ ਵੇਰਵਾ ਹੁੰਦਾ ਹੈ।

c) ਡਾਇਲਸਿਸ / ਕੀਮੋਥਰੇਪੀ / ਫਿਜ਼ਿਉਥੈਰਪੀ ਚਾਰਟ, ਜੇ ਲਾਗੂ ਹੋਣ ਤਾਂ।

d) ਹਸਪਤਾਲ ਰਜਿਸਟਰੇਸ਼ਨ ਸਰਟੀਫਿਕੇਟ, ਜਿੱਥੇ ਹਸਪਤਾਲ ਦੀ ਪਰਿਭਾਸ਼ਾ ਦੀ ਪਾਲਣਾ ਨੂੰ ਜਾਂਚ ਕਰਨ ਦੀ ਲੋੜ ਹੋਵੇ।

ਦਾਅਵਾ ਟੀਮ ਦਾਅਵੇ ਉੱਤੇ ਕਾਰਵਾਈ ਕਰਨ ਲਈ ਕੁਝ ਅੰਦਰੂਨੀ ਦਸਤਾਵੇਜ਼ ਫਾਰਮੈਟ ਵਰਤਦੀ ਹੈ। ਇਹ ਹਨ:

i. ਦਸਤਾਵੇਜ਼ ਜਾਂਚ ਲਈ ਚੈਕ-ਲਿਸਟ,

ii. ਪੜਤਾਲ / ਸਮਝੌਤਾ ਸ਼ੀਟ,

iii. ਕੁਆਲਟੀ ਜਾਂਚ / ਕੰਟਰੋਲ ਫਾਰਮੈਟ।

ਹਾਲਾਂਕਿ ਇਹ ਫਾਰਮੈਟ ਬੀਮਾਕਰਤਾਵਾਂ ਵਿੱਚ ਇੱਕ ਵਰਗੇ ਨਹੀਂ ਹਨ, ਆਓ ਆਮ ਸਮੱਗਰੀ ਦੇ ਨਮੂਨੇ ਨਾਲ ਦਸਤਾਵੇਜ਼ਾਂ ਦੇ ਮਕਸਦ ਦਾ ਅਧਿਐਨ ਕਰੀਏ।

ਸਾਰਣੀ ਵਿੱਚ 2.2

1.	**ਦਸਤਾਵੇਜ਼ ਤਸਦੀਕ ਸ਼ੀਟ**	ਇਹ ਸਭ ਤੋਂ ਸਧਾਰਨ ਹੁੰਦਾ ਹੈ, ਗਾਹਕ ਵਲੋਂ ਦਿੱਤੇ ਗਏ ਦਸਤਾਵੇਜ਼ਾਂ ਨੂੰ ਤਸਦੀਕ ਕਰਨ ਲਈ ਪ੍ਰਾਪਤ ਕੀਤੇ ਦਸਤਾਵੇਜ਼ਾਂ ਦੀ ਸੂਚੀ ਉੱਤੇ ਸਹੀ ਦਾ ਨਿਸ਼ਾਨ ਲਗਾਇਆ ਜਾਂਦਾ ਹੈ। ਕੁਝ ਬੀਮਾਕਰਤਾ ਇਸ ਦੀ ਇੱਕ ਕਾਪੀ ਗਾਹਕ ਨੂੰ ਤਸਦੀਕ ਕਰਨ ਲਈ ਦੇ ਵੀ ਸਕਦੇ ਹਨ।
2.	**ਪੜਤਾਲ/ਸਮਝੌਤਾ ਸ਼ੀਟ**	ਅਕਸਰ ਇਹ ਇੱਕ ਸ਼ੀਟ ਹੁੰਦੀ ਹੈ, ਜਿੱਥੇ ਪੂਰੀਆਂ ਕਾਰਵਾਈਆਂ ਸੂਚਨਾਵਾਂ ਪ੍ਰਾਪਤ ਕੀਤੀਆਂ ਜਾਂਦੀਆਂ ਹਨ। a) ਗਾਹਕ ਦਾ ਨਾਂ ਤੇ ਪਛਾਣ ਨੰਬਰ b) ਦਾਅਵਾ ਨੰਬਰ, ਦਾਅਵਾ ਪੇਪਰਾਂ ਦੀ ਰਸੀਦ ਮਿਤੀ c) ਪਾਲਸੀ ਸਾਰ, ਸੈਕਸ਼ਨ 64VB ਪਾਲਣਾ d) ਬੀਮਾ ਕਰਵਾਈ ਰਕਮ ਅਤੇ ਬੀਮਾ ਕਰਵਾਈ ਰਕਮ ਦੀ ਵਰਤੋਂ e) ਹਸਪਤਲਾ ਵਿੱਚ ਭਰਤੀ ਹੋਣ ਤੇ ਛੁੱਟੀ ਲੈਣ ਦੀ ਮਿਤੀ f) ਜਾਂਚ ਅਤੇ ਇਲਾਜ g) ਦਾਅਵਾ ਮੰਨਣਯੋਗਤਾ / ਕਾਰਵਾਈ ਟਿੱਪਣੀਆਂ ਉਸ ਦੇ ਕਾਰਨਾਂ ਨਾਲ h) ਦਾਅਵਾ ਰਕਮ ਦੀ ਗਿਣਤੀ i) ਮਿਤੀ ਤੇ ਵਿਅਕਤੀਆਂ, ਜਿਹਨਾਂ ਦੇ ਕਾਰਵਾਈ ਕੀਤੀ, ਦੇ ਨਾਂ ਸਮੇਤ ਦਾਅਵੇ ਦੀ ਕਾਰਵਾਈ
3.	**ਕੁਆਲਟੀ ਜਾਂਚ / ਕੰਟਰੋਲ ਫਾਰਮੈਟ**	ਦਾਅਵਾ ਹੈਂਡਲਰ ਤੋਂ ਬਿਨਾਂ ਹੋਰ ਵਿਅਕਤੀ ਵਲੋਂ ਦਾਅਵੇ ਲਈ ਅੰਤਿਮ ਜਾਂਚ ਜਾਂ ਕੁਆਲਟੀ ਕੰਟਰੋਲ ਫਾਰਮੈਟ ਲਈ ਪੜਤਾਲ ਚੈਕ ਲਿਸਟ ਤੇ ਦਾਅਵਾ ਪੜਤਾਲ ਸਵਾਲਨਾਮੇ ਦੇ ਨਾਲ ਨਾਲ ਕੁਆਲਟੀ ਕੰਟਰੋਲ/ਲੇਖਾ ਫਾਰਮੈਟ ਵਿੱਚ ਇਸ ਦੇ ਨਾਲ ਸੰਬੰਧਿਤ ਜਾਣਕਾਰੀ ਵੀ ਸ਼ਾਮਿਲ ਹੋਣੀ ਚਾਹੀਦੀ ਹੈ: a) ਦਾਅਵੇ ਦਾ ਸਮਝੌਤਾ b) ਦਾਅਵੇ ਨੂੰ ਰੱਦ ਕਰਨਾ ਜਾਂ c) ਹੋਰ ਵਾਧੂ ਜਾਣਕਾਰੀ ਦੀ ਮੰਗ ਕਰਨੀ

ਖੁਦ ਜਾਂਚ ਕਰੋ *2*

ਹਸਪਤਾਲ ਵਲੋਂ ਭਰਤੀ ਹੋਏ ਮਰੀਜ਼ ਦੇ ਕੀਤੇ ਗਏ ਇਲਾਜ ਬਾਰੇ ਵੇਰਵੇ ਜਾਣਕਾਰੀ ਅੱਗੇ ਦਿੱਤੇ ਕਿਹੜੇ ਦਸਤਾਵੇਜ਼ ਵਿੱਚ ਰੱਖੀ ਜਾਂਦੀ ਹੈ?

I. ਜਾਂਚ ਰਿਪੋਰਟ

II. ਸਮਝੌਤਾ ਸ਼ੀਟ

III. ਕੇਸ ਪੇਪਰ

IV. ਹਸਪਤਾਲ ਰਜਿਸਟਰੇਸ਼ਨ ਸਰਟੀਫਿਕੇਟ

B. ਦਾਅਵਾ ਰਾਖਵਾਂ

1. ਰਾਖਵੀਂ ਰਕਮ

ਇਹ ਦਾਅਵਿਆਂ ਦੀ ਸਥਿਤੀ ਮੁਤਾਬਕ ਬੀਮਾਕਰਤਾ ਦੇ ਲੇਖਾ-ਕਿਤਾਬਾਂ ਵਿੱਚ ਸਭ ਦਾਅਵਿਆਂ ਲਈ ਕੀਤੇ ਪਰਬੰਧ ਦੀ ਰਕਮ ਨੂੰ ਦਰਸਾਉਂਦਾ ਹੈ। ਹਾਲਾਂਕਿ ਇਹ ਬਹੁਤ ਸੌਖਾ ਜਾਪਦਾ ਹੈ, ਪਰ ਰਾਖਵੇਂ ਦੀ ਕਾਰਵਾਈ ਲਈ ਬਹੁਤ ਧਿਆਨ ਦੇਣ ਦੀ ਲੋੜ ਹੁੰਦੀ ਹੈ - ਰਾਖਵੇਂ ਵਿੱਚ ਕਿਸੇ ਵੀ ਗਲਤੀ ਨਾਲ ਬੀਮਾਕਰਤਾ ਦੇ ਫਾਇਦੇ ਤੇ ਰਿਣ ਲਾਹੁਣ ਦੀ ਯੋਗਤਾ ਗੁੰਜਾਇਸ਼ ਗਿਣਤੀ ਨੂ ਪ੍ਰਭਾਵਿਤ ਕਰਦੀ ਹੈ।
ਅੱਜ ਦੇ ਪ੍ਰੋਸੈਸਿੰਗ ਸਿਸਟਮ ਵਿੱਚ ਕਿਸੇ ਵੀ ਸਮੇਂ ਲਈ ਰਾਖਵਾਂ ਕੱਢਣ ਦੀ ਸਮਰੱਥ ਮੌਜੂਦ ਹੈ।

ਖੁਦ ਜਾਂਚ ਕਰੋ *3*

ਇਹ ਦਾਅਵਿਆਂ ਦੀ ਸਥਿਤੀ ਮੁਤਾਬਕ ਬੀਮਾਕਰਤਾ ਦੇ ਲੇਖਾ-ਕਿਤਾਬਾਂ ਵਿੱਚ ਸਭ ਦਾਅਵਿਆਂ ਲਈ ਕੀਤੇ ਪਰਬੰਧ ਦੀ ਰਕਮ _____ ਵਜੋਂ ਜਾਣਿਆ ਜਾਂਦਾ ਹੈ।

I. ਪੂਲਿੰਗ

II. ਪ੍ਰਬੰਧ

III. ਰਾਖਵੀਂ ਰਕਮ

IV. ਨਿਵੇਸ਼

C. ਤੀਜੀ ਧਿਰ ਪ੍ਰਸ਼ਾਸ਼ਕ (ਟੀਪੀਏ) ਦੀ ਭੂਮਿਕਾ

1. ਭਾਰਤ ਵਿੱਚ ਟੀਪੀਏ ਦਾ ਆਉਣਾ

ਬੀਮਾ ਖੇਤਰ ਸਾਲ 2000 ਵਿੱਚ ਨਿੱਜੀ ਕੰਪਨੀਆਂ ਲਈ ਖੁੱਲ੍ਹਿਆ ਸੀ। ਉਸ ਦੌਰਾਨ, ਨਵੇਂ ਸਿਹਤ-ਦੇਖਭਾਲ ਉਤਪਾਦਾਂ ਦੀ ਮੰਗ ਨਵੇਂ ਉਤਪਾਦਾਂ ਦੇ ਸ਼ੁਰੂ ਹੋਣ ਨਾਲ ਵਧੀ ਸੀ। ਇਸਕਰਕੇ ਸਿਹਤ ਬੀਮੇ ਵਿੱਚ ਵਿਕਰੀ ਦੇ ਬਾਅਦ ਸੇਵਾ ਲਈ ਇੱਕ ਚੈਨਲ ਪੇਸ਼ ਲਿਆਉਣ ਦੀ ਲੋੜ ਮਹਿਸੂਸ ਹੋਵੇ। ਇਸ ਨੇ ਪੇਸ਼ਾਵਾਰ ਤੀਜੀ ਧਿਰ ਪ੍ਰਸ਼ਾਸ਼ਕਾਂ ਨੂੰ ਅੱਗੇ ਲਿਆਉਣ ਦਾ ਮੌਕਾ ਦਿੱਤਾ।

ਇਹ ਵੇਖਦੇ ਹੋਏ ਬੀਮਾ ਰੈਗੂਲੇਟਰੀ ਤੇ ਵਿਕਾਸ ਅਥਾਰਟੀ ਨੇ IRDAI ਤੋਂ ਲਾਇਸੈਂਸ ਦੇ ਅਧੀਨ ਬਾਜ਼ਾਰ ਵਿੱਚ ਟੀਪੀਏ ਲਿਆਉਣ ਦੀ ਇਜਾਜ਼ਤ ਦਿੱਤੀ, ਜਦੋਂ ਤੱਕ ਕਿ ਉਹ 17 ਸਤੰਬਰ 2001 ਵਿੱਚ ਜਾਰੀ ਕੀਤੇ IRDAI (ਤੀਜੀ ਧਿਰ ਪ੍ਰਸ਼ਾਸ਼ਕ - ਸਿਹਤ ਬੀਮਾ) ਰੈਗੂਲੇਸ਼ਨ, 2001 ਦੀ ਪਾਲਣਾ ਕਰਦੇ ਹਨ।

ਪਰਿਭਾਸ਼ਾ

ਨਿਯਮਾਂ ਦੇ ਮੁਤਾਬਕ,

ਸੁਤੰਤਰ ਧਿਰ ਪ੍ਰਸ਼ਾਸ਼ਕ ਜਾਂ ਟੀਪੀਏ ਦਾ ਭਾਵ ਕੋਈ ਵੀ ਵਿਅਕਤੀ, ਜਿਸ ਨੇ ਆਈਆਰਡੀਏਆਈ (ਸੁਤੰਤਰ ਧਿਰ ਪ੍ਰਸ਼ਾਸ਼ਕ - ਸਿਹਤ ਸੇਵਾਵਾਂ) ਰੈਗੂਲੇਸ਼ਨ 2001 ਦੇ ਤਹਿਤ ਰੈਗੂਲੇਟਰੀ ਤੋਂ ਲਾਈਸੈਂਸ ਲਿਆ ਹੋਵੇ ਅਤੇ, ਫੀਸ ਜਾਂ ਬੀਮਾ ਕੰਪਨੀ ਵਲੋਂ ਸੇਵਾ-ਫ਼ਲ ਲਈ, ਸਿਹਤ ਸੇਵਾਵਾਂ ਦੇਣ ਦੇ ਮਕਸਦ ਵਿੱਚ ਲੱਗਾ ਹੋਵੇ।

"ਟੀਪੀਏ ਵਲੋਂ ਸਿਹਤ ਸੇਵਾਵਾਂ" ਦਾ ਭਾਵ ਹੈ ਕਿ ਟੀਪੀਏ ਵਲੋਂ ਬੀਮਾਕਰਤਾ ਨੂੰ ਦਿੱਤੀਆਂ ਜਾਣ ਵਾਲੀਆਂ ਸੇਵਾਵਾਂ ਤੋਂ ਹੈ, ਜੋ ਕਿ ਸਿਹਤ ਬੀਮਾ ਕਾਰੋਬਾਰ ਨਾਲ ਸੰਬੰਧਿਤ ਇਕਰਾਰ ਹੈ, ਪਰ ਇਸ ਵਿੱਚ ਬੀਮਾ ਕੰਪਨੀ ਦਾ ਕਾਰੋਬਾਰ, ਸਿਹਤ ਬੀਮਾ ਕਾਰੋਬਾਰ ਲਈ ਸਿੱਧੇ ਜਾਂ ਅਸਿੱਧੇ ਰੂਪ ਵਿੱਚ ਗਾਹਕਾਂ ਨੂੰ ਖਿੱਚਣਾ ਜਾਂ ਦਾਅਵੇ ਦੀ ਮਨਜ਼ੂਰੀ ਜਾਂ ਇਸ ਨੂੰ ਰੱਦ ਕਰਨ ਦੇ ਫੈਸਲੇ ਕਰਨਾ ਸ਼ਾਮਿਲ ਨਹੀਂ ਹੈ।

ਇਸਕਰਕੇ ਟੀਪੀਏ ਸੇਵਾਵਾਂ ਦਾ ਖੇਤਰ ਵਿਕਰੀ ਦੇ ਬਾਅਦ ਤੇ ਬੀਮਾ ਪਾਲਸੀ ਜਾਰੀ ਕਰਨ ਦੇ ਬਾਅਦ ਸ਼ੁਰੂ ਹੁੰਦਾ ਹੈ। ਜੇ ਬੀਮਾਕਰਤਾ ਟੀਪੀਏ ਦੀ ਵਰਤੋਂ ਨਹੀਂ ਕਰਦੇ ਹਨ ਤਾਂ ਸੇਵਾਵਾਂ ਨੂੰ ਅੰਦਰੂਨੀ ਟੀਮ ਵਲੋਂ ਦਿੱਤਾ ਜਾਂਦਾ ਹੈ।

2. ਸਿਹਤ ਬੀਮੇ ਲਈ ਵਿਕਰੀ ਤੋਂ ਬਾਅਦ ਸੇਵਾਵਾਂ

a) ਇੱਕ ਵਾਰ ਪੇਸ਼ਕਸ਼ (ਤੇ ਪ੍ਰੀਮੀਅਮ) ਨੂੰ ਮਨਜ਼ੂਰ ਕਰ ਲਿਆ ਤਾਂ ਸੁਰੱਖਿਆ ਸ਼ੁਰੂ ਹੁੰਦੀ ਹੈ।

b) ਜੇ ਟੀਪੀਏ ਨੂੰ ਪਾਲਸੀ ਦੀਆਂ ਸੇਵਾ ਦੇਣ ਲਈ ਵਰਤਿਆ ਜਾਂਦਾ ਹੈ ਤਾਂ ਬੀਮਾਕਰਤਾ ਗਾਹਕ ਦੇ ਬਾਰੇ ਜਾਣਕਾਰੀ ਤੇ ਪਾਲਸੀ ਟੀਪੀਏ ਨੂੰ ਦੇ ਦਿੰਦਾ ਹੈ।

c) ਟੀਪੀਏ ਮੈਂਬਰ ਸ਼ਾਮਿਲ ਕਰਦਾ (ਜਦੋਂ ਕਿ ਪੇਸ਼ਕਰਤਾ ਪਾਲਸੀ ਲੈਣ ਵਾਲਾ ਵਿਅਕਤੀ ਹੈ, ਮੈਂਬਰ ਪਾਲਸੀ ਦੇ ਅਧੀਨ ਸੁਰੱਖਿਆ ਪ੍ਰਾਪਤ ਕਰਨ ਵਾਲੇ ਹੁੰਦੇ ਹਨ) ਅਤੇ ਕਾਰਡ ਜਾਂ ਤਾਂ ਭੌਤਿਕ ਜਾਂ ਇਲੈਕਟ੍ਰੋਨਿਕ ਦੇ ਰੂਪ ਵਿੱਚ ਮੈਂਬਰੀ ਪਛਾਣ ਪੱਤਰ ਵੀ ਜਾਰੀ ਕਰ ਸਕਦਾ ਹੈ।

d) ਟੀਪੀਏ ਨਾਲ ਮੈਂਬਰੀ ਨੂੰ ਨਕਦੀ-ਰਹਿਤ ਸਹੂਲਤ ਦਾ ਫਾਇਦਾ ਲੈਣ ਦੇ ਨਾਲ ਨਾਲ ਦਾਅਵਿਆਂ ਦੀ ਕਾਰਵਾਈ ਲਈ ਵਰਤਿਆ ਜਾ ਸਕਦਾ ਹੈ, ਜਦੋਂ ਕਿ ਮੈਂਬਰ ਨੂੰ ਪ੍ਰਾਪਤ ਕੀਤੀ ਸੁਰੱਖਿਆ ਲਈ ਹਸਪਤਾਲ ਵਿੱਚ ਭਰਤੀ ਹੋਣ ਜਾਂ ਇਲਾਜ ਵਾਸਤੇ ਪਾਲਸੀ ਦੇ ਸਹਿਯੋਗ ਦੀ ਲੋੜ ਹੁੰਦੀ ਹੈ।

e) ਟੀਪੀਏ ਦਾਅਵੇ ਜਾਂ ਨਕਦੀ-ਰਹਿਤ ਬੇਨਤੀ ਉੱਤੇ ਕਾਰਵਾਈ ਕਰਦੀ ਅਤੇ ਬੀਮਾਕਰਤਾ ਨਾਲ ਸਹਿਮਤ ਹੋਏ ਸਮੇਂ ਵਿੱਚ ਸੇਵਾਵਾਂ ਦਿੰਦਾ ਹੈ।

ਹੱਦ, ਜਿੱਥੋਂ ਟੀਪੀਏ ਦੀ ਭੂਮਿਕਾ ਸ਼ੁਰੂ ਹੁੰਦੀ ਹੈ ਟੀਪੀਏ ਦੇ ਨਾਂ ਵਿੱਚ ਪਾਲਸੀ ਸੇਵਾ ਦੇਣ ਵਾਲੀ ਸੰਸਥਾ ਵਜੋਂ ਜਾਰੀ ਕਰਨਾ ਹੈ। ਸੇਵਾ ਪਾਲਸੀ ਦੇ ਸਮੇਂ ਦੌਰਾਨ ਲਗਾਤਾਰ ਜਾਰੀ ਰੱਖਣ ਦੀ ਲੋੜ ਹੁੰਦੀ ਹੈ ਅਤੇ ਦਾਅਵਾ ਰਿਪੋਰਟ ਕਰਨ ਲਈ ਪਾਲਸੀ ਦੇ ਅਧੀਨ ਦਿੱਤੇ ਗਏ ਉਸ ਤੋਂ ਬਾਅਦ ਕਿਸੇ ਵੀ ਸਮੇਂ ਲਈ।

ਜਦੋਂ ਹਜ਼ਾਰਾਂ ਪਾਲਸੀਆਂ ਲਈ ਸੇਵਾ ਦਿੱਤੀ ਜਾਂਦੀ ਹੈ ਤਾਂ ਇਹ ਸਰਗਰਮੀ ਜਾਰੀ ਰਹਿੰਦੀ ਹੈ, ਖਾਸ ਤੌਰ ਉੱਤੇ ਜਦੋਂ ਇੱਕ ਹੀ ਪਾਲਸੀ ਨੂੰ ਨਵਿਆਇਆ ਜਾਂਦਾ ਹੈ ਤੇ ਉਹੀ ਟੀਪੀਏ ਪਾਲਸੀ ਲਈ ਸੇਵਾ ਦਿੰਦਾ ਹੈ।

3. ਤੀਜੀ ਧਿਰ ਪ੍ਰਸ਼ਾਸ਼ਕ (ਟੀਪੀਏ) ਦਾ ਮਕਸਦ

ਸਿਹਤ ਬੀਮੇ ਵਿੱਚ ਤੀਜੀ ਧਿਰ ਪ੍ਰਸ਼ਾਸ਼ਕ (ਟੀਪੀਏ) ਦੇ ਸਿਧਾਂਤ ਨੂੰ ਅੱਗੇ ਦਿੱਤੇ ਮਕਸਦਾਂ ਲਈ ਤਿਆਰ ਕੀਤਾ ਗਿਆ ਹੈ:

a) ਸਿਹਤ ਬੀਮੇ ਦੇ ਗਾਹਕ ਨੂੰ ਲੋੜ ਦੇ ਸਮੇਂ ਸਭ ਸੰਭਵਨ ਢੰਗਾਂ ਨਾਲ ਸੇਵਾ ਦੀ ਸਹੂਲਤ ਦੇਣੀ।

b) ਬੀਮਤ ਵਿਅਕਤੀ ਲਈ ਨੈਟਵਰਕ ਹਸਪਤਾਲਾਂ ਲਈ ਨਕਦੀ-ਰਹਿਤ ਇਲਾਜ ਦਾ ਪਰਬੰਧ ਕਰਨਾ

c) ਗਾਹਕਾਂ ਨੂੰ ਪੇਸ਼ ਕੀਤੇ ਦਾਅਵਾ ਦਸਤਾਵੇਜ਼ਾਂ ਅਤੇ ਬੀਮਾ ਕੰਪਨੀ ਦੀ ਕਾਰਵਾਈ ਤੇ ਸੇਧਾਂ ਦੇ ਮੁਤਾਬਕ ਦਰੁਸਤ ਤੇ ਤੁਰੰਤ ਦਾਅਵਿਆਂ ਦੇ ਸਮਝੌਤੇ ਦੇਣੇ।

d) ਸਿਹਤ ਬੀਮਾ ਦਾਅਵਿਆਂ ਤੇ ਸੰਬੰਧਿਤ ਸੇਵਾਵਾਂ ਨੂੰ ਨਿਪਟਾਉਣ ਲਈ ਕਾਰਜਕਾਰੀ ਮੁਹਾਰਤ ਬਣਾਉਣ ਲਈ।

e) ਗਾਹਕਾਂ ਨੂੰ ਸਮੇਂ ਸਿਰ ਤੇ ਢੁੱਕਵੇਂ ਰੂਪ ਵਿੱਚ ਜਵਾਬ ਦੇਣਾ।

f) ਮਾਹੌਲ ਤਿਆਰ ਕਰਨ ਲਈ, ਜਿੱਥੇ ਬੀਮਤ ਵਿਅਕਤੀ ਵਲੋਂ ਚੰਗੀ ਕੁਆਲਟੀ ਸਿਹਤ-ਦੇਖਭਾਲ ਵਾਜਬ ਕੀਮਤ ਉਤੇ ਦੇਣ ਦਾ ਬਾਜ਼ਾਰੀ ਮਕਸਦ ਪੂਰਾ ਕੀਤਾ ਜਾਂਦਾ ਹੈ ਅਤੇ

g) ਰੋਗ-ਗ੍ਰਸਤਤਾ, ਕੀਮਤ, ਇਲਾਜਾਂ, ਰਹਿਣ ਦੇ ਸਮਾਂ ਆਦਿ ਦੇ ਲਈ ਢੁੱਕਵਾਂ ਡਾਟਾ ਤਿਆਰ/ਇਕੱਤਰ ਕਰਨਾ,

4. ਬੀਮਾਕਰਤਾ ਤੇ ਟੀਪੀਏ ਵਿਚਾਲੇ ਸੰਬੰਧ

ਕਈ ਬੀਮਾਕਰਤਾ ਟੀਪੀਏ ਦੀਆਂ ਸੇਵਾਵਾਂ ਨੂੰ ਸਿਹਤ ਬੀਮਾ ਪਾਲਸੀਆਂ ਦੀ ਵਿਕਰੀ ਤੋਂ ਬਾਅਦ ਵਰਤਦੇ ਹਨ, ਜਦੋਂ ਕੁਝ ਬੀਮਾਕਰਤਾ ਖਾਸ ਤੌਰ ਉੱਤੇ ਜੀਵਨ ਬੀਮਾ ਖੇਤਰ ਤੋਂ ਟੀਪੀਏ ਤੋਂ ਪ੍ਰੀ-ਪਾਲਸੀ ਮੈਡੀਕਲ ਚੈਕਅੱਪ ਸੇਵਾ ਲਈ ਸਹਾਇਤਾ ਲੈਂਦੇ ਹਨ।

ਬੀਮਾਕਰਤਾ ਤੇ ਟੀਪੀਏ ਵਿਚਾਲੇ ਇਕਰਾਰ ਬਣਾਉਣ ਲਈ ਲੋੜਾਂ ਤੇ ਕਾਰਵਾਈਆਂ ਦੇ ਮੇਜ਼ਬਾਨ ਨਾਲ ਇਕਰਾਰਨਾਮਾ ਹੁੰਦਾ ਹੈ। IRDAI ਸਿਹਤ ਬੀਮਾ ਮਿਆਰੀਕਰਨ ਸੇਧਾਂ ਹੁਣ ਟੀਪੀਏ ਤੇ ਬੀਮਾ ਕੰਪਨੀ ਵਿਚਾਲੇ ਇਕਰਾਰ ਲਈ ਸੇਧਾਂ ਤਹਿ ਕਰਦੀਆਂ ਹਨ ਤੇ ਮਿਆਰੀ ਸ਼ਰਤਾਂ ਦਾ ਸੈਟ ਦਿੰਦਾ ਹੈ।

ਬੀਮਾਕਰਤਾ ਵਲੋਂ ਟੀਪੀਏ ਤੋਂ ਅੱਗੇ ਦਿੱਤੀਆਂ ਸੇਵਾਵਾਂ ਦੀ ਉਮੀਦ ਕੀਤੀ ਜਾਂਦੀ ਹੈ:

A. ਪੂਰਕ ਨੈਟਵਰਕਿੰਗ ਸੇਵਾਵਾਂ

ਟੀਪੀਏ ਤੋਂ ਦੇਸ਼ ਵਿੱਚ ਹਸਪਤਾਲਾਂ ਦੇ ਨੈਟਵਰਕਾਂ ਨਾਲ ਸੰਬੰਧ ਬਣਾਉਣ ਦੀ ਉਮੀਦ ਕੀਤੀ ਜਾਂਦੀ ਹੈ, ਜਿਸ ਦਾ ਮਕਸਦ ਬੀਮਤ ਵਿਅਕਤੀਆਂ ਨੂੰ ਸਿਹਤ ਦਾਅਵਿਆਂ ਲਈ ਨਕਦੀ-ਰਹਿਤ ਦਾਅਵਾ ਭੁਗਤਾਨ ਦੇਣਾ ਹੈ। IRDAI ਦੀਆਂ ਤਾਜ਼ਾ ਜਾਰੀ ਕੀਤੀਆਂ ਸੇਧਾਂ ਮੁਤਾਬਕ ਸੰਬੰਧ ਕੇਵਲ ਟੀਪੀਏ ਤੇ ਪੂਰਕ ਵਿਚਾਲੇ ਹੀ ਨਹੀਂ ਬਲਕਿ ਤਿੰਨ-ਪਾਸੜ ਹੋਣਾ ਚਾਹੀਦਾ ਹੈ, ਜਿਸ ਵਿੱਚ ਬੀਮਾਕਰਤਾ ਵੀ ਸ਼ਾਮਿਲ ਹੋਵੇ।

ਉਹ ਵੱਖ-ਵੱਖ ਹਸਪਤਾਲ ਵਿੱਚ ਭਰਤੀ ਹੋ ਕੇ ਕਰਵਾਉਣ ਵਾਲੇ ਇਲਾਜਾਂ ਲਈ ਚੰਗੇ ਤਹਿ ਕੀਤੇ ਰੇਟਾਂ ਲਈ ਸਮਝੌਤਾ ਕਰਦੇ ਹਨ ਅਤੇ ਇੰਝ ਦੇ ਹਸਪਤਾਲਾਂ ਤੋਂ ਪੈਕੇਜ ਬੀਮਤ ਤੇ ਬੀਮਾਕਰਤਾ ਦੋਵਾਂ ਲਈ ਘੱਟ ਖ਼ਰਚੇ ਵਿੱਚ ਹੁੰਦਾ ਹੈ।

B. ਕਾਲ ਸੈਂਟਰ ਸੇਵਾਵਾਂ

ਟੀਪੀਏ ਵਲੋਂ ਰਾਤਾਂ, ਛੁੱਟੀ ਦੇ ਦਿਨਾਂ ਸਮੇਤ ਸਾਰਾ ਸਮਾਂ ਭਾਵ 24*7*365 ਪੁਹੰਚਯੋਗ ਟੋਲ-ਫਰੀ ਨੰਬਰਾਂ ਰਾਹੀਂ ਕਾਲ-ਸੈਂਟਰ ਚਾਲੂ ਰੱਖਣ ਦੀ ਉਮੀਦ ਕੀਤੀ ਜਾਂਦੀ ਹੈ। ਟੀਪੀਏ ਦਾ ਕਾਲ ਸੈਂਟਰ ਇਹਨਾਂ ਦੇ ਨਾਲ ਸੰਬੰਧਿਤ ਜਾਣਕਾਰੀ ਦੇਵੇਗਾ:

a) ਪਾਲਸੀ ਦੇ ਅਧੀਨ ਬੀਮਾ-ਸੁਰੱਖਿਆ ਤੇ ਫਾਇਦੇ

b) ਸਿਹਤ ਦਾਅਵਿਆਂ ਦੇ ਸੰਬੰਧ ਵਿੱਚ ਕਿਰਿਆਵਾਂ ਤੇ ਕਾਰਜ

c) ਸੇਵਾ ਤੋਂ ਨਕਦੀ-ਰਹਿਤ ਹਸਪਤਾਲ ਵਿੱਚ ਭਰਤੀ ਹੋਣ ਦੇ ਸੰਬੰਧੀ ਸੇਧਾਂ

d) ਨੈਟਵਰਕ ਹਸਪਤਾਲਾਂ ਦੀ ਜਾਣਕਾਰੀ।

e) ਪਾਲਸੀ ਦੇ ਅਧੀਨ ਮੌਜੂਦ ਬਾਕੀ ਬੀਮਾ ਕਰਵਾਈ ਰਕਮ ਦੇ ਬਾਰੇ ਜਾਣਕਾਰੀ।

f) ਦਾਅਵੇ ਸਥਿਤੀ ਬਾਰੇ ਜਾਣਕਾਰੀ।

g) ਦਾਅਵੇ ਦੇ ਕੇਸ ਵਿੱਚ ਨਾ-ਮੌਜੂਦ ਦਸਤਾਵੇਜ਼ਾਂ ਬਾਰੇ ਸਲਾਹ ਦੇਣੀ।

ਕਾਲ ਸੈਂਟਰ ਕੌਮੀ ਪੱਧਰ ਦੇ ਟੋਲ ਫਰੀ ਨੰਬਰ ਰਾਹੀਂ ਪਹੁੰਚਯੋਗ ਹੋਣਾ ਚਾਹੀਦਾ ਹੈ ਅਤੇ ਗਾਹਕ ਸੇਵਾ ਸਟਾਫ਼ ਗਾਹਕਾਂ ਵਲੋਂ ਬੋਲੀਆਂ ਜਾਣ ਵਾਲੀਆਂ ਆਮ ਭਾਸ਼ਾਵਾਂ ਵਿੱਚ ਗੱਲਬਾਤ ਕਰਨ ਦੇ ਸਮਰੱਥ ਹੋਣਾ ਚਾਹੀਦਾ ਹੈ। ਇਹ ਵੇਰਵੇ ਬੇਸ਼ੱਕ ਬੀਮਾਕਰਤਾ ਤੇ ਉਹਨਾਂ ਟੀਪੀਏ ਵਿਚਾਲੇ ਇਕਰਾਰ ਰਾਹੀਂ ਪਰਬੰਧ ਅਧੀਨ ਹੁੰਦੇ ਹਨ।

C. ਨਕਦੀ-ਰਹਿਤ ਪਹੁੰਚ ਸੇਵਾਵਾਂ

ਪਰਿਭਾਸ਼ਾ

"ਬਿਨ-ਨਕਦੀ ਸਹੂਲਤ ਦਾ ਬੀਮਾਕਰਤਾ ਵਲੋਂ ਬੀਮਤ ਨੂੰ ਦਿੱਤੀ ਗਈ ਸਹੂਲਤ ਹੈ, ਜਿੱਥੇ ਪਾਲਸੀਆਂ ਦੇ ਨਿਯਮਾਂ ਤੇ ਸ਼ਰਤਾਂ ਦੇ ਮੁਤਾਬਕ ਬੀਮਤ ਨੂੰ ਇਲਾਜ ਕਰਵਾਉਣ ਦੇ ਖਰਚੇ ਦਾ ਭੁਗਤਾਨ ਬੀਮਾਕਰਤਾ ਵਲੋਂ ਪਹਿਲਾਂ-ਪਰਮਾਣਕਿਤਾ ਮਨਜ਼ੂਰੀ ਦੀ ਹੱਦ ਤੱਕ ਨੈੱਟਵਰਕ ਪ੍ਰੋਵਾਈਡਰ ਨੂੰ ਸਿੱਧਾ ਕੀਤਾ ਜਾਂਦਾ ਹੈ।

ਇਹ ਸੇਵਾ ਦੇਣ ਲਈ ਇਕਰਾਰ ਦੇ ਅਧੀਨ ਬੀਮਾਕਰਤਾ ਦੀਆਂ ਲੋੜਾਂ ਹਨ:

a) ਸਭ ਪਾਲਸੀ ਸੰਬੰਧੀ ਜਾਣਕਾਰੀ ਟੀਪੀਏ ਕੋਲ ਮੌਜੂਦ ਹੋਣੀ ਚਾਹੀਦੀ ਹੈ। ਇਹ ਟੀਪੀਏ ਨੂੰ ਦੇਣਾ ਬੀਮਾਕਰਤਾ ਦਾ ਇਹ ਫ਼ਰਜ਼ ਹੈ।

b) ਪਾਲਸੀ ਵਿੱਚ ਮੌਜੂਦ ਮੈਂਬਰਾਂ ਦਾ ਡਾਟੇ ਉਪਲੱਬਧ ਤੇ ਪਹੁੰਚ ਵਿੱਚ ਹੋਣਾ ਚਾਹੀਦਾ ਹੈ, ਬਿਨਾਂ ਕਿ ਗਲਤੀ ਜਾਂ ਕਮੀ-ਪੇਸ਼ੀ ਦੇ।

c) ਬੀਮਤ ਵਿਅਕਤੀਆਂ ਨੂੰ ਪਛਾਣ ਪੱਤਰ ਰੱਖਣਾ ਚਾਹੀਦਾ ਹੈ, ਜੋ ਕਿ ਉਹਨਾਂ ਨੂੰ ਪਾਲਸੀ ਤੇ ਟੀਪੀਏ ਨਾਲ ਜੋੜਦਾ ਹੈ। ਇਹ ਪਛਾਣ-ਪੱਤਰ ਟੀਪੀਏ ਵਲੋਂ ਸਹਿਮਤ ਹੋਏ ਰੂਪ ਵਿੱਚ ਜਾਰੀ ਕੀਤਾ ਹੋਣਾ ਚਾਹੀਦਾ ਹੈ, ਮੈਂਬਰ ਕੋਲ ਢੁੱਕਵੇਂ ਸਮੇਂ ਵਿੱਚ ਪਹੁੰਚਣਾ ਚਾਹੀਦਾ ਹੈ ਅਤੇ ਪਾਲਸੀ ਦੇ ਸਮੇਂ ਦੌਰਾਨ ਜਾਇਜ਼ ਹੋਣਾ ਚਾਹੀਦਾ ਹੈ।

d) ਟੀਪੀਏ ਨੂੰ ਨਕਦੀ-ਰਹਿਤ ਸਹੂਲਤ ਦੀ ਬੇਨਤੀ ਵਾਸਤੇ ਦਿੱਤੀ ਜਾਣਕਾਰੀ ਉੱਤੇ ਪਹਿਲਾਂ-ਪਰਮਾਣਕਿਤਾ ਜਾਂ ਗਾਰੰਟੀ ਦਾ ਪੱਤਰ ਹਸਪਤਾਲ ਨੂੰ ਜਾਰੀ ਕਰਨਾ ਜ਼ਰੂਰੀ ਹੈ। ਇਹ ਬੀਮਾਰੀ ਦੀ ਕਿਸਮ, ਸੁਝਾਏ ਇਲਾਜ ਤੇ ਸ਼ਾਮਿਲ ਹੋਣ ਵਾਲੇ ਖ਼ਰਚਿਆਂ ਨੂੰ ਸਮਝਣ ਲਈ ਹੋਰ ਜਾਣਕਾਰੀ ਮੰਗ ਸਕਦਾ ਹੈ।

e) ਜੇ ਜਾਣਕਾਰੀ ਸਪਸ਼ਟ ਨਾ ਹੋਵੇ ਜਾਂ ਮੌਜੂਦ ਨਾ ਹੋਵੇ ਤਾਂ ਟੀਪੀਏ ਨਕਦੀ-ਰਹਿਤ ਬੇਨਤੀ ਨੂੰ ਰੱਦ ਕਰ ਸਕਦਾ ਹੈ, ਇਹ ਸਪਸ਼ਟ ਬਣਾਇਆ ਜਾਂਦਾ ਹੈ ਕਿ ਨਕਦੀ-ਰਹਿਤ ਸਹੂਲਤ ਦੇ ਇਨਕਾਰ ਦਾ ਅਰਥ ਇਲਾਜ ਤੋਂ ਇਨਕਾਰ ਦਾ ਨਹੀਂ ਹੁੰਦਾ ਹੈ। ਮੈਂਬਰ ਭੁਗਤਾਨ ਕਰਨ ਤੇ ਬਾਅਦ ਵਿੱਚ ਦਾਅਵਾ ਫਾਇਲ ਕਰਨ ਲਈ ਆਜ਼ਾਦ ਹੁੰਦੇ ਹਨ, ਜੋ ਕਿ ਇਸ ਦੇ ਫਾਇਦਿਆਂ ਵਿੱਚ ਗਿਣਿਆ ਜਾਂਦਾ ਹੈ।

f) ਐਮਰਜੈਂਸੀ ਕੇਸ ਵਿੱਚ, ਸ਼ੁਰੂਆਤ ਦਾਖਲ ਹੋਣ ਦੇ 24 ਘੰਟਿਆਂ ਵਿੱਚ ਕੀਤੀ ਜਾਣੀ ਚਾਹੀਦੀ ਹੈ ਅਤੇ ਨਕਦੀ-ਰਹਿਤ ਉੱਤੇ ਫੈਸਲਾ ਦੱਸਿਆ ਜਾਂਦਾ ਹੈ।

D. ਗਾਹਕ ਸੰਬੰਧ ਅਤੇ ਸੰਪਰਕ ਪ੍ਰਬੰਧ

ਟੀਪੀਏ ਨੂੰ ਢੰਗ ਦੇਣ ਦੀ ਲੋੜ ਹੁੰਦੀ ਹੈ, ਜਿਸ ਰਾਹੀਂ ਗਾਹਕ ਆਪਣੀਆਂ ਸ਼ਿਕਾਇਤਾਂ ਕਰ ਸਕਦੇ ਹਨ। ਇਹ ਅਕਸਰ ਸਿਹਤ ਬੀਮਾ ਦਾਅਵਿਆਂ ਦੀ ਛਾਣਬੀਣ ਤੇ ਤਸਦੀਕ ਕਰਨ ਦੇ ਨਾਲ ਸੰਬੰਧਿਤ ਹੁੰਦਾ ਹੈ। ਇਹ ਵੀ ਯਾਦ ਰੱਖਣਾ ਚਾਹੀਦਾ ਹੈ ਕਿ ਸਿਹਤ ਬੀਮਾ ਦਾਅਵਿਆਂ ਦੀ ਥੋੜ੍ਹੇ ਫੀਸਦੀ ਨੂੰ ਇਨਕਾਰ ਕੀਤਾ ਜਾਂਦਾ ਹੈ, ਜੋ ਕਿ ਪਾਲਸੀ ਸ਼ਰਤਾਂ ਤੇ ਨਿਯਮਾਂ ਦੇ ਅਧਿਕਾਰ-ਖੇਤਰ ਤੋਂ ਬਾਹਰ ਹੁੰਦੇ ਹਨ।

ਇਸ ਤੋਂ ਇਲਾਵਾ ਸਭ ਸਿਹਤ ਬੀਮਾ ਦਾਅਵੇ ਆਪਣੀ ਰਕਮ ਦੀ ਕੁਝ ਰਕਮ ਵਿੱਚ ਕਟੌਤੀ ਦੇ ਅਧੀਨ ਹੁੰਦੇ ਹਨ। ਇਹ ਕਟੌਤੀਆਂ ਨਾਲ ਗਾਹਕ ਅਸੰਤੁਸ਼ਟੀ ਵੱਧਦੀ ਹੈ, ਖਾਸ ਤੌਰ ਉੱਤੇ ਜਿੱਥੇ ਕਿ ਗਾਹਕ ਨੂੰ ਕਟੌਤੀ ਜਾਂ ਇਨਕਾਰ ਕਰਨ ਦੇ ਕਾਰਨ ਠੀਕ ਢੰਗ ਸਮਝਾਏ ਨਹੀਂ ਜਾਂਦੇ ਹਨ।

ਇਹ ਯਕੀਨੀ ਬਣਾਉਣ ਲਈ ਕਿ ਇੰਝ ਦੀਆਂ ਸ਼ਿਕਾਇਤਾਂ ਨੂੰ ਜਿੰਨਾ ਵੀ ਸੰਭਵ ਹੋਵੇ ਤੇਜ਼ੀ ਨਾਲ ਖਤਮ ਕੀਤਾ ਜਾ, ਬੀਮਾਕਰਤਾ ਨੂੰ ਲੋੜ ਹੁੰਦੀ ਹੈ ਕਿ ਟੀਪਏ ਕੋਲ ਪ੍ਰਭਾਵੀ ਸ਼ਿਕਾਇਤ ਨਿਪਟਾਰਾ ਪ੍ਰਬੰਧ ਹੋਵੇ।

E. ਬਿੱਲਿੰਗ ਸੇਵਾਵਾਂ

ਬਿੱਲਿੰਗ ਸੇਵਾਵਾਂ ਦੇ ਅਧੀਨ, ਬੀਮਾਕਰਤਾ ਟੀਪੀਏ ਨੂੰ ਹੇਠ ਦਿੱਤੀਆਂ ਤਿੰਨ ਸੇਵਾਵਾਂ ਦੇਣ ਦੀ ਉਮੀਦ ਹੈ:

a) ਮਿਆਰੀ ਬਣਾਈ ਬਿੱਲ ਤਰਤੀਬ, ਜੋ ਕਿ ਬੀਮਾਕਰਤਾ ਨੂੰ ਵੱਖ-ਵੱਖ ਭਾਗਾਂ ਵਿੱਚ ਸੁਰੱਖਿਆ ਦੀ ਵਰਤੋਂ ਦੀ ਪੜਤਾਲ ਕਰਨ ਤੇ ਕੀਮਤ ਬਾਰੇ ਫੈਸਲਾ ਕਰਨ ਲਈ ਮਦਦ ਕਰਦੀ ਹੈ।

b) ਤਸਦੀਕ ਕਿ ਵਸੂਲੀ ਗਈ ਰਕਮ ਇਲਾਜ ਦੇ ਢੁੱਕਵੀ ਸੀ, ਜੋ ਕਿ ਬੀਮਾਰੀ ਲਈ ਚਾਹੀਦਾ ਸੀ।

c) ਜਾਂਚ-ਪੜਤਾਲ ਤੇ ਇਲਾਜ ਕੋਡਾਂ ਨੂੰ ਲੱਭਿਆ ਜਾਂਦਾ ਹੈ ਤਾਂ ਕਿ ਕੌਮੀ ਜਾਂ ਕੌਮਾਂਤਰੀ ਮਿਆਰਾਂ ਦੇ ਮੁਤਾਬਕ ਸਭ ਟੀਪੀਏ ਕੋਲ ਜਿੰਨਾ ਵੀ ਸੰਭਵ ਹੋਵੇ ਮਿਆਰੀ ਡਾਟਾ ਮੌਜੂਦ ਹੋਵੇ।

ਇਸ ਦੇ ਲਈ ਟੀਪੀਏ ਵਿੱਚ ਸਿਖਲਾਈ ਪ੍ਰਾਪਤ ਤੇ ਮਾਹਰ ਮੁਲਾਜ਼ਮਾਂ ਦੀ ਲੋੜ ਹੁੰਦੀ ਹੈ, ਜੋ ਕਿ ਕੋਡ ਕਰਨ, ਟੈਰਿਫ਼ ਦੀ ਜਾਂਚ ਕਰਨ ਤੇ ਬਿੱਲ ਡਾਟਾ ਕੈਪਚਰ ਦੇ ਮਿਆਰੀਕਰਨ ਦੇ ਸਮਰੱਥ ਹੋਣ।

F. ਦਾਅਵਾ ਕਾਰਵਾਈ ਅਤੇ ਭੁਗਤਾਨ ਸੇਵਾਵਾਂ

ਇਹ ਟੀਪੀਏ ਵਲੋਂ ਦਿੱਤੀ ਜਾਣ ਵਾਲੀ ਸਭ ਤੋਂ ਗੰਭੀਰ ਸੇਵਾ ਹੈ। ਟੀਪੀਏ ਵਲੋਂ ਬੀਮਾਕਰਤਾ ਨੂੰ ਦਿੱਤੀ ਦਾਅਵਾ ਕਾਰਵਾਈ ਸੇਵਾ ਸ਼ੁਰੂਆਤ ਨੂੰ ਰਜਿਸਟਰ ਕਰਨ ਤੋਂ ਲੈ ਕੇ ਕਾਰਵਾਈ ਕਰਨ ਤੋਂ ਮਨਜ਼ੂਰੀ ਦੀ ਸਿਫਾਰਸ਼ ਤੇ ਭੁਗਤਾਨ ਤੱਕ ਸਿਰੇ ਤੋਂ ਸਿਰੇ ਤੱਕ ਹੁੰਦੀ ਹੈ।

ਦਾਅਵੇ ਦੇ ਭੁਗਤਾਨ ਨੂੰ ਬੀਮਾਕਰਤਾ ਵਲੋਂ ਮਿਲੇ ਫੰਡਾਂ ਰਾਹੀਂ ਕੀਤਾ ਜਾਂਦਾ ਹੈ। ਟੀਪੀਏ ਨੂੰ ਫੰਡ ਪੇਸ਼ਗੀ ਧਨ ਜਾਂ ਬੀਮਾਕਰਤਾ ਵਲੋਂ ਸਿੱਧੇ ਸਮਝੌਤੇ ਰਾਹੀਂ ਗਾਹਕ ਜਾਂ ਹਸਪਤਾਲ ਦੇ ਬੈਂਕ ਰਾਹੀਂ ਨਿਪਟਾਇਆ ਜਾ ਸਕਦਾ ਹੈ।

ਟੀਪੀਏ ਤੋਂ ਧਨ ਦੀ ਰਕਮ ਰੱਖਣ ਤੇ ਨਿਯਮਤ ਰੂਪ ਵਿੱਚ ਬੀਮਾ ਕੰਪਨੀਆਂ ਤੋਂ ਪ੍ਰਾਪਤ ਰਕਮਾਂ ਨੂੰ ਮੁੜ-ਇਕੱਤਰ ਕਰਨ ਦੀ ਉਮੀਦ ਕੀਤੀ ਜਾਂਦੀ ਹੈ। ਧਨ ਨੂੰ ਮਨਜ਼ੂਰ ਕੀਤੇ ਦਾਅਵੇ ਦੇ ਭੁਗਤਾਨ ਤੋਂ ਬਿਨਾਂ ਕਿਸੇ ਹੋਰ ਮਕਸਦ ਲਈ ਨਹੀਂ ਵਰਤਿਆ ਜਾ ਸਕਦਾ ਹੈ।

G. ਪ੍ਰਬੰਧਨ ਜਾਣਕਾਰੀ ਸੇਵਾਵਾਂ

ਕਿਉਂਕਿ ਟੀਪੀਏ ਦਾਅਵਾ ਕਾਰਵਾਈ ਤੇ ਕੰਮ ਕਰਦਾ ਹੈ, ਵਿਅਕਤੀ ਜਾਂ ਸਮੂਹਿਕ ਰੂਪ ਵਿੱਚ ਦਾਅਵਿਆਂ ਦੇ ਸੰਬੰਧੀ ਸਭ ਜਾਣਕਾਰੀ ਟੀਪੀਏ ਕੋਲ ਮੌਜੂਦ ਹੁੰਦੀ ਹੈ। ਬੀਮਾਕਰਤਾ ਨੂੰ ਡੇਟਾ ਵੱਖ-ਵੱਖ ਮਕਸਦਾਂ ਲਈ ਚਾਹੀਦਾ ਹੈ ਅਤੇ ਇੰਝ ਦੇ ਡਾਟੇ ਨੂੰ ਠੀਕ ਰੂਪ ਤੇ ਸਮੇਂ ਸਿਰ ਟੀਪੀਏ ਵਲੋਂ ਦਿੱਤਾ ਜਾਂਦਾ ਹੈ।

ਇਸਕਰਕੇ ਟੀਪੀਏ ਦੀਆਂ ਸੇਵਾਵਾਂ ਦਾ ਖੇਤਰ ਬੀਮਾਕਰਤਾ ਵਲੋਂ ਜਾਰੀ ਕੀਤੀਆਂ ਸਿਹਤ ਬੀਮਾ ਪਾਲਸੀਆਂ ਲਈ ਸਿਰੇ ਤੋਂ ਸਿਰੇ ਤੱਕ ਸੇਵਾ ਹੈ, ਜਿਸ ਵਿੱਚ ਖਾਸ ਬੀਮਾਕਰਤਾ ਦੀਆਂ ਲੋੜਾਂ ਤੇ MOU ਦੇ ਮੁਤਾਬਕ ਕੁਝ ਸਰਗਰਮੀਆਂ ਉੱਤੇ ਪਾਬੰਦੀ ਹੋ ਸਕਦੀ ਹੈ।

H. ਟੀਪੀਏ (TPA) ਸੇਵਾ-ਫ਼ਲ

ਇਹਨਾਂ ਸੇਵਾਵਾਂ ਲਈ, ਟੀਪੀਏ ਨੂੰ ਹੇਠ ਦਿੱਤੇ ਢੰਗਾਂ ਵਿੱਚੋਂ ਇੱਕ ਨਾਲ ਫੀਸ ਦਾ ਭੁਗਤਾਨ ਕੀਤਾ ਜਾਂਦਾ ਹੈ:

a) ਗਾਹਕ ਤੋਂ ਵਸੂਲੇ ਗਏ ਪ੍ਰੀਮੀਅਮ ਦਾ ਫੀਸਦੀ (ਸੇਵਾ ਟੈਕਸ ਕੱਢ ਕੇ),

b) ਤਹਿਸ਼ੁਦਾ ਸਮਾਂ ਅੰਤਰਾਲ ਲਈ ਟੀਪੀਏ ਵਲੋਂ ਹਰੇਕ ਮੈਂਬਰ ਨੂੰ ਦਿੱਤੀ ਸਰਵਿਸ ਲਈ ਸਥਿਰ ਰਕਮ ਜਾਂ

c) ਸੇਵਾ ਦੇ ਹਰੇਕ ਲੈਣ-ਦੇਣ ਲਈ ਸਥਿਰ ਰਕਮ ਟੀਪੀਏ ਨੂੰ ਦਿੱਤੀ ਜਾਂਦੀ ਹੈ - ਜਿਵੇਂ ਕਿ ਹਰ ਮੈਂਬਰ ਕਾਰਡ ਜਾਰੀ ਲਈ ਖ਼ਰਚਾ, ਹਰੇਕ ਦਾਅਵੇ ਲਈ।

ਇਸਕਰਕੇ ਟੀਪੀਏ ਦੀਆਂ ਸੇਵਾਵਾਂ ਰਾਹੀਂ, ਬੀਮਾਕਰਤਾ ਨੂੰ ਹੋਏ ਫਾਇਦੇ ਹਨ:

i. ਨਕਦੀ-ਰਹਿਤ ਸੇਵਾਵਾਂ

ii. ਡਾਟਾ ਸੰਕਲਨ ਅਤੇ ਪੜਤਾਲ

iii. ਗਾਹਕਾਂ ਲਈ 24 ਘੰਟੇ ਕਾਲ ਸੈਂਟਰ ਤੇ ਸਹਾਇਤਾ

iv. ਹਸਪਤਾਲਾਂ ਤੇ ਹੋਰ ਮੈਡੀਕਲ ਸਹੂਲਤਾਂ ਦਾ ਨੈਟਵਰਕ

v. ਵੱਡੇ ਗਰੁੱਪ ਦੇ ਗਾਹਕਾਂ ਲਈ ਸਹਾਇਤਾ

vi. ਗਾਹਕਾਂ ਨਾਲ ਦਾਅਵੇ ਤਾਲਮੇਲ ਦੀ ਸਹੂਲਤ

vii. ਹਸਪਤਾਲਾਂ ਲਈ ਟੈਰਿਫ਼ ਤੇ ਕਾਰਵਾਈ ਕੀਮਤ ਉੱਤੇ ਗੱਲਬਾਤ

viii. ਗਾਹਕ ਸੇਵਾ ਨੂੰ ਸੌਖਾ ਬਣਾਉਣ ਲਈ ਤਕਨੀਕ ਦੀ ਵਰਤੋਂ ਕਰਕੇ ਸੇਵਾਵਾਂ ਦੇਣੀਆਂ

ix. ਸ਼ੱਕੀ ਕੇਸਾਂ ਦੀ ਤਸਦੀਕ ਤੇ ਪੜਤਾਲ ਕਰਨੀ

x. ਕੰਪਨੀਆਂ ਦੇ ਵਿੱਚ ਦਾਅਵਾ ਤਰਤੀਬ ਦੀ ਜਾਂਚ-ਪੜਤਾਲ ਕਰਨੀ ਤੇ ਖ਼ਰਚੇ ਉੱਤੇ ਗੰਭੀਰ ਜਾਣਕਾਰੀ, ਇਲਾਜ ਦੇ ਨਵੇਂ ਢੰਗ, ਵੱਧ ਰਹੇ ਰੁਝਾਨਾਂ ਤੇ ਧੋਖੇ ਨੂੰ ਕੰਟਰੋਲ ਕਰਨ ਵਿੱਚ ਪਰਬੰਧ ਕਰਨੇ

xi. ਸੇਵਾਵਾਂ ਨੂੰ ਤੇਜ਼ੀ ਨਾਲ ਪਹੁੰਚਣ ਲਈ ਵਾਧਾ ਕਰਨਾ

D. ਦਾਅਵਾ ਪਰਬੰਧ - ਨਿੱਜੀ ਹਾਦਸਾ

1. ਨਿੱਜੀ ਹਾਦਸਾ

ਪਰਿਭਾਸ਼ਾ

ਨਿੱਜੀ ਹਾਦਸਾ ਇੱਕ ਫਾਇਦਾ ਪਾਲਸੀ ਹੈ ਅਤੇ ਹਾਦਸਾ ਮੌਤ, ਹਾਦਸਾ ਅਪੰਗਤਾ (ਪੱਕੀ / ਅਧੂਰੀ), ਆਰਜ਼ੀ ਕੁੱਲ ਅਪੰਗਤਾ ਲਈ ਸੁਰੱਖਿਆ ਦਿੰਦੀ ਹੈ ਅਤੇ ਖਾਸ ਉਤਪਾਦ ਦੇ ਮੁਤਾਬਕ ਹਾਦਸਾ ਮੈਡੀਕਲ ਖ਼ਰਚਾ, ਸੰਸਕਾਰ ਖ਼ਰਚਾ, ਸਿੱਖਿਆ ਖ਼ਰਚਾ ਆਦਿ ਲਈ ਐਡ-ਆਨ ਸੁਰੱਖਿਆ ਵੀ ਹੋ ਸਕਦੀ ਹੈ।

ਪੀਸੀ ਪਾਲਸੀ ਦੇ ਅਧੀਨ ਸੁਰੱਖਿਆ ਪ੍ਰਾਪਤ ਸੰਕਟ "ਹਾਦਸਾ" ਹੈ।

ਪਰਿਭਾਸ਼ਾ

ਹਾਦਸੇ ਨੂੰ ਕੁਝ ਵੀ ਅਚਾਨਕ, ਅਚਿੰਤਤ, ਬਾਹਰੀ, ਹਿੰਸਕ ਤੇ ਦਿੱਖ ਰੂਪ ਵਿੱਚ ਵਾਪਰਨ ਵਜੋਂ ਪਰਿਭਾਸ਼ਿਤ ਕੀਤਾ ਜਾਂਦਾ ਹੈ।

ਦਾਅਵੇ ਮੈਨੇਜਰ ਨੂੰ ਧਿਆਨ ਨਾਲ ਵੇਖਣਾ ਚਾਹੀਦਾ ਹੈ ਅਤੇ ਦਾਅਵੇ ਦੀ ਸੂਚਨਾ ਪ੍ਰਾਪਤ ਹੋਣ ਉੱਤੇ ਹੇਠ ਦਿੱਤੇ ਖੇਤਰਾਂ ਦੀ ਜਾਂਚ ਕਰਨੀ ਚਾਹੀਦੀ ਹੈ:

a) ਵਿਅਕਤੀ, ਜਿਸ ਦੇ ਸੰਬੰਧ ਵਿੱਚ ਦਾਅਵਾ ਕੀਤਾ ਹੈ, ਪਾਲਸੀ ਦੇ ਅਧੀਨ ਸੁਰੱਖਿਆ ਪ੍ਰਾਪਤ ਹੈ

b) ਪਾਲਸੀ ਘਾਟੇ ਦੇ ਦਿਨ ਤੱਕ ਜਾਇਜ਼ ਹੈ ਅਤੇ ਪ੍ਰੀਮੀਅਮ ਪ੍ਰਾਪਤ ਹੋਇਆ ਹੈ

c) ਪਾਲਸੀ ਸਮੇਂ ਦੇ ਦੌਰਾਨ ਘਾਟਾ

d) ਘਾਟਾ "ਹਾਦਸੇ" ਦੇ ਕਰਕੇ ਵਾਪਰਿਆ ਹੈ ਤੇ ਬੀਮਾਰੀ ਕਰਕੇ ਨਹੀਂ

e) ਕਿਸੇ ਵੀ ਧੋਖੇ ਦੇ ਚਿਨ੍ਹਾਂ ਦੀ ਜਾਂਚ ਕਰੋ ਅਤੇ ਜੇ ਲੋੜ ਹੋਵੇ ਤਾਂ ਪੜਤਾਲ ਕਰੋ

f) ਦਾਅਵੇ ਨੂੰ ਰਜਿਸਟਰ ਕਰੋ ਅਤੇ ਉਸ ਲਈ ਰਾਖਵਾਂ ਬਣਾਉ

g) ਕੰਮ ਨਿਪਟਾਉਣ ਸਮੇਂ (ਦਾਅਵਾ ਸੇਵਾ ਦੇਣ ਸਮਾਂ) ਬਣਾਈ ਰੱਖਣਾ ਅਤੇ ਗਾਹਕ ਨੂੰ ਦਾਅਵੇ ਵਿੱਚ ਤਰੱਕੀ ਦੇ ਬਾਰੇ ਜਾਣਕਾਰੀ ਦਿੰਦੇ ਰਹਿਣਾ।

2. ਦਾਅਵਿਆਂ ਦੀ ਜਾਂਚ

ਜੇ ਦਾਅਵਾ ਸ਼ੁਰੂ ਕਰਨ ਵਿੱਚ ਦਾਅਵਾ ਦਸਤਾਵੇਜ਼ਾਂ ਦੀ ਰਸੀਦ ਉੱਤੇ ਕੋਈ ਵੀ ਖ਼ਤਰੇ ਦਾ ਚਿੰਨ੍ਹ ਮਿਲਦਾ ਹੈ ਤਾਂ ਦਾਅਵੇ ਨੂੰ ਨਾਲ ਦੀ ਨਾਲ ਤਸਦੀਕ ਕਰਨ ਲਈ ਪੇਸ਼ੇਵਰ ਖੋਜੀਆਂ ਨੂੰ ਵੀ ਸੌਂਪਿਆ ਜਾ ਸਕਦਾ ਹੈ।

ਉਦਾਹਰਨ

ਉਦਾਹਰਨ ਲਈ ਨਿੱਜੀ ਹਾਦਸਾ ਦਾਅਵਿਆਂ ਲਈ ਖ਼ਤਰੇ ਦਾ ਚਿੰਨ੍ਹ (ਹੋਰ ਜਾਂਚ ਲਈ, ਪਰ ਧੋਖੇ ਜਾਂ ਦਾਅਵੇ ਵਿੱਚ ਧੋਖਾ ਦੇਣ ਦਾ ਕੋਈ ਸੰਕੇਤ ਨਹੀਂ ਮਿਲਦਾ ਹੈ):

- ✓ ਨਿਕਟਤਾ ਦਾਅਵੇ ਬੰਦ ਕਰਨੇ (ਬੀਮਾ ਸ਼ੁਰੂ ਹੋਣ ਦੇ ਥੋੜ੍ਹੇ ਸਮੇਂ ਬਾਅਦ ਮਿਲੇ ਦਾਅਵੇ)
- ✓ ਲੰਮੇ ਸਮੇਂ ਦੀ ਅਪੰਗਤਾ ਨਾਲ ਉੱਚ ਹਫ਼ਤੇਵਾਰ ਫਾਇਦਾ ਰਕਮ
- ✓ ਦਾਅਵਾ ਦਸਤਾਵੇਜ਼ਾਂ ਵਿੱਚ ਫ਼ਰਕ
- ✓ ਇੱਕੋ ਬੀਮਤ ਵਲੋਂ ਕਈ ਦਾਅਵੇ
- ✓ ਸ਼ਰਾਬ ਦੀ ਸੰਭਾਵਨਾ
- ✓ ਸ਼ੱਕੀ ਆਤਮਹੱਤਿਆ
- ✓ ਦੇਰ ਰਾਤੀਂ ਰੋਡ ਟਰੈਫਿਕ ਹਾਦਸਾ, ਜਦੋਂ ਕਿ ਵਹੀਕਲ ਨੂੰ ਬੀਮਤ ਵਲੋਂ ਚਲਾਇਆ ਜਾ ਰਿਹਾ ਸੀ
- ✓ ਸੱਪ ਦਾ ਕੱਟਣਾ
- ✓ ਡੁੱਬਣਾ
- ✓ ਉਚਾਈ ਤੋਂ ਡਿੱਗਣਾ
- ✓ ਸ਼ੱਕੀ ਬੀਮਾਰੀ ਦੇ ਨਾਲ ਸੰਬੰਧਿਤ ਕੇਸ
- ✓ ਜ਼ਹਿਰ ਦੇਣਾ ਜਾਂ ਖਾਣਾ
- ✓ ਕਤਲ
- ✓ ਗੋਲੀ ਨਾਲ ਸੱਟ
- ✓ ਠੰਡ ਦੇ ਦਾਗ ਗੁੰਮ ਹੋਣਾ
- ✓ ਹੱਤਿਆ ਆਦਿ।

ਜਾਂਚ ਦੇ ਮੁੱਖ ਮਕਸਦ ਹੁੰਦੇ ਹਨ:

a) ਘਾਟੇ ਦੇ ਕਾਰਨਾਂ ਦੀ ਜਾਂਚ ਕਰਨਾ।

b) ਘਾਟੇ ਦੀ ਹੱਦ ਤੇ ਕਿਸਮ ਦਾ ਪਤਾ ਲਗਾਉਣਾ।

c) ਸਬੂਤ ਤੇ ਜਾਣਕਾਰੀ ਇਕੱਤਰ ਕਰਨਾ।

d) ਪਤਾ ਲਗਾਉਣ ਲਈ ਕਿ ਕੀ ਦਾਅਵਾ ਰਕਮ ਵਿੱਚ ਧੋਖੇ ਜਾਂ ਅੱਤਕਥਨੀ ਦਾ ਭਾਗ ਹੈ

ਕਿਰਪਾ ਕਰਕੇ ਯਾਦ ਰੱਖੋ: ਜਾਂਚ ਦਾ ਮਕਸਦ ਕੇਸ ਦੇ ਤੱਥਾਂ ਦੀ ਜਾਂਚ ਕਰਨੀ ਅਤੇ ਲੋੜੀਂਦੇ ਸਬੂਤ ਇਕੱਠੇ ਕਰਨਾ ਹੈ।

ਇਹ ਖਾਸ ਹੈ ਕਿ ਦਾਅਵਾ ਪ੍ਰੀਖਿਅਕ ਖੋਜੀਆਂ ਨੂੰ ਖੋਜ ਉੱਤੇ ਧਿਆਨ ਦੇਣ ਲਈ ਸੇਧਾਂ ਦਿੰਦਾ ਹੈ।

ਉਦਾਹਰਨ

ਕੇਸ ਸੇਧਾਂ ਦੀਆਂ ਉਦਾਹਰਨਾਂ ਹਨ :

ਸੜਕ ਆਵਾਜਾਈ ਹਾਦਸਾ

i. ਹਾਦਸਾ ਕਦੋਂ ਵਾਪਰਿਆ - ਠੀਕ ਸਮਾਂ ਤੇ ਮਿਤੀ ਥਾਂ? ਮਿਤੀ ਤੇ ਸਮਾਂ

ii. ਕੀ ਬੀਮਤ ਪੈਦਲ ਯਾਤਰੀ ਸੀ, ਸਵਾਰੀ/ਪਿੱਛੇ ਬੈਠੀ ਸਵਾਰ ਵਜੋਂ ਯਾਤਰਾ ਕਰਦਾ ਸੀ ਜਾਂ ਹਾਦਸੇ ਵਿੱਚ ਸ਼ਾਮਿਲ ਵਹੀਕਲ ਨੂੰ ਚਲਾ ਰਿਹਾ ਸੀ?

iii. ਹਾਦਸੇ ਦਾ ਵੇਰਵਾ, ਇਹ ਕਿਵੇਂ ਵਾਪਰਿਆ?

iv. ਕੀ ਹਾਦਸੇ ਦੇ ਸਮੇਂ ਬੀਮਤ ਨੇ ਸ਼ਰਾਬ ਪੀਤੀ ਹੋਈ ਸੀ?

v. ਮੌਤ ਦੇ ਕੇਸ ਵਿੱਚ, ਮੌਤ ਦਾ ਠੀਕ ਸਮਾਂ ਤੇ ਮਿਤੀ ਕੀ ਸੀ, ਮੌਤ ਤੋਂ ਪਹਿਲਾਂ ਇਲਾਜ ਕੀਤਾ ਗਿਆ ਸੀ, ਕਿਹੜੇ ਹਸਪਤਾਲ ਆਦਿ ਵਿੱਚ?

ਹਾਦਸੇ ਦਾ ਸੰਭਵ ਕਾਰਨ :

ਬੀਮਤ ਜਾਂ ਦੂਜੇ ਵਹੀਕਲ ਦੀ ਮਸ਼ੀਨੀ ਨਾਕਾਮਯਾਬੀ (ਸਟੇਰਿੰਗ, ਬਰੇਕ ਆਦਿ ਫੇਲ੍ਹ ਹੋਣਾ), ਵਹੀਕਲ ਦੇ ਡਰਾਇਵਰ ਦੀ ਕਿਸੇ ਬੀਮਾਰੀ ਦੇ ਕਰਕੇ (ਦਿਲ ਦਾ ਦੌਰਾ, ਬੀਮਾਰੀ ਦਾ ਦੌਰਾ ਆਦਿ), ਸ਼ਰਾਬ ਦਾ ਅਸਰ, ਖ਼ਰਾਬ ਸੜਕ ਦੀ ਸਥਿਤੀ, ਮੌਸਮੀ ਹਾਲਤ, ਵਹੀਕਲ ਦੀ ਸਪੀਡ ਆਦਿ

ਨਿੱਜੀ ਹਾਦਸਾ ਦਾਅਵਿਆਂ ਵਿੱਚ ਧੋਖੇ ਤੇ ਨੁਕਸਾਨ ਦੀ ਸੰਭਾਵਨਾ ਦੀਆਂ ਹੇਠ ਦਿੱਤੀਆਂ ਉਦਾਹਰਨਾਂ ਹਨ:

i. TTD ਅੰਤਰਾਲ ਦੌਰਾਨ ਗਲਤ ਜਾਣਕਾਰੀ।

ii. ਬੀਮਾਰੀ ਨੂੰ ਹਾਦਸੇ ਵਜੋਂ ਦਰਸਾਉਣਾ ਜਿਵੇਂ ਕਿ ਰੋਗ ਦੇ ਕਾਰਨਾਂ ਕਰਕੇ ਹੋਏ ਪਿੱਠ ਦਰਦ ਨੂੰ ਘਰ ਵਿੱਚ 'ਡਿੱਗਣ/ਤਿਲਕਣ' ਦੇ ਬਾਅਦ ਪੀ.ਏ. ਦਾਅਵੇ ਵਿੱਚ ਤਬਦੀਲ ਕਰਨਾ।

iii. ਪਹਿਲਾਂ-ਵਾਪਰੇ ਹਾਦਸਿਆਂ ਨੂੰ ਤਾਜ਼ਾ ਵਜੋਂ ਦਾਅਵਾ ਕਰਨਾ, ਜਿਸ ਲਈ ਫ਼ਰਜ਼ੀ ਦਸਤਾਵੇਜ਼-ਕੁਦਰਤੀ ਮੌਤ ਨੂੰ ਹਾਦਸੇ ਦੇ ਕੇਸ ਜਾਂ ਹਾਦਸੇ ਦੇ ਮਗਰੋਂ ਪਹਿਲਾਂ-ਮੌਜੂਦ ਰੋਗਾਂ ਨੂੰ ਮੌਤ ਦੇ ਕਾਰਨ ਵਜੋਂ ਪੇਸ਼ ਕਰਨਾ

iv. ਆਤਮ-ਹੱਤਿਆ ਮੌਤਾਂ ਨੂੰ ਹਾਦਸੇ ਵਜੋਂ ਮੌਤ ਬਣਾਉਣਾ

ਛੋਟ ਵਾਊਚਰ ਨਿੱਜੀ ਹਾਦਸੇ ਦਾਅਵਿਆਂ ਨੂੰ ਨਿਪਟਾਉਣ ਲਈ ਮਹੱਤਵਪੂਰਨ ਦਸਤਾਵੇਜ਼ ਹੈ, ਖਾਸ ਤੌਰ ਉੱਤੇ ਜੋ ਕਿ ਮੌਤ ਦਾਅਵਿਆਂ ਲਈ ਸ਼ਾਮਲ ਹਨ। ਪੇਸ਼ਕਸ਼ ਦੇ ਸਮੇਂ ਨਾਮਜ਼ਦਗੀ ਵੇਰਵੇ ਪ੍ਰਾਪਤ ਕਰਨੇ ਵੀ ਮਹੱਤਵਪੂਰਨ ਹੈ ਅਤੇ ਉਹ ਪਾਲਸੀ ਦਸਤਾਵੇਜ਼ ਦਾ ਹਿੱਸਾ ਹੋਣਾ ਚਾਹੀਦਾ ਹੈ।

3. **ਦਾਅਵਾ ਦਸਤਾਵੇਜ਼**

ਸਾਰਣੀ ਵਿੱਚ 2.3

ਮੌਤ ਦਾਅਵਾ	a) ਦਾਅਵੇਦਾਰ ਦੇ ਨਾਮਜ਼ਦ/ਪਰਿਵਾਰਿਕ ਮੈਂਬਰਾਂ ਵਲੋਂ ਠੀਕ-ਠੀਕ ਭਰਕੇ ਦਸਤਖਤ ਕੀਤਾ ਨਿੱਜੀ ਹਾਦਸਾ ਦਾਅਵਾ ਫਾਰਮ b) ਪਹਿਲੀ ਜਾਣਕਾਰੀ ਰਿਪੋਰਟ (FIR) ਦੀ ਅਸਲ ਜਾਂ ਤਸਦੀਕ ਕੀਤੀ ਕਾਪੀ (FIR/ਪੰਚਨਾਮੇ/ਤਫ਼ਤੀਸ਼ ਪੰਚਨਾਮੇ ਦੀ ਤਸਦੀਕ ਕੀਤੀ ਕਾਪੀ) c) ਮੌਤ ਸਰਟੀਫਿਕੇਟ ਦੀ ਅਸਲ ਜਾਂ ਤਸਦੀਕ ਕੀਤੀ ਕਾਪੀ d) ਪੋਸਟ ਮਾਰਟਮ ਰਿਪੋਰਟ ਦੀ ਤਸਦੀਕ ਕੀਤੀ ਕਾਪੀ, ਜੇ ਕੀਤਾ ਗਿਆ ਹੋਵੇ। e) AML ਦਸਤਾਵੇਜ਼ (ਐਨੀ-ਮਨੀ ਲਾਂਡਰਿੰਗ) ਦੀ ਤਸਦੀਕ ਕੀਤੀ ਕਾਪੀ - ਨਾਂ ਤਸਦੀਕ ਕਰਨ ਲਈ (ਪਾਸਪੋਰਟ / ਪੈਨ ਕਾਰਡ / ਵੋਟਰ ਆਈਡੀ/ ਡਰਾਇਵਿੰਗ ਲਾਇਸੈਂਸ), ਪਤਾ ਤਸਦੀਕ ਕਰਨ ਲਈ (ਟੈਲੀਫੋਨ ਬਿੱਲ / ਬੈਂਕ ਅਕਾਊਂਟ ਸਟੇਟਮੈਂਟ / ਬਿਜਲੀ ਦਾ ਬਿੱਲ / ਰਾਸ਼ਨ ਕਾਰਡ)। f) ਕਾਨੂੰਨ ਵਾਰਸ ਸਰਟੀਫਿਕੇਟ, ਜਿਸ ਵਿੱਚ ਸਭ ਕਾਨੂੰਨੀ ਵਾਰਸਾਂ ਵਲੋਂ ਠੀਕ ਤਰ੍ਹਾਂ ਦਸਤਖਤ ਕੀਤੇ ਤੇ ਨੋਟਰੀ ਕਰਵਾਏ ਹਲਫ਼ਨਾਮਾ ਅਤੇ ਹਰਜਾਨਾ ਬੌਂਡ ਹੋਵੇ।
ਪੱਕੇ ਤੌਰ ਉੱਤੇ ਅਪੰਗਤਾ (PTD) ਅਤੇ ਪੱਕੇ ਤੌਰ ਅਧੂਰੀ ਅਪੰਗਤਾ (PPD) ਦਾਅਵੇ	a) ਦਾਅਵੇਦਾਰ ਵਲੋਂ ਠੀਕ-ਠੀਕ ਭਰਕੇ ਦਸਤਖਤ ਕੀਤਾ ਨਿੱਜੀ ਹਾਦਸਾ ਦਾਅਵਾ ਫਾਰਮ। b) ਪਹਿਲੀ ਜਾਣਕਾਰੀ ਰਿਪੋਰਟ (FIR) ਰਿਪੋਰਟ ਦੀ ਤਸਦੀਕ ਕੀਤੀ ਕਾਪੀ, ਜੇ ਕੀਤਾ ਗਿਆ ਹੋਵੇ। c) ਸਿਵਲ ਸਰਜਨ ਜਾਂ ਬਰਾਬਰ ਦੇ ਅਹੁਦੇ ਦੇ ਡਾਕਟਰ ਵਲੋਂ ਬੀਮਤ ਦੀ ਅਪੰਗਤਾ ਲਈ ਜਾਰੀ ਕੀਤਾ ਪੱਕੇ ਤੌਰ ਉੱਤੇ ਅਪੰਗਤਾ ਸਰਟੀਫਿਕੇਟ।
ਆਰਜ਼ੀ ਤੌਰ ਉਤੇ ਕੁੱਲ ਅਪੰਗਤਾ (ਟੀਟੀਡੀ) ਦਾਅਵੇ	a) ਇਲਾਜ ਕਰਨ ਵਾਲੇ ਡਾਕਟਰਾਂ ਵਲੋਂ ਅਪੰਗਤਾ ਦੀ ਕਿਸਮ ਤੇ ਅਪੰਗਤਾ ਸਮੇਂ ਨੂੰ ਦਰਸਾਉਂਦਾ ਮੈਡੀਕਲ ਸਰਟੀਫਿਕੇਟ। ਰੁਜ਼ਗਾਰਦਾਤਾ ਵਲੋਂ ਠੀਕ ਛੁੱਟੀ ਦੇ ਸਮੇਂ ਦੇ ਵੇਰਵੇ ਦਿੰਦਾ, ਠੀਕ ਤਰ੍ਹਾਂ ਦਸਤਖਤ ਤੇ ਸੀਲ ਕੀਤਾ ਛੁੱਟੀ ਦਾ ਸਰਟੀਫਿਕੇਟ। b) ਇਲਾਜ ਕਰਨ ਵਾਲੇ ਡਾਕਟਰ ਵਲੋਂ ਤੰਦਰੁਸਤੀ ਦਾ ਸਰਟੀਫਿਕੇਟ, ਜੋ ਕਿ

	ਤਸਦੀਕ ਕਰਦਾ ਹੈ ਕਿ ਬੀਮਤ ਆਪਣੇ ਫ਼ਰਜ਼ਾਂ ਨੂੰ ਪੂਰਾ ਕਰਨ ਲਈ ਫਿੱਟ ਹੈ।

ਉੱਤੇ ਦਿੱਤੀ ਸੂਚੀ ਕੇਵਲ ਸੰਕੇਤ ਭਰ ਹੈ, ਹੋਰ ਦਸਤਾਵੇਜ਼ਾਂ (ਦਾਗ਼ਾਂ ਦੇ ਨਿਸ਼ਾਨ, ਵੇਰਵੇ ਫੋਟੋਗਰਾਫ਼ਾਂ, ਹਾਦਸੇ ਦੀ ਸਾਈਟ ਆਦਿ ਦੇ ਸਮੇਤ) ਨੂੰ ਕੇਸ ਦੇ ਖਾਸ ਤੱਥਾਂ ਮੁਤਾਬਕ ਮੰਗਿਆ ਜਾ ਸਕਦਾ ਹੈ, ਖਾਸ ਤੌਰ ਉੱਤੇ ਜਾਂਚ ਕਰਨ ਲਈ ਸ਼ੱਕੀ ਧੋਖੇ ਦੇ ਕੇਸਾਂ ਵਿੱਚ।

ਖੁਦ ਜਾਂਚ ਕਰੋ 4

ਅੱਗੇ ਦਿੱਤੇ ਕਿਹੜੇ ਦਸਤਾਵੇਜ਼ਾਂ ਨੂੰ ਪੱਕੀ ਕੁੱਲ ਅਪੰਗਤਾ ਦਾਅਵੇ ਲਈ ਪੇਸ਼ ਕਰਨ ਦੀ ਲੋੜ ਨਹੀਂ ਹੁੰਦੀ ਹੈ?

I. ਦਾਅਵੇਦਾਰ ਵਲੋਂ ਠੀਕ-ਠੀਕ ਭਰਕੇ ਦਸਤਖਤ ਕੀਤਾ ਨਿੱਜੀ ਹਾਦਸਾ ਦਾਅਵਾ ਫਾਰਮ

II. ਪਹਿਲੀ ਜਾਣਕਾਰੀ ਰਿਪੋਰਟ (FIR) ਰਿਪੋਰਟ ਦੀ ਤਸਦੀਕ ਕੀਤੀ ਕਾਪੀ, ਜੇ ਕੀਤਾ ਗਿਆ ਹੋਵੇ।

III. ਸਿਵਲ ਸਰਜਨ ਜਾਂ ਬਰਾਬਰ ਦੇ ਅਹੁਦੇ ਦੇ ਡਾਕਟਰ ਵਲੋਂ ਬੀਮਤ ਦੀ ਅਪੰਗਤਾ ਲਈ ਜਾਰੀ ਕੀਤਾ ਪੱਕੇ ਤੌਰ ਉੱਤੇ ਅਪੰਗਤਾ ਸਰਟੀਫਿਕੇਟ।

IV. ਇਲਾਜ ਕਰਨ ਵਾਲੇ ਡਾਕਟਰ ਵਲੋਂ ਤੰਦਰੁਸਤੀ ਦਾ ਸਰਟੀਫਿਕੇਟ, ਜੋ ਕਿ ਤਸਦੀਕ ਕਰਦਾ ਹੈ ਕਿ ਬੀਮਤ ਆਪਣੇ ਫ਼ਰਜ਼ਾਂ ਨੂੰ ਪੂਰਾ ਕਰਨ ਲਈ ਫਿੱਟ ਹੈ।

E. ਦਾਅਵਾ ਪਰਬੰਧ - ਵਿਦੇਸ਼ੀ ਯਾਤਰਾ ਬੀਮਾ

1. ਵਿਦੇਸ਼ੀ ਯਾਤਰਾ ਬੀਮਾ ਪਾਲਸੀ

ਵਿਦੇਸ਼ੀ ਯਾਤਰਾ ਬੀਮਾ ਪਾਲਸੀ ਦੇ ਕਈ ਭਾਗਾਂ ਰਾਹੀਂ ਗ਼ੈਰ-ਮੈਡੀਕਲ ਫਾਇਦਿਆਂ ਲਈ ਬੀਮਾ-ਸੁਰੱਖਿਆ ਦਿੱਤੀ ਜਾਂਦੀ ਹੈ, ਇਸ ਦੇ ਅੰਡਰਰਾਈਟਿੰਗ ਅਤੇ ਦਾਅਵੇ ਪ੍ਰਬੰਧ ਨੂੰ ਆਮ ਤੌਰ ਉੱਤੇ ਸਿਹਤ ਬੀਮਾ ਪੋਰਟਫੋਲਿਓ ਅਧੀਨ ਹੁੰਦੀ ਹੈ, ਕਿਉਂਕਿ ਮੈਡੀਕਲ ਅਤੇ ਬੀਮਾਰੀ ਫਾਇਦੇ ਪਾਲਸੀ ਦੇ ਅਧੀਨ ਮੁੱਖ ਬੀਮਾ ਸੁਰੱਖਿਆ ਹੁੰਦੀ ਹੈ।

ਪਾਲਸੀ ਦੇ ਅਧੀਨ ਫਾਇਦਿਆਂ ਨੂੰ ਮੁੱਖ ਤੌਰ ਉੱਤੇ ਅੱਗੇ ਦਿੱਤੇ ਭਾਗਾਂ ਵਿੱਚ ਵੰਡਿਆ ਜਾ ਸਕਦਾ ਹੈ। ਖਾਸ ਉਤਪਾਦ ਅੱਗੇ ਦਿੱਤੇ ਦਰਸਾਏ ਸਾਰੇ ਜਾਂ ਕੁਝ ਫਾਇਦਿਆਂ ਲਈ ਬੀਮਾ ਸੁਰੱਖਿਆ ਦੇ ਸਕਦੀ ਹੈ:

a) ਮੈਡੀਕਲ ਤੇ ਬੀਮਾਰੀ ਭਾਗ

b) ਦੇਸ਼ ਵਾਪਸੀ ਅਤੇ ਤਿਆਗ

c) ਨਿੱਜੀ ਦੁਰਘਟਨਾ ਬੀਮਾ-ਸੁਰੱਖਿਆ

d) ਨਿੱਜੀ ਦੇਣਦਾਰੀ

e) ਹੋਰ ਗ਼ੈਰ-ਮੈਡੀਕਲ ਬੀਮਾ-ਸੁਰੱਖਿਆਵਾਂ:

   i. ਯਾਤਰਾ ਰੱਦ ਕਰਨੀ
   ii. ਯਾਤਰਾ ਦੇਰੀ
   iii. ਯਾਤਰਾ ਰੁਕਾਵਟ
   iv. ਖੁੰਝਿਆ ਕਨੈਕਸ਼ਨ
   v. ਚੈਕ-ਇਨ ਕੀਤੇ ਬੈਗ ਦੀ ਦੇਰੀ
   vi. ਭੇਜੇ ਗਏ ਸਾਮਾਨ ਦਾ ਗੁਆਚਣਾ
   vii. ਪਾਸਪੋਰਟ ਗੁਆਚਣਾ
   viii. ਐਮਰਜੈਂਸੀ ਨਕਦੀ ਪੇਸ਼ਗੀ
   ix. ਅਗਵਾ ਭੱਤਾ
   x. ਜ਼ਮਾਨਤ ਬੌਂਡ ਬੀਮਾ
   xi. ਅਗਵਾ ਲਈ ਬੀਮਾ-ਸੁਰੱਖਿਆ
   xii. ਸਪਾਂਸਰ ਸੁਰੱਖਿਆ
   xiii. ਦਿਆਲੂ ਦੌਰਾ
   xiv. ਪੜ੍ਹਾਈ ਰੁਕਾਵਟ
   xv. ਘਰ ਸੰਨ੍ਹ ਲੱਗਣਾ

ਜਿਵੇਂ ਕਿ ਨਾਂ ਤੋਂ ਹੀ ਸਪਸ਼ਟ ਹੁੰਦਾ ਹੈ ਕਿ ਪਾਲਸੀ ਵਿਦੇਸ਼ਾਂ ਦੀ ਯਾਤਰਾ ਕਰਨ ਵਾਲੇ ਲੋਕਾਂ ਲਈ ਹੈ, ਇਸਕਰਕੇ ਘਾਟੇ ਭਾਰਤ ਤੋਂ ਬਾਹਰ ਹੋਣੇ ਸੁਭਾਵਿਕ ਹਨ ਅਤੇ ਦਾਅਵਿਆਂ ਨੂੰ ਢੁੱਕਵੇਂ ਰੂਪ ਵਿੱਚ ਅਤੇ ਜਿੱਥੇ ਰਿਪੋਰਟ ਕੀਤੇ ਗਏ ਹਨ, ਉੱਥੇ ਸੇਵਾ ਦੇਣ ਦੀ ਲੋੜ ਹੈ। ਵਿਦੇਸ਼ੀ ਯਾਤਰਾ ਬੀਮਾ ਦੇ ਕੇਸ ਵਿੱਚ, ਦਾਅਵਾ ਸੇਵਾ ਅਕਸਰ ਤੀਜੀ ਧਿਰ ਸੇਵਾ ਦੇਣ ਵਾਲੇ (ਸਹਾਇਕ ਕੰਪਨੀ) ਵਲੋਂ ਦਿੱਤੀ ਜਾਂਦੀ ਹੈ, ਜਿਹਨਾਂ ਨੇ ਸੰਸਾਰ ਭਰ ਵਿੱਚ ਲੋੜੀਂਦਾ ਸਹਿਯੋਗ ਤੇ ਮਦਦ ਦੇਣ ਲਈ ਨੈੱਟਵਰਕ ਤਿਆਰ ਕੀਤਾ ਹੁੰਦਾ ਹੈ।

ਦਾਅਵਾ ਸੇਵਾਵਾਂ ਵਿੱਚ ਲਾਜ਼ਮੀ ਰੂਪ ਵਿੱਚ ਸ਼ਾਮਿਲ ਹੈ :

a) 24 * 7 ਦੇ ਮੁਤਾਬਕ ਦਾਅਵਾ ਸੂਚਨਾ ਲੈਣੀ;

b) ਦਾਅਵਾ ਫਾਰਮ ਅਤੇ ਕਾਰਵਾਈ ਭੇਜਣੀ;

c) ਗਾਹਕਾਂ ਨੂੰ ਸੇਧ ਦੇਣੀ ਕਿ ਘਾਟਾ ਹੋਣ ਦੇ ਤੁਰੰਤ ਬਾਅਦ ਕੀ ਕਰਨਾ ਹੈ;

d) ਮੈਡੀਕਲ ਅਤੇ ਬੀਮਾਰੀ ਦਾਅਵਿਆਂ ਲਈ ਨਕਦੀ-ਰਹਿਤ ਸੇਵਾਵਾਂ ਵਧਾਉਣੀਆਂ;

e) ਦੇਸ਼-ਵਾਪਸੀ ਅਤੇ ਨਿਕਾਸੀ, ਐਮਰਜੈਂਸੀ ਨਕਦੀ ਪੇਸ਼ਗੀ ਦਾ ਪ੍ਰਬੰਧ ਕਰਨਾ।

2. ਸਹਾਇਕ ਕੰਪਨੀਆਂ - ਵਿਦੇਸ਼ੀ ਦਾਅਵਿਆਂ ਵਿੱਚ ਭੂਮਿਕਾ

ਸਹਾਇਕ ਕੰਪਨੀਆਂ ਦੇ ਸੰਸਾਰ ਭਰ ਵਿੱਚ ਆਪਣੇ ਦਫ਼ਤਰ ਅਤੇ ਇੰਝ ਦੇ ਪੂਰਕਾਂ ਨਾਲ ਸੰਬੰਧ ਹੁੰਦੇ ਹਨ। ਇਹ ਕੰਪਨੀਆਂ ਪਾਲਸੀ ਦੇ ਅਧੀਨ ਸੁਰੱਖਿਆ ਦਿੱਤੇ ਸੰਜੋਗਾਂ ਦੇ ਕੇਸ ਵਿੱਚ ਬੀਮਾ ਕੰਪਨੀਆਂ ਦੇ ਗਾਹਕਾਂ ਨੂੰ ਸਹਾਇਤਾ ਦਿੰਦੀਆਂ ਹਨ।

ਇਹ ਕੰਪਨੀਆਂ ਦਾਅਵਾ ਰਜਿਸਟਰੇਸ਼ਨ ਅਤੇ ਜਾਣਕਾਰੀ ਲਈ ਮੁਫ਼ਤ ਕੌਮਾਂਤਰੀ ਟੈਲੀਫ਼ੋਨ ਨੰਬਰਾਂ ਸਮੇਤ 24*7 ਕਾਲ ਸੈਂਟਰ ਚਲਾਉਂਦੀਆਂ ਹਨ। ਉਹ ਅੱਗੇ ਦਿੱਤੀਆਂ ਸੇਵਾਵਾਂ ਦਿੰਦੀਆਂ ਹਨ ਸੇਵਾ ਲਈ ਖ਼ਰਚੇ ਖਾਸ ਬੀਮਾ ਕੰਪਨੀਆਂ ਨਾਲ ਇਕਰਾਰ, ਬੀਮਾ-ਸੁਰੱਖਿਆ ਪ੍ਰਾਪਤ ਫਾਇਦਿਆਂ ਮੁਤਾਬਕ ਵੱਖ-ਵੱਖ ਹੋ ਸਕਦੇ ਹਨ।

a) ਮੈਡੀਕਲ ਸਹਾਇਕ ਸੇਵਾਵਾਂ:

i. ਮੈਡੀਕਲ ਸੇਵਾ ਪੂਰਕ ਹਵਾਲੇ

ii. ਹਸਪਤਾਲ ਦਾਖਲੇ ਦਾ ਪ੍ਰਬੰਧ

iii. ਐਮਰਜੈਂਸੀ ਮੈਡੀਕਲ ਮੁਲਾਂਕਣ ਦਾ ਪ੍ਰਬੰਧ

iv. ਐਮਰਜੈਂਸੀ ਮੈਡੀਕਲ ਵਤਨ-ਵਾਪਸੀ ਦਾ ਪ੍ਰਬੰਧ

v. ਮੌਤ ਉਪਰੰਤ ਵਤਨ-ਵਾਪਸੀ

vi. ਦਿਆਲੂ ਦੌਰੇ ਦਾ ਪ੍ਰਬੰਧ

vii. ਨਾਬਾਲਗ ਬੱਚੇ ਸਹਾਇਕ/ਅਗਵਾਈ

b) ਹਸਪਤਾਲ ਵਿੱਚ ਭਰਤੀ ਹੋਣ ਦੇ ਦੌਰਾਨ ਅਤੇ ਬਾਅਦ ਮੈਡੀਕਲ ਹਾਲਤ ਦੀ ਨਿਗਰਾਨੀ

c) ਜ਼ਰੂਰੀ ਦਵਾਈਆਂ ਦੀ ਡਿਲਵਰੀ

d) ਹਸਪਤਾਲ ਵਿੱਚ ਭਰਤੀ ਹੋਣ ਦੇ ਦੌਰਾਨ ਹੋਏ ਮੈਡੀਕਲ ਖ਼ਰਚਿਆਂ ਦੀ ਗਾਰੰਟੀ, ਜੋ ਕਿ ਪਾਲਸੀ ਦੇ ਨਿਯਮ ਤੇ ਸ਼ਰਤਾਂ ਅਤੇ ਬੀਮਾ ਕੰਪਨੀ ਵਲੋਂ ਮਨਜ਼ੂਰੀ ਉੱਤੇ ਨਿਰਭਰ ਹੈ।

e) ਦੌਰੇ ਤੋਂ ਪਹਿਲਾਂ ਜਾਣਕਾਰੀ ਸੇਵਾ ਅਤੇ ਹੋਰ ਸੇਵਾਵਾਂ:

i. ਵੀਜ਼ਾ ਤੇ ਇਨੈਕਿਉਲੇਸ਼ਨ ਲੋੜਾਂ

ii. ਐਂਬੈਸੀ ਹਵਾਲਾ ਸੇਵਾਵਾਂ

iii. ਗੁਆਚੇ ਪਾਸਪੋਰਟ ਤੇ ਗੁਆਚੇ ਸਮਾਨ ਸਹਾਇਤਾ ਸੇਵਾਵਾਂ

iv. ਐਮਰਜੈਂਸੀ ਸੁਨੇਹਾ ਟਰਾਂਸਮਿਸ਼ਨ ਸੇਵਾਵਾਂ

v. ਜ਼ਮਾਨਤ ਬੌਂਡ ਇਕਰਾਰ

vi. ਵਿੱਤੀ ਐਮਰਜੈਂਸੀ ਸਹਾਇਕ

f) ਇੰਟਰਪ੍ਰੇਟਰ ਹਵਾਲਾ

g) ਕਾਨੂੰਨੀ ਹਵਾਲਾ

h) ਵਕੀਲ ਨਾਲ ਮੁਲਾਕਾਤ

3. ਨਕਦੀ-ਰਹਿਤ ਮੈਡੀਕਲ ਕੇਸਾਂ ਲਈ ਦਾਅਵਾ ਪਰਬੰਧ

ਨਕਦੀ-ਰਹਿਤ ਮੈਡੀਕਲ, ਧਨ ਵਾਪਸੀ ਮੈਡੀਕਲ ਕੇਸਾਂ ਅਤੇ ਹੋਰ ਗ਼ੈਰ-ਮੈਡੀਕਲ ਦੇ ਕੇਸਾਂ ਲਈ ਦਾਅਵਾ ਪਰਬੰਧ ਢੰਗ ਵੱਖ-ਵੱਖ ਹੈ। ਅਮਰੀਕਾ ਵਿੱਚ ਨਕਦੀ-ਰਹਿਤ ਮੈਡੀਕਲ ਦਾਅਵਾ ਪਰਬੰਧ ਹੋਰ ਦੇਸ਼ਾਂ ਦੇ ਨਕਦੀ-ਰਹਿਤ ਮੈਡੀਕਲ ਤੋਂ ਵੱਖਰਾ ਹੈ। ਅਸੀਂ ਹੁਣ ਕਦਮ-ਦਰ-ਕਦਮ ਕਾਰਵਾਈ ਦਾ ਅਧਿਐਨ ਕਰਾਂਗੇ

a) ਦਾਅਵਾ ਸੂਚਨਾ

ਜਦੋਂ ਵੀ ਨੁਕਸਾਨ ਹੋਵੇ ਤਾਂ ਮਰੀਜ਼ ਨੇ ਹਸਪਤਾਲ ਵਿੱਚ ਭਰਤੀ ਹੋਣਾ ਹੁੰਦਾ ਹੈ ਅਤੇ ਦਾਖਲਾ ਕਾਊਂਟਰ ਉੱਤੇ ਬੀਮਾ ਵੇਰਵੇ ਨੂੰ ਦਿਖਾਉਣਾ ਹੁੰਦਾ ਹੈ। ਸਹਾਇਕ ਕੰਪਨੀ ਹਸਪਤਾਲ ਅਤੇ/ਜਾਂ ਮਰੀਜ਼ ਜਾਂ ਰਿਸ਼ਤੇਦਾਰਾਂ/ਦੋਸਤਾਂ ਤੋਂ ਸੂਚਨਾ ਪ੍ਰਾਪਤ ਕਰਦੀ ਹੈ। ਦਾਅਵਾ ਕਾਰਵਾਈ ਤਦ ਦਾਅਵੇਦਾਰ ਨੂੰ ਸਮਝਾਈ ਜਾਂਦੀ ਹੈ।

b) ਕੇਸ ਪ੍ਰਬੰਧ ਕਦਮ :

ਇਹ ਹਰੇਕ ਕੰਪਨੀ ਲਈ ਵੱਖ-ਵੱਖ ਹੋ ਸਕਦੇ ਹਨ, ਆਮ ਕਦਮ ਹੇਠ ਦਿੱਤੇ ਹਨ:

i. ਸਹਾਇਕ ਕੰਪਨੀ ਕੇਸ ਮੈਨੇਜਰ ਫਾਇਦਿਆਂ, ਬੀਮਾ ਕਰਵਾਈ ਰਕਜਮ, ਪਾਲਸੀ ਅੰਤਰਾਲ, ਪਾਲਸੀ ਧਾਰਕ ਦੇ ਨਾਂ ਦੀ ਜਾਂਚ ਕਰਦਾ ਹੈ।

ii. ਕਦ ਕੇਸ ਮੈਨੇਜਰ ਮਰੀਜ਼ ਦੀ ਮੈਡੀਕਲ ਹਾਲਤ, ਬਿੱਲਿੰਗ ਜਾਣਕਾਰੀ, ਕੀਮਤ ਦੇ ਖ਼ਰਚੇ ਬਾਰੇ ਅੱਪਡੇਟ ਪ੍ਰਾਪਤ ਕਰਨ ਲਈ ਕਲੀਨਿਕ/ਮੈਡੀਕਲ ਨੋਟਿਸ ਲੈਣ ਲਈ ਹਸਪਤਾਲ ਨਾਲ ਸੰਪਰਕ ਕਰਦਾ ਹੈ। ਸਹਾਇਕ ਕੰਪਨੀ ਕਲੀਨਿਕ ਨੋਟਿਸ ਅਤੇ ਮੈਡੀਕਲ ਖ਼ਰਚੇ ਦਾ ਅੰਦਾਜ਼ਾ ਪ੍ਰਾਪਤ ਕਰਦੀ ਹੈ ਅਤੇ ਬੀਮਾਕਰਤਾ ਨੂੰ ਅੱਪਡੇਟ ਭੇਜਦੀ ਹੈ।

iii. ਦਾਅਵੇ ਦੀ ਮਨਜ਼ੂਰੀ ਦਾ ਪਤਾ ਲਗਾਇਆ ਜਾਂਦਾ ਹੈ ਅਤੇ ਬੀਮਾ ਕੰਪਨੀ ਦੀ ਮਨਜ਼ੂਰੀ ਦੇ ਮੁਤਾਬਕ ਹਸਪਤਾਲ ਨੂੰ ਭੁਗਤਾਨ ਦਾ ਗਾਰੰਟੀ ਦਿੱਤੀ ਜਾਂਦੀ ਹੈ।

iv. ਹਾਲਤ ਹੋ ਸਕਦੇ ਹਨ, ਜਿੱਥੇ ਕਿ ਭਾਰਤ (ਬੀਮਤ ਦੇ ਲੋਕਲ ਸਥਾਨ) ਅਤੇ/ਜਾਂ ਘਾਟੇ ਦੇ ਸਥਾਨ ਉੱਤੇ ਜਾਂਚ ਦੀ ਲੋੜ ਹੋ ਸਕਦੀ ਹੈ। ਜਾਂਚ ਦੀ ਪ੍ਰਕਿਰਿਆ ਨਿੱਜੀ ਦੁਰਘਟਨਾ ਭਾਗ ਵਿੱਚ ਦਰਸਾਏ ਵਾਂਗ ਹੀ ਹੁੰਦੀ ਹੈ। ਵਿਦੇਸ਼ੀ ਜਾਂਚਕਰਤਾ ਨੂੰ ਸਹਾਇਕ ਕੰਪਨੀ ਜਾਂਚ ਬੀਮਾ ਕੰਪਨੀ ਦੇ ਸਿੱਧੇ ਸੰਪਰਕ ਦੀ ਮਦਦ ਨਾਲ ਚੁਣਿਆ ਜਾਂਦਾ ਹੈ।

v. ਸਹਾਇਕ ਕੰਪਨੀ ਦਾ ਕੇਸ ਮੈਨੇਜਰ ਕੇਸ ਦੀ ਰੋਜ਼ਾਨਾ ਨਿਗਰਾਨੀ ਕਰਦਾ ਹੈ ਤਾਂ ਕਿ ਬੀਮਾਕਰਤਾ ਨੂੰ ਕਲੀਨਿਕ ਤੇ ਕੀਮਤ ਅੱਪਡੇਟ, ਤਰੱਕੀ ਨੋਟਿਸ ਆਦਿ ਇਲਾਜ ਨੂੰ ਜਾਰੀ ਰੱਖਣ ਲਈ ਪ੍ਰਮਾਣਕਿਤਾ ਪ੍ਰਾਪਤ ਕਰਨ ਲਈ ਦਿੱਤੇ ਜਾਣ।

vi. ਇੱਕ ਵਾਰ ਮਰੀਜ਼ ਨੂੰ ਛੁੱਟੀ ਮਿਲਣ ਦੇ ਬਾਅਦ, ਕੇਸ ਮੈਨੇਜਰ ਹਸਪਤਾਲ ਨਾਲ ਅੰਤਰਿਮ ਖ਼ਰਚਿਆਂ ਨੂੰ ਤਸਦੀਕ ਕਰਨ ਲਈ ਕੰਮ ਕਰਦਾ ਹੈ।

vii. ਸਹਾਇਕ ਕੰਪਨੀ ਯਕੀਨੀ ਬਣਾਉਂਦੀ ਹੈ ਕਿ ਬਿੱਲਾਂ ਦੀ ਠੀਕ ਢੰਗ ਨਾਲ ਛਾਣਬੀਣ, ਕਾਂਟ-ਛਾਂਟ ਅਤੇ ਲੇਖਾ-ਪੜਤਾਲ ਕੀਤੀ ਗਈ ਹੋਵੇ। ਕਿਸੇ ਵੀ ਲੱਭੀ ਗਲਤੀ ਲਈ ਹਸਪਤਾਲ ਦੇ ਬਿੱਲ ਵਿਭਾਗ ਨੂੰ ਸੋਧ ਕਰਨ ਵਾਸਤੇ ਸੂਚਿਤ ਕੀਤਾ ਜਾਂਦਾ ਹੈ।

viii. ਅੰਤਿਮ ਬਿੱਲ ਨੂੰ ਤਦ ਪੂਰਕ ਅਤੇ ਸਹਾਇਕ ਕੰਪਨੀ ਜਾਂ ਇਸ ਦੇ ਸਹਾਇਕ ਰੀਪ੍ਰਾਈਜ਼ਿੰਗ ਏਜੰਟ ਵਿਚਾਲੇ ਸਹਿਮਤ ਹੋਈਆਂ ਦਰਾਂ ਦੇ ਨਾਲ ਕੀਮਤ ਨੂੰ ਮੁੜ ਤਹਿ ਕੀਤਾ ਜਾਂਦਾ ਹੈ। ਹਸਪਤਾਲ ਨੂੰ ਛੇਤੀ ਭੁਗਤਾਨ ਦੇ ਭਰੋਸੇ ਨਾਲ ਕੀਮਤ ਦੇ ਮੁੜ ਤਹਿ ਕਰਨ ਦੇ ਕਰਕੇ ਵਧੀਆ ਛੋਟ ਸੰਭਵ ਹੁੰਦੀ ਹੈ।

ਮੁੜ ਕੀਮਤ ਤਹਿ ਕਰਨਾ ਅਮਰੀਕੀ ਸਿਹਤ-ਦੇਖਭਾਲ ਦਾ ਖਾਸ ਗੁਣ ਹੈ ਅਤੇ ਇਹ ਗ਼ੈਰ ਅਮਰੀਕੀ ਕੇਸਾਂ ਉੱਤੇ ਲਾਗੂ ਨਹੀਂ ਹੈ। ਇਹ ਅਮਰੀਕੀ ਅਤੇ ਗ਼ੈਰ-ਅਮਰੀਕੀ ਕੇਸਾਂ ਵਿੱਚ ਨਕਦੀ-ਰਹਿਤ ਮੈਡੀਕਲ ਕੇਸਾਂ ਵਿੱਚ ਵੱਡਾ ਫ਼ਰਕ ਹੈ।

c) ਦਾਅਵਾ ਕਾਰਵਾਈ ਦੇ ਪੜ੍ਹ:

i. ਦਾਅਵਾ ਮੁਲਾਂਕਣਕਰਤਾ ਮੁੜ ਕੀਮਤ ਤਹਿ ਕੀਤੇ/ਅਸਲ ਬਿੱਲ ਪ੍ਰਾਪਤ ਕਰਦਾ ਹੈ, ਤਸਦੀਕ ਕਰਦਾ ਹੈ ਅਤੇ ਯਕੀਨੀ ਬਣਾਉਂਦਾ ਹੈ ਕਿ ਸੇਵਾ ਅਤੇ ਇਲਾਜ ਕਰਵਾਉਣ ਦੀਆਂ ਮਿਤੀਆਂ ਵਿਚਾਲੇ ਬੀਮਾ-ਸੁਰੱਖਿਆ ਮੌਜੂਦ ਸੀ। ਸਹਾਇਕ ਕੰਪਨੀ ਵਲੋਂ ਪ੍ਰਾਪਤ ਕੀਤੇ ਬਿੱਲ ਦੀ ਦਾਅਵਾ ਵਿਭਾਗ ਵਲੋਂ ਲੇਖਾ-

ਪੜਤਾਲ ਕੀਤੀ ਜਾਂਦੀ ਹੈ ਤਾਂ ਕਿ ਖ਼ਰਚੇ ਇਕਸਾਰ ਅਤੇ ਇਲਾਜ ਪ੍ਰੋਟੋਕਾਲ ਦੇ ਮੁਤਾਬਕ ਹੋਣ। ਛੋਟ ਦੀ ਮੁੜ-ਤਸਦੀਕ ਕੀਤੀ ਜਾਂਦੀ ਹੈ ਅਤੇ ਬਿੱਲ ਉੱਤੇ ਕਾਰਵਾਈ ਕੀਤੀ ਜਾਂਦੀ ਹੈ।

ii. ਤਦ ਬਿੱਲ ਨੂੰ ਬੀਮਾਕਰਤਾ ਨੂੰ ਮੁੜ-ਕੀਮਤ ਤਹਿ ਕਰਨ ਦੀ ਸੂਚਨਾ ਸ਼ੀਟ ਅਤੇ ਫਾਇਦੇ ਦੇ ਵੇਰਵੇ (EOB) ਦੇ ਨਾਲ ਨੱਥੀ ਕਰਕੇ ਭੇਜਿਆ ਜਾਂਦਾ ਹੈ।

iii. ਬੀਮਾ ਕੰਪਨੀ ਬਿੱਲ ਪ੍ਰਾਪਤ ਕਰਦੀ ਹੈ ਅਤੇ ਸਹਾਇਕ ਬੀਮਾ ਕੰਪਨੀ ਨੂੰ ਤੁਰੰਤ ਭੁਗਤਾਨ ਲਈ ਪ੍ਰਮਾਣਿਤ ਕਰਦੀ ਹੈ।

d) ਭੁਗਤਾਨ ਕਾਰਵਾਈ ਪੜ੍ਹਾ:

i. ਸਹਾਇਕ ਕੰਪਨੀ ਬੀਮਾਕਰਤਾ ਵਲੋਂ ਹਸਪਤਾਲ ਨੂੰ ਲੋਕਲ ਦਫ਼ਤਰ ਰਾਹੀਂ ਭੁਗਤਾਨ ਜਾਰੀ ਕਰਨ ਲਈ ਪ੍ਰਮਾਣਕਿਤਾ ਪ੍ਰਾਪਤ ਕਰਦੀ ਹੈ।

ii. ਵਿੱਤ ਵਿਭਾਗ ਭੁਗਤਾਨ ਕਰਦਾ ਹੈ

e) ਹਸਪਤਾਲ ਵਿੱਚ ਭਰਤੀ ਹੋਣ ਦੀ ਕਾਰਵਾਈ

i. ਵਿਦੇਸ਼ਾਂ, ਖਾਸ ਤੌਰ ਉੱਤੇ ਅਮਰੀਕਾ ਅਤੇ ਯੂਰਪ, ਲਈ ਪ੍ਰਣਾਲੀ ਭਾਰਤ ਦੇ ਹਸਪਤਾਲਾਂ ਤੋਂ ਬਿਲਕੁਲ ਵੱਖਰੀ ਹੈ ਕਿਉਂਕਿ ਬਹੁਤੀ ਆਬਾਦੀ ਪ੍ਰਾਈਵੇਟ ਬੀਮੇ ਜਾਂ ਸਰਕਾਰੀ ਸਕੀਮਾਂ ਦੇ ਤਹਿਤ ਯੂਨੀਵਰਸਲ ਸਿਹਤ ਬੀਮੇ ਰਾਹੀਂ ਬੀਮਾ-ਸੁਰੱਖਿਆ ਪ੍ਰਾਪਤ ਹੈ। ਬਹੁਤੇ ਹਸਪਤਾਲ ਸਾਰੀਆਂ ਕੌਮਾਂਤਰੀ ਬੀਮਾ ਕੰਪਨੀਆਂ ਤੋਂ ਭੁਗਤਾਨ ਦੀ ਗਾਰੰਟੀ ਮਨਜ਼ੂਰ ਕਰਦੀਆਂ ਹਨ, ਜਦੋਂ ਕਿ ਬੀਮਤ ਉਹਨਾਂ ਨੂੰ ਇੱਕ ਜਾਇਜ਼ ਸਿਹਤ ਜਾਂ ਵਿਦੇਸ਼ੀ ਯਾਤਰਾ ਬੀਮਾ ਪਾਲਸੀ ਦਿੰਦਾ ਹੈ।

ਬਹੁਤੇ ਦੇਸ਼ਾਂ ਵਿੱਚ ਬੀਮਾ ਸੁਰੱਖਿਆ ਦੀ ਪੁਸ਼ਟੀ ਕਰਨ ਜਾਂ ਨਕਦ ਜ਼ਮ੍ਹਾਂ ਕਰਵਾਉਣ ਤੱਕ ਇਲਾਜ ਲਈ ਦੇਰੀ ਨਹੀਂ ਕੀਤੀ ਜਾਂਦੀ ਹੈ।

ਹਸਪਤਾਲ ਤੁਰੰਤ ਇਲਾਜ ਸ਼ੁਰੂ ਕਰਦੇ ਹਨ। ਜੇ ਬੀਮਾ-ਸੁਰੱਖਿਆ ਹੈ ਤਾਂ ਬੀਮਾ ਪਾਲਸੀ ਭੁਗਤਾਨ ਕਰਦੀ ਹੈ ਜਾਂ ਮਰੀਜ਼ ਵਿਅਕਤੀ ਨੂੰ ਭੁਗਤਾਨ ਕਰਨਾ ਪੈਂਦਾ ਹੈ। ਹਸਪਤਾਲ ਭੁਗਤਾਨ ਵਿੱਚ ਦੇਰੀ ਹੋਣ ਨਾਲ ਖ਼ਰਚੇ ਵਧਾ ਸਕਦੇ ਹਨ।

ਜੇ ਭੁਗਤਾਨ ਤੁਰੰਤ ਕੀਤਾ ਜਾਂਦਾ ਹੈ ਤਾਂ ਤੁਰੰਤ ਭੁਗਤਾਨ ਕਰਨ ਦੇ ਕੇਸ ਵਿੱਚ ਬਹੁਤ ਵੱਧ ਛੋਟਾਂ ਦੇ ਸਕਦੇ ਹਨ। ਮੁੜ ਕੀਮਤ ਤਹਿ ਕਰਨ ਵਾਲੇ ਏਜੰਟ ਹਸਪਤਾਲ ਬਿੱਲਾਂ ਦੇ ਛੇਤੀ ਭੁਗਤਾਨ ਲਈ ਛੋਟ ਵਾਸਤੇ ਹਸਪਤਾਲਾਂ ਨਾਲ ਗੱਲਬਾਤ ਕਰਦੇ ਹਨ।

ii. ਨੈੱਟਵਰਕ ਵਾਲੇ ਹਸਪਤਾਲਾਂ ਅਤੇ ਕਾਰਵਾਈਆਂ ਦੇ ਸੰਬੰਧ ਵਿੱਚ ਜਾਣਕਾਰੀ ਸਹਾਇਕ ਕੰਪਨੀਆਂ ਵਲੋਂ ਦਿੱਤੇ ਗਏ ਮੁਫ਼ਤ ਟੈਲੀਫ਼ੋਨ ਨੰਬਰਾਂ ਉੱਤੇ ਬੀਮਤ ਨੂੰ ਦਿੱਤੀ ਜਾਂਦੀ ਹੈ।

iii. ਹਸਪਤਾਲ ਵਿੱਚ ਭਰਤੀ ਹੋਣ ਦੀ ਲੋੜ ਉੱਤੇ ਬੀਮਤ ਨੂੰ ਕਾਲ ਸੈਂਟਰ ਨੂੰ ਕਾਲ ਕਰਕੇ ਦੱਸਣ ਦੀ ਲੋੜ ਹੁੰਦੀ ਹੈ ਅਤੇ ਜਾਇਜ਼ ਯਾਤਰਾ ਬੀਮਾ ਪਾਲਸੀ ਨਾਲ ਖਾਸ ਹਸਪਤਾਲ ਵਿੱਚ ਇਲਾਜ ਕਰਵਾਉਣਾ ਚਾਹੀਦਾ ਹੈ।

iv. ਅਕਸਰ ਹਸਪਤਾਲ ਕਾਲ ਸੈਂਟਰ ਨੰਬਰਾਂ ਉੱਤੇ ਸਹਾਇਕ ਕੰਪਨੀਆਂ/ਬੀਮਾਕਰਤਾ ਨਾਲ ਪਾਲਸੀ ਦੀ ਵੈਧਤਾ ਅਤੇ ਬੀਮਾ-ਸੁਰੱਖਿਆ ਦੀ ਤਸਦੀਕ ਕਰਨ ਲਈ ਕਾਲ ਕਰਦੇ ਹਨ।

v. ਜਦੋਂ ਹਸਪਤਾਲ ਵਿੱਚ ਪਾਲਸੀ ਨੂੰ ਮਨਜ਼ੂਰ ਕਰ ਲਿਆ ਤਾਂ ਬੀਮਤ ਦਾ ਇਲਾਜ ਹਸਪਤਾਲ ਵਿੱਚ ਨਕਦੀ-ਰਹਿਤ ਢੰਗ ਨਾਲ ਸ਼ੁਰੂ ਕੀਤਾ ਜਾਂਦਾ ਹੈ।

vi. ਦਾਖਲ ਕਰਨ ਦੀ ਯੋਗਤਾ ਦਾ ਪਤਾ ਲਗਾਉਣ ਲਈ ਬੀਮਾਕਰਤਾ/ਸਹਾਇਕ ਪੂਰਕ ਵਲੋਂ ਦਿੱਤੀ ਜਾਣ ਵਾਲੀ ਕੁਝ ਮੁੱਢਲੀ ਜਾਣਕਾਰੀ ਹੈ

1. ਅਲਾਮਤ ਦਾ ਵੇਰਵਾ
2. ਕਿਸੇ ਵੀ ਪਿਛਲੇ ਅਤੀਤ ਦੇ ਕੇਸ ਵਿੱਚ ਹਸਪਤਾਲ ਦੇ ਵੇਰਵੇ, ਭਾਰਤ ਵਿੱਚ ਲੋਕਲ ਮੈਡੀਕਲ ਅਧਿਕਾਰੀ ਹਨ:
   - ✓ ਪਿਛਲਾ ਅਤੀਤ, ਮੌਜੂਦਾ ਇਲਾਜ ਅਤੇ ਹਸਪਤਾਲ ਵਿੱਚ ਹੋਰ ਵਿਉਂਤੇ ਕੋਰਸ ਅਤੇ ਤੁਰੰਤ ਭੇਜਣ ਦੀ ਬੇਨਤੀ
   - ✓ ਇਲਾਜ ਕਰਨ ਵਾਲੇ ਡਾਕਟਰ ਦੇ ਬਿਆਨ ਨਾਲ ਦਾਅਵਾ ਫਾਰਮ
   - ✓ ਪਾਸਪੋਰਟ ਦੀ ਕਾਪੀ
   - ✓ ਮੈਡੀਕਲ ਜਾਣਕਾਰੀ ਫਾਰਮ ਦੇਣਾ

f) ਮੈਡੀਕਲ ਖ਼ਰਚਿਆਂ ਤੇ ਹੋਰ ਗ਼ੈਰ-ਮੈਡੀਕਲ ਦਾਅਵਿਆਂ ਲਈ ਧਨ-ਵਾਪਸੀ :

ਧਨ-ਵਾਪਸੀ ਦਾਅਵਿਆਂ ਨੂੰ ਅਕਸਰ ਬੀਮਤ ਵਲੋਂ ਭਾਰਤ ਵਾਪਸ ਆਉਣ ਦੇ ਬਾਅਦ ਭਰਿਆ ਜਾਂਦਾ ਹੈ। ਦਾਅਵਾ ਪੇਪਰ ਪ੍ਰਾਪਤ ਹੋਣ ਉੱਤੇ, ਦਾਅਵੇ ਉੱਤੇ ਆਮ ਢੰਗ ਨਾਲ ਕਾਰਵਾਈ ਕੀਤੀ ਜਾਂਦੀ ਹੈ। ਸਭ ਮੰਨਣਯੋਗ ਦਾਅਵਿਆਂ ਲਈ ਭੁਗਤਾਨ ਭਾਰਤੀ ਰੁਪਇਆ (INR) ਵਿੱਚ ਕੀਤਾ ਜਾਂਦਾ ਹੈ, ਨਾ ਕਿ ਨਕਦੀ-ਰਹਿਤ ਦਾਅਵਿਆਂ ਵਾਂਗ ਵਿਦੇਸ਼ੀ ਮੁਦਰਾ ਵਿੱਚ।

ਧਨ-ਵਾਪਸੀ ਦਾਅਵਿਆਂ ਉੱਤੇ ਕਾਰਵਾਈ ਕਰਨ ਦੇ ਦੌਰਾਨ, ਮੁਦਰਾ ਪਰਿਵਰਤਨ ਦਰ ਨੂੰ INR ਵਿੱਚ ਘਾਟੇ ਦੀ ਮਿਤੀ ਅਤੇ ਦੇਣਦਾਰੀ ਦੀ ਮਾਤਰਾ ਤਹਿ ਕਰਨ ਦੇ ਦੌਰਾਨ ਤਹਿ ਕੀਤਾ ਜਾਂਦਾ ਹੈ। ਤਦ ਭੁਗਤਾਨ ਚੈੱਕ ਜਾਂ ਇਲੈਕਟਰੋਨਿਕ ਟਰਾਂਸਫਰ ਰਾਹੀਂ ਕੀਤਾ ਜਾਂਦਾ ਹੈ।

i. ਨਿੱਜੀ ਹਾਦਸਾ ਦਾਅਵਿਆਂ ਨੂੰ ਨਿੱਜੀ ਹਾਦਸਾ ਦਾਅਵਾ ਭਾਗ ਵਿੱਚ ਦਰਸਾਏ ਮੁਤਾਬਕ ਨਿਪਟਾਇਆ ਜਾਂਦਾ ਹੈ।

ii. ਜ਼ਮਾਨਤੀ ਕੇਸਾਂ ਤੇ ਵਿੱਤੀ ਐਮਰਜੈਂਸੀ ਕੇਸਾਂ ਵਿੱਚ ਸਹਾਇਕ ਕੰਪਨੀ ਵਲੋਂ ਸਿੱਧਾ ਭੁਗਤਾਨ ਕੀਤਾ ਜਾਂਦਾ ਹੈ ਅਤੇ ਬਾਅਦ ਵਿੱਚ ਬੀਮਾ ਕੰਪਨੀ ਤੋਂ ਦਾਅਵਾ ਲਿਆ ਜਾਂਦਾ ਹੈ।

iii. ਨਾ-ਪੁਸ਼ਟੀ ਕੀਤੇ ਦਾਅਵਿਆਂ ਲਈ ਇਨਕਾਰ ਵਾਲੇ ਦਾਅਵਿਆਂ ਨੂੰ ਹੋਰ ਸਾਰੇ ਦਾਅਵਿਆਂ ਉੱਤੇ ਕਾਰਵਾਈ ਕਰਨ ਵਾਂਗ ਹੀ ਨਿਪਟਾਇਆ ਜਾਂਦਾ ਹੈ।

g) ਮੈਡੀਕਲ ਹਾਦਸੇ ਅਤੇ ਬੀਮਾਰੀ ਖ਼ਰਚਿਆਂ ਲਈ ਦਾਅਵਾ ਦਸਤਾਵੇਜ਼

i. ਦਾਅਵਾ ਫਾਰਮ

ii. ਡਾਕਟਰ ਦੀ ਰਿਪੋਰਟ

iii. ਅਸਲ ਦਾਖਲਾ/ਛੁੱਟੀ ਕਾਰਡ

iv. ਅਸਲੀ ਬਿੱਲ/ਰਸੀਦਾਂ/ਦਵਾਈ ਦੀ ਪਰਚੀ

v. ਅਸਲ X-ਰੇ ਰਿਪੋਰਟਾਂ/ਰੋਗ/ਜਾਂਚ ਰਿਪੋਰਟਾਂ

vi. ਪਾਸਪੋਰਟ/ਦਾਖਲ ਹੋਣ ਅਤੇ ਛੱਡਣ ਦੀ ਮੋਹਰ ਨਾਲ ਵੀਜ਼ੇ ਦੀ ਕਾਪੀ

ਉੱਤੇ ਦਿੱਤੀ ਸੂਚੀ ਕੇਵਲ ਦਰਸਾਉਣ ਲਈ ਹੈ। ਖਾਸ ਕੇਸ ਵੇਰਵੇ ਮੁਤਾਬਕ ਜਾਂ ਖਾਸ ਬੀਮਾਕਰਤਾ ਵਲੋਂ ਦਾਅਵਾ ਨਿਪਟਾਉਣ ਪਾਲਸੀ/ਕਾਰਵਾਈ ਦੀ ਲੋੜ ਮੁਤਾਬਕ ਹੋਰ ਜਾਣਕਾਰੀ/ਦਸਤਾਵੇਜ਼ਾਂ ਦੀ ਲੋੜ ਹੋ ਸਕਦੀ ਹੈ।

ਖੁਦ ਜਾਂਚ ਕਰੋ 5

_____ ਨੂੰ ਸਹਾਇਕ ਬੀਮਾ ਕੰਪਨੀ ਵਲੋਂ ਪਹਿਲਾਂ ਦਿੱਤਾ ਜਾਂਦਾ ਅਤੇ ਬਾਅਦ ਵਿੱਚ ਬੀਮਾ ਕੰਪਨੀ ਤੋਂ ਦਾਅਵਾ ਕੀਤਾ ਜਾਂਦਾ ਹੈ।

I. ਜ਼ਮਾਨਤ ਬੌਂਡ ਕੇਸ

II. ਨਿੱਜੀ ਹਾਦਸਾ ਦਾਅਵੇ

III. ਵਿਦੇਸ਼ੀ ਯਾਤਰਾ ਬੀਮਾ ਦਾਅਵੇ

IV. ਨਾ-ਪੁਸ਼ਟ ਦਾਅਵੇ

ਸਾਰ

a) ਬੀਮਾ ਇੱਕ '**ਵਾਅਦਾ**' ਹੈ ਅਤੇ ਪਾਲਸੀ ਉਸ ਵਾਅਦੇ ਦਾ '**ਗਵਾਹ**' ਹੈ। ਬੀਮਾ ਕਰਵਾਈ ਘਟਨਾ ਵਾਪਰਨ ਨਾਲ ਪਾਲਸੀ ਦੇ ਅਧੀਨ ਦਾਅਵਾ ਉਸ ਵਾਅਦਾ ਦਾ ਅਸਲ ਟੈਸਟ ਹੁੰਦਾ ਹੈ।

b) ਬੀਮੇ ਵਿੱਚ ਮੁੱਖ ਰੇਟਿੰਗ ਕਾਰਨਾਂ ਵਿੱਚ ਇੱਕ ਹੈ ਬੀਮਾ ਕੰਪਨੀ ਵਲੋਂ ਦਾਅਵਿਆਂ ਦੇ ਭੁਗਤਾਨ ਕਰਨ ਦੇ ਸਮਰੱਥ ਹੈ।

c) ਗਾਹਕ, ਜੋ ਕਿ ਬੀਮਾ ਖਰੀਦ ਦਾ ਹੈ, ਪਹਿਲਾਂ ਹਿੱਸੇਦਾਰ ਹੈ ਅਤੇ ਦਾਅਵੇ ਦਾ ਪ੍ਰਾਪਤ ਕਰਤਾ ਵੀ ਹੈ।

d) ਨਕਦੀ-ਰਹਿਤ ਦਾਅਵੇ ਵਿੱਚ, ਨੈਟਵਰਕ ਹਸਪਤਾਲ ਪੂਰਕ ਬੀਮਾਕਰਤਾ/ਟੀਪੀਏ ਤੋਂ ਪਹਿਲਾਂ-ਮਨਜ਼ੂਰੀ ਦੇ ਮੁਤਾਬਕ ਮੈਡੀਕਲ ਸੇਵਾ ਦਿੰਦੇ ਹਨ ਅਤੇ ਦਾਅਵੇ ਦੇ ਨਿਪਟਾਰੇ ਲਈ ਬਾਅਦ ਵਿੱਚ ਦਸਤਾਵੇਜ਼ ਦਿੰਦੇ ਹਨ।

e) ਧਨ-ਵਾਪਸੀ ਦਾਅਵੇ ਵਿੱਚ, ਗਾਹਕ ਆਪਣੇ ਸਰੋਤਾਂ ਤੋਂ ਹਸਪਤਾਲ ਨੂੰ ਭੁਗਤਾਨ ਕਰਦਾ ਹੈ ਅਤੇ ਭੁਗਤਾਨ ਲਈ ਆਪਣੇ ਦਾਅਵੇ ਨੂੰ ਬੀਮਾਕਰਤਾ/ਟੀਪੀਏ ਕੋਲ ਫਾਇਲ ਕਰਦਾ ਹੈ।

f) ਦਾਅਵਾ ਸ਼ੁਰੂਆਤ ਗਾਹਕ ਤੇ ਦਾਅਵਾ ਟੀਮ ਵਿਚਾਲੇ ਸੰਪਰਕ ਦਾ ਪਹਿਲਾਂ ਮੌਕਾ ਹੁੰਦਾ ਹੈ।

g) ਜੇ ਬੀਮਾ ਦਾਅਵੇ ਦੇ ਕੇਸ ਵਿੱਚ ਧੋਖੇ ਦਾ ਸ਼ੱਕ ਬੀਮਾ ਕੰਪਨੀ ਨੂੰ ਹੋਵੇ ਤਾਂ ਜਾਂਚ ਕਰਵਾਈ ਜਾਂਦੀ ਹੈ। ਦਾਅਵੇ ਦੀ ਜਾਂਚ ਬੀਮਾਕਰਤਾ/ਟੀਪੀਏ ਵਲੋਂ ਅੰਦਰੂਨੀ ਰੂਪ ਵਿੱਚ ਕੀਤੀ ਜਾ ਸਕਦੀ ਹੈ ਜਾਂ ਪੇਸ਼ੇਵਰ ਖੋਜੀ ਏਜੰਸੀ ਦੇ ਸਪੁਰਦ ਕੀਤੀ ਜਾ ਸਕਦੀ ਹੈ।

h) ਰਾਖਵਾਂਕਰਨ ਦਾਅਵਿਆਂ ਦੀ ਸਥਿਤੀ ਮੁਤਾਬਕ ਬੀਮਾਕਰਤਾ ਦੇ ਲੇਖਾ-ਕਿਤਾਬਾਂ ਵਿੱਚ ਸਭ ਦਾਅਵਿਆਂ ਲਈ ਕੀਤੇ ਪਰਬੰਧ ਦੀ ਰਕਮ ਨੂੰ ਦਰਸਾਉਂਦਾ ਹੈ।

i) ਇਨਕਾਰ ਕਰਨ ਦੇ ਕੇਸ ਵਿੱਚ, ਗਾਹਕ ਕੋਲ ਬੀਮਾਕਰਤਾ ਨੂੰ ਤੱਥ ਪੇਸ਼ ਕਰਨ ਤੋਂ ਇਲਾਵਾ ਬੀਮਾ ਲੋਕਪਾਲ ਜਾਂ ਗਾਹਕ ਫੋਰਮ ਜਾਂ ਕਾਨੂੰਨੀ ਅਧਿਕਾਰੀਆਂ ਕੋਲ ਜਾਣ ਦੀ ਵੀ ਚੋਣ ਮੌਜੂਦ ਹੁੰਦੀ ਹੈ।

j) ਧੋਖੇ ਅਕਸਰ ਹਸਪਤਾਲ ਵਿੱਚ ਭਰਤੀ ਹੋਣ ਹਰਜਾਨਾ ਪਾਲਸੀਆਂ ਵਿੱਚ ਹੁੰਦੇ ਹਨ, ਪਰ ਨਿੱਜੀ ਦੁਰਘਟਣਾ ਪਾਲਸੀਆਂ ਵਿੱਚ ਧੋਖੇ ਦੇ ਦਾਅਵੇ ਕੀਤੇ ਜਾਂਦੇ ਹਨ।

k) ਟੀਪੀਏ ਬੀਮਾਕਰਤਾ ਨੂੰ ਕੁਝ ਖਾਸ ਸੇਵਾਵਾਂ ਦਿੰਦਾ ਹੈ ਅਤੇ ਫੀਸ ਦੇ ਰੂਪ ਵਿੱਚ ਮਿਹਤਨਾਮਾ ਪ੍ਰਾਪਤ ਕਰਦਾ ਹੈ।

ਸਵੈ-ਪ੍ਰੀਖਿਆ ਸਵਾਲ

ਸਵਾਲ 1

ਹੇਠ ਦਿੱਤਿਆਂ ਵਿੱਚੋਂ ਕਿਹੜਾ ਬੀਮਾ ਦਾਅਵਾ ਕਾਰਵਾਈ ਵਿੱਚ ਕਿਹੜਾ ਪ੍ਰਾਇਮਰੀ ਹਿੱਸੇਦਾਰ ਮੰਨਿਆ ਜਾਂਦਾ ਹੈ?

I. ਗਾਹਕ

II. ਮਾਲਕ

III. ਅੰਡਰਰਾਈਟਰ

IV. ਬੀਮਾ ਏਜੰਟ/ਦਲਾਲ

ਸਵਾਲ 2

ਗਿਰੀਸ਼ ਸਕਸੈਨ ਦੇ ਬੀਮਾ ਦਾਅਵੇ ਨੂੰ ਬੀਮਾ ਕੰਪਨੀ ਵਲੋਂ ਰੱਦ ਕਰ ਦਿੱਤਾ ਗਿਆ ਸੀ। ਇਨਕਾਰ ਕਰਨ ਦੇ ਕੇਸ ਵਿੱਚ, ਗਿਰੀਸ਼ ਸਕਸੈਨਾ ਕੋਲ ਬੀਮਾਕਰਤਾ ਕੋਲ ਤੱਥ ਪੇਸ਼ ਕਰਨ ਤੋਂ ਇਲਾਵਾ ਕੀ ਚੋਣ ਮੌਜੂਦ ਹੈ?

I. ਸਰਕਾਰ ਨੂੰ ਮਿਲਣਾ

II. ਕਾਨੂੰਨੀ ਅਧਿਕਾਰੀਆਂ ਨੂੰ ਮਿਲਣਾ

III. ਬੀਮਾ ਏਜੰਟ ਨੂੰ ਮਿਲਣਾ

IV. ਕੇਸ ਇਨਕਾਰ ਦੇ ਕੇਸ ਵਿੱਚ ਕੁਝ ਨਹੀਂ ਕੀਤਾ ਜਾ ਸਕਦਾ

ਸਵਾਲ 3

ਰਾਜੀਵ ਮਿਹਤੋ ਵਲੋਂ ਪੇਸ਼ ਕੀਤਾ ਸਿਹਤ ਬੀਮਾ ਦਾਅਵੇ ਦੀ ਜਾਂਚ ਦੌਰਾਨ ਬੀਮਾ ਕੰਪਨੀ ਨੂੰ ਪਤਾ ਲੱਗਾ ਕਿ ਰਾਜੀਵ ਮਿਹਤੋ ਦੀ ਬਜਾਏ ਉਸ ਦੇ ਭਰਾ ਰਾਜ਼ੇਸ਼ ਮਿਹਤੋ ਨੂੰ ਹਸਪਤਾਲ ਵਿੱਚ ਇਲਾਜ ਲਈ ਭਰਤੀ ਕੀਤਾ ਗਿਆ ਸੀ। ਰਾਜੀਵ ਮਿਹਤੋ ਦੀ ਪਾਲਸੀ ਪਰਿਵਾਰ ਫਲੋਟਰ ਸਕੀਮ ਵਿੱਚ ਨਹੀਂ ਹੈ। ਇਹ _____ ਦੀ ਉਦਾਹਰਨ ਹੈ।

I. ਭੇਸ ਵਟਾਉਣਾ

II. ਦਸਤਾਵੇਜ਼ਾਂ ਨੂੰ ਜਾਅਲੀ ਬਣਾਉਂਣਾ

III. ਖ਼ਰਚਿਆਂ ਦੀ ਅੱਤਕਥਨੀ

IV. ਭਰਤੀ ਨਾ ਹੋਣ ਵਾਲੇ ਮਰੀਜ਼ ਦੇ ਇਲਾਜ ਨੂੰ ਭਰਤੀ ਹੋਏ ਮਰੀਜ਼/ਹਸਪਤਾਲ ਵਿੱਚ ਭਰਤੀ ਹੋਣ ਵਿੱਚ ਬਦਲਿਆ ਜਾਂਦਾ ਹੈ

ਸਵਾਲ 4

ਹੇਠ ਦਿੱਤੀਆਂ ਕਿਹੜੀ ਹਾਲਤ ਵਿੱਚ, ਨਿਵਾਸ-ਸਥਾਨ ਹਸਪਤਾਲ ਨੂੰ ਸਿਹਤ ਬੀਮਾ ਪਾਲਸੀ ਦੇ ਅਧੀਨ ਸੁਰੱਖਿਆ ਦਿੱਤੀ ਜਾਂਦੀ ਹੈ?

I. ਮਰੀਜ਼ ਦੀ ਹਾਲਤ ਅਜਿਹੀ ਹੈ ਕਿ ਉਹ ਹਸਪਤਾਲ / ਨਰਸਿੰਗ ਹੋਮ ਵਿੱਚ ਨਹੀਂ ਭੇਜਿਆ ਜਾ ਸਕਦਾ, ਪਰ ਤਰਜੀਹ ਨਹੀਂ ਦਿੱਤੀ ਜਾਂਦੀ

II. ਮਰੀਜ਼ ਨੂੰ ਹਸਪਤਾਲ / ਨਰਸਿੰਗ ਹੋਮ ਵਿੱਚ ਰਿਹਾਇਸ਼ ਦੀ ਕਮੀ ਕਰਕੇ ਨਹੀਂ ਭੇਜਿਆ ਜਾ ਸਕਦਾ

III. ਇਲਾਜ ਨੂੰ ਕੇਵਲ ਹਸਪਤਾਲ/ਨਰਸਿੰਗ ਹੋਮ ਵਿੱਚ ਹੀ ਕੀਤਾ ਜਾ ਸਕਦਾ ਹੈ

IV. ਹਸਪਤਾਲ ਵਿੱਚ ਭਰਤੀ ਰਹਿਣ ਦਾ ਸਮਾਂ 24 ਘੰਟਿਆਂ ਤੋਂ ਵੱਧ ਗਿਆ

ਸਵਾਲ 5

ਅੱਗੇ ਦਿੱਤੇ ਕੋਡਾਂ ਵਿੱਚੋਂ ਕਿਸ ਨੂੰ ਬੀਮਾਰੀ ਦੇ ਇਲਾਜ ਲਈ ਕੀਤੇ ਗਏ ਇਲਾਜਾਂ ਨੂੰ ਲੱਭਣ ਲਈ ਹੈ?

I. ICD

II. DCI

III. CPT

IV. PCT

ਸਵੈ-ਪ੍ਰੀਖਿਆ ਸਵਾਲਾਂ ਲਈ ਜਵਾਬ

ਜਵਾਬ 1

ਸਹੀਂ ਚੋਣ I ਹੈ।

ਗਾਹਕ ਬੀਮਾ ਦਾਅਵਾ ਕਾਰਵਾਈ ਵਿੱਚ ਮੁੱਢਲੇ ਮੈਂਬਰ ਹੁੰਦੇ ਹਨ।

ਜਵਾਬ 2

ਸਹੀਂ ਜਵਾਬ II ਹੈ।

ਬੀਮਾ ਦਾਅਵੇ ਲਈ ਇਨਕਾਰ ਕਰਨ ਦੇ ਕੇਸ ਵਿੱਚ, ਵਿਅਕਤੀ ਕਾਨੂੰਨੀ ਅਧਿਕਾਰੀਆਂ ਨਾਲ ਸੰਪਰਕ ਕਰ ਸਕਦੇ ਹਨ।

ਜਵਾਬ 3

ਸਹੀਂ ਚੋਣ I ਹੈ।

ਇਹ **ਭੇਸ ਵਟਾਉਣ** ਦੀ ਉਦਾਹਰਨ ਹੈ ਕਿ ਬੀਮਾ ਕਰਵਾਉਣ ਵਾਲਾ ਵਿਅਕਤੀ ਇਲਾਜ ਕਰਵਾਉਣ ਵਾਲੇ ਤੋਂ ਵੱਖਰਾ ਹੈ।

ਜਵਾਬ 4

ਸਹੀਂ ਜਵਾਬ II ਹੈ।

ਸਿਹਤ ਬੀਮਾ ਪਾਲਸੀ ਦੇ ਅਧੀਨ ਰਿਹਾਇਸ਼ੀ ਇਲਾਜ ਤਾਂ ਹੀ ਦਿੱਤਾ ਜਾਂਦਾ ਹੈ, ਜੇ ਮਰੀਜ਼ ਨੂੰ ਹਸਪਤਾਲ/ਨਰਸਿੰਗ ਹੋਮ ਵਿੱਚ ਥਾਂ ਦੀ ਕਮੀ ਹੋਣ ਕਰਕੇ ਉੱਥੇ ਨਹੀਂ ਭੇਜਿਆ ਜਾ ਸਕਦਾ

ਜਵਾਬ 5

ਸਹੀਂ ਚੋਣ III ਹੈ।

ਮੌਜੂਦਾ ਇਲਾਜ ਸ਼ਬਦਾਵਲੀ (CPT) ਕੋਡ ਨੂੰ ਬੀਮਾਰੀ ਦੇ ਇਲਾਜ ਲਈ ਕੀਤੇ ਗਏ ਇਲਾਜਾਂ ਨੂੰ ਲੱਭਣ ਲਈ ਹੈ।

ਭਾਗ 3

ਜਨਰਲ ਬੀਮਾ

ਪਾਠ 11

ਬੀਮੇ ਦੇ ਸਿਧਾਂਤ

ਪਾਠ ਜਾਣ-ਪਛਾਣ

ਇਹ ਪਾਠ ਵਿੱਚ, ਅਸੀਂ ਮੁੱਢਲੇ ਸਿਧਾਂਤਾਂ ਬਾਰੇ ਸਿੱਖਾਂਗੇ, ਜਿਹਨਾਂ ਅਧੀਨ ਬੀਮਾ ਕੰਮ ਕਰਦਾ ਹੈ। ਇਹ ਪਾਠ ਨੂੰ ਦੋ ਭਾਗਾਂ ਵਿੱਚ ਵੰਡਿਆ ਗਿਆ ਹੈ। ਪਹਿਲੇ ਭਾਗ ਵਿੱਚ ਬੀਮੇ ਦੇ ਭਾਗਾਂ ਵਿੱਚ ਦੱਸਿਆ ਗਿਆ ਹੈ ਅਤੇ ਦੂਜੇ ਵਿੱਚ ਬੀਮਾ ਇਕਰਾਰਨਾਮੇ ਦੇ ਖਾਸ ਲੱਛਣਾਂ ਬਾਰੇ ਜਾਣਕਾਰੀ ਦਿੱਤੀ ਗਈ ਹੈ।

ਸਿੱਖਣ ਨਤੀਜੇ

A. ਬੀਮੇ ਦੇ ਭਾਗ
B. ਬੀਮਾ ਇਕਰਾਰਨਾਮਾ - ਕਾਨੂੰਨੀ ਪੱਖ
C. ਬੀਮਾ ਇਕਰਾਰਨਾਮਾ - ਖਾਸ ਫੀਚਰ

ਇਹ ਪਾਠ ਪੜ੍ਹਨ ਦੇ ਬਾਅਦ ਤੁਸੀਂ ਯੋਗ ਹੋਣੇ ਚਾਹੀਦੇ ਹੋ:

1. ਬੀਮੇ ਦੇ ਕਈ ਭਾਗਾਂ ਨੂੰ ਪ੍ਰਭਾਸ਼ਿਤ ਕਰਨ ਦੇ
2. ਬੀਮਾ ਇਕਰਾਰਨਾਮੇ ਦੇ ਲੱਛਣਾਂ ਨੂੰ ਪ੍ਰਭਾਸ਼ਿਤ ਕਰਨ ਦੇ
3. ਬੀਮਾ ਇਕਰਾਰਨਾਮੇ ਦੇ ਖਾਸ ਲੱਛਣਾਂ ਦੀ ਪਛਾਣ ਕਰਨ ਦੇ

A. ਬੀਮੇ ਦੇ ਭਾਗ

ਅਸੀਂ ਵੇਖਿਆ ਹੈ ਕਿ ਬੀਮੇ ਦੀ ਕਾਰਵਾਈ ਦੇ ਚਾਰ ਭਾਗ ਹਨ

- ✓ ਸੰਪੱਤੀਆਂ
- ✓ ਜੋਖਿਮ
- ✓ ਜੋਖਿਮ ਪੂਲ ਕਰਨੇ
- ✓ ਬੀਮਾ ਇਕਰਾਰਨਾਮਾ

ਆਓ ਬੀਮਾ ਕਾਰਵਾਈ ਦੇ ਕਈ ਭਾਗਾਂ ਨੂੰ ਕੁਝ ਵੇਰਵੇ ਸਮੇਤ ਵੇਖੀਏ

1. ਸੰਪੱਤੀਆਂ

ਪਰਿਭਾਸ਼ਾ

ਸੰਪੱਤੀ ਨੂੰ 'ਕੋਈ ਵੀ ਚੀਜ਼, ਜੋ ਕੁਝ ਫਾਇਦਾ ਦਿੰਦੀ ਹੈ ਅਤੇ ਆਪਣੇ ਮਾਲਕ ਲਈ ਜਿਸ ਦਾ ਕੋਈ ਆਰਥਿਕ ਮੁੱਲ ਹੈ' ਵਜੋਂ ਪ੍ਰਭਾਸ਼ਿਤ ਕੀਤਾ ਜਾ ਸਕਦਾ ਹੈ।

ਇੱਕ ਸੰਪੱਤੀ ਦੇ ਅੱਗੇ ਦਿੱਤੇ ਲੱਛਣ ਹੋਣੇ ਚਾਹੀਦੇ ਹਨ:

a) ਆਰਥਿਕ ਮੁੱਲ

ਸੰਪੱਤੀ ਦਾ ਆਰਥਿਕ ਮੁੱਲ ਹੋਣਾ ਚਾਹੀਦਾ ਹੈ। ਮੁੱਲ ਦੋ ਢੰਗਾਂ ਨਾਲ ਪੈਦਾ ਹੋ ਸਕਦਾ ਹੈ।

a) **ਆਮਦਨ ਮਿਲਣੀ**: ਸੰਪੱਤੀ ਉਤਾਪਦਕ ਹੋ ਸਕਦੀ ਹੈ ਅਤੇ ਆਮਦਨ ਪੈਦਾ ਕਰ ਸਕਦੀ ਹੈ।

ਉਦਾਹਰਨ

ਬਿਸਕੁਟ ਬਣਾਉਣ ਲਈ ਵਰਤੀ ਜਾਂਦੀ ਮਸ਼ੀਨ ਜਾਂ ਗਾਂ, ਜੋ ਕਿ ਦੁੱਧ ਦਿੰਦੀ ਹੈ, ਦੋਵੇਂ ਆਪਣੇ ਮਾਲਕਾਂ ਲਈ ਆਮਦਨ ਪੈਦਾ ਕਰਦੀਆਂ ਹਨ। ਸਿਹਤਮੰਦ ਕਾਮਾ ਆਪਣੇ ਸੰਗਠਨ ਲਈ ਸੰਪੱਤੀ ਹੈ।

---

b) **ਲੋੜਾਂ ਪੂਰੀਆਂ ਕਰਨਾ**: ਸੰਪੱਤੀ ਇੱਕ ਜਾਂ ਵੱਧ ਲੋੜਾਂ ਨੂੰ ਪੂਰਾ ਕਰਕੇ ਮੁੱਲ ਵਿੱਚ ਵਾਧਾ ਵੀ ਕਰ ਸਕਦੀ ਹੈ।

ਉਦਾਹਰਨ

ਫ਼ਰਿੱਜ਼ ਭੋਜਨ ਨੂੰ ਠੰਡਾ ਰੱਖਦੀ ਹੈ ਅਤੇ ਬਚਾਉਂਦੀ ਹੈ, ਜਦੋਂ ਕਿ ਕਾਰ ਯਾਤਰਾ ਲਈ ਸੌਖ ਅਤੇ ਸਹੂਲਤ ਦਿੰਦੀ ਹੈ, ਇਸਤਰ੍ਹਾਂ ਬੀਮਾਰੀ ਰਹਿਤ ਸਰੀਰ ਵਿਅਕਤੀ ਲਈ ਮਹੱਤਵਪੂਰਨ ਹੈ ਅਤੇ ਪਰਿਵਾਰ ਲਈ ਵੀ।

---

b) ਕਮੀ ਅਤੇ ਮਲਕੀਅਤ

ਹਵਾ ਅਤੇ ਸੂਰਜੀ ਰੋਸ਼ਨੀ ਬਾਰੇ ਕੀ ਹੈ? ਕੀ ਇਹ ਸੰਪੱਤੀ ਹਨ?

ਜਵਾਬ ਹੈ 'ਨਹੀਂ'।
ਅਸਲ ਵਿੱਚ ਬਹੁਤ ਸਾਰੀਆਂ ਚੀਜ਼ਾਂ ਬਹੁਤ ਮੁੱਲਵਾਨ ਹਨ, ਜਿਵੇਂ ਕਿ ਹਵਾ ਅਤੇ ਸੂਰਜੀ ਰੋਸ਼ਨੀ। ਅਸੀਂ ਉਹਨਾਂ ਬਿਨਾਂ ਨਹੀਂ ਰਹਿ ਸਕਦੇ ਹਾਂ। ਫਿਰ ਵੀ ਆਰਥਿਕ ਅਰਥਾਂ ਵਿੱਚ ਉਹਨਾਂ ਨੂੰ ਸੰਪੱਤੀ ਨਹੀਂ ਮੰਨ ਸਕਦੇ ਹਾਂ।

ਇਸ ਦੇ ਦੋ ਕਾਰਨ ਹਨ:

- ✓ ਉਹਨਾਂ ਦੀ ਉਪਲੱਬਧਤਾ ਵਾਧੂ ਹੈ ਅਤੇ ਕਮੀ ਨਹੀਂ ਹੈ।
- ✓ ਇਹ ਕਿਸੇ ਵਿਅਕਤੀ ਵਿਸ਼ੇਸ਼ ਦੀ ਸੰਪੱਤੀ ਨਹੀਂ ਹਨ, ਬਲਕਿ ਸਭ ਲਈ ਮੁਫ਼ਤ ਉਪਲੱਬਧ ਹਨ।

ਇਸ ਤੋਂ ਸਿੱਧ ਹੁੰਦਾ ਹੈ ਕਿ ਸੰਪੱਤੀ ਨੂੰ ਯੋਗ ਹੋਣ ਲਈ ਦੋ ਹੋਰ ਸ਼ਰਤਾਂ ਪੂਰੀਆਂ ਕਰਨੀਆਂ ਚਾਹੀਦੀਆਂ ਹਨ - ਇਹ ਦੀ ਦੁਰਲੱਭਤਾ ਅਤੇ ਕਿਸੇ ਵਲੋਂ ਇਸ ਦੀ ਮਲਕੀਅਤ ਜਾਂ ਅਧਿਕਾਰ।

c) ਸੰਪੱਤੀ ਦਾ ਬੀਮਾ

ਬੀਮੇ ਵਿੱਚ ਅਸੀਂ ਆਰਥਿਕ ਘਾਟੇ ਵਿੱਚ ਦਿਲਚਸਪੀ ਰੱਖਦੇ ਹਨ, ਜੋ ਕਿ ਅਚਾਨਕ ਤੇ ਕੁਦਰਤੀ ਘਟਨਾਵਾਂ ਤੋਂ ਪੈਂਦੇ ਹਨ, ਨਾ ਕਿ ਕੁਦਰਤੀ ਟੁੱਟ-ਭੱਜ ਦੇ ਨਤੀਜੇ ਵਜੋਂ ਪੈਣ ਵਾਲੇ ਘਾਟੇ। **ਬੀਮਾ ਕੇਵਲ ਅਚਾਨਕ ਘਟਨਾਵਾਂ ਤੋਂ ਪੈਦਾ ਹੋਣ ਵਾਲੇ ਵਿੱਤੀ ਘਾਟਿਆਂ ਤੋਂ ਹੀ ਸੁਰੱਖਿਆ ਦਿੰਦਾ ਹੈ, ਅਤੇ ਸਮੇਂ ਨਾਲ ਸੰਪੱਤੀ ਦੀ ਵਰਤੋਂ ਕਰਕੇ ਹੋਣ ਵਾਲੀ ਕੁਦਰਤੀ ਟੁੱਟ-ਭੱਜ ਤੋਂ ਨਹੀਂ।**

ਅਸੀਂ ਸਪਸ਼ਟ ਕਰਨਾ ਚਾਹੁੰਦੇ ਹਾਂ ਕਿ ਬੀਮਾ ਸੰਪੱਤੀ ਨੂੰ ਗੁਆਚਣ ਜਾਂ ਖਰਾਬ ਹੋਣ ਤੋਂ ਨਹੀਂ ਬਚਾਅ ਸਕਦਾ ਹੈ। ਭੁਚਾਲ ਨਾਲ ਘਰ ਨਸ਼ਟ ਹੋਵੇਗਾ ਹੀ, ਭਾਵੇਂ ਇਸ ਦਾ ਬੀਮਾ ਹੋਇਆ ਹੋਵੇ ਜਾਂ ਨਾ। ਬੀਮਕਰਤਾ ਕੇਵਲ ਧਨ ਹੀ ਦੇਵੇਗਾ, ਜਿਸ ਨਾਲ ਘਾਟੇ ਦਾ ਆਰਥਿਕ ਅਸਰ ਘੱਟ ਹੋਵੇਗਾ।
ਇਕਰਾਰਨਾਮੇ ਦੀ ਉਲੰਘਣਾ ਕਰਨ ਦੀ ਘਟਨਾ ਨਾਲ ਘਾਟਾ ਪੈ ਸਕਦਾ ਹੈ।

ਉਦਾਹਰਨ

ਇੱਕ ਨਿਰਯਾਤਕ ਨੂੰ ਵੱਡਾ ਘਾਟਾ ਪੈ ਸਕਦਾ ਹੈ, ਜੇ ਦੂਜੇ ਪਾਸੇ ਤੋਂ ਆਯਾਤਕ ਚੀਜ਼ਾਂ ਨੂੰ ਲੈਣ ਤੋਂ ਇਨਕਾਰ ਕਰ ਦੇਵੇ ਜਾਂ ਭੁਗਤਾਨ ਤੋਂ ਖੁੰਝ ਜਾਵੇ।

---

d) ਜੀਵਨ ਬੀਮਾ

ਆਪਣੀਆਂ ਜ਼ਿੰਦਗੀਆਂ ਬਾਰੇ

ਸਾਡੇ ਲਈ ਸਾਡੀਆਂ ਜ਼ਿੰਦਗੀਆਂ ਅਤੇ ਉਹਨਾਂ ਦੀਆਂ, ਜਿਹਨਾਂ ਨੂੰ ਅਸੀਂ ਪਿਆਰ ਕਰਦੇ ਹਨ, ਤੋਂ ਵੱਧ ਕੀਮਤੀ ਕੁਝ ਵੀ ਨਹੀਂ ਹੈ। ਸਾਡੀਆਂ ਜ਼ਿੰਦਗੀਆਂ ਗੰਭੀਰ ਰੂਪ ਨਾਲ ਪ੍ਰਭਾਵਿਤ ਹੁੰਦੀਆਂ ਹਨ, ਜਦੋਂ ਦੁਰਘਟਨਾ ਜਾਂ ਬੀਮਾਰੀ ਦਾ ਸ਼ਿਕਾਰ ਹੁੰਦੀਆਂ ਹਨ।

ਇਸ ਨਾਲ ਦੋ ਢੰਗਾਂ ਨਾਲ ਪ੍ਰਭਾਵ ਪੈਂਦਾ ਹੈ:

- ✓ ਪਹਿਲਾਂ ਇੱਕ ਖਾਸ ਬੀਮਾਰੀ ਦੇ ਇਲਾਜ ਲਈ ਹੋਣ ਵਾਲੇ ਖਰਚੇ।
- ✓ ਦੂਜਾ, ਜਿਸ ਨਾਲ ਆਰਥਿਕ ਕਮਾਈ ਖੁਸ ਸਕਦੀ ਹੈ, ਦੋਵੇਂ ਮੌਤ ਜਾਂ ਅਪੰਗਤਾ ਕਰਕੇ।

ਇਹਨਾਂ ਕਿਸਮਾਂ ਦੇ ਘਾਟੇ ਨੂੰ ਵਿਅਕਤੀ ਦੇ ਬੀਮਿਆਂ ਅਤੇ ਬੀਮੇ ਦੀ ਨਿੱਜੀ ਲਾਈਨ ਰਾਹੀਂ ਸੁਰੱਖਿਅਤ ਕੀਤਾ ਜਾ ਸਕਦਾ ਹੈ।

ਬੀਮਾ ਕਿਸੇ ਲਈ ਵੀ ਕੀਤਾ ਜਾ ਸਕਦਾ ਹੈ, ਜਿਸ ਕੋਲ ਸੰਪੱਤੀ ਹੈ, ਜਿਸ ਦਾ ਮੁੱਲ ਹੈ [ਜਿਵੇਂ ਕਿ ਆਮਦਨ ਦੀ ਗਾਰੰਟੀ ਜਾਂ ਕੁਝ ਲੋੜਾਂ ਨੂੰ ਪੂਰਾ ਕਰਦਾ ਹੈ]; ਜਿਸ ਦੇ ਘਾਟੇ ਵਜੋਂ [ਕੁਦਰਤੀ ਜਾਂ ਦੁਰਘਟਨਾ ਦੇ ਨਤੀਜੇ ਕਰਕੇ] ਵਿੱਤੀ ਘਾਟਾ ਹੋ ਸਕਦਾ ਹੈ [ਜਿਸ ਨੂੰ ਧਨ ਦੇ ਰੂਪ ਵਿੱਚ ਮਾਪਿਆ ਜਾ ਸਕਦਾ ਹੈ]

ਇਸ ਕਰਕੇ ਇਹ ਸੰਪੱਤੀਆਂ ਨੂੰ ਆਮ ਤੌਰ ਉੱਤੇ ਬੀਮੇ ਦੀ ਭਾਸ਼ਾ ਵਿੱਚ ਬੀਮੇ ਦਾ ਵਸਤੂ ਵਿਸ਼ਾ ਕਿਹਾ ਜਾਂਦਾ ਹੈ।

2. ਜੋਖਿਮ

ਬੀਮੇ ਦੀ ਕਾਰਵਾਈ ਵਿੱਚ ਦੂਜਾ ਭਾਗ ਹੈ ਜੋਖਿਮ ਦੀ ਧਾਰਨਾ। ਅਸੀਂ ਜੋਖਿਮ ਨੂੰ ਘਾਟੇ ਦੀ ਸੰਭਾਵਨਾ ਵਜੋਂ ਪਰਿਭਾਸ਼ਿਤ ਕੀਤਾ ਜਾਂਦਾ ਹੈ। ਜੋਖਿਮ ਇਸਕਰਕੇ ਘਾਟੇ ਜਾਂ ਨੁਕਸਾਨ ਨੂੰ ਦਰਸਾਉਂਦਾ ਹੈ, ਜੋ ਕਿ ਇੱਕ ਘਟਨਾ ਦੇ

ਵਾਪਰਨ ਵਜੋਂ ਹੋ ਸਕਦਾ ਹੈ। ਅਸੀਂ ਆਮ ਤੌਰ ਉੱਤੇ ਆਪਣੇ ਘਰ ਦੇ ਸੜਨ ਜਾਂ ਆਪਣੀ ਕਾਰ ਦੇ ਦੁਰਘਟਨਾਗ੍ਰਸਿਤ ਹੋਣ ਦੀ ਉਮੀਦ ਨਹੀਂ ਕਰਦੇ ਹਾਂ। ਪਰ ਇਹ ਹੋ ਸਕਦਾ ਹੈ।

ਜੋਖਿਮ ਦੀਆਂ ਉਦਾਹਰਨਾਂ ਵਿੱਚ ਘਰ ਦੇ ਸੜਨ ਜਾਂ ਸੰਨ੍ਹਮਾਰੀ ਜਾਂ ਦੁਰਘਟਨਾ, ਜਿਸ ਦੇ ਨਤੀਜੇ ਵਜੋਂ ਘਾਟਾ ਹੁੰਦਾ ਹੈ, ਤੋਂ ਆਰਥਿਕ ਘਾਟਾ ਹੋਣ ਦੀ ਸੰਭਵਾਨਾ ਹੁੰਦੀ ਹੈ।

ਇਸ ਵਿੱਚ ਦੋ ਅੜਿੱਕੇ ਹਨ

i. **ਪਹਿਲਾਂ**, ਇਸ ਦਾ ਭਾਵ ਹੈ ਕਿ ਘਾਟਾ ਹੋ ਵੀ ਸਕਦਾ ਹੈ ਅਤੇ ਨਹੀਂ ਵੀ। ਘਾਟੇ ਦੇ ਹੋਣ ਦੀ ਸੰਭਵਾਨਾ ਨੂੰ ਹਿਸਾਬ-ਕਿਤਾਬ ਵਿੱਚ ਦਰਸਾਇਆ ਜਾ ਸਕਦਾ ਹੈ।

ਉਦਾਹਰਨ

ਹਜ਼ਾਰ ਵਿੱਚ ਇੱਕ ਸੰਭਾਵਨਾ ਹੈ ਕਿ ਘਰ ਨੂੰ ਅੱਗ ਲੱਗੇਗੀ = 1/1000 = 0.001
ਹਜ਼ਾਰ ਵਿੱਚੋਂ ਤਿੰਨ ਸੰਭਾਵਨਾਵਾਂ ਹਨ ਕਿ ਰਾਮ ਨੂੰ ਦਿਲ ਦਾ ਦੌਰਾ ਪਵੇਗਾ = 3/1000=0.003

ਜੋਖਿਮ ਵਿੱਚ ਸੰਭਾਵਨਾ ਹਮੇਸ਼ਾ ਅਸਪਸ਼ਟ ਹੁੰਦੀ ਹੈ। ਇਸ ਦਾ ਮੁੱਲ ਹਮੇਸ਼ਾ 0 ਅਤੇ 1 ਦੇ ਵਿੱਚ ਹੀ ਰਹਿੰਦਾ ਹੈ, ਜਿੱਥੇ 0 ਯਕੀਨ ਨੂੰ ਦਰਸਾਉਂਦਾ ਹੈ ਕਿ ਘਾਟਾ ਨਹੀਂ ਹੋਵੇਗਾ ਅਤੇ 1 ਯਕੀਨ ਨੂੰ ਦਰਸਾਉਂਦਾ ਹੈ ਕਿ ਇਹ ਹੋਵੇਗਾ।

ii. **ਦੂਜਾ**, ਘਟਨਾ, ਜਿਸ ਦੇ ਅਸਲ ਵਿੱਚ ਵਾਪਰਨ ਨਾਲ ਘਾਟਾ ਹੁੰਦਾ ਹੈ, ਨੂੰ **ਸੰਕਟ** (ਪੈਰਅਲ) ਕਹਿੰਦੇ ਹਨ। ਇਹ ਘਾਟੇ ਦਾ ਕਾਰਨ ਹੁੰਦਾ ਹੈ।

ਉਦਾਹਰਨ

ਸੰਕਟ ਦੀਆਂ ਉਦਾਹਰਨ ਅੱਗ, ਭੁਚਾਲ, ਹੜ੍ਹ, ਅਸਮਾਨੀ ਬਿਜਲੀ, ਸੰਨ੍ਹਮਾਰੀ, ਦਿਲ ਦਾ ਦੌਰਾ ਆਦਿ ਹਨ।

ਕੁਦਰਤੀ ਟੁੱਟ-ਫੁੱਟ ਬਾਰੇ ਕੀ ਹੈ?

ਇਹ ਠੀਕ ਗੱਲ ਹੈ ਕਿ ਕੁਝ ਵੀ ਹਮੇਸ਼ਾ ਨਹੀਂ ਰਹਿੰਦਾ ਹੈ। ਹਰੇਕ ਸੰਪੱਤੀ ਦੀ ਸਥਿਰ ਜ਼ਿੰਦਗੀ ਹੈ, ਜਿਸ ਦੇ ਇਹ ਕੰਮ ਕਰਦੀ ਅਤੇ ਫਾਇਦੇ ਦਿੰਦੀ ਹੈ।

ਭਵਿੱਖ ਦੀ ਕਿਸੇ ਮਿਤੀ ਨੂੰ ਇਸ ਦਾ ਮੁੱਲ ਸਿਫ਼ਰ ਹੋ ਜਾਂਦਾ ਹੈ। ਇਹ ਕੁਦਰਤੀ ਕਾਰਵਾਈ ਹੈ ਅਤੇ ਅਸੀਂ ਆਪਣੇ ਮੋਬਾਇਲਾਂ, ਸਾਡੀਆਂ ਕੱਪੜੇ ਧੋਣ ਵਾਲੀਆਂ ਮਸ਼ੀਨਾਂ ਤੇ ਕੱਪੜੇ, ਜੋ ਕਿ ਫਟ ਜਾਂਦੇ ਹਨ, ਨੂੰ ਸੁੱਟ ਦਿੰਦੇ ਹਾਂ ਜਾਂ ਬਦਲਦੇ ਹਾਂ। ਇਸਕਰਕੇ ਆਮ ਟੁੱਟ-ਫੁੱਟ ਤੋਂ ਹੋਣ ਵਾਲੇ ਘਾਟਿਆਂ ਨੂੰ ਬੀਮੇ ਵਿੱਚ ਸੁਰੱਖਿਆ ਨਹੀਂ ਦਿੱਤੀ ਜਾਂਦੀ ਹੈ।

i. **ਜੋਖਿਮ ਲਈ ਪ੍ਰਗਟ**: ਸੰਕਟ ਦੇ ਹੋਣ ਨਾਲ ਜ਼ਰੂਰੀ ਨਹੀਂ ਕਿ ਘਾਟਾ ਵੀ ਹੋਵੇ। ਮੁੰਬਈ ਵਿੱਚ ਰਹਿਣ ਵਾਲੇ ਵਿਅਕਤੀ ਨੂੰ ਤੱਟੀ ਆਂਧਰਾ ਵਿੱਚ ਆਉਣ ਵਾਲੇ ਹੜ੍ਹ ਨਾਲ ਕੋਈ ਵੀ ਘਾਟਾ ਨਹੀਂ ਪੈਂਦਾ ਹੈ। ਘਾਟਾ ਪੈਣ ਲਈ ਸੰਪੱਤੀ ਸੰਕਟ ਦੇ ਘੇਰੇ ਵਿੱਚ ਹੋਣੀ ਚਾਹੀਦੀ ਹੈ।

ਉਦਾਹਰਨ

ਕਾਰ ਦੁਰਘਟਨਾ ਦੇ ਲਈ ਦਿੱਤੀ ਸੁਰੱਖਿਆ ਵਿੱਚ, ਬੀਮਾ ਕਰਤਾ ਨੂੰ ਕਾਰਾਂ ਦੀ ਗਿਣਤੀ ਵਿੱਚ ਦਿਲਚਸਪੀ ਹੋਵੇਗੀ, ਜੋ ਕਿ ਸਾਲ ਦੌਰਾਨ 'ਸੰਕਟ ਦੇ ਘੇਰੇ, ਜਿਸ ਨੂੰ ਦੁਰਘਟਨਾ ਕਹਿੰਦੇ ਹਨ' ਵਿੱਚ ਹਨ। ਨਿਯਮਤ ਰੂਪ ਵਿੱਚ ਰੇਸਾਂ ਵਿੱਚ ਵਰਤੀ ਜਾਣ ਵਾਲੀ ਕਾਰ ਇਸ ਸੰਖਿਆ ਦਾ ਹਿੱਸਾ ਨਹੀਂ ਹੋ ਸਕਦੀ ਹੈ। ਇਸ ਨੂੰ 'ਰੇਸਿੰਗ ਕਾਰਾਂ' ਨਾਂ ਦੇ ਵੱਖਰੇ ਗਰੁੱਪ ਵਿੱਚ ਹੋਣਾ ਚਾਹੀਦਾ ਹੈ, ਜਿਹਨਾਂ ਦੇ ਦੁਰਘਟਨਾ ਹੋਣ ਦੀ ਸੰਭਾਵਨਾ ਆਮ ਕਾਰਾਂ ਤੋਂ ਵੱਧ ਹੁੰਦੀ ਹੈ।

ਜੋਖਿਮ ਦੇ ਦਾਇਰੇ ਵਿੱਚ ਹੋਣਾ ਹੀ ਬੀਮਾ ਮੁਆਵਜ਼ੇ ਦਾ ਲੋੜੀਦਾ ਆਧਾਰ ਨਹੀਂ ਹੋ ਸਕਦਾ ਹੈ।

ਉਦਾਹਰਨ

ਫੈਕਟਰੀ ਅਹਾਤੇ ਵਿੱਚ ਬਿਨਾਂ ਅਸਲ ਨੁਕਸਾਨ ਹੋਏ ਵੀ ਅੱਗ ਲੱਗ ਸਕਦੀ ਹੈ।

ਬੀਮਾ ਉਦੋਂ ਕੰਮ ਕਰਦਾ ਹੈ, ਜਦੋਂ ਸੰਕਟ ਦੇ ਨਤੀਜੇ ਵਜੋਂ ਅਸਲ ਵਿੱਚ ਕੋਈ ਆਰਥਿਕ (ਵਿੱਤੀ) ਘਾਟਾ ਪੈਂਦਾ ਹੈ।

ii. **ਜੋਖਿਮ ਦੇ ਘੇਰੇ ਦੀ ਦਰ:** ਦੋ ਸੰਪੱਤੀਆਂ ਇੱਕ ਸੰਕਟ ਦੇ ਘੇਰੇ ਵਿੱਚ ਹੋ ਸਕਦੀਆਂ ਹਨ, ਪਰ ਘਾਟੇ ਦੀ ਸੰਭਾਵਨਾ ਜਾਂ ਘਾਟੇ ਦੀ ਮਾਤਰਾ ਬਹੁਤ ਵੱਖਰੀ ਵੱਖਰੀ ਹੋ ਸਕਦੀ ਹੈ।

ਉਦਾਹਰਨ

ਧਮਾਕਾਖੇਜ਼ ਸਮੱਗਰੀ ਲੈ ਕੇ ਜਾਣ ਵਾਲੇ ਵਹੀਕਲ ਨੂੰ ਪਾਣੀ ਲੈ ਕੇ ਜਾਣ ਵਾਲੇ ਟੈਂਕਰ ਨਾਲੋਂ ਅੱਗ ਰਾਹੀਂ ਵੱਡਾ ਘਾਟਾ ਹੋ ਸਕਦਾ ਹੈ

ਇਸੇ ਤਰ੍ਹਾਂ, ਸਾਹ ਦੀ ਸਮੱਸਿਆ ਵਾਲੇ ਇਨਸਾਨ ਨੂੰ ਪ੍ਰਦੂਸ਼ਿਤ ਸ਼ਹਿਰ ਵਿੱਚ ਵੱਧ ਸਮੱਸਿਆ ਹੋਣ ਦੀ ਸੰਭਾਵਨਾ ਹੈ ਜਾਂ ਘੋੜ-ਦੌੜ ਵਿੱਚ ਲੱਗੇ ਵਿਅਕਤੀ ਨੂੰ ਸੱਟ ਦੇ ਜੋਖਿਮ ਦਾ ਦੁਕਾਨ ਵਿੱਚ ਕੰਮ ਕਰ ਵਾਲੇ ਵਿਅਕਤੀ ਨਾਲੋਂ ਵੱਧ ਖ਼ਤਰਾ ਹੈ।

ਬੀਮਾ ਕਰਤਾ ਆਮ ਤੌਰ ਉੱਤੇ ਜੋਖਿਮ ਦੇ ਘੇਰੇ ਦੀ ਦਰ ਲਈ ਵੱਧ ਚਿੰਤਤ ਹੁੰਦੇ ਹਨ। ਜਦੋਂ ਇਹ ਬਹੁਤ ਵੱਧ ਹੁੰਦੀ ਹੈ ਤਾਂ ਅਸੀਂ ਕਹਿੰਦੇ ਹਾਂ ਕਿ ਬੁਰਾ ਜੋਖਿਮ ਹੈ।

ਜੋਖਿਮ ਵਰਗੀਕਰਨ ਦਾ ਅਧਾਰ



a) ਨੁਕਸਾਨ ਦੀ ਹੱਦ, ਜਿਸ ਨਾਲ ਪ੍ਰਭਾਵ ਹੋ ਸਕਦਾ ਹੈ

ਇਸ ਨੂੰ ਘਾਟੇ ਦੀ ਦਰ ਅਤੇ ਵਿਅਕਤੀ ਜਾਂ ਧੰਦੇ ਉੱਤੇ ਇਸ ਦੇ ਅਸਰ ਰਾਹੀਂ ਦਰਸਾਇਆ ਜਾਂਦਾ ਹੈ। ਇਸ ਅਧਾਰ ਉੱਤੇ ਤਿੰਨ ਕਿਸਮ ਦੀਆਂ ਜੋਖਿਮ ਘਟਨਾਵਾਂ ਜਾਂ ਹਾਲਤ ਹੋ ਸਕਦੇ ਹਨ:

i. ਘਾਤਕ ਜਾਂ ਤਬਾਹਕਾਰੀ

ਜਦੋਂ ਘਾਟੇ ਐਨੇ ਵੱਡੇ ਪੱਧਰ ਦਾ ਹੋਵੇ, ਜਿਸ ਦਾ ਨਤੀਜਾ ਪੂਰਾ ਨੁਕਸਾਨ ਜਾਂ ਦਿਵਾਲੀਆ ਹੋਣਾ ਹੋਵੇ।

ਉਦਾਹਰਨ

- ✓ ਭੁਚਾਲ,ਜੋ ਪਿੰਡ ਪੂਰੀ ਤਰ੍ਹਾਂ ਤਬਾਹ ਕਰ ਦਿੰਦਾ ਹੈ
- ✓ ਵੱਡੀ ਅੱਗ, ਜੋ ਬਹੁ-ਕਰੋੜੀ ਸਥਾਪਨ ਨੂੰ ਪੂਰੀ ਤਰ੍ਹਾਂ ਤਬਾਹ ਕਰ ਦਿੰਦੀ ਹੈ
- ✓ ਹਾਲਤ, ਜਿਵੇਂ 9/11 ਨੂੰ ਵਰਲਡ ਟਰੇਡ ਸੈਂਫਰ ਉੱਤੇ ਅੱਤਵਾਦੀ ਹਮਲੇ ਵਿੱਚ ਸਨ, ਜਿਸ ਵਿੱਚ ਕਈ ਲੋਕਾਂ ਨੂੰ ਸੱਟਾਂ ਲੱਗੀਆਂ।

---

ii. ਵੱਡਾ

ਇਸ ਵਿੱਚ ਵੱਡਾ ਵਿੱਤੀ ਘਾਟਾ ਪੈ ਸਕਦਾ ਹੈ, ਜਿਸ ਨਾਲ ਫ਼ਰਮ ਨੂੰ ਕੰਮ ਕਰਦੇ ਰਹਿਣ ਲਈ ਉਧਾਰ ਲੈਣ ਦੀ ਲੋੜ ਸਕਦੀ ਹੈ।

ਉਦਾਹਰਨ

ਗੁੜਗਾਓ ਵਿੱਚ ਵੱਡੀ ਬਹੁ-ਰਾਸ਼ਟਰੀ ਕੰਪਨੀ ਦੇ ਪਲਾਂਟ ਵਿੱਚ ਅੱਗ ਲੱਗਣ ਨਾਲ 1 ਕਰੋੜ ਰੁਪਏ ਦਾ ਸਮਾਨ ਨਸ਼ਟ ਹੋ ਗਿਆ। ਇਹ ਵੱਡਾ ਘਾਟਾ ਹੈ, ਪਰ ਇਸ ਨਾਲ ਦਿਵਾਲੀਆ ਹੋਣ ਦੀ ਨੌਬਤ ਨਹੀਂ ਆਉਂਦੀ ਹੈ।

ਵੱਡਾ ਗੁਰਦਾ ਬਦਲਣ ਦਾ ਓਪਰੇਸ਼ਨ, ਜਿਸ ਦੀ ਕੀਮਤ ਨਿਸ਼ੇਧਕ ਹੈ।

---

iii. ਹਲਕਾ/ਮਹੱਤਵਹੀਣ

ਜਦੋਂ ਸੰਭਵ ਘਾਟਾ ਮਹੱਤਵਪੂਰਨ ਨਾ ਹੋਵੇ ਅਤੇ ਵਿਅਕਤੀ ਜਾਂ ਫ਼ਰਮ ਵਲੋਂ ਮੌਜੂਦਾ ਸੰਪੱਤੀ ਜਾਂ ਮੌਜੂਦਾ ਆਮਦਨ ਨਾਲ ਹੀ ਬਿਨਾਂ ਕਿਸੇ ਵਿੱਤ ਦਬਾਅ ਦੇ ਸੌਖੀ ਤਰ੍ਹਾਂ ਪੂਰਾ ਕੀਤਾ ਜਾ ਸਕਦਾ ਹੈ।

ਉਦਾਹਰਨ

ਛੋਟੀ ਕਾਰ ਦੁਰਘਟਨਾ ਨਾਲ ਪਾਸੇ ਉੱਤੇ ਝਰੀਟ ਆਈ ਹੈ, ਜਿਸ ਨਾਲ ਕੁਝ ਪੇਂਟ ਖਰਾਬ ਹੋ ਗਿਆ ਹੈ ਅਤੇ ਫੇਂਡਰ ਉੱਤੇ ਚਿੱਬ ਪੈ ਗਿਆ ਹੈ।

b) ਜੋਖਿਮ ਮਾਹੌਲ ਦੀ ਕਿਸਮ

ਜੋਖਿਮਾਂ ਨੂੰ ਵਰਗੀਕ੍ਰਿਤ ਕਰਨ ਦਾ ਹੋਰ ਆਧਾਰ ਹੈ ਮਾਹੌਲ ਦੀ ਕਿਸਮ ਰਾਹੀਂ।

i. ਸਥਿਰ ਜੋਖਿਮ

ਸਥਿਰ ਜੋਖਿਮ ਸਥਿਰ ਮਾਹੌਲ ਵਿੱਚ ਹੋਣ ਵਾਲੀਆਂ ਘਟਨਾਵਾਂ ਨੂੰ ਦਰਸਾਉਂਦੇ ਹਨ। ਸਮੇਂ ਨਾਲ ਇਹਨਾਂ ਦੇ ਹੋਣ ਦੀ ਤਰਤੀਬ ਨਿਯਮਤ ਹੁੰਦੀ ਹੈ ਅਤੇ ਜਾਇਜ਼ ਢੰਗ ਨਾਲ ਪਹਿਲਾਂ ਸੂਚਨਾ ਦੇਣ ਯੋਗ ਹੁੰਦੇ ਹਨ। ਇਸਕਰਕੇ ਉਹਨਾਂ ਦਾ ਬੀਮਾ ਕਰਨਾ ਸੌਖਾ ਹੈ। ਆਮ ਤੌਰ ਉੱਤੇ ਇੰਜ ਦੇ ਜੋਖਿਮ ਕੁਦਰਤੀ ਘਟਨਾਵਾਂ ਕਰਕੇ ਹੁੰਦੇ ਹਨ।

ਅੱਗ,ਭੁਚਾਲ, ਮੌਤ, ਦੁਰਘਟਨਾ, ਅਤੇ ਬੀਮਾਰੀ ਉਦਾਹਰਨਾਂ ਹਨ।

ii. ਗਤੀਸ਼ੀਲ ਜੋਖਿਮ

ਆਮ ਤੌਰ ਉੱਤੇ ਸੰਕਟ ਲਈ ਵਰਤਿਆ ਜਾਂਦਾ ਹੈ, ਜੋ ਕਿ ਸਮਾਜਿਕ ਮਾਹੌਲ ਨੂੰ ਪ੍ਰਭਾਵਿਤ ਕਰਦੇ ਹਨ ਅਤੇ ਆਰਥਿਕ ਤੇ ਸਮਾਜਿਕ ਲੱਛਣਾਂ ਤੋਂ ਨਤੀਜਿਆਂ ਨੂੰ। ਇਹਨਾਂ ਨੂੰ ਗਤੀਸ਼ੀਲ ਕਿਹਾ ਜਾਂਦਾ ਹੈ, ਕਿਉਂਕਿ ਇਹ ਜ਼ਰੂਰੀ ਨਹੀਂ ਹੈ ਕਿ ਇਹਨਾਂ ਦਾ ਵਾਪਰਨ ਨੂੰ ਤਰਤੀਬ ਨਿਯਮਤ ਹੋਵੇ ਅਤੇ ਸਥਿਰ ਜੋਖਿਮਾਂ ਵਾਂਗ ਇਹਨਾਂ ਦੀ ਭਵਿੱਖਬਾਣੀ ਵੀ ਨਹੀਂ ਕੀਤੀ ਜਾ ਸਕਦੀ ਹੈ। ਇਹ ਜੋਖਿਮਾਂ ਦੇ ਅਕਸਰ ਕੌਮੀ ਅਤੇ ਸਮਾਜਿਕ ਸਿੱਟੇ ਨਿਕਲਦੇ ਹਨ ਅਤੇ ਇਸ ਨਾਲ ਲੋਕਾਂ ਦਾ ਵੱਡਾ ਵਰਗ ਪ੍ਰਭਾਵਿਤ ਹੋ ਸਕਦਾ ਹੈ।

ਉਦਾਹਰਨ ਲਈ ਬੇਰੁਜ਼ਗਾਰੀ, ਮਹਿੰਗਾਈ, ਜੰਗ ਤੇ ਰਾਜਨੀਤਿਕ ਅਸਥਿਰਤਾ।

ਬੀਮਾ ਕੰਪਨੀਆਂ ਆਮ ਤੌਰ ਉੱਤੇ ਗਤੀਸ਼ੀਲ ਜੋਖਿਮਾਂ ਦਾ ਬੀਮਾ ਨਹੀਂ ਕਰਦੀਆਂ ਹਨ।

c) ਕੌਣ ਪ੍ਰਭਾਵਿਤ ਹੁੰਦਾ ਹੈ?

ਜੋਖਿਮਾਂ ਨੂੰ ਵਰਗੀਕ੍ਰਿਤ ਕਰਨ ਦਾ ਤੀਜਾ ਢੰਗ ਹੈ ਵਿਚਾਰ ਕਰਨਾ ਕਿ ਕੌਣ ਖਾਸ ਸੰਕਟ ਜਾਂ ਦੁਰਘਟਨਾ ਰਾਹੀਂ ਪ੍ਰਭਾਵਿਤ ਹੁੰਦਾ ਹੈ।

i. **ਮੁੱਢਲੇ ਜੋਖਿਮ:** ਵੱਡੀ ਜਨਸੰਖਿਆ ਨੂੰ ਪ੍ਰਭਾਵਿਤ ਕਰਦੇ ਹਨ। ਇਹ ਦਾ ਅਸਰ ਵੱਡੇ ਪੱਧਰ ਉੱਤੇ ਹੁੰਦਾ ਹੈ ਅਤੇ ਤਬਾਹਕਾਰੀ ਹੋਣ ਦੀ ਸੰਭਾਵਨਾ ਹੁੰਦੀ ਹੈ।

ਮੁੱਢਲੇ ਜਾਂ ਸੰਸਥਾਤਮਕ ਜੋਖਿਮਾਂ ਦੀਆਂ ਉਦਾਹਰਨ ਹਨ ਜੰਗ, ਸੋਕਾ, ਹੜ੍ਹ ਅਤੇ ਭੁਚਾਲ ਤੇ ਅੱਤਵਾਦੀ ਹਮਲੇ ਹਨ।

ii. **ਖਾਸ ਜੋਖਿਮ**: ਕੇਵਲ ਖਾਸ ਵਿਅਕਤੀਆਂ ਨੂੰ ਪ੍ਰਭਾਵਿਤ ਕਰਦੇ ਹਨ, ਪਰ ਪੂਰੇ ਸਮਾਜ ਜਾਂ ਗਰੁੱਪ ਨੂੰ ਨਹੀਂ। ਇਸ ਹਾਲਤ ਵਿੱਚ ਘਾਟੇ ਨੂੰ ਕੇਵਲ ਖਾਸ ਵਿਅਕਤੀਆਂ ਵਲੋਂ ਝੱਲਿਆ ਜਾਂਦਾ ਹੈ ਅਤੇ ਪੂਰੇ ਸਮਾਜ ਜਾਂ ਗਰੁੱਪ ਵਲੋਂ ਨਹੀਂ।

ਖਾਸ ਜੋਖਿਮ ਦੀ ਉਦਾਹਰਨ ਘਰ ਜਾ ਸੜਨਾ ਜਾਂ ਵਾਹਨ ਦੀ ਦੁਰਘਟਨਾ ਜਾਂ ਦੁਰਘਟਨਾ ਤੋਂ ਬਾਅਦ ਹਸਪਤਾਲ ਵਿੱਚ ਦਾਖਲ ਹੋਣਾ ਹੋ ਸਕਦਾ ਹੈ।

ਮੁੱਢਲੇ ਅਤੇ ਖਾਸ ਜੋਖਿਮਾਂ ਨੂੰ ਸੁਰੱਖਿਆ ਦੇਣ ਲਈ ਵਪਾਰਕ ਬੀਮਾ ਉਪਲੱਬਧ ਹੈ।

d) ਨਤੀਜਾ / ਸਿੱਟਾ / ਫ਼ਲ

i. **ਅਨੁਮਾਨਿਤ ਜੋਖਿਮ** ਇੱਕ ਹਾਲਤ ਵਿੱਚ ਦਰਸਾਉਂਦਾ ਹੈ, ਜਿਸ ਦੇ ਨਤੀਜੇ ਵਜੋਂ ਫਾਇਦਾ ਜਾਂ ਨੁਕਸਾਨ ਹੋ ਸਕਦਾ ਹੈ। ਇੰਝ ਦੇ ਜੋਖਿਮਾਂ ਲੈਣ ਦੀਆਂ ਵਿਸ਼ੇਸ਼ ਉਦਾਹਰਨ ਵਿੱਚ ਘੋੜਿਆਂ ਜਾਂ ਸ਼ੇਅਰ ਬਾਜ਼ਾਰ ਉੱਤੇ ਦਾਅ ਲਗਾਉਣਾ ਹਨ। ਵਿਅਕਤੀ ਇੰਝ ਦੇ ਜੋਖਿਮ ਨੂੰ ਲਾਭ ਪ੍ਰਾਪਤੀ ਦੀ ਖਾਤਰ ਜਾਣ ਬੁੱਝ ਕੇ ਲੈਂਦਾ ਹੈ।

ii. **ਸ਼ੁੱਧ ਜੋਖਿਮ** ਦੂਜੇ ਪਾਸੇ ਹਾਲਤਾਂ ਤੋਂ ਪੈਦਾ ਹੁੰਦੇ ਹਨ, ਜਿਸ ਵਿੱਚ ਨਤੀਜੇ ਕੇਵਲ ਘਾਟਾ ਹੋਣ ਹੋ ਸਕਦੇ ਹਨ ਜਾਂ ਘਾਟਾ ਨਾ ਹੋਣਾ, ਫਾਇਦਾ ਕਦੇ ਵੀ ਨਹੀਂ ਹੁੰਦਾ।

ਉਦਾਹਰਨ ਲਈ, ਹੜ੍ਹ ਆਉਣਾ ਜਾਂ ਅੱਗ ਲੱਗਣਾ ਹੋ ਵੀ ਸਕਦਾ ਹੈ ਅਤੇ ਨਹੀਂ ਵੀ। ਜੇ ਇਹ ਹੁੰਦਾ ਹੈ ਤਾਂ ਘਾਟਾ ਹੁੰਦਾ ਹੈ। ਜੇ ਇਹ ਨਹੀਂ ਹੁੰਦਾ ਹੈ ਤਾਂ ਨਾ ਘਾਟਾ ਹੈ ਨਾ ਫਾਇਦਾ। ਇਸੇਤਰ੍ਹਾਂ ਵਿਅਕਤੀ ਗੰਭੀਰ ਰੂਪ ਵਿੱਚ ਬੀਮਾਰ ਹੋ ਵੀ ਸਕਦਾ ਹੈ ਅਤੇ ਨਹੀਂ ਵੀ।

ਬੀਮੇ ਨੂੰ ਸਾਫ਼ (ਸਪਸ਼ਟ) ਜੋਖਿਮਾਂ ਦੇ ਕੇਸ ਵਿੱਚ ਹੀ ਲਾਗੂ ਕੀਤਾ ਜਾਂਦਾ ਹੈ, ਜਿੱਥੇ ਇਹ ਘਾਟਾ, ਜੋ ਹੋ ਸਕਦਾ ਹੈ, ਤੋਂ ਸੁਰੱਖਿਆ ਦਿੰਦਾ ਹੈ। ਅਨੁਮਾਨ ਵਾਲੇ ਜੋਖਿਮਾਂ ਦਾ ਬੀਮਾ ਨਹੀਂ ਕੀਤਾ ਜਾ ਸਕਦਾ।

ਸਾਫ਼ ਜੋਖਿਮਾਂ ਦੀਆਂ ਉਦਾਹਰਨਾਂ:

- ✓ ਰਸਾਇਣਿਕ - ਅੱਗ, ਧਮਾਕਾ
- ✓ ਕੁਦਰਤੀ - ਭੁਚਾਲ, ਹੜ੍ਹ, ਚੱਕਰਵਾਤ

- ✓ ਸਮਾਜਿਕ - ਦੰਗ, ਧੋਖਾ, ਚੋਰੀਆਂ
- ✓ ਤਕਨੀਕੀ - ਮਸ਼ੀਨਰੀ ਖਰਾਬ ਹੋਣੀ
- ✓ ਨਿੱਜੀ - ਮੌਤ, ਅਪੰਗਤਾ, ਬੀਮਾਰੀ

ਖ਼ਤਰਾ

ਅਸੀਂ ਉੱਤੇ ਵੇਖਿਆ ਹੈ ਕਿ ਸਿਰਫ਼ ਸੰਕਟ ਦੇ ਘੇਰੇ ਵਿੱਚ ਹੋਣਾ ਘਾਟੇ ਦਾ ਕਾਰਨ ਨਹੀਂ ਹੋ ਸਕਦਾ ਹੈ। ਅਤੇ ਘਾਟਾ ਜ਼ਰੂਰੀ ਨਹੀਂ ਕਿ ਅਸਹਿ ਹੋਵੇ। **ਹਾਲਤ, ਜੋ ਕਿ ਘਾਟੇ ਦੇ ਸੰਭਾਵਨਾ ਜਾਂ ਉਸ ਦੀ ਤੀਬਰਤਾ ਨੂੰ ਵਧਾਉਂਦੇ ਹਨ ਅਤੇ ਇਸਕਰਕੇ ਜੋਖਿਮ ਦੇ ਅਸਰ ਵੀ, ਨੂੰ ਸੰਕਟ ਵਜੋਂ ਜਾਣਿਆ ਜਾਂਦਾ ਹੈ।** ਜਦੋਂ ਬੀਮਾਕਰਤਾ ਜੋਖਿਮ ਦਾ ਮੁਲਾਂਕਣ ਕਰਦੇ ਹਨ, ਇਹ ਆਮ ਤੌਰ ਉੱਤੇ ਸੰਕਟ ਦੇ ਲਈ ਹਵਾਲਾ ਹੁੰਦਾ ਹੈ, ਜਿਸ ਲਈ ਸੰਪੱਤੀ ਵਿਸ਼ਾ ਹੁੰਦੀ ਹੈ।

ਆਉ ਸੰਪੱਤੀਆਂ, ਸੰਕਟ ਅਤੇ ਖਤਰਿਆਂ ਵਿੱਚ ਸਬੰਧਾਂ ਵਾਸਤੇ ਕੁਝ ਉਦਾਹਰਨਾਂ ਵੇਖੀਏ

ਸੰਪੱਤੀਆਂ	ਸੰਕਟ	ਖ਼ਤਰਾ
ਜੀਵਨ	ਕੈਂਸਰ	ਬਹੁਤ ਵੱਧ ਸਿਗਰਟਨੋਸ਼ੀ
ਫੈਕਟਰੀ	ਅੱਗ	ਧਮਾਕਾਖੇਜ਼ ਪਦਾਰਥ ਅਣਸੰਭਾਲੇ ਛੱਡਣੇ
ਕਾਰ	ਕਾਰ ਦੁਰਘਟਨਾ	ਡਰਾਇਵਰ ਵਲੋਂ ਬੇਧਿਆਨੀ ਨਾਲ ਡਰਾਇਵਿੰਗ
ਕਾਰਗੋ	ਤੂਫਾਨ	ਪਾਣੀ ਕਾਰਗੋ ਵਿੱਚ ਸਿੰਮ ਰਿਹਾ ਹੈ ਅਤੇ ਖਰਾਬ ਕਰ ਰਿਹਾ ਹੈ; ਕਾਰਗੋ ਅਭਿੱਜ ਡੱਬਿਆਂ ਵਿੱਚ ਪੈਕ ਨਹੀਂ ਕੀਤਾ ਹੈ।

ਖਾਸ

ਖਤਰੇ ਦੀਆਂ ਕਿਸਮਾਂ

a) **ਭੌਤਿਕ ਖਤਰਾ** ਖਤਰੇ ਦੀ ਸਥਿਤੀ ਹੈ, ਜਿਸ ਨਾਲ ਘਾਟੇ ਦੀ ਸੰਭਾਵਨਾ ਵੱਧਦੀ ਹੈ।

ਉਦਾਹਰਨ

i. ਇਮਾਰਤ ਵਿੱਚ ਨੁਕਸਦਾਰ ਤਾਰਾਂ ਬੰਨ੍ਹੀਆਂ ਹਨ

ii. ਪਾਣੀ ਦੀਆਂ ਖੇਡਾਂ ਖੇਡਣਾ

iii. ਸੁਸਤ ਜੀਵਨ-ਸ਼ੈਲੀ ਵਿੱਚ ਰਹਿਣਾ

b) **ਨੈਤਿਕ ਖਤਰੇ** ਵਿਅਕਤੀ ਵਿੱਚ ਬੇਈਮਾਨੀ ਜਾਂ ਚਰਿੱਤਰ ਨੁਕਸ ਨੂੰ ਦਰਸਾਉਂਦੇ ਹਨ, ਜਿਸ ਨਾਲ ਘਾਟੇ ਦੀ ਆਵਰਤੀ ਜਾਂ ਤੀਬਰਤਾ ਵੱਧਦੀ ਹੈ। ਇੱਕ ਬੇਈਮਾਨ ਵਿਅਕਤੀ ਧੋਖਾ ਕਰਨ ਦੀ ਕੋਸ਼ਿਸ਼ ਕਰ ਸਕਦਾ ਹੈ ਅਤੇ ਬੀਮੇ ਦੀ ਸਹੂਲਤ ਦੀ ਗਲਤ ਵਰਤੋਂ ਕਰਕੇ ਪੈਸਾ ਬਣਾ ਸਕਦਾ ਹੈ।

ਉਦਾਹਰਨ

ਨੈਤਿਕ ਖਤਰੇ ਦੀਆਂ ਉਦਾਹਰਨਾਂ ਵਿੱਚ ਫੈਕਟਰੀ ਲਈ ਬੀਮਾ ਖਰੀਦਣਾ ਅਤੇ ਫੇਰ ਬੀਮਾ ਰਕਮ ਲੈਣ ਲਈ ਇਸ ਨੂੰ ਅੱਗ ਲਗਾ ਦੇਣਾ ਜਾਂ ਵੱਡੀ ਬੀਮਾਰੀ ਦੀ ਸ਼ੁਰੂਆਤ ਦੇ ਬਾਅਦ ਸਿਹਤ ਬੀਮਾ ਖਰੀਦਣਾ ਹੈ।

c) **ਕਾਨੂੰਨੀ ਖ਼ਤਰਾ** ਕੇਸਾਂ ਵਿੱਚ ਪ੍ਰਚਲਿਤ ਹੈ, ਜਿੰਨਾਂ ਵਿੱਚ ਨੁਕਸਾਨ ਲਈ ਭੁਗਤਾਨ ਕਰਨ ਦੀ ਦੇਣਕਾਰੀ ਹੁੰਦੀ ਹੈ। ਇਹ ਵੱਧਦੀ ਹੈ, ਜਦੋਂ ਕਾਨੂੰਨੀ ਸਿਸਟਮ ਜਾਂ ਰੈਗੂਲੇਟਰੀ ਮਾਹੌਲ ਦੇ ਕੁਝ ਲੱਛਣ ਘਾਟੇ ਦੇ ਪ੍ਰਭਾਵੀ ਖੇਤਰ ਜਾਂ ਤੀਬਰਤਾ ਨੂੰ ਵਧਾ ਸਕਦੇ ਹਨ।

ਉਦਾਹਰਨ

ਦੁਰਘਟਨਾ ਦੇ ਕੇਸ ਵਿੱਚ ਕਾਮੇ ਦੇ ਮੁਆਵਜ਼ੇ ਲਈ ਲਾਗੂ ਹੁੰਦੇ ਕਾਨੂੰਨ ਦੇ ਅਧਿਨਿਯਮ ਦੇਣਯੋਗ ਭੁਗਤਾਨ ਨੂੰ ਵੱਡੇ ਪੱਧਰ ਉੱਤੇ ਵਧਾ ਸਕਦੇ ਹਨ।

ਬੀਮਾ ਐਕਟ ਦੇ ਮੁਤਾਬਕ, **ਪ੍ਰੀਮੀਅਮ ਨੂੰ ਪੇਸ਼ਗੀ ਦੇ ਰੂਪ ਵਿੱਚ ਬੀਮਾ ਇਕਰਾਰਨਾਮਾ ਸ਼ੁਰੂ ਹੋਣ ਦੀ ਮਿਤੀ ਤੋਂ ਪਹਿਲਾਂ ਦੇਣਾ ਹੁੰਦਾ ਹੈ।** ਇਹ ਮਹੱਤਵਪੂਰਨ ਨਿਯਮ ਹੈ, ਜੋ ਕਿ ਯਕੀਨੀ ਬਣਾਉਂਦਾ ਹੈ ਕਿ ਜਦੋਂ ਬੀਮਾ ਕੰਪਨੀ ਨੂੰ ਪ੍ਰੀਮੀਅਮ ਮਿਲ ਜਾਂਦਾ ਹੈ ਤਾਂ ਹੀ ਠੀਕ ਬੀਮਾ ਇਕਰਾਰਨਾਮਾ ਪੂਰਾ ਹੁੰਦਾ ਹੈ ਅਤੇ ਜੋਖਿਮ ਨੂੰ ਬੀਮਾ ਕੰਪਨੀ ਵਲੋਂ ਲਿਆ ਜਾਂਦਾ ਹੈ। ਇਹ ਸੈਕਸ਼ਨ ਭਾਰਤ ਵਿੱਚ ਗ਼ੈਰ-ਜੀਵਨ ਬੀਮਾ ਉਦਯੋਗ ਦਾ ਖਾਸ ਫੀਚਰ ਹੈ।

ਖਾਸ

f) ਬੀਮਾ ਐਕਟ-1938 ਦੇ ਸੈਕਸ਼ਨ 64 VB ਦੇ ਮੁਤਾਬਕ ਕਿਸੇ ਵੀ ਬੀਮਾਕਰਤਾ ਨੂੰ ਕਿਸੇ ਵੀ ਜੋਖਿਮ ਨੂੰ ਧਾਰਨ ਨਹੀਂ ਕਰਨਾ ਚਾਹੀਦਾ ਜਦੋਂ ਤੱਕ ਕਿ ਪੇਸ਼ਗੀ ਦੇ ਰੂਪ ਵਿੱਚ ਪ੍ਰੀਮੀਅਮ ਮਿਲ ਨਹੀਂ ਜਾਂਦਾ ਹੈ ਜਾਂ ਭੁਗਤਾਨ ਹੋਣ ਦੀ ਗਾਰੰਟੀ ਨਹੀਂ ਹੁੰਦਾ ਜਾਂ ਤਹਿ ਕੀਤੇ ਢੰਗ ਨਾਲ ਪੇਸ਼ਗੀ ਦੇ ਰੂਪ ਵਿੱਚ ਜ਼ਮ੍ਹਾਂ ਨਹੀਂ ਕਰਵਾ ਦਿੱਤਾ ਜਾਂਦਾ ਹੈ।

g) ਜਦੋਂ ਇੱਕ ਬੀਮਾ ਏਜੰਟ ਬੀਮੇ ਦੀ ਪਾਲਸੀ ਲਈ ਬੀਮਾਕਰਤਾ ਦੇ ਦੇ ਤੌਰ ਉੱਤੇ ਵਸੂਲ ਲੈਂਦਾ ਹੈ, ਉਸ ਨੂੰ ਇਸ ਨੂੰ ਆਪਣੀ ਦਲਾਲੀ ਕੱਟ ਤੋਂ ਬਿਨਾਂ ਪ੍ਰੀਮੀਅਮ ਨੂੰ ਪੂਰੇ ਰੂਪ ਵਿੱਚ 24 ਘੰਟਿਆਂ ਦੇ ਵਿੱਚ ਵਿੱਚ ਜ਼ਮ੍ਹਾਂ ਕਰਵਾਉਣਾ ਚਾਹੀਦਾ ਹੈ ਜਾਂ ਡਾਕ ਰਾਹੀਂ ਭੇਜਣਾ ਚਾਹੀਦਾ ਹੈ, ਬੈਂਕ ਅਤੇ ਡਾਕ ਛੁੱਟੀਆਂ ਨੂੰ ਛੱਡ ਕੇ।

h) ਇਹ ਦਿੱਤਾ ਗਿਆ ਹੈ ਕਿ ਜੋਖਿਮ ਨੂੰ ਕੇਵਲ ਉਸ ਮਿਤੀ ਤੋਂ ਹੀ ਧਾਰਨ ਕੀਤਾ ਜਾ ਸਕਦਾ ਹੈ, ਜਦੋਂ ਪ੍ਰੀਮੀਅਮ ਨੂੰ ਨਕਦ ਜਾਂ ਚੈੱਕ ਰਾਹੀਂ ਦਿੱਤਾ ਜਾ ਚੁੱਕਾ ਹੋਵੇ।

i) ਜਦੋਂ ਪ੍ਰੀਮੀਅਮ ਡਾਕ ਜਾਂ ਮਨੀ ਆਰਡਰ ਜਾਂ ਡਾਕ ਰਾਹੀਂ ਚੈਕੱ ਭੇਜ ਦਿੱਤਾ ਜਾਂਦਾ ਹੈ ਤਾਂ ਜੋਖਿਮ ਨੂੰ ਮਨੀ ਆਰਡਰ ਬੁੱਕ ਕਰਨ ਜਾਂ ਚੈੱਕ ਨੂੰ ਡਾਕ ਰਾਹੀਂ ਭੇਜਣ ਤੋਂ ਧਾਰਨ ਕੀਤਾ ਜਾ ਸਕਦਾ ਹੈ।

j) ਪ੍ਰੀਮੀਅਮ ਦੀ ਕਿਸੇ ਵੀ ਵਾਪਸੀ, ਜੋ ਕਿ ਪਾਲਸੀ ਦੇ ਰੱਦ ਹੋਣ, ਜਾਂ ਨਿਯਮ ਤੇ ਸ਼ਰਤਾਂ ਵਿੱਚ ਬਦਲਾਅ ਕਰਕੇ ਜਾਂ ਕਿਸੇ ਹੋਰ ਕਾਰਨ ਕਰਕੇ ਬੀਮਤ ਨੂੰ ਭੇਜਿਆ ਜਾ ਸਕਦਾ ਹੈ, ਨੂੰ ਬੀਮਤ ਨੂੰ ਸਿੱਧੇ ਰੂਪ ਵਿੱਚ ਬੀਮਾਕਰਤਾ ਵਲੋਂ ਕਰਾਂਸ ਕੀਤੇ ਜਾਂ ਆਰਡਰ ਚੈੱਕ ਜਾਂ ਡਾਕਟ /ਮਨੀ ਆਰਡਰ ਰਾਹੀਂ ਭੇਜਣਾ ਚਾਹੀਦਾ ਹੈ ਅਤੇ ਬੀਮਤ ਤੋਂ ਬੀਮਾ ਕਰਤਾ ਵਲੋਂ ਢੁੱਕਵੀਂ ਰਸੀਦ ਲੈਣੀ ਚਾਹੀਦੀ ਹੈ ਅਤੇ ਇੰਝ ਦੀ ਧਨ ਵਾਪਸੀ ਨੂੰ ਕਿਸੇ ਵੀ ਹਾਲਤ ਵਿੱਚ ਏਜੰਟ ਦੇ ਖਾਤੇ ਵਿੱਚ ਜ਼ਮ੍ਹਾਂ ਨਹੀਂ ਕਰਵਾਉਣਾ ਚਾਹੀਦਾ ਹੈ।

ਉੱਤੇ ਦਿੱਤੀ ਪ੍ਰੀਮੀਅਮ ਦੇ ਪਹਿਲਾਂ ਭੁਗਤਾਨ ਦੀ ਸ਼ਰਤ ਵਿੱਚ ਛੋਟਾਂ ਹਨ, ਜਿਹਨਾਂ ਨੂੰ ਬੀਮਾ ਨਿਯਮ 58 ਅਤੇ 59 ਰਾਹੀਂ ਦਿੱਤਾ ਗਿਆ ਹੈ।

4. ਪ੍ਰੀਮੀਅਮ ਦੇ ਭੁਗਤਾਨ ਦੇ ਢੰਗ

ਖਾਸ

ਪ੍ਰੀਮੀਅਮ ਬੀਮਾ ਪਾਲਸੀ ਲੈਣ ਵਾਲੇ ਕਿਸੇ ਵੀ ਸੰਭਾਵਿਤ ਵਿਅਕਤੀ ਜਾਂ ਪਾਲਸੀਹੋਲਡਰ ਵਲੋਂ ਬੀਮਾਕਰਤਾ ਨੂੰ ਅੱਗੇ ਦਿੱਤੇ ਕਿਸੇ ਵੀ ਇੱਕ ਢੰਗ ਨਾਲ ਦੇਣਾ ਹੁੰਦਾ ਹੈ:

j) ਨਕਦ
k) ਕਿਸੇ ਵੀ ਜਾਣੇ-ਪਛਾਣੇ ਬੈਂਕ ਢੰਗ ਜਿਵੇਂ ਕਿ ਚੈੱਕ, ਡਿਮਾਂਡ ਡਰਾਫਟ, ਪੇਅ ਆਰਡਰ, ਭਾਰਤ ਵਿੱਚ ਕਿਸੇ ਵੀ ਸੂਚੀਬੱਧ ਬੈਂਕ ਤੋਂ ਕਢਵਾਏ ਬੈਂਕਰ ਦੇ ਚੈੱਕ;
l) ਡਾਕ ਮਨੀ ਆਰਡਰ;
m) ਕਰੈਡਿਟ ਜਾਂ ਡੇਬਿਟ ਕਾਰਡ;
n) ਬੈਂਕ ਗਾਰੰਟੀ ਜਾਂ ਨਕਦ ਜ਼ਮ੍ਹਾਂ;
o) ਇੰਟਰਨੈੱਟ;
p) ਈ-ਟਰਾਂਸਫਰ
q) ਪੇਸ਼ਕਰਤਾ ਜਾਂ ਪਾਲਸੀਹੋਲਡਰ ਜਾਂ ਜੀਵਨ ਬੀਮਤ ਦੀਆਂ ਬੈਂਕ ਟਰਾਂਸਫਰ ਰਾਹੀਂ ਸਥਾਈ ਹਦਾਇਤਾਂ ਰਾਹੀਂ ਸਿੱਧੇ ਜ਼ਮ੍ਹਾਂ;
r) ਸਮੇਂ ਸਮੇਂ ਉੱਤੇ ਅਥਾਰਟੀਆਂ ਵਲੋਂ ਮਨਜ਼ੂਰ ਕੀਤੇ ਕਿਸੇ ਹੋਰ ਢੰਗ ਜਾਂ ਭੁਗਤਾਨ ਰਾਹੀਂ;

ਆਈਆਰਡੀਏਆ ਨਿਯਮਾਂ ਦੇ ਤਹਿਤ, ਪੇਸ਼ਕਰਤਾ/ ਪਾਲਸੀਹੋਲਡਰ ਨੈੱਟ ਬੈਂਕਿੰਗ ਜਾਂ ਕਰੈਡਿਟ / ਡੇਬਿਟ ਕਾਰਡ ਰਾਹੀਂ ਭੁਗਤਾਨ ਕਰਨ ਦੀ ਚੋਣ ਕਰਦਾ ਹੈ ਤਾਂ ਭੁਗਤਾਨ ਕੇਵਲ ਇੰਝ ਦੇ ਪੇਸ਼ਕਰਤਾ / ਪਾਲਸੀਹੋਲਡਰ ਦੇ ਨਾਂ ਉੱਤੇ ਜਾਰੀ ਬੈਂਕ ਖਾਤੇ ਜਾਂ ਕਰੈਡਿਟ /ਡੇਬਿਟ ਕਾਰਡ ਰਾਹੀਂ ਹੀ ਹੋਣਾ ਚਾਹੀਦਾ ਹੈ।

ਸਵੈ ਜਾਂਚ ਕਰੋ 3

ਜੇ ਪ੍ਰੀਮੀਅਮ ਭੁਗਤਾਨ ਚੈੱਕ ਰਾਹੀਂ ਕੀਤਾ ਗਿਆ ਹੋਵੇ ਤਾਂ ਹੇਠ ਦਿੱਤੇ ਕਥਨਾਂ ਵਿੱਚੋਂ ਕਿਹੜਾ ਸਹੀਂ ਹੋਵੇਗਾ?

V. ਜੋਖਿਮ ਨੂੰ ਉਸ ਮਿਤੀ ਤੋਂ ਧਾਰਨ ਕੀਤਾ ਜਾਵੇਗਾ, ਜਿਸ ਨੂੰ ਚੈਕ ਪੋਸਟ ਕੀਤਾ ਜਾਂਦਾ ਹੈ
VI. ਜੋਖਿਮ ਨੂੰ ਉਸ ਮਿਤੀ ਤੋਂ ਧਾਰਨ ਕੀਤਾ ਜਾਵੇਗਾ, ਜਿਸ ਨੂੰ ਚੈਕ ਬੀਮਾ ਕੰਪਨੀ ਵਲੋਂ ਜ਼ਮ੍ਹਾਂ ਕੀਤਾ ਜਾਂਦਾ ਹੈ
VII. ਜੋਖਿਮ ਨੂੰ ਉਸ ਮਿਤੀ ਤੋਂ ਧਾਰਨ ਕੀਤਾ ਜਾਵੇਗਾ, ਜਿਸ ਨੂੰ ਚੈਕ ਬੀਮਾ ਕੰਪਨੀ ਵਲੋਂ ਪ੍ਰਾਪਤ ਕੀਤਾ ਜਾਂਦਾ ਹੈ
VIII. ਜੋਖਿਮ ਨੂੰ ਉਸ ਮਿਤੀ ਤੋਂ ਧਾਰਨ ਕੀਤਾ ਜਾਵੇਗਾ, ਜਿਸ ਨੂੰ ਚੈਕ ਪੇਸ਼ਕਰਤਾ ਵਲੋਂ ਜਾਰੀ ਜਾਂਦਾ ਹੈ

D. ਕਵਰ ਨੋਟਿਸ / ਬੀਮੇ ਦਾ ਸਰਟੀਫਿਕੇਟ / ਪਾਲਸੀ ਦਸਤਾਵੇਜ਼

ਅੰਡਰਰਾਈਟਿੰਗ ਪੂਰਾ ਹੋਣ ਦੇ ਬਾਅਦ ਪਾਲਸੀ ਜਾਰੀ ਹੋਣ ਲਈ ਕੁਝ ਸਮਾਂ ਲੱਗ ਸਕਦਾ ਹੈ। **ਪਾਲਸੀ ਤਿਆਰ ਕਰਨ ਜਾਂ ਬੀਮੇ ਲਈ ਸਮਝੌਤਾ ਗੱਲਬਾਤ ਜਾਰੀ ਹੋਵੇ ਅਤੇ ਆਰਜ਼ੀ ਤੌਰ ਉੱਤੇ ਬੀਮਾ ਸੁਰੱਖਿਆ ਦੇਣ ਦੀ**

ਲੋੜ ਹੋਵੇ ਜਾਂ ਇਮਾਰਤ/ਥਾਂ ਦੀ ਅਸਲ ਲਾਗੂ ਹੋਣ ਵਾਲੀ ਦਰ ਪਤਾ ਕਰਨ ਲਈ ਜਾਂਚ ਕੀਤੀ ਜਾ ਰਹੀ ਹੋਵੇ ਤਾਂ ਪਾਲਸੀ ਦੇ ਅਧੀਨ ਸੁਰੱਖਿਆ ਦੀ ਪੁਸ਼ਟੀ ਕਰਨ ਲਈ ਕਵਰ ਨੋਟ ਜਾਰੀ ਕੀਤਾ ਜਾ ਸਕਦਾ ਹੈ। ਇਹ ਬੀਮਾ ਸੁਰੱਖਿਆ (ਕਵਰ) ਬਾਰੇ ਵੇਰਵਾ ਦਿੰਦਾ ਹੈ। ਕਈ ਵਾਰ, ਬੀਮਾਕਰਤਾ ਕਵਰ ਨੋਟ ਦੀ ਬਜਾਏ ਆਰਜ਼ੀ ਬੀਮਾ ਸੁਰੱਖਿਆ ਦੀ ਪੁਸ਼ਟੀ ਕਰਦੇ ਪੱਤਰ ਜਾਰੀ ਕਰਦੇ ਹਨ।

ਹਾਲਾਂਕਿ ਕਵਰ ਨੋਟ ਉੱਤੇ ਮੋਹਰ ਨਹੀਂ ਹੁੰਦੀ ਹੈ, ਕਵਰ ਨੋਟ ਦੇ ਸ਼ਬਦ ਇਹ ਸਪਸ਼ਟ ਕਰਦੇ ਹਨ ਕਿ ਇਹ ਸਬੰਧਿਤ ਬੀਮੇ ਦੇ ਵਰਗ ਲਈ ਬੀਮਾਕਰਤਾ ਦੀ ਪਾਲਸੀ ਦੇ ਆਮ ਨਿਯਮ ਤੇ ਸ਼ਰਤਾਂ ਦੇ ਅਧੀਨ ਹਨ। ਜੇ ਜੋਖਿਮ ਕਿਸੇ ਵਾਰੰਟੀ ਦੇ ਅਧੀਨ ਹੈ ਤਾਂ ਕਵਰ ਨੋਟ ਦਰਸਾਏ ਗਾ ਕਿ ਬੀਮਾ ਇੰਝ ਦੀ ਕਿਸੇ ਵਾਰੰਟੀ ਦੇ ਅਧੀਨ ਹੈ। ਕਵਰ ਨੋਟ ਵਿੱਚ ਖਾਸ ਨਿਯਮ ਵੀ ਬਣਾਏ ਹੁੰਦੇ ਹਨ, ਜੇ ਲਾਗੂ ਹੋਣ ਜਿਵੇਂ ਕਿ ਸਹਿਮਤ ਬੈਂਕ ਨਿਯਮ, ਐਲਾਨ ਨਿਯਮ ਆਦਿ।

ਕਵਰ ਨੋਟ ਵਿੱਚ ਹੇਠ ਦਿੱਤੇ ਸ਼ਾਮਿਲ ਹੋ ਸਕਦੇ ਹਨ:

a) ਬੀਮਤ ਦਾ ਨਾਂ ਅਤੇ ਸਿਰਨਾਵਾਂ
b) ਬੀਮਾ ਕੀਤੀ ਰਕਮ
c) ਬੀਮੇ ਦਾ ਅੰਤਰਾਲ
d) ਸੁਰੱਖਿਆ ਦਿੱਤੇ ਗਏ ਜੋਖਿਮ
e) ਦਰ ਅਤੇ ਪ੍ਰੀਮੀਅਮ: ਜੇ ਦਰ ਪਤਾ ਨਾ ਹੋਵੇ ਤਾਂ ਆਰਜ਼ੀ ਪ੍ਰੀਮੀਅਮ
f) **ਸੁਰੱਖਿਆ ਦਿੱਤੇ ਜਾ ਰਹੇ ਜੋਖਿਮ ਦਾ ਵੇਰਵਾ**: ਉਦਾਹਰਨ ਲਈ, ਅੱਗ ਕਵਰ ਨੋਟ ਵਿੱਚ ਇਮਾਰਤ ਦੀ ਪਛਾਣ ਜਾਣਕਾਰੀ, ਇਸ ਦੇ ਨਿਰਮਾਣ ਅਤੇ ਅਧਿਕਾਰ ਬਾਰੇ ਦਰਸਾਇਆ ਹੋਵੇਗਾ।
g) ਕਵਰ ਨੋਟ ਦਾ ਲੜੀ ਨੰਬਰ
h) ਜਾਰੀ ਕਰਨ ਦੀ ਮਿਤੀ
i) **ਕਵਰ ਨੋਟ ਦੇ ਲਾਗੂ ਰਹਿਣ** ਦਾ ਸਮਾਂ ਦੋ ਹਫ਼ਤੇ (15 ਦਿਨਾਂ) ਦਾ ਹੁੰਦਾ ਹੈ ਅਤੇ ਕਦੇ ਕਦੇ 60 ਦਿਨਾਂ ਤੱਕ ਹੋ ਸਕਦਾ ਹੈ।

ਕਵਰ ਨੋਟਿਸ ਮੁੱਖ ਰੂਪ ਵਿੱਚ ਜਹਾਜ਼ੀ ਅਤੇ ਕਾਰੋਬਾਰ ਦੇ ਮੋਟਰ ਵਰਗ ਵਿੱਚ ਵਰਤੇ ਜਾਂਦੇ ਹਨ।

1. ਜਹਾਜ਼ੀ ਕਵਰ ਨੋਟਿਸ

ਇਹ ਆਮ ਤੌਰ ਉੱਤੇ ਜਾਰੀ ਕੀਤੇ ਜਾਂਦੇ ਹਨ, ਜਦੋਂ ਪਾਲਸੀ ਜਾਰੀ ਕਰਨ ਹੋਰ ਵੇਰਵੇ ਚਾਹੀਦੇ ਹੁੰਦੇ ਹਨ, ਜਿਵੇਂ ਕਿ ਸਟਰੀਮਰ ਦਾ ਨਾਂ, ਪੈਕੇਜ ਦਾ ਨੰਬਰ ਜਾਂ ਠੀਕ ਮੁੱਲ ਆਦਿ, ਪਤਾ ਨਹੀਂ ਹੁੰਦੇ ਹਨ। ਐਕਸਪੋਰਟ ਦੇ ਸਬੰਧ ਵਿੱਚ ਵੀ, ਕਵਰ ਨੋਟ ਜਾਰੀ ਕੀਤਾ ਜਾ ਸਕਦਾ ਹੈ, ਜਿਵੇਂ ਕਿ ਕਾਰਗੋ ਦੀ ਕੁਝ ਮਾਤਰਾ ਭੇਜਣ ਲਈ ਐਕਸਪੋਰਟ ਵਲੋਂ ਬੰਦਰਗਾਹ ਉੱਤੇ ਭੇਜੀ ਗਈ ਹੈ। ਇਹ ਹੋ ਸਕਦਾ ਹੈ ਕਿ ਢੁੱਕਵੀਂ ਭੇਜਣ ਥਾਂ ਪੱਕੀ ਕਰਨ ਵਿੱਚ ਸਮੱਸਿਆ ਆਵੇ, ਕਾਰਗੋ ਨੂੰ ਲੋੜੀਦੇ ਜਹਾਜ਼ ਉੱਤੇ ਭੇਜਿਆ ਨਾ ਜਾ ਸਕਿਆ ਹੋਵੇ। ਇਸਕਰਕੇ ਖਾਸ ਜਹਾਜ਼ ਉੱਤੇ ਭੇਜੀ ਜਾਣ

ਵਾਲੀ ਮਾਤਰਾ ਦਾ ਪਤਾ ਨਹੀਂ ਹੋ ਸਕਦਾ ਹੈ। ਇਹਨਾਂ ਹਾਲਤਾਂ ਵਿੱਚ, ਕਵਰ ਨੋਟ ਚਾਹੀਦਾ ਹੋ ਸਕਦਾ ਹੈ, ਜਿਸ ਦੇ ਬਾਅਦ ਵਿੱਚ ਨਿਯਮਤ ਪਾਲਸੀ ਜਾਰੀ ਕੀਤੀ ਜਾਂਦੀ ਹੈ, ਜਦੋਂ ਪੂਰਾ ਵੇਰਵਾ ਮਿਲਦਾ ਹੈ ਅਤੇ ਬੀਮਾ ਕੰਪਨੀ ਨੂੰ ਦੱਸਿਆ ਜਾਂਦਾ ਹੈ।

ਜਹਾਜ਼ੀ ਕਵਰ ਨੋਟ ਵਿੱਚ ਅੱਗੇ ਦਿੱਤੀਆਂ ਲਾਈਨਾਂ ਹੋ ਸਕਦੀਆਂ ਹਨ:

i. ਜਹਾਜ਼ੀ ਕਵਰ ਨੋਟ ਨੰਬਰ
ii. ਜਾਰੀ ਕਰਨ ਦੀ ਮਿਤੀ
iii. ਬੀਮਤ ਦਾ ਨਾਂ
iv. ਕਦੋਂ ਤੱਕ ਯੋਗ ਹੈ

ਜਿਵੇਂ ਕਿ ਬੇਨਤੀ ਕੀਤੀ ਗਈ ਸਈ ਤੁਸੀਂ ਇੱਥੇ ਦੱਸੇ ਮੁਤਾਬਕ ਕੰਪਨੀ ਦੀ ਪਾਲਸੀ ਦੀਆਂ ਸ਼ਰਤਾਂ ਦੇ ਮੁਤਾਬਕ ਬੀਮਾ ਸੁਰੱਖਿਆ ਪ੍ਰਾਪਤ ਕਰਦੇ ਹੋਏ ਰੁਪਏ _____

a) **ਸ਼ਰਤ:** ਇੰਸਟੀਟਿਊਟ ਕਾਰਗੋ ਕਲਾਜ਼ A, B ਜਾਂ C, ਜਿਸ ਵਿੱਚ ਜੰਗੀ SRCC ਜੋਖਿਮ ਵਿੱਚ ਇੰਸਟੀਟਿਊਟ ਕਲਾਜ਼ਾਂ ਦੇ ਮੁਤਾਬਕ ਸ਼ਾਮਿਲ ਹਨ, ਪਰ ਰੱਦ ਕਰਨ ਦੇ 7 ਦਿਨਾਂ ਦੇ ਨੋਟਿਸ ਦੇ ਅਧੀਨ।

b) **ਸ਼ਰਤ:** ਭੇਜਣ ਦਾ ਵੇਰਵਾ ਪਾਲਸੀ ਜਾਰੀ ਕਰਨ ਲਈ ਭੇਜਣ ਦਸਤਾਵੇਜ਼ ਭੇਜਣ ਦੀ ਰਸੀਦ ਮਿਲਣ ਉੱਤੇ ਦੇਣਾ ਹੈ। ਐਲਾਨ ਤੋਂ ਪਹਿਲਾਂ ਅਤੇ / ਜਾਂ ਸਟੀਮਰ ਉੱਤੇ ਭੇਜੇ ਲਈ ਲੱਦੇ ਗਏ ਸਾਮਾਨ ਲਈ ਹੋਏ ਨੁਕਸਾਨ ਜਾਂ ਘਾਟਾ ਹੋਣ ਦੇ ਹਾਲਤ ਵਿੱਚ, ਇੱਥੇ ਬੀਮਾ ਕਰਵਾਏ ਗਏ ਸਾਮਾਨ ਦੇ ਪ੍ਰਮੁੱਖ ਮੁੱਲ ਦੇ ਨਾਲ ਨਾਲ ਖਰਚਿਆਂ ਤੇ ਜਿਸ ਲਈ ਬੀਮਤ ਦੇਣਦਾਰ ਹੈ, ਦੇ ਮੁਲਾਂਕਣ ਦੇ ਅਧਾਰ ਉੱਤੇ ਸਹਿਮਤੀ ਹੈ।

ਘਰੇਲੂ ਭੇਜਣ ਦੇ ਸਬੰਧੀ, ਪਾਲਸੀ ਜਾਰੀ ਕਰਨ ਲਈ ਆਮ ਤੌਰ ਉੱਤੇ ਸਭ ਲੋੜੀਦਾ ਢੁੱਕਵਾਂ ਡਾਟਾ ਉਪੱਲਬਧ ਹੁੰਦਾ ਹੈ ਅਤੇ ਇਸਕਰਕੇ ਕਵਰ ਨੋਟ ਦੀ ਬਹੁਤ ਹੀ ਘੱਟ ਲੋੜ ਪੈਂਦੀ ਹੈ। ਪਰ ਫੇਰ ਵੀ ਕੁਝ ਹਾਲਤਾਂ ਵਿੱਚ, ਜਦੋਂ ਵੀ ਕਵਰ ਨੋਟਿਸ ਜਾਰੀ ਕੀਤੇ ਜਾਂਦੇ ਹਨ ਅਤੇ ਬਾਅਦ ਵਿੱਚ ਪਾਲਸੀ ਨਾਲ ਬਦਲੇ ਜਾਂਦੇ ਹਨ, ਕਾਰਗੋ, ਭੇਜਣ ਆਦਿ ਦੀ ਪੂਰੀ ਜਾਣਕਾਰੀ ਵੇਰਵੇ ਸਮੇਤ ਹੁੰਦੀ ਹੈ।

2. ਮੋਟਰ ਕਵਰ ਨੋਟਿਸ

ਇਹ ਸਬੰਧਿਤ ਕੰਪਨੀਆਂ ਵਲੋਂ ਤਹਿ ਕੀਤੇ ਫਾਰਮ ਦੇ ਰੂਪ ਵਿੱਚ ਮੋਟਰ ਕਵਰ ਨੋਟ ਦੇ ਲਾਗੂ ਸ਼ਰਤ ਦੇ ਜਾਰੀ ਕੀਤੇ ਜਾਂਦੇ ਹਨ, ਜਿਸ ਨੂੰ ਅੱਗੇ ਦਿੱਤੇ ਵਾਂਗ ਪੜ੍ਹਿਆ ਜਾਂਦਾ ਹੈ:

"ਫਾਰਮ ਵਿੱਚ ਦਿੱਤੇ ਬੀਮਤ, ਹਵਾਲਾ ਹੇਠਾਂ ਹੈ, ਨੇ ਇੱਥੇ ਮੋਟਰ ਵਹੀਕਲ(ਵਹੀਕਲਾਂ) ਦੇ ਸਬੰਧ ਵਿੱਚ ਬੀਮਾ ਕਰਵਾਉਣ ਲਈ ਪੇਸ਼ਕਸ਼ ਦਿੱਤੀ ਹੈ ਅਤੇ ....ਰੁਪਏ ਦੀ ਰਕਮ ਪ੍ਰੀਮੀਅਮ ਦੇ ਵਜੋਂ ਭੁਗਤਾਨ ਕੀਤੀ ਹੈ, ਜੋ ਕਿ ਜੋਖਿਮ ਇੱਥੇ ਦਿੱਤੀ ਗਈ ਬੀਮਾ ਸੁਰੱਖਿਆ ਦੇ ਲਈ ਕੰਪਨੀ ਦੀ ਲਾਗੂ ਹੋਣ ਵਾਲੀ .....ਪਾਲਸੀ ਆਮ ਫਾਰਮ ਦੀਆਂ ਸ਼ਰਤਾਂ ਅਧੀਨ ਹੈ (ਹੇਠ ਦਿੱਤੀਆਂ ਗਈਆਂ ਕਿਸੇ ਖਾਸ ਸ਼ਰਤਾਂ ਦੇ ਅਧੀਨ), ਜਦੋਂ ਤੱਕ ਕਿ ਬੀਮਾ ਸੁਰੱਖਿਆ (ਕਵਰ) ਨੂੰ ਕੰਪਨੀ ਵਲੋਂ ਲਿਖਤੀ ਰੂਪ ਵਿੱਚ ਸੂਚਨਾ ਦੇ ਕੇ ਖਤਮ ਨਹੀਂ ਕੀਤਾ ਜਾਂਦਾ ਹੈ, ਜਿਸ ਕੇਸ ਵਿੱਚ ਬੀਮੇ ਨੂੰ ਜ਼ਬਤ ਕੀਤਾ ਜਾਵੇਗਾ ਅਤੇ ਇੰਝ ਦੇ ਬੀਮੇ ਲਈ ਭੁਗਤਾਨਯੋਗ ਪ੍ਰੀਮੀਅਮ ਦੇ ਅਨੁਪਾਤੀ ਹਿੱਸੇ ਨੂੰ ਜੋਖਿਮ ਉੱਤੇ ਰਹਿਣ ਦੇ ਦੌਰਾਨ ਕੰਪਨੀ ਵਲੋਂ ਵਸੂਲਿਆ ਜਾਵੇਗਾ।"

ਮੋਟਰ ਕਵਰ ਨੋਟ ਵਿੱਚ ਹੇਠ ਦਿੱਤੇ ਤੱਥ ਹੁੰਦੇ ਹਨ:

a) ਬੀਮਾ ਕਰਵਾਉਣ ਵਾਲੇ ਵਹੀਕਲ ਦਾ ਰਜਿਸਟਰੇਸ਼ਨ ਨਿਸ਼ਾਨ ਅਤੇ ਨੰਬਰ ਜਾਂ ਵੇਰਵਾ/ ਘਣ ਸਮੱਰਥਾ / ਲੈ ਕੇ ਜਾਣ ਦੀ ਸਮੱਰਥਾ / ਮੇਕ / ਨਿਰਮਣਾ ਦਾ ਸਾਲ, ਇੰਜਣ ਨੰਬਰ, ਚੈਸੀ ਨੰਬਰ
b) ਬੀਮਤ ਦਾ ਨਾਂ ਅਤੇ ਸਿਰਨਾਵਾਂ
c) ਕਾਨੂੰਨੀ ਮਕਸਦ ਲਈ ਬੀਮੇ ਦੇ ਸ਼ੁਰੂ ਹੋਣ ਦੀ ਪ੍ਰਭਾਵੀ ਮਿਤੀ ਅਤੇ ਸਮਾਂ। ਸਮਾਂ....., ਮਿਤੀ.....
d) ਬੀਮੇ ਦੀ ਮਿਆਦ ਪੁੱਗਣ ਦੀ ਮਿਤੀ
e) ਚਲਾਉਣ ਲਈ ਹੱਕਦਾਰ ਵਿਅਕਤੀ ਜਾਂ ਵਿਅਕਤੀਆਂ ਦਾ ਵਰਗ
f) ਵਰਤਣ ਲਈ ਪਾਬੰਦੀਆਂ
g) ਵਾਧੂ ਜੋਖਿਮ, ਜੇ ਕੋਈ ਹੋਵੇ

ਮੋਟਰ ਕਵਰ ਨੋਟ ਇੱਕ ਲਾਗੂ ਹੋਣ ਦਾ ਸਰਟੀਫਿਕੇਟ ਹੈ, ਜਿਸ ਨੂੰ ਮੋਟਰ ਵਹੀਕਲ ਐਕਟ, 1988 ਦੇ ਪਾਠ X ਅਤੇ XI ਦੇ ਨਿਯਮਾਂ ਦੇ ਮੁਤਾਬਕ ਜਾਰੀ ਕੀਤਾ ਜਾਂਦਾ ਹੈ।

ਖਾਸ

ਕਵਰ ਨੋਟ ਦੀ ਯੋਗਤਾ ਨੂੰ 15 ਦਿਨਾਂ ਦੇ ਸਮੇਂ ਲਈ ਹੋਰ ਵਧਾਇਆ ਜਾ ਸਕਦਾ ਹੈ, ਪਰ ਕਿਸੇ ਵੀ ਹਾਲਤ ਵਿੱਚ ਕਵਰ ਨੋਟ ਦੀ ਵੈਧਤਾ ਦੋ ਮਹੀਨਿਆਂ ਤੋਂ ਵੱਧ ਨਹੀਂ ਹੋ ਸਕਦੀ ਹੈ।

ਨੋਟ: ਕਵਰ ਨੋਟ ਦੇ ਸ਼ਬਦ ਬੀਮਾਕਰਤਾ ਮੁਤਾਬਕ ਵੱਖਰੇ ਵੱਖਰੇ ਹੋ ਸਕਦੇ ਹਨ।

ਕਵਰ ਨੋਟ ਦੀ ਵਰਤੋਂ ਨੂੰ ਬਹੁਤ ਕੰਪਨੀਆਂ ਵਲੋਂ ਨਿਰ-ਉਤਸ਼ਾਹਿਤ ਕੀਤਾ ਜਾ ਰਿਹਾ ਹੈ। ਅੱਜਕੱਲ ਤਕਨਾਲੋਜੀ ਦੀਆਂ ਸਹੂਲਤਾਂ ਕਰਕੇ ਪਾਲਸੀ ਦਸਤਾਵੇਜ਼ ਤੁਰੰਤ ਜਾਰੀ ਕੀਤੇ ਜਾਂਦੇ ਹਨ।

3. ਬੀਮੇ ਦਾ ਸਰਟੀਫਿਕੇਟ - ਮੋਟਰ ਬੀਮਾ

ਬੀਮੇ ਦਾ ਸਰਟੀਫਿਕੇਟ ਬੀਮੇ ਦੀ ਮੌਜੂਦਗੀ ਨੂੰ ਦਰਸਾਉਂਦੇ ਹੈ, ਜਿੱਥੇ ਸਬੂਤ ਚਾਹੀਦਾ ਹੋਵੇ। ਮੋਟਰ ਬੀਮੇ ਦੇ ਲਈ, ਪਾਲਸੀ ਦੇ ਨਾਲ, ਬੀਮੇ ਦਾ ਸਰਟੀਫਿਕੇਟ ਜਾਰੀ ਕਰਨਾ ਮੋਟਰ ਵਹੀਕਲ ਐਕਟ ਅਧੀਨ ਜ਼ਰੂਰੀ ਹੈ। **ਇਹ ਸਰਟੀਫਿਕੇਟ ਪੁਲਿਸ ਅਤੇ ਰਜਿਸਟਰੇਸ਼ਨ ਅਧਿਕਾਰੀਆਂ ਲਈ ਬੀਮੇ ਦੇ ਸਬੂਤ ਵਜੋਂ ਦਿੱਤਾ ਜਾਂਦਾ ਹੈ।** ਪ੍ਰਾਈਵੇਟ ਕਾਰ ਲਈ ਨਮੂਨੇ ਦਾ ਸਰਟੀਫਿਕੇਟ ਹੇਠਾਂ ਮੁੱਖ ਲੱਛਣ ਵਿਖਾਉਂਦਾ ਹੈ।

ਮੋਟਰ ਵਹੀਕਲ ਐਕਟ, 1988

ਬੀਮੇ ਦਾ ਸਰਟੀਫਿਕੇਟ

ਸਰਟੀਫਿਕੇਟ ਨੰ. ਪਾਲਸੀ ਨੰ.

1. ਰਜਿਸਟਰੇਸ਼ਨ ਨਿਸ਼ਾਨ ਤੇ ਨੰਬਰ, ਰਜਿਸਟਰ ਕਰਨ ਦੀ ਥਾਂ, ਇੰਜਣ ਨੰ. / ਚੈਸੀ ਨੰਬਰ / ਮੇਕ / ਨਿਰਮਾਣ ਦਾ ਸਾਲ
2. ਬਾਡੀ ਦੀ ਕਿਸਮ / ਸੀ.ਸੀ / ਬੈਠਣ ਸਮਰੱਥਾ / ਕੁੱਲ ਪ੍ਰੀਮੀਅਮ / ਰਜਿਸਟਰੇਸ਼ਨ ਅਥਾਰਟੀ ਦਾ ਨਾਂ,
3. ਭੂਗੋਲਿਕ ਖੇਤਰ - ਭਾਰਤ `
4. ਬੀਮਤ ਐਲਾਨਿਆ ਮੁੱਲ (IDV)
5. ਬੀਮਤ ਦਾ ਨਾਂ ਅਤੇ ਸਿਰਨਾਵਾਂ, ਕੰਮ ਜਾਂ ਕਿੱਤਾ।
6. ਕਾਨੂੰਨੀ ਮਕਸਦ ਲਈ ਬੀਮੇ ਦੇ ਸ਼ੁਰੂ ਹੋਣ ਦੀ ਪ੍ਰਭਾਵੀ ਮਿਤੀ ਤੋਂ..... '0' ਵਜੇ ਤੋਂ .....
7. ਬੀਮੇ ਦੀ ਮਿਆਦ ਪੁੱਗਣ ਦੀ ਮਿਤੀ: ..... ਦੀ ਅੱਧੀ ਰਾਤ
8. ਚਲਾਉਣ ਲਈ ਹੱਕਦਾਰ ਵਿਅਕਤੀ ਜਾਂ ਵਿਅਕਤੀਆਂ ਦਾ ਵਰਗ।

ਇਹਨਾਂ ਵਿੱਚੋਂ ਕੋਈ ਵੀ:

(a) ਬੀਮਤ:

(b) ਕੋਈ ਵੀ ਵਿਅਕਤੀ, ਜੋ ਕਿ ਬੀਮਤ ਦੇ ਹੁਕਮ ਜਾਂ ਉਸ ਦੀ ਆਗਿਆ ਨਾਲ ਚਲਾਉਂਦਾ ਹੈ

ਸ਼ਰਤ ਇਹ ਹੈ ਕਿ ਦੁਰਘਟਨਾ ਦੇ ਸਮੇਂ ਚਲਾਉਣ ਵਾਲੇ ਵਿਅਕਤੀ ਕੋਲ ਚਾਲੂ ਡਰਾਇਵਿੰਗ ਲਾਈਸੈਂਸ ਹੋਵੇ ਅਤੇ ਇੰਝ ਦੇ ਲਾਈਸੈਂਸ ਨੂੰ ਰੱਖਣ ਜਾਂ ਲੈਣ ਤੋਂ ਰੋਕਿਆ ਨਾ ਗਿਆ ਹੋਵੇ। ਇਹ ਵੀ ਸ਼ਰਤ ਹੈ ਕਿ ਲਰਨਰ ਲਾਈਸੈਂਸ ਰੱਖਣ ਵਾਲਾ ਵਿਅਕਤੀ ਵੀ ਵਹੀਕਲ ਚਲਾ ਸਕਦਾ ਹੈ ਅਤੇ ਇੰਝ ਦੇ ਵਿਅਕਤੀ ਨੂੰ ਸੈਂਟਰ ਮੋਟਰ ਵਹੀਕਲ ਰੂਲਜ਼ 1989 ਦੇ ਨਿਯਮ 3 ਦੀਆਂ ਲੋੜਾਂ ਨੂੰ ਪੂਰਾ ਕਰਨਾ ਜ਼ਰੂਰੀ ਹੈ।

ਵਰਤਣ ਲਈ ਪਾਬੰਦੀਆਂ

ਪਾਲਸੀ ਇਹਨਾਂ ਤੋਂ ਬਿਨਾਂ ਕਿਸੇ ਵੀ ਹੋਰ ਵਰਤੋਂ ਲਈ ਸੁਰੱਖਿਆ ਦਿੰਦੀ ਹੈ:

(a) ਕਿਰਾਏ ਉੱਤੇ ਜਾਂ ਸੇਵਾਫਲ;

(b) ਸਾਮਾਨ ਢੋਣ ਲਈ (ਨਿੱਜੀ ਸਾਮਾਨ ਤੋਂ ਬਿਨਾਂ)

(c) ਰੇਸ ਪ੍ਰਬੰਧ ਲਈ,

(d) ਰੇਸ ਕਰਨ ਲਈ,

(e) ਸਪੀਡ ਟੈਸਟ ਕਰਨ ਲਈ

(f) ਭਰੋਸੇਯੋਗ ਜਾਂਚ ਲਈ

(g) ਮੋਟਰ ਵਪਾਰ ਦੇ ਸਬੰਧੀ ਕਿਸੇ ਵੀ ਮਕਸਦ ਲਈ।

ਮੈਂ/ਅਸੀਂ ਇੱਥੇ ਤਸਦੀਕ ਕਰਦੇ ਹਾਂ ਕਿ ਪਾਲਸੀ, ਜਿਸ ਲਈ ਇਹ ਸਰਟੀਫਿਕੇਟ ਸਬੰਧ ਹੈ ਅਤੇ ਨਾਲ ਹੀ ਬੀਮੇ ਦਾ ਸਰਟੀਫਿਕੇਟ, ਨੂੰ ਮੋਟਰ ਵਹੀਕਲਸ ਐਕਟ, 1988 ਦੇ ਪਾਠ X ਅਤੇ XI ਦੇ ਨਿਯਮਾਂ ਤਹਿਤ ਜਾਰੀ ਕੀਤਾ ਗਿਆ ਹੈ।

ਜਾਂਚ ਕੀਤੀ .....

(ਪਰਮਾਣਿਤ ਬੀਮਾਕਰਤਾ)

ਬੀਮੇ ਦਾ ਮੋਟਰ ਸਰਟੀਫਿਕੇਟ ਯੋਗ ਅਧਿਕਾਰੀਆਂ ਵਲੋਂ ਪੜਤਾਲ ਦੇ ਲਈ ਸਭ ਸਮੇਂ ਵਹੀਕਲ ਦੇ ਨਾਲ ਹੋਣਾ ਚਾਹੀਦਾ ਹੈ।

4. ਪਾਲਸੀ ਦਸਤਾਵੇਜ਼

ਪਾਲਸੀ ਇੱਕ ਰਸਮੀ ਦਸਤਾਵੇਜ਼ ਹੈ, ਜੋ ਕਿ ਬੀਮੇ ਦੇ ਇਕਰਾਰ ਦਾ ਸਬੂਤ ਦਿੰਦਾ ਹੈ। ਇਹ ਦਸਤਾਵੇਜ਼ ਨੂੰ ਇੰਡੀਅਨ ਸਟੈਂਪ ਐਕਟ, 1899 ਦੇ ਨਿਯਮਾਂ ਤਹਿਤ ਮੋਹਰ ਲਗਾਉਣਾ ਜ਼ਰੂਰੀ ਹੈ।

ਜਰਨਲ ਬੀਮਾ ਪਾਲਸੀ ਵਿੱਚ ਹੁੰਦਾ ਹੈ:

p) ਬੀਮਤ ਅਤੇ ਵਿਸ਼ਾ-ਵਸਤੂ ਵਿੱਚ ਬੀਮਾ ਹਿੱਤ ਰੱਖਣ ਵਾਲੇ ਕਿਸੇ ਵੀ ਹੋਰ ਵਿਅਕਤੀ ਦਾ ਨਾਂ ਅਤੇ ਸਿਰਨਾਵਾਂ/ਸਿਰਨਾਵੇਂ

q) ਜਾਇਦਾਦ ਜਾਂ ਬੀਮਾ ਕਰਵਾਏ ਹਿੱਤ ਦਾ ਪੂਰਾ ਵੇਰਵਾ:

r) ਪਾਲਸੀ ਦੇ ਅਧੀਨ ਬੀਮਾ ਕਰਵਾਈ ਜਾਇਦਾਦ ਜਾਂ ਹਿੱਤ ਦਾ ਟਿਕਾਣਾ ਅਤੇ ਜਿੱਥੇ ਵੀ ਢੁੱਕਵਾਂ ਹੋਵੇ, ਸਬੰਧਿਤ ਬੀਮਾ ਕਰਵਾਏ ਮੁੱਲ;

s) ਬੀਮੇ ਦਾ ਅੰਤਰਾਲ;

t) ਬੀਮਾ ਕੀਤੀ ਰਕਮ;

u) ਸੁਰੱਖਿਆ ਦਿੱਤੇ ਅਤੇ ਨਾ-ਦਿੱਤੇ ਸੰਕਟ ;

v) ਕੋਈ ਲਾਗੂ ਹੋਣ ਵਾਲੀ ਛੋਟ / ਕਟੌਤੀ;

w) ਦੇਣਯੋਗ ਪ੍ਰੀਮੀਅਮ ਅਤੇ ਜਿੱਥੇ ਵੀ ਪ੍ਰੀਮੀਅਮ ਆਰਜ਼ੀ ਹੋਵੇ, ਜਿਸ ਨੂੰ ਬਦਲਣ ਦੀ ਸੰਭਾਵਨਾ ਹੋਵੇ, ਪ੍ਰੀਮੀਅਮ ਦੀ ਅਡਜੱਸਟਮੈਂਟ ਦਾ ਅਧਾਰ ;

x) ਪਾਲਸੀ ਨਿਯਮ, ਸ਼ਰਤਾਂ ਅਤੇ ਵਾਰੰਟੀਆਂ;

y) ਬੀਮਤ ਵਲੋਂ ਅਚਨਚੇਤ ਵਾਪਰੀ ਘਟਨਾ ਹੋਣ ਦੇ ਹਾਲਤ ਵਿੱਚ ਕੀਤੀ ਜਾਣ ਵਾਲੀ ਕਾਰਵਾਈ ਅਕਸਰ ਪਾਲਸੀ ਦੇ ਅਧੀਨ ਦਾਅਵਾ ਕਰਨਾ ਹੁੰਦਾ ਹੈ;

z) ਬੀਮਾ ਕਰਵਾਈ ਵਿਸ਼ਾ-ਵਸਤੂ ਦੇ ਸਬੰਧ ਵਿੱਚ ਦਾਅਵਾ ਕਰਨ ਦੀ ਕਿਸੇ ਵੀ ਘਟਨਾ ਕਰਨ ਦੇ ਸਮੇਂ ਬੀਮਤ ਦੀ ਜ਼ਿੰਮੇਵਾਰੀ ਅਤੇ ਹਾਲਤਾਂ ਵਿੱਚ ਬੀਮਾ ਕਰਤਾ ਦੇ ਹੱਕ;

aa) ਕੋਈ ਖਾਸ ਸ਼ਰਤਾਂ ;

bb) ਗਲਤ ਜਾਣਕਾਰੀ ਦੇਣ, ਧੋਖਾ, ਪ੍ਰਮੁੱਖ ਤੱਥਾਂ ਬਾਰੇ ਨਾ ਜਾਣਕਾਰੀ ਦੇਣ ਜਾਂ ਬੀਮਤ ਦੇ ਨਾ-ਸਹਿਯੋਗ ਦੇ ਅਧਾਰ ਉੱਤੇ ਪਾਲਸੀ ਨੂੰ ਰੱਦ ਕਰਨ ਦੇ ਨਿਯਮ;

cc) ਬੀਮਾਕਰਤਾ ਦਾ ਪੂਰਾ ਸਿਰਨਾਵਾਂ, ਜਿਸ ਉੱਤੇ ਪਾਲਸੀ ਦੇ ਸਬੰਧ ਵਿੱਚ ਸਭ ਪੱਤਰ-ਵਿਹਾਰ ਭੇਜਿਆ ਜਾਵੇਗਾ;

dd) ਰਾਈਡਰ ਦਾ ਵੇਰਵਾ, ਜੇ ਕੋਈ ਹੈ;

ee) ਸ਼ਿਕਾਇਤ ਨਿਪਟਾਰਾ ਢੰਗ ਦਾ ਵੇਰਵਾ ਅਤੇ ਲੋਕਪਾਲ ਦਾ ਸਿਰਨਾਵਾਂ

ਹਰ ਬੀਮਾ ਕਰਤਾ ਨੂੰ ਪਾਲਸੀ ਦੇ ਸਬੰਧੀ ਬੀਮਤ ਵਲੋਂ ਦਾਅਵਾ ਕਰਨ ਦੇ ਸਬੰਧੀ ਪੂਰੀਆਂ ਕਰਨ ਵਾਲੀਆਂ ਲੋੜਾਂ ਅਤੇ ਬੀਮਾ ਕਰਤਾ ਵਲੋਂ ਦਾਅਵੇ ਨੂੰ ਛੇਤੀ ਨਿਪਟਾਉਣ ਲਈ ਮੱਦਦ ਵਾਸਤੇ ਉਸ ਵਲੋਂ ਪਾਲਣ ਕੀਤੀਆ ਜਾਣ ਵਾਲੀਆਂ ਕਾਰਵਾਈਆਂ ਬਾਰੇ ਜਾਣਕਾਰੀ ਦੇਣੀ ਚਾਹੀਦੀ ਹੈ ਅਤੇ ਲਗਾਤਾਰ ਸਮੇਂ ਸਮੇਂ ਉਤੇ ਦਿੰਦੇ ਰਹਿਣਾ ਚਾਹੀਦਾ ਹੈ।

ਸਵੈ ਜਾਂਚ ਕਰੋ 4

ਕਵਰ ਨੋਟ ਦੇ ਬਾਰੇ ਹੇਠ ਦਿੱਤੇ ਕਥਨਾਂ ਵਿੱਚੋਂ ਕਿਹੜਾ ਸਹੀਂ ਹੈ?

I. ਕਵਰ ਨੋਟ ਆਮ ਤੌਰ ਉੱਤੇ ਜੀਵਨ ਬੀਮੇ ਵਿੱਚ ਵਰਤੇ ਜਾਂਦੇ ਹਨ

II. ਕਵਰ ਨੋਟ ਆਮ ਤੌਰ ਉੱਤੇ ਜਰਨਲ ਬੀਮੇ ਦੇ ਸਭ ਵਰਗਾਂ ਵਿੱਚ ਵਰਤੇ ਜਾਂਦੇ ਹਨ

III. ਕਵਰ ਨੋਟ ਆਮ ਤੌਰ ਉੱਤੇ ਸਿਹਤ ਬੀਮੇ ਵਿੱਚ ਵਰਤੇ ਜਾਂਦੇ ਹਨ

IV. ਕਵਰ ਨੋਟ ਆਮ ਤੌਰ ਉੱਤੇ ਜਹਾਜ਼ੀ ਅਤੇ ਜਰਨਲ ਬੀਮੇ ਦੇ ਮੋਟਰ ਵਰਗ ਵਿੱਚ ਵਰਤੇ ਜਾਂਦੇ ਹਨ

E. ਵਾਰੰਟੀਆਂ

ਬੀਮਾ ਇਕਰਾਰਨਾਮੇ ਵਿੱਚ ਵਾਰੰਟੀਆਂ ਨੂੰ ਇਕਰਾਰਨਾਮੇ ਦੇ ਅਧੀਨ ਬੀਮਾਕਰਤਾ ਦੀ ਦੇਣਦਾਰੀ ਨੂੰ ਸੀਮਿਤ ਕਰਨ ਲਈ ਵਰਤਿਆ ਜਾਂਦਾ ਹੈ। ਬੀਮਾਕਰਤਾ ਖਤਰੇ ਨੂੰ ਘਟਾਉਣ ਲਈ ਢੁੱਕਵੀਆਂ ਵਾਰੰਟੀਆਂ ਲਗਾ ਸਕਦੇ

ਹਨ। ਵਾਰੰਟੀ ਨਾਲ, ਬੀਮਾ ਇਕਰਾਰਨਾਮੇ ਵਿੱਚ ਇੱਕ ਧਿਰ, ਬੀਮਤ, ਕੁਝ ਨਿਯਮਾਂ ਦੀ ਪਾਲਣਾ ਕਰਦੀ ਹੈ, ਜੋ ਕਿ ਕੁਝ ਸਮੇਂ ਵਿੱਚ ਪੂਰਾ ਕਰਨ ਦੀ ਲੋੜ ਹੁੰਦੀ ਹੈ ਅਤੇ ਬੀਮਾ ਕਰਤਾ ਦੀ ਦੇਣਦਾਰੀ ਇਹਨਾਂ ਨਿਯਮਾਂ ਦੀ ਪਾਲਣਾ ਕਰਨ ਉੱਤੇ ਨਿਰਭਰ ਕਰਦੀ ਹੈ। ਵਾਰੰਟੀਆਂ ਜੋਖਿਮ ਦੇ ਪ੍ਰਬੰਧ ਅਤੇ ਸੁਧਾਰ ਕਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੀਆਂ ਹਨ।

ਵਾਰੰਟੀ ਪਾਲਸੀ ਵਿੱਚ ਦਰਸਾਈ ਗਈ ਸ਼ਰਤ ਹੁੰਦੀ ਹੈ, ਜੋ ਕਿ ਇਕਰਾਰਨਾਮੇ ਨੂੰ ਯੋਗ ਰੱਖਣ ਲਈ ਸ਼ਬਦੀ ਰੂਪ ਵਿੱਚ ਪਾਲਣ ਕਰਨ ਵਾਸਤੇ ਹੁੰਦੀ ਹੈ। ਵਾਰੰਟੀ ਵੱਖਰਾ ਦਸਤਾਵੇਜ਼ ਨਹੀਂ ਹੈ। ਇਹ ਕਵਰ ਨੋਟ ਅਤੇ ਪਾਲਸੀ ਦਸਤਾਵੇਜ਼ ਦੋਵਾਂ ਦਾ ਹਿੱਸਾ ਹੈ। ਇਹ ਇਕਰਾਰਨਾਮੇ ਤੋਂ ਪਹਿਲਾਂ ਦੀ ਸ਼ਰਤ ਹੈ। ਇਸ ਦਾ ਸਖਤੀ ਨਾਲ ਅਤੇ ਸ਼ਬਦੀ ਰੂਪ ਵਿੱਚ ਨਿਰੀਖਣ ਅਤੇ ਪਾਲਣਾ ਹੋਣਾ ਚਾਹੀਦਾ ਹੈ, ਇਹ ਤੱਥ ਦੀ ਪਰਵਾਹ ਕੀਤੇ ਬਗੈਰ ਕਿ ਇਹ ਪ੍ਰਮੁੱਖ ਜੋਖਿਮ ਹੈ ਜਾਂ ਨਹੀਂ। ਜੇ ਵਾਰੰਟੀ ਦੀ ਉਲੰਘਣਾ ਹੁੰਦੀ ਹੈ ਤਾਂ ਪਾਲਸੀ ਬੀਮਾ ਕਰਤਾ ਦੀ ਚੋਣ ਮੁਤਾਬਕ ਪ੍ਰਭਾਵਹੀਣ ਬਣ ਜਾਂਦੀ ਹੈ ਭਾਵੇਂ ਕਿ ਇਹ ਸਪਸ਼ਟ ਹੋਵੇ ਕਿ ਉਲੰਘਣ ਰਾਹੀਂ ਕੋਈ ਖਾਸ ਨੁਕਸਾਨ ਨਹੀਂ ਹੋਇਆ ਜਾਂ ਉਸ ਦਾ ਹਿੱਸਾ ਨਹੀਂ ਬਣਿਆ ਹੈ। ਪਰ, ਅਸਲ ਵਿੱਚ, ਜੇ ਵਾਰੰਟੀ ਦਾ ਉਲੰਘਣ ਪੂਰੇ ਰੂਪ ਵਿੱਚ ਤਕਨੀਕੀ ਹੈ ਅਤੇ ਕਿਸੇ ਵੀ ਤਰ੍ਹਾਂ ਘਾਟਾ ਪਾਉਣ ਜਾਂ ਉਸ ਲਈ ਯੋਗਦਾਨ ਨਹੀਂ ਦਿੰਦਾ ਹੈ (ਘਾਟੇ ਨੂੰ ਗ਼ੈਰ-ਮਿਆਰੀ ਦਾਅਵਿਆਂ ਵਲੋਂ ਮੰਨਿਆ ਜਾ ਸਕਦਾ ਹੈ ਅਤੇ ਨਿਪਟਾਇਆ ਜਾ ਸਕਦਾ ਹੈ) ਤਾਂ ਬੀਮਾ ਕਰਤਾ ਆਪਣੀ ਮਨ-ਮਰਜ਼ੀ ਦੇ ਮੁਤਾਬਕ ਕੰਪਨੀ ਪਾਲਸੀ ਦੇ ਨਿਯਮਾਂ ਤੇ ਹਦਾਇਤਾਂ ਦੇ ਮੁਤਾਬਕ ਦਾਅਵਿਆਂ ਉੱਤੇ ਕਾਰਵਾਈ ਵੀ ਕਰ ਸਕਦਾ ਹੈ।

1. **ਅੱਗ ਬੀਮਾ ਵਾਰੰਟੀਆਂ ਹੇਠ ਦਿੱਤੇ ਵਜੋਂ ਹਨ**

ਵਾਰੰਟੀ ਦਿੱਤੀ ਜਾਂਦੀ ਹੈ ਕਿ ਕੋਈ ਵੀ ਖਤਰਨਾਕ ਸਾਮਾਨ ਨੂੰ ਪਾਲਸੀ ਦੇ ਚਾਲੂ ਰਹਿਣ ਦੇ ਦੌਰਾਨ ਬੀਮਤ ਦੇ ਟਿਕਾਣੇ ਉੱਤੇ ਸਟੋਰ ਨਹੀਂ ਕੀਤਾ ਜਾਵੇਗਾ।

ਮੁੱਖ ਜੋਖਿਮ: ਵਾਰੰਟੀ ਦਿੱਤੀ ਜਾਂਦੀ ਹੈ ਕਿ ਬੀਮਤ ਦੇ ਟਿਕਾਣੇ ਵਿੱਚ ਲਗਾਤਾਰ 30 ਜਾਂ ਵੱਧ ਦਿਨਾਂ ਲਈ ਕੋਈ ਵੀ ਨਿਰਮਾਣ ਕਾਰਵਾਈ ਨਹੀਂ ਕੀਤੀ ਜਾਵੇਗੀ।

ਸਿਗਰਟ ਫਿਲਟਰ ਨਿਰਮਾਤਾ ਵਾਰੰਟੀ ਦਿੱਤੀ ਜਾਂਦੀ ਹੈ ਕਿ ਟਿਕਾਣੇ ਵਿੱਚ 30^0C ਤੋਂ ਹੇਠਾਂ ਫਲੈਸ਼ ਬਿੰਦੂ ਤੋਂ ਹੇਠਾਂ ਵਾਲੇ ਕੋਈ ਵੀ ਘੋਲਕ ਵਰਤੇ ਜਾਂ ਸਟੋਰ ਨਹੀਂ ਕੀਤੇ ਜਾਂਦੇ ਹਨ।

2. **ਜਹਾਜ਼ੀ ਬੀਮੇ** ਵਿੱਚ, **ਵਾਰੰਟੀ** ਨੂੰ ਅੱਗੇ ਦਿੱਤੇ ਵਾਂਗ ਦਰਸਾਇਆ ਜਾਂਦਾ ਹੈ: "ਸੰਭਾਵਨਾਪੂਰਨ ਵਾਰੰਟੀ, ਇੱਥੇ ਕਹਿਣ ਲਈ, ਇੱਕ ਵਾਰੰਟੀ ਹੈ, ਜਿਸ ਰਾਹੀਂ ਬੀਮਤ ਵਾਅਦਾ ਕਰਦਾ ਹੈ ਕਿ ਕੁਝ ਖਾਸ ਚੀਜ਼ ਨੂੰ ਕੀਤਾ ਜਾਵੇਗਾ ਜਾਂ ਨਹੀਂ ਕੀਤਾ ਜਾਵੇਗਾ ਜਾਂ ਕੁਝ ਸ਼ਰਤਾਂ ਪੂਰੀਆਂ ਕੀਤੀਆਂ ਜਾਣਗੀਆਂ ਜਾਂ ਇੱਥੇ ਉਹ ਕੁਝ ਖਾਸ ਤੱਥਾਂ ਦੀ ਮੌਜੂਦਗੀ ਦੀ ਪੁਸ਼ਟੀ ਕਰਦਾ ਹੈ ਜਾਂ ਇਨਕਾਰ ਕਰਦਾ ਹੈ।"

ਜਹਾਜ਼ੀ ਕਾਰਗੋ ਬੀਮੇ ਵਿੱਚ, ਟਿਨ ਲਾਈਨ ਡੱਬਿਆਂ ਵਿੱਚ ਪੈਕ ਕੀਤੇ ਸਾਮਾਨ (ਜਿਵੇਂ ਕਿ ਚਾਹ) ਲਈ **ਵਾਰੰਟੀ** ਲਗਾਈ ਜਾਂਦੀ ਹੈ। **ਜਹਾਜ਼ੀ ਢਾਂਚਾ ਬੀਮੇ ਵਿੱਚ ਵਾਰੰਟੀ** ਲਗਾਈ ਜਾਂਦੀ ਹੈ ਕਿ ਬੀਮਤ ਦਾ ਜਹਾਜ਼ (ਵੈਸਲ) ਕੁਝ

ਖੇਤਰਾਂ ਵਿੱਚ ਨਹੀਂ ਜਾਵੇਗਾ, ਬੀਮਾਕਰਤਾ ਨੂੰ ਉਸ ਵਲੋਂ ਬੀਮਾ ਸੁਰੱਖਿਆ ਦੇਣ ਲਈ ਸਹਿਮਤ ਦੇਣ ਨਾਲ ਜੋਖਿਮ ਦੀ ਹੱਦ ਬਾਰੇ ਯੋਜਨਾ ਦਿੰਦੀ ਹੈ। ਜੇ ਵਾਰੰਟੀ ਦੀ ਉਲੰਘਣਾ ਹੁੰਦੀ ਹੈ ਤਾਂ ਸ਼ੁਰੂ ਵਿੱਚ ਸਹਿਮਤੀ ਦਿੱਤੇ ਗਏ ਜੋਖਿਮ ਨੂੰ ਬਦਲਿਆ ਗਿਆ ਹੈ ਅਤੇ ਬੀਮਾਕਰਤਾ ਨੂੰ ਉਸ ਨੂੰ ਉਲੰਘਣਾ ਕਰਨ ਦੀ ਮਿਤੀ ਤੋਂ ਕੋਈ ਵੀ ਹੋਰ ਦੇਣਦਾਰੀ ਤੋਂ ਮੁਕਤ ਕਰਨ ਦੀ ਇਜ਼ਾਜ਼ਤ ਹੈ।

3. **ਸੰਨ੍ਹਮਾਰੀ ਬੀਮੇ** ਵਿੱਚ, ਇਹ ਵਾਰੰਟੀ ਦਿੱਤੀ ਜਾਂਦੀ ਹੈ ਕਿ ਜਾਇਦਾਦ ਨੂੰ ਚੌਵੀਂ ਘੰਟੇ ਚੌਕੀਦਾਰਾਂ ਰਾਹੀਂ ਸੁਰੱਖਿਆ ਦਿੱਤੀ ਜਾਂਦੀ ਹੈ। ਪਾਲਸੀ ਦੀ ਦਰ, ਨਿਯਮ ਅਤੇ ਸ਼ਰਤਾਂ ਕੇਵਲ ਤਾਂ ਹੀ ਉਹੀ ਰਹਿੰਦੀਆਂ ਹਨ, ਜੇ ਪਾਲਸੀ ਨਾਲ ਲਗਾਈਆਂ ਗਈਆਂ ਵਾਰੰਟੀਆਂ ਦੀ ਪਾਲਨਾ ਹੁੰਦੀ ਹੈ।

ਸਵੈ ਜਾਂਚ ਕਰੋ 5

ਵਾਰੰਟੀ ਦੇ ਬਾਰੇ ਹੇਠ ਦਿੱਤੇ ਕਥਨਾਂ ਵਿੱਚੋਂ ਕਿਹੜਾ ਸਹੀਂ ਹੈ?

V. ਵਾਰੰਟੀ ਇੱਕ ਸ਼ਰਤ ਹੁੰਦੀ ਹੈ, ਜੋ ਕਿ ਪਾਲਸੀ ਵਿੱਚ ਪ੍ਰਕਟ ਦੇ ਬਗੈਰ ਲਗਾਈ ਜਾਂਦੀ ਹੈ

VI. ਵਾਰੰਟੀ ਇੱਕ ਸ਼ਰਤ ਹੁੰਦੀ ਹੈ, ਜੋ ਕਿ ਪਾਲਸੀ ਵਿੱਚ ਵਿਸ਼ੇਸ਼ ਤੌਰ ਉੱਤੇ ਦਿੱਤੀ ਹੁੰਦੀ ਹੈ

VII. ਵਾਰੰਟੀ ਇੱਕ ਸ਼ਰਤ ਹੁੰਦੀ ਹੈ, ਜੋ ਕਿ ਪਾਲਸੀ ਵਿੱਚ ਵਿਸ਼ੇਸ਼ ਤੌਰ ਉੱਤੇ ਦਿੱਤੀ ਹੁੰਦੀ ਹੈ ਅਤੇ ਬੀਮਾਕਰਤਾ ਨੂੰ ਵੱਖਰੇ ਤੌਰ ਉੱਤੇ ਦੱਸੀ ਜਾਂਦੀ ਹੈ ਅਤੇ ਪਾਲਸੀ ਦਸਤਾਵੇਜ਼ ਦੇ ਹਿੱਸੇ ਵਜੋਂ ਨਹੀਂ ਹੁੰਦੀ ਹੈ

VIII. ਜੇ ਵਾਰੰਟੀ ਦਾ ਉਲੰਘਣ ਹੁੰਦਾ ਹੈ ਤਾਂ ਦਾਅਵੇ ਦੇ ਭੁਗਤਾਨ ਕੀਤਾ ਜਾ ਸਕਦਾ ਹੈ, ਜੇ ਜੋਖਿਮ ਲਈ ਇਹ ਕੋਈ ਪ੍ਰਮੁੱਖ ਨਾ ਹੋਵੇ

F. ਤਸਦੀਕ (ਇੰਡੋਰਸਮੈਂਟ)

ਇਹ ਸਟੈਂਡਰਡ ਫਾਰਮ ਵਿੱਚ ਪਾਲਸੀਆਂ ਜਾਰੀ ਕਰਨ ਦਾ ਬੀਮਾਕਰਤਾ ਦਾ ਵਿਹਾਰ ਹੈ; ਕੁਝ ਸੰਕਟਾਂ ਲਈ ਬੀਮਾ ਸੁਰੱਖਿਆ ਦੇਣ ਅਤੇ ਕੁਝ ਹੋਰ ਨੂੰ ਛੱਡਣ ਲਈ।

ਪਰਿਭਾਸ਼ਾ

ਜੇ ਪਾਲਸੀ ਜਾਰੀ ਕਰਨ ਦੇ ਸਮੇਂ ਉਸ ਦੇ ਕੁਝ ਨਿਯਮਾਂ ਤੇ ਸ਼ਰਤਾਂ ਨੂੰ ਸੋਧਣ ਦੀ ਲੋੜ ਹੋਵੇ ਤਾਂ ਇਸ ਨੂੰ ਦਸਤਾਵੇਜ਼ ਰਾਹੀਂ ਸੋਧ/ਬਦਲ ਕੇ ਪੂਰਾ ਕੀਤਾ ਜਾਂਦਾ ਹੈ, ਜਿਸ ਨੂੰ ਤਸਦੀਕ (endorsment) ਕਹਿੰਦੇ ਹਨ।

ਇਹ ਪਾਲਸੀ ਨਾਲ ਨੱਥੀ ਹੁੰਦਾ ਹੈ ਅਤੇ ਇਹ ਫਾਰਮ ਦਾ ਭਾਗ ਹੈ। ਪਾਲਸੀ ਅਤੇ ਤਦਸੀਕ ਦੋਵੇਂ ਇਕਰਾਰਨਾਮੇ ਦੇ ਸਬੂਤ ਬਣਾਉਂਦੇ ਹਨ। ਤਸਦੀਕ ਨੂੰ ਪਾਲਸੀ ਦੇ ਚਾਲੂ ਰਹਿਣ ਦੇ ਦੌਰਾਨ ਵੀ ਰਿਕਾਰਡ ਬਦਲਣ/ਸੋਧ ਲਈ ਜਾਰੀ ਕੀਤਾ ਜਾ ਸਕਦਾ ਹੈ।

ਜਦੋਂ ਵੀ ਪ੍ਰਮੁੱਖ ਜਾਣਕਾਰੀ ਬਦਲੀ ਜਾਂਦੀ ਹੈ ਤਾਂ ਬੀਮਤ ਨੂੰ ਬੀਮਾ ਕੰਪਨੀ ਨੂੰ ਸੂਚਨਾ ਦੇਣ ਸਲਾਹ ਦਿੱਤੀ ਜਾਂਦੀ ਹੈ, ਜੋ ਕਿ ਇਸ ਬਾਰੇ ਜਾਣਕਾਰੀ ਲੈਂਦੀ ਹੈ ਅਤੇ ਉਸ ਨੂੰ ਤਸਦੀਕ ਦੇ ਰਾਹੀਂ ਬੀਮਾ ਇਕਰਾਰ ਦੇ ਹਿੱਸੇ ਵਿੱਚ ਸ਼ਾਮਿਲ ਕਰਦੀ ਹੈ।
ਤਸਦੀਕ ਦੀ ਲੋੜ ਇੱਕ ਪਾਲਸੀ ਦੇ ਅਧੀਨ ਹੁੰਦੀ ਹੈ, ਜੋ ਕਿ ਸਬੰਧਿਤ ਹੁੰਦੀ ਹੈ:

h) ਬੀਮਾ ਕੀਤੀ ਰਕਮ ਵਿੱਚ ਬਦਲਾਅ /ਤਬਦੀਲੀ

i) ਵਿਕਰੀ ਦੇ ਢੰਗ, ਘਰ ਦੇ ਕਰਜ਼ ਆਦਿ ਦੇ ਕਰਕੇ ਬੀਮਾਯੋਗ ਹਿੱਤਾਂ ਵਿੱਚ ਬਦਲਾਅ

j) ਵਾਧੂ ਸੰਕਟਾਂ ਲਈ ਬੀਮਾ ਸੁਰੱਖਿਆ ਬੀਮੇ ਵਿੱਚ ਵਾਧਾ/ ਪਾਲਸੀ ਅੰਤਰਾਲ ਦਾ ਵਾਧਾ

k) ਜੋਖਿਮ ਦੇ ਬਦਲਾਅ, ਜਿਵੇਂ ਕਿ ਅੱਗ ਬੀਮੇ ਵਿੱਚ ਨਿਰਮਾਣ ਵਿੱਚ ਬਦਲਾਅ ਜਾਂ ਇਮਾਰਤ ਵਿੱਚ ਸਾਮਾਨ ਰੱਖਣਾ

l) ਜਾਇਦਾਦ ਨੂੰ ਹੋਰ ਟਿਕਾਣੇ ਉੱਤੇ ਬਦਲਣਾ

m) ਬੀਮੇ ਨੂੰ ਰੱਦ ਕਰਨਾ

n) ਨਾਂ ਜਾਂ ਸਿਰਨਾਵਾਂ ਆਦਿ ਬਦਲਣਾ

ਨਮੂਨਾ

ਅਨਪੜ੍ਹਤਾ ਦੇ ਮਕਸਦ ਲਈ, ਕੁਝ ਤਸਦੀਕ ਦੇ ਨਮੂਨੇ ਦੇ ਸ਼ਬਦਾਂ ਨੂੰ ਹੇਠਾਂ ਦਿੱਤਾ ਗਿਆ ਹੈ:

ਰੱਦ ਕਰਨਾ

ਬੀਮਤ ਦੀ ਮੰਗ ਉੱਤੇ, ਇਸ ਪਾਲਸੀ ਰਾਹੀਂ ਬੀਮੇ ਨੂੰ ਇੱਥੇ .... ਤੋਂ ਖਤਮ ਕਰਨ ਦਾ ਐਲਾਨ ਕੀਤਾ ਜਾਂਦਾ ਹੈ ਬੀਮਾ ਲਾਗੂ ਹੁੰਦਾ ਹੈ, ... ਦੇ ਸਮੇਂ ਲਈ ਮਹੀਨੇ, ਬੀਮਤ ਨੂੰ ਦੇਣ ਵਾਲੀ ਕੋਈ ਰਕਮ ਨਹੀਂ।

<u>ਸਟਾਕ ਮੁੱਲ ਕਵਰ ਵਿੱਚ ਵਾਧਾ:</u>

"ਬੀਮਤ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਇਹ ਪਾਲਸੀ ਰਾਹੀਂ ਬੀਮਾ ਸੁਰੱਖਿਆ ਪ੍ਰਾਪਤ ਸਟਾਕ ਨੂੰ ਵਧਾਇਆ ਜਾਵੇ, ਇਸ ਲਈ ਇੱਥੇ ਸਹਿਮਤੀ ਹੈ ਕਿ ਬੀਮਾ ਕੀਤੀ ਗਈ ਰਕਮ ਉਸ ਹਿਸਾਬ ਨਾਲ ਹੇਠ ਦਿੱਤੇ ਮੁਤਾਬਕ .... ਰੁਪਏ ਲਈ ਬਦਲੀ ਗਈ ਹੈ:"

ਚਾਲੂ (ਵੇਰਵਾ) ਰੁਪਏ.
ਚਾਲੂ (ਵੇਰਵਾ) ਰੁਪਏ.

ਜਿਸ ਦਾ ਧਿਆਨ ਰੱਖਦੇ ਹੋਏ, ਇੱਥੇ ਵਾਧੂ ਪ੍ਰੀਮੀਅਮ ਵਸੂਲਿਆ ਜਾਂਦਾ ਹੈ।
ਹੋਰ ਸਾਲਨਾ ਪ੍ਰੀਮੀਅਮ ਰੁਪਏ.....

ਕੁੱਲ ਬੀਮਾ ਰਾਸ਼ੀ ਰੁਪਏ.....

ਵਿਸ਼ਾ ਨਹੀਂ ਤਾਂ ਇਹ ਪਾਲਸੀਆਂ ਦੇ ਨਿਯਮਾਂ, ਕਾਨੂੰਨਾਂ ਅਤੇ ਸ਼ਰਤਾਂ ਦੇ ਅਧੀਨ ਹੈ।

<u>ਜਹਾਜ਼ੀ ਪਾਲਸੀ ਵਿੱਚ ਬੀਮਾ ਸੁਰੱਖਿਆ ਵਿੱਚ ਵਾਧਾ ਹੈ, ਜਿਸ ਵਿੱਚ ਬਾਹਰੀ ਸੰਕਟ ਸ਼ਾਮਿਲ ਹਨ</u>

ਬੀਮਤ ਦੀ ਬੇਨਤੀ ਦੇ ਉੱਤੇ, ਇੱਥੇ ਉੱਤੇ ਦਿੱਤੀ ਪਾਲਸੀ ਦੇ ਅਧੀਨ ਟੁੱਟ-ਭੱਜ ਦੇ ਜੋਖਿਮਾਂ ਨੂੰ ਸ਼ਾਮਿਲ ਹੋਣ ਲਈ ਸਹਿਮਤੀ ਦਿੱਤੀ ਗਈ ਹੈ।

ਧਿਆਨ ਵਿੱਚ ਰੱਖਦੇ ਹੋਏ, ਇਸ ਲਈ ਬੀਮਤ ਤੋਂ ਵਾਧੂ ਪ੍ਰੀਮੀਅਮ ਦੇ ਰੂਪ ਵਿੱਚ ਰੁਪਏ ..... ਵਸੂਲੇ ਜਾਂਦੇ ਹਨ।

ਢੁਆਈ ਦੇ ਢੰਗ ਵਿੱਚ ਤਬਦੀਲੀ

ਬੀਮਤ ਦੇ ਐਲਾਨ ਕੀਤਾ ਹੈ ਕਿ ਉੱਤੇ ਦਿੱਤੀ ਪਾਲਸੀ ਦੇ ਅਧੀਨ ਭੇਜੇ ਜਾ ਰਹੇ ਸਾਮਾਨ ਵਿਚੋਂ ਖ਼ੁਸ਼ਬੋਦਾਰ ਵਸਤਾਂ ਦੇ 2 ਬੈਰਲ, ... ਰੁਪਏ ਕੀਮਤ, ਨੂੰ ਡੈਕ ਉੱਤੇ ਭੇਜਿਆ ਗਿਆ ਹੈ, ਇਸਕਰਕੇ ਇੱਥੇ ਉੱਤੇ ਰੱਖਣ ਕਰਕੇ ਜੈਟੀਸਨ ਅਤੇ ਧੋਤੇ ਜਾਣ ਲਈ ਉਹਨਾਂ ਦੀ ਬੀਮਾ ਸੁਰੱਖਿਆ ਲਈ ਸਹਿਮਤੀ ਦਿੱਤੀ ਜਾਂਦੀ ਹੈ।

ਧਿਆਨ ਵਿੱਚ ਰੱਖਦੇ ਹੋਏ, ਇਸ ਲਈ ਬੀਮਤ ਤੋਂ ਵਾਧੂ ਪ੍ਰੀਮੀਅਮ ਦੇ ਰੂਪ ਵਿੱਚ ਰੁਪਏ ..... ਵਸੂਲੇ ਜਾਂਦੇ ਹਨ।

ਵਾਧੂ ਪ੍ਰੀਮੀਅਮ..... ਰੁਪਏ .....

ਸਵੈ ਜਾਂਚ ਕਰੋ 6

ਜੇ ਪਾਲਸੀ ਜਾਰੀ ਕਰਨ ਦੇ ਸਮੇਂ ਉਸ ਦੇ ਕੁਝ ਨਿਯਮਾਂ ਤੇ ਸ਼ਰਤਾਂ ਨੂੰ ਸੋਧਣ ਦੀ ਲੋੜ ਹੋਵੇ ਤਾਂ ਇਸ ਨੂੰ ਦਸਤਾਵੇਜ਼ ਰਾਹੀਂ ਸੋਧ/ਬਦਲ ਕੇ ਪੂਰਾ ਕੀਤਾ ਜਾਂਦਾ ਹੈ, ਜਿਸ ਨੂੰ _____ ਕਹਿੰਦੇ ਹਨ।

V. ਵਾਰੰਟੀਆਂ
VI. ਤਸਦੀਕ (ਇੰਡੋਰਸਮੈਂਟ)
VII. ਤਬਦੀਲੀ
VIII. ਸੋਧਾਂ ਸੰਭਵ ਨਹੀਂ ਹਨ

G. ਪਾਲਸੀਆਂ ਦਾ ਅਨੁਵਾਦ

ਬੀਮੇ ਦੇ ਇਕਰਾਰਨਾਮਿਆਂ ਨੂੰ ਲਿਖਤੀ ਰੂਪ ਵਿੱਚ ਦਰਸਾਆ ਜਾਂਦਾ ਹੈ ਅਤੇ ਬੀਮਾ ਪਾਲਸੀਆਂ ਦੇ ਸ਼ਬਦਾਂ ਦਾ ਖਰੜਾ ਬੀਮਾਕਰਤਾ ਵਲੋਂ ਤਿਆਰ ਕੀਤਾ ਜਾਂਦਾ ਹੈ। ਇਹ ਪਾਲਸੀਆਂ ਦਾ ਨਿਰਮਾਣ ਜਾਂ ਅਨੁਵਾਦ ਦੇ ਤਹਿ ਨਿਯਮਾਂ ਦੇ ਮੁਤਾਬਕ ਅਨੁਵਾਦ ਕੀਤਾ ਜਾਣਾ ਹੁੰਦਾ ਹੈ, ਜੋ ਕਿ ਕਈ ਅਦਾਲਤਾਂ ਵਲੋਂ ਤਿਆਰ ਕੀਤੇ ਗਏ ਹਨ। **ਨਿਰਮਾਣ ਦਾ ਸਭ ਤੋਂ ਮਹੱਤਵਪੂਰਨ ਨਿਯਮ ਹੈ ਕਿ ਧਿਰਾਂ ਦੀ ਨੀਅਤ ਪ੍ਰਬਲ ਹੋਣੀ ਚਾਹੀਦੀ ਹੈ ਅਤੇ ਇਹ ਨੀਅਤ ਨੂੰ ਖੁਦ ਪਾਲਸੀ ਵਿੱਚ ਵੀ ਵਿਚਾਰਨਾ ਚਾਹੀਦਾ ਹੈ।** ਜੇ ਪਾਲਸੀ ਨੂੰ ਅਸਪਸ਼ਟ ਢੰਗ ਵਿੱਚ ਜਾਰੀ ਕੀਤਾ ਜਾਂਦਾ ਹੈ ਤਾਂ ਇਸ ਨੂੰ ਅਦਾਲਤ ਵਲੋਂ ਬੀਮਤ ਦੇ ਹੱਕ ਵਿੱਚ ਅਤੇ ਬੀਮਾਕਰਤਾ ਦੇ ਵਿਰੁਧ ਆਮ ਸਿਧਾਂਤ ਮੁਤਾਬਕ ਅਨੁਵਾਦ ਕੀਤਾ ਜਾਂਦਾ ਹੈ, ਕਿਉਂਕਿ ਪਾਲਸੀ ਨੂੰ ਬੀਮਾਕਰਤਾ ਵਲੋਂ ਖਰੜਾ ਤਿਆਰ ਕੀਤਾ ਗਿਆ ਸੀ।

ਪਾਲਸੀਆਂ ਦੇ ਸ਼ਬਦਾਂ ਨੂੰ ਸਮਝਣਾ ਅਤੇ ਅਨੁਵਾਦ ਹੇਠ ਦਿੱਤੇ ਨਿਯਮਾਂ ਮੁਤਾਬਕ ਹੋਣਾ ਚਾਹੀਦਾ ਹੈ:

j) ਵਿਸ਼ੇਸ਼ ਸ਼ਰਤ ਅਸਪਸ਼ਟ ਸ਼ਰਤ ਨੂੰ ਅਣਡਿੱਠਾ ਕਰਦੀ ਹੈ, ਸਿਰਫ਼ ਤਾਂ ਹੀ ਛੋਟ ਹੈ, ਜੇ ਇੰਝ ਕਰਨ ਨਾਲ ਸਵੈਵਿਰੋਧ ਹੋਵੇ।

k) ਸਟੈਂਡਰਡ ਛਪੇ ਪਾਲਸੀ ਰੂਪ ਅਤੇ ਛਪੇ ਜਾਂ ਹੱਥ ਨਾਲ ਲਿਖੇ ਭਾਗਾਂ ਵਿੱਚ ਸ਼ਰਤਾਂ ਦੇ ਵਿੱਚ ਵਿਰੋਧ ਹੋਣ ਉੱਤੇ, ਖਾਸ ਇਕਰਾਰਨਾਮੇ ਵਿੱਚ ਧਿਰਾਂ ਦੀ ਨੀਅਤ ਨੂੰ ਦਰਸਾਉਣ ਲਈ ਟਾਈਪ ਕੀਤੇ ਜਾਂ ਹੱਥ ਨਾਲ ਲਿਖੇ ਨੂੰ ਮੰਨਿਆ ਜਾਂਦਾ ਹੈ ਅਤੇ ਇਹਨਾਂ ਦੇ ਭਾਵ ਅਸੀਂ ਛਪੇ ਸ਼ਬਦਾਂ ਦੇ ਨਿਯਮਾਂ ਨੂੰ ਅਣਡਿੱਠਾ ਕਰਨਗੇ।

l) ਜੇ ਤਸਦੀਕ ਇਕਰਾਰਨਾਮੇ ਦੇ ਹੋਰ ਭਾਗ ਨਾਲ ਵਿਰੋਧੀ ਹੋਣ ਤਾਂ ਤਸਦੀਕ ਦਾ ਭਾਵ ਪ੍ਰਬਲ ਮੰਨਿਆ ਜਾਵੇਗਾ ਕਿਉਂਕਿ ਇਹ ਬਾਅਦ ਦਾ ਦਸਤਾਵੇਜ਼ ਹੈ।

m) ਤਿਰਛੇ ਰੂਪ ਵਿੱਚ ਛਪੇ ਨਿਯਮ ਆਮ ਤੌਰ ਉੱਤੇ ਛਪੇ ਸ਼ਬਦਾਂ ਨੂੰ ਅਣਡਿੱਠਾ ਕਰਦੇ ਹਨ, ਜਿੱਥੇ ਵੀ ਉਹ ਵਿਪਰੀਤ ਹੁੰਦੇ ਹਨ।

n) ਪਾਲਸੀ ਦੇ ਹਾਸ਼ੀਏ ਵਿੱਚ ਛਪੇ ਜਾਂ ਟਾਈਪ ਕੀਤੇ ਗਏ ਨਿਯਮਾਂ ਨੂੰ ਪਾਲਸੀ ਦੇ ਮੁੱਖ ਹਿੱਸੇ ਵਿੱਚ ਦਿੱਤੇ ਨਿਯਮਾਂ ਤੋਂ ਵੱਧ ਮਹੱਤਤਾ ਦਿੱਤੀ ਜਾਂਦੀ ਹੈ।

o) ਪਾਲਸੀ ਨਾਲ ਨੱਥੀ ਕੀਤੇ ਜਾਂ ਚੇਪੇ ਗਏ ਨਿਯਮ ਹਾਸ਼ੀਏ ਵਿੱਚ ਲਿਖੇ ਨਿਯਮਾਂ ਅਤੇ ਪਾਲਸੀ ਦੇ ਮੁੱਖ ਭਾਗਾਂ ਵਿੱਚ ਦਿੱਤੇ ਨਿਯਮਾਂ ਦੋਵਾਂ ਨੂੰ ਅਣਡਿੱਠੇ ਕਰਦੇ ਹਨ।

p) ਛਪੇ ਹੋਏ ਸ਼ਬਦਾਂ ਨੂੰ ਟਾਈਪ ਕਰਕੇ ਲਿਖੇ ਸ਼ਬਦਾਂ ਜਾਂ ਸਿਆਹੀ ਵਾਲੀ ਰਬੜ ਦੀ ਮੋਹਰ ਰਾਹੀਂ ਦਰਸਾਏ ਸ਼ਬਦਾਂ ਰਾਹੀਂ ਅਣਡਿੱਠਾ ਕੀਤਾ ਜਾਂਦਾ ਹੈ।

q) ਹੱਥ ਨਾਲ ਲਿਖੀ ਲਿਖਤ ਟਾਈਪ ਕੀਤੇ ਜਾਂ ਛਪੇ ਸ਼ਬਦਾਂ ਨਾਲੋਂ ਵੱਧ ਤਰਜੀਹ ਰੱਖਦੀ ਹੈ।

r) ਅੰਤ ਵਿੱਚ, ਗਰਾਮਰ ਅਤੇ ਵਿਸ਼ਰਾਮ-ਚਿੰਨ੍ਹ ਦੇ ਆਮ ਨਿਯਮ ਲਾਗੂ ਹੁੰਦੇ ਹਨ, ਜੇ ਅਸਪਸ਼ਟਤਾ ਹੋਵੇ ਜਾਂ ਸਪਸ਼ਟਤਾ ਦੀ ਕਮੀ ਹੋਵੇ।

ਖਾਸ

3. ਪਾਲਸੀਆਂ ਦਾ ਨਿਰਮਾਣ

ਇੱਕ ਬੀਮਾ ਪਾਲਸੀ ਵਪਾਰਕ ਇਕਰਾਰਨਾਮੇ ਦਾ ਸਬੂਤ ਹੈ ਅਤੇ ਅਦਾਲਤਾਂ ਵਲੋਂ ਅਪਣਾਏ ਜਾਂਦੇ ਨਿਰਮਾਣ ਅਤੇ ਅਨੁਵਾਦ ਦੇ ਆਮ ਨਿਯਮ ਬੀਮਾ ਇਕਰਾਰਨਾਮਿਆਂ ਉੱਤੇ ਲਾਗੂ ਹੁੰਦੇ ਹਨ, ਜੋ ਕਿ ਹੋਰ ਇਕਰਾਰਨਾਮਿਆਂ ਦੇ ਕੇਸ ਵਿੱਚ ਹੁੰਦੇ ਹਨ।

ਨਿਰਮਾਣ ਦਾ ਮੁੱਖ ਨਿਯਮ ਹੈ ਕਿ ਇਕਰਾਰਨਾਮੇ ਦੀਆਂ ਧਿਰਾਂ ਦਾ ਇਰਾਦਾ ਪ੍ਰਬਲ ਹੋਣਾ ਚਾਹੀਦਾ ਹੈ, ਇਸ ਇਰਾਦੇ ਨੂੰ ਖੁਦ ਪਾਲਸੀ ਦਸਤਾਵੇਜ਼ ਅਤੇ ਇਸ ਨਾਲ ਨੱਥੀ ਪੇਸ਼ਕਸ਼ ਫਾਰਮ, ਕਲਾਜ਼, ਤਸਦੀਕ, ਵਾਰੰਟੀਆਂ ਆਦਿ ਤੋਂ ਸਪਸ਼ਟ ਹੋਣਾ ਚਾਹੀਦਾ ਹੈ ਅਤੇ ਇਕਰਾਰਨਾਮੇ ਦਾ ਭਾਗ ਬਣਾਉਂਦਾ ਹੈ।

4. ਸ਼ਬਦਾਵਲੀ ਦੇ ਅਰਥ

ਵਰਤੇ ਗਏ ਸ਼ਬਦ ਉਹਨਾਂ ਦੇ ਆਮ ਅਤੇ ਹਰਮਨਪਿਆਰੇ ਅਰਥ ਵਿੱਚ ਹੋਣੇ ਚਾਹੀਦੇ ਹਨ। **ਸ਼ਬਦਾਂ ਲਈ ਵਰਤੇ ਗਏ ਅਰਥਾਂ ਦਾ ਭਾਵ ਉਹ ਹੁੰਦਾ ਹੈ, ਜੋ ਕਿ ਗਲੀ ਵਿੱਚ ਆਮ ਵਿਅਕਤੀ ਭਾਵ ਲਵੇਗਾ। ਇਸਕਰਕੇ "ਅੱਗ" ਦਾ ਅਰਥ ਲਪਟਾਂ ਜਾਂ ਅਸਲ ਵਿੱਚ ਬਲਣਾ ਹੈ।**

ਦੂਜੇ ਪਾਸੇ, ਸ਼ਬਦ, **ਜਿਹਨਾਂ ਦਾ ਆਮ ਕਾਰੋਬਾਰੀ ਜਾਂ ਵਪਾਰਿਕ ਅਰਥ ਹੈ, ਨੂੰ ਉਸ ਅਰਥ ਨਾਲ ਵਰਤਿਆ ਜਾਵੇਗਾ, ਜਦੋਂ ਤੱਕ ਕਿ ਵਾਕ ਦਾ ਪ੍ਰਸੰਗ ਦਰਸਾਉਂਦਾ ਨਹੀਂ ਹੈ।** ਜਿੱਥੇ ਸ਼ਬਦਾਂ ਨੂੰ ਕਾਨੂੰਨ ਰਾਹੀਂ ਦਰਸਾਇਆ ਗਿਆ ਹੈ, ਉਸ ਪਰਿਭਾਸ਼ਾ ਦਾ ਅਰਥ ਵਰਤਿਆ ਜਾਵੇਗਾ, ਜਿਵੇਂ ਕਿ ਭਾਰਤੀ ਪੈਨਲ ਕੋਡ ਵਿੱਚ "ਚੋਰੀ"।

ਬੀਮਾ ਪਾਲਸੀਆਂ ਵਿੱਚ ਵਰਤੇ ਜਾਂਦੇ ਬਹੁਤ ਸ਼ਬਦ ਪਿਛਲੇ ਕਾਨੂੰਨੀ ਫੈਸਲਿਆਂ ਦੇ ਮੁਤਾਬਕ ਹੁੰਦੇ ਹਨ ਅਤੇ ਉੱਚ ਅਦਾਲਤ ਦੇ ਉਹ ਫੈਸਲੇ ਹੇਠਲੀਆਂ ਅਦਾਲਤਾਂ ਦੇ ਫੈਸਲਿਆਂ ਲਈ ਬੰਦਿਸ਼ ਹੋਣਗੇ। ਤਕਨੀਕੀ ਸ਼ਬਦਾਂ ਨੂੰ ਹਮੇਸ਼ਾਂ ਉਹਨਾਂ ਦੇ ਤਕਨੀਕੀ ਅਰਥ ਹੀ ਦੇਣੇ ਚਾਹੀਦੇ ਹਨ, ਜਦੋਂ ਤੱਕ ਕਿ ਉਹ ਵਿਰੋਧੀ ਨਾ ਦਰਸਾਉਂਦੇ ਹੋਣ।

H. ਨਵਿਆਉਣ ਸੂਚਨਾ

ਬਹੁਤੀਆਂ ਗ਼ੈਰ-ਜੀਵਨ ਬੀਮਾ ਪਾਲਸੀਆਂ ਸਾਲਨਾ ਦੇ ਅਧਾਰ ਉੱਤੇ ਬੀਮਾ ਕੀਤੀਆਂ ਜਾਂਦੀਆਂ ਹਨ।

ਹਾਲਾਂਕਿ ਬੀਮਾ ਕਰਤਾ ਵਲੋਂ ਬੀਮਤ ਨੂੰ ਉਸ ਦੀ ਪਾਲਸੀ ਦੀ ਖਾਸ ਮਿਤੀ ਨੂੰ ਮਿਆਦ ਪੁੱਗਣ ਬਾਰੇ ਜਾਣਕਾਰੀ ਦੇ ਲਈ ਕੋਈ ਕਾਨੂੰਨੀ ਪਾਬੰਦੀ ਨਹੀਂ ਹੈ, ਫੇਰ ਵੀ ਅਦਬ ਦੇ ਵਜੋਂ ਅਤੇ ਚੰਗੇ ਵਪਾਰ ਅਮਲ ਦੇ ਕਰਕੇ, ਬੀਮਾਕਰਤਾ ਮਿਆਦ ਪੂਰੀ ਹੋਣ ਦੀ ਮਿਤੀ ਤੋਂ ਪਹਿਲਾਂ ਨਵਿਆਉਣ ਨੋਟਿਸ ਜਾਰੀ ਕਰਕੇ ਪਾਲਸੀ ਨਵਿਆਉਣ ਲਈ ਸੱਦਾ ਦਿੰਦਾ ਹੈ। ਨੋਟਿਸ ਵਿੱਚ ਪਾਲਸੀ ਦੇ ਸਬੰਧਿਤ ਸਭ ਤੱਥ ਸ਼ਾਮਿਲ ਹਨ, ਜਿਵੇਂ ਕਿ ਬੀਮਾ ਕੀਤੀ ਰਕਮ, ਸਾਲਨਾ ਪ੍ਰੀਮੀਅਮ ਆਦਿ। ਬੀਮਤ ਨੂੰ ਨੋਟਿਸ ਰਾਹੀਂ ਜਾਣਕਾਰੀ ਦੇਣ ਦੀ ਵੀ ਰਸਮ ਹੈ ਕਿ ਉਸ ਵਲੋਂ ਜੋਖਿਮ ਵਿੱਚ ਕਿਸੇ ਪ੍ਰਮੁੱਖ ਤੱਥ ਦੀ ਤਬਦੀਲੀ ਬਾਰੇ ਸੂਚਨਾ ਦੇਣੀ ਚਾਹੀਦੀ ਹੈ।

ਮੋਟਰ ਨਵਿਆਉਣ ਨੋਟਿਸ ਵਿੱਚ, ਉਦਾਹਰਨ ਲਈ, ਬੀਮਤ ਦਾ ਖ਼ਿਆਲ ਮੌਜੂਦਾ ਲੋੜਾਂ ਦੇ ਮੁਤਾਬਕ ਬੀਮਾ ਕੀਤੀ ਗਈ ਰਕਮ (ਜੋ ਕਿ ਬੀਮਤ ਵਲੋਂ ਵਹੀਕਲ ਦਾ ਐਲਾਨਿਆ ਮੁੱਲ ਹੈ) ਦਾ ਮੁੜ-ਨਿਰੀਖਣ ਕਰਵਾਉਣ ਦਾ ਹੈ।

ਬੀਮਤ ਦਾ ਧਿਆਨ ਕਾਨੂੰਨ ਵਿਧਾਨ ਵੱਲ ਵੀ ਖਿੱਚਣਾ ਚਾਹੀਦਾ ਹੈ ਕਿ ਕੋਈ ਵੀ ਜੋਖਿਮ ਨੂੰ ਮੰਨਿਆ ਨਹੀਂ ਜਾ ਸਕਦਾ ਹੈ, ਜਦੋਂ ਤੱਕ ਕਿ ਪ੍ਰੀਮੀਅਮ ਨੂੰ ਪੇਸ਼ਗੀ ਦੇ ਰੂਪ ਦਿੱਤਾ ਨਹੀਂ ਜਾਂਦਾ ਹੈ।

ਸਵੈ ਜਾਂਚ ਕਰੋ 7

ਨਵਿਆਉਣ ਸੂਚਨਾ ਦੇ ਬਾਰੇ ਹੇਠ ਦਿੱਤੇ ਕਥਨਾਂ ਵਿੱਚੋਂ ਕਿਹੜਾ ਸਹੀਂ ਹੈ?

V. ਨਿਯਮਾਂ ਦੇ ਮੁਤਾਬਕ ਬੀਮਾਕਰਤਾ ਲਈ ਬੀਮਤ ਨੂੰ ਪਾਲਸੀ ਦੀ ਮਿਆਦ ਪੁੱਗਣ ਤੋਂ 30 ਦਿਨ ਪਹਿਲਾਂ ਨਵਿਆਉਣ ਸੂਚਨਾ ਭੇਜਣ ਦੀ ਕਾਨੂੰਨੀ ਪਾਬੰਦੀ ਹੈ।

VI. ਨਿਯਮਾਂ ਦੇ ਮੁਤਾਬਕ ਬੀਮਾਕਰਤਾ ਲਈ ਬੀਮਤ ਨੂੰ ਪਾਲਸੀ ਦੀ ਮਿਆਦ ਪੁੱਗਣ ਤੋਂ 15 ਦਿਨ ਪਹਿਲਾਂ ਨਵਿਆਉਣ ਸੂਚਨਾ ਭੇਜਣ ਦੀ ਕਾਨੂੰਨੀ ਪਾਬੰਦੀ ਹੈ।

VII. ਨਿਯਮਾਂ ਦੇ ਮੁਤਾਬਕ ਬੀਮਾਕਰਤਾ ਲਈ ਬੀਮਤ ਨੂੰ ਪਾਲਸੀ ਦੀ ਮਿਆਦ ਪੁੱਗਣ ਤੋਂ 7 ਦਿਨ ਪਹਿਲਾਂ ਨਵਿਆਉਣ ਸੂਚਨਾ ਭੇਜਣ ਦੀ ਕਾਨੂੰਨੀ ਪਾਬੰਦੀ ਹੈ।

VIII. ਨਿਯਮਾਂ ਦੇ ਮੁਤਾਬਕ ਬੀਮਾਕਰਤਾ ਲਈ ਬੀਮਤ ਨੂੰ ਪਾਲਸੀ ਦੀ ਮਿਆਦ ਪੁੱਗਣ ਤੋਂ ਪਹਿਲਾਂ ਨਵਿਆਉਣ ਸੂਚਨਾ ਭੇਜਣ ਦੀ ਕੋਈ ਵੀ ਕਾਨੂੰਨੀ ਪਾਬੰਦੀ ਨਹੀਂ ਹੈ।

ਸਾਰ

q) ਦਸਤਾਵੇਜ਼ੀ ਪ੍ਰਮਾਣ ਦੇ ਪਹਿਲੇ ਪੜਾਅ ਵਿੱਚ ਉਸ ਬਾਰੇ ਜ਼ਰੂਰੀ ਰੂਪ ਵਿੱਚ ਪੇਸ਼ਕਸ਼ ਫਾਰਮ ਹਨ, ਜਿਸ ਰਾਹੀਂ ਬੀਮਤ ਸੂਚਨਾ ਦਿੰਦਾ ਹੈ।

r) ਪ੍ਰਮੁੱਖ ਜਾਣਕਾਰੀ ਦੇਣ ਦੇ ਫ਼ਰਜ਼ ਪਾਲਸੀ ਸ਼ੁਰੂ ਹੋਣ ਤੋਂ ਪਹਿਲਾਂ ਹੁੰਦਾ ਹੈ ਅਤੇ ਇਕਰਾਰਨਾਮਾ ਦੇ ਸਿੱਟੇ ਉੱਤੇ ਪੁੱਜਣ ਤੋਂ ਬਾਅਦ ਵੀ ਜਾਰੀ ਰਹਿੰਦਾ ਹੈ

s) ਬੀਮਾ ਕੰਪਨੀਆਂ ਅਕਸਰ ਪੇਸ਼ਕਸ਼ ਫਾਰਮ ਦੇ ਅੰਤ ਉੱਤੇ ਐਲਾਨ ਜੋੜਦੀਆਂ ਹਨ, ਜਿਸ ਉੱਤੇ ਬੀਮਾਕਰਤਾ ਰਾਹੀਂ ਦਸਤਖਤ ਕੀਤੇ ਜਾਂਦੇ ਹਨ

t) ਪੇਸ਼ਕਸ਼ ਫਾਰਮ ਦੇ ਤੱਥਾਂ ਵਿੱਚ ਸ਼ਾਮਿਲ ਹਨ:

x. ਪੇਸ਼ਕਸ਼ਕਰਤਾ ਦਾ ਪੂਰਾ ਨਾਂ
xi. ਪੇਸ਼ਕਸ਼ਕਰਤਾ ਦਾ ਸਿਰਨਾਵਾਂ ਅਤੇ ਸੰਪਰਕ ਵੇਰਵਾ
xii. ਪੇਸ਼ਕਸ਼ਕਰਤਾ ਦਾ ਕਿੱਤਾ, ਅਹੁਦਾ ਜਾਂ ਵਪਾਰ
xiii. ਬੀਮੇ ਦੇ ਵਿਸ਼ੇ ਦਾ ਵੇਰਵਾ ਅਤੇ ਪਛਾਣ
xiv. ਬੀਮਾ ਕੀਤੀ ਰਕਮ
xv. ਪੁਰਾਣਾ ਅਤੇ ਮੌਜੂਦਾ ਬੀਮਾ
xvi. ਘਾਟਾ ਅਨੁਭਵ
xvii. ਬੀਮਤ ਵਲੋਂ ਐਲਾਨ

u) ਏਜੰਟ, ਜੋ ਕਿ ਵਿਚੋਲੇ ਦਾ ਕੰਮ ਕਰਦਾ ਹੈ, ਦੀ ਜ਼ਿੰਮੇਵਾਰੀ ਹੈ ਕਿ ਬੀਮਤ ਵਲੋਂ ਬੀਮਾਕਰਤਾ ਵਲੋਂ ਜੋਖਿਮ ਬਾਰੇ ਪ੍ਰਮੁੱਖ ਜਾਣਕਾਰੀ ਦਿੱਤੀ ਜਾਂਦੀ ਹੈ।

v) ਪੇਸ਼ਕਸ਼ ਨੂੰ ਪੜਤਾਲਣ ਅਤੇ ਮਨਜ਼ੂਰੀ ਦੇਣ ਦੇ ਫੈਸਲੇ ਦੀ ਕਾਰਵਾਈ ਨੂੰ ਅੰਡਰਰਾਈਟਿੰਗ ਵਜੋਂ ਜਾਣਿਆ ਜਾਂਦਾ ਹੈ।

w) ਪ੍ਰੀਮੀਅਮ ਬੀਮਤ ਵਲੋਂ ਬੀਮਾਕਰਤਾ ਨੂੰ ਬੀਮੇ ਦੀ ਵਿਸ਼ਾ-ਵਸਤੂ ਦੇ ਬੀਮੇ ਲਈ ਕੀਤਾ ਜਾਣ ਵਾਲਾ ਭੁਗਤਾਨ ਹੈ, ਬੀਮੇ ਦੇ ਇਕਰਾਰਨਾਮੇ ਦੇ ਤਹਿਤ।

x) ਪ੍ਰੀਮੀਅਮ ਦਾ ਭੁਗਤਾਨ ਨਕਦ, ਕਿਸੇ ਵੀ ਜਾਣੇ-ਪਛਾਣੇ ਬੈਂਕ ਸਮਝੌਤੇਯੋਗ ਕਾਗਜ਼, ਪੋਸਟ ਮਨੀਆਰਡਰ, ਕਰੈਡਿਟ ਜਾਂ ਡੇਬਿਟ ਕਾਰਡ, ਇੰਟਰਨੈੱਟ, ਈ-ਟਰਾਂਸਫਰ, ਸਿੱਧਾ ਕਰੈਡਿਟ ਜਾਂ ਅਥਾਰਟੀ ਵਲੋਂ ਸਮੇਂ ਸਮੇਂ ਉੱਤੇ ਮਨਜ਼ੂਰ ਕੀਤੇ ਗਏ ਹੋਰ ਕਿਸੇ ਵੀ ਢੰਗ ਨਾਲ ਕੀਤਾ ਜਾ ਸਕਦਾ ਹੈ।

y) ਕਵਰ ਨੋਟ ਨੂੰ ਜਾਰੀ ਕੀਤਾ ਜਾਂਦਾ ਹੈ, ਜਦੋਂ ਪਾਲਸੀ ਦੀ ਤਿਆਰ ਬਾਕੀ ਹੋਵੇ ਜਾਂ ਬੀਮੇ ਲਈ ਸਮਝੌਤਾ ਗੱਲਬਾਤ ਹਾਲੇ ਜਾਰੀ ਹੋਵੇ ਅਤੇ ਆਰਜ਼ੀ ਰੂਪ ਵਿੱਚ ਬੀਮਾ ਸੁਰੱਖਿਆ ਦੇਣ ਦੀ ਲੋੜ ਹੋਵੇ।

z) ਕਵਰ ਨੋਟਿਸ ਮੁੱਖ ਰੂਪ ਵਿੱਚ ਜਹਾਜ਼ੀ ਅਤੇ ਕਾਰੋਬਾਰ ਦੇ ਮੋਟਰ ਵਰਗ ਵਿੱਚ ਵਰਤੇ ਜਾਂਦੇ ਹਨ।

aa) ਬੀਮੇ ਦਾ ਸਰਟੀਫਿਕੇਟ ਬੀਮੇ ਦੀ ਮੌਜੂਦਗੀ ਨੂੰ ਦਰਸਾਉਂਦੇ ਹੈ, ਜਿੱਥੇ ਸਬੂਤ ਚਾਹੀਦਾ ਹੋਵੇ

bb) ਪਾਲਸੀ ਇੱਕ ਰਸਮੀ ਦਸਤਾਵੇਜ਼ ਹੈ, ਜੋ ਕਿ ਬੀਮੇ ਦੇ ਇਕਰਾਰ ਦਾ ਸਬੂਤ ਦਿੰਦਾ ਹੈ।

cc) ਵਾਰੰਟੀ ਪਾਲਸੀ ਵਿੱਚ ਦਰਸਾਈ ਗਈ ਸ਼ਰਤ ਹੁੰਦੀ ਹੈ, ਜੋ ਕਿ ਇਕਰਾਰਨਾਮੇ ਨੂੰ ਯੋਗ ਰੱਖਣ ਲਈ ਸ਼ਬਦੀ ਰੂਪ ਵਿੱਚ ਪਾਲਣ ਕਰਨ ਵਾਸਤੇ ਹੁੰਦੀ ਹੈ।

dd) ਜੇ ਪਾਲਸੀ ਜਾਰੀ ਕਰਨ ਦੇ ਸਮੇਂ ਉਸ ਦੇ ਕੁਝ ਨਿਯਮਾਂ ਤੇ ਸ਼ਰਤਾਂ ਨੂੰ ਸੋਧਣ ਦੀ ਲੋੜ ਹੋਵੇ ਤਾਂ ਇਸ ਨੂੰ ਦਸਤਾਵੇਜ਼ ਰਾਹੀਂ ਸੋਧ/ਬਦਲ ਕੇ ਪੂਰਾ ਕੀਤਾ ਜਾਂਦਾ ਹੈ, ਜਿਸ ਨੂੰ ਤਸਦੀਕ ਕਹਿੰਦੇ ਹਨ।

ee) ਨਿਰਮਾਣ ਦਾ ਸਭ ਤੋਂ ਮਹੱਤਵਪੂਰਨ ਨਿਯਮ ਹੈ ਕਿ ਧਿਰਾਂ ਦੀ ਨੀਅਤ ਪ੍ਰਬਲ ਹੋਣੀ ਚਾਹੀਦੀ ਹੈ ਅਤੇ ਇਹ ਨੀਅਤ ਨੂੰ ਖੁਦ ਪਾਲਸੀ ਵਿੱਚ ਵੀ ਵਿਚਾਰਨਾ ਚਾਹੀਦਾ ਹੈ।

ਮੁੱਖ ਸ਼ਬਦ

j) ਪਾਲਸੀ ਫਾਰਮ
k) ਪ੍ਰੀਮੀਅਮ ਦਾ ਪੇਸ਼ਗੀ ਭੁਗਤਾਨ
l) ਕਵਰ ਨੋਟ
m) ਬੀਮੇ ਦਾ ਸਰਟੀਫਿਕੇਟ
n) ਨਵਿਆਉਣ ਸੂਚਨਾ
o) ਵਾਰੰਟੀਆਂ

ਸਵੈ ਜਾਂਚ ਦੇ ਜਵਾਬ

ਜਵਾਬ 1

ਸਹੀਂ ਚੋਣ III ਹੈ।

ਯੋਗਦਾਨ ਦਾ ਸਿਧਾਂਤ ਯਕੀਨੀ ਬਣਾਉਂਦਾ ਹੈ ਕਿ ਕਈ ਬੀਮਤ, ਇੱਕੋ ਵਿਸ਼ਾ-ਵਸਤੂ ਅਧੀਨ ਸੁਰੱਖਿਆ ਲੈਣ ਵਾਲੇ, ਇੱਕਠੇ ਹੁੰਦੇ ਹਨ ਅਤੇ ਵਿਸ਼ਾ-ਵਸੂਤ ਲਈ ਉਹਨਾਂ ਦੇ ਖਤਰੇ ਨੂੰ ਅਨੁਪਾਤ ਵਿੱਚ ਦਾਅਵੇ ਦੀ ਰਕਮ ਵਾਸਤੇ ਯੋਗਦਾਨ ਦਿੰਦੇ ਹਨ।

ਜਵਾਬ 2

ਸਹੀਂ ਚੋਣ II ਹੈ।

ਹਦਾਇਤਾਂ ਦੇ ਮੁਤਾਬਕ, ਬੀਮਾ ਕੰਪਨੀ ਨੂੰ ਬੀਮਾ ਪੇਸ਼ਕਸ਼ ਉੱਤੇ ਕਾਰਵਾਈ 15 ਦਿਨਾਂ ਵਿੱਚ ਪੂਰੀ ਕਰਨੀ ਹੁੰਦੀ ਹੈ।

ਜਵਾਬ 3

ਸਹੀਂ ਚੋਣ I ਹੈ।

ਜੇ ਪ੍ਰੀਮੀਅਮ ਦਾ ਭੁਗਤਾਨ ਚੈੱਕ ਰਾਹੀਂ ਕੀਤਾ ਜਾਂਦਾ ਹੈ ਤਾਂ ਜੋਖਿਮ ਨੂੰ ਚੈੱਕ ਪੋਸਟ ਕਰਨ ਦੀ ਮਿਤੀ ਤੋਂ ਮੰਨਿਆ ਜਾ ਸਕਦਾ ਹੈ।

ਜਵਾਬ 4

ਸਹੀਂ ਚੋਣ IV ਹੈ।

ਕਵਰ ਨੋਟ ਆਮ ਤੌਰ ਉੱਤੇ ਜਹਾਜ਼ੀ ਅਤੇ ਜਰਨਲ ਬੀਮੇ ਦੇ ਮੋਟਰ ਵਰਗ ਵਿੱਚ ਵਰਤੇ ਜਾਂਦੇ ਹਨ।

ਜਵਾਬ 5

ਸਹੀਂ ਚੋਣ II ਹੈ।

ਵਾਰੰਟੀ ਇੱਕ ਸ਼ਰਤ ਹੁੰਦੀ ਹੈ, ਜੋ ਕਿ ਪਾਲਸੀ ਵਿੱਚ ਵਿਸ਼ੇਸ਼ ਤੌਰ ਉੱਤੇ ਦਿੱਤੀ ਹੁੰਦੀ ਹੈ।

ਜਵਾਬ 6

ਸਹੀਂ ਚੋਣ II ਹੈ।

ਜੇ ਪਾਲਸੀ ਜਾਰੀ ਕਰਨ ਦੇ ਸਮੇਂ ਉਸ ਦੇ ਕੁਝ ਨਿਯਮਾਂ ਤੇ ਸ਼ਰਤਾਂ ਨੂੰ ਸੋਧਣ ਦੀ ਲੋੜ ਹੋਵੇ ਤਾਂ ਇਸ ਨੂੰ ਦਸਤਾਵੇਜ਼ ਰਾਹੀਂ ਸੋਧ/ਬਦਲ ਕੇ ਪੂਰਾ ਕੀਤਾ ਜਾਂਦਾ ਹੈ, ਜਿਸ ਨੂੰ ਤਸਦੀਕ ਕਹਿੰਦੇ ਹਨ।

ਜਵਾਬ 7

ਸਹੀਂ ਚੋਣ IV ਹੈ।

ਨਿਯਮਾਂ ਦੇ ਮੁਤਾਬਕ ਬੀਮਾਕਰਤਾ ਲਈ ਬੀਮਤ ਨੂੰ ਪਾਲਸੀ ਦੀ ਮਿਆਦ ਪੁੱਗਣ ਤੋਂ ਪਹਿਲਾਂ ਨਵਿਆਉਣ ਸੂਚਨਾ ਭੇਜਣ ਦੀ ਕੋਈ ਵੀ ਕਾਨੂੰਨੀ ਪਾਬੰਦੀ ਨਹੀਂ ਹੈ।

ਖੁਦ ਪ੍ਰੀਖਿਆ ਸਵਾਲ

ਸਵਾਲ 1

_____ਬੀਮਾਕਰਤਾ ਵਲੋਂ ਪਾਲਸੀ ਦੇ ਅਧੀਨ ਵੱਧ ਤੋਂ ਵੱਧ ਦੇਣਦਾਰੀ ਹੀ ਹੱਦ ਹੈ।

I. ਬੀਮਾ ਕੀਤੀ ਰਕਮ
II. ਪ੍ਰੀਮੀਅਮ
III. ਸਮਰਪਨ ਮੁੱਲ
IV. ਘਾਟੇ ਦੀ ਰਕਮ

ਸਵਾਲ 2

_____ ਇਕਰਾਰਨਾਮੇ ਦੇ ਅਧੀਨ ਬੀਮਤ ਵਲੋਂ ਮੰਨੀ ਜਾਂ ਦਿੱਤੀ ਗਈ ਰਕਮ ਹੈ।

I. ਦਾਅਵਾ ਰਕਮ
II. ਸਮਰਪਨ ਮੁੱਲ
III. ਪਰਿਪੱਕਤਾ ਰਕਮ
IV. ਪ੍ਰੀਮੀਅਮ

ਸਵਾਲ 3

ਦਸਤਾਵੇਜ਼, ਜੋ ਕਿ ਬੀਮੇ ਦੇ ਇਕਰਾਰਨਾਮੇ ਦਾ ਸਬੂਤ ਦਿੰਦਾ ਹੈ, ਨੂੰ _____ ਕਹਿੰਦੇ ਹਨ।

I. ਪਾਲਸੀ
II. ਕਵਰ ਨੋਟ

III. ਤਸਦੀਕ (ਇੰਡੋਰਸਮੈਂਟ)
IV. ਬੀਮੇ ਦਾ ਸਰਟੀਫਿਕੇਟ

ਸਵਾਲ 4

ਐਲਾਨ ਕਰਨ ਦਾ ਫ਼ਰਜ਼ ਹੁੰਦਾ ਹੈ

I. ਪਾਲਸੀ ਦੇ ਸ਼ੁਰੂ ਹੋਣ ਤੋਂ ਪਹਿਲਾਂ
II. ਪਾਲਸੀ ਸ਼ੁਰੂ ਹੋਣ ਦੇ ਬਾਅਦ
III. ਪਾਲਸੀ ਦੇ ਸ਼ੁਰੂ ਹੋਣ ਤੋਂ ਪਹਿਲਾਂ ਅਤੇ ਪਾਲਸੀ ਦੇ ਦੌਰਾਨ ਜਾਰੀ ਰਹਿੰਦਾ ਹੈ
IV. ਇੰਝ ਦਾ ਕੋਈ ਫਰਜ਼ ਨਹੀਂ ਹੈ

ਸਵਾਲ 5

ਜ਼ਰੂਰੀ ਤੱਥ

I. ਪਾਲਸੀ ਵਿੱਚ ਬੀਮਾ ਸੁਰੱਖਿਆ ਦਿੱਤੇ ਗਏ ਸਭ ਪਦਾਰਥਾਂ ਦਾ ਮੁੱਲ ਹੈ
II. ਜੋਖਿਮ ਦੇ ਮੁਲਾਂਕਣ ਲਈ ਮਹੱਤਵਪੂਰਨ ਨਹੀਂ ਹੈ
III. ਮਹੱਤਵਪੂਰਨ ਹਨ, ਕਿਉਂਕਿ ਇਹ ਅੰਡਰਰਾਈਟਰ ਦੇ ਫੈਸਲੇ ਨੂੰ ਪ੍ਰਭਾਵਿਤ ਕਰਦੇ ਹਨ
IV. ਮਹੱਤਵਪੂਰਨ ਨਹੀਂ ਹਨ, ਕਿਉਂਕਿ ਇਹ ਅੰਡਰਰਾਈਟਰ ਦੇ ਫੈਸਲੇ ਉੱਤੇ ਅਸਰ ਨਹੀਂ ਪਾਉਂਦੇ ਹਨ

ਸਵਾਲ 6

ਅੱਗ ਪੇਸ਼ਕਸ਼ ਨੂੰ ਜਾਣਿਆ ਜਾਂਦਾ ਹੈ

I. ਨਿਰਮਾਣ ਦੀ ਕਾਰਵਾਈ
II. ਸੰਭਾਲੇ ਗਈਆਂ ਚੀਜ਼ਾਂ ਦਾ ਵੇਰਵਾ
III. ਇਮਾਰਤ ਦਾ ਨਿਰਮਾਣ
IV. ਉੱਤੇ ਦਿੱਤੇ ਸਭ

ਸਵਾਲ 7

ਪ੍ਰੀਮੀਅਮ ਪ੍ਰਾਪਤ ਨਹੀਂ ਕੀਤਾ ਜਾ ਸਕਦਾ

I. ਨਕਦ
II. ਚੈਕ ਰਾਹੀਂ

III. ਸੰਭਾਵਨਾਪੂਰਨ ਨੋਟਿਸ
IV. ਕਰੈਡਿਟ ਕਾਰਡ ਰਾਹੀਂ

ਸਵਾਲ 8

ਮੋਟਰ ਬੀਮੇ ਦਾ ਸਰਟੀਫਿਕੇਟ

I. ਲਾਜ਼ਮੀ ਨਹੀਂ ਹੈ
II. ਹਮੇਸ਼ਾ ਖੁਦ ਰੱਖਣਾ ਹੁੰਦਾ ਹੈ
III. ਹਮੇਸ਼ਾ ਕਾਰ ਵਿੱਚ ਰੱਖਣਾ ਹੁੰਦਾ ਹੈ
IV. ਹਮੇਸ਼ਾ ਬੈਂਕ ਲਾਕਰ ਵਿੱਚ ਰੱਖਣਾ ਹੁੰਦਾ ਹੈ

ਸਵਾਲ 9

ਵਾਰੰਟੀ

I. ਇੱਕ ਸ਼ਰਤ ਹੁੰਦੀ ਹੈ, ਜੋ ਕਿ ਪਾਲਸੀ ਵਿੱਚ ਵਿਸ਼ੇਸ਼ ਤੌਰ ਉੱਤੇ ਦਿੱਤੀ ਹੁੰਦੀ ਹੈ।
II. ਦੀ ਪਾਲਣਾ ਕਰਨੀ ਹੁੰਦੀ ਹੈ
III. a ਅਤੇ b ਦੋਵੇਂ
IV. ਉੱਤੇ ਦਿੱਤਿਆਂ ਵਿੱਚੋਂ ਕੋਈ ਨਹੀਂ

ਸਵਾਲ 10

ਮੋਟਰ ਬੀਮੇ ਲਈ ਨਵਿਆਉਣ ਸੂਚਨਾ ਜਾਰੀ ਕੀਤੀ ਜਾਂਦੀ ਹੈ

I. ਬੀਮਤ ਵਲੋਂ ਪਾਲਸੀ ਦੀ ਮਿਆਦ ਪੁੱਗਣ ਤੋਂ ਪਹਿਲਾਂ
II. ਬੀਮਾਕਰਤਾ ਵਲੋਂ ਪਾਲਸੀ ਦੀ ਮਿਆਦ ਪੁੱਗਣ ਤੋਂ ਪਹਿਲਾਂ
III. ਬੀਮਤ ਵਲੋਂ ਪਾਲਸੀ ਦੀ ਮਿਆਦ ਪੁੱਗਣ ਤੋਂ ਬਾਅਦ
IV. ਬੀਮਾਕਰਤਾ ਵਲੋਂ ਪਾਲਸੀ ਦੀ ਮਿਆਦ ਪੁੱਗਣ ਤੋਂ ਬਾਅਦ

ਸਵੈ ਪ੍ਰੀਖਿਆ ਸਵਾਲਾਂ ਦੇ ਜਵਾਬ

ਜਵਾਬ 1

ਸਹੀਂ ਚੋਣ I ਹੈ।

ਬੀਮ ਕੀਤੀ ਰਕਮ ਬੀਮਾਕਰਤਾ ਵਲੋਂ ਪਾਲਸੀ ਦੇ ਅਧੀਨ ਵੱਧ ਤੋਂ ਵੱਧ ਦੇਣਦਾਰੀ ਹੀ ਹੱਦ ਹੈ।

ਜਵਾਬ 2

ਸਹੀਂ ਚੋਣ IV ਹੈ।

ਪ੍ਰੀਮੀਅਮ ਇਕਰਾਰਨਾਮੇ ਦੇ ਅਧੀਨ ਬੀਮਤ ਵਲੋਂ ਮੰਨੀ ਜਾਂ ਦਿੱਤੀ ਗਈ ਰਕਮ ਹੈ।

ਜਵਾਬ 3

ਸਹੀਂ ਚੋਣ I ਹੈ।

ਦਸਤਾਵੇਜ਼, ਜੋ ਕਿ ਬੀਮੇ ਦੇ ਇਕਰਾਰਨਾਮੇ ਦਾ ਸਬੂਤ ਦਿੰਦਾ ਹੈ, ਨੂੰ ਪਾਲਸੀ ਕਹਿੰਦੇ ਹਨ।

ਜਵਾਬ 4

ਸਹੀਂ ਚੋਣ III ਹੈ।

ਦੱਸਣ ਦਾ ਫ਼ਰਜ਼ ਜਾਂਚ ਤੋਂ ਪਹਿਲਾਂ ਸ਼ੁਰੂ ਹੁੰਦਾ ਹੈ ਅਤੇ ਪਾਲਸੀ ਦੇ ਦੌਰਾਨ ਵੀ ਜਾਰੀ ਰਹਿੰਦਾ ਹੈ।

ਜਵਾਬ 5

ਸਹੀਂ ਚੋਣ III ਹੈ।

ਪ੍ਰਮੁੱਖ ਤੱਥ ਮਹੱਤਵਪੂਰਨ ਹਨ, ਕਿਉਂਕਿ ਇਹ ਅੰਡਰਰਾਈਟਰ ਦੇ ਫੈਸਲੇ ਨੂੰ ਪ੍ਰਭਾਵਿਤ ਕਰਦੇ ਹਨ।

ਜਵਾਬ 6

ਸਹੀਂ ਚੋਣ IV ਹੈ।

ਅੱਗ ਪੇਸ਼ਕਸ਼ ਵਿੱਚ ਨਿਰਮਾਣ ਦੀ ਕਾਰਵਾਈ, ਸੰਭਾਲੇ ਗਏ ਸਾਮਾਨ ਦਾ ਵੇਰਵਾ ਅਤੇ ਇਮਾਰਤ ਦੇ ਨਿਰਮਾਣ ਬਾਰੇ ਜਾਣਕਾਰੀ ਪੁੱਛੀ ਹੁੰਦੀ ਹੈ।

ਜਵਾਬ 7

ਸਹੀਂ ਚੋਣ ||| ਹੈ।

ਪ੍ਰੀਮੀਅਮ ਸੰਭਾਵਨਾਪੂਰਨ ਨੋਟ ਉੱਤੇ ਜਾਰੀ ਨਹੀਂ ਕੀਤਾ ਜਾ ਸਕਦਾ ਹੈ।

ਜਵਾਬ 8
ਸਹੀਂ ਚੋਣ ||| ਹੈ।

ਮੋਟਰ ਬੀਮੇ ਦੇ ਸਰਟੀਫਿਕੇਟ ਨੂੰ ਹਮੇਸ਼ਾ ਕਾਰ ਵਿੱਚ ਰੱਖਣਾ ਹੁੰਦਾ ਹੈ।

ਜਵਾਬ 9

ਸਹੀਂ ਚੋਣ ||| ਹੈ।

ਵਾਰੰਟੀ ਪਾਲਸੀ ਵਿੱਚ ਦਰਸਾਈ ਗਈ ਸ਼ਰਤ ਹੁੰਦੀ ਹੈ ਅਤੇ ਨਾਲ ਰੱਖਣਾ ਹੁੰਦਾ ਹੈ।

ਜਵਾਬ 10

ਸਹੀਂ ਚੋਣ || ਹੈ।

ਮੋਟਰ ਬੀਮੇ ਲਈ ਨਵਿਆਉਣ ਸੂਚਨਾ ਨੂੰ ਪਾਲਸੀ ਦੀ ਮਿਆਦ ਪੁੱਗਣ ਤੋਂ ਪਹਿਲਾਂ ਬੀਮਾਕਰਤਾ ਵਲੋਂ ਜਾਰੀ ਕੀਤਾ ਜਾਂਦਾ ਹੈ।

ਅਨੁਬੰਧ

ਅਨੁਬੰਧ- ੲ

ਮੋਟਰ ਬੀਮਾ ਪੇਸ਼ਕਸ਼ ਫਾਰਮ

ਨਿੱਜੀ ਕਾਰ ॥ਡਬਲਿਊਓਵਹੀਕਲ - ਪੈਕੇਜ ਪਾਲਸੀ

ਪੇਸ਼ਕਰਤਾ ਦਾ ਨਾਂ			
ਪੱਤਰਵਿਹਾਰ ਲਈ ਪਤਾ	ਬੀਮਤ ਦੀ ਪਛਾਣ		
ਟੈਲੀ ਨੰ: ਫੈਕਸ ਨੰ		ਮੋਬਾਇਲ ਨੰ:	
ਈਮੇਲ ਪਤਾ			
ਬੈਂਕ ਖਾਤਾ ਨੰ. (ਐਸਬੀ/ਚਾਲੂ)		PAN No:	
ਐਪੀਏਆਈ/ਗਹਿਣੇ			
ਲੋੜੀਦੀ ਪਾਲਸੀ ਦੀ ਕਿਸਮ	ਪੈਕੇਜ ਪਾਲਸੀ		
ਬੀਮਾ ਦਾ ਸਮਾਂ	ਤੋਂ ਸਮਾਂ ..... ਮਿਤੀ:		ਤੱਕ

ਵਹੀਕਲ ਦਾ ਵੇਰਵਾ

ਰਜਿ. ਨੰ.	ਇੰਜਣ ਨੰ. ਚੈਸੀ ਨੰ.	ਮੇਕ ਦਾ ਸਾਲ	ਮੇਕ ਤੇ ਮਾਡਲ/ ਬਾਡੀ ਕਿਸਮ	ਘਣ ਸਮੱਰਥਾ	ਸੀਟ ਸਮੱਰਥਾ	ਰੰਗ	ਵਰਤਿਆ ਜਾਂਦਾ ਫਿਊਲ
	ਬੀਮਾ ਕੀਤੇ ਵਹੀਕਲ ਦੀ ਠੀਕ ਪਛਾਣ						

ਰਜਿਸਟਰ ਕਰਨ ਅਥਾਰਟੀ - ਨਾਂ ਤੇ ਟਿਕਾਣਾ:

ਵਹੀਕਲ ਦਾ ਮੁੱਲ:

ਚਲਾਨ ਮੁੱਲ	ਬਿਜਲੀ/ਬਿਜ ਲਈ ਅਸੈਸਰੀ	ਗੈਰ-ਬਿਜਲੀ ਅਸੈਸਰੀ	ਸਾਈਡ ਕਾਰ-ਟ੍ਰੇਲਰ	ਐਲਪੀਜੀ/ਸੀ ਐਨ ਜੀ-ਕਿੱਟ	ਕੁੱਲ ਮੁੱਲ	ਆਈਡੀਵੀ
	ਇਹ ਦਾਅਵਾ ਸਮਝੌਤੇ ਅਤੇ ਪੀਮੀਅਮ ਦੇ ਆਧਾਰ ਉੱਤੇ ਹੈ					

ਵਹੀਕਲ ਦਾ ਅਤੀਤ						
ਪਿਛਲਾ ਪਾਲਸੀ ਨੰ.	ਬੀਮਾ ਸੁਰੱਖਿਆ ਦੀ ਕਿਸਮ	ਬੀਮਾਕਰਤਾ ਦਾ ਨਾਂ ਤੇ ਪਤਾ	ਨਾ-ਦਾਅਵਾ ਬੋਨਸ ਲਈ ਹੱਕਦਾਰ	ਪਾਲਸੀ ਮਿਆਦ ਪੁੱਗਣ ਦੀ ਮਿਤੀ	ਪਿਛਲੇ 3 ਸਾਲਾਂ ਲਈ ਦਾਅਵਾ ਅਨੁਭਵ	ਪਹਿਲੀ ਵਾਰ ਖਰੀਦਣ ਤੇ ਰਜਿਸਟਰ ਕਰਨ ਦੀ ਮਿਤੀ

ਅੰਡਰਰਾਈਟਿੰਗ ਕਾਰਨ - ਰੇਟਿੰਗ ਉੱਤੇ ਸਹਾਰਨਾ

ਵਹੀਕਲ ਦੀ ਵਰਤੋਂ:			
ਵਰਤੋਂ ਦਾ ਮਕਸਦ	ਵਹੀਕਲ ਪਾਰਕਿੰਗ ਦਾ ਵੇਰਵਾ	ਡਰਾਇਵਰ ਦਾ ਵੇਰਵਾ	ਸਾਲ ਵਿੱਚ ਔਸਤ ਚੱਲਣ ਕਿਮੀ
ਸੰਤੁਸ਼ਟ	ਢੱਕਿਆ ਹੋਇਆ ਗੈਰਾਜ	ਖੁਦ	
ਪੇਸ਼ੇਵਰ	ਨਾ-ਢੱਕਿਆ ਗੈਰਾਜ	ਤਨਖਾਹੀਆ ਡਰਾਇਵਰ	
ਕਾਰੋਬਾਰ/ਵਪਾਰ	ਵਿਹੜਾ ਵਿੱਚ	ਰਿਸ਼ਤੇਦਾਰ	
ਕਾਰਪੋਰੇਟ	ਰਸਤੇ ਉੱਤੇ	ਦੋਸਤ	

ਬੀਮਾਕਰਤਾ ਨੂੰ ਮਨਜ਼ੂਰ ਕੀਤੇ ਜੋਖਿਮ ਸਮਝਣ ਲਈ ਮੱਦਦਗਾਰ

ਜੋਖਿਮ ਘਟਾਉਣ/ਉਲਟ ਜੋਖਿਮ ਪਤਾ ਕਰਨ ਲਈ

<u>ਛੋਟ ਤੇ ਲੋਡਿੰਗ</u>

ਵਲੰਟੀਅਰ ਵਾਧੂ: ਕੀ ਤੁਸੀਂ ਲਾਜ਼ਮੀ ਪਾਲਸੀ ਵਾਧੇ ਤੋਂ ਵੱਧ ਵਲੰਟੀਅਰ ਵਾਧੂ ਨੂੰ ਲੈਣਾ ਚਾਹੁੰਦੇ ਹੋ	ਹਾਂ/ਨਹੀਂ - ਜੇ ਹਾਂ ਤਾਂ ਕਿਰਪਾ ਕਰਕੇ ਦੋ ਪਹੀਏ ਰਕਮ ਦਿਓ - ਰੁਪਏ 500/700/1000/1500/3000 ਪ੍ਰਾਈਵੇਟ
ਕੀ ਤੁਸੀਂ ਭਾਰਤੀ ਆਟੋਮੋਬਾਇਲ ਸੰਸਥਾ ਦੇ ਮੈਂਬਰ ਹੋ	ਹਾਂ/ਨਹੀਂ ਜੇ ਹਾਂ ਤਾਂ ਦੱਸੋ: 1. ਸੰਸਥਾ ਦਾ ਨਾਂ 2. ਮੈਂਬਰੀ ਨੰ: ਮਿਆਦ ਪੁੱਗਣ ਦੀ ਮਿਤੀ:
ਕੀ ਵਹੀਕਲ ਵਿੱਚ ਏਆਰਏਆਈ ਵਲੋਂ ਮਨਜ਼ੂਰਸ਼ੁਦਾ ਚੋਰੀ-ਵਿਰੋਧੀ ਜੰਤਰ ਲੱਗਾ ਹੈ	ਹਾਂ/ਨਹੀਂ ਜੇ ਹਾਂ ਤਾਂ ਇੰਸਟਾਲੇਸ਼ਨ ਦਾ ਸਰਟੀਫਿਕੇਟ ਨੱਥੀ ਕਰੋ ਏਏਐਸਆਈ ਵਲੋਂ ਜਾਰੀ
ਕੀ ਵਹੀਕਲ ਨੂੰ ਗ਼ੈਰ-ਰਸਮੀ ਸਰੋਤ ਵਲੋਂ ਚਲਾਇਆ ਜਾਂਦਾ ਹੈ	ਹਾਂ/ਨਹੀਂ ਜੇ ਹਾਂ ਤਾਂ ਵੇਰਵਾ ਦਿਉ ਜੀ
ਕੀ ਵਹੀਕਲ ਨੂੰ ਦੋਹਰਾ-ਫਿਊਲ ਕਿੱਟ/ ਫਾਇਬਰ ਗਲਾਸ ਟੈਂਕਟ ਫਿੱਟ ਰਾਹੀਂ ਚਲਾਇਆ ਜਾਂਦਾ ਹੈ	ਹਾਂ/ਨਹੀਂ ਜੇ ਹਾਂ ਤਾਂ ਵੇਰਵਾ ਦਿਉ ਜੀ
ਕੀ ਤੁਸੀਂ ਟੀਪੀਪੀਡੀ ਬੀਮਾ ਸੁਰੱਖਿਆ ਨੂੰ 6000/- ਰੁਪਏ ਦੀ ਕਾਨੂੰਨੀ ਹੱਦ ਤੱਕ ਹੀ ਸੀਮਿਤ ਕਰਨਾ ਚਾਹੁੰਦੇ ਹੋ	ਹਾਂ/ਨਹੀਂ

ਲੋਡਿੰਗ ਤੇ ਛੋਟ ਲਈ ਅੰਡਰਰਾਈਟਿੰਗ ਕਾਰਨ ਕੰਪਨੀ ਨੀਤੀ ਦੇ ਤਹਿਤ

ਵਾਧੂ ਬੀਮਾ ਸੁਰੱਖਿਆ ਚਾਹੀਦੀ ਹੈ	
ਅਸੈਸਰੀ ਚੋਰੀ (ਦੋ ਪਹੀਏ)	
ਡਰਾਇਵਰ ਦੀ ਕਾਨੂੰਨੀ ਦੇਣਦਾਰੀ	
ਤਨਖਾਹੀਏ ਡਰਾਇਵਰ ਲਈ ਪੀਏ	

ਲਾਜ਼ਮੀ: ਮਾਲਕ ਡਰਾਇਵਰ ਲਈ ਨਿੱਜੀ ਦੁਰਘਟਨਾ ਬੀਮਾ ਸੁਰੱਖਿਆ

ਮਾਲਕ ਡਰਾਇਵਰ ਲਈ ਨਿੱਜੀ ਦੁਰਘਟਨਾ ਬੀਮਾ ਸੁਰੱਖਿਆ ਲਾਜ਼ਮੀ ਹੈ ਕਿਰਪਾ ਕਰਕੇ ਨਾਮਜ਼ਦ ਲਈ ਵੇਰਵਾ ਦਿਉ:

(a) ਨਾਮਜ਼ਦ ਦਾ ਨਾਂ ਤੇ ਉਮਰ:

(b) ਸਬੰਧ :

(c) ਨਿਯੁਕਤ ਦਾ ਨਾਂ
(ਜੇ ਨਾਮਜ਼ਦ ਨਾਬਾਲਗ ਹੈ)

(d) ਨਾਮਜ਼ਦ ਨਾਲ ਸਬੰਧ :

Additional coverage subject to additional premium

(ਸੂਚਨਾ: 1. ਦੋ ਪਹੀਏ ਵਹੀਕਲ ਲਈ 1,00,000 ਰੁਪਏ ਅਤੇ ਪ੍ਰਾਈਵੇਟ ਕਾਰਾਂ ਲਈ 2,00,000 ਰੁਪਏ ਦੀ ਬੀਮਾ ਕੀਤੀ ਰਕਮ ਮਾਲਕ ਡਰਾਇਵਰ ਲਈ ਨਿੱਜੀ ਦੁਰਘਟਨਾ ਬੀਮਾ ਸੁਰੱਖਿਆ ਜ਼ਰੂਰੀ ਹੈ।

2. ਮਾਲਕ ਡਰਾਇਵਰ ਲਈ ਲਾਜ਼ਮੀ ਪੀਏ ਬੀਮਾ ਸੁਰੱਖਿਆ ਨਹੀ ਦਿੱਤੀ ਜਾ ਸਕਦੀ ਹੈ, ਜਦੋਂ ਵਹੀਕਲ ਦੀ ਮਲਕੀਅਤ ਕੰਪਨੀ, ਸਾਂਝੀਦਾਰ ਫ਼ਰਮ ਜਾਂ ਇਸਤਰਾਂ ਦੇ ਸੰਗਠਨ ਕੋਲ ਹੋਵੇ - ਡਰਾਇਵਰ ਕੋਲ ਪ੍ਰਭਾਵੀ ਡਰਾਇਵਿੰਗ ਲਾਈਸੈਂਸ ਨਾ ਹੋਵੇ)

ਪੀ.ਏ. ਨਾਮੀ ਵਿਅਕਤੀ ਲਈ ਬੀਮਾ ਸੁਰੱਖਿਆ					
ਨਾਮੀ ਕਾਬਜ਼ ਪੀਏ	(IMT-15)	ਕੀ ਤੁਸੀਂ ਨਾਮੀ ਵਿਅਕਤੀ ਲਈ ਨਿੱਜੀ ਦੁਰਘਟਨਾ ਬੀਮਾ ਸੁਰੱਖਿਆ ਸ਼ਾਮਿਲ ਕਰਨੀ ਚਾਹੁੰਦੇ ਹੋ?			
		ਨਾਂ	ਸੀਐਸਏ ਚੋਣ ਕੀਤੀ (ਰੁ.)	ਨਾਮਜ਼ਦ	ਸਬੰਧ
		1)			
		2)			
		3)			
		ਹਾਂ/ਨਹੀਂ, ਜੇ ਹਾਂ ਹੈ ਤਾਂ ਚੋਣ ਕੀਤੇ ਦਾ ਨਾਂ ਅਤੇ ਬੀਮਾ ਕਰਵਾਈ ਪੂੰਜੀ ਰਕਮ (ਸੀਐਸਆਈ): (ਸੂਚਨਾ: ਪ੍ਰਤੀ ਵਿਅਕਤੀ ਉਪਲੱਬਧ ਵੱਧ ਤੋਂ ਵੱਧ ਸੀਐਸਆਈ ਨਿੱਜੀ ਕਾਰਾਂ ਦੇ ਕੇਸ ਵਿੱਚ 2 ਲੱਖ ਰੁਪਏ ਅਤੇ ਦੋ ਪਹੀਏ ਵਹੀਕਲ ਦੇ ਕੇਸ ਵਿੱਚ 1 ਲੱਖ ਰੁਪਏ			

ਬੇਨਾਮ ਵਿਅਕਤੀ / ਪਿਛਲੀ ਸੀਟ ਦੀ / ਬਿਨਾਂ-ਨਾਂ ਯਾਤਰੀ ਲਈ ਪੀ ਏ ਬੀਮਾ ਸੁਰੱਖਿਆ	
ਬੀਮਾ ਸੁਰੱਖਿਆ ਵਿੱਚ ਜੋੜੋ	
ਸਿਫ਼ਰ ਮੁੱਲ-ਘਾਟਾ	
ਨਿਮਰਤਾ ਕਾਰ	
ਡਾਕਟਰੀ ਖਰਚੇ	
ਨਿੱਜੀ ਪ੍ਰਭਾਵ	

ਜਾਣਕਾਰੀ, ਜਿਸ ਉੱਤੇ ਰੇਟਿੰਗ ਅਧਾਰਿਤ ਹੋ ਸਕਦੀ ਹੈ, ਕੁਝ ਅੰਕੜਿਆਂ ਦੇ ਕਾਰਨ ਵੀ

ਹੋਰ ਵੇਰਵਾ

ਜਾਰੀ ਰੱਖੀਆਂ ਹੋਈਆਂ ਵਾਧੂ ਬੀਮਾ ਸੁਰੱਖਿਆ

ਕੀ ਵਹੀਕਲ ਦੀ ਵਰਤੋਂ ਆਪਣੇ ਟਿਕਾਣੇ ਤੱਕ ਹੀ ਸੀਮਿਤ ਹੈ	ਹਾਂ/ਨਹੀਂ
ਕੀ ਵਹੀਕਲ ਵਿਦੇਸ਼ੀ ਅੰਬੈਸੀ ਨਾਲ ਸਬੰਧਿਤ ਹੈ	ਹਾਂ/ਨਹੀਂ
ਕੀ ਕਾਰ ਵਿੰਟੇਜ਼ ਕਾਰ ਹੈ	ਹਾਂ/ਨਹੀਂ
ਕੀ ਵਹੀਕਲ ਨੂੰ ਅੰਨ੍ਹੇ/ਅਪੰਗ ਵਿਅਕਤੀਆਂ ਲਈ ਤਿਆਰ ਕੀਤਾ ਗਿਆ ਹੈ	ਹਾਂ/ਨਹੀਂ ਜੇ ਹਾਂ ਤਾਂ ਆਈਟੀਏ ਵਲੋਂ ਤਸਦੀਕ ਕਰਨਾ ਦਾ ਵੇਰਵਾ ਦਿਉ ਜੀ
ਕੀ ਵਹੀਕਲ ਨੂੰ ਡਰਾਇਵਿੰਗ ਸਿਖਲਾਈ ਲਈ ਵਰਤਿਆ ਜਾਂਦਾ ਹੈ	ਹਾਂ/ਨਹੀਂ
ਕੀ ਭੂਗੋਲਿਕ ਖੇਤਰ ਦੇ ਵਾਧੇ ਦੀ ਲੋੜ ਹੈ	ਨੇਪਾਲ ਬੰਗਲਾਦੇਸ਼, ਭੁਟਾਨ, ਮਾਲਦੀਵ, ਪਾਕਿਸਤਾਨ, ਸ੍ਰੀਲੰਕਾ।

ਕੀ ਤੁਸੀਂ ਇੱਕ ਸਫ਼ਾ ਪਾਲਸੀ ਚਾਹੁੰਦੇ ਹੋ? ਹਾਂ/ਨਹੀਂ

ਅਤਿ ਚੰਗੇ ਵਿਸ਼ਵਾਸ ਸਿਧਾਂਤ ਉੱਤੇ

<u>ਬੀਮਤ ਵਲੋਂ ਐਲਾਨ</u>

ਮੈਂ/ਅਸੀਂ ਐਲਾਨ ਕਰਦੇ ਹਾਂ ਕਿ ਇਸ ਪੇਸ਼ਕਸ਼ ਫਾਰਮ ਵਿੱਚ ਮੇਰੇ ਵਲੋਂ ਦਿੱਤੇ ਗਏ ਬਿਆਨ ਮੇਰੀ/ਸਾਡੀ ਜਾਣਕਾਰੀ ਅਤੇ ਵਿਸ਼ਵਾਸ਼ ਮੁਤਾਬਕ ਸਹੀਂ ਹਨ ਅਤੇ ਮੈਂ/ਅਸੀਂ ਇੱਥੇ ਸਹਿਮਤ ਹਾਂ ਕਿ ਇਹ ਐਲਾਨ ਮੇਰੇ/ਸਾਡੇ ਅਤੇ _____ਵਿੱਚ ਇਕਰਾਰ ਕਰਨ ਦਾ ਆਧਾਰ ਬਣੇ।

ਮੈਂ/ਅਸੀਂ ਇੱਥੇ ਐਲਾਨ ਕਰਦੇ ਹਾਂ ਕਿ ਇਹ ਪੇਸ਼ਕਸ਼ ਫਾਰਮ ਦੇ ਦੇਣ ਦੇ ਬਾਅਦ ਕੁਝ ਵੀ ਜੋੜਨ ਜਾਂ ਬਦਲਣ ਦੇ ਬਾਰੇ ਬੀਮਾਕਰਤਾ ਨੂੰ ਤੁਰੰਤ ਜਾਣਕਾਰੀ ਦਿੱਤੀ ਜਾਵੇਗੀ।

ਮੈਂ/ਅਸੀਂ ਪੁਸ਼ਟੀ ਕਰਨਾ/ਕਰਨੇ ਚਾਹੁੰਦਾ/ਚਾਹੁੰਦੇ ਹਾਂ ਕਿ ਪਿਛਲੀ ਪਾਲਸੀ ਦੀ ਮਿਆਦ ਪੁੱਗਣ ਤੋਂ ਹੁਣ ਤੱਕ ਮੇਰੇ/ਸਾਡੇ ਵਹੀਕਲ ਨਾਲ ਕੋਈ ਦੁਰਘਟਨਾ ਨਹੀਂ ਹੋਈ ਹੈ। ਮੈਂ/ਅਸੀਂ ਪੁਸ਼ਟੀ ਕਰਦੇ ਹਾਂ ਕਿ ਮੈਂ/ਅਸੀਂ ..... ਵਜੇ..... ਨੂੰ ਪ੍ਰੀਮੀਅਮ ਦਾ ਭੁਗਤਾਨ ਕਰ ਚੁੱਕਿਆ/ਚੁੱਕੀ/ਚੁਕੇ ਹਾਂ।

ਤੁਹਾਡੇ ਨਾਲ ਉੱਤੇ ਦਿੱਤੇ ਵਹੀਕਲ ਲਈ ਬੀਮੇ ਵਾਸਤੇ। ਇਹ ਸਮਝਿਆ ਜਾਂਦਾ ਹੈ ਅਤੇ ਸਹਿਮਤੀ ਦਿੱਤੀ ਹੈ ਕਿ ਤੁਹਾਡੇ ਵੱਲ ਕੋਈ ਦੇਣਦਾਰੀ ਜਾਂ ..... (ਸਮਾਂ) ਤੋਂ ਪਹਿਲਾਂ ਕਿਸੇ ਵੀ ਦੁਰਘਟਨਾ ਤੋਂ ਹੋਏ ਕਿਸੇ ਵੀ ਘਾਟੇ/ਨੁਕਸਾਨ/ਦੇਣਦਾਰੀ ਲਈ ਜੋ ਵੀ ਕਿਸਮ ਸੀ।

ਮੈਂ/ਅਸੀਂ ਐਲਾਨ ਕਰਦੇ ਹਾਂ ਕਿ ਵਹੀਕਲ ਸਭ ਤੋਂ ਵਧੀਆ ਸਥਿਤੀ ਅਤੇ ਸੜਕ ਉੱਤੇ ਚੱਲਣ ਯੋਗ ਹਾਲਤ ਵਿੱਚ ਹੈ।

ਥਾਂ:
ਮਿਤੀ:

ਪੇਸ਼ਕਰਤਾ ਦੇ ਦਸਤਖਤ

ਅਨੁਬੰਧ = ਬੀ

ਪੇਸ਼ਕਸ਼ ਫਾਰਮ

(ਇਹ ਫਾਰਮ ਨੂੰ ਜਾਰੀ ਕਰਨ ਨੂੰ ਦੇਣਦਾਰੀ ਦੀ ਮਨਜ਼ੂਰੀ ਵਜੋਂ ਨਹੀਂ ਲਿਆ ਜਾਣਾ ਚਾਹੀਦਾ ਹੈ)

ਸਟੈਂਡਰਡ ਅੱਗ ਇੱਕ ਖਾਸ ਸੰਕਟ ਪਾਲਸੀ

ਇਹ ਪੇਸ਼ਕਸ਼ ਦੀ ਮਨਜ਼ੂਰੀ ਕੰਪਨੀ ਦੇ ਨਿਯਮਾਂ ਤੇ ਸਿਧਾਂਤਾਂ ਉੱਤੇ ਨਿਰਭਰ ਕਰਦੀ ਹੈ। ਜਾਇਦਾਦ ਨੂੰ ਤਦ ਤੱਕ ਬੀਮਾ ਸੁਰੱਖਿਆ ਨਹੀਂ ਹੁੰਦੀ ਹੈ, ਜਦੋਂ ਤੱਕ ਪੇਸ਼ਕਸ਼ ਨੂੰ ਮਨਜ਼ੂਰ ਨਹੀਂ ਕੀਤਾ ਜਾਂਦਾ ਅਤੇ ਪ੍ਰੀਮੀਅਮ ਦਿੱਤਾ ਨਹੀਂ ਜਾਂਦਾ ਹੈ।

ਏਜੰਟ_____ ਗਾਹਕ ਕੋਡ: | | | | | | | | |

ਪੇਸ਼ਕਰਤਾ ਬਾਰੇ ਵੇਰਵਾ → ਪੇਸ਼ਕਰਤਾ ਦੀ ਪਛਾਣ ਕਰਨ ਲਈ ਮੱਦਦ ਕਰਦਾ ਹੈ।

1. ਪੇਸ਼ਕਰਤਾ ਦਾ ਨਾਂ

ਬੀਮਤ ਦੀ ਪਛਾਣ

2. ਪੇਸ਼ਕਰਤਾ ਦਾ ਪਤਾ → ਪੱਤਰ-ਵਿਹਾਰ ਅਤੇ ਦਾਅਵਿਆਂ ਦੇ ਕੇਸ ਵਿੱਚ ਭੁਗਤਾਨ ਚੈੱਕ ਲਈ ਪਤਾ ਦਿਓ

ਟੈਲੀ ਨੰ:- | | | | | | | | | | | | | | | ਫੈਕਸ ਨੰ:-_____

(ਮੋਬਾਇਲ):- | | | | | | | | | | | | | | | (ਈ-ਮੇਲ):-_____

ਨਿਸ਼ਾਨ ☑ ਲਗਾਉ, ਜਿੱਥੇ ਵੀ ਲਾਗੂ ਹੋਵੇ

ਸਭ ਸਵਾਲਾਂ ਲਈ ਠੀਕ ਤਰ੍ਹਾਂ ਜਵਾਬ ਦਿੱਤਾ ਜਾਣਾ ਚਾਹੀਦਾ ਥਾਂ ਦੀ ਕਮੀ ਹੋਣ ਦੇ ਕੇਸ ਵਿੱਚ ਕਿਰਪਾ ਕਰਕੇ ਅਨੁਬੰਧ ਦੇ ਰੂਪ ਵਿੱਚ ਜਾਣਕਾਰੀ ਨੱਥੀ ਕਰੋ:

ਪੇਸ਼ਕਰਤਾ ਦਾ ਕਾਰੋਬਾਰ

ਜੋਖਿਮ ਦੀ ਸਮਝ

3. ਜਿਸ ਲਈ ਬੀਮਾ ਸੁਰੱਖਿਆ ਦਿੱਤੀ ਜਾ ਰਹੀ ਹੈ	ਰੇਟਿੰਗ ਲਈ ਕਬਜ਼ੇ ਦਾ ਵੇਰਵਾ
4. ਹੱਕ ਵਿੱਚ ਜਾਰੀ ਕੀਤੀ ਜਾਣ ਵਾਲੀ ਪਾਲਸੀ (ਸਭ ਧਿਰਾਂ ਦੀ ਸੂਚੀ, ਜਿਹਨਾਂ ਦੇ ਬੀਮਾਯੋਗ ਹਿੱਤ ਹਨ, ਜਿਸ ਵਿੱਚ ਵਿੱਤੀ ਸੰਸਥਾਵਾਂ ਵੀ ਹਨ	
5. ਸ਼ਾਮਿਲ ਜੋਖਿਮ (ਪਿੰਨ ਕੋਡ ਸਮੇਤ ਪੂਰਾ ਡਾਕ ਪਤਾ)	ਬੀਮਾ ਸੁਰੱਖਿਆ ਦੇਣ ਦਾ ਜੋਖਿਮਾਂ ਦੀ ਪਛਾਣ
6. ਬੀਮਾ ਦਾ ਸਮਾਂ	ਤੋਂ | | | | | | | | | ਤੱਕ | | | | | | | | |
7. ਕੀ ਤੁਸੀਂ ਮੁੱਢਲੇ ਬੀਮਾ ਸੁਰੱਖਿਆ ਮਸਲੇ ਤੋਂ ਇਹ ਸੰਕਟ ਹਟਾਉਣੇ ਚਾਹੁੰਦੇ ਹੋ	ਲੋੜੀਂਦੀ ਬੀਮਾ ਸੁਰੱਖਿਆ ਦੇ ਸਬੰਧ ਵਿੱਚ ਬੀਮਤ ਵਲੋਂ ਧਿਆਨਪੂਰਕ
a. ਤੂਫਾਨ, ਹੜ੍ਹ, ਹਨ੍ਹੇਰੀ, ਸੈਲਾਬ ਸਾਈਕਲੋਨ ਸੰਕਟਾਂ ਦਾ ਸਮੂਹ	ਹਾਂ ☐ ਨਹੀਂ ☐
b. ਦੰਗੇ, ਹੜਤਾਲ, ਬਦਨੀਤੀ ਨਾਲ ਨੁਕਸਾਨ	ਹਾਂ ☐ ਨਹੀਂ ☐

c. ਅੱਤਵਾਦ ਬੀਮਾ ਸੁਰੱਖਿਆ ਵਾਧਾ (ਇਸ ਦੀ ਚੋਣ ਕੀਤੀ ਜਾ ਸਕਦੀ ਹੈ, ਜੇ ਆਰਐਸਐਮਡੀ ਦੀ ਚੋਣ ਕੀਤੀ ਹੋਵੇ)	ਹਾਂ ☐	ਨਹੀਂ ☐

ਅਨੁਬੰਧ - ਬੀ

ਇਹ ਰਕਮ ਈਕਿਊ ਸੰਕਟਾਂ ਲਈ ਬੀਮਾ ਸੁਰੱਖਿਆ

8. ਕੀ ਤੁਸੀਂ ਆਪਣੀ ਇਮਾਰਤ ਨਾਲ ਥਮ੍ਹਲੇ ਅਤੇ ਨੀਹ ਲਈ ਵੀ ਬੀਮਾ ਸੁਰੱਖਿਆ ਚਾਹੁੰਦੇ ਹੋ?	ਹਾਂ ☐	ਨਹੀਂ ☐	
ਕੋਈ ਵਾਧੂ ਬੀਮਾ ਸੁਰੱਖਿਆ a. ਆਕੀਟੈਕਟ, ਸਰਵੇਅਰ ਤੇ ਸਲਾਹਕਾਰ ਇੰਜਨੀਅਰਿੰਗ ਫੀਸ (ਦਾਅਵਾ ਰਕਮ ਦੇ 3% ਵਾਧਾ ਦੇ ਵਿੱਚ)	ਹਾਂ ☐	ਨਹੀਂ ☐	SI =
b. ਮਲਬਾ ਹਟਾਉਣਾ (ਦਾਅਵਾ ਰਕਮ ਦੇ 1% ਦੇ ਵਾਧੇ ਵਿੱਚ)	ਹਾਂ ☐	☐	SI =
c. ਕੋਲਡ ਸਟੋਰੇਜ਼ ਇਮਾਰਤ ਵਿੱਚ ਸਟਾਕ ਦਾ ਸੜਨਾ ਗਲਨਾ	ਹਾਂ ☐	ਨਹੀਂ ☐	SI =
i. ਬੀਮਾ ਕਰਵਾਏ ਸੰਕਟ ਦੇ ਕਰਕੇ ਬਿਜਲੀ ਸੇਵਾ ਫੀਡਰ ਦੇ ਟਰਮੀਨਲ ਅੰਤ ਉੱਤੇ ਬਿਜਲੀ ਸਪਲਾਈ ਫੇਲ੍ਹ ਹੋਣ ਦੇ ਕਰਕੇ	ਹਾਂ ☐	ਨਹੀਂ ☐	SI =
ii. ਤਾਪਮਾਨ ਵਿੱਚ ਬਦਲਾਅ ਘਾਟੇ ਦਾ ਕਾਰਨ ਹੈ ਜਾਂ ਬੀਮਤ ਦੀ ਇਮਾਰਤ ਵਿੱਚ ਬੀਮਾ ਕਰਵਾਏ ਸੰਕਟ ਦੇ ਕਰਕੇ ਕੋਲਡ ਸਟੋਰੇਜ਼ ਮਸ਼ੀਨਰੀ ਦਾ ਨੁਕਸਾਨ	ਹਾਂ ☐	ਨਹੀਂ ☐	SI =
d. ਜੰਗਲ ਅੱਗ	ਹਾਂ ☐	ਨਹੀਂ ☐	SI =
e. ਬੀਮਤ ਦੇ ਆਪਣੇ ਵਹੀਕਲ, ਫੋਰਕ ਲਿਫ਼ਟ ਅਤੇ ਹੋਰ ਤੇ ਸਾਮਾਨ ਡਿੱਗਣ ਕਰਕੇ ਹੋਏ ਨੁਕਸਾਨ ਅਸਰ	ਹਾਂ ☐	ਨਹੀਂ ☐	SI =
f. ਸਵੈ-ਸਿੱਧ ਬਲਣਾ	ਹਾਂ ☐	ਨਹੀਂ ☐	SI =
g. ਬੀਮੇ ਵਿੱਚ ਜੋੜਨ, ਬਦਲਣ ਜਾਂ ਵਧਾਉਣ ਲਈ ਤਰੁੱਟੀ	ਹਾਂ ☐	ਨਹੀਂ ☐	SI =
h. ਭੁਚਾਲ (ਅੱਗ ਅਤੇ ਝਟਕੇ)	ਹਾਂ ☐	ਨਹੀਂ ☐	SI =
i. ਰੱਦੀ ਪਦਾਰਥ ਬੀਮਾ ਸੁਰੱਖਿਆ	ਹਾਂ ☐	ਨਹੀਂ ☐	SI =
j. ਲੀਕ ਅਤੇ ਮਿਲਾਵਟ ਬੀਮਾ ਸੁਰੱਖਿਆ	ਹਾਂ ☐	ਨਹੀਂ ☐	SI =
k. ਸਟਾਕ ਨੂੰ ਆਰਜ਼ੀ ਰੂਪ ਵਿੱਚ ਹਟਾਉਣਾ	ਹਾਂ ☐	ਨਹੀਂ ☐	SI =
l. ਕਿਰਾਏ ਦਾ ਘਾਟਾ	ਹਾਂ ☐	ਨਹੀਂ ☐	SI =
m. ਬਦਲਵੇਂ ਟਿਕਾਣੇ ਲਈ ਕਿਰਾਏ ਲਈ ਵਾਧੂ ਖਰਚਾ	ਹਾਂ ☐	ਨਹੀਂ ☐	SI =

ਬੀਮਾ ਸੁਰੱਖਿਆ ਲਈ ਵਾਧੇ ਦੀ ਚੋਣ ਲਈ

ਕੇਵਲ ਉਹੀ ਚੁਣੋ, ਜੋ ਕਿ ਬੀਮਤ ਦੇ ਕਾਰੋਬਾਰ ਦੀ ਕਿਸਮ ਲਈ ਢੁੱਕਵੀਆਂ ਹੋਣ

n. ਸ਼ੁਰੂਆਤ ਖਰਚੇ	ਹਾਂ ☐ ਨਹੀਂ ☐	SI =

o. ਤਰਲ ਪਦਾਰਥ ਨੁਕਸਾਨ	ਹਾਂ ☐ ਨਹੀਂ ☐	SI =
9. ਕੀ ਤੁਸੀਂ ਇਹੀ ਜਾਇਦਾਦ ਕਿਸੇ ਹੋਰ ਬੀਮਾ ਕੰਪਨੀ ਨਾਲ ਇਸੇ ਬੀਮਾ ਸੁਰੱਖਿਆ ਲਈ ਬੀਮਾ ਕਰਵਾਈ ਹੈ (ਜੇ ਹਾਂ ਤਾਂ ਵੇਰਵਾ ਦਿਉ)	ਯੋਗਦਾਨ ਦੇ ਸਿਧਾਂਤ ਨੂੰ ਲਾਗੂ ਕਰਨ ਦੇ ਮਕਸਦ ਲਈ ਵੇਰਵਾ ਚਾਹੀਦਾ ਹੈ	
10. ਕੀ ਬੀਮਾ ਸੁਰੱਖਿਆ ਦੇਣ ਤੋਂ ਕਿਸੇ ਹੋਰ ਕੰਪਨੀ ਵਲੋਂ ਇਨਕਾਰ ਕੀਤਾ ਗਿਆ ਹੈ ਜਾਂ ਕੋਈ ਖਾਸ ਸ਼ਰਤਾਂ ਲਗਾਈਆਂ ਗਈਆਂ ਹਨ (ਜੇ ਹਾਂ ਤਾਂ ਵੇਰਵਾ ਦਿਓ)	ਅੰਡਰਰਾਈਟਰ ਨੂੰ ਜੋਖਿਮ ਦੀ ਕੁਆਲਟੀ ਬਾਰੇ ਵੇਰਵਾ ਦਿਓ	
(ਘਾਟਾ ਅਨੁਭਵ ਬਾਰੇ ਵੇਰਵਾ)		
11. ਪਿਛਲੇ ਮਹੀਨੇ ਲਈ ਪ੍ਰੀਮੀਅਮ/ ਆਪ ਝੱਲੇ ਦਾਅਵੇ ਦਾ ਵੇਰਵਾ, ਜਿਸ ਵਿੱਚ ਮਿਆਦ ਪੁੱਗੀ ਪਾਲਸੀ ਅੰਤਰਾਲ ਅਲਹਿਦਾ ਹੈ	ਪ੍ਰੀਮੀਅਮ	ਦਾਅਵੇ
	ਜੋਖਿਮ ਦਰ ਲਈ ਦਾਅਵਾ ਅਨੁਭਵ ਮਹੱਤਵਪੂਰਨ ਕਾਰਨ ਹੈ	

ਕਿਹੜੇ ਜੋਖਿਮਾਂ ਦੀ ਕਿਸਮ ਲਈ ਟਿਕਾਣੇ ਉਤੇ ਬੀਮਾ ਸੁਰੱਖਿਆ ਦਿੱਤੀ ਹੈ?

ਪੇਸ਼ਕਰਤਾ ਦੇ ਕਾਰੋਬਾਰ ਦਾ ਵੇਰਵਾ

12. ਬੀਮਤ ਜਾਇਦਾਦ ਹੈ:	
a. ਰਿਹਾਇਸ਼, ਦਫ਼ਤਰ, ਦੁਕਾਨਾਂ, ਹੋਟਲ ਆਦਿ	
b. ਉਦਯੋਗ/ ਨਿਰਮਾਣ ਜੋਖਿਮ	
c. ਭੰਡਾਰਨ ਬਾਹਰਵਾਰ ਉਦਯੋਗਿਕ / ਨਿਰਮਾਣ ਜੋਖਿਮ	ਜੋਖਿਮ ਦਾ ਅਧਿਕਾਰ ਦਰ ਦਾ ਆਧਾਰ ਹੈ
d. ਉਦਯੋਗਿਕ / ਨਿਰਮਾਣ ਦੇ ਬਾਹਰ ਟੈਂਕ/ ਗੈਸ ਹੋਲਡਰ ਜੋਖਿਮ	
e. ਉਦਯੋਗਿਕ / ਨਿਰਮਾਣ ਦੇ ਬਾਹਰਵਾਰ ਸਥਿਤੀ ਸਹੂਲਤ ਜੋਖਿਮ	
f. ਰਿਹਾਇਸ਼, ਦਫ਼ਤਰ, ਦੁਕਾਨਾਂ, ਹੋਟਲ ਆਦਿ	
13. ਜੇ ਦੁਕਾਨ ਦੇ ਤੌਰ ਉੱਤੇ ਵਰਤੀ ਜਾਂਦੀ ਹੈ ਤਾਂ ਐਲਾਨ ਕਰੋ ਕਿ ਕੀ ਵਰਤੇ ਸਾਮਾਨ ਵਿੱਚ ਹੇਠ ਦਿੱਤੀ ਸੂਚੀ ਵਿੱਚੋਂ ਕੋਈ ਵੀ ਸਾਮਾਨ ਹੈ। ਜੇ ਹਾਂ ਤਾਂ ਕੀ ਇੰਝ ਦੇ ਸਟਾਕ ਦਾ ਮੁੱਲ ਕੁੱਲ ਸਟਾਕ ਦੇ ਮੁੱਲ ਦੇ 5% ਤੋਂ ਵੱਧ ਹੈ: 1. ਸੈਲੂਲਾਇਡ ਸਾਮਾਨ, 2. ਖੁੱਲ੍ਹੇ ਨਾਰੀਅਲ ਰੇਸ਼ੇ, 3. ਪਟਾਕੇ ਅਤੇ ਆਤਿਸ਼ਬਾਜ਼ੀਆਂ, 4. ਕਿਸੇ ਵੀ ਕਿਸਮ ਦਾ ਧਮਾਕਾਖੇਜ਼, 5. ਸੁੱਕਾ ਘਾਹ/ ਤੂੜੀ, 6. ਸਣ, 7. ਖੁੱਲ੍ਹਾ ਪਟਸਨ, 8. ਮਾਚਸ, 9. ਮੈਥੇਲੇਨ ਸਪਰਿਟ, 10. ਨਾਈਟਰੋ - ਸੈਲੂਲੋਜ, 11. ਤੇਲ / ਈਥਰ/ ਉਦਯੋਗਿਕ ਘੋਲਕ ਅਤੇ ਹੋਰ ਬਲਣਯੋਗ ਤਰਲ, ਜਿਹਨਾਂ ਦਾ ਬਲਣ ਬਿੰਦੂ 32 ਡਿਗਰੀ ਜਾਂ ਘੱਟ ਹੈ। C (ਬੰਦ ਕੱਪ ਟੈਸਟ) , 12. ਬਲਣਯੋਗ ਮੂਲ ਵਾਲੇ ਪੇਂਟ, ਜਿਹਨਾਂ ਦਾ ਬਲਣ ਬਿੰਦੂ 32 Deg ਤੋਂ ਹੇਠਾਂ ਹੈ। C (ਬੰਦ ਕੱਪ ਟੈਸਟ) ਸੀਲ ਕੀਤੇ ਟੀਨ ਜਾਂ ਡਰੱਮ ਤੋਂ ਬਿਨਾਂ ਹੋਰ, 13. 32 ਡਿਗਰੀ ਤੋਂ ਹੇਠਾਂ ਬਲਣ ਬਿੰਦੂ ਵਾਲੇ ਵਾਰਨਿਸ਼ C (ਬੰਦ ਕੱਪ ਟੈਸਟ) ਸੀਲ ਕੀਤੇ ਟੀਨ ਜਾਂ ਡਰੱਮ ਤੋਂ ਬਿਨਾਂ,14. ਸੀਲ ਕੀਤੇ ਟੀਨ ਜਾਂ ਡਰੱਮ ਤੋਂ ਬਿਨਾਂ ਹੋਰ ਰੋਗਾਣੂ-ਨਾਸ਼ਕ ਤਰਲ ਅਤੇ ਤਰਲ ਕੀਟਾਣੂਨਾਸ਼ਕ 15. ਕਿਸੇ ਵੀ ਕਿਸਮ ਦਾ ਵਨਸਪਤੀ ਰੇਸ਼ੇ	ਜੋਖਿਮ ਦੀ ਕਿਸਮ ਮੂਲ ਦਰਾਂ ਅਤੇ ਬੀਮਾ ਸੁਰੱਖਿਆ ਮੁਤਾਬਕ ਤਹਿ ਕੀਤੀਆਂ ਜਾਣੀਆਂ ਹਨ
14. ਜੇ ਵੇਅਰਹਾਊਸ/ਗੋਦਾਮ ਵਜੋਂ ਵਰਤਿਆ ਜਾਂਦਾ ਹੈ (ਫੈਕਟਰੀ ਹੱਦ ਤੋਂ ਬਾਹਰ ਸਥਿਤ) ਤਾਂ ਸੰਭਾਲੇ ਜਾਂਦੇ ਸਾਮਾਨ ਦਾ ਵੇਰਵਾ ਦਿਉ	
15. ਜੇ ਉਦਯੋਗਿਕ ਨਿਰਮਾਣ ਇਕਾਈ ਵਰਤੀ ਜਾਂਦੀ ਹੈ ਤਾਂ ਪੇਸ਼ ਕੀਤੇ ਟਿਕਾਣੇ ਉੱਤੇ ਤਿਆਰ ਕੀਤੇ ਜਾਂਦੇ ਉਤਪਾਦ ਦਾ ਵੇਰਵਾ ਦਿਉ (ਵੱਖ-ਵੱਖ ਇਮਾਰਤਾਂ ਨੂੰ ਵੇਖਾਉਂਦੀ ਵੇਰਵੇ ਸਮੇਂ ਬਲਾਕ ਸਕੀਮ ਨੱਥੀ ਹੋਣੀ ਚਾਹੀਦੀ ਹੈ)	
16. ਕੀ ਉਦਯੋਗਿਕ ਨਿਰਮਾਣ ਇਕਾਈ ਵਜੋਂ ਵਰਤਿਆ ਜਾਂਦਾ ਹੈ, ਕਿਰਪਾ ਕਰਕੇ ਦੱਸੋ ਕਿ ਫੈਕਟਰੀ ਚਾਲੂ ਹੈ ਜਾਂ ਬੰਦ?	

17. ਅੱਗ ਬਝਾਊ ਜੰਤਰ ਇੰਸਟਾਲ ਹਨ	
ਹੇਠ ਦਿੱਤੀ ਥਾਂ ਵਿੱਚ ਸਹੀ ਨਿਸ਼ਾਨ ਲਗਾਉ: **a.** ਵੱਖ-ਵੱਖ ਬਲਾਕਾਂ ਦਾ ਵੇਰਵਾ ਅਤੇ ਚੁੱਕਣਯੋਗ ਅੱਗ ਬਝਾਊ ਯੰਤਰਾਂ ਦੀ ਕਿਸਮ ਦਰਸਾਉ ਹਰ ਬਲਾਕ ਵਿੱਚ ਸੁਰੱਖਿਆ ਦਿੱਤੀ ਚੰਗੇ ਜੋਖਿਮ ਲੱਛਣਾਂ ਬਾਰੇ ਪਤਾ ਕਰਨ ਲਈ	☐ ਚੁੱਕਣਯੋਗ ਅੱਗ ਬਝਾਊ ਜੰਤਰ ☐ ਟਰੇਲਰ ਪੰਪ ☐ ਅੱਗ ਇੰਜਣ ☐ ਹਾਈਡਰੈਂਟ ਸਿਸਟਮ ☐ ਫੁਹਾਰਾ ਸਿਸਟਮ ☐ ਸਥਿਰ ਪਾਣੀ ਛੜਕਾਅ ਸਿਸਟਮ ਘਾਟਾ ਘੱਟ ਕਰਨ ਲਈ ਚੁੱਕੇ ਕਦਮ। ਇਸਕਰਕੇ ਛੋਟ ਦਿੱਤੀ ਜਾ ਸਕਦੀ ਹੈ
b. ਦਰਸਾਉਦਾ ਹੈ ਕਿ ਕੀ ਯੰਤਰਾਂ ਲਈ ਸਾਲਨਾ ਦੇਖਭਾਲ ਇਕਰਾਰ ਚਾਲੂ ਹੈ	ਹਾਂ ☐ ਨਹੀਂ ☐
18. (ਇਮਾਰਤ / ਮਸ਼ੀਨਰੀ / ਫਰਨੀਚਰ ਜੜਨਾ ਅਤੇ ਫਿੱਟਿੰਗ)	ਬੀਮੇ ਲਈ ਪੇਸ਼ ਕੀਤਾ ਅਧਾਰ
a. ਬਾਜ਼ਾਰੀ ਮੁੱਲ ਆਧਾਰ	ਹਾਂ ☐ ਨਹੀ ☐
b. ਬਹਾਲੀ ਮੁੱਲ ਆਧਾਰ	ਹਾਂ ☐ ਨਹੀ ☐
c. ਕੀ ਵਾਧੇ ਦੀ ਲੋੜ ਹੈ	ਹਾਂ ☐ ਨਹੀ ☐
	ਇਹ ਆਧਾਰ ਬਣਾਏਗਾ, ਜਿਸ ਉੱਤੇ ਬੀਮਾ ਕੀਤੀ ਰਕਮ ਨੂੰ ਤਹਿ ਕੀਤਾ ਜਾਵੇਗਾ ਅਤੇ ਦਾਅਵੇ ਉੱਤੇ ਕੰਮ ਹੋਵੇਗਾ
19. ਨਿਰਮਾਣ ਵੇਰਵਾ	
a. ਵਰਤੇ ਸਾਮਾਨ ਦਾ ਵੇਰਵਾ ਦਿਉ	
i. ਕੰਧਾਂ	
ii. ਫਰਸ਼	
iii. ਛੱਤ	
	ਅੰਡਰਰਾਈਟਿੰਗ
b. ਇਮਾਰਤ ਦੀ ਉਚਾਈ	ਮੀਟਰ_____ਮੰਜ਼ਲਾਂ_____
c. ਇਮਾਰਤ ਦੀ ਉਮਰ	**5** ਸਾਲਾਂ ਤੋਂ ਘੱਟ ☐ **5 – 15** ਸਾਲ ☐ **15-2 5** ਸਾਲ ☐ **25** ਸਾਲਾਂ ਤੋਂ ਵੱਧ ☐

ਸੂਚਨਾ: ਇਮਾਰਤ ਵਿੱਚ ਕੰਧਾਂ ਅਤੇ/ਜਾਂ ਲੱਕੜ ਦੀ ਛੱਤ/ ਫੂਸ ਦੇ ਪੱਤੇ ਅਤੇ/ਜਾਂ ਘਾਹ/ ਹਰ ਕਿਸਮ ਦੀ ਸੁੱਕੀ ਘਾਹ/ਬਾਂਸ/ਪਲਾਸਟਿਕ ਕੱਪੜੇ/ਲੁੱਕ ਅਤੇ ਰੇਤ ਦਾ ਮਿਸ਼ਰਨ/ਕੱਪੜੇ/ਕੈਨਵਸ/ਤਰਪਾਲ ਅਤੇ ਇੰਝ ਦੇ ਨੂੰ "ਕੱਚੇ" ਨਿਰਮਾਣ ਵਾਂਗ ਹੀ ਮੰਨਿਆ ਜਾਂਦਾ ਹੈ

20. ਇਮਾਰਤ ਮੁਤਾਬਕ ਮੁੱਲ (ਇਹ ਸੂਚੀ ਵਿੱਚ 'ਕੱਚੀ' ਇਮਾਰਤ ਵਿੱਚ ਸ਼ਾਮਿਲ ਕਰੋ, ਹਰ ਮੁੱਲ ਨੂੰ ਇੰਝ ਦੀ ਇਮਾਰਤ ਲਈ ਰੁ. ਵਿੱਚ ਮੁੱਲ ਦਿਉ

ਬਲਾਕ ਦਾ ਵੇਰਵਾ	ਉਮਰ (ਸਾਲ)	ਉਚਾਈ (ਮੀਟਰ)	ਨਿਰਮਾਣ ਪੱਕਾ/ਕੱਚਾ	ਬੀਮਾ ਕੀਤੀ ਰਕਮ ਰੁਪਏ				
				ਥਮ੍ਹਲਿਆਂ ਸਮੇਤ ਇਮਾਰਤ ਰੁ:	ਮਸ਼ੀਨਰੀ ਅਸੈਸਰੀ ਰੁ:	ਐਫ ਤੇ ਐਫ, ਦਫ਼ਤਰ ਅਤੇ ਹੋਰ ਸਾਮਾਨ ਰੁਪਏ	ਸਟਾਕ ਅਤੇ ਸਟਾਕ ਜੋ ਬਣਾਏ ਜਾ ਰਹੇ ਹਨ** ਰੁ:	ਬੀਮਾ ਕਰਵਾਉਣ ਵਾਲੀ ਹੋਰ ਜਾਇਦਾਦ ਰੁਪਏ
ਕੁੱਲ								

ਹਰ ਬਲਾਕ ਦੇ ਵੇਰਵੇ ਲਈ ਵੱਖ-ਵੱਖ ਰੇਟਿੰਗ ਦਿੱਤੀ ਜਾਵੇਗੀ, ਜੇ ਲਾਗੂ ਹੋਵੇ

ਸੂਚਨਾ: ** ਉਹਨਾਂ ਸਟਾਕ ਨੂੰ ਦਰਸਾਉਂਦੇ ਹਨ, ਜੋ ਕਿ ਆਮ ਆਧਾਰ ਉੱਤੇ ਬੀਮਾ ਸੁਰੱਖਿਆ ਪ੍ਰਾਪਤ ਕਰਦੇ ਹਨ ਅਤੇ ਹੇਠ ਦਿੱਤੇ ਮੁਤਾਬਕ ਲੜੀ ਨੰ. ਏ, ਬੀ, ਸੀ ਅਤੇ ਡੀ ਅਧੀਨ ਨਹੀਂ ਆਉਂਦੇ ਹਨ

21. ਖਾਸ ਬੀਮਾ ਸੁਰੱਖਿਆ ਕੇਵਲ ਸਟਾਕ ਲਈ ਹੀ	
ਹੇਠ ਦਿੱਤੇ ਡੱਬਿਆਂ ਵਿੱਚ ਚੋਣ ਕਰੋ ਅਤੇ ਹਰੇਕ ਦੇ ਲਈ ਬੀਮਾ ਕਰਵਾਉਣ ਵਾਲੀ ਰਕਮ ਦਿਉ	
A. ਫਲੋਟਰ ਅਧਾਰ ਉੱਤੇ:	
ਕਈ ਟਿਕਾਣਿਆਂ (ਕੰਮ ਵਾਲੇ ਬਲਾਕ, ਵੇਅਰਹਾਊਸ/ਗੋਦਾਮ ਅਤੇ/ਜਾਂ ਖੁੱਲ੍ਹੇ ਵਿੱਚ) ਉੱਤੇ ਪਏ ਸਟਾਕ ਨੂੰ ਇੱਕਲੀ ਬੀਮਾ ਕੀਤੀ ਰਕਮ ਅਧੀਨ ਫਲੋਤਰ ਆਧਾਰ ਉੱਤੇ ਬੀਮਾ ਸੁਰੱਖਿਆ ਦਿੱਤੀ ਜਾ ਸਕਦੀ ਹੈ	
ਟਿਕਾਣੇ (ਪਿੰਨ ਕੋਡ ਸਮੇਤ ਪੂਰਾ ਡਾਕ ਪਤਾ	ਰਕਮ ਰੁਪਏ
B. ਐਲਾਨ ਆਧਾਰ ਉੱਤੇ	
ਸਟਾਕ, ਜਿਹਨਾਂ ਦਾ ਮੁੱਲ ਅਸਥਿਰ ਹੁੰਦਾ ਹੈ, ਨਹੀਂ (ਮਹੀਨੇਵਾਰ) ਐਲਾਨ ਮੁੱਲ ਦੇ ਆਧਾਰ ਉੱਤੇ ਬੀਮਾ ਸੁਰੱਖਿਆ ਦਿੱਤੀ ਜਾ ਸਕਦੀ ਹੈ।	
ਟਿਕਾਣੇ (ਪਿੰਨ ਕੋਡ ਸਮੇਤ ਪੂਰਾ ਡਾਕ ਪਤਾ	ਰਕਮ ਰੁਪਏ
ਸੂਚਨਾ: ਘੱਟੋ-ਘੱਟ ਬੀਮਾ ਕੀਤੀ ਰਕਮ ਹੈ ਰੁਪਏ **1** ਕਰੋੜ, ਅਤੇ ਪਾਲਸੀ ਛੋਟੇ ਸਮੇਂ ਦੇ ਆਧਾਰ ਉੱਤੇ ਜਾਰੀ ਨਹੀਂ ਕੀਤੀ ਹੈ। ਜਾਰੀ ਸਟਾਕ ਅਤੇ ਰੇਲਵੇ ਯਾਰਡ ਵਿੱਚ ਪਏ ਸਟਾਕ ਲਈ ਬੀਮਾ ਸੁਰੱਖਿਆ ਨਹੀਂ ਹੋ ਸਕਦੀ ਹੈ।	
C. ਫਲੋਟਰ ਐਲਾਨ ਅਧਾਰ ਉੱਤੇ:	
ਸਟਾਕ, ਜਿਹਨਾਂ ਦਾ ਮੁੱਲ ਅਸਥਿਰ ਹੁੰਦਾ ਅਤੇ ਵੱਖ-ਵੱਖ ਟਿਕਾਣਿਆਂ ਉੱਤੇ ਸਟੋਰ ਕੀਤੇ ਗਏ ਹਨ, ਨੂੰ (ਮਹੀਨੇਵਾਰ) ਐਲਾਨ ਮੁੱਲ ਦੇ ਆਧਾਰ ਉੱਤੇ ਬੀਮਾ ਸੁਰੱਖਿਆ ਦਿੱਤੀ ਜਾ ਸਕਦੀ ਹੈ।	
ਟਿਕਾਣੇ (ਪਿੰਨ ਕੋਡ ਸਮੇਤ ਪੂਰਾ ਡਾਕ ਪਤਾ	ਰਕਮ ਰੁਪਏ
ਸੂਚਨਾ: **1.** ਘੱਟੋ-ਘੱਟ ਬੀਮਾ ਕੀਤੀ ਰਕਮ ਹੈ ਰੁਪਏ **2** ਕਰੋੜ **2.** ਜਾਰੀ ਸਟਾਕ ਅਤੇ ਰੇਲਵੇ ਯਾਰਡ ਵਿੱਚ ਪਏ ਸਟਾਕ ਲਈ ਬੀਮਾ ਸੁਰੱਖਿਆ ਨਹੀਂ ਹੋ ਸਕਦੀ ਹੈ।	
D. ਖੁੱਲ੍ਹੇ ਵਿੱਚ ਸੰਭਾਲੇ ਸਟਾਕ (ਫੈਕਟਰੀ ਖੇਤਰ ਤੋਂ ਬਾਹਰ ਸਥਿਤ)	
ਖੁੱਲ੍ਹੇ ਵਿੱਚ ਸਟੋਰ ਕੀਤੇ ਗਏ ਸਟਾਕ ਦਾ ਵੇਰਵਾ:	
ਟਿਕਾਣੇ (ਪਿੰਨ ਕੋਡ ਸਮੇਤ ਪੂਰਾ ਡਾਕ ਪਤਾ)	ਰਕਮ ਰੁਪਏ
E. ਟੈਂਕ ਫਾਰਮ ਅਤੇ ਗੈਸ ਹੋਲਡਰ (ਫੈਕਟਰੀ ਖੇਤਰ ਤੋਂ ਬਾਹਰ ਸਥਿਤ)	
ਖੁੱਲ੍ਹੇ ਵਿੱਚ ਸਟੋਰ ਕੀਤੇ ਗਏ ਸਟਾਕ ਦਾ ਵੇਰਵਾ	
ਟਿਕਾਣੇ (ਪਿੰਨ ਕੋਡ ਸਮੇਤ ਪੂਰਾ ਡਾਕ ਪਤਾ)	ਰਕਮ ਰੁਪਏ

ਬੀਮਾ ਸੁਰੱਖਿਆ ਦੇ ਆਧਾਰ ਦੀ ਚੋਣ ਕਰਨ ਨਾਲ ਪੇਸ਼ਕਰਤਾ ਵਲੋਂ ਪੂਰੇ ਕਰਨ ਵਾਲੇ ਕੁਝ ਫ਼ਰਜ਼ ਹੁੰਦੇ ਹਨ। ਦਾਅਵਾ ਨਿਪਟਾਉਣ ਦਾ ਆਧਾਰ

ਖਾਸ ਵਾਰੰਟੀਆ ਲਾਗੂ ਹੋਣਗੀਆਂ

ਜੋਖਿਮ ਅਤੇ ਰੇਟਿੰਗ ਠੀਕ ਤਰ੍ਹਾਂ ਬੀਮਾ ਸੁਰੱਖਿਆ

ਕੀ ਤੁਸੀਂ ਵਲੰਟੀਅਰ ਕਟੌਤੀਆਂ ਲਈ ਛੋਟਾਂ ਲੈਣਾ ਚਾਹੁੰਦੇ ਹੋ	ਹਾਂ ☐ ਨਹੀਂ ☐
ਜੇ ਜਵਾਬ ਹਾਂ ਹੈ ਤਾਂ ਕਟੌਤੀ ਰਕਮ ਦੀ ਚੋਣ ਦਿਉ	ਰੁ:

ਐਲਾਨ ਕਰਤਾ

ਅਤਿ ਚੰਗੇ ਵਿਸ਼ਵਾਸ਼ ਦਾ ਸਿਧਾਂਤ

ਮੈਂ/ਅਸੀਂ ਐਲਾਨ ਕਰਦੇ ਹਾਂ ਕਿ ਇਸ ਪੇਸ਼ਕਸ਼ ਫਾਰਮ ਵਿੱਚ ਮੇਰੇ ਵਲੋਂ ਦਿੱਤੇ ਗਏ ਬਿਆਨ ਮੇਰੀ/ਸਾਡੀ ਜਾਣਕਾਰੀ ਅਤੇ ਵਿਸ਼ਵਾਸ਼ ਮੁਤਾਬਕ ਸਹੀਂ ਹਨ ਅਤੇ ਮੈਂ/ਅਸੀਂ ਇੱਥੇ ਸਹਿਮਤ ਹਾਂ ਕਿ ਇਹ ਐਲਾਨ ਮੇਰੇ/ਸਾਡੇ ਅਤੇ _____ ਵਿੱਚ ਇਕਰਾਰ ਕਰਨ ਦਾ ਆਧਾਰ ਬਣੇ।

ਇਹ ਪੇਸ਼ਕਸ਼ ਫਾਰਮ ਦੇਣ ਦੇ ਬਾਅਦ ਪੇਸ਼ ਕੀਤੇ ਜੋਖਿਮ ਵਿੱਚ ਜੇ ਕੁਝ ਜੋੜਨਾ ਜਾਂ ਬਦਲਣਾ ਹੋਵੇ ਤਾਂ ਇਸ ਬਾਰੇ ਤੁਰੰਤ ਬੀਮਾਕਰਤਾ ਨੂੰ ਜਾਣਕਾਰੀ ਦਿੱਤੀ ਜਾਵੇਗੀ।

ਮਿਤੀ:

ਥਾਂ:

ਪੇਸ਼ਕਰਤਾ ਦਾ ਨਾਂ ਅਤੇ ਕੰਪਨੀ ਦੀ ਮੋਹਰ

ਏਜੰਟ ਦੀਆਂ ਸਿਫਾਰਸ਼ਾਂ:

ਬੀਮਾ ਕਾਨੂੰਨ **1983** ਦੀ ਧਾਰਾ **41** ਦੀ ਕਾਪੀ ਹੇਠ ਦਿੱਤੀ ਹੈ

ਛੋਟਾਂ ਦੀ ਮਨਾਹੀ

1. ਕਿਸੇ ਵੀ ਵਿਅਕਤੀ ਨੂੰ ਦੂਜੇ ਵਿਅਕਤੀ ਨੂੰ ਭਾਰਤ ਵਿੱਚ ਰਹਿਣ ਜਾਂ ਜਾਇਦਾਦ ਦੇ ਸਬੰਧੀ ਕਿਸੇ ਵੀ ਕਿਸਮ ਦੇ ਜੋਖਿਮ ਦੇ ਸਬੰਧ ਵਿੱਚ ਬੀਮਾ ਨਵਿਆਉਣ ਜਾਂ ਜਾਰੀ ਰੱਖਣ ਲਈ ਕਿਸੇ ਵੀ ਕਿਸਮ ਦਾ ਲਾਭ ਦੇਣ ਦੀ ਮਨਜ਼ੂਰੀ ਜਾਂ ਪੇਸ਼ ਕਰਨ ਦੀ ਮਨਜ਼ੂਰੀ ਨਹੀਂ ਹੈ, ਪਾਲਸੀ ਉੱਤੇ ਵੇਖਾਏ ਭੁਗਤਾਨ ਕਰਨ ਯੋਗ ਦਲਾਲੀ ਪੂਰੀ ਜਾਂ ਅਧੂਰੇ ਰੂਪ ਵਿੱਚ ਜਾਂ ਦਿੱਤੇ ਪ੍ਰੀਮੀਅਮ ਦੀ ਕੋਈ ਵੀ ਛੋਟ ਨਹੀਂ ਲੈਣੀ ਚਾਹੀਦੀ ਹੈ, ਨਾ ਹੀ ਕਿਸੇ ਵਿਅਕਤੀ ਨੂੰ ਪਾਲਸੀ ਨੂੰ ਕਿਸੇ ਛੋਟ ਨਾਲ ਪਾਲਸੀ ਲੈਣੀ ਜਾਂ ਨਵਿਆਉਣੀ ਜਾਂ ਜਾਰੀ ਰੱਖਣੀ ਚਾਹੀਦੀ ਹੈ, ਕੇਵਲ ਅਜਿਹੀ ਛੋਟ ਨੂੰ ਛੱਡ ਕੇ, ਜੋ ਕਿ ਬੀਮਾਕਰਤਾ ਵਲੋਂ ਪ੍ਰਕਾਸ਼ਿਤ ਸਾਰਣੀਆਂ ਜਾਂ ਜਾਣਕਾਰੀ ਦੇ ਮੁਤਾਬਕ ਮਨਜ਼ੂਰ ਕੀਤੀ ਗਈ ਹੋ ਸਕਦੀ ਹੈ।

2. ਇਹ ਭਾਗ ਵਿੱਚ ਦਿੱਤੇ ਵਿਧਾਨ ਦੀ ਪਾਲਣਾ ਕਰਨ ਵਿੱਚ ਜੇ ਕੋਈ ਵਿਅਕਤੀ ਕੋਤਾਹੀ ਕਰਦਾ ਹੈ ਤਾਂ ਸਜ਼ਾਯੋਗ ਜ਼ੁਰਮ, ਜਿਸ ਲਈ ਪੰਜ ਹਜ਼ਾਰ ਤੱਕ ਜੁਰਮਾਨਾ ਹੋ ਸਕਦਾ ਹੈ।

ਪਾਠ 13

ਪ੍ਰੀਮੀਅਮ ਦਰ ਤਹਿ ਦੇ ਸਿਧਾਂਤ ਅਤੇ ਅਭਿਆਸ

ਪਾਠ ਜਾਣ-ਪਛਾਣ

ਇਹ ਪਾਠ ਵਿੱਚ ਅਸੀਂ ਅੰਡਰਰਾਈਟਿੰਗ ਅਤੇ ਦਰ ਬਣਾਉਣ ਦੇ ਅਧਾਰ ਬਾਰੇ ਸਿੱਖਾਂਗੇ। ਤੁਸੀਂ ਜੋਖਿਮਾਂ ਦੇ ਮੁਲਾਂਕਣ ਦੀ ਕਾਰਵਾਈ ਵਿੱਚ ਸੰਕਟਾਂ ਨਾਲ ਨਿਪਟਣ ਦੇ ਵੱਖ-ਵੱਖ ਬਾਰੇ ਜਾਣ ਸਕੋਗੇ। ਤੁਸੀਂ ਜਾਣੋਗੇ ਕਿ ਵੱਖ-ਵੱਖ ਕਿਸਮ ਦੀਆਂ ਬੀਮਾ ਪਾਲਸੀਆਂ ਲਈ "ਬੀਮਾ ਕੀਤੀ ਰਕਮ" ਦਾ ਫੈਸਲਾ ਕਿਵੇਂ ਕੀਤਾ ਜਾਂਦਾ ਹੈ।

ਸਿੱਖਣ ਨਤੀਜੇ

A. ਅੰਡਰਰਾਈਟਿੰਗ ਮੂਲ
B. ਦਰ-ਤਹਿ ਕਰਨ ਅਧਾਰ
C. ਰੇਟਿੰਗ ਪੱਖ
D. ਬੀਮਾ ਕੀਤੀ ਰਕਮ

ਇਹ ਪਾਠ ਪੜ੍ਹਨ ਦੇ ਬਾਅਦ ਤੁਸੀਂ ਯੋਗ ਹੋਣੇ ਚਾਹੀਦੇ ਹੋ:

1. ਅੰਡਰਰਾਈਟਿੰਗ ਦੇ ਆਧਾਰਾਂ ਦੀ ਪਰਿਭਾਸ਼ਾ
2. ਦਰ-ਤਹਿ ਕਰਨ ਦੇ ਆਧਾਰਾਂ ਨੂੰ ਸਮਝਾਉਣਾ
3. ਵੱਖ-ਵੱਖ ਪਾਲਸੀਆਂ ਅਧੀਨ 'ਬੀਮਾ ਕੀਤੀ ਰਕਮ' ਪਤਾ ਕਰਨਾ

A. ਅੰਡਰਰਾਈਟਿੰਗ ਅਧਾਰ

ਪਿਛਲੇ ਪਾਠਾਂ ਵਿੱਚ ਅਸੀਂ ਬੀਮੇ ਦੇ ਸਬੰਧ ਵਿੱਚ ਪੂਲਿੰਗ ਰਾਹੀਂ ਜੋਖਿਮ ਪ੍ਰਬੰਧ ਬਾਰੇ ਵੇਖਿਆ ਹੈ। ਬੀਮਾਕਰਤਾ ਪ੍ਰੀਮੀਅਮਾਂ ਨੂੰ ਜੋੜ ਕੇ ਪੂਲ ਬਣਾਉਂਦੇ ਹਨ, ਜੋ ਕਿ ਕਈ ਵਿਅਕਤੀਆਂ/ ਵਪਾਰਕ/ ਉਦਯੋਗਿਕ ਫ਼ਰਮਾਂ/ਸੰਗਠਨਾਂ ਨਾਲ ਤਿਆਰ ਕੀਤਾ ਜਾਂਦਾ ਹੈ।

ਹਰੇਕ ਵਲੋਂ ਦਿੱਤੇ ਜਾਣ ਵਾਲੇ ਪ੍ਰੀਮੀਅਮ ਦੀ ਰਕਮ ਦਰ ਉੱਤੇ ਨਿਰਭਰ ਕੀਤੀ ਜਾਂਦੀ ਹੈ, ਜੋ ਕਿ ਦੋ ਕਾਰਨਾਂ ਰਾਹੀਂ ਪਤਾ ਕੀਤਾ ਜਾਂਦਾ ਹੈ;

- ✓ ਘਾਟਾ ਘਟਨਾ (ਜੋ ਕਿ ਬੀਮਾ ਕਰਵਾਏ ਸੰਕਟ ਦੇ ਕਰਕੇ ਹੁੰਦੀ ਹੈ) ਦੇ ਕਾਰਨ ਹੋਣ ਵਾਲੇ ਘਾਟੇ ਦੀ ਸੰਭਵਾਨਾ ਅਤੇ
- ✓ ਘਾਟੇ ਦੀ ਅੰਦਾਜ਼ਨ ਰਕਮ, ਜੋ ਕਿ ਘਾਟਾ ਘਟਨਾ ਹੋਣ ਦੇ ਕਰਕੇ ਪੈਦਾ ਹੋ ਸਕਦੀ ਹੈ

ਉਦਾਹਰਨ

ਅੱਗ ਦੇ ਨਤੀਜੇ ਵਜੋਂ ਹੋਣ ਵਾਲੇ ਘਾਟੇ ਦੀ ਔਸਤ ਰਕਮ ਮੰਨ ਲਵੋ ਕਿ 100000 ਰੁਪਏ ਹੈ [ਜਿਸ ਨੂੰ ਅਸੀਂ L ਰਾਹੀਂ ਦਰਸਾਉਂਦੇ ਹਾਂ]

ਘਾਟਾ ਹੋਣ ਦੀ ਔਸਤ ਜਾਂ ਮੱਧਮਾਨ ਸੰਭਾਵਨਾ [P ਰਾਹੀਂ ਦਰਸਾਈ] 100 ਵਿੱਚੋਂ 1 [ਜਾਂ 0.01] ਹੈ।

ਮੱਧ ਜਾਂ ਔਸਤ ਅੰਦਾਜਨ ਘਾਟਾ ਪਤਾ ਕੀਤਾ ਜਾਵੇਗਾਆ: L x P = 0.01 x 100000 = 1000

ਬੀਮਾਕਰਤਾ ਕਿਵੇਂ ਯਕੀਨੀ ਬਣਾ ਸਕਦਾ ਹੈ ਕਿ ਪੂਲ ਅਸਲ ਵਿੱਚ ਬੀਮਾ ਸੁਰੱਖਿਆ ਅਧੀਨ ਹੋਣ ਵਾਲੇ ਘਾਟੇ ਨੂੰ ਪੂਰਾ ਕਰਨ ਲਈ ਕਾਫ਼ੀ ਹੈ?

ਜਿਵੇਂ ਕਿ ਅਸੀਂ ਪਹਿਲਾਂ ਵੇਖਿਆ ਹੈ ਕਿ ਬੀਮੇ ਦੇ ਪੂਰੇ ਢਾਂਚੇ ਵਿੱਚ ਅੰਕੜਿਆਂ ਦੇ ਰੂਪ ਵਿੱਚ ਇੱਕੋ ਜਿਹੇ ਜੋਖਿਮਾਂ ਦੀ ਵੱਡੀ ਗਿਣਤੀ ਨੂੰ ਪੂਲ ਕਰਨਾ ਸ਼ਾਮਿਲ ਹੈ ਤਾਂ ਕਿ ਵੱਡੀ ਗਿਣਤੀ ਦੇ ਕਾਨੂੰਨ ਲਾਗੂ ਹੋ ਸਕੇ ਅਤੇ ਘਾਟੇ ਦੀ ਗਿਣਤੀ ਦੀ ਸੰਭਾਵਨਾ (ਆਵਰਤੀ) ਅਤੇ ਘਾਟੇ ਦੀ ਹੱਦ (ਤੀਬਰਤਾ) ਭਵਿੱਖਬਾਣੀ ਕਰਨ ਯੋਗ ਹੋ ਸਕਣ।

ਸਮੱਸਿਆ ਹੈ ਕਿ ਸਭ ਜੋਖਿਮ ਇੱਕ ਤਰ੍ਹਾਂ ਦੇ ਨਹੀਂ ਹੁੰਦੇ ਹਨ। ਪੂਰੀ ਤਰ੍ਹਾਂ ਇੱਕੋ ਜਿਹੇ [ਜਾਂ '**ਰਲਦੇ**'] ਜੋਖਿਮਾਂ ਦਾ ਪੂਲ (ਸਮੂਹ) ਬਹੁਤ ਛੋਟਾ ਹੋ ਸਕਦਾ ਹੈ।

ਜਿਵੇਂ ਕਿ, ਤੁਸੀਂ ਬਿਲਕੁਲ ਇੱਕ ਜਿਹੇ ਅਤੇ ਇਕੋ ਜਿਹੇ ਬਾਹਰੀ ਮਾਹੌਲ ਵਿੱਚ ਸਥਿਤੀ ਕਿੰਨੇ ਘਰ ਲੱਭੋਗੇ? ਬਹੁਤੇ ਨਹੀਂ।

ਜਿਵੇਂ ਪੂਲ ਦਾ ਆਕਾਰ ਵੱਧਦਾ ਹੈ, ਇਸ ਵਿੱਚ ਨਾ-ਰਲਦੇ ਜੋਖਿਮ ਵਿੱਚ ਸ਼ਾਮਿਲ ਹੋਣ ਦੀ ਸੰਭਾਵਨਾ ਹੁੰਦੀ ਹੈ, ਜੋ ਕਿ ਇੱਕ ਜਾਂ ਰਲਦੇ ਸੰਕਟਾਂ ਦਾ ਸਾਹਮਣਾ ਕਰਦੇ ਹਨ। ਇੱਥੇ ਬੀਮਾਕਰਤਾ ਦੋਚਿੱਤੀ ਦਾ ਸਾਹਮਣਾ ਕਰਦਾ ਹੈ।

ਤੁਸੀਂ ਇੱਕ ਪੂਲ ਕਿਵੇਂ ਬਣਾ ਸਕਦੇ ਹੋ, ਜੋ ਕਿ ਬਹੁਤ ਵੱਡਾ ਹੈ ਤਾਂ ਕਿ ਜੋਖਿਮ ਹੋਰ ਵੀ ਵੱਧ ਭਵਿੱਖਬਾਣੀ ਕਰਨ ਦੇ ਯੋਗ ਹੋਣ, ਜਦੋਂ ਕਿ ਨਾਲ ਹੀ ਯਕੀਨੀ ਬਣਾਉਣਾ ਹੈ ਕਿ ਪੂਲ ਵਿੱਚ ਕਾਫ਼ੀ ਇੱਕ ਰੂਪ ਹੋਣ ਅਤੇ ਇੱਕ ਜਿਹੇ ਜੋਖਿਮ ਰੱਖਦੇ ਹਨ?

ਬੀਮਾਕਰਤਾ ਨੇ ਸਮੱਸਿਆ ਦਾ ਇੱਕ ਹੱਲ ਲੱਭਿਆ ਹੈ।
ਇਹ ਇੱਕ ਪੂਲ ਬਣਾਉਂਦੇ ਹਨ, ਜੋ ਕਿ ਕਾਫ਼ੀ ਵੱਡਾ ਹੁੰਦਾ ਹੈ, ਜਦੋਂ ਕਿ ਇਸ ਵਿੱਚ ਅਧੀਨ-ਪੂਲ ਵੀ ਹੁੰਦੇ ਹਨ ਅਤੇ ਇੱਕ ਜਾਂ ਵੱਧ ਅਧੀਨ-ਪੂਲ ਵਿੱਚ ਵੱਖ-ਵੱਖ ਜੋਖਿਮ ਮੌਜੂਦ ਹੁੰਦੇ ਹਨ। ਅਧੀਨ ਪੂਲ ਨੂੰ ਜੋਖਿਮਾਂ ਨੂੰ ਵੱਖ-ਵੱਖ ਵਰਗਾਂ ਵਿੱਚ ਵੰਡ ਕੇ ਬਣਾਇਆ ਜਾਂਦਾ ਹੈ, ਜੋ ਕਿ ਮੌਜੂਦ ਜੋਖਿਮ ਦੀ ਹੱਦ ਦੇ ਉੱਤੇ ਨਿਰਭਰ ਹੈ।

ਉਦਾਹਰਨ

ਜਾਇਦਾਦ ਬੀਮੇ ਦੇ ਖੇਤਰ ਵਿੱਚ, ਲੱਕੜ ਦੇ ਢਾਂਚੇ ਵਲੋਂ ਅੱਗ ਲੱਗਣ ਦੀ ਸੰਭਾਵਨਾ ਪੱਥਰ ਦੇ ਢਾਂਚੇ ਨਾਲ ਵੱਧ ਹੈ, ਇਸਕਰਕੇ ਲੱਕੜ ਦੇ ਢਾਂਚੇ ਦੀ ਬੀਮੇ ਲਈ ਪ੍ਰੀਮੀਅਮ ਵੱਧ ਹੁੰਦਾ ਹੈ।

ਇਹੀ ਧਾਰਨਾ ਸਿਹਤ ਬੀਮੇ ਉੱਤੇ ਵੀ ਲਾਗੂ ਹੁੰਦੀ ਹੈ। ਹਾਈ ਬਲੱਡ ਪ੍ਰੈਸ਼ਰ ਜਾਂ ਸ਼ੂਗਰ ਤੋਂ ਪ੍ਰਭਾਵਿਤ ਵਿਅਕਤੀ ਨੂੰ ਦਿਲ ਦਾ ਦੌਰਾ ਪੈਣ ਦੀ ਸੰਭਾਵਨਾ ਵੱਧ ਹੁੰਦੀ ਹੈ

ਇੱਕ ਬੀਮਾਰੀ ਦੇ ਇਲਾਜ ਦੀ ਉੱਚ ਡਾਕਟਰੀ ਕੀਮਤ ਦੇ ਜੋਖਿਮ ਬਾਰੇ ਵਿਚਾਰ ਕਰੋ। ਉੱਚ ਬੀਪੀ ਅਤੇ ਸ਼ੂਗਰ ਤੋਂ ਪ੍ਰਭਾਵਿਤ ਵਿਅਕਤੀ ਲਈ ਜੋਖਿਮ ਚੰਗੀ ਸਿਹਤ ਵਾਲੇ ਵਿਅਕਤੀ ਦੇ ਮੁਤਾਬਕ ਵੱਖਰਾ ਹੋਵੇਗਾ।

ਜੋਖਿਮਾਂ ਦੇ ਵਰਗੀਕਰਨ ਅਤੇ ਉਹ ਕਿਸ ਵਰਗ ਵਿੱਚ ਆਉਂਦੇ ਹਨ ਦਾ ਫੈਸਲਾ ਕਰਨ ਦੀ ਇਹ ਕਾਰਵਾਈ ਦਰ ਤਹਿ ਕਰਨ ਲਈ ਮਹੱਤਵਪੂਰਨ ਹੈ।

1. **ਅੰਡਰਰਾਈਟਿੰਗ ਦੇ ਮੂਲ**

ਪਰਿਭਾਸ਼ਾ

ਅੰਡਰਰਾਈਟਿੰਗ ਪਤਾ ਕਰਨ ਦੀ ਕਾਰਵਾਈ ਹੈ ਕਿ ਕੀ ਪੇਸ਼ ਕੀਤੇ ਜੋਖਿਮ ਲਈ ਬੀਮਾ ਮਨਜ਼ੂਰੀਯੋਗ ਹੈ ਜੇ ਹੈ ਤਾਂ ਕਿਹੜੀ ਦਰ, ਨਿਯਮ ਤੇ ਸ਼ਰਤਾਂ ਉੱਤੇ ਬੀਮਾ ਸੁਰੱਖਿਆ ਦਿੱਤੀ ਜਾਂਦੀ ਹੈ।

ਅੰਡਰਰਾਈਟਿੰਗ, ਤਕਨੀਕੀ ਰੂਪ ਵਿੱਚ, ਅੱਗੇ ਦਿੱਤੇ ਪਗ਼ ਸ਼ਾਮਿਲ ਹੁੰਦੇ ਹਨ:

i. ਸੰਕਟ ਅਤੇ ਜੋਖਿਮ ਦਾ ਘਾਟੇ ਦੀ ਆਵਰਤੀ ਤੇ ਤੀਬਰਤਾ ਦੇ ਰੂਪ ਵਿੱਚ ਮੁਲਾਂਕਣ
ii. ਪਾਲਸੀ ਬੀਮਾ ਸੁਰੱਖਿਆ ਅਤੇ ਨਿਯਮ ਤੇ ਸ਼ਰਤਾਂ ਦਾ ਰੂਪ ਤਿਆਰ ਕਰਨਾ
iii. ਪ੍ਰੀਮੀਅਮ ਦੀ ਦਰ ਤਹਿ ਕਰਨਾ

ਅੰਡਰਰਾਈਟਰ ਪਹਿਲਾਂ ਇਹ ਫੈਸਲਾ ਕਰਦਾ ਹੈ ਕਿ ਜੋਖਿਮ ਨੂੰ ਮਨਜ਼ੂਰ ਕਰਨਾ ਹੈ ਜਾਂ ਨਹੀਂ।

ਅਗਲਾ ਕਦਮ ਦਰਾਂ, ਨਿਯਮਾਂ ਅਤੇ ਸ਼ਰਤਾਂ ਦਾ ਫੈਸਲਾ ਕਰਨਾ ਹੋਵੇਗਾ, ਜਿਸ ਦੇ ਅਧੀਨ ਜੋਖਿਮ ਨੂੰ ਮਨਜ਼ੂਰ ਕੀਤਾ ਜਾਂਦਾ ਹੈ।

ਅੰਡਰਰਾਈਟਿੰਗ ਮੁਹਾਰਤ ਢੁੱਕਵੀਂ ਸਿਖਲਾਈ, ਖੇਤਰ ਜਾਣਕਾਰੀ ਅਤੇ ਡੂੰਘਾ ਗਿਆਨ ਦੇ ਰੂਪ ਵਿੱਚ ਲੰਮੀ ਸਿੱਖਣ ਪ੍ਰਕਿਰਿਆ ਰਾਹੀਂ ਪ੍ਰਾਪਤ ਕੀਤੀ ਜਾਂਦੀ ਹੈ। ਅੱਗ ਬੀਮਾ ਅੰਡਰਰਾਈਟਰ ਬਣਨ ਲਈ ਵਿਅਕਤੀ ਨੂੰ ਅੱਗ ਦੇ ਕਾਰਨ, ਵੱਖ-ਵੱਖ ਭੌਤਿਕ ਵਸਤਾਂ ਤੇ ਜਾਇਦਾਦ ਉੱਤੇ ਅੱਗ ਦੇ ਅਸਰ, ਉਦਯੋਗਾਂ ਵਿੱਚ ਸ਼ਾਮਿਲ ਕਾਰਵਾਈਆਂ, ਭੂਗੋਲਿਕ, ਮੌਸਮੀ ਹਾਲਤਾਂ ਆਦਿ ਬਾਰੇ ਚੰਗੀ ਜਾਣਕਾਰੀ ਹੋਣਾ ਜ਼ਰੂਰੀ ਹੈ।

ਇਸੇ ਤਰ੍ਹਾਂ ਜਹਾਜ਼ੀ ਬੀਮਾ ਅੰਡਰਰਾਈਟਰ ਨੂੰ ਬੰਦਰਗਾਹਾਂ/ਸੜਕਾਂ ਬਾਰੇ, ਭੇਜਣ ਜਾਂ ਸੰਭਾਲਣ ਦੌਰਾਨ ਕਾਰਗੋ/ਸਾਮਾਨ ਨੂੰ ਆਉਣ ਵਾਲੀਆਂ ਸਮੱਸਿਆਵਾਂ, ਜਹਾਜ਼ਾਂ ਅਤੇ ਉਹਨਾਂ ਦੀ ਸਮੁੰਦਰੀ ਯਾਤਰਾ ਯੋਗਤਾ ਤੇ ਹੋਰਾਂ ਬਾਰੇ ਜਾਣਕਾਰੀ ਹੋਣੀ ਚਾਹੀਦੀ ਹੈ।

ਸਿਹਤ ਅੰਡਰਰਾਈਟਰ ਨੂੰ ਬੀਮਤ ਦੇ ਪ੍ਰੋਫਾਇਲ ਜੋਖਿਮ, ਉਮਰ, ਡਾਕਟਰੀ ਪੱਖ, ਸਿਹਤਮੰਦ ਪੱਧਰ ਅਤੇ ਪਰਿਵਾਰਿਕ ਅਤੀਤ ਅਤੇ ਜੋਖਿਮ ਨੂੰ ਪ੍ਰਭਾਵਿਤ ਕਰਨ ਵਾਲੇ ਹਰੇਕ ਕਾਰਨ ਦੇ ਪ੍ਰਭਾਵ ਨੂੰ ਮਾਪਣ ਦੀ ਸਮਝਣ ਹੋਣ ਦੀ ਲੋੜ ਹੈ।

a) ਅੰਡਰਰਾਈਟਿੰਗ, ਨਿਰਪੱਖਤਾ ਅਤੇ ਕਾਰੋਬਾਰੀ ਬਰਦਾਸ਼ਤ ਕਰਨ ਯੋਗਤਾ

ਬੀਮੇ ਵਿੱਚ ਧਿਆਨ ਨਾਲ ਅੰਡਰਰਾਈਟਿੰਗ ਤੇ ਜੋਖਿਮ ਵਰਗੀਕਰਨ ਦੀ ਲੋੜ ਸਧਾਰਨ ਤੱਥ ਕਰਕੇ ਪੈਦਾ ਹੁੰਦੀ ਹੈ ਕਿ **ਸਭ ਜੋਖਿਮ ਬਰਾਬਰ ਨਹੀਂ ਹਨ।** ਹਰ ਜੋਖਿਮ ਨੂੰ ਇਸਕਰਕੇ ਢੁੱਕਵੇਂ ਰੂਪ ਵਿੱਚ ਪਤਾ ਕਰਨਾ ਪੈਂਦਾ ਹੈ ਅਤੇ ਕੀਮਤ ਘਾਟਾ ਵਾਪਰਨ ਦੀ ਸੰਭਾਵਨਾ ਅਤੇ ਤੀਬਰਤਾ ਦੇ ਮੁਤਾਬਾਕ ਤਹਿ ਕੀਤੀ ਜਾਂਦੀ ਹੈ।

ਕਿਉਂਕਿ ਸਭ ਜੋਖਿਮ ਬਰਾਬਰ ਨਹੀਂ ਹੁੰਦੇ ਹਨ, ਇਸਕਰਕੇ ਉਹਨਾਂ ਸਭ, ਜੋ ਕਿ ਬੀਮਤ ਹਨ, ਨੂੰ ਇਕੋ ਜਿਹਾ ਪ੍ਰੀਮੀਅਮ ਦੇਣ ਲਈ ਕਹਿਣਾ ਨਿਰਪੱਖਤਾ ਨਹੀਂ ਹੋਵੇਗੀ। **ਅੰਡਰਰਾਈਟਿੰਗ ਦਾ ਮਕਸਦ ਜੋਖਿਮਾਂ ਦਾ ਵਰਗੀਕਰਨ ਕਰਨਾ ਹੈ ਤਾਂ ਕਿ ਉਹਨਾਂ ਦੇ ਲੱਛਣਾਂ ਅਤੇ ਜੋਖਿਮ ਸਥਿਤੀ ਦੀ ਹੈਸੀਅਤ ਦੇ ਮੁਤਾਬਕ ਪ੍ਰੀਮੀਅਮ ਦੀ ਢੁੱਕਵੀਂ ਦਰ ਵਸੂਲ ਕੀਤੀ ਜਾ ਸਕੇ।**

ਹਰ ਬੀਮਾਕਰਤਾ ਦੀ ਇਸ ਦੇ ਪਾਲਸੀ-ਧਾਰਕਾਂ ਵੱਲ ਜ਼ਿੰਮੇਵਾਰੀ ਹੈ ਕਿ ਉਹ ਯਕੀਨੀ ਬਣਾਵੇ ਕਿ ਇਹ ਮੌਜੂਦਾ ਪਾਲਸੀਆਂ ਦੇ ਸਮਝੌਤੇ ਦੇ ਤਹਿਤ ਪਾਬੰਦੀਆਂ ਨੂੰ ਪੂਰਾ ਕਰਨ ਦੇ ਯੋਗ ਹੈ। ਜੇ ਬੀਮਾ ਕੰਪਨੀ ਜੋਖਿਮਾਂ ਲਈ ਪਾਲਸੀਆਂ ਜਾਰੀ ਕਰਦੀ ਹੈ, ਜੋ ਕਿ ਨਾ-ਬੀਮਾ ਕਰਨ ਯੋਗ ਹਨ ਜਾਂ ਜੋਖਿਮ ਲਈ ਬੀਮਾ ਸੁਰੱਖਿਆ ਦੇਣ ਲਈ ਬਹੁਤ ਘੱਟ ਪ੍ਰੀਮੀਅਮ ਵਸੂਲਦੀ ਹੈ ਤਾਂ ਇਸ ਦੇ ਨਤੀਜੇ ਵਜੋਂ ਬੀਮਾ ਕਰਤਾ ਇਸ ਦੇ ਸਮਝੌਤੇ ਦੀਆਂ ਪਾਬੰਦੀਆਂ ਨੂੰ ਪੂਰਾ ਕਰਨ ਦੀ ਸਮੱਰਥਾ ਨੂੰ ਖਤਰੇ ਵਿੱਚ ਪਾਉਂਦਾ ਹੈ।

ਦੂਜੇ ਪਾਸੇ, ਇੱਕ ਬੀਮਾ ਕਰਤਾ, ਜੋ ਕਿ ਜੋਖਿਮ ਲਈ ਬਹੁਤ ਵੱਧ ਦਰ ਵਸੂਲਣਾ ਚਾਹੁੰਦਾ ਹੈ, ਜੋ ਕਿ ਇੰਝ ਦੀਆਂ ਉੱਚੀਆਂ ਦਰਾਂ ਲਈ ਵਿਸ਼ਵਾਸ਼ ਨਹੀਂ ਦਿਵਾਉਂਦਾ ਹੈ, ਨੂੰ ਮਹਿਸੂਸ ਹੋ ਸਕਦਾ ਹੈ ਕਿ ਇਸ ਦਾ ਕਾਰੋਬਾਰ ਗ਼ੈਰ-ਮੁਕਾਬਲੇ ਦਾ ਹੈ ਅਤੇ ਚੱਲ ਨਹੀਂ ਸਕਦਾ ਹੈ। ਇਸਕਰਕੇ ਨਿਰਪੱਖਤਾ ਅਤੇ ਬਰਦਾਸ਼ਤ ਕਰਨ ਦੀ ਸਮੱਰਥਾ ਵਿੱਚ, ਅੰਡਰਰਾਈਟਰਿੰਗ ਕਾਰਵਾਈ ਲਈ ਬਹੁਤ ਸਾਵਧਾਨੀ ਵਰਤਣ ਦੀ ਲੋੜ ਹੈ

ਅੰਡਰਰਾਈਟਿੰਗ ਦੇ ਮੁੱਲ ਲੱਛਣ ਹੇਠ ਦਿੱਤੇ ਹਨ

i. ਲੱਛਣਾਂ ਦੇ ਆਧਾਰ ਉੱਤੇ ਜੋਖਿਮ ਦੀ ਪਛਾਣ ਕਰਨਾ
ii. ਪੇਸ਼ਕਰਤਾ ਵਲੋਂ ਪੇਸ਼ ਕੀਤੇ ਜੋਖਿਮ ਦਾ ਪੱਧਰ ਪਤਾ ਕਰਨਾ
iii. ਯਕੀਨੀ ਬਣਾਉਂਣਾ ਕਿ ਬੀਮਾ ਕਾਰੋਬਰ ਮਜ਼ਬੂਰ ਲੀਹਾਂ ਉੱਤੇ ਚੱਲੇ

ਅੰਡਰਰਾਈਟਿੰਗ ਦੇ ਮਕਸਦਾਂ ਨੂੰ ਸੰਖੇਪ ਰੂਪ ਵਿੱਚ ਮਨਜ਼ੂਰੀ ਦੇ ਪੱਧਰ, ਪ੍ਰੀਮੀਅਮ ਦੇ ਢੁੱਕਵੇਂ ਹੋਣ ਅਤੇ ਹੋਰ ਸ਼ਰਤਾਂ ਦੇ ਫੈਸਲੇ ਲੈ ਕੇ ਪ੍ਰਾਪਤ ਕੀਤਾ ਜਾ ਸਕਦਾ ਹੈ।

ਖੁਦ ਜਾਂਚ ਕਰੋ 1

ਬੀਮਾ ਦਰ ਤਹਿ ਕਰਨ ਲਈ ਪ੍ਰਭਾਵਿਤ ਕਰਨ ਵਾਲੇ ਦੋ ਕਾਰਨਾਂ ਦੀ ਪਛਾਣ ਕਰੋ।

I. ਜੋਖਿਮ ਦੀ ਸੰਭਾਵਨਾ ਅਤੇ ਤੀਬਰਤਾ

II. ਜੋਖਿਮ ਦਾ ਸਰੋਤ ਅਤੇ ਕਿਸਮ

III. ਜੋਖਿਮ ਦਾ ਸਰੋਤ ਅਤੇ ਸਮਾਂ

IV. ਜੋਖਿਮ ਦੀ ਕਿਸਮ ਅਤੇ ਅਸਰ

B. ਦਰ-ਤਹਿ ਕਰਨ ਅਧਾਰ

ਬੀਮਾ ਜੋਖਿਮ ਨੂੰ ਬੀਮਾਕਰਤਾ ਨੂੰ ਤਬਦੀਲ ਕਰਨ ਦੇ ਉਤੇ ਅਧਾਰਿਤ ਹੈ। ਬੀਮਾ ਪਾਲਸੀ ਖਰੀਦਣ ਨਾਲ, ਬੀਮਤ ਸੰਕਟ, ਜਿਸ ਲਈ ਜਾਇਦਾਦ ਦਾ ਬੀਮਾ ਕੀਤਾ ਹੈ, ਤੋਂ ਹੋਣ ਵਾਲੇ ਵਿੱਤੀ ਘਾਟੇ ਦੇ ਪ੍ਰਭਾਵ ਨੂੰ ਘਟਾਉਣ ਦੇ ਸਮਰੱਥ ਹੁੰਦਾ ਹੈ।

ਉਦਾਹਰਨ

ਜੇ ਕੋਈ ਕਾਰ ਚਲਾਉਂਦਾ ਹੈ ਤਾਂ ਦੁਰਘਟਨਾ ਵਿੱਚ ਨੁਕਸਾਨ ਹੋਣ ਦਾ ਜੋਖਿਮ ਹੈ। ਜੇ ਮਾਲਕ ਦਾ ਮੋਟਰ ਬੀਮਾ ਹੋਵੇ ਤਾਂ ਕਾਰ ਦੇ ਨੁਕਸਾਨ ਹੋਣ ਦੇ ਹਾਲਤ ਵਿੱਚ, ਬੀਮਾ ਕੰਪਨੀ ਮੁਰੰਮਤ ਲਈ ਭੁਗਤਾਨ ਕਰਦੀ ਹੈ।

ਕੰਪਨੀ ਨੂੰ ਬੀਮਾ ਦਾਅਵੇ ਤੇ ਖਰਚਿਆਂ ਦੀ ਭਵਿੱਖ ਦੇ ਖਰਚੇ, ਜਿਸ ਵਿੱਚ ਲਾਭ ਦਾ ਹਿੱਸਾ ਵੀ ਹੁੰਦਾ ਹੈ, ਪੂਰੀ ਕਰਨ ਲਈ ਕੀਮਤ ਕੱਢਣ ਦੀ ਕਾਰਵਾਈ ਅਪਨਾਉਣ ਦੀ ਲੋੜ ਹੁੰਦੀ ਹੈ। ਇਸ ਨੂੰ ਦਰ-ਤਹਿ ਕਰਨਾ (ਰੇਟਮੇਕਿੰਗ) ਕਹਿੰਦੇ ਹਨ।

ਦਰ (ਰੇਟ) ਬੀਮੇ ਦੀ ਦਿੱਤੀ ਇਕਾਈ ਦਾ ਭਾਅ ਹੁੰਦਾ ਹੈ।

ਉਦਾਹਰਨ ਲਈ, ਦਰ ਨੂੰ ਭੁਚਾਲ ਬੀਮਾ ਸੁਰੱਖਿਆ ਲਈ 1.00 ਰੁਪਏ ਪ੍ਰਤੀ ਮਿੱਲੇ ਵਜੋਂ ਦਰਸਾਇਆ ਜਾ ਸਕਦਾ ਹੈ।

ਦਰ ਘਾਟੇ ਦੇ ਹੋਣ ਦੀ ਸੰਭਾਵਨਾ ਅਤੇ ਸੰਭਾਵਨਾ ਆਕਾਰ ਮੁਤਾਬਕ ਵੱਖ-ਵੱਖ ਹੋ ਸਕਦੀ ਹੈ। ਹਰ ਦਰ ਨੂੰ ਪਿਛਲੇ ਰੁਝਾਨਾਂ ਅਤੇ ਮੌਜੂਦਾ ਮਾਹੌਲ ਵਿੱਚ ਤਬਦੀਲੀਆਂ, ਜੋ ਕਿ ਭਵਿੱਖ ਵਿੱਚ ਸੰਭਾਵਿਤ ਘਾਟਿਆਂ ਨੂੰ ਪ੍ਰਭਾਵਿਤ ਕਰ ਸਕਦੀਆਂ ਹਨ, ਨੂੰ ਵੇਖਣ ਦੇ ਬਾਅਦ ਤਹਿ ਕੀਤਾ ਜਾਂਦਾ ਹੈ।

ਉਦਾਹਰਨ

ਭੁਚਾਲ ਬੀਮੇ ਦੀ ਉੱਤੇ ਦਿੱਤੀ ਉਦਾਹਰਨ ਬਾਰੇ ਵਿਚਾਰ ਕਰੋ, ਘਾਤਕ ਲਾਈਨ ਅਤੇ ਇੱਟਾਂ ਦੇ ਘਰ ਲਈ ਵੱਧ ਦਰ ਵਸੂਲੀ ਜਾਵੇਗੀ, ਜਿਹਨਾਂ ਨੂੰ ਕੰਕਰੀਟ ਦੇ ਢਾਂਚੇ ਤੋਂ ਨੁਕਸਾਨ ਦਾ ਵੱਧ ਖਤਰਾ ਹੈ।

ਸਿਹਤ ਬੀਮੇ ਦੇ ਉਦਾਹਰਨ ਲੈਂਦੇ ਹੋਏ, ਜੋਖਿਮ ਦੇ ਹਰਕੇ ਭਾਗ ਦੇ ਅਧਾਰ ਉਤੇ ਅੰਕੀ ਜਾਂ ਫੀਸਦੀ ਮੁਲਾਂਕਣ ਕੀਤੀ ਜਾਂਦਾ ਹੈ। ਕਾਰਨ, ਜਿਵੇਂ ਕਿ ਉਮਰ, ਨਸਲ, ਕੰਮ, ਆਦਤਾਂ ਆਦਿ ਨੂੰ ਵੇਖਿਆ ਜਾਂਦਾ ਹੈ ਅਤੇ ਪਹਿਲਾਂ-ਤਹਿ ਕੀਤੀਆਂ ਸ਼ਰਤਾਂ ਦੇ ਆਧਾਰ ਉੱਤੇ ਅੰਕ ਦਿੱਤੇ ਜਾਂਦੇ ਹਨ।

ਯਾਦ ਰੱਖੋ ਕਿ ਦਰ (ਰੇਟ) ਪ੍ਰੀਮੀਅਮ ਨਹੀਂ ਹਨ।

ਪ੍ਰੀਮੀਅਮ = (ਬੀਮਾ ਕੀਤੀ ਰਕਮ) x (ਦਰ)

1. ਰੇਟਿੰਗ ਦਾ ਮਕਸਦ

ਦਰ ਤਹਿ (ਰੇਟ ਮੇਕਿੰਗ) ਦਾ ਮੁੱਢਲਾ ਮਕਸਦ ਬੀਮੇ ਦਾ ਢੁੱਕਵਾਂ ਅਤੇ ਮੰਨਣਯੋਗ ਭਾਅ ਯਕੀਨੀ ਬਣਾਉਣਾ ਹੈ, ਜੋ ਕਿ ਬੀਮਤ ਅਤੇ ਬੀਮਾਕਰਤਾ ਦੋਵਾਂ ਦੇ ਪੱਖਾਂ ਤੋਂ ਹੋਵੇ।

ਬੀਮਾਕਰਤਾ ਦੇ ਪੱਖ ਤੋਂ, ਇਸ ਦਾ ਭਾਵ ਹੈ ਕਿ ਇੱਕਠੀਆਂ ਕੀਤੀਆਂ ਗਈਆਂ ਦਰਾਂ ਦਾਅਵਿਆਂ ਦੇ ਭੁਗਤਾਨ ਕਰਨ, ਖਰਚੇ ਤੇ ਟੈਕਸ ਪੂਰੇ ਕਰਨ ਤੋਂ ਬਾਅਦ ਤਬਾਹੀ ਤੇ ਫਾਇਦੇ ਲਈ ਕਾਫ਼ੀ ਗੁੰਜਾਇਸ਼ ਦੇਣ ਦੇ ਯੋਗ ਹੋਣੀਆਂ ਚਾਹੀਦੀਆਂ ਹਨ।

ਬੀਮਤ ਦੇ ਪੱਖ ਤੋਂ, ਮੰਨਣਯੋਗ ਦਰ ਦਾ ਭਾਵ ਹੈ ਕਿ ਪੈਦਾ ਹੋਣ ਵਾਲੇ ਸੰਕਟ ਨੂੰ ਦਿੱਤੀ ਸੁਰੱਖਿਆ ਲਈ ਢੁੱਕਵੀਂ ਰਕਮ ਤੋਂ ਵੱਧ ਨਾ ਦੇਣ ਦੀ ਲੋੜ ਨਾ ਹੋਵੇ, ਜਿਸ ਵਿੱਚ ਖਰਚੇ, ਤਬਾਹੀ ਅਤੇ ਫਾਇਦੇ ਲਈ ਮੰਨਣਯੋਗ ਖਰਚੇ ਦੇ ਨਾਲ ਜੋੜੇ ਗਏ ਹੋਣ।

ਅੱਗ ਪ੍ਰੀਮੀਅਮ ਦਰਾਂ ਨੂੰ ਕਾਰਨਯੋਗ ਮੰਨਿਆ ਜਾ ਸਕਦਾ ਹੈ, ਜੇ ਇਸ ਵਿੱਚ ਸਭ ਵੱਡੇ ਕਾਰਨ ਜੋੜੇ ਗਏ ਹਨ, ਜੋ ਕਿ ਜੋਖਿਮ ਨੂੰ ਪ੍ਰਭਾਵਿਤ ਕਰਦੇ ਹਨ, ਪਰ ਛੋਟੇ ਕਾਰਨ ਅਣਡਿੱਠੇ ਕੀਤੇ ਗਏ ਹੋਣ, ਜੋ ਕਿ ਸਾਂਝੇ ਰੂਪ ਵਿੱਚ ਅੰਦਾਜ਼ਨ ਦਰ ਵਿੱਚ ਬਹੁਤ ਥੋੜ੍ਹਾ ਫਰਕ ਪਾ ਸਕਦੇ ਹਨ।

2. ਪ੍ਰੀਮੀਅਮ ਦੀ ਦਰ ਪਤਾ ਕਰਨੀ

ਪ੍ਰੀਮੀਅਮ ਦੀ ਸ਼ੁੱਧ ਦਰ ਨੂੰ ਪਿਛਲੇ ਘਾਟੇ ਤਜਰਬੇ ਦੇ ਅਧਾਰ ਉੱਤੇ ਪਤਾ ਕੀਤਾ ਜਾ ਸਕਦਾ ਹੈ। ਇਸਕਰਕੇ ਪਿਛਲੇ ਘਾਟਿਆਂ ਦੇ ਸਬੰਧ ਅੰਕੜੇ ਦਰ ਕੱਢਣ ਦੇ ਮਕਸਦ ਲਈ ਸਭ ਤੋਂ ਜ਼ਰੂਰੀ ਹਨ।

ਦਰ ਤਹਿ ਕਰਨ ਲਈ, ਜੋਖਿਮਾਂ ਨੂੰ 'ਅੰਕ ਮੁੱਲ' ਦੇਣਾ ਜ਼ਰੂਰੀ ਹੈ।

ਉਦਾਹਰਨ

ਜੇ ਮੋਟਰ ਸਾਈਕਲਾਂ ਦੀ ਵੱਡੀ ਗਿਣਤੀ ਤੋਂ ਘਾਟੇ ਨੂੰ ਮੰਨ ਲਵੋ 10 ਸਾਲਾਂ ਲਈ ਇੱਕਠਾ ਕੀਤਾ ਜਾਂਦਾ ਹੈ, ਤਾਂ ਅਸੀਂ ਵਹੀਕਲਾਂ ਤੋਂ ਹੋਣ ਹੋਣ ਵਾਲੇ ਘਾਟੇ ਦੇ ਨਤੀਜੇ ਵਜੋਂ ਕੁੱਲ ਰਕਮ ਪ੍ਰਾਪਤ ਕਰਾਂਗੇ। ਘਾਟੇ ਦੀ ਇਹ ਰਕਮ ਨੂੰ ਮੋਟਰ ਸਾਈਕਲ ਦੇ ਕੁੱਲ ਮੁੱਲ ਦੇ ਫੀਸਦੀ ਵਜੋਂ ਦਰਸਾ ਕੇ ਅਸੀਂ ਜੋਖਿਮ ਦੇ 'ਅੰਕ ਮੁੱਲ' ਨੂੰ ਤਹਿ ਕਰ ਸਕਦੇ ਹਨ। ਇਸ ਨੂੰ ਅੱਗੇ ਦਿੱਤੇ ਫਾਰਮੂਲੇ ਨਾਲ ਦਰਸਾਇਆ ਜਾ ਸਕਦਾ ਹੈ:

$$M = \frac{L}{} \times 100$$

V

L ਘਾਟੇ ਦੀ ਕੁੱਲ ਰਕਮ ਅਤੇ V ਸਭ ਮੋਟਰ ਸਾਈਕਲਾਂ ਦੇ ਕੁੱਲ ਮੁੱਲ ਨੂੰ ਦਰਸਾਉਂਦੀ ਹੈ।
ਆਉ ਮੰਨੀਏ ਕਿ:

- ✓ ਮੋਟਰ ਸਾਈਕਲ ਦਾ ਕੁੱਲ ਮੁੱਲ ਹੈ ਰੁ 50,000/-
- ✓ ਪੈਣ ਵਾਲਾ ਘਾਟਾ: 10 ਸਾਲਾਂ ਵਿੱਚ 1000 ਮੋਟਰ ਸਾਈਕਲਾਂ ਵਿੱਚੋਂ 50 ਮੋਟਰ ਸਾਈਕਲ ਚੋਰੀ ਹੋ ਜਾਂਦੇ ਹਨ
- ✓ ਔਸਤ ਰੂਪ ਵਿੱਚ, ਹਰ ਸਾਲ ਕੁੱਲ ਪੰਜ ਮੋਟਰ ਸਾਈਕਲ ਚੋਰੀ ਹੋਣ ਕਰਕੇ ਕੁੱਲ ਘਾਟਾ ਪੈਂਦਾ ਹੈ

ਫਾਰਮੂਲਾ ਲਾਗੂ ਕਰਕੇ, ਨਤੀਜਾ ਹੋਵੇਗਾ:

ਘਾਟਾ (ਰੁ. 50,000 X 5) = ਰੁ. 2,50,000

ਮੁੱਲ (ਰੁ. 50,000 X 1000) **= ਰੁ. 5,00,00,000**

ਇਸ ਦਾ ਅਰਥ ਹੈ (L / V) x 100 = [2,50,000 / 5,00,00,000] x 100 = 0.5%
ਇਸਕਰਕੇ ਪ੍ਰੀਮੀਅਮ ਦੀ ਦਰ ਹੈ ਕਿ ਇੱਕ ਮੋਟਰ ਸਾਈਕਲ ਮਾਲਕ ਦਿੰਦਾ ਹੈ ਅੱਧ ਫੀਸਦੀ ਰੁ: 50,000/- ਜਿਵੇਂ ਰੁ. 250/- ਪ੍ਰਤੀ ਸਾਲ। ਇਸ ਨੂੰ '**ਸ਼ੁੱਧਾ ਪ੍ਰੀਮੀਅਮ** ਕਿਹਾ ਜਾਂਦਾ ਹੈ।

ਪ੍ਰਤੀ ਸਾਈਕਲ ਲਈ ਰੁਪਏ 250 ਦੀ ਦਰ ਨਾਲ, 2.5 ਲੱਖ ਰੁਪਏ ਇੱਕਠੇ ਕੀਤੇ ਜਾਂਦੇ ਹਨ, ਜੋ ਕਿ 5 ਵਹੀਕਲ ਦੇ ਕੁੱਲ ਘਾਟਾ ਪੈਣ ਦੀ ਹਾਲਤ ਵਿੱਚ ਦਿੱਤੇ ਜਾਂਦੇ ਹਨ।

ਜੇ ਸ਼ੁੱਧ ਪ੍ਰੀਮੀਅਮ, ਜੋ ਕਿ ਉੱਤੇ ਪ੍ਰਾਪਤ ਕੀਤਾ ਹੈ, ਫੰਡ ਬਣਾਵੇਗਾ, ਜੋ ਕਿ ਘਾਟੇ ਨੂੰ ਪੂਰਾ ਕਰਨ ਹੀ ਕਾਫ਼ੀ ਹੋਵੇਗਾ।

ਉੱਤੇ ਉਦਾਹਰਨ ਵਿੱਚ ਅਸੀਂ ਵੇਖਿਆ ਹੈ ਕਿ ਕੁਝ ਵੀ ਵਾਧੂ ਨਹੀਂ ਹੈ। ਪਰ ਬੀਮਾ ਕਾਰਵਾਈਆਂ ਵਿੱਚ ਪ੍ਰਸ਼ਾਸ਼ਕੀ ਖਰਚੇ (ਪ੍ਰਬੰਧ ਕਰਨ ਦੇ ਖਰਚੇ) ਅਤੇ ਕਾਰੋਬਾਰ ਦੀ ਪ੍ਰਾਪਤੀ ਦੇ ਖਰਚੇ (ਏਜੰਸੀ ਦਲਾਲੀ) ਵਿੱਚ ਸ਼ਾਮਿਲ ਹੁੰਦੇ ਹਨ। ਅਚਾਨਕ ਹੋਣ ਵਾਲੇ ਭਾਰੀ ਘਾਟੇ ਲਈ ਗੁੰਜ਼ਾਇਸ਼ (ਅੰਤਰ) ਦੇਣ ਦੀ ਵੀ ਲੋੜ ਹੁੰਦੀ ਹੈ।

ਅੰਤ ਵਿੱਚ, ਕਿਉਂਕਿ ਬੀਮਾ ਲੈਣ-ਦੇਣ ਵਪਾਰਕ ਪੱਧਰ ਉੱਤੇ ਹੁੰਦੀ ਹੈ, ਇਸਕਰਕੇ ਹੋਰ ਕਾਰੋਬਾਰਾਂ ਦੀ ਤਰ੍ਹਾਂ ਫਾਇਦਾ ਦੇਣ ਦੀ ਵੀ ਲੋੜ ਹੁੰਦੀ ਹੈ, ਜੋ ਕਿ ਕਾਰੋਬਾਰ ਵਿੱਚ ਨਿਵੇਸ਼ ਕੀਤੀ ਪੂੰਜੀ ਤੋਂ ਮਿਲਦੀ ਹੈ।

ਇਸਕਰਕੇ, 'ਸ਼ੁੱਧ ਪ੍ਰੀਮੀਅਮ' ਨੂੰ ਖਰਚ, ਰਾਖਵਾਂ ਅਤੇ ਫਾਇਦਾ ਦੇਣ ਲਈ ਕੁਝ ਫੀਸਦੀ ਢੁੱਕਵੇਂ ਰੂਪ ਵਿੱਚ ਵਧਾਇਆ ਜਾਂ ਲੋਡ ਕੀਤਾ ਜਾਂਦਾ ਹੈ।

ਪ੍ਰੀਮੀਅਮ ਦੀ ਅਸਲ ਦਰ ਵਿੱਚ ਅੱਗੇ ਦਿੱਤੇ ਭਾਗ ਹੋਣਗੇ:

- ✓ ਘਾਟਾ ਭੁਗਤਾਨ
- ✓ ਘਾਟਾ ਖਰਚੇ (ਜਿਵੇਂ ਕਿ ਸਰਵੇਖਣ ਫੀਸ)
- ✓ ਏਜੰਸੀ ਦਲਾਲੀ
- ✓ ਪ੍ਰਬੰਧਕੀ ਖਰਚੇ
- ✓ ਅਚਾਨਕ ਭਾਰੀ ਘਾਟੇ ਲਈ ਰਾਖਵਾਂ ਜਿਵੇਂ ਕਿ ਮੰਨੇ ਗਏ 5 ਦੀ ਬਜਾਏ ਕੁੱਲ ਘਾਟਾ 7 ਹੋਵੇ
- ✓ ਫਾਇਦੇ ਦੀ ਗੁੰਜ਼ਾਇਸ਼

ਤਜਰਬਾ ਸਮੇਂ ਦੀ ਚੋਣ ਧਿਆਨ ਨਾਲ ਕਰਨ ਦੀ ਲੋੜ ਹੁੰਦੀ ਹੈ। ਸਭ ਤੋਂ ਤਾਜ਼ੇ ਘਾਟੇ ਤਜਰਬਾ ਅੰਤਰਾਲ ਨੂੰ ਵਰਤਣਾ ਜ਼ਰੂਰੀ ਹੈ। ਚੁਣੇ ਅੰਤਰਾਲ ਵਿੱਚ ਲੋੜੀਦੀ ਮਾਤਰਾ ਵਿੱਚ ਘਾਟਾ ਤਜਰਬਾ ਡਾਟਾ ਹੋਣਾ ਚਾਹੀਦਾ ਹੈ, ਤਾਂ ਕਿ ਨਤੀਜਿਆਂ ਦੀ ਲੋੜੀਂਦੀ ਅੰਕੜੇ ਮਹੱਤਤਾ ਜਾਂ ਯੋਗਤਾ ਹੋਵੇ। ਅੰਤ ਵਿੱਚ, ਜਦੋਂ ਕਾਰੋਬਾਰ ਤਬਾਹਕਾਰੀ ਘਾਟੇ ਦੇ ਅਧੀਨ ਹੁੰਦਾ ਹੈ, ਸਹਿਣ ਸਮੇਂ ਨੂੰ ਔਸਤ ਤਬਾਹਕਾਰੀ ਘਟਨਾ ਵਜੋਂ ਦਰਸਾਇਆ ਜਾਣਾ ਜ਼ਰੂਰੀ ਹੈ।

ਸਭ ਢੁੱਕਵੇਂ ਰੇਟਿੰਗ ਪੱਖਾਂ ਨੂੰ ਧਿਆਨ ਵਿੱਚ ਰੱਖਦੇ ਹੋਏ, ਕੋਈ ਵੀ ਯਕੀਨੀ ਬਣਾ ਸਕਦਾ ਹੈ ਕਿ ਦਰਾਂ (ਰੇਟ) ਅਧੂਰੀਆਂ, ਵੱਧ ਜਾਂ ਉਸੇ ਕਿਸਮ ਅਤੇ ਕੁਆਲਟੀ ਦੇ ਜੋਖਿਮਾਂ ਦੇ ਵਿੱਚ ਪੱਖਪਾਤੀ ਨਹੀਂ ਹਨ।

ਸਵੈ ਜਾਂਚ ਕਰੋ 2

ਸ਼ੁੱਧ ਪ੍ਰੀਮੀਅਮ ਕੀ ਹੈ?

I. ਢੁੱਕਵਾਂ ਪ੍ਰੀਮੀਅਮ, ਜੋ ਕਿ ਕੇਵਲ ਘਾਟਾ ਪੂਰਾ ਕਰਨ ਲਈ ਕਾਫ਼ੀ ਹੋਵੇ
II. ਸਮਾਜ ਦੇ ਮਾਮੂਲੀ ਮੈਂਬਰ ਉੱਤੇ ਲਾਗੂ ਹੋਣ ਵਾਲਾ ਪ੍ਰੀਮੀਅਮ
III. ਪ੍ਰਸ਼ਾਸ਼ਕੀ ਖਰਚਿਆਂ ਲਈ ਲੋਡ ਕਰਨ ਦੇ ਬਾਅਦ ਪ੍ਰੀਮੀਅਮ
IV. ਸਭ ਤੋਂ ਤਾਜ਼ਾ ਘਾਟੇ ਤਜਰਬੇ ਅੰਤਰਾਲ ਤੋਂ ਕੱਢਿਆ ਗਿਆ ਪ੍ਰੀਮੀਅਮ

C. ਰੇਟਿੰਗ ਪੱਖ

ਢੁੱਕਵੇਂ ਪੱਖ, ਜੋ ਕਿ ਦਰਾਂ ਵਿੱਚ ਜੋੜਨ ਲਈ ਵਰਤੇ ਜਾਂਦੇ ਹਨ ਅਤੇ ਰੇਟਿੰਗ ਸਕੀਮ ਬਣਾਉਂਦੇ ਹਨ, ਨੂੰ **ਰੇਟਿੰਗ ਪੱਖ** ਕਿਹਾ ਜਾਂਦਾ ਹੈ। ਬੀਮਾਕਰਤਾ ਜੋਖਿਮ ਪਤਾ ਕਰਨ ਅਤੇ ਮੁੱਲ ਤਹਿ ਕਰਨ, ਜੋ ਕਿ ਵਸੂਲਿਆ ਜਾਵੇਗਾ, ਲਈ 'ਰੇਟਿੰਗ ਪੱਖ' ਵਰਤਦੇ ਹਨ।

- ✓ ਬੀਮਾਕਰਤਾ ਆਪਣੇ ਮੁਲਾਂਕਣ ਪਹਿਲਾਂ ਤਹਿ ਕੀਤੇ ਮੂਲ ਦਰ ਦੇ ਅਧਾਰ ਕਰਦਾ ਹੈ।
- ✓ ਬੀਮਾਕਰਤਾ ਤਦ ਛੋਟਾਂ ਨਾਲ ਇਹ ਦਰ ਨੂੰ ਚੰਗੇ ਲੱਛਣਾਂ ਜਿਵੇਂ ਕਿ ਜਾਇਦਾਦ ਜੋਖਿਮ ਉੱਤੇ ਵਧੀਆ ਅੱਗ ਸੁਰੱਖਿਆ, ਨੂੰ ਲਾਗੂ ਕਰਦਾ ਹੈ ਅਤੇ ਉਲਟ ਪ੍ਰਭਾਵਾਂ ਜਿਵੇਂ ਕਿ ਮੋਟਰ ਜੋਖਿਮ ਉੱਤੇ ਮਾੜੇ ਦੋਸ਼ੀ ਰਿਕਾਰਡ ਨਾਲ ਡਰਾਇਵਿੰਗ ਲਈ ਲੋਡਿੰਗ ਲਾਗੂ ਕਰਦਾ ਹੈ।

ਖਾਸ

ਅੰਡਰਰਾਈਟਿੰਗ ਲਈ ਜਾਣਕਾਰੀ ਦੇ ਸਰੋਤ

ਕਿਸੇ ਵੀ ਅੰਕੜਾ ਜਾਂਚ ਵਿੱਚ ਪਹਿਲਾਂ ਪੜਾਅ ਡਾਟਾ ਇੱਕਠਾ ਕਰਨਾ ਹੁੰਦਾ ਹੈ। ਜਦੋਂ ਜੋਖਿਮ ਦਾ ਮੁੱਲ ਤਹਿ ਕਰਨਾ ਹੋਵੇ ਤਾਂ ਅੰਡਰਰਾਈਟਰ ਨੂੰ ਸਹੀਂ ਮੁਲਾਂਕਣ ਵਿੱਚ ਮੱਦਦ ਵਾਸਤੇ ਵੱਧ ਤੋਂ ਵੱਧ ਸੰਭਵ ਜਾਣਕਾਰੀ ਇੱਕਠੀ ਕਰਨੀ ਚਾਹੀਦੀ ਹੈ।

ਜਾਣਕਾਰੀ ਦੇ ਸਰੋਤ ਹਨ:

i. **ਪੇਸ਼ਕਸ਼ ਫਾਰਮ ਜਾਂ ਅੰਡਰਰਾਈਟਿੰਗ ਪੇਸ਼ਕਾਰੀ**

ii. **ਜੋਖਿਮ ਸਰਵੇਖਣ**

iii. **ਪੁਰਾਣੇ ਦਾਅਵੇ ਤਜਰਬਾ ਡਾਟਾ:** ਕਾਰੋਬਾਰ ਦੇ ਕੁਝ ਵਰਗਾਂ ਵਿੱਚ, ਜਿਵੇਂ ਕਿ ਨਿੱਜੀ ਅਤੇ ਮੋਟਰ ਵਰਗ, ਅੰਡਰਰਾਈਟਰ ਅਕਸਰ ਪੁਰਾਣੇ ਦਾਅਵੇ ਡਾਟੇ ਨੂੰ ਭਵਿੱਖ ਦੇ ਦਾਅਵੇ ਤਜਰਬੇ ਨੂੰ ਦਰਸਾਉਣ ਲਈ ਅਤੇ ਢੁੱਕਵਾਂ ਪ੍ਰੀਮੀਅਮ ਤਹਿ ਕਰਨ ਲਈ ਵਰਤਦੇ ਹਨ।

ਮੁੱਲ ਤਹਿ ਕਰਨ ਲਈ ਦਾਅਵੇ ਤਜਰਬੇ ਨੂੰ ਠੀਕ ਤਰ੍ਹਾਂ ਕੱਢਣ ਅਤੇ ਪ੍ਰਭਾਵ ਰੂਪ ਵਿੱਚ ਵਰਤਣਾ ਬਹੁਤ ਜ਼ਰੂਰੀ ਹੈ। ਤਬਾਹਕੁੰਨ ਘਾਟੇ ਕੁਦਰਤੀ ਰੂਪ ਵਿੱਚ ਅਚਾਨਕ ਅਤੇ ਬਹੁਤ ਘੱਟ ਹੁੰਦੇ ਹਨ। ਇਸਕਰਕੇ ਅੰਕੜਾ ਜਾਣਕਾਰੀ ਹਮੇਸ਼ਾ ਉਪਲੱਬਧ ਨਹੀਂ ਹੁੰਦੀ ਜਾਂ ਗਿਣਤੀ ਦੇ ਅਧਾਰ ਵਾਸਤੇ ਮਤਲਬ ਦੀ ਨਹੀਂ ਹੁੰਦੀ ਹੈ। (ਆਧੁਨਿਕ ਕੰਪਿਊਟਰਾਂ ਦੇ ਆਉਣ ਨਾਲ ਅੱਜਕਲ੍ਹ ਕੁਦਰਤੀ ਤਬਾਹਕੁੰਨ ਘਟਨਾਵਾਂ ਦੇ ਸੰਭਾਵਿਤ ਅਸਰ ਨੂੰ ਮਾਪਣ ਲਈ ਨਕਲੀ ਮਾਡਲ ਬਣਾਏ ਜਾਂਦੇ ਹਨ)

1. ਖ਼ਤਰਾ

ਬੀਮੇ ਦੀ ਭਾਸ਼ਾ ਵਿੱਚ ਖ਼ਤਰਾ (ਹਜ਼ਾਰਡ) ਉਹਨਾਂ ਹਾਲਤਾਂ ਜਾਂ ਲੱਛਣਾਂ ਨੂੰ ਦਰਸਾਉਣ ਲਈ ਵਰਤਿਆ ਜਾਂਦਾ ਹੈ, ਜੋ ਕਿ ਦਿੱਤੇ ਸੰਕਟ ਤੋਂ ਘਾਟੇ ਦੀ ਸੰਭਾਵਨਾ ਨੂੰ ਪੈਦਾ ਕਰਦੇ ਜਾਂ ਵਧਾਉਂਦੇ ਹਨ। ਜਾਇਦਾਦ ਅਤੇ ਵਿਅਕਤੀਆਂ ਨੂੰ ਪ੍ਰਭਾਵਿਤ ਕਰਨ ਵਾਲੇ ਕਈ ਖ਼ਤਰਿਆਂ ਦੀ ਚੰਗੀ ਜਾਣਕਾਰੀ ਅੰਡਰਰਾਈਟਿੰਗ ਲਈ ਹੋਣੀ ਬਹੁਤ ਜ਼ਰੂਰੀ ਹੈ।

ਖ਼ਤਰੇ ਨੂੰ ਭੌਤਿਕ ਅਤੇ ਨੈਤਿਕ ਵਿੱਚ ਵੰਡਿਆ ਜਾ ਸਕਦਾ ਹੈ। ਭੌਤਿਕ ਖ਼ਤਰੇ ਬੀਮੇ ਦੇ ਵਿਸ਼ਾ-ਵਸਤੂ ਦੇ ਪ੍ਰਮੁੱਖ ਲੱਛਣਾਂ ਤੋਂ ਪੈਦਾ ਹੋਣ ਵਾਲੇ ਜੋਖਿਮਾਂ ਨੂੰ ਦਰਸਾਉਣ ਲਈ ਵਰਤਿਆ ਜਾਂਦਾ ਹੈ, ਜਦੋਂ ਕਿ ਨੈਤਿਕ ਖ਼ਤਰੇ ਮਨੁੱਖੀ ਕਮੀਆਂ (ਜਿਵੇਂ ਕਿ ਬੇਈਮਾਨੀ, ਲਾਪਰਵਾਹੀ ਆਦਿ) ਜਾਂ ਆਮ ਆਰਥਿਕ ਤੇ ਸਮਾਜਿਕ ਹਾਲਤਾਂ ਤੋਂ ਪੈਦਾ ਹੋ ਸਕਦੇ ਹਨ। ਕਾਰਵਾਈ ਪੱਧਰ ਉੱਤੇ, ਦਰ-ਤਹਿ ਕਰਨ ਕਾਰਵਾਈ ਵਿੱਚ ਭੌਤਿਕ ਅਤੇ ਨੈਤਿਕ ਖ਼ਤਰਿਆਂ ਦਾ ਮੁਲਾਂਕਣ ਸ਼ਾਮਿਲ ਹੈ।

2. ਭੌਤਿਕ ਖ਼ਤਰੇ

ਭੌਤਿਕ ਖਤਰਿਆਂ ਨੂੰ ਪੇਸ਼ਕਸ਼ ਫਾਰਮ ਵਿੱਚ ਦਿੱਤੀ ਜਾਣਕਾਰੀ ਤੋਂ ਲਿਆ ਜਾ ਸਕਦਾ ਹੈ। ਇਹਨਾਂ ਨੂੰ ਜੋਖਿਮ ਦੇ ਸਰਵੇਖਣ ਜਾਂ ਜਾਂਚ ਤੋਂ ਵਧੀਆ ਢੰਗ ਨਾਲ ਪਤਾ ਕੀਤਾ ਜਾ ਸਕਦਾ ਹੈ। ਬੀਮੇ ਦੇ ਵੱਖ-ਵੱਖ ਵਰਗਾਂ ਵਿੱਚ ਭੌਤਿਕ ਖ਼ਤਰਿਆਂ ਦੀਆਂ ਕੁਝ ਉਦਾਹਰਨਾਂ ਹੇਠ ਦਿੱਤੀਆਂ ਹਨ।

a) ਅੱਗ

i. ਨਿਰਮਾਣ

ਨਿਰਮਾਣ ਦਾ ਭਾਵ ਚੀਜ਼ਾਂ ਤੋਂ ਹੈ, ਜਿਸ ਨਾਲ ਕੰਧਾਂ ਅਤੇ ਛੱਤ ਨੂੰ ਬਣਾਇਆ ਹੈ। ਕੰਕਰੀਟ ਇਮਾਰਤ ਲੱਕੜ ਦੀ ਇਮਾਰਤ ਤੋਂ ਵਧੀਆ ਹੈ।

ii. ਉਚਾਈ

ਜਿੰਨੀਆਂ ਮੰਜ਼ਲਾਂ ਵੱਧ, ਉਹਨਾਂ ਹੀ ਵੱਧ ਖ਼ਤਰਾ, ਕਿਉਂਕਿ ਅੱਗ ਬਝਾਉਣ ਲਈ ਔਖਿਆਈ ਵੱਧ ਜਾਂਦੀ ਹੈ। ਇਸ ਦੇ ਨਾਲ ਹੀ, ਵੱਡੀਆਂ ਗਿਣਤੀ ਵਿੱਚ ਉਪਰਲੀਆਂ ਫਰਸ਼ਾਂ ਦੇ ਡਿੱਗਣ ਨਾਲ ਭਾਰੀ ਨੁਕਸਾਨ ਹੁੰਦਾ ਹੈ।

iii. ਫ਼ਰਸ਼ ਦੀ ਕਿਸਮ

ਲੱਕੜ ਦੀ ਫ਼ਰਸ਼ ਨੂੰ ਅੱਗ ਛੇਤੀ ਫੜਦੀ ਹੈ। ਨਾਲ ਹੀ, ਅੱਗ ਲੱਗਣ ਦੇ ਹਾਲਤ ਵਿੱਚ ਲੱਕੜ ਦੀ ਫ਼ਰਸ਼ ਛੇਤੀ ਡਿੱਗਦੀ ਹੈ, ਜਿਸ ਨਾਲ ਹੇਠਲੀਆਂ ਮੰਜ਼ਲਾਂ ਦਾ ਨੁਕਸਾਨ ਉੱਪਰਲੀਆਂ ਮੰਜ਼ਲਾਂ ਤੋਂ ਮਸ਼ੀਨਰੀ ਜਾਂ ਸਾਮਾਨ ਡਿੱਗਣ ਕਰਕੇ ਹੁੰਦਾ ਹੈ।

iv. ਵਰਤੋ

ਇਮਾਰਤ ਦਾ ਅਧਿਕਾਰ ਅਤੇ ਕਿਸ ਮਕਸਦ ਲਈ ਇਹ ਵਰਤੀ ਜਾ ਰਹੀ ਹੈ। ਅਧਿਕਾਰ ਰੱਖਣ ਤੋਂ ਕਈ ਕਿਸਮ ਦੇ ਖ਼ਤਰੇ ਹੁੰਦੇ ਹਨ।

v. ਬਲਣ ਖ਼ਤਰਾ

ਇਮਾਰਤ, ਜਿਸ ਵਿੱਚ ਰਸਾਇਣ ਰੱਖਣ ਹੋਣ ਜਾਂ ਵੱਡੀ ਮਾਤਰਾ ਵਿੱਚ ਵਰਤੇ ਜਾਂਦੇ ਹੋਣ, ਨੂੰ ਸੰਭਾਵਿਤ ਤੌਰ ਉੱਤੇ ਅੱਗ **ਬਲਣ** ਦਾ **ਖਤਰਾ** ਹੁੰਦਾ ਹੈ। ਲੱਕੜ ਦੇ ਗੁਦਾਮ ਵਿੱਚ ਵੱਡੀ ਮਾਤਰਾ **ਵਿੱਚ ਬਲਣਯੋਗ ਖਤਰਾ** ਮੌਜੂਦ ਹੈ, ਕਿਉਂਕਿ ਇੱਕ ਵਾਰ ਅੱਗ ਸ਼ੁਰੂ ਹੋਣ ਦੇ ਬਾਅਦ ਲੱਕੜ ਛੇਤੀ ਨਾਲ ਬਲਦੀ ਹੈ। ਅੱਗ ਲੱਗਣ ਦੀ ਘਟਣਾ ਵਿੱਚ ਸਮੱਗਰੀ ਨੂੰ ਨੁਕਸਾਨ ਹੋਣ ਦੀ ਵੱਡੀ ਸੰਭਾਵਨਾ ਹੁੰਦੀ ਹੈ।

ਉਦਾਹਰਨ ਲਈ, ਕਾਗਜ਼, ਕੱਪੜੇ ਆਦਿ ਨੂੰ ਨਾ ਕੇਵਲ ਅੱਗ ਤੋਂ ਹੀ ਖਤਰਾ ਹੁੰਦਾ ਹੈ, ਬਲਕਿ ਪਾਣੀ ਅਤੇ ਗਰਮੀ ਆਦਿ ਤੋਂ ਵੀ ਨੁਕਸਾਨ ਹੋ ਸਕਦਾ ਹੈ।

vi. ਨਿਰਮਾਣ ਦੀ ਕਾਰਵਾਈ

ਜੇ ਕੰਮ ਰਾਤ ਨੂੰ ਕੀਤਾ ਜਾਂਦਾ ਹੈ ਤਾਂ ਬਣਾਵਟੀ ਰੋਸ਼ਨੀ ਦੀ ਵਰਤੋਂ, ਲਗਾਤਾਰ ਮਸ਼ੀਨਰੀ ਦੀ ਵਰਤੋਂ ਨਾਲ ਰੁਕਾਵਟ ਪੈਦਾ ਹੋਣ ਅਤੇ ਥਕੇਵੇਂ ਨਾਲ ਕਾਮਿਆਂ ਦੀ ਬੇਧਿਆਨੀ ਕਰਕੇ ਖ਼ਤਰਾ ਵੱਧ ਜਾਂਦਾ ਹੈ।

vii. ਅਵਸਥਾ

ਸੰਘਣੇ ਖੇਤਰ ਵਿੱਚ ਟਿਕਾਣੇ ਨੂੰ ਨੇੜਲੀਆਂ ਇਮਾਰਤਾਂ ਅਤੇ ਅੱਗ ਬਝਾਊ ਦਸਤੇ ਤੋਂ ਦੂਰੀ ਹੋਣ ਦੀ ਸੰਭਾਵਨਾ ਭੌਤਿਕ ਖਤਰੇ ਦੀ ਉਦਾਹਰਨ ਹੈ।

b) ਜਹਾਜ਼ੀ

i. ਜਹਾਜ਼ ਦੀ ਉਮਰ ਅਤੇ ਹਾਲਤ

ਪੁਰਾਣੇ ਜਹਾਜ਼ ਘਟੀਆ ਜੋਖਿਮ ਹੁੰਦੇ ਹਨ।

ii. ਕੀਤੀ ਜਾਣ ਵਾਲੀ ਜਲ ਯਾਤਰਾ

ਜਲ ਯਾਤਰਾ ਦਾ ਰਾਹ, ਲੋਡ ਕਰਨ ਤੇ ਉਤਾਰਨ ਦੇ ਹਾਲਤ ਅਤੇ ਬੰਦਰਗਾਹ ਉੱਤੇ ਗੁਦਾਮਾਂ ਦੀ ਸਹੂਲਤ ਕੁਝ ਕਾਰਨ ਹਨ।

iii. ਸਟਾਕ ਦੀ ਕਿਸਮ

ਉੱਚ ਮੁੱਲ ਦੀਆਂ ਚੀਜ਼ਾਂ ਦੀ ਚੋਰੀ ਦੀ ਸੰਭਾਵਨਾ ਹੁੰਦੀ ਹੈ; ਲੈ ਕੇ ਜਾਣ ਦੇ ਦੌਰਾਨ ਮਸ਼ੀਨਰੀ ਦੀ ਟੁੱਟ-ਭੱਜ ਦਾ ਖਤਰਾ ਹੁੰਦਾ ਹੈ।

iv. ਪੈਕ ਕਰਨ ਦਾ ਢੰਗ

ਪੰਡ ਵਿੱਚ ਪੈਕ ਕੀਤੇ ਕਾਰਗੋ ਨੂੰ ਬੈਗ ਵਿੱਚ ਪੈਕ ਕੀਤੇ ਗਏ ਕਾਰਗੋ ਤੋਂ ਵਧੀਆ ਮੰਨਿਆ ਜਾਂਦਾ ਹੈ। ਦੋਹਰੇ ਬੈਗ ਇੱਕਲੇ ਬੈਗ ਨਾਲ ਵੱਧ ਸੁਰੱਖਿਅਤ ਹੁੰਦੇ ਹਨ।

ਤਰਲ ਪਦਾਰਲਾਂ ਨੂੰ ਪੁਰਾਣੇ ਡਰੰਮਾਂ ਵਿੱਚ ਰੱਖਣਾ ਖਰਾਬ ਭੌਤਿਕ ਖਤਰਾ ਹੈ।

c) ਮੋਟਰ

i. ਵਹੀਕਲ ਦੀ ਉਮਰ ਅਤੇ ਹਾਲਤ

ਪੁਰਾਣੇ ਵਹੀਕਲਾਂ ਦੇ ਦੁਰਘਟਨਾਗ੍ਰਸਿਤ ਹੋਣ ਦੀ ਵੱਧ ਸੰਭਾਵਨਾ ਹੁੰਦੀ ਹੈ।

ii. ਵਹੀਕਲ ਦੀ ਕਿਸਮ

ਸਪੋਰਟਸ ਕਾਰਾਂ ਨੂੰ ਵਧੇਰੇ ਭੌਤਿਕ ਖਤਰਾ ਹੁੰਦਾ ਹੈ ਆਦਿ।

d) ਸੰਨ੍ਹਮਾਰੀ

i. ਸਟਾਕ ਦੀ ਕਿਸਮ

ਵੱਧ ਮੁੱਲ ਦੀਆਂ ਚੀਜ਼ਾਂ ਨੂੰ ਛੋਟੇ ਰੂਪ (ਜਿਵੇਂ ਗਹਿਣੇ) ਅਤੇ ਸੌਖੀ ਤਰ੍ਹਾਂ ਤਿਆਗਣ ਯੋਗ ਨੂੰ ਖਰਾਬ ਜੋਖਿਮ ਮੰਨਿਆ ਜਾਂਦਾ ਹੈ।

ii. ਅਵਸਥਾ

ਹੇਠਲੀ ਮੰਜ਼ਲ ਜੋਖਿਮ ਲਈ ਉੱਪਰਲੀ ਮੰਜ਼ਲ ਤੋਂ ਘਟੀਆ ਹੈ: ਇੱਕਲੇ ਖੇਤਰ ਵਿੱਚ ਮੌਜੂਦ ਨਿੱਜੀ ਰਿਹਾਇਸ਼ ਬਹੁਤ ਖਤਰਨਾਕ ਹਨ।

iii. ਨਿਰਮਾਣ ਕਰਨ ਖਤਰੇ

ਬਹੁਤ ਸਾਰੇ ਦਰਵਾਜ਼ੇ ਅਤੇ ਖਿੜਕੀਆਂ ਹੋਣਾ ਖਰਾਬ ਭੌਤਿਕ ਖਤਰਾ ਹੈ।

e) ਨਿੱਜੀ ਦੁਰਘਟਨਾ

i. ਵਿਅਕਤੀ ਦੀ ਉਮਰ

ਬਹੁਤ ਬੁੱਢੇ ਵਿਅਕਤੀਆਂ ਨੂੰ ਦੁਰਘਟਨਾ ਦੀ ਸੰਭਾਵਨਾ ਹੁੰਦੀ ਹੈ; ਨਾਲ ਹੀ ਉਹ ਦੁਰਘਟਨਾ ਹੋਣ ਉੱਤੇ ਠੀਕ ਹੋਣ ਲਈ ਲੰਮਾ ਸਮਾਂ ਲੈਂਦੇ ਹਨ।

ii. ਪੇਸ਼ੇ ਦੀ ਕਿਸਮ

ਜੌਕੀ, ਸੁਰੰਗ ਇੰਜਨੀਅਰ, ਦਸਤੀ ਕਾਮੇ ਮਾੜੇ ਭੌਤਿਕ ਖਤਰਿਆਂ ਦੀਆਂ ਉਦਾਹਰਨਾਂ ਹਨ।

iii. ਸਿਹਤ ਅਤੇ ਸਰੀਰਿਕ ਹਾਲਤ

ਸ਼ੁਗਰ ਦੀ ਬੀਮਾਰੀ ਨਾਲ ਪੀੜਿਤ ਵਿਅਕਤੀ ਦੁਰਘਟਨਾ ਵਿੱਚ ਬੁਰੀ ਤਰ੍ਹਾਂ ਫੱਟੜ ਹੋਣ ਉੱਤੇ ਸਰਜੀਕਲ ਇਲਾਜ ਨਹੀਂ ਵੀ ਕਰਾ ਸਕਦਾ ਹੈ।

f) ਸਿਹਤ ਬੀਮਾ

i. ਵਿਅਕਤੀ ਦੀ ਉਮਰ

ਨੌਜਵਾਨ ਉਮਰ ਵਰਗ ਬੀਮਾਰ ਪੈਣ ਦੀ ਆਵਰਤੀ ਲਈ ਘੱਟ ਝੁਕਾਅ ਵਾਲਾ ਹੁੰਦਾ ਹੈ।

ii. ਵਿਅਕਤੀ ਦੀ ਸਿਹਤ ਸਥਿਤੀ ਜਿਵੇਂ ਕਿ ਜੇ ਇਸ ਸਮੇਂ ਬੀਮਾਰੀ ਤੋਂ ਪੀੜਿਤ ਹੈ

iii. ਸ਼ਰਾਬ ਜਾਂ ਤੰਬਾਕੂ ਦੀ ਵਰਤੋਂ

iv. ਪੇਸ਼ੇ ਦੀ ਕਿਸਮ

ਫੈਕਟਰੀ ਵਿੱਚ ਕੰਮ ਕਰਨਾ, ਜਿੱਥੇ ਬਹੁਤ ਵੱਧ ਧੂੰਆਂ ਜਾਂ ਮਿੱਟੀ-ਘੱਟੇ ਦਾ ਸਾਹਮਣਾ ਕਰਨਾ ਪੈਂਦਾ ਹੋਵੇ।

3. ਰੇਟਿੰਗ ਵਿੱਚ ਭੌਤਿਕ ਖਤਰਿਆਂ ਉੱਤੇ ਕੰਮ ਕਰਨਾ

ਅੰਡਰਰਾਈਟਰ ਭੌਤਿਕ ਖਤਰਿਆਂ ਨਾਲ ਨਿਪਟਣ ਲਈ ਅੱਗੇ ਦਿੱਤੇ ਢੰਗ ਵਰਤਦੇ ਹਨ:

- ✓ ਪ੍ਰੀਮੀਅਮ ਦਾ ਲੋਡ
- ✓ ਪਾਲਸੀ ਉੱਤੇ ਵਾਰੰਟੀਆਂ ਲਗਾਉਣੀਆਂ
- ✓ ਕੁਝ ਸ਼ਰਤਾਂ ਜੋੜਨੀਆਂ
- ✓ ਵਾਧਾ/ ਘਟਾਉਣਯੋਗ ਲਗਾਉਣਾ
- ✓ ਮਨਜ਼ੂਰ ਕੀਤੀ ਬੀਮਾ ਸੁਰੱਖਿਆ ਲਈ ਪਾਬੰਦੀਆਂ ਲਗਾਉਣੀਆਂ
- ✓ ਬੀਮਾ ਸੁਰੱਖਿਆ ਤੋਂ ਇਨਕਾਰ

a) ਪ੍ਰੀਮੀਅਮ ਦਾ ਲੋਡ

ਜੋਖਿਮ ਸਾਹਮਣਾ ਕਰਨ ਵਿੱਚ ਕੁਝ ਉਲਟ ਪ੍ਰਭਾਵ ਹੋ ਸਕਦੇ ਹਨ, ਜਿਹਨਾਂ ਲਈ ਅੰਡਰਰਾਈਟਰਾਂ ਨੂੰ ਮਨਜ਼ੂਰ ਕਰਨ ਤੋਂ ਪਹਿਲਾਂ ਵਾਧੂ ਪ੍ਰੀਮੀਅਮ ਵਸੂਲਣ ਬਾਰੇ ਫੈਸਲਾ ਕਰਨਾ ਹੁੰਦਾ ਹੈ।

ਪ੍ਰੀਮੀਅਮ ਲੋਡ ਕਰਨ ਨਾਲ, ਦਾਅਵਿਆਂ ਦੀ ਵੱਧ ਸੰਭਾਵਨਾ ਜਾਂ ਵੱਡੇ ਦਾਅਵੇ ਪੇਸ਼ ਕਰਨ ਨੂੰ ਧਿਆਨ ਵਿੱਚ ਰੱਖਣਾ ਚਾਹੀਦਾ ਹੈ।

ਉਦਾਹਰਨ

i. ਪ੍ਰੀਮੀਅਮ ਦਾ ਆਮ ਦਰ ਵਸੂਲੀ ਜਾਂਦੀ ਹੈ, ਜੇ ਕਾਰਗੋ ਨੂੰ ਲਾਈਨਰ (ਯਾਤਰੀ-ਜਹਾਜ਼) ਜਾਂ ਹੋਰ ਜਹਾਜ਼ਾਂ ਵਿੱਚ ਭੇਜਿਆ ਜਾਂਦਾ ਹੈ, ਜੋ ਕਿ ਤਹਿ ਕੀਤੇ ਸਟੈਂਡਰਡ ਦੀ ਪਾਲਣਾ ਕਰਦੇ ਹਨ। ਪਰ, ਜੇ ਪੁਰਾਣੇ ਜਾਂ ਟਨਭਾਰ ਤੋਂ ਘੱਟ ਜਹਾਜ਼ ਵਿੱਚ ਸਾਮਾਨ (ਕਾਰਗੋ) ਭੇਜਿਆ ਜਾਂਦਾ ਹੈ ਤਾਂ ਵਾਧੂ ਪ੍ਰੀਮੀਅਮ ਵਸੂਲਿਆ ਜਾਂਦਾ ਹੈ।

ii. ਨਿੱਜੀ ਦੁਰਘਟਨਾ ਬੀਮੇ ਵਿੱਚ, ਜੇ ਬੀਮਤ ਖਤਰਨਾਕ ਸਰਗਰਮੀਆਂ, ਜਿਵੇਂ ਕਿ ਪਰਬਤਆਰੋਹਣ, ਵਹੀਕਲ ਉੱਤੇ ਦੌੜਾਂ, ਵੱਡੀਆਂ ਖੇਡਾਂ ਖੇਡਣ ਆਦਿ ਲਈ ਵਿੱਚ ਸ਼ਾਮਿਲ ਹੁੰਦਾ ਹੈ ਤਾਂ ਵਾਧੂ ਪ੍ਰੀਮੀਅਮ ਲਿਆ ਜਾ ਸਕਦਾ ਹੈ।

iii. ਸਿਹਤ ਬੀਮੇ ਵਿੱਚ, ਜੇ ਅੰਡਰਰਾਈਟਿੰਗ ਦੇ ਸਮੇਂ ਉਲਟ ਲੱਛਣ ਹੋਣ ਤਾਂ, ਇਸ ਨਾਲ ਵੀ ਪ੍ਰੀਮੀਅਮ ਲਈ ਲੋਡਿੰਗ ਹੋ ਸਕਦੀ ਹੈ।

ਕਈ ਵਾਰ ਉਲਟ ਦਾਅਵਾ ਅਨੁਪਾਤ ਲਈ ਵੀ ਪ੍ਰੀਮੀਅਮ ਲੋਡਿੰਗ ਕੀਤੀ ਜਾਂਦੀ ਹੈ, ਕਿਉਂਕਿ ਮੋਟਰ ਬੀਮੇ ਜਾਂ ਸਿਹਤ ਬੀਮਾ ਪਾਲਸੀਆਂ ਦੇ ਕੇਸ ਵਿੱਚ।

ਆਈਆਰਡੀਏਆ ਵਲੋਂ ਤਾਜ਼ਾ ਨਿਯਮਾਂ ਤਹਿਤ, ਲੋਡਿੰਗ ਦੇ ਆਧਾਰ ਉੱਤੇ ਵਿਅਕਤੀਗਤ ਦਾਅਵਾ ਨਹੀਂ ਕੀਤਾ ਜਾ ਸਕਦਾ ਹੈ। ਲੋਡਿੰਗ ਨੂੰ ਕੇਵਲ ਪੂਰੇ ਪੋਰਟਫੋਲਿਓ ਲਈ ਹੀ ਲਗਾਈ ਜਾ ਸਕਦੀ ਹੈ, ਜੋ ਕਿ ਟੀਚਾ ਸ਼ਰਤ ਉੱਤੇ ਅਧਾਰਿਤ ਹੈ।

b) ਵਾਰੰਟੀਆਂ ਦੀ ਜ਼ਿੰਮੇਵਾਰੀ

ਬੀਮਾਕਰਤਾ ਭੌਤਿਕ ਖਤਰੇ ਨੂੰ ਘਟਾਉਣ ਲਈ ਢੁੱਕਵੀਆਂ ਵਾਰੰਟੀਆਂ ਲਗਾ ਸਕਦੇ ਹਨ। ਹੇਠਾਂ ਕੁਝ ਉਦਾਹਰਨਾਂ ਦਿਤੱਆਂ ਜਾ ਰਹੀਆਂ ਹਨ।

ਉਦਾਹਰਨ

i. ਜਹਾਜ਼ੀ ਕਾਰਗੋ

ਟਿਨ ਲਾਈਨ ਡੱਬਿਆਂ ਵਿੱਚ ਪੈਕ ਕੀਤੇ ਸਾਮਾਨ (ਜਿਵੇਂ ਕਿ ਚਾਹ) ਲਈ ਵਾਰੰਟੀ ਲਗਾਈ ਜਾਂਦੀ ਹੈ।

ii. ਸੰਨ੍ਹਮਾਰੀ

ਇਹ ਵਾਰੰਟੀ ਦਿੱਤੀ ਜਾਂਦੀ ਹੈ ਕਿ ਜਾਇਦਾਦ ਨੂੰ ਚੌਵੀਂ ਘੰਟੇ ਚੌਕੀਦਾਰਾਂ ਰਾਹੀਂ ਸੁਰੱਖਿਆ ਦਿੱਤੀ ਜਾਂਦੀ ਹੈ।

iii. ਅੱਗ

ਅੱਗ ਬੀਮੇ ਦੇ ਕੇਸ ਵਿੱਚ, ਇਹ ਵਾਰੰਟੀ ਦਿੱਤੀ ਜਾਂਦੀ ਹੈ ਕਿ ਇਮਾਰਤ ਨੂੰ ਆਮ ਕੰਮਕਾਜੀ ਘੰਟਿਆਂ ਤੋਂ ਵੱਧ ਨਹੀਂ ਵਰਤਿਆ ਜਾਵੇਗਾ।

iv. ਮੋਟਰ

ਇਹ ਵਾਰੰਟੀ ਦਿੱਤੀ ਜਾਂਦੀ ਹੈ ਕਿ ਵਹੀਕਲ ਨੂੰ ਸਪੀਡ ਟੈਸਟ ਜਾਂ ਰੇਸ ਕਰਨ ਲਈ ਨਹੀਂ ਵਰਤਿਆ ਜਾਵੇਗਾ।

---

c) ਕੁਝ ਸ਼ਰਤਾਂ ਦੀ ਵਰਤੋਂ, ਜਿਸ ਨਾਲ ਦਾਅਵੇ/ਘਾਟੇ ਦੀ ਰਕਮ ਘਟ ਜਾਵੇਗੀ

ਉਦਾਹਰਨ

ਜਹਾਜ਼ੀ ਕਾਰਗੋ: ਹਿੱਸਿਆਂ ਨੂੰ ਛੋਟਾ ਨੁਕਸਾਨ ਮਹਿੰਗੀ ਮਸ਼ੀਨਰੀ ਲਈ ਪ੍ਰਤੀਕਾਤਮਿਕ ਕੁੱਲ ਨੁਕਸਾਨ ਹੋ ਸਕਦਾ ਹੈ। ਇੰਝ ਦੀ ਮਸ਼ੀਨਰੀ ਤਬਾਦਲਾ ਸ਼ਰਤ ਦੇ ਅਧੀਨ ਹੋ ਸਕਦੀ ਹੈ, ਜਿਸ ਵਿੱਚ ਅੰਡਰਰਾਈਟਰ ਦੀ ਦੇਣਦਾਰੀ ਕੇਵਲ ਟੁੱਟੇ ਹੋਏ ਹਿੱਸਿਆਂ ਨੂੰ ਬਦਲਣ, ਅੱਗੇ ਭੇਜਣ ਅਤੇ ਮੁੜ-ਫਿੱਟ ਕਰਨ ਤੱਕ ਹੀ ਸੀਮਿਤ ਹੋ ਸਕਦੀ ਹੈ।

ਕਾਸਟ ਪਾਈਪ, ਹਾਰਡ ਬੋਰਡ ਕਈ ਵਾਰ ਕੇਵਲ ਕੋਨਿਆਂ ਤੋਂ ਹੀ ਖਰਾਬ ਹੋ ਸਕਦਾ ਹੈ। ਕਾਸਟ ਪਾਈਪ, ਹਾਰਡ ਬੋਰਡ ਆਦਿ ਲਈ ਜਹਾਜ਼ੀ ਪਾਲਸੀਆਂ ਕੱਟਣ ਸ਼ਰਤ ਵਾਰੰਟੀਆਂ ਦੇ ਅਧੀਨ ਹੁੰਦੀਆਂ ਹਨ, ਜਿਸ ਮੁਤਾਬਕ ਖਰਾਬ ਹੋਏ ਭਾਗ ਨੂੰ ਕੱਟਿਆ ਜਾ ਸਕਦਾ ਹੈ ਅਤੇ ਬਾਕੀ ਨੂੰ ਵਰਤਿਆ ਜਾਣਾ ਚਾਹੀਦਾ ਹੈ।

ਕਈ ਵਾਰ ਵਿਦੇਸ਼ ਤੋਂ ਆਯਾਤ ਕੀਤੇ ਸਾਮਾਨ ਉੱਤੇ ਅੰਦਰੂਨੀ ਆਉਣ-ਜਾਣ ਉੱਤੇ ਵੀ ਜਹਾਜ਼ੀ ਬੀਮੇ ਦੀ ਮੰਗ ਕੀਤੀ ਜਾਂਦੀ ਹੈ। ਇਹ ਵੀ ਬਹੁਤ ਹੱਦ ਤੱਕ ਸੰਭਵ ਹੈ ਕਿ ਇੰਝ ਦੇ ਸਾਮਾਨ ਦਾ ਨੁਕਸਾਨ ਸਮੁੰਦਰੀ ਯਾਤਰਾ ਦੌਰਾਨ ਹੀ ਹੋ ਗਿਆ ਹੋਵੇ, ਪਰ ਬਾਹਰੀ ਜਾਂਚ ਉੱਤੇ ਪਤਾ ਨਾ ਲੱਗਾ ਹੋਵੇ।

ਇੰਝ ਦੇ ਜੋਖਿਮਾਂ ਮਨਜ਼ੂਰ ਕੀਤੇ ਜਾਂਦੇ, ਜੋ ਕਿ ਬੰਦਰਗਾਹ ਉੱਤੇ ਉਤਾਰਨ ਸਮੇਂ ਸਾਮਾਨ ਦੀ ਜਾਂਚ ਉੱਤੇ ਨਿਰਭਰ ਹੈ। ਪਾਲਸੀ ਮਨਜ਼ੂਰ ਕਰਨ ਤੋਂ ਪਹਿਲਾਂ ਸਰਵੇਖਣ ਉੱਤੇ ਨਿਰਭਰ ਹੈ।

---

d) ਵਾਧਾ/ ਘਟਾਉਣਯੋਗ ਦਾ ਟੈਕਸ

ਜਦੋਂ ਘਾਟਾ ਰਕਮ ਦਿੱਤੇ ਗਏ ਵਾਧੇ/ਘਟਾਉਣਯੋਗ ਤੋਂ ਵੱਧ ਜਾਂਦੀ ਹੈ ਤਾਂ ਬਕਾਏ ਨੂੰ 'ਵਾਧਾ' ਸ਼ਰਤ ਅਧੀਨ ਭੁਗਤਾਇਆ ਜਾਂਦਾ ਹੈ। ਹੱਦ ਤੋਂ ਘੱਟ ਘਾਟੇ ਭੁਗਤਾਨਯੋਗ ਨਹੀਂ ਹਨ।

ਇਹਨਾਂ ਸ਼ਰਤਾਂ ਦਾ ਮਕਸਦ ਛੋਟੇ ਦਾਅਵਿਆਂ ਨੂੰ ਖਤਮ ਕਰਨਾ ਹੁੰਦਾ ਹੈ। ਕਿਉਂਕਿ ਬੀਮਤ ਨੂੰ ਘਾਟੇ ਦਾ ਹਿੱਸਾ ਦਿੱਤਾ ਜਾਂਦਾ ਹੈ, ਇਸ ਨਾਲ ਉਸ ਨੂੰ ਉਤਸ਼ਾਹਿਤ ਕੀਤਾ ਜਾਂਦਾ ਹੈ ਕਿ ਉਹ ਵੱਧ ਧਿਆਨ ਰੱਖੇ ਅਤੇ ਘਾਟਾ ਰੋਕਣ ਦੀ ਕੋਸ਼ਿਸ਼ ਕਰੇ।

e) ਬੀਮਾ ਸੁਰੱਖਿਆ ਦੀ ਪਾਬੰਦੀ

ਉਦਾਹਰਨ

i. **ਮੋਟਰ**: ਪੁਰਾਣੇ ਮੋਟਰ ਵਹੀਕਲ ਲਈ ਵਿਆਪਕ ਸ਼ਰਤਾਂ ਉੱਤੇ ਪੇਸ਼ਕਸ਼ ਮਨਜ਼ੂਰ ਨਹੀਂ ਕੀਤੀ ਜਾਵੇਗੀ, ਪਰ ਬੀਮਾਕਰਤਾ ਪਾਬੰਦੀਸ਼ੁਦਾ ਬੀਮਾ ਸੁਰੱਖਿਆ ਦੇਵੇਗਾ ਜਿਵੇਂ ਕਿ ਕੇਵਲ ਸੁਤੰਤਰ ਧਿਰ ਜੋਖਿਮ ਹੀ।

ii. **ਨਿੱਜੀ ਦੁਰਘਟਨਾ**: ਨਿੱਜੀ ਦੁਰਘਟਨਾ ਪੇਸ਼ਕਰਤਾ, ਜੋ ਕਿ ਉਮਰ ਦੀ ਵੱਧ ਤੋਂ ਵੱਧ ਮਨਜ਼ੂਰ ਹੱਦ ਨੂੰ ਲੰਘ ਚੁੱਕਾ ਹੈ, ਨੂੰ ਵਿਆਪਕ ਸ਼ਰਤਾਂ ਦੀ ਬਜਾਏ ਮੌਜਤ ਜੋਖਿਮ ਲਈ ਹੀ ਬੀਮਾ ਸੁਰੱਖਿਆ ਦਿੱਤੀ ਜਾ ਸਕਦੀ ਹੈ, ਜਿਸ ਵਿੱਚ ਅਪੰਗਤਾ ਬੀਮੇ ਸ਼ਾਮਿਲ ਹੋਣ।

iii. **ਸਿਹਤ**: ਬੀਮਾਕਰਤਾ ਬੀਮਾ ਕਰਨ ਸਮੇਂ ਕੁਝ ਸਰਜੀਕਲ ਕਾਰਵਾਈਆਂ ਲਈ ਬੀਮਾ ਸੁਰੱਖਿਆ ਨੂੰ ਸੀਮਿਤ ਕਰ ਸਕਦਾ ਹੈ ਜਾਂ ਸ਼ਰਤਾਂ ਤੇ ਬੀਮਾ ਸੁਰੱਖਿਆ ਨੂੰ ਕੁਝ ਹੱਦ ਤੱਕ ਸੀਮਿਤ ਕਰ ਸਕਦਾ ਹੈ। ਜਿਵੇਂ ਕਿ ਮੋਤੀਆ-ਬਿੰਦ ਜਾਂ ਅੱਖਾਂ ਦੇ ਲੈਨਜ਼ ਦਾ ਅਪਰੇਸ਼ਨ।

f) ਛੋਟਾਂ

ਘੱਟ ਦਰ ਵਸੂਲੀ ਜਾਂਦੀ ਹੈ ਜਾਂ ਆਮ ਪ੍ਰੀਮੀਅਮ ਵਿੱਚ ਛੋਟ ਦਿੱਤੀ ਜਾਂਦੀ ਹੈ, ਜੇ ਜੋਖਿਮ ਲਾਹੇਵੰਦ ਹੁੰਦਾ ਹੈ।

ਅੱਗ ਬੀਮੇ ਵਿੱਚ ਜੋਖਿਮ ਦੇ ਸੁਧਾਰ ਵਿੱਚ ਯੋਗਦਾਨ ਦੇਣ ਲਈ ਅੱਗੇ ਦਿੱਤੇ ਲੱਛਣਾਂ ਉੱਤੇ ਵਿਚਾਰ ਕੀਤਾ ਜਾਂਦਾ ਹੈ।

i. ਇਮਾਰਤ ਵਿੱਚ ਫੁਹਾਰਾ ਸਿਸਟਮ ਲਗਾਉਣਾ
ii. ਇਮਾਰਤ ਵਿੱਚ ਨਲ ਸਿਸਟਮ ਲਗਾਉਣਾ
iii. ਹੱਥਲੇ ਸਾਮਾਨ ਨੂੰ ਇੰਸਟਾਲ ਕਰਨਾ, ਜਿਸ ਵਿੱਚ ਬਾਲਟੀਆਂ, ਚੁੱਕਣਯੋਗ ਅੱਗ ਬਝਾਊ ਯੰਤਰ ਅਤੇ ਦਸਤੀ ਅੱਗ ਪੰਪ
iv. ਆਟੋਮੈਟਿਕ ਅੱਗ ਅਲਾਰਮ ਲਗਾਉਣਾ

ਉਦਾਹਰਨ

ਮੋਟਰ ਬੀਮੇ ਅਧੀਨ ਪ੍ਰੀਮੀਅਮ ਵਿੱਚ ਛੋਟ ਦਿੱਤੀ ਜਾਂਦੀ ਹੈ, ਜੇ ਮੋਟਰ ਸਾਈਕਲ ਦੇ ਨਾਲ ਸਾਈਡ-ਕਾਰ ਜੋੜੀ ਜਾਂਦੀ ਹੈ, ਕਿਉਂਕਿ ਇਹ ਛੋਟਾ ਲੱਛਣ ਜੋਖਿਮ ਨੂੰ ਸੁਧਾਰਨ ਵਿੱਚ ਮੱਦਦ ਕਰਦੀ ਹੈ, ਇਸ ਨਾਲ ਵਹਕੀਲ ਦੀ ਸਥਿਰਤਾ ਵੱਧਦੀ ਹੈ।

ਜਹਾਜ਼ੀ ਬੀਮੇ ਵਿੱਚ, ਬੀਮਾਕਰਤਾ "ਪੂਰੇ ਲੋਡ" ਵਾਲੇ ਕਨਟੇਨਰ ਲਈ ਪ੍ਰੀਮੀਅਮ ਉੱਤੇ ਛੋਟ ਦੇਣ ਬਾਰੇ ਵਿਚਾਰ ਕਰ ਸਕਦਾ ਹੈ, ਕਿਉਂਕਿ ਇਸ ਨਾਲ ਚੋਰੀ ਦੀ ਘਟਨਾ ਅਤੇ ਕਮੀ ਘੱਟ ਜਾਂਦੀ ਹੈ।

ਗਰੁੱਪ ਨਿੱਜੀ ਦੁਰਘਟਨਾ ਬੀਮਾ ਸੁਰੱਖਿਆ ਅਧੀਨ, ਵੱਡੇ ਗੁਰੱਪ ਦੀ ਬੀਮਾ ਸੁਰੱਖਿਆ ਲਈ ਛੋਟ ਦਿੱਤੀ ਜਾਵੇਗੀ, ਜਿਸ ਲਈ ਬੀਮਾਕਰਤਾ ਲਈ ਪ੍ਰਸ਼ਾਸ਼ਕੀ ਕੰਮ ਅਤੇ ਖਰਚੇ ਘੱਟ ਜਾਂਦੇ ਹਨ।

---

g) ਨਾ ਦਾਅਵਾ ਬੋਨਸ (ਐਨਸੀਬੀ)

ਨਵਿਆਉਣ ਸਾਲ ਵਿੱਚ ਬਿਨਾਂ ਦਾਅਵੇ ਦੇ ਕੁਝ ਫੀਸਦੀ ਬੋਨਸ ਵਜੋਂ ਦਿੱਤਾ ਜਾਂਦਾ ਹੈ, ਜਿਸ ਲਈ ਵੱਧ ਤੋਂ ਵੱਧ ਬੋਨਸ ਦੀ ਹੱਦ ਤਹਿ ਹੁੰਦੀ ਹੈ, ਜਿਸ ਨੂੰ ਪ੍ਰਾਪਤ ਕੀਤਾ ਜਾ ਸਕਦਾ ਹੈ। ਇਸ ਨੂੰ ਕੇਵਲ ਨਵਿਆਉਣ ਉੱਤੇ ਕੁੱਲ ਪ੍ਰੀਮੀਅਮ ਉੱਤੇ ਛੋਟ ਦੇ ਢੰਗ ਨਾਲ ਦਿੱਤਾ ਜਾਂਦਾ ਹੈ, ਜੋ ਕਿ ਪੂਰੇ ਗਰੁੱਪ ਲਈ ਉਠਾਏ ਦਾਅਵਾ ਅਨੁਪਾਤ ਉੱਤੇ ਨਿਰਭਰ ਹੈ।

ਨਾ-ਦਾਅਵਾ ਬੋਨਸ ਅੰਡਰਰਾਈਟਿੰਗ ਕੰਮ ਸੁਧਾਰਨ ਲਈ ਚੰਗੀ ਨੀਤੀ ਹੈ ਅਤੇ ਰੇਟਿੰਗ ਸਿਸਟਮ ਦਾ ਸਾਂਝਾ ਦਰ ਬਣਾਉਂਦਾ ਹੈ। ਇਹ ਬੋਨਸ ਬੀਮਤ ਵਿੱਚ ਨੈਤਿਕ ਖਤਰੇ ਦੇ ਕਾਰਕ ਨੂੰ ਪਛਾਣਦਾ ਹੈ। ਇਹ ਬੀਮਤ ਨੂੰ

ਦਾਅਵਾ ਨਾ ਕਰਕੇ ਇਨਾਮ ਹੈ, ਜੋ ਕਿ ਜਾਂ ਤਾਂ ਮੋਟਰ ਬੀਮੇ ਵਿੱਚ ਡਰਾਇਵਿੰਗ ਵਧੀਆ ਬਣਾ ਕੇ ਜਾਂ ਮੈਡੀਕਲੇਮ ਪਾਲਸੀਆਂ ਵਿੱਚ ਆਪਣੀ ਸਿਹਤ ਦੀ ਵਧੀਆ ਦੇਖਭਾਲ ਕਰਕੇ ਹੈ।

h) ਇਨਕਾਰ

ਜੇ ਭੌਤਿਕ ਖ਼ਤਰਾ ਵੱਡੇ ਰੂਪ ਵਿੱਚ ਹੋਵੇ ਤਾਂ ਜੋਖਿਮ ਨਾ-ਬੀਮਾਯੋਗ ਹੋ ਜਾਂਦਾ ਹੈ ਅਤੇ ਇਸ ਲਈ ਇਨਕਾਰ ਕੀਤਾ ਜਾਂਦਾ ਹੈ। ਉਹਨਾਂ ਦੇ ਪੁਰਾਣੇ ਘਾਟਾ ਤਜਰਬਿਆਂ, ਖ਼ਤਰਿਆਂ ਦੇ ਗਿਆਨ ਅਤੇ ਪੂਰੀ ਅੰਡਰਰਾਈਟਿੰਗ ਪਾਲਸੀ ਦੇ ਆਧਾਰ ਉੱਤੇ, ਬੀਮਾਕਰਤਾ ਬੀਮੇ ਦੇ ਹਰੇਕ ਵਰਗ ਵਿੱਚ ਇਨਕਾਰ ਕਰਨ ਵਾਲੇ ਜੋਖਿਮਾਂ ਦੀ ਸੂਚੀ ਤਿਆਰ ਕਰਦਾ ਹੈ।

4. ਨੈਤਿਕ ਖ਼ਤਰੇ

ਨੈਤਿਕ ਖਤਰੇ ਅੱਗੇ ਦਿੱਤੇ ਢੰਗਾਂ ਨਾਲ ਪੈਦਾ ਹੋ ਸਕਦੇ ਹਨ:

a) ਬੇਈਮਾਨੀ

ਮਾੜੇ ਨੈਤਿਕ ਖਤਰੇ ਦੀ ਸਭ ਤੋਂ ਵੱਡੀ ਉਦਾਹਰਨ ਹੋ ਸਕਦੀ ਹੈ ਕਿ ਬੀਮਤ ਦਾਅਵਾ ਲੈਣ ਲਈ ਘਾਟਾ ਪਾਉਣ ਦੀ ਨੀਅਤ ਨਾਲ ਸੋਚ-ਸਮਝ ਕੇ ਬੀਮਾ ਲੈਂਦਾ ਹੈ। ਇਮਾਨਦਾਰ ਬੀਮਤ ਵੀ ਘਾਟਾ ਪਾਉਣ ਦੀ ਲਾਲਸਾ ਕਰ ਸਕਦਾ ਹੈ, ਜੇ ਉਸ ਨੂੰ ਵਿੱਤੀ ਮੁਸ਼ਕਿਲਾਂ ਦਾ ਸਾਹਮਣਾ ਹੁੰਦਾ ਹੈ।

b) ਲਾਪਰਵਾਹੀ

ਘਾਟੇ ਲਈ ਬੇਪਰਵਾਹੀ ਲਾਪਰਵਾਹੀ ਦੀ ਉਦਾਹਰਨ ਹੈ। ਬੀਮੇ ਕਰਵਾਏ ਹੋਣ ਕਰਕੇ, ਬੀਮਤ ਬੀਮਾ ਕਰਵਾਈ ਜਾਇਦਾਦ ਵੱਲ ਬੇਧਿਆਨੀ ਦਾ ਰਵੱਈਆ ਰੱਖ ਸਕਦਾ ਹੈ।

ਜੇ ਬੀਮਤ ਜਾਇਦਾਦ ਦਾ ਉਸ ਤਰ੍ਹਾਂ ਧਿਆਨ ਨਹੀਂ ਰੱਖਦਾ ਹੈ ਜਿੰਨਾ ਕਿ ਜਾਗਰੂਕ ਅਤੇ ਵਾਜਬ ਵਿਅਕਤੀ ਨੂੰ ਰੱਖੇਗਾ, ਜਦੋਂ ਕਿ ਨਾ-ਬੀਮਾ ਕੀਤਾ ਹੁੰਦਾ ਨੈਤਿਕ ਖਤਰਾ ਨਾ-ਸੰਤੁਸ਼ਟੀਜਨਕ ਹੈ।

c) ਵਪਾਰਕ ਸਬੰਧ

ਮਾਲਕ-ਮੁਲਾਜ਼ਮ ਸਬੰਧ ਮਾੜੇ ਨੈਤਿਕ ਖਤਰਿਆਂ ਦਾ ਭਾਗ ਹੋ ਸਕਦੇ ਹਨ।

d) ਗਲਤ ਦਾਅਵੇ

ਇਸ ਕਿਸਮ ਦੇ ਨੈਤਿਕ ਖਤਰੇ ਦਾਅਵਾ ਹੋਣ ਸਮੇਂ ਪੈਦਾ ਹੁੰਦੇ ਹਨ। ਬੀਮਤ ਜਾਣ ਬੁੱਝ ਕੇ ਘਾਟਾ ਨਹੀਂ ਪਾਉਂਦਾ ਹੈ, ਪਰ ਜਦੋਂ ਘਾਟਾ ਹੋ ਜਾਂਦਾ ਹੈ ਤਾਂ ਉਹ ਮੁਆਵਜ਼ੇ ਦੇ ਸਿਧਾਂਤ ਦੀ ਬਿਨਾਂ ਪਰਵਾਹ ਕੀਤੇ ਬਗੈਰ ਮੁਆਵਜ਼ੇ ਦੀ ਬੇਤੁਕਾ ਵੱਡੀ ਰਕਮ ਦੀ ਮੰਗ ਕਰ ਸਕਦਾ ਹੈ।

ਉਦਾਹਰਨ

ਇੰਝ ਦੇ ਨੈਤਿਕ ਖਤਰੇ ਦੀ ਉਦਾਹਰਨ ਨਿੱਜੀ ਦੁਰਘਟਨਾ ਬੀਮੇ ਤੋਂ ਪੈਦਾ ਹੋ ਸਕਦੀ ਹੈ, ਜਿੱਥੇ ਦਾਅਵਾ ਕਰਨ ਵਾਲਾ ਅਪੰਗਤਾ ਦੇ ਆਪਣੇ ਸਮੇਂ ਨੂੰ ਵਧਾਉਣ ਦੀ ਕੋਸ਼ਿਸ਼ ਕਰ ਸਕਦਾ ਹੈ ਤਾਂ ਕਿ ਸੱਟ ਦੀ ਕਿਸਮ ਰਾਹੀਂ ਮਿਲਣ ਵਾਲੇ ਯੋਗ ਬੀਮੇ ਦੇ ਫਾਇਦਿਆਂ ਤੋਂ ਵੱਧ ਪ੍ਰਾਪਤ ਕਰ ਸਕੇ।

ਮੋਟਰ ਦਾਅਵੇ ਵਿੱਚ ਖਤਰਾ ਪੈਦਾ ਹੁੰਦਾ ਹੈ, ਜਦੋਂ ਬੀਮਤ ਖ਼ਰਾਬ ਹੋਏ ਭਾਗਾਂ, ਜਿਹਨਾਂ ਦੀ ਸਫ਼ਲਤਾ ਨਾਲ ਮੁਰੰਮਤ ਹੋ ਸਕਦੀ ਸੀ, ਨੂੰ ਨਵੇਂ ਭਾਗਾਂ ਨਾਲ ਬਦਲਣ ਲਈ ਬੇਤੁਕੇ ਢੰਗ ਨਾਲ ਮਜ਼ਬੂਰ ਕਰਦਾ ਹੈ ਜਾਂ ਕੁਝ ਮੁਰੰਮਤ ਜਾਂ ਬਦਲਾਉਣ ਦੀ ਕੋਸ਼ਿਸ਼ ਕਰਦਾ ਹੈ, ਜੋ ਕਿ ਦੁਰਘਟਨਾ ਨਾਲ ਸਬੰਧਿਤ ਨਹੀਂ ਹਨ।

ਨੈਤਿਕ ਖਤਰਿਆਂ ਨੂੰ ਸਹਿ-ਭੁਗਤਾਨ, ਕਟੌਤੀ, ਅਧੀਨ-ਹੱਦ ਅਤੇ ਨਾ-ਦਾਅਵਾ ਬੋਨਸ ਵਰਗੀਆਂ ਪ੍ਰੇਰਨਾ ਵਰਗੇ ਢੰਗਾਂ ਦੀ ਵਰਤੋਂ ਕਰਕੇ ਘਟਾਇਆ ਜਾ ਸਕਦਾ ਹੈ।

ਜਾਣਕਾਰੀ

i. ਸਹਿ-ਭੁਗਤਾਨ

ਜਦੋਂ ਬੀਮਾ ਕਰਵਾਈ ਘਟਨਾ ਵਾਪਰਦੀ ਹੈ ਤਾਂ ਬਹੁਤੀਆਂ ਸਿਹਤ ਪਾਲਸੀਆਂ ਲਈ ਬੀਮਤ ਨੂੰ ਬੀਮਾ ਹੋਏ ਨੁਕਸਾਨ ਦਾ ਹਿੱਸਾ ਦੇਣਾ ਪੈਂਦਾ ਹੈ। ਜਿਵੇਂ ਕਿ ਜੇ ਬੀਮਾ ਕਰਵਾਇਆ ਘਾਟਾ 20000 ਰੁਪਏ ਦਾ ਹੈ ਅਤੇ ਪਾਲਸੀ ਵਿੱਚ ਸਹਿ-ਭੁਗਤਾਨ ਰਕਮ 10% ਹੈ ਤਾਂ ਬੀਮਤ ਨੂੰ 2000 ਰੁਪਏ ਦੇਣੇ ਪੈਣਗੇ।

ii. ਅਧੀਨ-ਹੱਦ

ਬੀਮਾਕਰਤਾ ਕੁੱਲ ਭੁਗਤਾਨ ਵਿੱਚੋਂ ਕਮਰਾ ਖਰਚੇ, ਸਰਜੀਕਲ ਕਾਰਵਾਈ ਜਾਂ ਡਾਕਟਰ ਫੀਸਾਂ ਵਿੱਚੋਂ ਹਰੇਕ ਲਈ ਵੱਖ-ਵੱਖ ਹੱਦ ਤਹਿ ਕਰ ਸਕਦਾ ਹੈ ਤਾਂ ਕਿ ਬਿੱਲ ਵਿੱਚ ਗਲਤ ਵਾਧੇ ਨੂੰ ਜਾਂਚਿਆ ਜਾ ਸਕੇ।

iii. ਕਟੌਤੀ

ਇਸ ਨੂੰ ਵਾਧਾ ਕਹਿੰਦੇ ਹਨ, ਇਹ ਸਥਿਰ ਰਕਮ, ਜੋ ਕਿ ਬੀਮਤ ਨੂੰ ਬੀਮਾਕਰਤਾ ਵਲੋਂ ਦਾਅਵੇ ਦਾ ਭੁਗਤਾਨ ਕਰਨ ਤੋਂ ਪਹਿਲਾਂ ਸ਼ੁਰੂ ਵਿੱਚ ਦੇਣੀ ਪੈਂਦੀ ਹੈ ਜਿਵੇਂ ਕਿ ਜੇ ਪਾਲਸੀ ਲਈ ਕਟੌਤੀ 10000 ਰੁਪਏ ਦੀ ਹੈ ਤਾਂ ਬੀਮਤ ਨੂੰ ਹਰੇਕ ਬੀਮਾ ਕਰਵਾਏ ਘਾਟੇ ਦੇ ਦਾਅਵੇ ਲਈ ਪਹਿਲਾਂ ਹਰ ਵਾਰ 1000 ਰੁਪਏ ਦੇਣੇ ਪੈਣਗੇ।

ਜਦੋਂ ਬੀਮਤ ਦਾ ਨੈਤਿਕ ਖਤਰਾ ਸ਼ੱਕੀ ਹੋਵੇ ਤਾਂ ਏਜੰਟ ਨੂੰ ਗੱਲਬਾਤ ਨਹੀਂ ਕਰਨੀ ਚਾਹੀਦੀ ਹੈ ਜਾਂ ਇੰਝ ਦੀਆਂ ਪੇਸ਼ਕਸ਼ਾਂ ਨੂੰ ਬੀਮਾ ਕੰਪਨੀ ਨੂੰ ਨਹੀਂ ਦੇਣੀਆਂ ਚਾਹੀਦੀਆਂ ਹਨ। ਉਸ ਨੂੰ ਇੰਝ ਦੇ ਕੇਸ ਬੀਮਾ ਕੰਪਨੀ ਅਧਿਕਾਰੀਆਂ ਦੇ ਧਿਆਨ ਵਿੱਚ ਲਿਆਉਣੇ ਚਾਹੀਦੇ ਹਨ।

5. ਥੋੜ੍ਹਾ ਅੰਤਰਾਲ ਸਕੇਲ

ਆਮ ਤੌਰ ਉੱਤੇ ਪ੍ਰੀਮੀਅਮ ਦਰਾਂ ਨੂੰ ਬਾਰਾਂ ਮਹੀਨਿਆਂ ਦੇ ਸਮੇਂ ਲਈ ਦਿੱਤਾ ਜਾਂਦਾ ਹੈ। ਜੇ ਪਾਲਸੀ ਥੋੜ੍ਹੇ ਸਮੇਂ ਲਈ ਲਈ ਗਈ ਹੋਵੇ ਤਾਂ ਪ੍ਰੀਮੀਅਮ ਨੂੰ ਉਸ ਪੈਮਾਨੇ ਮੁਤਾਬਕ ਵਸੂਲਿਆ ਜਾਂਦਾ ਹੈ, ਜਿਸ ਨੂੰ ਥੋੜ੍ਹਾ ਅੰਤਰਾਲ ਸਕੇਲ ਕਹਿੰਦੇ ਹਨ।

ਇਹ ਵੇਖਿਆ ਜਾ ਸਕਦਾ ਹੈ ਕਿ ਸਕੇਲ ਦੇ ਮੁਤਾਬਕ, ਥੋੜ੍ਹੇ ਸਮੇਂ ਲਈ ਵਸੂਲੀਯੋਗ ਪ੍ਰੀਮੀਅਮ ਅਨੁਰੂਪ ਅਧਾਰ ਉੱਤੇ ਨਹੀਂ ਹੁੰਦਾ ਹੈ।

ਥੋੜ੍ਹੇ ਅੰਤਰਾਲ ਸਕੇਲ ਦੀ ਲੋੜ

a) ਇਹ ਦਰ ਲਾਗੂ ਕੀਤੀ ਜਾਂਦੀ ਹੈ ਕਿਉਂਕਿ ਪਾਲਸੀ ਜਾਰੀ ਕਰਨ ਲਈ ਖਰਚਾ ਲਗਭਗ ਬਰਾਬਰ ਹੁੰਦੇ ਹਨ, ਭਾਵੇਂ ਉਹ 12 ਮਹੀਨਿਆਂ ਲਈ ਹੋਵੇ ਜਾਂ ਥੋੜ੍ਹੇ ਸਮੇਂ ਲਈ।

b) ਇਸ ਤੋਂ ਇਲਾਵਾ, ਸਾਲਨਾ ਪਾਲਸੀ ਲਈ ਨਵਿਆਉਣ ਕਾਰਵਾਈ ਸਾਲ ਵਿੱਚ ਇੱਕ ਹੀ ਵਾਰ ਹੁੰਦੀ ਹੈ, ਜਦੋਂ ਕਿ ਥੋੜ੍ਹੇ ਸਮੇਂ ਦੇ ਬੀਮੇ ਨੂੰ ਕਈ ਵਾਰ ਨਵਿਆਉਣਾ ਪੈਂਦਾ ਹੈ। ਜੇ ਅਨੁਰੂਮ ਪ੍ਰੀਮੀਅਮ ਮੰਨਿਆ ਜਾਵੇ ਤਾਂ ਬੀਮਤ ਦਾ ਝੁਕਾਅ ਥੋੜ੍ਹੇ ਸਮੇਂ ਦੀਆਂ ਪਾਲਸੀਆਂ ਲੈਣ ਵੱਲ ਹੋਵੇਗਾ ਅਤੇ ਇਸ ਦੇ ਕਰਕੇ ਪ੍ਰੀਮੀਅਮ ਕਿਸ਼ਤਾਂ ਵਿੱਚ ਦਿੱਤਾ ਜਾਵੇਗਾ।

c) ਇਸ ਦੇ ਨਾਲ ਹੀ, ਕੁਝ ਬੀਮੇ ਮੌਸਮੀ ਹੁੰਦੇ ਹਨ ਅਤੇ ਉਸ ਮੌਸਮ ਵਿੱਚ ਵੱਡਾ ਜੋਖਿਮ ਹੁੰਦਾ ਹੈ। ਕਈ ਵਾਰ ਬੀਮੇ ਅਜਿਹੇ ਸਮੇਂ ਦੌਰਾਨ ਲਏ ਜਾਂਦੇ ਹਨ, ਜਦੋਂ ਸਭ ਤੋਂ ਵੱਧ ਜੋਖਿਮ ਹੁੰਦਾ ਹੈ ਅਤੇ ਇਸਕਰਕੇ ਚੋਣ ਬੀਮਾਕਰਤਾ ਦੇ ਵਿਰੁਧ ਕੀਤੀ ਜਾਂਦੀ ਹੈ। ਥੋੜ੍ਹਾ ਅੰਤਰਾਲ ਬੀਮਿਆਂ ਵਿੱਚ ਬੀਮਾਕਰਤਾ ਦੇ ਉਲਟ ਇੰਝ ਦੀਆਂ ਚੋਣਾਂ ਨੂੰ ਰੋਕਣ ਲਈ ਤਿਆਰ ਕੀਤਾ ਜਾਂਦਾ ਹੈ। ਇਹ ਤਾਂ ਵੀ ਲਾਗੂ ਹੁੰਦੇ ਹਨ, ਜਦੋਂ ਸਾਲਨਾ ਬੀਮੇ ਨੂੰ ਬੀਮਤ ਵਲੋਂ ਰੱਦ ਕੀਤਾ ਜਾਂਦਾ ਹੈ।

6. ਘੱਟੋ-ਘੱਟ ਪ੍ਰੀਮੀਅਮ

ਇਹ ਹਰੇਕ ਪਾਲਸੀ ਦੇ ਅਧੀਨ ਘੱਟੋ-ਘੱਟ ਪ੍ਰੀਮੀਅਮ ਵਸੂਲਣ ਦਾ ਕੰਮ ਹੈ ਤਾਂ ਕਿ ਪਾਲਸੀ ਜਾਰੀ ਕਰਨ ਲਈ ਹੋਏ ਪ੍ਰਸ਼ਾਸ਼ਕੀ ਖਰਚੇ ਪੂਰੇ ਹੋ ਸਕਣ।

ਸਵੈ ਜਾਂਚ ਕਰੋ 3

ਏਜੰਟ ਤੋਂ ਕੀ ਉਮੀਦ ਕੀਤੀ ਜਾਂਦੀ ਹੈ, ਜਦੋਂ ਉਸ ਨੂੰ ਨੈਤਿਕ ਖਤਰਾ ਦਾ ਪਤਾ ਲੱਗੇ?

I. ਬੀਮੇ ਲਈ ਪਹਿਲਾਂ ਦੀ ਤਰ੍ਹਾਂ ਕਰਦੇ ਰਹਿਣਾ ਚਾਹੀਦਾ ਹੈ
II. ਬੀਮਾ ਕਰਤਾ ਨੂੰ ਉਸ ਬਾਰੇ ਰਿਪੋਰਟ ਦੇਵੇ
III. ਦਾਅਵਿਆਂ ਵਿੱਚੋਂ ਹਿੱਸੇ ਦੀ ਮੰਗ
IV. ਅੱਖਾਂ ਬੰਦ ਰੱਖਣੀਆਂ

D. **ਬੀਮਾ ਕੀਤੀ ਰਕਮ**

ਇਹ ਵੱਧ ਤੋਂ ਵੱਧ ਰਕਮ ਹੈ, ਜੋ ਕਿ ਬੀਮਾ ਕੰਪਨੀ ਪਾਲਸੀ ਸ਼ਰਤ ਦੇ ਤਹਿਤ ਮੁਆਵਜ਼ਾ ਦੇਵੇਗੀ। ਬੀਮਤ ਨੂੰ ਮੁਆਵਜ਼ੇ ਦੀ ਹੱਦ ਚੁਣਨ ਲਈ ਬਹੁਤ ਹੀ ਧਿਆਨ ਰੱਖਣ ਦੀ ਲੋੜ ਹੈ, ਇਹ ਵੱਧ ਤੋਂ ਵੱਧ ਰਕਮ ਹੈ, ਜੋ ਕਿ ਦਾਅਵਾ ਕਰਨ ਦੇ ਸਮੇਂ ਵਾਪਿਸ ਮਿਲ ਸਕੇਗੀ।

ਬੀਮਾ ਕੀਤੀ ਰਕਮ ਹਮੇਸ਼ਾ ਬੀਮਤ ਵਲੋਂ ਹੀ ਤਹਿ ਕੀਤੀ ਜਾਂਦੀ ਹੈ ਅਤੇ ਪਾਲਸੀ ਦੇ ਅਧੀਨ ਦੇਣਦਾਰੀ ਦੀ ਹੱਦ ਹੁੰਦੀ ਹੈ। ਇਹ ਰਕਮ ਉੱਤੇ ਦਰ ਲਾਗੂ ਕਰਕੇ ਪਾਲਸੀ ਲਈ ਪ੍ਰੀਮੀਅਮ ਕੱਢਿਆ ਜਾਂਦਾ ਹੈ।

ਇਹ ਜਾਇਦਾਦ ਦੇ ਅਸਲ ਮੁੱਲ ਨੂੰ ਦਰਸਾਉਂਦੀ ਹੋਣੀ ਚਾਹੀਦੀ ਹੈ। ਜੇ ਵੱਧ ਬੀਮਾ ਹੋਵੇ ਤਾਂ ਬੀਮਤ ਨੂੰ ਵੱਧ ਧਨ ਫਾਇਦਾ ਹੁੰਦਾ ਹੈ ਅਤੇ ਘੱਟ ਬੀਮਾ ਕਰਵਾਉਣ ਨਾਲ ਦਾਅਵਾ ਉਸ ਅਨੁਪਾਤ ਵਿੱਚ ਘੱਟ ਜਾਂਦਾ ਹੈ।

1. ਬੀਮਾ ਕੀਤੀ ਰਕਮ ਦਾ ਫੈਸਲਾ ਕਰਨਾ

ਕਾਰੋਬਾਰ ਦੇ ਹਰ ਵਰਗ ਵਿੱਚ ਬੀਮਤ ਨੂੰ ਅੱਗੇ ਦਿੱਤੇ ਨੁਕਤੇ ਉੱਤੇ ਸਲਾਹ ਦੇਣੀ ਚਾਹੀਦੀ ਹੈ, ਜੋ ਕਿ ਬੀਮਾ ਕਰੀਤੀ ਰਕਮ ਦਾ ਫੈਸਲਾ ਕਰਨ ਦੇ ਦੌਰਾਨ ਧਿਆਨ ਵਿੱਚ ਆਉਣੇ ਚਾਹੀਦੇ ਹਨ:

a) **ਨਿੱਜੀ ਦੁਰਘਟਨਾ ਬੀਮਾ:** ਕੰਪਨੀ ਵਲੋਂ ਬੀਮਾ ਕੀਤੀ ਜਾਣ ਵਾਲੀ ਰਕਮ ਪੱਕੀ ਰਕਮ ਹੋ ਸਕਦੀ ਹੈ ਜਾਂ ਬੀਮਤ ਦੀ ਆਮਦਨ ਦੇ ਅਧਾਰ ਉੱਤੇ ਵੀ ਤਹਿ ਕੀਤੀ ਜਾ ਸਕਦੀ ਹੈ। ਕੁਝ ਬੀਮਾ ਕੰਪਨੀਆਂ ਕਿਸੇ ਖਾਸ ਅਪੰਗਤਾ ਲਈ ਬੀਮਤ ਦੀ ਮਹੀਨੇ ਦੀ ਆਮਦਨ ਦਾ 60 ਗੁਣੇ ਜਾਂ 100 ਗੁਣੇ ਦੇ ਬਰਾਬਰਾ ਫਾਇਦਾ ਦੇ ਸਕਦੀਆਂ ਹਨ। ਵੱਧ ਤੋਂ ਵੱਧ ਰਕਮ ਲਈ ਉੱਪਰਲੀ ਹੱਦ ਜਾਂ 'ਕੈਪ' ਹੋ ਸਕਦਾ ਹੈ। ਮੁਆਵਜ਼ਾ ਕੰਪਨੀ ਤੋਂ ਕੰਪਨੀ ਲਈ ਵੱਖ-ਵੱਖ ਹੋ ਸਕਦਾ ਹੈ। ਗਰੁੱਪ ਨਿੱਜੀ ਦੁਰਘਟਨਾ ਪਾਲਸੀਆਂ ਵਿੱਚ ਬੀਮਾ ਕੀਤੀ ਰਕਮ ਨੂੰ ਹਰ ਬੀਮਾ ਕੀਤੇ ਵਿਅਕਤੀ ਲਈ ਵੱਖ-ਵੱਖ ਤਹਿ ਕੀਤਾ ਜਾ ਸਕਦਾ ਹੈ ਜਾਂ ਬੀਮਾ ਕੀਤੇ ਵਿਅਕਤੀ ਨੂੰ ਦੇਣ ਵਾਲੀ ਤਨਖਾਹ ਦੇ ਨਾਲ ਜੋੜਿਆ ਜਾ ਸਕਦਾ ਹੈ।

b) **ਸਿਹਤ ਬੀਮਾ:** ਬੀਮਾ ਕੀਤੀ ਰਕਮ ਕੁਝ ਹੱਦਾਂ ਵਿੱਚੋਂ ਉਪਲੱਬਧ ਹੁੰਦੀ ਹੈ। ਇਹ ਉਮਰ ਹੱਦ ਉੱਤੇ ਵੀ ਨਿਰਭਰ ਕਰਦੀ ਹੈ। ਆਉ ਮੰਨੀਏ ਕਿ 25-40 ਸਾਲ ਦੇ ਉਮਰ ਗਰੁੱਪ ਲਈ ਬੀਮਾਕਰਤਾ 10 ਲੱਖ ਰੁਪਏ ਦੀ ਬੀਮਾ ਰਕਮ ਦੇ ਸਕਦਾ ਹੈ ਜਾਂ 3 ਮਹੀਨਿਆਂ ਤੋਂ 5 ਸਾਲਾਂ ਦੇ ਉਮਰ ਗਰੁੱਪ ਲਈ ਇਹ 2 ਲੱਖ ਰੁਪਏ ਜਾਂ ਇੰਝ ਹੋ ਸਕਦੀ ਹੈ।

c) **ਮੋਟਰ ਬੀਮਾ:** ਮੋਟਰ ਬੀਮੇ ਦੇ ਕੇਸ ਵਿੱਚ ਬੀਮਾ ਕੀਤੀ ਰਕਮ ਬੀਮਤ ਵਲੋਂ ਐਲਾਨਿਆ ਮੁੱਲ [IDV] ਹੁੰਦਾ ਹੈ। ਇਹ ਵਹੀਕਲ ਦਾ ਮੁੱਲ ਹੈ, ਜੋ ਕਿ ਨਿਰਮਾਤਾ ਵਲੋਂ ਦਿੱਤੀ ਵਹੀਕਲ ਦੇ ਮੌਜੂਦ ਮੁੱਲ ਦੀ ਸੂਚੀ ਨੂੰ ਘਸਾਈ ਫੀਸਦੀ, ਜੋ ਕਿ ਆਈਆਰਡੀਏਆ ਨਿਯਮਾਂ ਵਿੱਚ ਦਿੱਤੀ ਗਈ ਹੈ, ਨਾਲ ਮਿਲਾ ਕੇ ਤਹਿ ਕੀਤਾ ਜਾਂਦਾ ਹੈ। ਨਿਰਮਾਤਾ ਦੇ ਸੂਚੀਬੱਧ ਵਿਕਰੀ ਭਾਅ ਵਿੱਚ ਲੋਕਲ ਚੁੰਗੀ / ਟੈਕਸ ਸ਼ਾਮਿਲ ਹਨ, ਪਰ ਰਜਿਸਟਰੇਸ਼ਨ ਤੇ ਬੀਮਾ ਨਹੀਂ ਹੁੰਦਾ ਹੈ।

IDV = (ਨਿਰਮਾਤਾ ਦਾ ਸੂਚੀਬੱਧ ਭਾਅ - ਘਸਾਈ) + (ਅਸੈਸਰੀ, ਜੋ ਕਿ ਸੂਚੀਬੱਧ ਵਿਕਰੀ ਭਾਅ-ਘਸਾਈ ਵਿੱਚ ਨਹੀਂ ਹਨ) ਅਤੇ ਰਜਿਸਟਰੇਸ਼ਨ ਅਤੇ ਬੀਮਾ ਕੀਮਤ ਤੋਂ ਬਿਨਾਂ।

ਵਹੀਕਲ ਦੀ IDV, ਜੋ ਕਿ ਬੰਦ ਹੋ ਗਏ ਹਨ ਜਾਂ 5 ਸਾਲਾਂ ਤੋਂ ਵੱਧ ਪੁਰਾਣੇ ਹਨ, ਨੂੰ ਬੀਮਤ ਅਤੇ ਬੀਮਾਕਰਤਾ ਦੇ ਵਿਚਕਾਰ ਆਪਸੀ ਸਮਝੌਤੇ ਰਾਹੀਂ ਤਹਿ ਕੀਤਾ ਜਾਂਦਾ ਹੈ। ਘਸਾਈ ਦੀ ਬਜਾਏ, ਪੁਰਾਣੀਆਂ ਕਾਰਾਂ ਦੀ IDV ਨੂੰ ਸਰਵੇਅਰ, ਕਾਰ ਡੀਲਰਾਂ ਆਦਿ ਵਲੋਂ ਵਹੀਕਲ ਦੀ ਹਾਲਤ ਦਾ ਮੁਲਾਂਕਣ ਕਰਕੇ ਤਹਿ ਕੀਤਾ ਜਾਂਦਾ ਹੈ।

IDV ਮੁਆਵਜ਼ੇ ਦੀ ਰਕਮ ਹੁੰਦੀ ਹੈ, ਜੋ ਕਿ ਵਹੀਕਲ ਚੋਰੀ ਹੋਣ ਜਾਂ ਪੂਰਾ ਘਾਟਾ ਪੈਣ ਦੇ ਹਾਲਤ ਵਿੱਚ ਦਿੱਤਾ ਜਾਂਦੀ ਹੈ। ਇਹ ਜ਼ੋਰਦਾਰ ਸਿਫਾਰਸ਼ ਕੀਤੀ ਜਾਂਦੀ ਹੈ ਕਿ IDV ਨੂੰ ਕਾਰ ਦੇ ਬਾਜ਼ਾਰੀ ਮੁੱਲ ਦੇ ਨੇੜੇ-ਤੇੜੇ ਲਵੋ। ਬੀਮਾਕਰਤਾ ਬੀਮਤ ਨੂੰ IDV ਵਿੱਚੋਂ 5% ਤੋਂ 10% ਦੀ ਕਟੌਤੀ ਨਾਲ ਹੱਦ ਦਿੰਦਾ ਹੈ। ਘੱਟ IDV ਦਾ ਭਾਵ ਹੈ ਕਿ ਘੱਟ ਪ੍ਰੀਮੀਅਮ।

d) **ਅੱਗ ਬੀਮਾ**

ਅੱਗ ਬੀਮੇ ਦੇ ਕੇਸ ਵਿੱਚ, ਬੀਮਾ ਕੀਤੀ ਰਕਮ ਨੂੰ ਬਾਜ਼ਾਰੀ ਮੁੱਲ ਜਾਂ ਇਮਾਰਤ/ ਪਲਾਂਟ ਤੇ ਮਸ਼ੀਨਰੀ ਤੇ ਚਲ ਸੰਪੱਤੀ ਦੇ ਬਹਾਲੀ ਮੁੱਲ ਦੇ ਅਧਾਰ ਉੱਤੇ ਤਹਿ ਕੀਤਾ ਜਾ ਸਕਦਾ ਹੈ। ਸਮੱਗਰੀ ਨੂੰ ਉਹਨਾਂ ਦੇ ਬਾਜ਼ਾਰੀ ਮੁੱਲ ਦੇ ਆਧਾਰ ਉੱਤੇ ਬੀਮਾ ਸੁਰੱਖਿਆ ਦਿੱਤੀ ਜਾਂਦੀ ਹੈ, ਜੋ ਕਿ ਚੀਜ਼ ਦੀ ਕੀਮਤ ਘਸਾਈ ਤੋਂ ਬਾਅਦ ਹੈ।

e) **ਸਟਾਕ ਬੀਮਾ**

ਸਟਾਕ ਦੇ ਕੇਸ ਵਿੱਚ, ਬੀਮਾ ਕੀਤੀ ਰਕਮ ਉਹਨਾਂ ਦਾ ਬਾਜ਼ਾਰੀ ਮੁੱਲ ਹੈ। ਬੀਮਤ ਨੂੰ ਧਨ-ਵਾਪਸੀ ਉਸ ਕੀਮਤ ਉੱਤੇ ਕੀਤੀ ਜਾਵੇਗੀ, ਜਿਸ ਉੱਤੇ ਇਹ ਸਟਾਕ ਬਾਜ਼ਾਰ ਵਿੱਚ ਖਰੀਦੇ ਜਾ ਸਕਦੇ ਹਨ ਤਾਂ ਕਿ ਘਾਟੇ ਦੇ ਬਾਅਦ ਨੁਕਸਾਨੇ ਗਏ ਕੱਚੇ ਮਾਲ ਨੂੰ ਪੂਰਿਆ ਜਾ ਸਕੇ।

f) ਜਹਾਜ਼ੀ ਕਾਰਗੋ ਬੀਮਾ

ਇਹ ਸਹਿਮਤ ਹੋਏ ਦੀ ਮੁੱਲ ਪਾਲਸੀ ਹੈ ਅਤੇ ਬੀਮਾ ਕੀਤੀ ਰਕਮ ਬੀਮਾਕਰਤਾ ਅਤੇ ਬੀਮਤ ਦੇ ਵਿਚਕਾਰ ਇਕਰਾਰ ਕਰਨ ਦੇ ਸਮੇਂ ਹੋਏ ਸਮਝੌਤੇ ਦੇ ਮੁਤਾਬਕ ਹੁੰਦੀ ਹੈ। ਆਮ ਤੌਰ ਉੱਤੇ ਇਸ ਵਿੱਚ ਚੀਜ਼ਾਂ + ਬੀਮਾ + ਮਾਲ ਢੁਆਈ ਦੀ ਕੀਮਤ ਦਾ ਜੋੜ ਭਾਵ CIF ਮੁੱਲ ਹੋਵੇਗਾ।

g) ਜਹਾਜ਼ੀ ਢਾਂਚਾ ਬੀਮਾ

ਜਹਾਜ਼ੀ ਢਾਂਚਾ ਬੀਮੇ ਵਿੱਚ, ਬੀਮਾ ਕੀਤੀ ਰਕਮ ਮੁੱਲ ਹੁੰਦਾ ਹੈ, ਜੋ ਕਿ ਬੀਮਤ ਅਤੇ ਬੀਮਾਕਰਤਾ ਵਲੋਂ ਇਕਰਾਰ ਸ਼ੁਰੂ ਹੋਣ ਉੱਤੇ ਤਹਿ ਕੀਤਾ ਜਾਂਦਾ ਹੈ। ਇਹ ਮੁੱਲ ਢਾਂਚੇ/ਜਹਾਜ਼ ਦੀ ਜਾਂਚ ਦੇ ਬਾਅਦ ਪ੍ਰਮਾਣਿਤ ਮੁੱਲ ਤਹਿ ਕਰਨ ਵਾਲੇ ਵਲੋਂ ਤਹਿ ਕੀਤੀ ਜਾ ਸਕਦੀ ਹੈ।

h) ਦੇਣਦਾਰੀ ਬੀਮਾ

ਦੇਣਦਾਰੀ ਪਾਲਸੀਆਂ ਦੇ ਕੇਸ ਵਿੱਚ, ਬੀਮਾ ਕੀਤੀ ਰਕਮ ਉਦਯੋਗ ਇਕਾਈਆਂ ਦੇ ਸਾਹਮਣਾ ਕਰਨ ਦੀ ਦੇਣਦਾਰੀ ਹੈ, ਜੋ ਕਿ ਸਾਹਮਣਾ ਕਰਨ ਦੀ ਸੰਭਾਵਨਾ, ਭੂਗੋਲਿਕ ਫੈਲਾ ਦੇ ਆਧਾਰ ਉੱਤੇ ਹੈ। ਵਾਧੂ ਕਾਨੂੰਨੀ ਕੀਮਤ ਤੇ ਖਰਚੇ ਵੀ ਦਾਅਵਾ ਮੁਆਵਜ਼ੇ ਦਾ ਭਾਗ ਹੋ ਸਕਦੇ ਹਨ। ਬੀਮਾ ਕੀਤੀ ਰਕਮ ਨੂੰ ਬੀਮਤ ਵਲੋਂ ਉੱਤੇ ਦਿੱਤੇ ਮਾਪਢੰਡਾਂ ਦੇ ਦੇ ਮੁਤਾਬਕ ਤਹਿ ਕੀਤਾ ਜਾਂਦਾ ਹੈ।

ਸਵੈ ਜਾਂਚ ਕਰੋ 4

ਇੱਕ ਡਾਕਟਰ ਨੂੰ ਉਸ ਦੇ ਵਿਰੁਧ ਲਾਪਰਵਾਹੀ ਦੇ ਕਿਸੇ ਦਾਅਵੇ ਤੋਂ ਉਸ ਨੂੰ ਬਚਾਉਣ ਲਈ ਬੀਮਾ ਸਕੀਮ ਸੁਝਾਉ।

I. ਨਿੱਜੀ ਦੁਰਘਟਨਾ ਬੀਮਾ
II. ਦੇਣਦਾਰੀ ਬੀਮਾ
III. ਜਹਾਜ਼ੀ ਢਾਂਚਾ ਬੀਮਾ
IV. ਸਿਹਤ ਬੀਮਾ

ਸਾਰ

a) ਜੋਖਿਮਾਂ ਦੇ ਵਰਗੀਕਰਨ ਅਤੇ ਉਹ ਕਿਸ ਵਰਗ ਵਿੱਚ ਆਉਂਦੇ ਹਨ ਦਾ ਫੈਸਲਾ ਕਰਨ ਦੀ ਕਾਰਵਾਈ ਦਰ ਤਹਿ ਕਰਨ ਲਈ ਮਹੱਤਵਪੂਰਨ ਹੈ।

b) ਅੰਡਰਰਾਈਟਿੰਗ ਪਤਾ ਕਰਨ ਦੀ ਕਾਰਵਾਈ ਹੈ ਕਿ ਕੀ ਪੇਸ਼ ਕੀਤੇ ਜੋਖਿਮ ਲਈ ਬੀਮਾ ਮਨਜ਼ੂਰੀਯੋਗ ਹੈ ਜੇ ਹੈ ਤਾਂ ਕਿਹੜੀ ਦਰ, ਨਿਯਮ ਤੇ ਸ਼ਰਤਾਂ ਉੱਤੇ ਬੀਮਾ ਸੁਰੱਖਿਆ ਦਿੱਤੀ ਜਾਂਦੀ ਹੈ।

c) ਦਰ (ਰੇਟ) ਬੀਮੇ ਦੀ ਦਿੱਤੀ ਇਕਾਈ ਦਾ ਭਾਅ ਹੁੰਦਾ ਹੈ।

d) ਦਰ ਤਹਿ ਕਰਨ ਦਾ ਮੁੱਢਲਾ ਮਕਸਦ ਯਕੀਨੀ ਬਣਾਉਣਾ ਹੁੰਦਾ ਹੈ ਕਿ ਬੀਮੇ ਦੀ ਕੀਮਤ ਢੁਕਵਾਂ ਅਤੇ ਵਾਜਬ ਹੋਣਾ ਚਾਹੀਦਾ ਹੈ।

e) 'ਸ਼ੁੱਧ ਪ੍ਰੀਮੀਅਮ' ਨੂੰ ਖਰਚ, ਰਾਖਵਾਂ ਅਤੇ ਫਾਇਦਾ ਦੇਣ ਲਈ ਕੁਝ ਫੀਸਦੀ ਢੁੱਕਵੇਂ ਰੂਪ ਵਿੱਚ ਵਧਾਇਆ ਜਾਂ ਲੋਡ ਕੀਤਾ ਜਾਂਦਾ ਹੈ।

f) ਬੀਮੇ ਦੀ ਭਾਸ਼ਾ ਵਿੱਚ ਖ਼ਤਰਾ (ਹਜ਼ਾਰਡ) ਉਹਨਾਂ ਹਾਲਤਾਂ ਜਾਂ ਲੱਛਣਾਂ ਨੂੰ ਦਰਸਾਉਣ ਲਈ ਵਰਤਿਆ ਜਾਂਦਾ ਹੈ, ਜੋ ਕਿ ਦਿੱਤੇ ਸੰਕਟ ਤੋਂ ਘਾਟੇ ਦੀ ਸੰਭਾਵਨਾ ਨੂੰ ਪੈਦਾ ਕਰਦੇ ਜਾਂ ਵਧਾਉਂਦੇ ਹਨ।

g) ਕਟੌਤੀਆਂ / ਵਾਧਾ ਸ਼ਰਤਾਂ ਲਗਾਉਣਾ ਦਾ ਮਕਸਦ ਛੋਟੇ ਦਾਅਵਿਆਂ ਨੂੰ ਖਤਮ ਕਰਨਾ ਹੁੰਦਾ ਹੈ।

h) ਨਾ-ਦਾਅਵਾ ਬੋਨਸ ਅੰਡਰਰਾਈਟਿੰਗ ਕੰਮ ਸੁਧਾਰਨ ਲਈ ਚੰਗੀ ਨੀਤੀ ਹੈ ਅਤੇ ਰੇਟਿੰਗ ਸਿਸਟਮ ਦਾ ਸਾਂਝਾ ਦਰ ਬਣਾਉਂਦਾ ਹੈ।

i) ਬੀਮਾ ਕੀਤੀ ਰਕਮ ਵੱਧ ਤੋਂ ਵੱਧ ਰਕਮ ਹੈ, ਜੋ ਕਿ ਬੀਮਾ ਕੰਪਨੀ ਪਾਲਸੀ ਸ਼ਰਤ ਦੇ ਤਹਿਤ ਮੁਆਵਜ਼ਾ ਦੇਵੇਗੀ।

ਮੁੱਖ ਸ਼ਬਦ

a) ਅੰਡਰਰਾਈਟਰ
b) ਦਰ ਤਹਿ ਕਰਨੀ
c) ਭੌਤਿਕ ਖ਼ਤਰੇ
d) ਨੈਤਿਕ ਖਤਰੇ
e) ਹਰਜਾਨਾ
f) ਫਾਇਦਾ

g) ਪ੍ਰੀਮੀਅਮ ਦਾ ਲੋਡ

h) ਵਾਰੰਟੀਆਂ

i) ਕਟੌਤੀ

j) ਵਾਧਾ

ਸਵੈ ਜਾਂਚ ਦੇ ਜਵਾਬ

ਜਵਾਬ 1

ਸਹੀਂ ਚੋਣ I ਹੈ।

ਜੋਖਿਮ ਦੀ ਸੰਭਾਵਨਾ ਅਤੇ ਤੀਬਰਤਾ ਬੀਮਾ ਦਰ ਤਹਿ ਕਰਨ ਨੂੰ ਪ੍ਰਭਾਵਿਤ ਕਰਦੀ ਹੈ।

ਜਵਾਬ 2

ਸਹੀਂ ਚੋਣ I ਹੈ।

ਸ਼ੁੱਧ ਪ੍ਰੀਮੀਅਮ ਘਾਟੇ ਨੂੰ ਪੂਰਾ ਕਰਨ ਲਈ ਢੁੱਕਵਾਂ ਹੁੰਦਾ ਹੈ, ਪਰ ਇਸ ਵਿੱਚ ਪ੍ਰਸ਼ਾਸ਼ਕੀ ਖਰਚੇ ਜਾਂ ਫਾਇਦਾ ਸ਼ਾਮਿਲ ਨਹੀਂ ਹੁੰਦਾ ਹੈ।

ਜਵਾਬ 3

ਸਹੀਂ ਚੋਣ II ਹੈ।

ਬੀਮਾ ਏਜੰਟ ਨੂੰ ਨੈਤਿਕ ਖਤਰੇ ਦੇ ਕਿਸੇ ਵੀ ਜਾਣਕਾਰੀ ਲਈ ਬੀਮਾ ਕਰਤਾ ਨੂੰ ਜਾਣਕਾਰੀ ਦੇਣੀ ਚਾਹੀਦੀ ਹੈ।

ਜਵਾਬ 4

ਸਹੀਂ ਚੋਣ II ਹੈ।

ਦੇਣਦਾਰੀ ਬੀਮਾ ਡਾਕਟਰ ਨੂੰ ਲਾਪਰਵਾਹੀ ਦੇ ਦਾਅਵਿਆਂ ਲਈ ਬੀਮਾ ਦੇ ਸਕਦਾ ਹੈ।

ਖੁਦ ਪ੍ਰੀਖਿਆ ਸਵਾਲ

ਸਵਾਲ 1

_____ ਫੈਸਲਾ ਕਰਦਾ ਹੈ ਕਿ ਜੋਖਿਮ ਨੂੰ ਮਨਜ਼ੂਰ ਕਰਨਾ ਹੈ ਜਾਂ ਨਹੀਂ।

I. ਬੀਮਤ

II. ਅੰਡਰਰਾਈਟਰ

III. ਏਜੰਟ

IV. ਸਰਵੇਅਰ

ਸਵਾਲ 2

_____ ਦੀ ਦਿੱਤੀ ਬੀਮਾ ਇਕਾਈ ਦਾ ਭਾਅ ਹੁੰਦਾ ਹੈ।

I. ਦਰ

II. ਪ੍ਰੀਮੀਅਮ

III. ਬੀਮਾ ਕੀਤੀ ਰਕਮ

IV. ਬੋਨਸ

ਸਵਾਲ 3

_____ ਵੱਧ ਤੋਂ ਵੱਧ ਰਕਮ ਹੈ, ਜੋ ਕਿ ਬੀਮਾ ਕੰਪਨੀ ਪਾਲਸੀ ਸ਼ਰਤ ਦੇ ਤਹਿਤ ਕਿਸੇ ਨੂੰ ਮੁਆਵਜ਼ਾ ਦੇਵੇਗੀ।

I. ਬੀਮਾ ਕੀਤੀ ਰਕਮ

II. ਪ੍ਰੀਮੀਅਮ

III. ਰਾਈਡਰ

IV. ਫਾਇਦੇ

ਸਵਾਲ 4

_____ ਅੰਡਰਰਾਈਟਰ ਲਈ ਜਾਣਕਾਰੀ ਦੇ ਸਰੋਤ ਨਹੀਂ ਹੈ।

I. ਪੇਸ਼ਕਰਤਾ ਦੇ ਸਾਲਨਾ ਖਾਤੇ

II. ਸੰਪੱਤੀ ਦਾ ਪਹਿਲਾਂ-ਮਨਜ਼ੂਰ ਜੋਖਿਮ ਸਰਵੇ

III. ਪੇਸ਼ਕਸ਼ ਫਾਰਮ

IV. ਬੀਮਾਕਰਤਾ ਦਾ ਰਜਿਸਟਰੇਸ਼ਨ ਸਰਟੀਫਿਕੇਟ

ਸਵਾਲ 5

ਖਤਰੇ ਹਨ:

I. ਕਾਰਨ, ਜੋ ਕਿ ਘਾਟੇ ਦੇ ਅਸਰ ਨੂੰ ਵਧਾਉਂਦੇ ਹਨ
II. ਕਾਰਨ, ਜੋ ਕਿ ਘਾਟੇ ਦੀ ਆਵਰਤੀ ਨੂੰ ਵਧਾਉਂਦੇ ਹਨ
III. ਕਾਰਨ, ਜੋ ਕਿ ਘਾਟੇ ਦੇ ਅਸਰ ਅਤੇ ਤੀਬਰਤਾ ਨੂੰ ਵਧਾਉਂਦੇ ਹਨ
IV. ਕਾਰਨ, ਜੋ ਕਿ ਘਾਟੇ ਦੇ ਅਸਰ ਅਤੇ ਤੀਬਰਤਾ ਨੂੰ ਘਟਾਉਂਦੇ ਹਨ

ਸਵਾਲ 6

ਹੇਠ ਦਿੱਤਿਆਂ ਵਿੱਚੋਂ ਕਿਹੜਾ ਸਹੀਂ ਹੈ?

ਭੌਤਿਕ ਖਤਰੇ:

I. ਦਰ ਤਹਿ ਕਰਨ ਲਈ ਮਹੱਤਵਪੂਰਨ ਨਹੀਂ ਹਨ
II. ਪਤਾ ਨਹੀਂ ਕੀਤੇ ਜਾ ਸਕਦੇ
III. ਬੈਲਨਸ ਸ਼ੀਟ ਤੋਂ ਕੱਢੇ ਜਾ ਸਕਦੇ ਹਨ
IV. ਪੇਸ਼ਕਸ਼ ਫਾਰਮ ਵਿੱਚ ਦਿੱਤੀ ਜਾਣਕਾਰੀ ਤੋਂ ਪਤਾ ਕੀਤਾ ਜਾ ਸਕਦਾ ਹੈ

ਸਵਾਲ 7

ਮੋਟਰ ਬੀਮੇ ਵਿੱਚ, ਵਾਰੰਟੀਆਂ ਇਹਨਾਂ ਵਿੱਚੋਂ ਇੱਕ ਹੈ:

I. ਵਹੀਕਲ ਰੋਜ਼ਾਨਾ ਸਾਫ਼ ਕਰਨਾ ਚਾਹੀਦਾ ਹੈ
II. ਵਹੀਕਲ ਨੂੰ ਸਪੀਡ ਟੈਸਟ ਕਰਨ ਲਈ ਨਹੀਂ ਵਰਤਿਆ ਜਾਣਾ ਚਾਹੀਦਾ ਹੈ
III. ਵਹੀਕਲ ਨੂੰ ਨਿੱਜੀ ਵਰਤੋਂ ਲਈ ਸਾਮਾਨ ਲੈ ਕੇ ਨਹੀਂ ਵਰਤਣਾ ਚਾਹੀਦਾ ਹੈ
IV. ਵਹੀਕਲ ਨੂੰ ਰੋਜ਼ਾਨਾ 200 ਕਿਲੋਮੀਟਰ ਤੋਂ ਵੱਧ ਨਹੀਂ ਚਲਾਉਣਾ ਚਾਹੀਦਾ ਹੈ

ਸਵਾਲ 8

ਕਟੌਤੀ ਸ਼ਰਤ ਦਾ ਮਕਦ ਹੁੰਦਾ ਹੈ:

I. ਦਾਅਵਾ ਭੁਗਤਾਨ ਤੋਂ ਬਚਣਾ
II. ਛੋਟੇ ਦਾਅਵਿਆਂ ਦੇ ਭੁਗਤਾਨ ਨੂੰ ਖਤਮ ਕਰਨਾ

III. ਪਾਲਸੀ-ਹੋਲਡਰ ਨੂੰ ਤੰਗ ਕਰਨਾ

IV. ਪ੍ਰੀਮੀਅਮ ਵਧਾਉਣ ਲਈ

ਸਵਾਲ 9

ਇਮਾਰਤ ਵਿੱਚ ਫੁਹਾਰਾ ਸਿਸਟਮ ਲਗਾਉਣ ਨਾਲ:

I. ਜੋਖਿਮ ਵਧਦਾ ਹੈ

II. ਜੋਖਿਮ ਘੱਟਦਾ ਹੈ

III. ਨਾ ਤਾਂ ਜੋਖਿਮ ਵਧਦਾ ਹੈ ਨਾ ਹੀ ਘੱਟਦਾ ਹੈ

IV. ਹੁੱਡਿੰਗ ਦਾ ਖਰਚਾ ਵੱਧਦਾ ਹੈ

ਸਵਾਲ 10

ਮੋਟਰ ਬੀਮੇ ਲਈ ਬੀਮਤ ਦੇ ਐਲਾਨ ਮੁੱਲ ਵਿੱਚ ਹੁੰਦਾ ਹੈ:

I. ਰਜਿਸਟਰੇਸ਼ਨ

II. ਨਿਰਮਾਤਾ ਦਾ ਕੀਮਤ ਮੁੱਲ

III. ਨਿਰਮਾਤਾ ਦਾ ਵਿਕਰੀ ਮੁੱਲ

IV. ਮਨ ਮੰਨਿਆ ਮੁੱਲ ਹਿੱਸਾ

ਸਵੈ ਪ੍ਰੀਖਿਆ ਸਵਾਲਾਂ ਦੇ ਜਵਾਬ

ਜਵਾਬ 1

ਸਹੀਂ ਚੋਣ II ਹੈ।

ਅੰਡਰਰਾਈਟਰ ਫੈਸਲਾ ਕਰਦਾ ਹੈ ਕਿ ਜੋਖਿਮ ਨੂੰ ਮਨਜ਼ੂਰ ਕਰਨਾ ਹੈ ਜਾਂ ਨਹੀਂ।

ਜਵਾਬ 2

ਸਹੀਂ ਚੋਣ I ਹੈ।

ਦਰ (ਰੇਟ) ਬੀਮੇ ਦੀ ਦਿੱਤੀ ਇਕਾਈ ਦਾ ਭਾਅ ਹੁੰਦਾ ਹੈ।

ਜਵਾਬ 3

ਸਹੀਂ ਚੋਣ I ਹੈ।

ਬੀਮਾ ਕੀਤੀ ਰਕਮ ਵੱਧ ਤੋਂ ਵੱਧ ਰਕਮ ਹੈ, ਜੋ ਕਿ ਬੀਮਾ ਕੰਪਨੀ ਪਾਲਸੀ ਸ਼ਰਤ ਦੇ ਤਹਿਤ ਕਿਸੇ ਨੂੰ ਮੁਆਵਜ਼ਾ ਦੇਵੇਗੀ।

ਜਵਾਬ 4

ਸਹੀਂ ਚੋਣ IV ਹੈ।

ਰਜਿਸਟਰੇਸ਼ਨ ਸਰਟੀਫਿਕੇਟ ਅੰਡਰਰਾਈਟਰ ਲਈ ਜਾਣਕਾਰੀ ਦੇ ਸਰੋਤ ਨਹੀਂ ਹੈ।

ਜਵਾਬ 5

ਸਹੀਂ ਚੋਣ III ਹੈ।

ਖ਼ਤਰੇ ਕਾਰਨ ਹਨ, ਜੋ ਕਿ ਘਾਟੇ ਦੇ ਅਸਰ ਅਤੇ ਤੀਬਰਤਾ ਨੂੰ ਵਧਾਉਂਦੇ ਹਨ

ਜਵਾਬ 6

ਸਹੀਂ ਚੋਣ IV ਹੈ।

ਭੌਤਿਕ ਖਤਰਿਆਂ ਨੂੰ ਪੇਸ਼ਕਸ਼ ਫਾਰਮ ਵਿੱਚ ਦਿੱਤੀ ਜਾਣਕਾਰੀ ਤੋਂ ਲਿਆ ਜਾ ਸਕਦਾ ਹੈ।

ਜਵਾਬ 7

ਸਹੀਂ ਚੋਣ II ਹੈ।

ਮੋਟਰ ਬੀਮਾ ਵਿੱਚ ਵਾਰੰਟੀਆਂ ਵਿੱਚ ਇੱਕ ਹੈ ਕਿ ਵਹੀਕਲ ਨੂੰ ਸਪੀਡ ਟੈਸਟ ਕਰਨ ਲਈ ਨਹੀਂ ਵਰਤਿਆ ਜਾਣਾ ਚਾਹੀਦਾ ਹੈ।

ਜਵਾਬ 8

ਸਹੀਂ ਚੋਣ II ਹੈ।

ਇਹਨਾਂ ਸ਼ਰਤਾਂ ਦਾ ਮਕਸਦ ਛੋਟੇ ਦਾਅਵਿਆਂ ਨੂੰ ਖਤਮ ਕਰਨਾ ਹੁੰਦਾ ਹੈ।

ਜਵਾਬ 9

ਸਹੀਂ ਚੋਣ II ਹੈ।

ਇਮਾਰਤ ਵਿੱਚ ਫੁਹਾਰਾ ਸਿਸਟਮ ਇੰਸਟਾਲ ਕਰਨ ਨਾਲ ਅੱਗ ਦਾ ਜੋਖਿਮ ਘੱਟਦਾ ਹੈ।

ਜਵਾਬ 10

ਸਹੀਂ ਚੋਣ III ਹੈ।

ਮੋਟਰ ਬੀਮੇ ਲਈ ਬੀਮਤ ਦੇ ਐਲਾਨ ਮੁੱਲ ਵਿੱਚ ਹੁੰਦਾ ਹੈ, ਜਿਸ ਵਿੱਚ ਨਿਰਮਾਤਾ ਦਾ ਵਿਕਰੀ ਮੁੱਲ ਸ਼ਾਮਿਲ ਹੁੰਦਾ ਹੈ।

ਪਾਠ 14

ਨਿੱਜੀ ਅਤੇ ਵਪਾਰ ਬੀਮਾ

ਪਾਠ ਜਾਣ-ਪਛਾਣ

ਪਿਛਲੇ ਪਾਠਾਂ ਵਿੱਚ ਅਸੀਂ ਸਿੱਖਿਆ ਹੈ ਕਿ ਆਮ ਬੀਮੇ ਦੇ ਸਬੰਧ ਵਿੱਚ ਕਈ ਸਿਧਾਂਤ ਅਤੇ ਨਿਯਮਾਂ ਹੁੰਦੇ ਹਨ। ਆਮ ਬੀਮਾ ਉਤਪਾਦਾਂ ਨੂੰ ਵੱਖ-ਵੱਖ ਬਾਜ਼ਾਰਾਂ ਦੇ ਅਧਾਰ ਉੱਤੇ ਵੱਖ-ਵੱਖ ਵਰਗੀਕ੍ਰਿਤ ਕੀਤਾ ਜਾਂਦਾ ਹੈ। ਇਹਨਾਂ ਵਿੱਚ ਕੁਝ ਹਨ ਜਾਇਦਾਦ, ਦੁਰਘਟਨਾ ਅਤੇ ਦੇਣਦਾਰੀਆਂ। ਨਹੀਂ ਤਾਂ, ਇਹਨਾਂ ਨੂੰ ਅੱਗ, ਜਹਾਜ਼ੀ, ਮੋਟਰ ਅਤੇ ਫੁਟਕਲ ਦੇ ਰੂਪ ਵਿੱਚ ਵੰਡਿਆ ਜਾਂਦਾ ਹੈ। ਇਸ ਪਾਠ ਵਿੱਚ, ਆਮ ਉਤਪਾਦ ਜਿਵੇਂ ਕਿ ਨਿੱਜੀ ਦੁਰਘਟਨਾ, ਸਿਹਤ, ਯਾਤਰਾ, ਘਰ ਅਤੇ ਦੁਕਾਨਦਾਰਾਂ, ਜਿਹਨਾਂ ਨੂੰ ਫੁਟਕਲ ਗਾਹਕਾਂ ਵਲੋਂ ਖਰੀਦਿਆ ਜਾਂਦਾ ਹੈ, ਬਾਰੇ ਵਿਚਾਰ ਕਰਾਂਗੇ।

ਸਿੱਖਣ ਨਤੀਜੇ

A. ਘਰ-ਬਾਰ ਰੱਖਣ ਵਾਲੇ ਦਾ ਬੀਮਾ
B. ਦੁਕਾਨਦਾਰ ਦਾ ਬੀਮਾ
C. ਮੋਟਰ ਬੀਮਾ

ਇਹ ਪਾਠ ਪੜ੍ਹਨ ਦੇ ਬਾਅਦ ਤੁਸੀਂ ਯੋਗ ਹੋਣੇ ਚਾਹੀਦੇ ਹੋ:

1. ਘਰ-ਬਾਰ ਰੱਖਣ ਵਾਲੇ ਦਾ ਬੀਮਾ ਸਮਝਾਉਣ
2. ਦੁਕਾਨ ਬੀਮਾ ਸੁਰੱਖਿਆ ਤਿਆਰ ਕਰਨ
3. ਮੋਟਰ ਬੀਮੇ ਵਾਰੇ ਵਿਚਾਰ

A. ਘਰ-ਬਾਰ ਰੱਖਣ ਵਾਲੇ ਦਾ ਬੀਮਾ

a. ਫੁਟਕਲ ਬੀਮਾ ਉਤਪਾਦ

ਕੁਝ ਬੀਮਾ ਉਤਪਾਦ ਹਨ, ਜੋ ਕਿ ਵਿਅਕਤੀਆਂ ਵਲੋਂ ਕੁਝ ਹਿੱਤਾਂ ਦੀ ਸੁਰੱਖਿਆ ਵਾਸਤੇ ਖਰੀਦੇ ਜਾਂਦੇ ਹਨ। ਹਾਲਾਂਕਿ ਇੰਝ ਦੇ ਬੀਮੇ ਵਿੱਚ ਛੋਟੇ ਵਪਾਰਕ ਜਾਂ ਕਾਰੋਬਾਰੀ ਹਿੱਤ ਹੋ ਸਕਦੇ ਹਨ, ਇਹ ਆਮ ਤੌਰ ਉੱਤੇ ਵਿਅਕਤੀਆਂ ਨੂੰ ਹੀ ਵੇਚੇ ਜਾਂਦੇ ਹ। ਛੋਟੇ ਬਾਜ਼ਾਰਾਂ ਵਿੱਚ ਇਹਨਾਂ ਨੂੰ 'ਛੋਟੀ ਟਿਕਟ' ਪਾਲਸੀ ਜਾਂ 'ਫੁਟਕਲ ਪਾਲਸੀਆਂ' ਜਾਂ 'ਫੁਟਕਲ ਉਤਪਾਦ' ਕਿਹਾ ਜਾਂਦਾ ਹੈ। ਘਰ, ਮੋਟਰ-ਕਾਰ, ਦੋ-ਪਹੀਆ, ਛੋਟੇ ਕਾਰੋਬਾਰ ਜਿਵੇਂ ਦੁਕਾਨ ਆਦਿ ਦੇ ਬੀਮੇ ਇਸ ਵਰਗ ਵਿੱਚ ਆਉਂਦੇ ਹਨ। ਇਹ ਉਤਪਾਦਾਂ ਨੂੰ ਅਕਸਰ ਏਜੰਟਾਂ / ਵੰਡ ਚੈਨਲਾਂ ਰਾਹੀਂ ਵੇਚਿਆ ਜਾਂਦ ਹੈ, ਜੋ ਕਿ ਬੀਮੇ ਦੇ ਨਿੱਜੀ ਖੇਤਰ ਨਾਲ ਕੰਮ ਕਰਦੇ ਹਨ, ਕਿਉਂਕਿ ਖਰੀਦਦਾਰ ਲਾਜ਼ਮੀ ਰੂਪ ਵਿੱਚ ਉਸੇ ਗਾਹਕ ਖੇਤਰ ਨਾਲ ਸਬੰਧਿਤ ਹੁੰਦੇ ਹਨ।

b. ਘਰ-ਬਾਰ ਰੱਖਣ ਵਾਲੇ ਦਾ ਬੀਮਾ

a) ਸਾਨੂੰ ਘਰ-ਬਾਰ ਰੱਖਣ ਵਾਲੇ ਦਾ ਬੀਮਾ ਕਿਉਂ ਕਰਨਾ ਹੈ?

ਖਾਸ

'ਪ੍ਰਮੁੱਖ ਸੰਕਟ ਬੀਮਾ ਪਾਲਸੀ'

i. ਘਰ-ਬਾਰ ਦੀ ਬੀਮਾ ਪਾਲਸੀ ਕੇਵਲ ਪਾਲਸੀ ਵਿੱਚ ਦਿੱਤੇ ਸੰਕਟ ਜਾਂ ਘਟਨਾਵਾਂ ਤੋਂ ਬੀਮਤ ਦੀ ਜਾਇਦਾਦ ਨੂੰ ਹੋਣ ਵਾਲੇ ਘਾਟਿਆਂ ਲਈ ਬੀਮਾ ਸੁਰੱਖਿਆ ਦਿੰਦੀ ਹੈ। ਸੁਰੱਖਿਆ ਦਿੱਤੇ ਗਏ ਸੰਕਟਾਂ ਬਾਰੇ ਸਪਸ਼ਟ ਕੀਤਾ ਜਾਂਦਾ ਹੈ।

ii. ਪ੍ਰਮੁੱਖ ਸੰਕਟ ਪਾਲਸੀਆਂ ਨੂੰ ਵਿਆਪਕ ਪਾਲਸੀ, ਜੋ ਕਿ ਬਹੁਤੇ ਜੋਖਿਮਾਂ ਲਈ ਸੁਰੱਖਿਆ ਦੇਣ ਦਿੰਦੀ ਹੈ, ਦੀ ਬਜਾਏ ਘੱਟ ਖਰਚੀਲੇ ਬਦਲ ਦੇ ਵਜੋਂ ਖਰੀਦਿਆ ਜਾ ਸਕਦਾ ਹੈ।

'ਸਭ ਜੋਖਿਮ'

i. "ਸਭ ਜੋਖਿਮ" ਦਾ ਭਾਵ ਹੈ ਕਿ ਕੋਈ ਵੀ ਜੋਖਿਮ ਲਈ ਆਪਣੇ-ਆਪ ਬੀਮਾ ਸੁਰੱਖਿਆ ਦਿੱਤੀ ਜਾਂਦੀ ਹੈ, ਜਦੋਂ ਤੱਕ ਕਿ ਖਾਸ ਤੌਰ ਉੱਤੇ ਅਲਹਿਦਾ ਨਹੀਂ ਕੀਤਾ ਜਾਂਦਾ ਹੈ। ਉਦਾਹਰਨ ਲਈ, ਜੇ ਇੱਕ ਸਭ-ਜੋਖਿਮ ਘਰ ਪਾਲਸੀ ਹੋਲਡਰ ਪਾਲਸੀ ਵਿੱਚ ਹੜ੍ਹ ਸੁਰੱਖਿਆ ਨੂੰ ਅਲਹਿਦਾ ਨਹੀਂ ਕੀਤਾ ਗਿਆ ਹੈ ਤਾਂ ਘਰ ਨੂੰ ਹੜ੍ਹ ਨੁਕਸਾਨ ਹੋਣ ਦੇ ਹਾਲਤ ਵਿੱਚ ਬੀਮਾ ਸੁਰੱਖਿਆ ਦਿੱਤੀ ਜਾਵੇਗੀ।

ii. ਬੀਮਾ ਸੁਰੱਖਿਆ ਦੀ ਕਿਸਮ, ਜਿਸ ਲਈ ਕੇਵਲ ਉਹੀ ਜੋਖਿਮ ਅਲਹਿਦਾ ਹੁੰਦੇ ਹਨ, ਜੋ ਕਿ ਇਕਰਾਰਨਾਮੇ ਵਿੱਚ ਖਾਸ ਤੌਰ ਉੱਤੇ ਦਿੱਤੇ ਗਏ ਹਨ। ਜੋ ਵੀ ਅਲਹਿਲਦਾ ਰੱਖਿਆ ਗਿਆ ਹੈ, ਨੂੰ ਖਾਸ ਤੌਰ ਉੱਤੇ ਲਿਖਿਆ ਜਾਂਦਾ ਹੈ।

iii. ਬੇਸ਼ੱਕ ਸਭ-ਜੋਖਿਮ ਬੀਮਾ ਉਪਲੱਬਧ ਬੀਮਾ ਸੁਰੱਖਿਆ ਦੀ ਸਭ ਤੋਂ ਵੱਧ ਪੂਰਨ ਕਿਸਮ ਹੈ। ਇਸਕਰਕੇ ਕੀਮਤ ਵੀ ਹੋਰ ਪਾਲਸੀਆਂ ਦੇ ਮੁਕਾਬਲੇ ਵੱਧ ਹੈ ਅਤੇ ਇਸ ਕਿਸਮ ਦੇ ਬੀਮੇ ਦੀ ਕੀਮਤ ਨੂੰ ਦਾਅਵਿਆਂ ਦੀ ਸੰਭਾਵਨਾ ਦੇ ਨਾਲ ਮਾਪਿਆ ਜਾਂਦਾ ਹੈ।

ਘਰ ਇੱਕ ਥਾਂ ਹੈ, ਜਿੱਥੇ ਸੁਫ਼ਨੇ ਬਣਾਏ ਜਾਂਦੇ ਹਨ ਅਤੇ ਯਾਦਾਂ ਖ਼ਜ਼ਾਨਾ ਹਨ। ਸਾਡੇ ਵਿੱਚੋਂ ਬਹੁਤਿਆਂ ਲਈ ਆਪਣਾ ਘਰ ਹੋਣਾ ਦਿਲ ਦੀ ਲੰਮੀ ਰੀਝ ਹੁੰਦੀ ਹੈ ਅਤੇ ਇਹ ਸਭ ਤੋਂ ਮਹੱਤਵਪੂਰਨ ਕੀਤਾ ਜਾਣ ਵਾਲਾ ਵਿੱਤੀ ਫੈਸਲਾ ਹੁੰਦਾ ਹੈ। ਸਾਡੇ ਵਿੱਚੋਂ ਬਹੁਤੇ ਜੋ ਘਰ ਖਰੀਦਣ ਦਾ ਫੈਸਲਾ ਕਰਦੇ ਹਨ, ਘਰ ਕਰਜ਼ ਦੀ ਚੋਣ ਕਰਦੇ ਹਨ। ਘਰ ਕਰਜ਼ ਸਾਡੇ ਜੀਵਨ ਵਿੱਚ ਸਭ ਤੋਂ ਲੰਮਾ ਸਮਾਂ ਚੱਲਣ ਵਾਲਾ ਕਰਜ਼ ਹੈ, ਜਿਸ ਲਈ ਲੰਮੇ ਸਮੇਂ ਲਈ ਵਚਨਬੱਧਤਾ ਦੀ ਲੋੜ ਹੁੰਦੀ ਹੈ। ਕਰਜ਼ੇ ਦੀ ਪ੍ਰਾਪਤੀ ਦੇ ਵਾਸਤੇ, ਸਾਨੂੰ ਬੈਂਕ ਨੂੰ ਬੀਮਾ ਲੈ ਕੇ ਦੇਣ ਦੀ ਲੋੜ ਹੁੰਦੀ ਅਤੇ ਕਰਜ਼ ਨੂੰ ਸੁਰੱਖਿਅਤ ਕਰਨਾ ਹੁੰਦਾ ਹੈ।

ਘਰ ਤੋਂ ਬਿਨਾਂ ਘਰ ਦੀ ਸਮੱਗਰੀ ਵੀ ਮਹੱਤਵਪੂਰਨ ਹੈ। ਘਰ ਵਿੱਚ ਫਰਨੀਚਰ ਅਤੇ ਕੀਮਤੀ ਸਮਾਨ ਜਿਵੇਂ ਕਿ ਟੈਲੀਵਿਜ਼ਨ, ਫਰਿੱਜ਼, ਕੱਪੜੇ ਧੋਣ ਵਾਲੀ ਮਸ਼ੀਨ ਆਦਿ ਹੋ ਸਕਦੇ ਹਨ। ਘਰ ਵਿੱਚ ਕੁਝ ਸੋਨੇ ਜਾਂ ਚਾਂਦੀ ਦੇ ਗਹਿਣੇ ਅਤੇ ਚਿੱਤਰਕਾਰੀ ਜਿਵੇਂ ਪੇਂਟਿੰਗ ਜਾਂ ਅਨੋਖੇ ਚਿੱਤਰ ਹੋ ਸਕਦੇ ਹਨ। ਇਹਨਾਂ ਸਭ ਵਿੱਚ ਅੱਗ, ਭੁਚਾਲ, ਹੜ੍ਹਾਂ ਆਦਿ ਰਾਹੀਂ ਨੁਕਸਾਨ ਜਾਂ ਚੋਰੀ ਆਦਿ ਵਿੱਚ ਹੋ ਸਕਦੀ ਹੈ। ਇਹ ਸਭ ਮਲਕੀਅਤਾਂ ਨੂੰ ਪਰਿਵਾਰਿਕ ਬੱਚਤਾਂ ਦੀ ਵਰਤੋਂ ਕਰਕੇ ਉੱਚੇ ਮੁੱਲ ਉੱਤੇ ਖਰੀਦਿਆਂ ਹੁੰਦਾ ਹੈ, ਘਾਟਾ ਪੈਣ ਨਾਲ ਵਿੱਤੀ ਔਖਿਆਈ ਹੋ ਸਕਦੀ ਹੈ। ਘਰ-ਬਾਰ ਬੀਮਾ ਇੱਕ ਪੂਰਨ ਪਾਲਸੀ ਹੈ, ਜੋ ਕਿ ਉੱਤੇ ਦਿੱਤੇ ਸਭ ਹਾਲਤਾਂ ਲਈ ਕੰਮ ਕਰਦੀ ਹੈ।

b) ਘਰ-ਬਾਰ ਦੀਆਂ ਬੀਮਾ ਪਾਲਸੀਆਂ ਵਿੱਚ ਕੀ ਸੁਰੱਖਿਅਤ ਕੀਤਾ ਹੁੰਦਾ ਹੈ?

ਜਾਣਕਾਰੀ

ਪੈਕੇਜ ਜਾਂ ਅੰਮਬਰੇਲਾ ਪਾਲਸੀਆਂ

i. ਪੈਕੇਜ ਜਾਂ ਅੰਮਬਰੇਲਾ ਬੀਮਾ ਸੁਰੱਖਿਆ ਕਈ ਬੀਮਾ ਸੁਰੱਖਿਆ ਇੱਕਠੀਆਂ ਇੱਕ ਇੱਕਲੇ ਦਸਤਾਵੇਜ਼ ਅਧੀਨ ਦਿੰਦਾ ਹੈ।

ii. ਬੀਮਾ ਸੁਰੱਖਿਆ ਜਿਵੇਂ ਕਿ ਘਰ-ਬਾਰ ਪਾਲਸੀ, ਦੁਕਾਨਦਾਰ ਪਾਲਸੀ, ਦਫ਼ਤਰ ਪੈਕੇਜ ਪਾਲਸੀ ਆਦਿ, ਉਪਲੱਬਧ ਹਨ, ਜੋ ਕਿ ਇੱਕ ਪਾਲਸੀ ਦੇ ਅਧੀਨ ਹੀ ਕਈ ਭੌਤਿਕ ਸੰਪੱਤੀਆਂ ਲਈ ਬੀਮਾ ਸੁਰੱਖਿਆ ਦਿੰਦੀਆਂ ਹਨ, ਜਿਵੇਂ ਕਿ ਇਮਾਰਤ, ਸਾਮਾਨ ਆਦਿ।

iii. ਇੰਝ ਦੀਆਂ ਪਾਲਸੀਆਂ ਵਿੱਚ ਕੁਝ ਨਿੱਜੀ ਲਾਈਨਾਂ ਜਾਂ ਦੇਣਦਾਰੀਆਂ ਲਈ ਬੀਮਾ ਸੁਰੱਖਿਆ ਵੀ ਦਿੱਤੀ ਹੋ ਸਕਦੀ ਹੈ।

iv. ਸਭ ਭਾਗਾਂ ਲਈ ਪੈਕੇਜ ਬੀਮਾ ਸੁਰੱਖਿਆ ਵਿੱਚ ਸਾਂਝੀਆਂ ਸ਼ਰਤਾਂ ਤੇ ਨਿਯਮ ਹੋ ਸਕਦੇ ਹਨ, ਨਾਲ ਹੀ ਪਾਲਸੀ ਦੇ ਖਾਸ ਭਾਗਾਂ ਲਈ ਖਾਸ ਸ਼ਰਤਾਂ ਵੀ ਹੋ ਸਕਦੀਆਂ ਹਨ।

ਘਰ-ਬਾਰ ਦੀ ਬੀਮਾ ਪਾਲਸੀ ਵਿੱਚ **ਘਰ ਇਮਾਰਤ ਅਤੇ ਇਸ ਦੀ ਸਮੱਗਰੀ** ਨੂੰ ਅੱਗ, ਦੰਗੇ, ਪਾਈਪਾਂ ਦਾ ਫੱਟਣਾ, ਭੁਚਾਲ ਆਦਿ ਲਈ ਬੀਮਾ ਸੁਰੱਖਿਆ ਹੁੰਦੀ ਹੈ। ਇਮਾਰਤ ਤੋਂ ਬਿਨਾਂ, ਇਸ ਵਿੱਚ ਸਮਾਨ ਦੀ ਚੋਰੀ, ਸੰਨ੍ਹਮਾਰੀ ਲਈ ਬੀਮਾ ਸੁਰੱਖਿਆ ਹੁੰਦੀ ਹੈ।

ਗਹਿਣਿਆਂ, ਜਦੋਂ ਵੀ ਪਾਏ ਜਾਂਦੇ ਹਨ ਜਾਂ ਤਿਜੋਰੀ ਵਿੱਚ ਰੱਖੇ ਜਾਂਦੇ ਹਨ, ਨੂੰ ਵੀ ਘਰ-ਬਾਰ ਬੀਮਾ ਦੇ ਅਧੀਨ ਬੀਮਾ ਸੁਰੱਖਿਆ ਦਿੱਤੀ ਜਾ ਸਕਦੀ ਹੈ। ਪੁਰਾਤਨ ਅਤੇ ਕਲਾ ਦੇ ਕੰਮ ਲਈ ਵੀ ਬੀਮਾ ਸੁਰੱਖਿਆ ਦਿੱਤੀ ਜਾ ਸਕਦੀ ਹੈ।

ਘਰ-ਬਾਰ ਦੇ ਬੀਮੇ ਵਿੱਚ ਨਿੱਜੀ ਬੈਗ, ਘਰੇਲੂ ਤੇ ਬਿਜਲੀ ਦੇ ਸਾਮਾਨ ਦੇ ਬਿਜਲੀ ਅਤੇ ਮਸ਼ੀਨੀ ਫੇਲ੍ਹ ਹੋਣ ਦੇ ਕਰਕੇ ਹੋਣ ਵਾਲੇ ਘਾਟੇ ਲਈ ਵੀ ਬੀਮਾ ਸੁਰੱਖਿਆ ਦਿੱਤੀ ਜਾ ਸਕਦੀ ਹੈ। ਕੁਝ ਬੀਮਾਕਰਤਾ ਪੈਡਲ ਸਾਈਕਲ, ਨਿੱਜੀ ਦੁਰਘਟਨਾ ਅਤੇ ਕਰਮਚਾਰੀ ਦੇ ਹਰਜਾਨੇ ਲਈ ਵੀ ਬੀਮਾ ਸੁਰੱਖਿਆ ਦਿੰਦੇ ਹਨ।

ਬੀਮਾ ਸੁਰੱਖਿਆ ਦਿੱਤੇ ਘਾਟਿਆਂ ਵਿੱਚ ਅੱਗ, ਅਸਮਾਨੀ ਬਿਜਲੀ, ਧਮਾਕੇ, ਅਤੇ ਹਵਾਈ-ਜਹਾਜ਼ ਡਿੱਗਣ / ਟੱਕਰ ਰਾਹੀਂ ਨੁਕਸਾਨ (ਜਿਸ ਨੂੰ FLEXA ਕਹਿੰਦੇ ਹਨ); ਤੂਫਾਨ, ਝੱਖੜ, ਕਾਂਗ ਤੇ ਹੜ੍ਹ (ਜਿਸ ਨੂੰ STFI ਕਿਹਾ ਜਾਂਦਾ ਹੈ); ਅਤੇ ਸੰਨ੍ਹਮਾਰੀ ਹਨ। ਬੀਮਾ ਸੁਰੱਖਿਆ ਕੰਪਨੀ ਤੋਂ ਕੰਪਨੀ ਅਤੇ ਪਾਲਸੀ ਤੋਂ ਪਾਲਸੀ ਮੁਤਾਬਕ ਵੱਖ-ਵੱਖ ਹੋ ਸਕਦੀ ਹੈ। ਹਾਈ ਨੈੱਟਵਰਥ ਇਨਡਿਵਿਜ਼ਲਸ (HNI), ਜੋ ਕਿ ਮਹਿੰਗੇ ਘਰ ਰੱਖਦੇ ਹਨ, ਵਿੱਚ ਤਰੱਕੀ ਨਾਲ, ਇਸ ਬੀਮਾ ਦੀ ਲੋੜ ਵਿੱਚ ਵਾਧਾ ਹੋਇਆ ਹੈ।

ਨੋਟ

ਪਲੇਟ ਗਲਾਸ ਅਤੇ ਟੈਲੀਵਿਜ਼ਨ ਬੀਮਾ, ਇਸ ਬੀਮੇ ਰਾਹੀਂ ਬੀਮਾ ਸੁਰੱਖਿਆ ਦੇ ਰਾਹੀਂ, ਵੱਖਰੇ ਤੌਰ ਉੱਤੇ ਲਿਆ ਜਾ ਸਕਦਾ ਹੈ, ਜੇ ਬੀਮਤ ਨੂੰ ਲੋੜ ਹੋਵੇ। ਅੱਤਵਾਦ ਨੂੰ ਆਮ ਤੌਰ ਉੱਤੇ ਅਲਹਿਦਾ ਰੱਖਿਆ ਜਾਂਦਾ ਹੈ, ਪਰ ਵਾਧੇ

ਦੇ ਤੌਰ ਉੱਤੇ ਦਿੱਤਾ ਜਾ ਸਕਦਾ ਹੈ। ਜੰਗ ਅਤੇ ਸਬੰਧਿਤ ਸੰਕਟ; ਮੁੱਲ ਘੱਟਣਾ, ਘਸਾਈ; ਨਤੀਜੇ ਵਲੋਂ ਘਾਟਾ ਅਤੇ ਪ੍ਰਮਾਣੂ ਸੰਕਟ ਅਲਹਿਦਾ ਹੁੰਦੇ ਹਨ।

---

c) ਬੀਮਤ ਰਕਮ ਅਤੇ ਪ੍ਰੀਮੀਅਮ

ਖਾਸ

ਬੀਮਾ ਕੀਤੀ ਰਕਮ ਨੂੰ ਕਿਵੇਂ ਤਹਿ ਕੀਤਾ ਜਾਂਦਾ ਹੈ?

i. ਆਮ ਤੌਰ ਉੱਤੇ ਬੀਮਾ ਕੀਤੀ ਰਕਮ ਤਹਿ ਕਰਨ ਦੇ ਦੋ ਢੰਗ ਹਨ। ਇੱਕ ਹੈ ਬਾਜ਼ਾਰੀ ਮੁੱਲ (MV) ਅਤੇ ਦੂਜਾ ਹੈ ਮੁੜ-ਸਥਾਪਨ ਮੁੱਲ (RIV)। M.V. ਦੇ ਕੇਸ ਵਿੱਚ, ਨੁਕਸਾਨ ਹੋਣ ਦੇ ਹਾਲਤ ਵਿੱਚ, ਘਸਾਈ ਨੂੰ ਸੰਪੱਤੀ ਦੀ ਉਮਰ ਮੁਤਾਬਕ ਲਾਗੂ ਕੀਤਾ ਜਾਂਦਾ ਹੈ। ਇਸ ਢੰਗ ਅਧੀਨ, ਬੀਮਤ ਨੂੰ ਜਾਇਦਾਦ ਬਦਲਣ ਲਈ ਲੋੜੀਦੀ ਮਾਤਰਾ ਵਿੱਚ ਭੁਗਤਾਨ ਨਹੀਂ ਕੀਤਾ ਜਾਂ।

ii. RIV ਢੰਗ ਵਿੱਚ, ਬੀਮਾ ਕੰਪਨੀ ਬੀਮਾ ਕੀਤੀ ਰਕਮ ਦੀ ਹੱਦ ਤੱਕ ਵਿਸ਼ਾ-ਵਸਤੂ ਨੂੰ ਬਦਲਣ ਦੀ ਕੀਮਤ ਦਾ ਭੁਗਤਾਨ ਕਰੇਗੀ। ਇਹ ਢੰਗ ਵਿੱਚ ਕੋਈ ਵੀ ਘਸਾਈ ਨਹੀਂ ਵਿਚਾਰੀ ਜਾਂਦੀ ਹੈ। ਇੱਕ ਸ਼ਰਤ ਹੁੰਦੀ ਹੈ ਕਿ ਨੁਕਸਾਨੀ ਗਈ ਸੰਪੱਤੀ ਨੂੰ ਦਾਅਵਾ ਲੈਣ ਲਈ ਮੁਰੰਮਤ ਕਰਵਾਉਣਾ/ ਬਦਲਿਆ ਜਾਣਾ ਚਾਹੀਦਾ ਹੈ। ਇਹ ਯਾਦ ਰੱਖਣਾ ਚਾਹੀਦਾ ਹੈ ਕਿ RIV ਢੰਗ ਕੇਵਲ ਅਚੱਲ ਸੰਪੱਤੀ ਲਈ ਹੀ ਮਨਜ਼ੂਰ ਹੈ ਅਤੇ ਹੋਰ ਸੰਪੱਤੀਆਂ ਜਿਵੇਂ ਕਿ ਸਟਾਕ ਅਤੇ ਚਾਲੂ ਸਟਾਕ ਲਈ ਨਹੀਂ ਵਰਤਿਆ ਜਾ ਸਕਦਾ ਹੈ।

ਬਹੁਤੀਆਂ ਪਾਲਸੀਆਂ ਘਰ ਦੇ ਢਾਂਚੇ ਦਾ ਇਸ ਦੇ ਮੁੜ-ਨਿਰਮਾਣ ਲਈ ਬੀਮਾ ਕਰਦੀਆਂ ਹਨ (ਅਤੇ ਬਾਜ਼ਾਰੀ ਮੁੱਲ ਲਈ ਨਹੀਂ) ਮੁੜ-ਨਿਰਮਾਣ ਘਰ ਦੇ ਮੁੜ-ਬਣਾਉਣ ਦੀ ਕੀਮਤ ਹੈ, ਜੇ ਨੁਕਸਾਨ ਹੋ ਜਾਵੇ। ਦੂਜੇ ਪਾਸੇ ਬਾਜ਼ਾਰੀ ਮੁੱਲ ਮੰਗ, ਉਪਲੱਬਧਤਾ ਆਦਿ ਦੇ ਕਾਰਕਾਂ ਉੱਤੇ ਨਿਰਭਰ ਕਰਦੀ ਹੈ।

ਬੀਮਾ ਕੀਤੀ ਰਕਮ ਨੂੰ ਆਮ ਤੌਰ ਉੱਤੇ ਬੀਮਤ ਦੇ ਘਰ ਦੇ ਬਣਾਏ ਗਏ ਖੇਤਰ ਨੂੰ ਪ੍ਰਤੀ ਵਰਗ ਫੁੱਟ ਦੀ ਨਿਰਮਾਣ ਦਰ ਨਾਲ ਗੁਣਾ ਕਰਕੇ ਕੱਢਿਆ ਜਾਂਦਾ ਹੈ। ਘਰ ਦੀ ਸਮੱਗਰੀ - ਫਰਨੀਚਰ, ਘਰ ਦਾ ਸਾਮਾਨ, ਕੱਪੜੇ, ਬਰਤਨ ਆਦਿ - ਦਾ ਮੁੱਲ ਬਾਜ਼ਾਰੀ ਮੁੱਲ, ਜਿਵੇਂ ਕਿ ਉਸ ਤਰ੍ਹਾਂ ਦੇ ਸਾਮਾਨ ਦਾ ਮੌਜੂਦਾ ਬਾਜ਼ਾਰੀ ਮੁੱਲ ਘਸਾਈ ਦੇ ਬਾਅਦ, ਦੇ ਅਧਾਰ ਉੱਤੇ ਹੁੰਦਾ ਹੈ।

ਪ੍ਰੀਮੀਅਮ ਬੀਮਾ ਕੀਤੇ ਮੁੱਲ ਅਤੇ ਲਈ ਗਈ ਬੀਮਾ ਸੁਰੱਖਿਆ ਉੱਤੇ ਨਿਰਭਰ ਹੋਵੇਗੀ।

ਸਵੈ ਜਾਂਚ ਕਰੋ 1

ਘਰ-ਬਾਰ ਦੀ ਬੀਮਾ ਪਾਲਸੀ ਦੇ ਬਾਰੇ ਹੇਠ ਦਿੱਤੇ ਕਥਨਾਂ ਵਿੱਚੋਂ ਕਿਹੜਾ ਸਹੀਂ ਹੈ?

I. ਪ੍ਰਮੁੱਖ ਸੰਕਟ ਪਾਲਸੀ ਨੂੰ ਵਿਆਪਕ ਪਾਲਸੀ, ਜੋ ਕਿ ਬਹੁਤੇ ਜੋਖਿਮਾਂ ਲਈ ਸੁਰੱਖਿਆ ਦੇਣ ਦਿੰਦੀ ਹੈ, ਦੀ ਬਜਾਏ ਘੱਟ ਖਰਚੀਲੇ ਬਦਲ ਦੇ ਵਜੋਂ ਖਰੀਦਿਆ ਜਾ ਸਕਦਾ ਹੈ।

II. ਪੂਰਨ ਪਾਲਸੀ, ਜੋ ਕਿ ਬਹੁਤੇ ਸੰਕਟਾਂ ਲਈ ਬੀਮਾ ਸੁਰੱਖਿਆ ਦਿੰਦੀ ਹੈ; ਖਾਸ ਸੰਕਟ ਪਾਲਸੀ ਦੀ ਬਜਾਏ ਘੱਟ ਖਰਚੀਲੇ ਬਦਲ ਦੇ ਰੂਪ ਵਿੱਚ ਖਰੀਦੀ ਜਾ ਸਕਦੀ ਹੈ।

III. ਖਾਸ ਸੰਕਟ ਪਾਲਸੀ ਜਾਂ ਪੂਰਨ ਪਾਲਸੀ ਇੱਕੋ ਕੀਮਤ ਉੱਤੇ ਉਪਲੱਬਧ ਹੁੰਦੀਆਂ ਹਨ।

IV. ਘਰ-ਬਾਰ ਦੀ ਪਾਲਸੀ ਦੇ ਸਬੰਧ ਵਿੱਚ, ਕੇਵਲ ਇੱਕ ਖਾਸ ਸੰਕਟ ਪਾਲਸੀ ਹੀ ਖਰੀਦੀ ਜਾ ਸਕਦੀ ਹੈ ਅਤੇ ਪੂਰਨ ਪਾਲਸੀਆਂ ਉਪਲੱਬਧ ਨਹੀਂ ਹੁੰਦੀਆਂ ਹਨ।

B. ਦੁਕਾਨਦਾਰ ਦਾ ਬੀਮਾ

ਵਪਾਰ ਇੱਕ ਆਰਥਿਕ ਸਰਗਰਮੀ ਹੈ ਅਤੇ ਹਰੇਕ ਉੱਦਮ ਕਰਤਾ ਆਪਣੇ ਕਾਰੋਬਾਰ ਤੋਂ ਫਾਇਦਾ ਪ੍ਰਾਪਤ ਕਰਨਾ ਚਾਹੁੰਦਾ ਹੈ। ਦੁਕਾਨ ਸਾਡੇ ਦੇਸ਼ ਵਿੱਚ ਕਈਆਂ ਲਈ ਲਾਭ ਦਾ ਸਰੋਤ ਹਨ। ਇਹ ਨਾ ਕੇਵਲ ਆਮਦਨ ਦਿੰਦੀਆਂ ਹਨ, ਪਰ ਸੰਪੱਤੀ ਵੀ ਹਨ। ਦੁਕਾਨਦਾਰ ਕਾਰੋਬਾਰ ਨੂੰ ਛੱਡ ਕੇ ਸਭ ਚਿੰਤਾਵਾਂ ਤੋਂ ਮੁਕਤ ਹੋਣਾ ਚਾਹੁੰਦਾ ਹੈ, ਜੋ ਕਿ ਉਸ ਦੇ ਕਾਰੋਬਾਰ ਨੂੰ ਅਟਕਾ ਸਕਦੀਆਂ ਹਨ। ਬਦਕਿਸਮਤੀ ਨਾਲ ਘਟਨਾਵਾਂ ਕਾਰੋਬਾਰੀ ਪੂੰਜੀ ਜਾਂ ਕਾਰਵਾਈਆਂ ਨੂੰ ਵੱਡੇ ਪੱਧਰ ਉੱਤੇ ਪ੍ਰਭਾਵਿਤ ਕਰ ਸਕਦੀਆਂ ਹਨ ਅਤੇ ਦੀਵਾਲੀਆ ਜਾਂ ਬੰਦ ਕਰਨ ਦੀ ਨੌਬਤ ਆ ਸਕਦੀ ਹੈ। ਦੁਕਾਨਦਾਰ ਵੱਡਾ ਨਿਗਮ ਨਹੀਂ ਹੈ, ਜਿਸ ਕੋਲ ਕਾਰੋਬਾਰ ਮੁੜ-ਚਾਲੂ ਕਰਨ ਲਈ ਬਹੁਤ ਸਾਰਾ ਧਨ ਹੈ। ਇੱਕ ਮਾੜੀ ਘਟਨਾ ਨਾਲ ਉਸ ਦੀ ਦੁਕਾਨ ਬੰਦ ਹੋ ਸਕਦੀ ਹੈ ਅਤੇ ਸੰਭਵ ਤੌਰ ਉੱਤੇ ਉਸਦਾ ਪਰਿਵਾਰ ਰੁਲ ਜਾਵੇਗਾ। ਦੇਣ ਵਾਲਾ ਬੈਂਕ ਕਰਜ਼ ਵੀ ਹੋ ਸਕਦਾ ਹੈ।

ਹਮੇਸ਼ਾ ਸੰਭਾਵਨਾ ਬਣੀ ਰਹਿੰਦੀ ਹੈ ਕਿ ਪਬਲਿਕ ਦੇ ਮੈਂਬਰ ਨੂੰ ਨਿੱਜੀ ਸੱਟ ਜਾਂ ਉਸ ਦੀ ਜਾਇਦਾਦ ਦਾ ਨੁਕਸਾਨ ਦੁਕਾਨ ਮਾਲਕ ਦੇ ਕੰਮਾਂ ਕਰਕੇ ਹੋ ਸਕਦਾ ਹੈ ਅਤੇ ਅਦਾਲਤ ਦੁਕਾਨ ਮਾਲਕ ਨੂੰ ਨੁਕਸਾਨ ਦੀ ਪੂਰਤੀ ਕਰਨ ਲਈ ਜ਼ਿੰਮੇਵਾਰ ਬਣਾ ਸਕਦੀ ਹੈ। ਇਹਨਾਂ ਹਾਲਤਾਂ ਵਿੱਚ ਦੁਕਾਨਦਾਰ ਬਰਬਾਦ ਵੀ ਹੋ ਸਕਦਾ ਹੈ। ਇਸਕਰਕੇ ਰੁਜ਼ਗਾਰ ਦੇ ਇਹ ਮੌਕੇ ਨੂੰ ਸੁਰੱਖਿਅਤ ਕਰਨਾ ਬਹੁਤ ਹੀ ਜ਼ਰੂਰੀ ਹੈ।

ਦੁਕਾਨਦਾਰ ਦੀਆਂ ਬੀਮਾ ਪਾਲਸੀਆਂ ਵਪਾਰਕ ਦੁਕਾਨ/ਫੁਟਕਲ ਧੰਦਿਆਂ ਦੇ ਇੰਝ ਦੇ ਕਈ ਪੱਖਾਂ ਲਈ ਬੀਮਾ ਸੁਰੱਖਿਆ ਦੀ ਵਿਉਂਤ ਬਣਾਉਣ ਲਈ ਹਨ। ਇਹ ਪਾਲਸੀਆਂ ਹਨ, ਜਿਹਨਾਂ ਨੂੰ ਵੱਖ-ਵੱਖ ਕਿਸਮ ਦੀਆਂ ਦੁਕਾਨਾਂ ਲਈ ਬੀਮਾ ਦੇਣ ਵਾਸਤੇ ਪਸੰਦ ਮੁਤਾਬਕ ਬਦਲਿਆ ਜਾ ਸਕਦਾ ਹੈ ਜਿਵੇਂ ਕਿ ਪੁਰਾਤਨ ਦੁਕਾਨ, ਨਾਈ ਦੀ ਦੁਕਾਨ, ਬਿਊਟੀ ਪਾਰਲਰ, ਕਿਤਾਬਾਂ ਦੀ ਦੁਕਾਨ, ਡਿਪਾਰਟਮੈਂਟ ਸਟੋਰ, ਡਰਾਈ ਕਲੀਨਰ, ਗਿਫ਼ਟ ਸ਼ਾਪ, ਦਵਾਈਆਂ ਦੀ ਦੁਕਾਨ, ਸਟੇਸ਼ਨਰੀ ਦੁਕਾਨ, ਖਿਡੌਣਿਆਂ ਦੀ ਦੁਕਾਨ, ਕੱਪੜਿਆਂ ਦਾ ਸਟੋਰ ਆਦਿ।

1. ਦੁਕਾਨਦਾਰ ਦੀ ਬੀਮਾ ਸੁਰੱਖਿਆ ਵਿੱਚ ਕੀ ਹੈ?

ਪਾਲਸੀ ਕਾਰੋਬਾਰ ਧੰਦੇ ਦੇ ਖਾਸ ਖੇਤਰਾਂ ਨੂੰ ਸੁਰੱਖਿਆ ਦੇਣ ਵਰਤੀ ਜਾ ਸਕਦੀ ਹੈ। ਇਸ ਵਿੱਚ ਦੁਕਾਨ ਦੇ ਢਾਂਚੇ ਅਤੇ ਸਮੱਗਰੀ ਦੇ ਅੱਗ, ਭੁਚਾਲ, ਹੜ੍ਹਾਂ ਜਾਂ ਦੋਖੀ ਨੁਕਸਾਨ; ਅਤੇ ਚੋਰੀ ਦੇ ਕਰਕੇ ਹੋਣ ਵਾਲੇ ਨੁਕਸਾਨ ਲਈ ਬੀਮਾ ਸੁਰੱਖਿਆ ਦਿੰਦਾ ਹੈ। ਦੁਕਾਨ ਬੀਮੇ ਵਿੱਚ ਕਾਰੋਬਾਰ ਰੁਕਾਵਟ ਸੁਰੱਖਿਆ ਵੀ ਸ਼ਾਮਿਲ ਹੁੰਦੀ ਹੈ। ਇਸ ਵਿੱਚ ਅਚਾਨਕ ਕੀਤੇ ਦਾਅਵੇ ਦੀ ਘਟਨਾ ਵਿੱਚ ਕਿਸੇ ਵੀ ਨਾ-ਮਿਲੀ ਆਮਦਨ ਜਾਂ ਵਾਧੂ ਖਰਚਿਆਂ ਲਈ ਬੀਮਾ ਸੁਰੱਖਇਆ ਦਿੱਤੀ ਜਾਵੇਗੀ। ਬੀਮਾ ਸੁਰੱਖਿਆ ਨੂੰ ਬੀਮਤ ਵਲੋਂ ਆਪਣੀਆਂ ਸਰਗਰਮੀਆਂ ਦੇ ਮੁਤਾਬਕ ਚੁਣਿਆ ਜਾ ਸਕਦਾ ਹੈ।

ਹੋਰ ਬੀਮਾ ਸੁਰੱਖਿਆ, ਜੋ ਕਿ ਬੀਮਤ ਲੈ ਸਕਦਾ ਹੈ, ਬੀਮਤਾ ਕਰਤਾ ਦੇ ਮੁਤਾਬਕ ਵੱਖ-ਵੱਖ ਹੋ ਸਕਦੀਆਂ ਹਨ ਅਤੇ ਗ਼ੈਰ-ਜੀਵਨ ਬੀਮਾ ਕੰਪਨੀਆਂ ਦੀਆਂ ਵੈੱਬਸਾਈਟਾਂ ਤੋਂ ਜਾਂਚੀਆਂ ਜਾ ਸਕਦੀਆਂ ਹਨ।

ਇਹ ਹੋ ਸਕਦੇ ਹਨ:

i. **ਸੰਨ੍ਹਮਾਰੀ ਅਤੇ ਚੋਰੀ** ਦਫ਼ਤਰੀ ਸਮੱਗਰੀ ਸੰਨ੍ਹਮਾਰੀ, ਚੋਰੀ ਆਦਿ ਲਈ ਬੀਮਾ ਸੁਰੱਖਿਆ

ii. **ਮਸ਼ੀਨਰੀ ਖਰਾਬੀ:** ਬਿਜਲੀ ਜਾਂ ਮਕੈਨੀਕਲ ਯੰਤਰ ਦੇ ਖਰਾਬ ਹੋਣ ਲਈ ਸੁਰੱਖਿਆ

iii. **ਬਿਜਲੀ ਯੰਤਰ ਅਤੇ ਸਮੱਗਰੀ:**

- ✓ ਬਿਜਲੀ ਯੰਤਰਾਂ ਲਈ ਸਭ-ਜੋਖਿਮ ਸੁਰੱਖਿਆ ਦਿੰਦੀ ਹੈ
- ✓ ਬਿਜਲੀ ਇੰਸਟਾਲੇਸ਼ਨ ਦੇ ਘਾਟੇ ਲਈ ਸੁਰੱਖਿਆ

iv. **ਧਨ ਬੀਮਾ**: ਦੁਰਘਟਨਾ ਦੇ ਕਾਰਨ ਧਨ ਦੇ ਹੋਣ ਵਾਲੇ ਨੁਕਸਾਨ ਲਈ ਬੀਮਾ ਸੁਰੱਖਿਆ ਦਿੰਦਾ ਹੈ, ਜਦੋਂ ਇਹ ਹੈ:

- ✓ ਕਾਰੋਬਾਰੀ ਇਮਾਰਤ ਤੋਂ ਬੈਂਕ ਵਿੱਚ ਭੇਜਣਾ ਅਤੇ ਉਲਟਾ
- ✓ ਕਾਰੋਬਾਰੀ ਇਮਾਰਤ ਵਿਖੇ ਸੁਰੱਖਿਅਤ
- ✓ ਕਾਰੋਬਾਰੀ ਇਮਾਰਤ ਵਿੱਚ (ਦੁਕਾਨ ਦੀ) ਗੋਲਕ (ਡੱਬਾ/ਦਰਾਜ/ ਕਾਊਂਟਰ)

v. **ਬੈਗ**: ਬੈਗ (ਸਾਮਾਨ) ਦੇ ਗੁਆਚਣ ਲਈ ਮੁਆਵਜ਼ਾ, ਜਦੋਂ ਕਿ ਅਧਿਕਾਰਿਕ ਮਕਸਦ ਲਈ ਯਾਤਰਾ ਉੱਤੇ ਹੋਵੋ

vi. **ਲਗਾਈ ਹੋਈ ਕੱਚ ਦੀ ਪਲੇਟ ਅਤੇ ਨਿਰੋਗਤਾ ਫਿੱਟਿੰਗ ਲਈ ਦੁਰਘਟਨਾ ਦੇ ਕਰਕੇ ਹੋਣ ਵਾਲੇ ਨੁਕਸਾਨ ਲਈ ਬੀਮਾ ਸੁਰੱਖਿਆ:**

- ✓ ਲਗਾਈ ਕੱਚ ਦੀ ਪਲੇਟ

- ✓ ਨਿਰੋਗਤਾ (ਸੈਂਟਰੀ ਫਿੱਟਿੰਗ
- ✓ ਨਿਓਨ ਨਿਸ਼ਾਨ / ਚਮਕਦਾਰ ਨਿਸ਼ਾਨ / ਹੋਰਡਿੰਗ

vii. ਨਿੱਜੀ ਦੁਰਘਟਨਾ

viii. ਮੁਲਾਜ਼ਮਾਂ ਦਾ ਵਿਸ਼ਵਾਸਘਾਤ/ ਬੇਈਮਾਨੀ: ਮੁਲਾਜ਼ਮਾਂ ਦੇ ਬੇਈਮਾਨੀ ਦੇ ਕੰਮਾਂ ਕਰਕੇ ਹੋਣ ਵਾਲੇ ਨੁਕਸਾਨ ਲਈ ਬੀਮਾ ਸੁਰੱਖਿਆ

ix. ਕਾਨੂੰਨੀ ਦੇਣਦਾਰੀ:

- ✓ ਨੌਕਰੀ ਦੇ ਨਾਲ ਅਤੇ ਕਰਕੇ ਹੋਣ ਵਾਲੀਆਂ ਦੁਰਘਟਨਾਵਾਂ ਲਈ ਮੁਆਵਜ਼ਾ
- ✓ ਸੁਤੰਤਰ ਧਿਰਾਂ ਲਈ ਕਾਨੂੰਨੀ ਦੇਣਦਾਰੀਆਂ ਲਈ ਬੀਮਾ ਸੁਰੱਖਿਆ ਦੇਣੀ

ਅੱਗ/ ਸੰਨ੍ਹਮਾਰੀ / ਬੈਗ (ਸਾਮਾਨ)/ ਕੱਚ ਪਲੇਟ / ਦ੍ਰਿੜ੍ਹਤਾ ਗਾਰੰਟੀ / ਕਾਮਿਆਂ ਲਈ ਮੁਆਵਜ਼ਾ ਅਤੇ ਪਬਲਿਕ ਦੇਣਦਾਰੀ ਪਾਲਸੀਆਂ (ਅੱਗੇ ਪਾਠ ਵਿੱਚ ਜਾਣਕਾਰੀ ਹੈ) ਨੂੰ ਵੱਖਰੇ ਤੌਰ ਉੱਤੇ ਲਿਆ ਜਾ ਸਕਦਾ ਹੈ।

ਅੱਤਵਾਦ ਸੁਰੱਖਿਆ ਲਈ ਵਧਾਇਆ ਜਾ ਸਕਦਾ ਹੈ। ਅਲਹਿਦਗੀਆਂ ਘਰ-ਬਾਰ ਦੇ ਬੀਮੇ ਦੇ ਵਾਂਗ ਹੀ ਹਨ।

2. ਬੀਮਤ ਰਕਮ ਅਤੇ ਪ੍ਰੀਮੀਅਮ

ਉਦਯੋਗਿਕ ਇਕਾਈਆਂ ਜਾਂ ਦਫ਼ਤਰ ਆਪਣੀ ਸੰਪੱਤੀਆਂ ਦੇ ਮੁੱਲ ਵੇਖਾਉਣ ਲਈ ਅਕਾਊਂਟਸ ਬੁੱਕ (ਵਹੀ-ਖਾਤੇ) ਰੱਖਣਗੇ, ਇਸਕਰਕੇ ਬੀਮਾ ਕੀਤੀ ਰਕਮ ਨੂੰ ਤਹਿ ਕਰਨ ਵਿੱਚ ਮੁਸ਼ਕਿਲ ਨਹੀਂ ਆਵੇਗੀ। ਦੁਕਾਨ ਤੇ ਘਰ ਦੇ ਕੇਸ ਵਿੱਚ ਇਹ ਹਮੇਸ਼ਾ ਸੰਭਵ ਨਹੀਂ ਹੋ ਸਕਦਾ ਹੈ।

ਜਿਵੇਂ ਪਹਿਲਾਂ ਹੀ ਦੱਸਿਆ ਹੈ ਕਿ ਘਰ-ਬਾਰ ਦੇ ਬੀਮੇ ਵਿੱਚ ਆਮ ਤੌਰ ਉੱਤੇ ਬੀਮਾ ਕੀਤੀ ਰਕਮ ਤਹਿ ਕਰਨ ਲਈ ਦੋ ਢੰਗ ਹਨ - ਬਾਜ਼ਾਰੀ ਮੁੱਲ ਅਤੇ ਮੁੜ-ਨਿਰਮਾਣ/ ਬਦਲਣ ਮੁੱਲ।

ਹੋਰ ਵਾਧੂ ਬੀਮਾ ਸੁਰੱਖਿਆ ਜਿਵੇਂ ਕਿ ਧਨ, ਬੈਗ, ਨਿੱਜੀ ਦੁਰਘਟਨਾ ਲਈ, ਪ੍ਰੀਮੀਅਮ ਬੀਮਾ ਕੀਤੀ ਗਈ ਰਕਮ ਅਤੇ ਚੁਣੇ ਗਈ ਬੀਮਾ ਸੁਰੱਖਿਆ ਉੱਤੇ ਨਿਰਭਰ ਕਰੇਗਾ।

ਪਰਿਭਾਸ਼ਾ

ਕੁਝ ਖਾਸ ਪ੍ਰੀਭਾਸ਼ਾਵਾਂ

a) **ਸੰਨ੍ਹਮਾਰੀ** ਦਾ ਭਾਵ ਹੈ ਬੀਮਤ ਦੀ ਇਮਾਰਤ ਵਿੱਚ ਆਕਰਮਣਸ਼ੀਲ ਅਤੇ ਫੜਨਯੋਗ ਢੰਗਾਂ ਨਾਲ ਉਥੇ ਸਮਗੱਰੀ ਚੋਰੀ ਕਰਨ ਦੀ ਨੀਅਤ ਨਾਲ ਅਣਖਿਆਲੀ ਅਤੇ ਨਾ-ਪ੍ਰਮਾਣਿਤ ਦਾਖਲ ਹੋਣਾ ਜਾਂ ਬਾਹਰ ਨਿਕਲਣਾ।

b) **ਘਰ-ਉਲੰਘਣ** (ਹਾਊਸ-ਬਰੇਕਿੰਗ) ਦਾ ਭਾਵ ਹੈ ਕਿ ਘਰ ਵਿੱਚ ਗੈਰਕਾਨੂੰਨੀ ਢੰਗ ਨਾਲ ਜ਼ੁਰਮ ਕਰਨ ਦੇ ਮਕਸਦ ਨਾਲ ਦਾਖਲ ਹੋਇਆ ਗਿਆ ਹੈ।

c) **ਲੁੱਟਮਾਰ** ਦਾ ਭਾਵ ਹੈ ਕਿ ਬੀਮਤ ਦੀ ਇਮਾਰਤ ਵਿੱਚੋਂ ਬੀਮਤ ਅਤੇ / ਜਾਂ ਬੀਮਤ ਦੇ ਮੁਲਾਜ਼ਮਾਂ ਦੇ ਵਿਰੁਧ ਆਕਰਮਣਸ਼ੀਲ ਅਤੇ ਹਿੰਸਾਤਮਿਕ ਢੰਗਾਂ ਨਾਲ ਸਮੱਗਰੀ ਚੋਰੀ ਕਰਨਾ ਹੈ।

d) **ਤਿਜੌਰੀ** (ਸੇਫ਼) ਦਾ ਭਾਵ ਬੀਮਤ ਦੀ ਇਮਾਰਤ ਵਿੱਚ ਕੀਮਤੀ ਚੀਜ਼ਾਂ ਨੂੰ ਸੁਰੱਖਿਅਤ ਤੌਰ ਉੱਤੇ ਸੰਭਾਲਣ ਵਾਲੇ ਮਜ਼ਬੂਤ ਸੰਦੂਕ ਤੋਂ ਹੈ, ਜਿਸ ਨੂੰ ਵਰਤਣ ਦੀ ਆਗਿਆ ਸੀਮਿਤ ਹੁੰਦੀ ਹੈ।

e) **ਚੋਰੀ** ਸਭ ਜ਼ੁਰਮਾਂ ਲਈ ਸਾਂਝਾ ਸ਼ਬਦ ਹੈ, ਜਿਸ ਵਿੱਚ ਕੋਈ ਵਿਅਕਤੀ ਕਿਸੇ ਹੋਰ ਦੀ ਜਾਇਦਾਦ ਨੂੰ ਜਾਣ-ਬੁੱਝ ਕੇ ਅਤੇ ਧੋਖੇ ਨਾਲ ਬਿਨਾਂ ਉਸ ਦੀ ਆਗਿਆ ਜਾਂ ਸਹਿਮਤੀ ਲਏ ਲੈਂਦਾ ਹੈ ਅਤੇ ਇਸ ਨੂੰ ਆਪਣੀ ਵਰਤੋਂ ਲਈ ਬਦਲਣ ਜਾਂ ਵੇਚਣ ਦੀ ਕੋਸ਼ਿਸ਼ ਕਰਦਾ ਹੈ। ਚੋਰੀ ਦਾ ਸਾਮਾਨਅਰਥ larceny ਹੈ।

ਖੁਦ ਜਾਂਚ ਕਰੋ 2

ਦੁਕਾਨਕਾਰ ਪਾਲਸੀ ਦੇ ਤਹਿਤ, ਬੀਮਤ ਵਾਧੂ 'ਪਲੇਟ ਕੱਚ ਲਗਾਉਣ ਅਤੇ ਨਿਰੋਗਤਾ ਫਿੱਟ ਕਰਨ' ਬੀਮਾ ਸੁਰੱਖਿਆ ਦੀ ਚੋਣ ਵੀ ਕਰ ਸਕਦਾ ਹੈ। ਇਸ ਵਿੱਚ ਦੁਰਘਟਨਾ ਦੇ ਕਰਕੇ ਹੋਣ ਵਾਲੇ ਨੁਕਸਾਨ ਲਈ ਬੀਮਾ ਸੁਰੱਖਿਆ ਦਿੱਤੀ ਜਾਵੇਗੀ, ਹੇਠ ਦਿੱਤਿਆਂ ਵਿੱਚੋਂ ਕਿਸ ਨੂੰ?

I. ਲਗਾਈ ਕੱਚ ਦੀ ਪਲੇਟ
II. ਨਿਰੋਗਤਾ (ਸੈਂਟਰੀ ਫਿੱਟਿੰਗ
III. ਨਿਓਨ ਨਿਸ਼ਾਨ
IV. ਉੱਤੇ ਦਿੱਤੇ ਸਭ

C. ਮੋਟਰ ਬੀਮਾ

ਹਾਲਤ ਬਾਰੇ ਸੋਚੋ, ਜਿੱਥੇ ਤੁਸੀਂ ਆਪਣੀ ਸਾਰੀ ਬੱਚਤ ਨਾਲ ਨਵੀਂ ਕਾਰ ਖਰੀਦੀ ਹੈ ਅਤੇ ਇਸ ਨੂੰ ਚਲਾਉਣ ਜਾਂਦੇ ਹੋ। ਬਾਹਰ ਕਿਤੇ, ਤੁਹਾਡੇ ਸਾਹਮਣੇ ਕੁੱਤਾ ਆ ਜਾਂਦਾ ਹੈ ਅਤੇ ਉਸ ਦੇ ਵਿੱਚ ਵੱਜਣ ਤੋਂ ਬਚਾਉਣ ਲਈ, ਤੁਸੀਂ ਤੇਜ਼ੀ ਨਾਲ ਕੱਟ ਮਾਰਦੇ ਹੋ, ਡਰਾਈਵਰ ਉੱਤੇ ਚੜ੍ਹ ਜਾਂਦੇ ਹੋ ਅਤੇ ਇੱਕ ਹੋਰ ਕਾਰ ਨੂੰ ਟੱਕਰ ਮਾਰਦੇ ਹੋ ਅਤੇ ਹੋਰ ਵਿਅਕਤੀ ਫੱਟੜ ਹੋ ਜਾਂਦਾ ਹੈ। ਇੱਕ ਇੱਕਲੀ ਦੁਰਘਟਨਾ ਦੇ ਨਤੀਜੇ ਵਜੋਂ ਤੁਹਾਡੀ ਕਾਰ, ਪਬਲਿਕ ਜਾਇਦਾਦ ਅਤੇ ਹੋਰ ਕਾਰ ਦੇ ਨੁਕਸਾਨ ਦੇ ਨਾਲ ਨਾਲ ਹੋਰ ਵਿਅਕਤੀ ਫੱਟੜ ਵੀ ਹੋ ਗਿਆ ਹੈ।

ਇਹ ਹਾਲਤ ਵਿੱਚ, ਜੇ ਤੁਹਾਡੇ ਕੋਲ ਕਾਰ ਬੀਮਾ ਨਹੀਂ ਹੈ ਤਾਂ ਤੁਹਾਨੂੰ ਆਪਣੀ ਖਰੀਦੀ ਕਾਰ ਨਾਲੋਂ ਵੱਧ ਭੁਗਤਾਨ ਵੀ ਕਰਨਾ ਪੈ ਸਕਦਾ ਹੈ।

- ✓ ਕੀ ਤੁਹਾਨੂੰ ਉਹਨਾਂ ਵੱਧ ਧਨ ਦੇਣਾ ਪਵੇਗਾ?
- ✓ ਕੀ ਹੋਰ ਧਿਰ ਦਾ ਬੀਮਾ ਤੁਹਾਡੀਆਂ ਕਾਰਵਾਈਆਂ ਲਈ ਭੁਗਤਾਨ ਕਰੇਗਾ?
- ✓ ਕੀ ਹੋਵੇਗਾ, ਜੇ ਉਹਨਾਂ ਕੋਲ ਬੀਮਾ ਨਹੀਂ ਹੈ?

ਇਸਕਰਕੇ ਦੇਸ਼ ਦੇ ਕਾਨੂੰਨ ਨੇ ਕਾਰ ਬੀਮਾ ਕਰਵਾਉਣ ਲਈ ਜ਼ਰੂਰੀ ਕਰਵਾ ਦਿੱਤਾ ਹੈ। ਜਦੋਂ ਕਿ ਮੋਟਰ ਬੀਮਾ ਇਹ ਚੀਜ਼ਾਂ ਨੂੰ ਹੋਣ ਤੋਂ ਨਹੀਂ ਰੋਕਦਾ ਹੈ, ਇਹ ਤੁਹਾਡੇ ਲਈ ਵਿੱਤੀ ਸੁਰੱਖਿਆ ਦਿੰਦਾ ਹੈ।

ਦੁਰਘਟਨਾ ਤੋਂ ਬਿਨਾਂ, ਤੁਹਾਡੀ ਕਾਰ ਚੋਰੀ ਹੋ ਸਕਦੀ ਹੈ, ਦੁਰਘਟਨਾ ਵਿੱਚ ਨੁਕਸਾਨੀ ਜਾ ਸਕਦੀ ਹੈ ਜਾਂ ਅੱਗ ਵਿੱਚ ਨਸ਼ਟ ਹੋ ਸਕਦਾ ਹੈ ਅਤੇ ਤੁਹਾਨੂੰ ਵਿੱਤੀ ਘਾਟਾ ਪੈ ਸਕਦਾ ਹੈ।

ਮੋਟਰ ਬੀਮਾ ਵਹੀਕਲ ਮਾਲਕ ਵਲੋਂ ਲਿਆ ਜਾਣਾ ਚਾਹੀਦਾ ਹੈ, ਜਿਸ ਦਾ ਵਹੀਕਲ ਭਾਰਤ ਵਿੱਚ ਖੇਤਰੀ ਟਰਾਂਸਪੋਰਟ ਦਫ਼ਤਰ ਕੋਲ ਉਸ ਦੇ ਨਾਂ ਉੱਤੇ ਰਜਿਸਟਰ ਹੋਵੇ।

ਖਾਸ

ਲਾਜ਼ਮੀ ਸਤੰਤਰ ਧਿਰ ਬੀਮਾ

ਮੋਟਰ ਵਹੀਕਲ ਐਕਟ, 1988 ਦੇ ਤਹਿਤ, ਇਹ ਲਾਜ਼ਮੀ ਹੈ ਕਿ ਪਬਲਿਕ ਸੜਕਾਂ ਉੱਤੇ ਚਲਾਉਣ ਵਾਲੇ ਹਰੇਕ ਵਹੀਕਲ ਦੇ ਮਾਲਕ ਨੂੰ ਬੀਮਾ ਪਾਲਸੀ ਲੈਣੀ ਜ਼ਰੂਰੀ ਹੈ, ਜੋ ਕਿ ਉਸ ਰਕਮ ਲਈ ਬੀਮਾ ਸੁਰੱਖਿਆ ਦੇਵੇ, ਜਿਸ ਲਈ ਮਾਲਕ ਕਾਨੂੰਨੀ ਤੌਰ ਉੱਤੇ ਸੁਤੰਤਰ ਧਿਰ ਨੂੰ ਦੁਰਘਟਨਾ ਮੌਤ, ਗੰਭੀਰ ਰੂਪ ਵਿੱਚ ਫੱਟੜ ਜਾਂ ਜਾਇਦਾਦ ਦੇ ਹੋਏ ਨੁਕਸਾਨ ਨੂੰ ਦੇਣ ਲਈ ਜ਼ਿੰਮੇਵਾਰ ਹੈ। ਬੀਮੇ ਦਾ ਸਰਟੀਫਿਕੇਟ ਇੰਝ ਦੇ ਬੀਮੇ ਦੇ ਸਬੂਤ ਵਜੋਂ ਹਮੇਸ਼ਾ ਵਹੀਕਲ ਦੇ ਵਿੱਚ ਹੋਣਾ ਚਾਹੀਦਾ ਹੈ।

1. ਮੋਟਰ ਬੀਮਾ ਸੁਰੱਖਿਆ

ਦੇਸ਼ ਕੋਲ ਵੱਡੀ ਗਿਣਤੀ ਵਿੱਚ ਵਹੀਕਲ ਹਨ। ਹਰ ਰੋਜ਼ ਵੱਡੀ ਗਿਣਤੀ ਵਿੱਚ ਨਵੇਂ ਵਹੀਕਲ ਆ ਰਹੇ ਹਨ। ਉਹਨਾਂ ਵਿੱਚੋਂ ਬਹੁਤੇ ਕੀਮਤੀ ਵੀ ਹਨ। ਭਾਰਤ ਵਿੱਚ ਲੋਕ ਕਹਿੰਦੇ ਹਨ ਕਿ ਵਹੀਕਲਾਂ ਨੂੰ ਕਬਾੜ ਵਿੱਚ ਭੇਜਿਆ ਜਾਂਦਾ ਹੈ, ਬਲਕਿ ਅੱਗੇ ਦੀ ਅੱਗੇ ਵੇਚਿਆ ਜਾਂਦਾ ਹੈ। ਇਸ ਦਾ ਭਾਵ ਹੈ ਕਿ ਪੁਰਾਣੇ ਵਹੀਕਲ ਸੜਕਾਂ ਉੱਤੇ ਚੱਲਦੇ ਹੀ ਰਹਿੰਦੇ ਹਨ ਅਤੇ ਹੋਰ ਨਵੇਂ ਆਉਂਦੇ ਜਾਂਦੇ ਹਨ। ਵਹੀਕਲਾਂ ਦੀ ਗਿਣਤੀ ਦੇ ਮੁਤਾਬਕ ਸੜਕਾਂ ਦਾ ਖੇਤਰ (ਗੱਡੀਆਂ ਚਲਾਉਣ ਦੀ ਥਾਂ) ਵੱਧ ਨਹੀਂ ਰਿਹਾ ਹੈ। ਸੜਕਾਂ ਉੱਤੇ ਚੱਲਣ ਵਾਲੇ ਲੋਕ ਵੀ ਵੱਧ ਰਹੇ ਹਨ। ਪੁਲਿਸ ਅਤੇ ਹਸਪਤਾਲਾਂ ਦੇ ਅੰਕੜੇ ਕਹਿੰਦੇ ਹਨ ਕਿ ਦੇਸ਼ ਵਿੱਚ ਸੜਕ ਦੁਰਘਟਨਾਵਾਂ ਦੀ ਗਿਣਤੀ ਵੱਧ ਰਹੀ ਹੈ। ਕਾਨੂੰਨੀ ਅਦਾਲਤਾਂ ਰਾਹੀਂ ਦੁਰਘਟਨਾ ਦੇ ਸ਼ਿਕਾਰਾਂ ਨੂੰ ਦਿੱਤੇ ਜਾਣ ਵਾਲੇ ਮੁਆਵਜ਼ੇ ਦੀ ਰਕਮ ਵੱਧ ਰਹੀ ਹੈ। ਹਰ ਵਹੀਕਲ ਦੀ ਮੁਰੰਮਤ ਦਾ ਖਰਚਾ ਵੀ ਵੱਧ ਰਿਹਾ ਹੈ। **ਦੇਸ਼ ਵਿੱਚ ਇਹ ਸਭ ਮੋਟਰ ਬੀਮੇ ਦੀ ਮਹੱਤਤਾ ਨੂੰ ਦਰਸਾਉਂਦਾ ਹੈ।**

ਮੋਟਰ ਬੀਮੇ ਵਿੱਚ ਵਹੀਕਲ ਦੇ ਗੁਆਚਣ ਅਤੇ ਦੁਰਘਟਨਾਵਾਂ ਤੇ ਕੁਝ ਹੋਰ ਕਾਰਨਾਂ ਕਰਕੇ ਹੋਣ ਵਾਲੇ ਨੁਕਸਾਨ ਲਈ ਬੀਮਾ ਸੁਰੱਖਿਆ ਹੁੰਦੀ ਹੈ। ਮੋਟਰ ਬੀਮਾ ਮਾਲਕਾਂ ਦੇ ਵਹੀਕਲ ਰਾਹੀਂ ਦੁਰਘਟਨਾ ਦੇ ਸ਼ਿਕਾਰ ਹੋਏ ਵਿਅਕਤੀਆਂ ਨੂੰ ਉਹਨਾਂ ਦੇ ਮੁਆਵਜ਼ਾ ਦੇਣ ਦੀ ਕਾਨੂੰਨੀ ਦੇਣਦਾਰੀ ਲਈ ਵੀ ਬੀਮਾ ਸੁਰੱਖਿਆ ਦਿੰਦਾ ਹੈ।

ਕੀ ਤੁਹਾਨੂੰ ਨਹੀਂ ਲੱਗਦਾ ਕਿ ਦੇਸ਼ ਵਿੱਚ ਸਭ ਵਹੀਕਲਾਂ ਦਾ ਬੀਮਾ ਹੋਣਾ ਚਾਹੀਦਾ ਹੈ?

ਮੋਟਰ ਬੀਮਾ ਪਬਲਿਕ ਸੜਕਾਂ ਉੱਤ ਚੱਲਣ ਵਾਲੇ ਸਭ ਕਿਸਮ ਦੇ ਵਹੀਕਲਾਂ ਲਈ ਸੁਰੱਖਿਆ ਦਿੰਦਾ ਹੈ:

- ✓ ਸਕੂਟਰ ਅਤੇ ਮੋਟਰ ਸਾਈਕਲ
- ✓ ਪ੍ਰਾਈਵੇਟ ਕਾਰ
- ✓ ਸਭ ਕਿਸਮ ਦੇ ਕਾਰੋਬਾਰੀ ਵਹੀਕਲ: ਸਾਮਾਨ ਢੋਣ ਅਤੇ ਯਾਤਰੀ ਲੈ ਕੇ ਜਾਣ ਵਾਲੇ
- ✓ ਵਹੀਕਲਾਂ ਦੀ ਫੁਟਕਲ ਕਿਸਮ ਜਿਵੇਂ ਕਰੇਨ
- ✓ ਮੋਟਰ ਵਪਾਰ (ਸ਼ੋਅਰੂਮ ਅਤੇ ਗੈਰਾਜ ਵਿੱਚ ਵਹੀਕਲ)

ਜਾਣਕਾਰੀ

'ਸੁਤੰਤਰ ਧਿਰ ਬੀਮਾ'

ਬੀਮਾ ਪਾਲਸੀ ਸੁਤੰਤਰ ਧਿਰ ਦੀਆਂ ਕਾਨੂੰਨੀ ਕਾਰਵਾਈਆਂ ਦੇ ਵਿਰੁਧ ਖਰੀਦੀ ਜਾਂਦੀ ਹੈ। ਸੁਤੰਤਰ-ਧਿਰ ਬੀਮਾ ਬੀਮਤ (ਪਹਿਲੀ ਧਿਰ) ਵਲੋਂ ਬੀਮਾ ਕੰਪਨੀ (ਦੂਜੀ ਧਿਰ) ਤੋਂ ਖਰੀਦਿਆ ਜਾਂਦਾ ਹੈ ਤਾਂ ਕਿ ਹੋਰ ਧਿਰ ਦੇ ਦਾਅਵਿਆਂ (ਸੁਤੰਤਰ ਧਿਰ) ਵਲੋਂ ਬੀਮਤ ਉੱਤੇ ਦੇਣਦਾਰੀਆਂ ਲਈ ਕਾਰਵਾਈ ਲਈ ਸੁਰੱਖਿਆ ਮਿਲੇ।

ਸੁਤੰਤਰ ਧਿਰ ਬੀਮੇ ਨੂੰ 'ਦੇਣਦਾਰੀ ਬੀਮਾ' ਵੀ ਕਹਿੰਦੇ ਹਨ।

ਬਾਜ਼ਾਰ ਵਿੱਚ ਬੀਮਾ ਸੁਰੱਖਿਆ ਦੀਆਂ ਦੋ ਮਹੱਤਵਪੂਰਨ ਕਿਸਮ ਬਾਰੇ ਵੇਰਵਾ ਹੇਠ ਦਿੱਤਾ ਹੈ:

a) **ਐਕਟ [ਦੇਣਦਾਰੀ] ਕੇਵਲ ਪਾਲਸੀ:** ਮੋਟਰ ਵਹੀਕਲ ਐਕਟ ਦੇ ਮੁਤਾਬਕ, ਕਿਸੇ ਵੀ ਪਬਲਿਕ ਥਾਂ ਉੱਤੇ ਚੱਲਣ ਵਾਲੇ ਵਹੀਕਲ ਲਈ ਸੁਤੰਤਰ ਧਿਰ ਦੀ ਦੇਣਦਾਰੀ ਵੱਲ ਬੀਮਾ ਕਰਵਾਉਣਾ ਜ਼ਰੂਰੀ ਹੈ।

ਪਾਲਸੀ ਕੇਵਲ ਵਹੀਕਲ ਮਾਲਕ ਦੀ ਕਾਨੂੰਨੀ ਦੇਣਦਾਰੀ ਦਾ ਭੁਗਤਾਨ ਮੁਆਵਜ਼ੇ ਦੇ ਰੂਪ ਵਿੱਚ ਕਰੇਗੀ:

- ✓ ਸੁਤੰਤਰ ਧਿਰ ਸਰੀਰਿਕ ਸੱਟਾਂ ਜਾਂ ਮੌਤ
- ✓ ਸੁਤੰਤਰ ਧਿਰ ਜਾਇਦਾਦ ਨੁਕਸਾਨ

ਦੇਣਦਾਰੀ ਮੌਤ ਜਾਂ ਸੱਟ ਅਤੇ ਨੁਕਸਾਨ ਦੇ ਸਬੰਧੀ ਬੇਅੰਤ ਰਕਮ ਲਈ ਬੀਮਾ ਸੁਰੱਖਿਆ ਹੁੰਦੀ ਹੈ।

ਮੋਟਰ ਦੁਰਘਟਨਾ ਰਾਹੀਂ ਮੌਤ ਜਾਂ ਸੱਟ ਲੱਗਣ ਨਾਲ ਸੁਤੰਤਰ ਧਿਰ ਦੇ ਸ਼ਿਕਾਰ ਹੋਏ ਲਈ ਮੁਆਵਜ਼ੇ ਦੇ ਦਾਅਵੇ ਨੂੰ ਮੋਟਰ ਐਕਸੀਡੈਂਟ ਕਲੇਅਮ ਟ੍ਰਿਬਿਊਨਲ (ਐਮਏਸੀਟੀ) ਕੋਲ ਸ਼ਿਕਾਇਤ ਕਰਨਾ ਵਲੋਂ ਭਰਿਆ ਜਾਂਦਾ ਹੈ।

b) **ਪੈਕੇਜ ਪਾਲਸੀ / ਵਿਆਪਕ ਪਾਲਸੀ:** (ਆਪਣਾ ਨੁਕਸਾਨ + ਤੀਜੀ ਧਾਰ ਦੇਣਦਾਰੀ)

ਉੱਤੇ ਦਿੱਤੇ ਤੋਂ ਬਿਨਾਂ, ਖਾਸ ਸੰਕਟਾਂ ਰਾਹੀਂ ਵਹੀਕਲ ਦਾ ਗੁਆਚਣ ਜਾਂ ਨੁਕਸਾਨ ਹੋਣ (ਜਿਸ ਨੂੰ ਮੋਟਰ ਵਹੀਕਲ ਨੂੰ ਆਪਣਾ ਨੁਕਸਾਨ ਵੀ ਕਹਿੰਦੇ ਹਨ) ਲਈ ਵੀ ਪਾਲਸੀ ਵਿੱਚ ਐਲਾਨੇ ਮੁੱਲ (ਜਿਸ ਨੂੰ ਆਈਡੀਵੀ ਕਹਿੰਦੇ ਹਨ - ਪਾਠ 5 ਵਿੱਚ ਦਿੱਤਾ ਹੈ) ਅਤੇ ਹੋਰ ਨਿਯਮ ਤੇ ਸ਼ਰਤਾਂ ਦੇ ਤਹਿਤ ਬੀਮਾ ਸੁਰੱਖਿਆ ਦਿੱਤੀ ਜਾਂਦੀ ਹੈ। ਇਹ ਸੰਕਟਾਂ ਵਿੱਚ ਕੁਝ ਅੱਗ, ਚੋਰੀ, ਦੰਗੇ ਤੇ ਹੜਤਾਲ, ਭੁਚਾਲ, ਹੜ੍ਹ, ਦੁਰਘਟਨਾ ਆਦਿ ਸ਼ਾਮਿਲ ਹਨ।

ਕੁਝ ਬੀਮਾ ਕਰਤਾ ਦੁਰਘਟਨਾ ਥਾਂ ਤੋਂ ਵਰਕਸ਼ਾਪ ਤੱਕ ਖਿੱਚ ਕੇ ਲੈ ਜਾਣ ਲਈ ਵੀ ਭੁਗਤਾਨ ਕਰਦੇ ਹਨ। ਅੱਗ ਅਤੇ / ਜਾਂ ਚੋਰੀ ਦੇ ਜੋਖਿਮ ਲਈ ਸੁਰੱਖਿਆ ਦੇਣ ਵਾਲੀ ਸੀਮਿਤ ਬੀਮਾ ਸੁਰੱਖਿਆ ਵੀ ਉਪਲੱਬਧ ਹੈ, ਜੋ ਕਿ ਐਕਟ (ਦੇਣਦਾਰੀ) ਕੇਵਲ ਪਾਲਸੀ ਦੇ ਅਧੀਨ ਦਿੱਤੇ ਜਾਂਦੀ ਲਾਜ਼ਮੀ ਬੀਮਾ ਸੁਰੱਖਿਆ ਤੋਂ ਬਿਨਾਂ ਹੈ।

ਪਾਲਸੀ ਵਹੀਕਲ ਵਿੱਚ ਲੱਗੇ ਹੋਰ ਸਾਮਾਨ (ਅਸੈਸਰੀਜ਼) ਦੇ ਖਰਾਬ ਹੋਣ, ਯਾਤਰੀਆਂ ਲਈ ਪ੍ਰਾਈਵੇਟ ਕਾਰ ਪਾਲਸੀਆਂ ਅਧੀਨ ਨਿੱਜੀ ਦੁਰਘਟਨਾ ਬੀਮਾ ਸੁਰੱਖਿਆ, ਕਿਰਾਏ ਦੇ ਡਰਾਇਵਰ; ਕਾਰੋਬਾਰੀ ਵਹੀਕਲਾਂ ਵਿੱਚ ਮੁਲਾਜ਼ਮ ਅਤੇ ਨਾ-ਕਿਰਾਇਆ ਦੇਣ ਵਾਲੇ ਯਾਤਰੀਆਂ ਲਈ ਕਾਨੂੰਨੀ ਦੇਣਦਾਰੀ ਲਈ ਵੀ ਬੀਮਾ ਸੁਰੱਖਿਆ ਦਿੰਦੀ ਹੈ। ਬੀਮਾਕਰਤਾ ਖਰਾਬ ਹੋਣ ਦੇ ਕੇਸ ਵਿੱਚ ਮੁਫ਼ਤ ਐਮਰਜੈਂਸੀ ਸੇਵਾਵਾਂ ਜਾਂ ਬਦਲਵੀ ਕਾਰ ਵਰਤਣ ਲਈ ਵੀ ਦਿੰਦੇ ਹਨ।

2. ਅਲਹਿਦਾ

ਪਾਲਸੀ ਵਿੱਚ ਕੁਝ ਮਹੱਤਵਪੂਰਨ ਅਲਹਿਦਗੀਆਂ ਘਸਾਈ, ਖਰਾਬ ਹੋਣਾ, ਨਤੀਜੇ ਵਲੋਂ ਹੋਣ ਵਾਲੇ ਘਾਟੇ ਅਤੇ ਗਲਤ ਡਰਾਇਵਿੰਗ ਲਾਈਸੈਂਸ ਜਾਂ ਸ਼ਰਾਬ ਦੇ ਨਸ਼ੇ ਕਰਕੇ ਗੱਡੀ ਚਲਾਉਣ ਕਰਕੇ ਹੋਣ ਵਾਲੇ ਘਾਟੇ ਸ਼ਾਮਿਲ ਹਨ। ਵਹੀਕਲ ਨੂੰ `ਵਰਤਣ ਦੀਆਂ ਹੱਦਾਂ' ਵਿੱਚ ਨਾਲ ਵਰਤਣ (ਜਿਵੇਂ ਕਿ ਪ੍ਰਾਈਵੇਟ ਕਾਰ ਨੂੰ ਟੈਕਸੀ ਵਜੋਂ ਵਰਤਣਾ) ਲਈ ਬੀਮਾ ਸੁਰੱਖਿਆ ਨਹੀਂ ਦਿੱਤੀ ਜਾਂਦੀ ਹੈ।

3. ਬੀਮਤ ਰਕਮ ਅਤੇ ਪ੍ਰੀਮੀਅਮ

ਮੋਟਰ ਪਾਲਸੀ ਵਿੱਚ ਵਹੀਕਲ ਦੀ ਬੀਮਾ ਕੀਤੀ ਰਕਮ ਨੂੰ ਬੀਮਤ ਦਾ ਐਲਾਨਿਆ ਮੁੱਲ (ਇੰਸ਼ੋਅਰਡਸ ਡਿਕਲੇਅਰਡ ਵੈਲੂ (ਆਈ.ਡੀ.ਵੀ.) ਕਹਿੰਦੇ ਹਨ।

ਵਹੀਕਲ ਚੋਰੀ ਹੋਣ ਜਾਂ ਦੁਰਘਟਨਾ ਵਿੱਚ ਰਿਪੇਅਰ ਨਾ ਹੋਣ ਸਕਣ ਵਾਲੇ ਕੁੱਲ ਨੁਕਸਾਨ ਹੋਣ ਦੇ ਕੇਸ ਵਿੱਚ, ਦਾਅਵਾ ਕੀਤੀ ਜਾਣ ਵਾਲੀ ਰਕਮ ਨੂੰ ਆਈਡੀਵੀ ਦੇ ਅਧਾਰ ਉੱਤੇ ਕੱਢਿਆ ਜਾਂਦਾ ਹੈ। ਵਹੀਕਲ ਦੇ IDV ਨੂੰ ਨਿਰਮਾਤਾ / ਡੀਲਰ ਵਲੋਂ ਬੀਮੇ ਕਰਵਾਉਣ ਦਿੱਤੇ ਗਏ ਵਹੀਕਲ ਦੀ ਕੰਪਨੀ ਅਤੇ ਮਾਡਲ ਦੇ ਸੂਚੀਬੱਧ ਕੀਤੇ ਮੁੱਲ ਦੇ ਆਧਾਰ ਉੱਤੇ ਬੀਮਾ ਸ਼ੁਰੂ ਕਰਵਾਉਣ / ਨਵਿਆਉਣ ਉੱਤੇ ਨਿਯਮਾਂ ਮੁਤਾਬਕ ਘਸਾਈ ਅਡਜੱਸਟ ਕਰਕੇ ਤਹਿ ਕੀਤਾ ਜਾਂਦਾ ਹੈ।

ਵਹੀਕਲ ਦੇ IDV, ਜਿਹਨਾਂ ਦੀ ਉਮਰ 5 ਸਾਲ ਤੋਂ ਵੱਧ ਹੋਵੇ ਅਤੇ ਵਹੀਕਲ ਦੇ ਮਾਡਲ ਨੂੰ ਬੰਦ ਕੀਤਾ ਗਿਆ ਹੋਵੇ (ਜਿਵੇਂ ਨਿਰਮਾਤਾ ਨੇ ਮਾਡਲ ਨੂੰ ਬਣਾਉਣਾ ਬੰਦ ਕਰ ਦਿੱਤਾ ਹੋਵੇ), ਦਾ ਮੁੱਲ ਬੀਮਤ ਅਤੇ ਬੀਮਾਕਰਤੇ ਦੇ ਵਿਚਕਾਰ ਸਮਝੌਤੇ ਦੇ ਆਧਾਰ ਉੱਤੇ ਤਹਿ ਕੀਤਾ ਜਾਂਦਾ ਹੈ।

ਰੇਟਿੰਗ / ਪ੍ਰੀਮੀਅਮ ਗਣਨਾ ਕਈ ਕਾਰਨਾਂ ਜਿਵੇਂ ਕਿ ਬੀਮਤ ਦੇ ਐਲਾਨੇ ਮੁੱਲ, ਘਣ ਸਮੱਰਥਾ, ਭੂਗੋਲਿਕ ਖੇਤਰ, ਵਹੀਕਲ ਦੀ ਉਮਰ ਆਦਿ ਉੱਤੇ ਨਿਰਭਰ ਕਰਦੀ ਹੈ।

ਸਵੈ ਜਾਂਚ ਕਰੋ 3

ਮੋਟਰ ਬੀਮੇ ਨੂੰ ਕਿਸ ਦੇ ਨਾਂ ਉੱਤੇ ਲਿਆ ਜਾਣਾ ਚਾਹੀਦਾ ਹੈ?

I. ਵਹੀਕਲ ਮਾਲਕ ਦੇ ਨਾਂ ਉੱਤੇ, ਜਿਸ ਦਾ ਨਾਂ ਖੇਤਰੀ ਟਰਾਂਸਪੋਰਟ ਦਫ਼ਤਰ ਕੋਲ ਰਜਿਸਟਰ ਹੈ।
II. ਜੇ ਵਹੀਕਲ ਚਲਾਉਣ ਵਾਲਾ ਵਿਅਕਤੀ ਮਾਲਕ ਤੋਂ ਵੱਖਰਾ ਹੈ ਤਾਂ ਵਿਅਕਤੀ ਦੇ ਨਾਂ ਉੱਤੇ, ਜੋ ਵਹੀਕਲ ਚਲਾਉਣਾ ਚਾਹੁੰਦਾ ਹੈ, ਜੋ ਕਿ ਖੇਤਰੀ ਟਰਾਂਸਪੋਰਟ ਦਫ਼ਤਰ ਵਲੋਂ ਮਨਜ਼ੂਰੀ ਉੱਤੇ ਨਿਰਭਰ ਹੈ।
III. ਵਹੀਕਲ ਮਾਲਕ ਦੇ ਕਿਸੇ ਪਰਿਵਾਰਿਕ ਮੈਂਬਰ ਦੇ ਨਾਂ ਉੱਤੇ, ਜਿਸ ਵਿੱਚ ਵਹੀਕਲ ਮਾਲਕ ਸ਼ਾਮਿਲ ਹੈ, ਜੋ ਕਿ ਖੇਤਰੀ ਟਰਾਂਸਪੋਰਟ ਦਫ਼ਤਰ ਤੋਂ ਮਨਜ਼ੂਰੀ ਮਿਲਣ ਉੱਤੇ ਨਿਰਭਰ ਹੈ।
IV. ਜੇ ਵਿਅਕਤੀ, ਜੋ ਕਿ ਵਹੀਕਲ ਨੂੰ ਚਲਾਏਗਾ, ਮਾਲਕ ਤੋਂ ਬਿਨਾਂ ਹੋਰ ਹੈ ਤਾਂ ਮੁੱਢਲੀ ਪਾਲਸੀ ਵਹੀਕਲ ਮਾਲਕ ਦੇ ਨਾਂ ਉੱਤੇ ਹੋਵੇਗੀ ਅਤੇ ਐਡ-ਆਨ ਸੁਰੱਖਿਆ ਵਹੀਕਲ ਚਲਾਉਣ ਵਾਲੇ ਵਿਅਕਤੀ ਦੇ ਨਾਂ ਉੱਤੇ।

ਸਾਰ

a) ਘਰ-ਬਾਰ ਦੀ ਬੀਮਾ ਪਾਲਸੀ ਕੇਵਲ ਪਾਲਸੀ ਵਿੱਚ ਦਿੱਤੇ ਸੰਕਟ ਜਾਂ ਘਟਨਾਵਾਂ ਤੋਂ ਬੀਮਤ ਦੀ ਜਾਇਦਾਦ ਨੂੰ ਹੋਣ ਵਾਲੇ ਘਾਟਿਆਂ ਲਈ ਬੀਮਾ ਸੁਰੱਖਿਆ ਦਿੰਦੀ ਹੈ। ਸੁਰੱਖਿਆ ਦਿੱਤੇ ਗਏ ਸੰਕਟਾਂ ਬਾਰੇ ਸਪਸ਼ਟ ਕੀਤਾ ਜਾਂਦਾ ਹੈ।

b) ਘਰ-ਬਾਰ ਦੀ ਬੀਮਾ ਪਾਲਸੀ ਵਿੱਚ ਇਮਾਰਤ ਅਤੇ ਇਸ ਦੀ ਸਮੱਗਰੀ ਨੂੰ ਅੱਗ, ਦੰਗੇ, ਪਾਈਪਾਂ ਦਾ ਫੱਟਣਾ, ਭੁਚਾਲ ਆਦਿ ਲਈ ਬੀਮਾ ਸੁਰੱਖਿਆ ਹੁੰਦੀ ਹੈ। ਇਮਾਰਤ ਤੋਂ ਬਿਨਾਂ, ਇਸ ਵਿੱਚ ਸਮਾਨ ਦੀ ਚੋਰੀ, ਸੰਨ੍ਹਮਾਰੀ ਲਈ ਬੀਮਾ ਸੁਰੱਖਿਆ ਹੁੰਦੀ ਹੈ।

c) ਪੈਕੇਜ ਜਾਂ ਅੱਮਬਰੇਲਾ ਬੀਮਾ ਸੁਰੱਖਿਆ ਕਈ ਬੀਮਾ ਸੁਰੱਖਿਆ ਇੱਕਠੀਆਂ ਇੱਕ ਇੱਕਲੇ ਦਸਤਾਵੇਜ਼ ਅਧੀਨ ਦਿੰਦਾ ਹੈ।

d) ਘਰ-ਬਾਰ ਬੀਮਾ ਸੁਰੱਖਿਆ ਪਾਲਸੀ ਲਈ ਬੀਮਾ ਕੀਤੀ ਰਕਮ ਤਹਿ ਕਰਨ ਲਈ ਆਮ ਤੌਰ ਉੱਤੇ ਦੋ ਢੰਗ ਹਨ: ਬਾਜ਼ਾਰੀ ਮੁੱਲ (MV) ਅਤੇ ਮੁੜ-ਸਥਾਪਨ ਮੁੱਲ (RIV)।

e) ਦੁਕਾਨਦਾਰ ਦਾ ਬੀਮਾ ਦੁਕਾਨ ਦੇ ਢਾਂਚੇ ਅਤੇ ਸਮੱਗਰੀ ਦੇ ਅੱਗ, ਭੁਚਾਲ, ਹੜ੍ਹਾਂ ਜਾਂ ਦੋਖੀ ਨੁਕਸਾਨ; ਅਤੇ ਚੋਰੀ ਦੇ ਕਰਕੇ ਹੋਣ ਵਾਲੇ ਨੁਕਸਾਨ ਲਈ ਬੀਮਾ ਸੁਰੱਖਿਆ ਦਿੰਦਾ ਹੈ। ਦੁਕਾਨ ਬੀਮੇ ਵਿੱਚ ਕਾਰੋਬਾਰ ਰੁਕਾਵਟ ਸੁਰੱਖਿਆ ਵੀ ਸ਼ਾਮਿਲ ਹੁੰਦੀ ਹੈ।

f) ਮੋਟਰ ਬੀਮੇ ਵਿੱਚ ਵਹੀਕਲ ਦੇ ਗੁਆਚਣ ਅਤੇ ਦੁਰਘਟਨਾਵਾਂ ਤੇ ਕੁਝ ਹੋਰ ਕਾਰਨਾਂ ਕਰਕੇ ਹੋਣ ਵਾਲੇ ਨੁਕਸਾਨ ਲਈ ਬੀਮਾ ਸੁਰੱਖਿਆ ਹੁੰਦੀ ਹੈ। ਮੋਟਰ ਬੀਮਾ ਮਾਲਕਾਂ ਦੇ ਵਹੀਕਲ ਰਾਹੀਂ ਦੁਰਘਟਨਾ ਦੇ ਸ਼ਿਕਾਰ ਹੋਏ ਵਿਅਕਤੀਆਂ ਨੂੰ ਉਹਨਾਂ ਦੇ ਮੁਆਵਜ਼ਾ ਦੇਣ ਦੀ ਕਾਨੂੰਨੀ ਦੇਣਦਾਰੀ ਲਈ ਵੀ ਬੀਮਾ ਸੁਰੱਖਿਆ ਦਿੰਦਾ ਹੈ।

ਮੁੱਖ ਸ਼ਬਦ

a) ਘਰ-ਬਾਰ ਰੱਖਣ ਵਾਲੇ ਦਾ ਬੀਮਾ
b) ਦੁਕਾਨਦਾਰ ਦਾ ਬੀਮਾ
c) ਮੋਟਰ ਬੀਮਾ

ਸਵੈ ਜਾਂਚ ਦੇ ਜਵਾਬ

ਜਵਾਬ 1

ਸਹੀਂ ਚੋਣ I ਹੈ।

ਪ੍ਰਮੁੱਖ ਸੰਕਟ ਪਾਲਸੀ ਨੂੰ ਵਿਆਪਕ ਪਾਲਸੀ, ਜੋ ਕਿ ਬਹੁਤੇ ਜੋਖਿਮਾਂ ਲਈ ਸੁਰੱਖਿਆ ਦੇਣ ਦਿੰਦੀ ਹੈ, ਦੀ ਬਜਾਏ ਘੱਟ ਖਰਚੀਲੇ ਬਦਲ ਦੇ ਵਜੋਂ ਖਰੀਦਿਆ ਜਾ ਸਕਦਾ ਹੈ।

ਜਵਾਬ 2

ਸਹੀਂ ਚੋਣ IV ਹੈ।

ਦੁਕਾਨਕਾਰ ਪਾਲਸੀ ਦੇ ਤਹਿਤ, ਬੀਮਤ ਵਾਧੂ 'ਪਲੇਟ ਕੱਚ ਲਗਾਉਣ ਅਤੇ ਨਿਰੋਗਤਾ ਫਿੱਟ ਕਰਨ' ਬੀਮਾ ਸੁਰੱਖਿਆ ਦੀ ਚੋਣ ਵੀ ਕਰ ਸਕਦਾ ਹੈ। ਇਸ ਵਿੱਚ ਕੱਚ ਦੀ ਪਲੇਟ ਲਗਾਉਣ, ਨਿਰੋਗਤਾ (ਸੈਂਟਰੀ) ਫਿਟਿੰਗ ਅਤੇ ਨਿਓਨ ਨਿਸ਼ਾਨਾਂ ਨੂੰ ਦੁਰਘਟਨਾ ਕਰਕੇ ਹੋਣ ਵਾਲੇ ਨੁਕਸਾਨ ਲਈ ਬੀਮਾ ਸੁਰੱਖਿਆ ਦਿੱਤੀ ਜਾਵੇਗੀ।

ਜਵਾਬ 3

ਸਹੀਂ ਚੋਣ I ਹੈ।

ਮੋਟਰ ਬੀਮੇ ਨੂੰ ਵਹੀਕਲ ਮਾਲਕ ਦੇ ਨਾਂ ਉੱਤੇ ਲਿਆ ਜਾਣਾ ਚਾਹੀਦਾ ਹੈ, ਜਿਸ ਦਾ ਨਾਂ ਖੇਤਰੀ ਟਰਾਂਸਪੋਰਟ ਦਫ਼ਤਰ ਕੋਲ ਰਜਿਸਟਰ ਹੈ।

ਖੁਦ ਪ੍ਰੀਖਿਆ ਸਵਾਲ

ਸਵਾਲ 1

ਘਰ-ਬਾਰ ਰੱਖਣ ਵਾਲੇ ਦੇ ਬੀਮੇ ਵਿੱਚ

I. ਸੋਨਾ ਅਤੇ ਚਾਂਦੀ ਦੇ ਗਹਿਣਿਆਂ ਲਈ ਬੀਮਾ ਸੁਰੱਖਿਆ
II. ਕਿਸੇ ਦੀ ਦੁਕਾਨ ਦੀ ਸਮੱਗਰੀ ਦੀ ਬੀਮਾ ਸੁਰੱਖਿਆ
III. ਪਰਿਵਾਰ ਦੀ ਕਾਰ ਨੂੰ ਬੀਮਾ ਸੁਰੱਖਿਆ
IV. ਡਾਕ ਰਾਹੀਂ ਭੇਜੇ ਜਾਣ ਵਾਲੇ ਪਾਰਸਲਾਂ ਲਈ ਰਾਹ ਦੇ ਦੌਰਾਨ ਲਈ

ਸਵਾਲ 2

ਘਰ-ਬਾਰ ਰੱਖਣ ਵਾਲੇ ਦੇ ਬੀਮੇ ਵਿੱਚ ਸੁਰੱਖਿਆ ਹੁੰਦੀ ਹੈ

I. ਕੇਵਲ ਘਰ ਦਾ ਢਾਂਚਾ
II. ਕੇਵਲ ਘਰ ਦੀ ਸਮੱਗਰੀ
III. ਢਾਂਚਾ ਅਤੇ ਸਮੱਗਰੀ ਦੋਵੇਂ
IV. ਢਾਂਚਾ ਅਤੇ ਸਮੱਗਰੀ ਦੋਵਾਂ ਲਈ ਕੇਵਲ ਉਦੋਂ ਜਦੋਂ ਬੀਮਤ ਘਰ ਨਹੀਂ ਹੁੰਦਾ ਹੈ

ਸਵਾਲ 3

ਦੁਕਾਨਦਾਰ ਦੇ ਬੀਮੇ ਵਿੱਚ, ਹੇਠ ਦਿੱਤਿਆਂ ਵਿੱਚੋਂ ਕਿਸ ਲਈ ਸੁਰੱਖਿਆ ਨਹੀਂ ਹੁੰਦੀ ਹੈ?

I. ਮਸ਼ੀਨਰੀ ਖਰਾਬੀ
II. ਦੋਖੀ ਨੁਕਸਾਨ
III. ਕੰਮ-ਧੰਦਾ ਰੁਕਣਾ
IV. ਬੀਮਤ ਵਲੋਂ ਜਾਣ-ਬੁੱਝ ਕੇ ਨੁਕਸਾਨ

ਸਵਾਲ 4

ਦੁਕਾਨਦਾਰ ਦੇ ਬੀਮੇ ਵਿੱਚ, ਹੇਠ ਦਿੱਤਿਆਂ ਵਿੱਚੋਂ ਅਕਸਰ ਕਿਸ ਲਈ ਸੁਰੱਖਿਆ ਨਹੀਂ ਹੁੰਦੀ ਹੈ?

I. ਕਾਰੋਬਾਰੀ ਥਾਵਾਂ ਉੱਤੇ ਅਲਮਾਰੀ/ਕਾਊਂਟਰ ਵਿੱਚ ਪਿਆ ਧਨ
II. ਬੈਂਕ ਤੋਂ ਕਾਰੋਬਾਰੀ ਥਾਵਾਂ ਉੱਤੇ ਭੇਜਿਆ ਧਨ
III. ਕਾਰੋਬਾਰੀ ਥਾਵਾਂ ਵਿੱਚ ਤਿਜੌਰੀ ਵਿੱਚ ਪਿਆ ਧਨ

IV. ਗਾਹਕ ਵਲੋਂ ਕਾਰੋਬਾਰੀ ਥਾਂ ਉੱਤੇ ਲੈ ਜਾਇਆ ਜਾਂਦਾ ਧਨ

ਸਵਾਲ 5

ਦੁਕਾਨ ਬੀਮਾ ਸੁਰੱਖਿਆ ਦਿੰਦਾ ਹੈ

I. ਮੁਲਾਜ਼ਮਾਂ ਦੇ ਬੇਈਮਾਨੀ ਦੇ ਕੰਮ
II. ਬੀਮਤ ਦੇ ਬੇਈਮਾਨੀ ਦੇ ਕੰਮ
III. ਗਾਹਕ ਦੇ ਬੇਈਮਾਨੀ ਦੇ ਕੰਮ
IV. ਧਨ ਕਰਜ਼ ਵਿੱਚ ਬੇਈਮਾਨੀ ਦੇ ਕੰਮ

ਸਵੈ ਪ੍ਰੀਖਿਆ ਸਵਾਲਾਂ ਦੇ ਜਵਾਬ

ਜਵਾਬ 1

ਸਹੀਂ ਚੋਣ I ਹੈ।

ਘਰ-ਬਾਰ ਦੇ ਬੀਮੇ ਵਿੱਚ ਸੋਨੇ ਅਤੇ ਚਾਂਦੀ ਦੇ ਗਹਿਣਿਆਂ ਲਈ ਬੀਮਾ ਸੁਰੱਖਿਆ ਹੈ।

ਜਵਾਬ 2

ਸਹੀਂ ਚੋਣ III ਹੈ।

ਘਰ-ਬਾਰ ਦੇ ਬੀਮੇ ਵਿੱਚ ਢਾਂਚਾ ਅਤੇ ਸਮੱਗਰੀ ਦੋਵਾਂ ਲਈ ਬੀਮਾ ਸੁਰੱਖਿਆ ਹੈ।

ਜਵਾਬ 3

ਸਹੀਂ ਚੋਣ IV ਹੈ।

ਦੁਕਾਨਾਦਾਰ ਬੀਮੇ ਵਿੱਚ, ਬੀਮਤ ਵਲੋਂ ਜਾਣਬੁੱਝ ਕੀਤਾ ਨੁਕਸਾਨ ਬੀਮਾ ਸੁਰੱਖਿਆ ਅਧੀਨ ਨਹੀਂ ਹੈ।

ਜਵਾਬ 4

ਸਹੀਂ ਚੋਣ IV ਹੈ।

ਦੁਕਾਨਦਾਰ ਦੇ ਬੀਮੇ ਵਿੱਚ ਗਾਹਕ ਵਲੋਂ ਬੀਮਾ ਇਮਾਰਤ ਵਿੱਚ ਲੈ ਜਾ ਰਹੇ ਧਨ ਲਈ ਬੀਮਾ ਸੁਰੱਖਿਆ ਨਹੀਂ ਹੁੰਦੀ ਹੈ।

ਜਵਾਬ 5

ਸਹੀਂ ਚੋਣ I ਹੈ।

ਦੁਕਾਨ ਬੀਮੇ ਵਿੱਚ ਮੁਲਾਜ਼ਮਾਂ ਦੇ ਬੇਈਮਾਨੀ ਦੇ ਕੰਮ ਲਈ ਬੀਮਾ ਸੁਰੱਖਿਆ ਹੁੰਦੀ ਹੈ।

ਪਾਠ 15

ਵਪਾਰਕ ਬੀਮਾ

ਪਾਠ ਜਾਣ-ਪਛਾਣ

ਪਿਛਲੇ ਪਾਠ ਵਿੱਚ ਅਸੀਂ ਕਈ ਕਿਸਮ ਦੇ ਬੀਮਾ ਉਤਪਾਦਾਂ ਬਾਰੇ ਵਿਚਾਰ ਕੀਤਾ ਹੈ, ਜੋ ਕਿ ਵਿਅਕਤੀਗਤ ਅਤੇ ਘਰ-ਬਾਰ ਵਲੋਂ ਮਿਲਣ ਵਾਲੇ ਜੋਖਿਮਾਂ ਲਈ ਬੀਮਾ ਸੁਰੱਖਿਆ ਦਿੰਦੇ ਹਨ। ਇੱਕ ਹੋਰ ਕਿਸਮ ਦੇ ਗਾਹਕਾਂ ਦਾ ਸਮੂਹ ਹੈ, ਜਿਹਨਾਂ ਦੀਆਂ ਹੋਰ ਲੋੜਾਂ ਨੂੰ ਸੁਰੱਖਿਆ ਦੀ ਲੋੜ ਹੁੰਦੀ ਹੈ। ਵਪਾਰਕ ਜਾਂ ਕਾਰੋਬਾਰੀ ਉਦਯੋਗ ਜਾਂ ਕੰਪਨੀਆਂ ਹੁੰਦੀਆਂ ਹਨ, ਜੋ ਕਿ ਕਈ ਕਿਸਮ ਦੇ ਸਾਮਾਨ ਅਤੇ ਸੇਵਾਵਾਂ ਨਾਲ ਜੁੜੇ ਹੁੰਦੇ ਹਨ ਜਾਂ ਕੰਮ ਕਰਦੇ ਹਨ। ਇਸ ਪਾਠ ਵਿੱਚ ਅਸੀਂ ਇਸ ਖੇਤਰ ਵਲੋਂ ਸਾਹਮਣੇ ਕੀਤੇ ਜਾਣ ਵਾਲੇ ਜੋਖਿਮਾਂ ਲਈ ਬੀਮਾ ਸੁਰੱਖਿਆ ਦੇਣ ਵਾਸਤੇ ਉਪਲੱਬਧ ਬੀਮਾ ਉਤਪਾਦਾਂ ਬਾਰੇ ਵਿਚਾਰ ਕਰਾਂਗੇ।

ਸਿੱਖਣ ਨਤੀਜੇ

A. ਜਾਇਦਾਦ / ਅੱਗ ਬੀਮਾ
B. ਕੰਮ-ਧੰਦਾ ਰੁਕਣ ਬੀਮਾ
C. ਸੰਨ੍ਹਮਾਰੀ ਬੀਮਾ
D. ਧਨ ਬੀਮਾ
E. ਦ੍ਰਿੜ੍ਹਤਾ ਗਾਰੰਟੀ ਬੀਮਾ
F. ਬੈਂਕਰ ਹਰਜਾਨਾ ਬੀਮਾ
G. ਜੌਹਰੀ ਦਾ ਡੱਬਾ ਪਾਲਸੀ
H. ਇੰਜਨੀਅਰਿੰਗ ਬੀਮਾ
I. ਉਦਯੋਗਿਕ ਸਭ ਜੋਖਿਮ ਬੀਮਾ
J. ਜਹਾਜ਼ੀ ਬੀਮਾ
K. ਜ਼ੂਮੇਵਾਰੀ ਪਾਲਸੀਆਂ

ਇਹ ਪਾਠ ਪੜ੍ਹਨ ਦੇ ਬਾਅਦ ਤੁਸੀਂ ਯੋਗ ਹੋਣੇ ਚਾਹੀਦੇ ਹੋ:

1. ਜਾਇਦਾਦ / ਅੱਗ ਬੀਮਾ ਸਿਫਾਰਸ਼ ਕਰਨਾ
2. ਨਤੀਜੇ ਵਜੋਂ ਹੋਣ ਵਾਲੇ ਘਾਟੇ (ਅੱਗ) ਬੀਮ ਦੀ ਪਰਿਭਾਸ਼ਾ
3. ਸੰਨਮਾਰੀ ਬੀਮਾ ਸੁਰੱਖਿਆ ਡਿਜ਼ਾਇਨ ਕਰਨ

4. ਧਨ ਬੀਮਾ ਸਪਸ਼ਟ ਕਰਨਾ
5. ਦ੍ਰਿੜ੍ਹਤਾ (Fidelity) ਗਾਰੰਟੀ ਬੀਮਾ ਸਮਝਾਉਣਾ
6. ਬੈਂਕਰ ਹਰਜਾਨਾ ਬੀਮਾ ਪ੍ਰੀਭਾਸ਼ਿਤ ਕਰਨਾ
7. ਜੌਹਰੀ ਦਾ ਡੱਬਾ ਪਾਲਸੀ ਸਮਝਾਉਣਾ
8. ਇੰਜਨੀਅਰਿੰਗ ਬੀਮੇ ਦਾ ਮੁਲਾਂਕਣ ਕਰਨਾ
9. ਉਦਯੋਗਿਕ ਸਭ ਜੋਖਿਮ ਬੀਮੇ ਦਾ ਮੁਲਾਂਕਣ ਕਰਨਾ
10. ਜਹਾਜ਼ੀ ਬੀਮਾ ਸਾਰ
11. ਦੇਣਦਾਰੀ ਬੀਮੇ ਦਾ ਮੁਲਾਂਕਣ ਕਰਨਾ

A. ਜਾਇਦਾਦ / ਅੱਗ ਬੀਮਾ

ਵਪਾਰਿਕ ਇੰਟਰਪ੍ਰਾਈਜ਼ ਨੂੰ ਮੋਟੇ ਤੌਰ ਉੱਤੇ ਦੋ ਭਾਗਾਂ ਵਿੱਚ ਵੰਡਿਆ ਜਾ ਸਕਦਾ ਹੈ:

- ✓ ਛੋਟੇ ਅਤੇ ਮੱਧਮ ਇੰਟਰਪ੍ਰਾਈਜ਼ [SME] ਅਤੇ
- ✓ ਵੱਡਾ ਵਪਾਰਕ ਇੰਟਰਪ੍ਰਾਈਜ਼

ਇਤਿਹਾਸ ਵਿੱਚ, ਆਮ ਬੀਮਾ ਖੇਤਰ ਇਹਨਾਂ ਗਾਹਕਾਂ ਦੀਆਂ ਲੋੜਾਂ ਨੂੰ ਪੂਰਾ ਕਰਨ ਨਾਲ ਹੀ ਵੱਡੇ ਰੂਪ ਵਿੱਚ ਵਿਕਸਿਤ ਹੋਇਆ ਹੈ।

ਵਪਾਰਕ ਉਦਯੋਗਾਂ ਨੂੰ ਜਰਨਲ ਬੀਮਾ ਉਤਪਾਦਾਂ ਵੇਚਣ ਲਈ ਉਹਨਾਂ ਦੀਆਂ ਲੋੜਾਂ ਨੂੰ ਪੂਰੇ ਕਰਦੇ ਬੀਮਾ ਉਤਪਾਦ ਧਿਆਨ ਨਾਲ ਮਿਲਾਉਣ ਦੀ ਲੋੜ ਹੁੰਦੀ ਹੈ। ਏਜੰਟਾਂ ਨੂੰ ਉਪਲੱਬਧ ਉਤਪਾਦਾਂ ਬਾਰੇ ਚੰਗੀ ਤਰ੍ਹਾਂ ਜਾਣਕਾਰੀ ਹੋਣੀ ਚਾਹੀਦੀ ਹੈ। ਆਉ ਇਹਨਾਂ ਆਮ ਬੀਮਾ ਉਤਪਾਦਾਂ ਬਾਰੇ ਸੰਖੇਪ ਚਰਚਾ ਕਰੀਏ।

ਜਾਇਦਾਦ / ਅੱਗ ਬੀਮਾ

ਅੱਗ ਬੀਮਾ ਪਾਲਸੀ ਵਪਾਰਕ ਉਦਯੋਗਾਂ ਦੇ ਨਾਲ ਨਾਲ ਜਾਇਦਾਦ ਦੇ ਮਾਲਕਾਂ, ਜੋ ਕਿ ਟਰੱਸਟ ਜਾਂ ਦਲਾਲੀ ਵਿੱਚ ਜਾਇਦਾਦ ਰੱਖਦੇ ਹਨ, ਵਿਅਕਤੀਗਤ / ਵਿੱਤ ਸੰਸਥਾਵਾਂ, ਜਿਹਨਾਂ ਦਾ ਜਾਇਦਾਦ ਵਿੱਚ ਵਿੱਤੀ ਹਿੱਤ ਹੁੰਦੇ ਹਨ, ਦੇ ਲਈ ਢੁੱਕਵੀਂ ਹੁੰਦੀ ਹੈ।

ਇੱਕ ਖਾਸ ਥਾਂ ਉੱਤੇ ਸਥਿਤ ਸਭ ਚੱਲ ਅਤੇ ਅਚੱਲ ਜਾਇਦਾਦ ਜਿਵੇਂ ਕਿ ਇਮਾਰਤ, ਪਲਾਂਟ ਤੇ ਮਸ਼ੀਨਰੀ, ਫਰਨੀਚਰ, ਢਾਂਚੇ, ਹੋਰ ਸਮੱਗਰੀ, ਸਟਾਕ ਅਤਾ ਚਾਲੂ ਸਟਾਕ, ਜਿਸ ਵਿੱਚ ਸਪਲਾਈਰ/ ਗਾਹਕ ਦੇ ਥਾਂ ਉੱਤੇ ਪਏ ਸਟਾਕ ਸਮੇਤ, ਰਿਪੇਅਰ ਲਈ ਥਾਂ ਤੋਂ ਆਰਜ਼ੀ ਰੂਪ ਵਿੱਚ ਹਟਾਈ ਗਈ ਮਸ਼ੀਨਰੀ ਦਾ ਬੀਮਾ ਕੀਤਾ ਜਾ ਸਕਦਾ ਹੈ। ਕਾਰੋਬਾਰ ਨੂੰ ਆਮ ਦੀ ਤਰ੍ਹਾਂ ਚਲਾਉਣ ਲਈ ਨੁਕਸਾਨੀ ਗਈ ਜਾਇਦਾਦ ਦੇ ਮੁੜ-ਨਿਰਮਾਣ ਤੇ ਮੁੜ-ਤਿਆਰ ਕਰਨ ਲਈ ਧਨ ਰਾਹਤ ਜ਼ਰੂਰ ਚਾਹੀਦੀ ਹੈ। ਇੱਥੇ ਅੱਗ ਬੀਮਾ ਭੂਮਿਕਾ ਨਿਭਾਉਂਦੀ ਹੈ।

1. ਅੱਗ ਪਾਲਸੀ ਵਿੱਚ ਕੀ ਬੀਮਾ ਸੁਰੱਖਿਆ ਹੈ?

ਅੱਗ ਪਾਲਸੀ ਰਾਹੀਂ ਬੀਮਾ ਸੁਰੱਖਿਆ ਦਿੱਤੇ ਕੁਝ ਸੰਕਟਾਂ ਬਾਰੇ ਜਾਣਕਾਰੀ ਹੇਠ ਦਿੱਤੀ ਹੈ।

ਵਪਾਰਕ ਜੋਖਿਮਾਂ ਲਈ ਅੱਗ ਬੀਮੇ ਦੇ ਤਹਿਤ ਬੀਮਾ ਸੁਰੱਖਿਆ ਦਿੱਤੇ ਜਾਣ ਵਾਲੇ ਸੰਕਟ ਹਨ:

- ✓ ਅੱਗ
- ✓ ਅਸਮਾਨੀ ਬਿਜਲੀ
- ✓ ਵਿਸਫੋਟ / ਅੰਤਰ ਵਿਸਫੋਟ
- ✓ ਦੰਗੇ ਹੜਤਾਲ ਅਤੇ ਦੋਖੀ ਨੁਕਸਾਨ

- ✓ ਟੱਕਰ ਨੁਕਸਾਨ
- ✓ ਹਵਾਈ ਜਹਾਜ਼ ਨੁਕਸਾਨ
- ✓ ਤੂਫਾਨ, ਝੱਖੜ, ਸਮੁੰਦਰੀ ਝੱਖੜ, ਟਾਈਫੂਨ, ਹਰੀਕੇਨ, ਟਾਰਨਡੂ, ਹੜ੍ਹ ਅਤੇ ਸੈਲਾਬ
- ✓ ਭੁਚਾਲ
- ✓ ਚਟਾਨਾਂ ਖਿਸਕਣ ਦੇ ਸਮੇਤ ਤਿਲਕਣ ਅਤੇ ਪਹਾੜੀ-ਖਿਸਕਣ
- ✓ ਪਾਣੀ ਦੇ ਟੈਂਕ, ਸੰਦਾਂ ਅਤੇ ਪਾਈਪਾਂ ਦਾ ਫੱਟਣਾ ਅਤੇ ਓਵਰਫਲੋਅ ਹੋਣਾ
- ✓ ਮਿਜ਼ਾਇਲ ਟੈਸਟਿੰਗ ਕਾਰਵਾਈਆਂ
- ✓ ਆਟੋਮੈਟਿਕ ਫੁਹਾਰੇ ਇੰਸਟਾਲੇਸ਼ਨ ਤੋਂ ਲੀਕ
- ✓ ਝਾੜੀਆਂ ਦੀ ਅੱਗ

ਦੋ ਮਹੱਤਵਪੂਰਨ ਲੱਛਣ ਹਨ, ਜੋ ਕਿ ਵਪਾਰਕ ਬੀਮੇ ਨੂੰ ਵਿਅਕਤੀਗਤ ਤੇ ਵਪਾਰਕ ਬੀਮੇ ਤੋਂ ਵੱਖਰਾ ਕਰਦੇ ਹਨ।

a) ਕੰਪਨੀ ਜਾਂ ਕਾਰੋਬਾਰੀ ਉਦਯੋਗ ਦੀਆਂ ਬੀਮਾ ਲੋੜਾਂ ਵਿਅਕਤੀਗਤ ਤੋਂ ਬਹੁਤ ਵੱਡੀਆਂ ਹਨ। ਉਸ ਲਈ ਕਾਰਨ ਹੈ ਕਿ ਵਪਾਰਕ ਉਦਯੋਗ ਦੀ ਸੰਪੱਤੀ ਦਾ ਮੁੱਲ ਵਿਅਕਤੀਗਤ ਸੰਪੱਤੀ ਤੋਂ ਬਹੁਤ ਵੱਧ ਹੁੰਦਾ ਹੈ। ਉਹਨਾਂ ਦੇ ਨੁਕਸਾਨ ਦੇ ਨਾਲ ਕੰਪਨੀ ਦੇ ਭਵਿੱਖ ਉੱਤੇ ਉਲਟ ਪ੍ਰਭਾਵ ਪੈ ਸਕਦਾ ਹੈ।

b) ਵਪਾਰਕ ਉਦਯੋਗਾਂ ਦੇ ਬੀਮੇ ਨੂੰ ਕਾਨੂੰਨ ਜਾਂ ਹੋਰ ਲੋੜਾਂ ਰਾਹੀਂ ਜ਼ਰੂਰੀ ਹੁੰਦਾ ਜਾਂ ਬਣਾਇਆ ਜਾਂਦਾ ਹੈ। ਜਿਵੇਂ ਕਿ ਜਦੋਂ ਪਲਾਂਟ ਅਤੇ ਸੰਪੱਤੀ ਨੂੰ ਬੈਂਕ ਕਰਜ਼ ਰਾਹੀਂ ਬਣਾਇਆ ਗਿਆ ਹੈ, ਕਰਜ਼ ਲਈ ਸ਼ਰਤ ਵਿੱਚ ਉਹਨਾਂ ਦਾ ਬੀਮਾ ਕਰਵਾਉਣਾ ਹੋ ਸਕਦਾ ਹੈ। ਭਾਰਤ ਵਿੱਚ ਕਈ ਕਾਰਪੋਰੇਟ ਉਦਯੋਗ ਪੇਸ਼ੇਵਰ ਕੰਪਨੀਆਂ ਰਾਹੀਂ ਚਲਾਏ ਜਾਂਦੇ ਹਨ ਅਤੇ ਉਹਨਾਂ ਵਿੱਚੋਂ ਕਈ ਬਹੁਰਾਸ਼ਟਰੀਆਂ ਕੰਪਨੀਆਂ ਹਨ।

ਉਹਨਾਂ ਨੂੰ ਗਲੋਬਲ ਕੁਆਲਟੀ ਮਿਆਰ ਬਣਾਈ ਰੱਖਣ ਲਈ, ਜਿਸ ਵਿੱਚ ਢੁੱਕਵੀਆਂ ਜੋਖਿਮ ਪ੍ਰਬੰਧ ਨੀਤੀਆਂ ਮੁਤਾਬਕ ਰੱਖਣਾ ਅਤੇ ਆਪਣੀ ਸੰਪੱਤੀ ਸੁਰੱਖਿਅਤ ਕਰਨ ਲਈ ਬੀਮਾ ਕਰਵਾਉਣ ਸ਼ਾਮਿਲ ਹਨ।

ਉਤੇ ਦਿੱਤੇ ਸੰਕਟਾਂ ਵਿੱਚੋਂ ਕਿਸੇ ਰਾਹੀਂ ਵੀ ਹੋਣ ਵਾਲੇ ਘਾਟੇ ਨੂੰ ਪਾਲਸੀ ਵਿਸ਼ੇ ਰਾਹੀਂ ਕੁਝ ਅਲਹਿਦਗੀਆਂ ਰਾਹੀਂ ਸੁਰੱਖਿਅਤ ਕੀਤਾ ਜਾਂਦਾ ਹੈ।

2. ਅਲਹਿਦਾ ਕੀ ਹਨ?

ਅਲਹਿਦਾ ਹਨ:

a) **ਸੰਭਾਵਿਤ ਸੰਕਟਾਂ ਰਾਹੀਂ ਹੋਣ ਵਾਲੇ ਘਾਟੇ ਜਿਵੇਂ ਕਿ**

i. ਜੰਗ ਅਤੇ ਜੰਗ ਵਰਗੀਆਂ ਕਾਰਵਾਈਆਂ

ii. ਪ੍ਰਮਾਣੂ ਸੰਕਟ
iii. ਆਈਨਾਈਜ਼ੇਸ਼ਨ ਅਤੇ ਰੇਡੀਏਸ਼ਨ
iv. ਪ੍ਰਦੂਸ਼ਨ ਅਤੇ ਦੂਸ਼ਿਤਤਾ ਘਾਟੇ

b) **ਸੰਕਟ, ਜੋ ਕਿ ਜਰਨਲ ਬੀਮੇ ਵਿੱਚ ਹੋਰ ਪਾਲਸੀਆਂ ਰਾਹੀਂ ਸੁਰੱਖਿਅਤ ਕੀਤੇ ਜਾਂਦੇ ਹਨ**

i. ਮਸ਼ੀਨਰੀ ਖਰਾਬੀ,
ii. ਕੰਮ-ਧੰਦਾ ਰੁਕਣਾ

ਐਡ-ਆਨ ਬੀਮਾ-ਸੁਰੱਖਿਆ

ਪਰ ਕੁਝ ਸੰਕਟਾਂ ਨੂੰ ਵਾਧੂ ਪ੍ਰੀਮੀਅਮ ਦੇ ਬੀਮਾ ਸੁਰੱਖਿਆ ਦਿੱਤੀ ਜਾਂਦੀ ਹੈ ਜਿਵੇਂ ਕਿ ਭੁਚਾਲ, ਅੱਗ ਅਤੇ ਝਟਕੇ; ਕੋਲਡ ਸਟੋਰੇਜ਼ ਵਿੱਚ ਬੀਮਾ ਕਰਵਾਏ ਪਾਵਰ ਫੇਲ੍ਹ ਹੋਣ ਦੇ ਸੰਕਟ ਦੇ ਨਤੀਜੇ ਵਜੋਂ ਭੰਡਾਰ ਖ਼ਰਾਬ ਹੋਣਾ, ਪਾਲਸੀ ਵਿੱਚ ਬੀਮਾ ਸੁਰੱਖਿਆ ਦੀ ਰਕਮ ਦੇ ਨਾਲੋਂ ਵਾਧੂ ਖਰਚੇ ਜਿਸ ਵਿੱਚ ਮਲਬੇ, ਢਾਂਚੇ ਨੂੰ ਹਟਾਉਣ, ਇੰਜਨੀਅਰਾਂ ਨਾਲ ਸਲਾਹ ਲੈਣੀ ਸ਼ਾਮਿਲ ਹੈ, ਜੰਗਲ ਦੀ ਅੱਗ, ਲਗਾਤਾਰ ਬਲਣ ਅਤੇ ਆਪਣੇ ਵਹੀਕਲਾਂ ਰਾਹੀਂ ਟੱਕਰ ਨੁਕਸਾਨ।

3. ਅੱਗ ਪਾਲਸੀਆਂ ਦੇ ਬਦਲ

ਅੱਗ ਪਾਲਸੀਆਂ ਆਮ ਤੌਰ ਉੱਤੇ 12 ਮਹੀਨਿਆਂ ਦੇ ਸਮੇਂ ਲਈ ਜਾਰੀ ਕੀਤੀਆਂ ਜਾਂਦੀਆਂ ਹਨ। ਕੇਵਲ ਨਿਵਾਸ ਲਈ ਹੀ, ਬੀਮਾ ਕੰਪਨੀਆਂ ਲੰਮੇ ਸਮੇਂ ਲਈ ਪਾਲਸੀਆਂ ਦਿੰਦੀਆਂ ਹਨ, ਜਿਵੇਂ ਕਿ 12 ਮਹੀਨਿਆਂ ਤੋਂ ਵੱਧ ਲਈ। ਕੁਝ ਕੇਸਾਂ ਵਿੱਚ ਥੋੜ੍ਹੇ ਸਮੇਂ ਲਈ ਵੀ ਪਾਲਸੀਆਂ ਜਾਰੀ ਕੀਤੀਆਂ ਜਾਂਦੀਆਂ ਹਨ, ਜਿਸ ਲਈ ਥੋੜ੍ਹੇ ਸਮੇਂ ਦਾ ਪੈਮਾਨਾ ਲਾਗੂ ਹੁੰਦਾ ਹੈ।

4. ਬਾਜ਼ਾਰੀ ਮੁੱਲ ਜਾਂ ਮੁੜ-ਸਥਾਪਨ ਮੁੱਲ ਪਾਲਸੀਆਂ

ਘਾਟਾ ਪੈਣ ਦੇ ਹਾਲਤ ਵਿੱਚ, ਬੀਮਾਕਰਤਾ ਆਮ ਤੌਰ ਉੱਤੇ ਬਾਜ਼ਾਰੀ ਮੁੱਲ ਦਾ ਭੁਗਤਾਨ ਕਰਦਾ ਹੈ [ਜੋ ਕਿ ਘਸਾਈ ਮੁੱਲ ਹੁੰਦਾ ਹੈ]। ਮੁੜ-ਸਥਾਪਨ ਮੁੱਲ ਪਾਲਸੀ ਦੇ ਤਹਿਤ ਬੀਮਾਕਰਤਾ ਨੂੰ ਖਰਾਬ ਹੋਈ ਜਾਇਦਾਦ ਦੀ ਥਾਂ ਉੱਤੇ ਉਸੇ ਕਿਸਮ ਦੀ ਨਵੀਂ ਜਾਇਦਾਦ ਬਦਲਾਉਣ ਦੀ ਕੀਮਤ ਦੇਣੀ ਹੁੰਦੀ ਹੈ। ਬੀਮਾ ਕੀਤੀ ਰਕਮ ਨਵੇਂ ਤਬਦਾਲਾ ਮੁੱਲ ਨੂੰ ਦਰਸਾਉਂਦੀ ਹੋਣੀ ਚਾਹੀਦੀ ਹੈ ਅਤੇ ਆਮ ਅੱਗ ਪਾਲਸੀ ਦੇ ਅਧੀਨ ਬਾਜ਼ਾਰੀ ਮੁੱਲ ਨੂੰ ਨਹੀਂ।

ਮੁੜ-ਸਥਾਪਨ ਮੁੱਲ ਪਾਲਸੀਆਂ ਨੂੰ ਇਮਾਰਤ, ਪਲਾਂਟ, ਮਸ਼ੀਨਰੀ ਤੇ ਫਰਨੀਚਰ, ਢਾਂਚੇ ਅਤੇ ਫਿੱਟਿੰਗ ਦੀ ਬੀਮਾ ਸੁਰੱਖਇਆ ਲਈ ਜਾਰੀ ਕੀਤਾ ਜਾਂਦਾ ਹੈ। ਮੁੜ-ਸਥਾਪਨ ਪਾਲਸੀਆਂ ਸਟਾਕ ਲਈ ਬੀਮਾ ਸੁਰੱਖਿਆ ਦੇਣ ਲਈ ਨਹੀਂ ਵਰਤੀਆਂ ਜਾਂਦੀਆਂ ਹਨ, ਜੋ ਕਿ ਬਾਜ਼ਾਰੀ ਮੁੱਲ ਦੇ ਆਧਾਰ ਉੱਤੇ ਸੁਰੱਖਿਅਤ ਹੁੰਦੀਆਂ ਹਨ।

5. ਐਲਾਨ ਪਾਲਸੀਆਂ

ਗੁਦਾਮ ਵਿੱਚ ਸਟੋਰ ਕੀਤੇ ਸਟਾਕ ਨੂੰ ਐਲਾਨ ਪਾਲਸੀ ਦੇ ਤਹਿਤ ਬੀਮਾ ਸੁਰੱਖਿਆ ਦਿੱਤੀ ਜਾ ਸਕਦੀ ਹੈ ਕਿਉਂਕਿ ਇੰਝ ਦੇ ਸਟਾਕ ਦੀ ਗਿਣਤੀ ਬਦਲਦੀ ਰਹਿੰਦੀ ਹੈ। ਬੀਮਾ ਕੀਤੀ ਰਕਮ ਸਭ ਤੋਂ ਵੱਧ ਰਕਮ ਹੋਣੀ ਚਾਹੀਦੀ ਹੈ, ਜੋ ਕਿ ਪਾਲਸੀ ਦੇ ਸਮੇਂ ਦੌਰਾਨ ਗੁਦਾਮ ਵਿੱਚ ਸੰਭਾਲਣ ਦੇ ਦੌਰਾਨ ਹੋਣ ਦੀ ਉਮੀਦ ਹੈ। ਇਸ ਮੁੱਲ ਦੇ ਅਧਾਰ ਉੱਤੇ ਆਰਜ਼ੀ ਪ੍ਰੀਮੀਅਮ ਲਿਆ ਜਾਂਦਾ ਹੈ। ਬੀਮਤ ਨੂੰ ਮੌਜੂਦਾ ਪਾਲਸੀ ਦੇ ਦੌਰਾਨ ਤਹਿ ਕੀਤੇ ਸਮੇਂ ਉੱਤੇ ਆਪਣੇ ਸਟਾਕ ਦੇ ਮੁੱਲ ਦਾ ਐਲਾਨ ਕਰਨਾ ਹੁੰਦਾ ਹੈ। ਇਹ ਪਾਲਸੀ ਸਮੇਂ ਦੇ ਅੰਤ ਉੱਤੇ ਪ੍ਰੀਮੀਅਮ ਨਾਲ ਅਡਜੱਸਟ ਕਰਨ ਦੇ ਯੋਗ ਹੁੰਦਾ ਹੈ।

6. ਫਲੋਟਰ ਪਾਲਸੀਆਂ

ਹੋਰ ਕਿਸਮ ਦੀ ਪਾਲਸੀ ਵਿੱਚ **ਫਲੋਟਰ ਪਾਲਸੀ** ਹੈ। ਇਹ ਪਾਲਸੀਆਂ ਨੂੰ ਸਾਮਾਨ ਦੇ ਸਟਾਕ ਲਈ ਜਾਰੀ ਕੀਤਾ ਜਾ ਸਕਦਾ ਹੈ, ਜੋ ਕਿ ਇੱਕ ਬੀਮਾ ਕੀਤੀ ਰਕਮ ਦੇ ਅਧੀਨ ਵੱਖ-ਵੱਖ ਦਿੱਤੇ ਹੋਏ ਟਿਕਾਣਿਆਂ ਉੱਤੇ ਸਟੋਰ ਕੀਤਾ ਹੁੰਦਾ ਹੈ। ਨਾ-ਦੱਸੇ ਟਿਕਾਣਿਆਂ ਲਈ ਬੀਮਾ ਸੁਰੱਖਿਆ ਨਹੀਂ ਹੁੰਦੀ ਹੈ। ਪ੍ਰੀਮੀਅਮ ਦਰ ਕਿਸੇ ਵੀ ਟਿਕਾਣੇ ਉੱਤੇ ਬੀਮਤ ਦੇ ਸਟਾਕ ਉੱਤੇ 10% ਦੀ ਲੋਡਿੰਗ ਨਾਲ ਲਾਗੂ ਹੋਣ ਵਾਲੀ ਵੱਧ ਤੋਂ ਵੱਧ ਦਰ ਹੈ। ਇਹਨਾਂ ਨੂੰ ਫਲੋਟਰ ਪਾਲਸੀਆਂ ਵੀ ਕਿਹਾ ਜਾਂਦਾ ਹੈ, ਕਿਉਂਕਿ ਬੀਮਾ ਕੀਤੀ ਰਕਮ ਕਈ ਥਾਵਾਂ ਉੱਤੇ ਤਰਦੀ ('ਫਲੋਟ') ਕਰਦੀ ਹੈ।

ਪ੍ਰੀਮੀਅਮ ਰੇਟਿੰਗ ਨਿਰਭਰ ਕਰਦੀ ਹੈ:

a) ਰੱਖਣ ਦੀ ਥਾਂ ਉੱਤੇ - ਕੀ ਇਹ ਉਦਯੋਗ ਹੈ ਜਾਂ ਹੋਰ ਕੋਈ।
b) ਉਦਯੋਗ ਥਾਂ ਉੱਤੇ ਰੱਖੀ ਗਈ ਸਭ ਜਾਇਦਾਦ ਲਈ ਬਣਾਈ ਗਈ ਉਤਪਾਦ ਦੇ ਮੁਤਾਬਕ ਇੱਕ ਦਰ ਵਸੂਲੀ ਜਾਵੇਗੀ।
c) ਉਦਯੋਗ ਥਾਂ ਤੋਂ ਬਾਹਰ ਟਿਕਾਣਿਆਂ ਲਈ ਵੱਖ-ਵੱਖ ਟਿਕਾਣਿਆਂ ਉੱਤੇ ਰੱਖਣ ਦੀ ਕਿਸਮ ਦੇ ਮੁਤਾਬਕ ਦਰ ਤਹਿ ਕੀਤੀ ਜਾਵੇਗੀ।
d) ਸਟੋਰੇਜ਼ ਖੇਤਰ ਨੂੰ ਰੱਖੇ ਗਏ ਸਾਮਾਨ ਦੀ ਖਤਰਨਾਕ ਕਿਸਮ ਦੇ ਆਧਾਰ ਉੱਤੇ ਦਰ ਦਿੱਤੀ ਜਾਵੇਗੀ।
e) "ਐਡ-ਆਨ" ਬੀਮਾ ਸੁਰੱਖਿਆ ਦੇਣ ਲਈ ਵਾਧੂ ਪ੍ਰੀਮੀਅਮ ਵਸੂਲਿਆ ਜਾਂਦਾ ਹੈ।

f) ਪਿਛਲੇ ਦਾਅਵੇ ਅਤੀਤ ਤੇ ਟਿਕਾਣੇ ਉੱਤੇ ਦਿੱਤੀਆਂ ਗਈਆਂ ਅੱਗ ਤੋਂ ਸੁਰੱਖਿਆ ਸਹੂਲਤ ਦੇ ਮੁਤਾਬਕ ਪ੍ਰੀਮੀਅਮ ਵਿੱਚ ਛੋਟ ਦਿੱਤੀ ਜਾਂਦੀ ਹ।

g) ਪ੍ਰੀਮੀਅਮ ਵਿੱਚ ਕਮੀ ਕਰਨ ਲਈ ਕੋਈ ਦੰਗਿਆਂ, ਹੜਤਾਲ, ਨੁਕਸਾਨਦਾਇਕ ਨੁਕਸਾਨ ਬੀਮਾ ਸੁਰੱਖਿਆ ਅਤੇ ਹੜ੍ਹ ਗਰੁੱਪ ਸੰਕਟਾਂ ਲਈ ਚੋਣ ਨੂੰ ਛੱਡ ਵੀ ਸਕਦਾ ਹੈ।

ਬੀਮਾ ਕਰਤਾ ਤੋਂ ਬੀਮਾ ਕਰਤਾ ਦੇ ਮੁਤਾਬਕ ਰੇਟਿੰਗ ਤਰਤੀਬ ਵੱਖ-ਵੱਖ ਹੋ ਸਕਦੀ ਹੈ।

ਖੁਦ ਜਾਂਚ ਕਰੋ 1

ਵਪਾਰਕ ਜੋਖਿਮਾਂ ਲਈ ਅੱਗ ਬੀਮੇ ਦੇ ਤਹਿਤ_____ ਵਾਲੇ ਸੰਕਟ ਹਨ

I. ਬਾਹਰੀ ਵਿਸਫੋਟ
II. ਅੰਦਰੂਨੀ ਵਿਸਫੋਟ
III. ਉੱਤੇ ਦਿੱਤਿਆਂ ਵਿੱਚੋਂ ਦੋਵੇਂ
IV. ਉੱਤੇ ਦਿੱਤਿਆਂ ਵਿੱਚੋਂ ਕੋਈ ਨਹੀਂ

B. ਕਾਰੋਬਾਰ ਰੁਕਾਵਟ ਬੀਮਾ

ਇਹ ਕਿਸਮ ਦੇ ਬੀਮੇ ਨੂੰ ਪਰਿਣਾਮੀ ਘਾਟਾ ਬੀਮਾ ਜਾਂ ਫਾਇਦੇ ਦਾ ਘਾਟਾ ਬੀਮਾ ਕਹਿੰਦੇ ਹਨ।

ਅੱਗ ਬੀਮਾ ਬੀਮਾ ਕੀਤੇ ਸੰਕਟਾਂ ਲਈ ਪਦਾਰਥ ਜਾਂ ਜਾਇਦਾਦ ਨੁਕਸਾਨ ਜਾਂ ਇਮਾਰਤ, ਪਲਾਂਟ, ਮਸ਼ੀਨਰੀ ਜੜਤ, ਫਿਟਿੰਗ, ਵਪਾਰਿਕ ਸਾਮਾਨ ਆਦਿ ਦੇ ਹੋਏ ਨੁਕਸਾਨ ਲਈ ਮੁਆਵਜ਼ਾ ਦਿੰਦਾ ਹੈ। ਇਸ ਨਾਲ ਬੀਮਤ ਦੇ ਕਾਰੋਬਾਰ ਦੇ ਕੁੱਲ ਜਾਂ ਅਧੂਰੀ ਰੁਕਾਵਟ ਆ ਸਕਦੀ ਹੈ, ਰੁਕਾਵਟ ਦੇ ਇਹ ਸਮੇਂ ਦੇ ਦੌਰਾਨ ਨਤੀਜੇ ਵਜੋਂ ਕਈ ਆਰਥਿਕ ਘਾਟੇ ਹੋ ਸਕਦੇ ਹਨ।

1. ਕਾਰੋਬਾਰ ਰੁਕਾਵਟ ਪਾਲਸੀ ਅਧੀਨ ਬੀਮਾ ਸੁਰੱਖਿਆ

ਪਰਿਣਾਮੀ ਘਾਟਾ (CL) ਪਾਲਸੀ [ਕਾਰੋਬਾਰ ਰੁਕਾਵਟ (BI)] ਘਾਟੇ, ਜੋ ਕਿ ਕੁੱਲ ਫਾਇਦੇ ਦੇ ਰੂਪ ਵਿੱਚ ਹੁੰਦਾ ਹੈ, ਲਈ ਹਰਜਾਨਾ ਦਿੰਦੀ ਹੈ - ਜਿਸ ਵਿੱਚ ਸ਼ੁੱਧ ਫਾਇਦਾ ਅਤੇ ਬੀਮਤ ਵਲੋਂ ਕਾਰੋਬਾਰ ਨੂੰ, ਅੰਤਿਮ ਘਾਟੇ ਨੂੰ ਜਿੰਨਾ ਵੀ ਸੰਭਵ ਹੋਵੇ ਘੱਟ ਕਰਨ ਲਈ, ਆਮ ਦੀ ਤਰ੍ਹਾਂ ਚਾਲੂ ਕਰਨ ਲਈ ਝੱਲੀ ਗਈ ਵਧੀ ਕੀਮਤ ਦੇ ਨਾਲ ਸਥਾਈ ਖਰਚੇ ਸ਼ਾਮਿਲ ਹਨ। ਬੀਮਾ ਸੁਰੱਖਿਆ ਦਿੱਤੇ ਸੰਕਟ ਅਤੇ ਸ਼ਰਤਾਂ ਅੱਗ ਪਾਲਸੀ ਦੇ ਤਹਿਤ ਬੀਮਾ ਸੁਰੱਖਿਅਤ ਦਿੱਤੇ ਸੰਕਟ ਵਾਂਗ ਹੀ ਹੁੰਦੇ ਹਨ।

ਉਦਾਹਰਨ

ਜੇ ਭੁਚਾਲ ਦੇ ਨਤੀਜੇ ਵਜੋਂ ਕਾਰ ਨਿਰਮਾਤਾ ਦਾ ਪਲਾਂਟ ਤਬਾਹ ਹੋ ਜਾਂਦਾ ਹੈ ਤਾਂ ਉਤਪਾਦਨ ਕਮੀ ਦੇ ਨਾਲ ਨਿਰਮਾਤਾ ਦੀ ਆਮਦਨ ਵਿੱਚ ਘਾਟਾ ਹੋਵੇਗਾ। ਇਹ ਆਮਦਨ ਵਿੱਚ ਹੋਏ ਨੁਕਸਾਨ ਦੇ ਨਾਲ ਹੋਰ ਝੱਲੇ ਗਏ ਖਰਚੇ ਦਾ ਬੀਮਾ ਕਰਵਾਇਆ ਜਾ ਸਕਦਾ ਹੈ, ਜੇ ਇਹ ਬੀਮਾ ਕਰਵਾਏ ਸੰਕਟ ਦੇ ਨਤੀਜੇ ਵਜੋਂ ਹੁੰਦਾ ਹੈ।

ਇਹ ਪਾਲਸੀ ਨੂੰ ਕੇਵਲ ਸਟੈਂਡਰਡ ਅੱਗ ਅਤੇ ਖਾਸ ਸੰਕਟ ਪਾਲਸੀ ਦੇ ਨਾਲ ਹੀ ਲਿਆ ਜਾ ਸਕਦਾ ਹੈ, ਕਿਉਂਕਿ ਇਹ ਪਾਲਸੀ ਦੇ ਅਧੀਨ ਦਾਅਵੇ ਕੇਵਲ ਤਾਂ ਹੀ ਮੰਨਣਯੋਗ ਹਨ, ਜੇ ਸਟੈਂਡਰਡ ਅੱਗ ਅਤੇ ਖਾਸ ਸੰਕਟ ਪਾਲਸੀ ਅਧੀਨ ਦਾਅਵਾ ਹੋਵੇ।

ਖੁਦ ਜਾਂਚ ਕਰੋ 2

ਕਾਰੋਬਾਰ ਰੁਕਾਵਟ ਬੀਮਾ ਪਾਲਸੀ ਨੂੰ _____ ਦੇ ਨਾਲ ਜੋੜ ਕੇ ਹੀ ਲਿਆ ਜਾ ਸਕਦਾ ਹੈ।

I. ਮਿਆਰੀ ਅੱਗ ਅਤੇ ਖਾਸ ਸੰਕਟ ਪਾਲਸੀ
II. ਮਿਆਰੀ ਅੱਗ ਅਤੇ ਜਹਾਜ਼ੀ ਪਾਲਸੀ
III. ਮਿਆਰੀ ਅਤੇ ਖਾਸ ਸੰਕਟ ਪਾਲਸੀ
IV. ਮਿਆਰੀ ਇੰਜਨੀਅਰਿੰਗ ਅਤੇ ਜਹਾਜ਼ੀ ਪਾਲਸੀ

C. ਸੰਨ੍ਹਮਾਰੀ ਬੀਮਾ

ਪਾਲਸੀ ਕਾਰੋਬਾਰੀ ਥਾਵਾਂ ਜਿਵੇਂ ਕਿ ਫੈਕਟਰੀਆਂ, ਦੁਕਾਨਾਂ, ਦਫ਼ਤਰਾਂ, ਵੇਅਰਹਾਊਸ ਅਤੇ ਗੁਦਾਮਾਂ ਲਈ ਹੈ, ਜਿੱਥੇ ਕਿ ਸਟਾਕ, ਸਾਮਾਨ, ਫਰਨੀਚਰ, ਚਲ ਸੰਪੱਤੀ ਅਤੇ ਤਿਜੋਰੀ ਵਿੱਚ ਰੱਖੀ ਨਕਦੀ, ਜਿਹਨਾਂ ਦੀ ਚੋਰੀ ਹੋ ਸਕਦੀ ਹੈ। ਬੀਮਾ ਸੁਰੱਖਿਆ ਦੇ ਖੇਤਰ ਨੂੰ ਸਪਸ਼ਟ ਰੂਪ ਵਿੱਚ ਦਰਸਾਇਆ ਜਾਂਦਾ ਹੈ।

1. ਸੰਨ੍ਹਮਾਰੀ ਬੀਮੇ ਦੇ ਅਧੀਨ ਆਉਂਦੇ ਜੋਖਿਮ

a) ਟਿਕਾਣੇ ਉੱਤੇ ਧੱਕੇ ਨਾਲ ਅਤੇ ਹਿੰਸਕ ਤਰੀਕੇ ਨਾਲ ਦਾਖਲ ਹੋਣ ਦੇ ਬਾਅਦ ਜਾਇਦਾਦ ਦਾ ਨੁਕਸਾਨ ਜਾਂ ਟਿਕਾਣੇ ਤੋਂ ਅਸਲ, ਧੱਖੇ ਨਾਲ ਅਤੇ ਹਿੰਸਕ ਢੰਗ ਨਾਲ ਬਾਹਰ ਜਾਣ ਬਾਅਦ ਜਾਂ ਰਹਿਣ ਦੇ ਦੌਰਾਨ ਹੋਏ ਘਾਟੇ।

b) ਸੰਨ੍ਹਮਾਰਾਂ ਵਲੋਂ ਬੀਮਾ ਹੋਈ ਜਾਇਦਾਦ ਜਾਂ ਇਮਾਰਤ ਦਾ ਨੁਕਸਾਨ। ਬੀਮਾ ਕਰਵਾਈ ਜਾਇਦਾਦ ਨੂੰ ਕੇਵਲ ਤਾਂ ਹੀ ਬੀਮਾ ਸੁਰੱਖਿਆ ਮਿਲਦੀ ਹੈ, ਜੇ ਇਹ ਬੀਮਤ ਦੇ ਟਿਕਾਣੇ ਤੋਂ ਗੁੰਮ ਹੋਵੇ ਅਤੇ ਹੋਰ ਟਿਕਾਣਿਆਂ ਤੋਂ ਨਹੀਂ।

2. A) ਨਕਦ ਬੀਮਾ ਸੁਰੱਖਿਆ

ਨਕਦ ਬੀਮਾ ਸੁਰੱਖਿਆ ਸੰਨ੍ਹਮਾਰੀ ਬੀਮਾ ਸੁਰੱਖਿਆ ਦਾ ਖਾਸ ਹਿੱਸਾ ਹੈ। ਇਹ ਤਾਂ ਹੀ ਲਾਗੂ ਹੁੰਦੀ ਹੈ, ਜਦੋਂ ਨਕਦੀ ਤਿਜੋਰੀ ਵਿੱਚ ਸੰਭਾਲੀ ਗਈ ਹੈ, ਜੋ ਕਿ ਸੰਨ੍ਹਮਾਰੀ ਤੋਂ ਸੁਰੱਖਿਅਤ ਹੋਵੇ ਅਤੇ ਮਨਜ਼ੂਰਸ਼ੁਦਾ ਮੇਕ ਅਤੇ ਡਿਜ਼ਾਇਨ ਦੀ ਹੋਵੇ। ਨਕਦ ਬੀਮਾ ਸੁਰੱਖਿਆ ਦੇਣ ਲਈ ਲਾਗੂ ਹੋਣ ਵਾਲੀਆਂ ਆਮ ਸ਼ਰਤਾਂ ਹੇਠ ਦਿੱਤੀਆਂ ਹਨ:

a) ਤਿਜੋਰੀ ਤੋਂ ਨਕਦੀ ਇਸ ਨੂੰ ਅਸਲ ਕੁੰਜੀ ਨਾਲ ਖੋਲ੍ਹ ਕੇ ਚੋਰੀ ਹੋਣ ਨੂੰ ਬੀਮਾ-ਸੁਰੱਖਿਆ ਤਾਂ ਹੀ ਦਿੱਤੀ ਜਾਂਦੀ ਹੈ, ਜਿੱਥੇ ਕਿ ਇੰਝ ਦੀ ਕੁੰਜੀ ਨੂੰ ਹਿੰਸਾ ਨਾਲ ਜਾਂ ਹਿੰਸਾ ਦੀ ਧਮਕੀ ਨਾਲ ਜਾਂ ਧੱਕੇ ਨਾਲ ਪ੍ਰਾਪਤ ਕੀਤਾ ਗਿਆ ਹੋਵੇ। ਇਸ ਨੂੰ ਆਮ ਤੌਰ ਉੱਤੇ **"ਮੁੱਖ ਸ਼ਰਤ"** ਕਹਿੰਦੇ ਹਨ।

b) ਤਿਜੋਰੀ ਵਿੱਚ ਨਕਦੀ ਦੀ ਰਕਮ ਦੀ ਪੂਰੀ ਸੂਚੀ ਨੂੰ ਤਿਜੋਰੀ ਤੋਂ ਬਿਨਾਂ ਕਿਸੇ ਹੋਰ ਥਾਂ ਉੱਤੇ ਰੱਖਿਆ ਹੋਣਾ ਚਾਹੀਦਾ ਹੈ। ਬੀਮਾ ਕਰਤਾ ਦੀ ਦੇਣਦਾਰੀ ਇੰਝ ਦੇ ਰਿਕਾਰਡ ਰਾਹੀਂ ਵੇਖਾਈ ਅਸਲ ਰਕਮ ਤੱਕ ਸੀਮਿਤ ਹੈ।

B) ਪਹਿਲਾਂ ਘਾਟਾ ਬੀਮਾ

ਵੱਡੇ ਭੰਡਾਰ ਵਿੱਚ ਘੱਟ ਮੁੱਲ ਦੀ ਵਸਤਾਂ (ਜਿਵੇਂ ਕਿ ਕਪਾਹ ਦੀਆਂ ਗੱਠਾਂ, ਦਾਣੇ, ਖੰਡ ਆਦਿ) ਦੇ ਕੇਸ ਵਿੱਚ, ਪੂਰੇ ਸਟਾਕ ਦਾ ਇੱਕ ਹੀ ਵਾਰ ਵਿੱਚ ਗੁਆਚਣਾ ਨਿਵੇਕਲਾ ਮੰਨਿਆ ਜਾਂਦਾ ਹੈ। ਮੁੱਲ, ਜਿਸ ਲਈ ਸੰਨ੍ਹਮਾਰੀ

ਹੋ ਸਕਦੀ ਹੈ, ਨੂੰ ਸੰਭਾਵਿਤ ਵੱਧ ਤੋਂ ਵੱਧ ਘਾਟੇ ਨਾਲ ਜਾਣਿਆ ਜਾਂਦਾ ਹੈ ਅਤੇ ਇਸ ਵੱਧ ਤੋਂ ਵੱਧ ਸੰਭਾਵ ਘਾਟੇ ਲਈ ਪ੍ਰੀਮੀਅਮ ਵਸੂਲਿਆ ਜਾਂਦਾ ਹੈ, ਜਦੋਂ ਕਿ ਜੋਖਿਮ ਉੱਤੇ ਪੂਰੇ ਸਟਾਕ ਲਈ ਬੀਮਾ ਸੁਰੱਖਿਆ ਹੁੰਦੀ ਹੈ। ਇਹ ਮੰਨਿਆ ਜਾਂਦਾ ਹੈ ਕਿ ਦੂਜਾ ਸੰਨ੍ਹਮਾਰ ਤੁਰੰਤ ਨਹੀਂ ਆਵੇਗਾ ਜਾਂ ਬੀਮਤ ਇਸ ਦੇ ਮੁੜ-ਵਾਪਰਨ ਤੋਂ ਰੋਕਣ ਲਈ ਸੁਰੱਖਿਆ ਕਦਮ ਚੁੱਕੇਗਾ।

C) ਸਟਾਕ ਦੇ ਸੰਬੰਧ ਵਿੱਚ ਅੱਗ ਬੀਮੇ ਦੇ ਵਾਂਗ ਹੀ ਐਲਾਨ ਬੀਮਾ-ਸੁਰੱਖਿਆ ਅਤੇ ਫਲੋਟਰ ਬੀਮਾ-ਸੁਰੱਖਿਆ ਵੀ ਸੰਭਵ ਹੈ।

3. ਅਲਹਿਦਾ

ਪਾਲਸੀ ਮੁਲਾਜ਼ਮਾਂ, ਪਰਿਵਾਰਿਕ ਮੈਂਬਰ ਜਾਂ ਹੋਰ ਵਿਅਕਤੀ, ਜਿਹਨਾਂ ਨੂੰ ਕਾਨੂੰਨੀ ਰੂਪ ਵਿੱਚ ਥਾਂ ਉੱਤੇ ਆਉਣ ਦੀ ਇਜ਼ਾਜ਼ਤ ਹੈ, ਵਲੋਂ ਕੀਤੀ ਚੋਰੀ ਲਈ ਬੀਮਾ ਸੁਰੱਖਿਆ ਨਹੀਂ ਦਿੰਦੀ ਹੈ ਅਤੇ ਨਾ ਹੀ ਆਮ ਕਿਸਮ ਦੀ ਚੋਰੀ ਨੂੰ ਹੀ। ਇਹ ਅੱਗ ਜਾਂ ਪਲੇਟ ਗਲਾਸ ਪਾਲਸੀ ਦੇ ਤਹਿਤ ਬੀਮਾ ਸੁਰੱਖਿਆ ਦਿੱਤੇ ਘਾਟੇ ਨੂੰ ਵੀ ਸ਼ਾਮਿਲ ਨਹੀਂ ਕਰਦੀ ਹੈ।

4. ਵਾਧਾ

ਪਾਲਸੀ ਨੂੰ ਦੰਗੇ, ਹੜਤਾਲਾਂ ਅਤੇ ਅੱਤਵਾਦੀ ਜੋਖਿਮਾਂ ਲਈ ਵਾਧੂ ਪ੍ਰੀਮੀਅਮ ਦੇ ਕੇ ਵਧਾਇਆ ਜਾ ਸਕਦਾ ਹੈ।

5. ਪ੍ਰੀਮੀਅਮ

ਸੰਨ੍ਹਮਾਰ ਪਾਲਸੀ ਲਈ ਪ੍ਰੀਮੀਅਮ ਦੀ ਦਰ ਬੀਮਤ ਜਾਇਦਾਦ ਦੀ ਕਿਸਮ, ਖੁਦ ਬੀਮਤ ਦੇ ਨੈਤਿਕ ਖਤਰੇ, ਟਿਕਾਣੇ ਦੇ ਨਿਰਮਾਣ ਤੇ ਥਾਂ, ਸੁਰੱਖਿਆ ਕਦਮਾਂ (ਜਿਵੇਂ ਕਿ ਚੌਕੀਦਾਰ, ਸੰਨ੍ਹਮਾਰੀ ਅਲਾਰ), ਪਿਛਲੇ ਦਾਅਵਾ ਅਨੁਭਵ ਆਦਿ ਉੱਤੇ ਨਿਰਭਰ ਕਰਦੀ ਹੈ।

ਪੇਸ਼ਕਸ਼ ਫਾਰਮ ਵਿੱਚ ਦਿੱਤੀ ਗਈ ਜਾਣਕਾਰੀ ਤੋਂ ਇਲਾਵਾ, ਬੀਮਾਕਰਤਾ ਵਲੋਂ ਮਨਜ਼ੂਰੀ ਤੋਂ ਪਹਿਲਾਂ ਜਾਂਚ ਕੀਤੀ ਜਾਂਦੀ ਹੈ, ਜਿੱਥੇ ਵੀ ਵੱਧ ਮੁੱਲ ਸ਼ਾਮਿਲ ਹੁੰਦਾ ਹੈ।

ਖੁਦ ਜਾਂਚ ਕਰੋ **3**

ਸੰਨ੍ਹਮਾਰੀ ਪਾਲਸੀ ਲਈ ਪ੍ਰੀਮੀਅਮ _____ ਉੱਤੇ ਅਧਾਰਿਤ ਹੈ।

I. ਬੀਮਾ ਕੀਤੀ ਪਾਲਸੀ ਦੀ ਕਿਸਮ
II. ਬੀਮਤ ਦੇ ਖੁਦ ਦੇ ਨੈਤਿਕ ਸੰਕਟ
III. ਥਾਂ ਦਾ ਨਿਰਮਾਣ ਅਤੇ ਟਿਕਾਣਾ
IV. ਉੱਤੇ ਦਿੱਤੇ ਸਭ

D. ਧਨ ਬੀਮਾ

ਨਕਦੀ ਨਾਲ ਕੰਮ ਕਰਨਾ ਕਿਸੇ ਵੀ ਕਾਰੋਬਾਰ ਦਾ ਮੁੱਖ ਭਾਗ ਹੈ। ਇਸ ਦਾ ਮਕਸਦ ਬੈਂਕਾਂ ਅਤੇ ਉਦਯੋਗਿਕ ਕਾਰੋਬਾਰ ਥਾਵਾਂ ਨੂੰ ਪੈਸਾ ਗੁਆਚਣ ਤੋਂ ਸੁਰੱਖਿਆ ਦੇਣਾ ਹੈ। ਧਨ ਥਾਂ ਦੇ ਨਾਲ ਨਾਲ ਬਾਹਰ ਵੀ ਜੋਖਿਮ ਉੱਤੇ ਹੁੰਦਾ ਹੈ। ਇਸ ਨੂੰ ਗ਼ੈਰਕਨੂੰਨੀ ਰੂਪ ਵਿੱਚ ਖੋਹਿਆ ਜਾ ਸਕਦਾ ਹੈ, ਜਦੋਂ ਕਿ ਇਸ ਨੂੰ ਕਢਵਾਇਆ, ਜ਼ਮ੍ਹਾਂ ਕਰਵਾਇਆ, ਭੁਗਤਾਨ ਕੀਤਾ ਜਾਂ ਵਸੂਲਿਆ ਜਾ ਰਿਹਾ ਹੁੰਦਾ ਹੈ।

1. ਧਨ ਬੀਮੇ ਲਈ ਬੀਮਾ ਸੁਰੱਖਿਆ

ਧਨ ਬੀਮਾ ਪਾਲਸੀ ਨੂੰ ਨਕਦ ਚੈਕ/ ਪੋਸਟ ਆਰਡਰ/ ਡਾਕ ਟਿਕਟਾਂ ਨੂੰ ਨਿਪਟਾਉਣ ਦੌਰਾਨ ਹੋਣ ਵਾਲੇ ਘਾਟੇ ਲਈ ਬੀਮਾ ਸੁਰੱਖਿਆ ਦੇਣ ਲਈ ਤਿਆਰ ਕੀਤਾ ਗਿਆ ਹੈ। ਪਾਲਸੀ ਆਮ ਤੌਰ ਉੱਤੇ ਦੋ ਭਾਗਾਂ ਅਧੀਨ ਬੀਮਾ ਸੁਰੱਖਿਆ ਦਿੰਦੀ ਹੈ

a) ਮਾਰਗ ਭਾਗ

ਇਹ ਲੁੱਟਣ ਜਾਂ ਚੋਰੀ ਜਾਂ ਇੰਝ ਦੀਆਂ ਕਾਰਵਾਈਆਂ ਦੇ ਨਤੀਜੇ ਵਜੋਂ ਨਕਦੀ ਦੇ ਨੁਕਸਾਨ ਲਈ ਬੀਮਾ ਸੁਰੱਖਿਆ ਦਿੰਦਾ ਹੈ, ਜਦੋਂ ਕਿ ਇਸ ਨੂੰ ਬੀਮਤ ਜਾਂ ਉਸ ਦੇ ਪ੍ਰਮਾਣਿਤ ਮੁਲਾਜ਼ਮਾਂ ਵਲੋਂ ਬਾਹਰ ਲੈ ਕੇ ਜਾਇਆ ਜਾਂਦਾ ਹੈ।

ਮਾਰਗ ਭਾਗ ਦੋ ਰਕਮ ਦਿੰਦਾ ਹੈ:

i. **ਪ੍ਰਤੀ ਢੁਆਈ ਲਈ ਲਿਮਟ** : ਇਹ ਵੱਧ ਤੋਂ ਵੱਧ ਰਕਮ ਹੈ, ਜੋ ਕਿ ਬੀਮਾ ਕਰਤਾ ਵਲੋਂ ਹਰ ਘਾਟੇ ਦੇ ਸਬੰਧ ਵਿੱਚ ਦੇਣ ਦੀ ਲੋੜ ਹੋ ਸਕਦੀ ਹੈ।

ii. **ਪਾਲਸੀ ਅੰਤਰਾਲ ਦੇ ਦੌਰਾਨ ਮਾਰਗ ਵਿੱਚ ਅੰਦਾਜ਼ਨ ਰਕਮ** ਇਹ ਰਕਮ ਨੂੰ ਦਰਸਾਉਂਦਾ ਹੈ, ਜਿਸ ਲਈ ਪ੍ਰੀਮੀਅਮ ਦੀ ਦਰ ਨੂੰ ਕੱਢਣ ਲਈ ਪ੍ਰੀਮੀਅਮ ਦੀ ਦਰ ਲਗਾਈ ਜਾਂਦੀ ਹੈ।

ਪਾਲਸੀ ਨੂੰ "ਐਲਾਨ ਦੇ ਅਧਾਰ" ਉੱਤੇ ਜਾਰੀ ਕੀਤਾ ਜਾ ਸਕਦਾ। ਇਸਕਰਕੇ ਬੀਮਾਕਰਤਾ ਮਾਰਗ ਵਿਚਲੀ ਅੰਦਾਜ਼ਨ ਰਕਮ ਉੱਤੇ ਆਰਜ਼ੀ ਪ੍ਰੀਮੀਅਮ ਲਗਾਉਂਦਾ ਹੈ ਅਤੇ ਪਾਲਸੀ ਦੀ ਮਿਆਦ ਪੁੱਗਣ ਉੱਤੇ ਇਸ ਪ੍ਰੀਮੀਅਮ ਨੂੰ ਅਡਜੱਸਟ ਕੀਤਾ ਜਾਂਦਾ ਹੈ, ਜੋ ਕਿ ਪਾਲਸੀ ਦੇ ਸਮੇਂ ਦੌਰਾਨ ਬੀਮਤ ਵਲੋਂ ਐਲਾਨੀ ਗਈ ਮਾਰਗ ਵਿਚਲੀ ਕੁੱਲ ਰਕਮ ਦੇ ਅਧਾਰ ਉੱਤੇ ਹੈ।

b) ਥਾਂ ਭਾਗ

ਇਹ ਭਾਗ ਵਿੱਚ ਕਿਸੇ ਦੇ ਥਾਂ / ਤਾਲਾਬੰਦ ਤਿਜੌਰੀ ਤੋਂ ਸੰਨ੍ਹਮਾਰੀ, ਘਰ ਵਿੱਚ ਜਾ ਕੇ, ਲੁੱਟਮਾਰ ਆਦਿ ਕਰਕੇ ਨਕਦੀ ਦੇ ਘਾਟੇ ਲਈ ਬੀਮਾ ਸੁਰੱਖਿਆ ਹੈ। ਪਾਲਸੀ ਦੇ ਹੋਰ ਗੁਣ (ਕਾਰੋਬਾਰੀ ਇਮਾਰਤ ਦੇ) ਸੰਨ੍ਹਮਾਰੀ ਬੀਮੇ ਵਾਂਗ ਹੀ ਹੈ, ਜੋ ਕਿ ਅਸੀਂ ਉੱਤੇ ਪਾਠ 3 ਵਿੱਚ ਵਿਚਾਰੇ ਹਨ।

2. ਖਾਸ ਅਲਹਿਦਾ

ਇਸ ਵਿੱਚ ਹਨ:

a) ਗਲਤੀ ਜਾਂ ਭੁੱਲ ਦੇ ਕਰਕੇ ਕਮੀ,
b) ਧਨ ਦਾ ਘਾਟਾ, ਜੋ ਕਿ ਪ੍ਰਮਾਣਿਤ ਵਿਅਕਤੀ ਤੋਂ ਬਿਨਾਂ ਹੋਰ ਨੂੰ ਅਮਾਨਤ ਦੇਣ ਕਰਕੇ ਹੁੰਦਾ ਹੈ ਅਤੇ
c) ਦੰਗੇ ਹੜਤਾਲ ਅਤੇ ਅੱਤਵਾਦ: ਇਸ ਨੂੰ ਵਾਧੂ ਪ੍ਰੀਮੀਅਮ ਦਾ ਭੁਗਤਾਨ ਕਰਕੇ ਵਾਧੇ ਰਾਹੀਂ ਬੀਮਾ ਸੁਰੱਖਿਆ ਦਿੱਤੀ ਜਾ ਸਕਦੀ ਹੈ।

3. ਵਾਧਾ

ਵਾਧੂ ਪ੍ਰੀਮੀਅਮ ਭੁਗਤਾਨ ਕਰਨ ਉੱਤੇ ਪਾਲਸੀ ਨੂੰ ਬੀਮਾ ਸੁਰੱਖਿਆ ਦੇਣ ਲਈ ਵਧਾਇਆ ਜਾ ਸਕਦਾ ਹੈ:

a) ਨਕਦ ਲੈ ਕੇ ਜਾਣ ਵਾਲੇ ਵਿਅਕਤੀ ਦੀ ਬੇਈਮਾਨੀ
b) ਨਹੀਂ, ਹੜਤਾਲ ਤੇ ਅੱਤਵਾਦੀ ਜੋਖਿਮ
c) ਭੁਗਤਾਨ ਜੋਖਿਮ, ਜੋ ਕਿ ਮੁਲਾਜ਼ਮਾਂ ਨੂੰ ਤਨਖਾਹਾਂ ਦੇ ਭੁਗਤਾਨ ਦੌਰਾਨ ਹੋਣ ਵਾਲੇ ਘਾਟੇ ਦੇ ਰੂਪ ਵਿੱਚ ਹੈ।

4. ਪ੍ਰੀਮੀਅਮ

ਪ੍ਰੀਮੀਅਮ ਨੂੰ ਬੀਮਤ, ਇੱਕ ਸਮੇਂ ਉੱਤੇ ਕੰਪਨੀ ਦੀ ਨਕਦ ਢੁਆਈ ਦੀ ਦੇਣਦਾਰੀ, ਢੁਆ-ਢੁਆਈ ਦੇ ਢੰਗ, ਤਹਿ ਕੀਤੀ ਜਾਣ ਵਾਲੀ ਦੂਰੀ, ਚੁੱਕੇ ਗਏ ਸੁਰੱਖਿਆ ਕਦਮਾਂ ਆਦਿ ਮੁਤਾਬਕ ਮਿਥਿਆ ਜਾ ਸਕਦਾ ਹੈ। ਪ੍ਰੀਮੀਅਮ ਨੂੰ ਪਾਲਸੀ ਦੀ ਮਿਆਦ ਪੁੱਗਣ ਦੇ 30 ਦਿਨਾਂ ਦੇ ਅੰਦਰ ਐਲਾਨਣ ਦੇ ਆਧਾਰ ਉੱਤੇ ਸਾਲ ਭਰ ਵਿੱਚ ਲੈ ਕੇ ਜਾਏ ਗਏ ਅਸਲ ਨਕਦ ਮੁਤਾਬਕ ਅਡਜੱਸਟ ਕੀਤਾ ਜਾਂਦਾ ਹੈ।

ਖੁਦ ਜਾਂਚ ਕਰੋ **4**

ਹੇਠ ਦਿੱਤਿਆਂ ਵਿੱਚ ਕਿਸ ਨੂੰ ਧਨ ਬੀਮਾ ਪਾਲਸੀ ਅਧੀਨ ਬੀਮਾ ਸੁਰੱਖਿਆ ਦਿੱਤੀ ਜਾਂਦੀ ਹੈ?

I. ਗਲਤੀ ਜਾਂ ਭੁੱਲ ਦੇ ਕਰਕੇ ਕਮੀ
II. ਕਿਸੇ ਦੇ ਟਿਕਾਣਾ (ਥਾਂ) ਤੋਂ ਸੰਨ੍ਹਮਾਰੀ ਰਾਹੀਂ ਧਨ ਦੀ ਚੋਰੀ
III. ਧਨ ਦਾ ਘਾਟਾ, ਜੋ ਕਿ ਪ੍ਰਮਾਣਿਤ ਵਿਅਕਤੀ ਤੋਂ ਬਿਨਾਂ ਹੋਰ ਨੂੰ ਅਮਾਨਤ ਦੇਣ ਕਰਕੇ ਹੁੰਦਾ ਹੈ

E. ਦ੍ਰਿੜ੍ਹਤਾ ਗਾਰੰਟੀ ਬੀਮਾ

ਕੰਪਨੀਆਂ ਨੂੰ ਵਿੱਤੀ ਘਾਟਾ ਵਾਈਟ ਕਾਲਰ ਜ਼ੁਰਮਾਂ ਜਿਵੇਂ ਕਿ ਉਹਨਾਂ ਦੇ ਮੁਲਾਜ਼ਮਾਂ ਵਲੋਂ ਧੋਖਾ ਜਾਂ ਬੇਈਮਾਨੀ ਦੇ ਕਰਕੇ ਪੈਂਦਾ ਹੈ। ਦ੍ਰਿੜ੍ਹਤਾ ਗਾਰੰਟੀ ਬੀਮਾ ਮਾਲਕ (ਜਾਂ ਕੰਪਨੀ) ਨੂੰ ਉਹਨਾਂ ਨੂੰ ਉਹਨਾਂ ਦੇ ਮੁਲਾਜ਼ਮਾਂ ਵਲੋਂ ਧੋਖਾ ਦੇਣ ਜਾਂ ਬੇਈਮਾਨੀ ਕਰਕੇ ਜਾਲ੍ਹਸਾਜ਼ੀ, ਗ਼ਬਨ, ਲੁੱਟ ਜਾਂ ਕੁਵਰਤੋਂ ਤੇ ਕੁਤਾਹੀ ਦੇ ਕਰਕੇ ਹੋਣ ਵਾਲੇ ਵਿੱਤੀ ਘਾਟੇ ਲਈ ਹਰਜਨਾਮ ਦਿੰਦਾ ਹੈ।

1. ਦ੍ਰਿੜ੍ਹਤਾ ਗਾਰੰਟੀ ਬੀਮੇ ਅਧੀਨ ਬੀਮਾ ਸੁਰੱਖਿਆ

ਬੀਮਾ ਸੁਰੱਖਿਆ ਸਿੱਧੇ ਆਰਥਿਕ ਘਾਟੇ ਲਈ ਦਿੱਤੀ ਜਾਂਦੀ ਹੈ ਅਤੇ ਇਸ ਵਿੱਚ ਪਰਿਮਾਣੀ ਘਾਟੇ ਸ਼ਾਮਿਲ ਨਹੀਂ ਹੁੰਦੇ ਹਨ।

a) ਘਾਟਾ ਧਨ, ਜਮਾਨਤ ਜਾਂ ਸਾਮਾਨ ਦੇ ਰੂਪ ਵਿੱਚ ਹੋਣਾ ਚਾਹੀਦਾ ਹੈ
b) ਕੰਮ ਤਹਿ ਕੀਤੇ ਫ਼ਰਜ਼ਾਂ ਦੇ ਸਬੰਧ ਵਿੱਚ ਕੀਤਾ ਜਾਣਾ ਚਾਹੀਦਾ ਹੈ।
c) ਘਾਟਾ ਪਾਲਸੀ ਦੀ ਮਿਆਦ ਪੁੱਗਣ ਦੇ 12 ਮਹੀਨਿਆਂ ਜਾਂ ਮੌਤ ਰਿਟਾਇਰਮੈਂਟ ਅਸਤੀਫ਼ਾ ਦੇਣ ਜਾਂ ਮੁਜ਼ਾਲਮ ਦੇ ਮੁਅੱਤਲ ਕਰਨ, ਜੋ ਵੀ ਪਹਿਲਾਂ ਹੋਵੇ, ਵਿੱਚ ਖੋਜਿਆ ਜਾਣਾ ਚਾਹੀਦਾ ਹੈ
d) ਬੇਈਮਾਨ ਮੁਲਾਜ਼ਮ ਦੇ ਸਬੰਧ ਵਿੱਚ ਕੋਈ ਬੀਮਾ ਸੁਰੱਖਿਆ ਨਹੀਂ ਦਿੱਤੀ ਜਾਂਦੀ ਹੈ, ਜਿਸ ਨੂੰ ਮੁੜ-ਨੌਕਰੀ ਉੱਤੇ ਰੱਖਿਆ ਗਿਆ ਹੋਵੇ

2. ਦ੍ਰਿੜ੍ਹਤਾ ਦੀਆਂ ਕਿਸਮਾਂ ਗਾਰੰਟੀ ਪਾਲਸੀ

ਕਈ ਕਿਸਮ ਦੀਆਂ ਦ੍ਰਿੜ੍ਹਤਾ ਗਾਰੰਟੀ ਪਾਲਸੀਆਂ ਬਾਰੇ ਹੇਠਾਂ ਜਾਣਕਾਰੀ ਦਿੱਤੀ ਗਈ ਹੈ:

a) ਨਿੱਜੀ ਪਾਲਸੀ

ਇਸ ਕਿਸਮ ਦੀ ਪਾਲਸੀ ਵਰਤੀ ਜਾਂਦੀ ਹੈ, ਜਿੱਥੇ ਕੇਵਲ ਇੱਕ ਵਿਅਕਤੀ ਦੀ ਗਾਰੰਟੀ ਦੇਣੀ ਹੁੰਦੀ ਹੈ। ਨਾ, ਮੁਲਾਜ਼ਮ ਦਾ ਅਹੁਦਾ ਅਤੇ ਗਾਰੰਟੀ ਦੀ ਰਕਮ ਨੂੰ ਦੇਣ ਦੀ ਲੋੜ ਹੁੰਦੀ ਹੈ।

b) ਸਮੂਹਿਕ ਪਾਲਸੀ

ਇਹ ਪਾਲਸੀ ਉਹਨਾਂ ਮੁਲਾਜ਼ਮਾਂ ਦੇ ਨਾਂ ਦੀ ਸੂਚੀ ਨੂੰ ਮਿਲਾ ਕੇ ਤਿਆਰ ਹੁੰਦੀ ਹੈ, ਜਿਨ੍ਹਾਂ ਲਈ ਗਾਰੰਟੀ ਲਾਗੂ ਹੁੰਦੀ ਹੈ, ਹਰ ਮੁਲਾਜ਼ਮ ਦੇ ਫ਼ਰਜ਼ਾਂ ਅਤੇ ਹਰੇਕ ਲਈ ਵੱਖ-ਵੱਖ ਬੀਮਾ ਕੀਤੀ ਰਕਮ ਦੇ ਨੋਟ ਦੇ ਨਾਲ।

c) ਫਲੋਟਿੰਗ ਪਾਲਸੀ ਜਾਂ ਫਲੋਟਰ

ਉਹ ਪਾਲਸੀ ਵਿੱਚ, ਬੀਮਾ ਸੁਰੱਖਿਆ ਦਿੱਤੇ ਜਾਣ ਵਾਲੇ ਵਿਅਕਤੀਆਂ ਦੇ ਨਾਂ ਤੇ ਫਰਜ਼ ਸੂਚੀ ਵਿੱਚ ਪਾਏ ਜਾਂਦੇ ਹਨ, ਪਰ ਹਰੇਕ ਵਿਅਕਤੀ ਲਈ ਗਾਰੰਟੀ ਦੀ ਰਕਮ ਦੀ ਬਜਾਏ, ਪੂਰੇ ਗਰੁੱਪ ਲਈ ਇੱਕ ਤਹਿ ਰਕਮ ਦੀ ਗਾਰੰਟੀ "ਫਲੋਟਿੰਗ" ਰੂਪ ਵਿੱਚ ਹੁੰਦੀ ਹੈ। ਕਿਸੇ ਵੀ ਮੁਲਾਜ਼ਮ ਦੇ ਸਬੰਧ ਵਿੱਚ ਦਾਅਵੇ ਫਲੋਟਿੰਗ ਗਾਰੰਟੀ ਨੂੰ ਘਟਾਉਂਦਾ ਹੈ, ਜਦੋਂ ਕਿ ਅਸਲੀ ਰਕਮ ਨੂੰ ਵਾਧੂ ਪ੍ਰੀਮੀਅਮ ਦਾ ਭੁਗਤਾਨ ਕਰਕੇ ਬਹਾਲ ਨਹੀਂ ਕੀਤਾ ਜਾਂਦਾ ਹੈ।

d) ਅਹੁਦਾ ਪਾਲਸੀ

ਇਹ ਸਮੂਹਿਕ ਪਾਲਸੀ ਦੇ ਵਾਂਗ ਹੀ ਹੈ, ਕੇਵਲ ਸੂਚੀਬੱਧ "ਅਹੁਦੇ" ਹੁੰਦੇ ਹਨ, ਜੋ ਕਿ ਖਾਸ ਰਕਮ ਲਈ ਗਾਰੰਟੀ ਦਿੱਤੇ ਹੁੰਦੇ ਹਨ ਅਤੇ ਨਾਂ ਨਹੀਂ ਦਿੱਤੇ ਹੁੰਦੇ।

e) ਸਮੂਹਿਕ ਪਾਲਸੀ

ਇਹ ਪਾਲਸੀ ਪੂਰੇ ਸਟਾਫ਼ ਨੂੰ ਬਿਨਾਂ ਨਾਂ ਜਾਂ ਅਹੁਦਾ ਵਿਖਾਏ ਬੀਮਾ ਸੁਰੱਖਿਆ ਦਿੰਦੀ ਹੈ। ਬੀਮਾ ਕਰਤਾ ਵਲੋਂ ਮੁਲਾਜ਼ਮਾਂ ਬਾਰੇ ਕੋਈ ਵੀ ਪੁੱਛਗਿੱਛ ਨਹੀਂ ਕੀਤੀ ਜਾਂਦੀ ਹੈ। ਇੰਝ ਦੀਆਂ ਪਾਲਸੀਆਂ ਕੇਵਲ ਮਾਲਕ (ਕੰਪਨੀਆਂ) ਲਈ ਢੁੱਕਵੀਆਂ ਹੁੰਦੀਆਂ ਹਨ, ਜਿਹਨਾਂ ਦੇ ਸਟਾਫ਼ ਦੀ ਗਿਣਤੀ ਬਹੁਤ ਵੱਡੀ ਹੈ ਅਤੇ ਸੰਸਥਾ ਨੇ ਮੁਲਾਜ਼ਮਾਂ ਦੇ ਪਿਛੋਕੜ ਲਈ ਕਾਫ਼ੀ ਪੁੱਛਗਿੱਛ ਕੀਤੀ ਹੈ। ਹਵਾਲੇ, ਜੋ ਕਿ ਸੰਸਥਾ ਨੇ ਪ੍ਰਾਪਤ ਕੀਤੇ ਹੋਣ ਬੀਮਾਕਰਤਾ ਨੂੰ ਦਾਅਵੇ ਦੇ ਸਮੇਂ ਦੇਣ ਜ਼ਰੂਰੀ ਹਨ। ਪਾਲਸੀ ਕੇਵਲ ਵੱਡੀਆਂ ਮਸ਼ਹੂਰ ਸੰਸਥਾਵਾਂ ਲਈ ਹੀ ਮਨਜ਼ੂਰ ਕੀਤੀ ਜਾਂਦੀ ਹੈ।

3. ਪ੍ਰੀਮੀਅਮ

ਪ੍ਰੀਮੀਅਮ ਦੀ ਦਰ ਕਾਰੋਬਾਰ ਕਿਸਮ, ਮੁਲਾਜ਼ਮ ਦੀ ਹਾਲਤ, ਜਾਂਚ ਅਤੇ ਪੜਾਤਲ ਦੀ ਪ੍ਰਣਾਲੀ ਉੱਤੇ ਨਿਰਭਰ ਕਰਦੀ ਹੈ।

ਖੁਦ ਜਾਂਚ ਕਰੋ **5**

ਦ੍ਰਿੜ੍ਹਤਾ ਗਾਰੰਟੀ ਬੀਮਾ ਹਰਜਾਨਾ ਦਿੰਦੀ ਹੈ _____

I. ਮਾਲਕ ਨੂੰ ਉਹਨਾਂ ਦੇ ਮੁਲਾਜ਼ਮਾਂ ਵਲੋਂ ਧੋਖਾ ਦੇਣ ਜਾਂ ਬੇਈਮਾਨੀ ਕਰਕੇ ਹੋਣ ਵਾਲੇ ਵਿੱਤੀ ਘਾਟੇ ਲਈ
II. ਮੁਲਾਜ਼ਮਾਂ ਨੂੰ ਉਹਨਾਂ ਦੇ ਮਾਲਕਾਂ ਵਲੋਂ ਧੋਖਾ ਦੇਣ ਜਾਂ ਬੇਈਮਾਨੀ ਕਰਕੇ ਹੋਣ ਵਾਲੇ ਵਿੱਤੀ ਘਾਟੇ ਲਈ
III. ਮੁਲਾਜ਼ਮਾਂ ਤੇ ਮਾਲਕਾਂ ਨੂੰ ਸੁਤੰਤਰ ਧਿਰ ਵਲੋਂ ਧੋਖਾ ਦੇਣ ਜਾਂ ਬੇਈਮਾਨੀ ਕਰਕੇ ਹੋਣ ਵਾਲੇ ਵਿੱਤੀ ਘਾਟੇ ਲਈ
IV. ਸ਼ੇਅਰਹੋਲਡਰਾਂ ਨੂੰ ਉਹਨਾਂ ਦੇ ਕੰਪਨੀ ਪ੍ਰਬੰਧਕਾਂ ਵਲੋਂ ਧੋਖਾ ਦੇਣ ਜਾਂ ਬੇਈਮਾਨੀ ਕਰਕੇ ਹੋਣ ਵਾਲੇ ਵਿੱਤੀ ਘਾਟੇ ਲਈ

F. ਬੈਂਕਰ ਹਰਜਾਨਾ ਬੀਮਾ

ਇਹ ਵਿਆਪਕ ਬੀਮਾ ਸੁਰੱਖਿਆ ਬੈਂਕ, ਐਨਬੀਐਫਸੀ ਅਤੇ ਹੋਰ ਸੰਸਥਾਵਾਂ, ਜੋ ਕਿ ਧਨ ਦੇ ਸਬੰਧੀ ਕੰਮ ਕਰਦੀਆਂ ਹਨ, ਦੇਣ ਲਈ ਲਈ ਖਰੜਾ ਤਿਆਰ ਕੀਤਾ ਗਿਆ ਸੀ, ਉਹਨਾਂ ਨੂੰ ਧਨ ਅਤੇ ਜਮਾਨਤ ਦੇ ਸਬੰਧੀ ਪੈਦਾ ਹੋਣ ਵਾਲੇ ਖਾਸੇ ਜੋਖਿਮਾਂ ਨੂੰ ਧਿਆਨ ਵਿੱਚ ਰੱਖਦੇ ਹੋਏ।

1. ਬੈਂਕਰ ਹਰਜਾਨਾ ਬੀਮਾ ਅਧੀਨ ਬੀਮਾ ਸੁਰੱਖਿਆ

ਇਹ ਪਾਲਸੀ ਤਹਿਤ ਬੈਂਕਰ ਦੀਆਂ ਲੋੜਾਂ ਮੁਤਾਬਕ ਵੱਖ-ਵੱਖ ਰੂਪਾਂਤਰ ਹਨ।

a) ਧਨ, ਜਮਾਨਤ ਉਸ ਸਮੇਂ ਅੱਗ, ਸੰਨ੍ਹਮਾਰੀ, ਦੰਗਿਆ ਅਤੇ ਹੜਤਾਲ ਕਰਕੇ ਗੁਆਚਣਾ ਜਾਂ ਨੁਕਸਾਨ ਹੋਣਾ, ਜਦੋਂ ਕਿ ਉਹ ਇਮਾਰਤ ਦੇ ਵਿੱਚ ਹੈ।

b) ਕਿਸੇ ਵੀ ਕਾਰਨ ਕਰਕੇ ਘਾਟਾ ਪੈਣਾ, ਜਿਸ ਵਿੱਚ ਮੁਲਾਜ਼ਮ ਦੀ ਗਿਣਤੀ ਵੀ ਹੋ ਸਕਦੀ ਹੈ, ਜਦੋਂ ਜਾਇਦਾਦ ਨੂੰ ਪ੍ਰਮਾਣਿਤ ਮੁਲਾਜ਼ਮਾਂ ਦੇ ਰਾਹੀਂ ਇਮਾਰਤ ਵਿੱਚੋਂ ਬਾਹਰ ਲੈ ਕੇ ਜਾਇਆ ਜਾ ਰਿਹਾ ਹੋਵੇ।

c) ਚੈੱਕ, ਡਰਾਫਟ, ਸਥਿਰ ਜ਼ਮ੍ਹਾਂ ਰਸੀਦਾਂ ਆਦਿ ਰਾਹੀਂ ਧੋਖਾ ਜਾਂ ਤਬਦੀਲੀ।

d) ਧਨ/ਜਮਾਨਤ ਦੇ ਸਬੰਧੀ ਜਾਂ ਚੀਜ਼ਾਂ ਦੀ ਜਮਾਨਤ ਵਿੱਚ ਮੁਲਾਜ਼ਮਾਂ ਦੀ ਬੇਈਮਾਨੀ।

e) ਰਜਿਸਟਰ ਡਾਕਟ ਰਾਹੀਂ ਭੇਜੇ ਪਾਰਸਲ ਰਾਹੀਂ

f) ਮੁਲਾਂਕਕ ਰਾਹੀਂ ਬੇਈਮਾਨੀ

g) ਬੈਂਕ ਦੇ ਏਜੰਟਾਂ ਜਿਵੇਂ ਕਿ 'ਜਨਤਾ ਏਜੰਟ', 'ਛੋਟੀ ਬੱਚਤ ਯੋਜਨਾ ਏਜੰਟ" ਰਾਹੀਂ ਧਨ ਗੁਆਚਣਾ।

ਬੀਮਾ ਸੁਰੱਖਿਆ ਖੋਜ ਦੇ ਅਧਾਰ ਉੱਤੇ ਜਾਰੀ ਕੀਤਾ ਜਾਂਦਾ ਹੈ, ਜਿਸ ਦਾ ਭਾਵ ਹੈ ਕਿ ਪਾਲਸੀ ਗੁਆਚੇ ਦੇ ਲੱਭ ਦੇ ਸਮੇਂ ਦੌਰਾਨ ਜਵਾਬਦੇਹ ਹੋਵੇਗੀ, ਅਤੇ ਜ਼ਰੂਰੀ ਨਹੀਂ ਹੈ ਕਿ ਹੋਣ ਦੇ ਦੌਰਾਨ ਹੋਵੇ। ਪਰ ਬੀਮਾ ਸੁਰੱਖਿਆ ਅਸਲ ਵਿੱਚ ਹੋਣ ਦੇ ਦੌਰਾਨ ਮੌਜੂਦ ਹੋਣੀ ਚਾਹੀਦੀ ਹੈ।

ਰਸਮੀ ਤੌਰ ਉੱਤੇ ਲੱਭਣ ਦੀ ਮਿਤੀ ਤੋਂ 2 ਸਾਲ ਪਹਿਲਾਂ ਦੇ ਸਮੇਂ ਦੇ ਦੌਰਾਨ ਪਏ ਘਾਟੇ ਹੀ ਦੇਣਯੋਗ ਹਨ, ਬਸ਼ਰਤੇ ਕਿ ਬੀਮਾ ਸੁਰੱਖਿਆ ਜਾਰੀ ਰਹੇ, ਪਹਿਲਾਂ ਦੀ ਮਿਤੀ ਤੋਂ, ਜਦੋਂ ਕਿ ਘਾਟਾ ਪਿਆ ਸੀ।

2. ਖਾਸ ਵੱਖ ਰੱਖੇ (ਨਾ-ਸ਼ਾਮਿਲ)

ਇਸ ਵਿੱਚ ਹਨ:

a) ਵਪਾਰ ਘਾਟਾ
b) ਅਣਗਹਿਲੀ
c) ਸਾਫਟਵੇਅਰ ਜ਼ੁਰਮ ਅਤੇ
d) ਹਿੱਸੇਦਾਰਾਂ / ਡਾਇਰੈਕਟਰੀਆਂ ਦੀ ਬੇਈਮਾਨੀ]

3. ਬੀਮਾ ਕੀਤੀ ਰਕਮ

ਬੈਂਕ ਨੂੰ ਬੀਮਾ ਕੀਤੀ ਰਕਮ ਤਹਿ ਕਰਨੀ ਹੁੰਦੀ ਹੈ, ਜੋ ਕਿ ਪਹਿਲੇ 5 ਭਾਗਾਂ ਵਿੱਚ ਸਾਂਝੀ ਹੁੰਦੀ ਹੈ। ਇਸ ਨੂੰ 'ਮੁੱਢਲੀ ਬੀਮਾ ਕੀਤੀ ਰਕਮ' ਕਹਿੰਦੇ ਹਨ। ਹੋਰ ਬੀਮਾ ਕੀਤੀ ਰਕਮ ਨੂੰ ਭਾਗ (1) ਅਤੇ (2) ਲਈ ਖਰੀਦਿਆ ਜਾ ਸਕਦਾ ਹੈ, ਜੇ ਮੁਢਲੀ ਬੀਮਾ ਕੀਤੀ ਰਕਮ ਕਾਫ਼ੀ ਨਾ ਹੋਵੇ। ਪਾਲਸੀ ਬੀਮਾ ਕੀਤੀ ਗਈ ਰਕਮ ਇੱਕ ਲਾਜ਼ਮੀ ਅਤੇ ਆਪਣੇ-ਆਪ ਬਹਾਲੀ ਦੀ ਮਨਜ਼ੂਰ ਵੀ ਦਿੰਦੀ ਹੈ, ਜੋ ਕਿ ਵਾਧੂ ਪ੍ਰੀਮੀਅਮ ਦੀ ਭੁਗਤਾਨ ਰਾਹੀਂ ਹੁੰਦੀ ਹੈ।

4. ਰੇਟਿੰਗ

ਪ੍ਰੀਮੀਅਮ ਨੂੰ ਹੇਠ ਦਿੱਤੇ ਦੇ ਅਧਾਰ ਉੱਤੇ ਕੱਢਿਆ ਜਾਂਦਾ ਹੈ:

a) ਮੂਲ ਬੀਮਾ ਕੀਤੀ ਰਕਮ
b) ਵਾਧੂ ਬੀਮਾ ਕੀਤੀ ਰਕਮ
c) ਸਟਾਫ਼ ਦੀ ਗਿਣਤੀ
d) ਬਰਾਂਚਾਂ ਦੀ ਗਿਣਤੀ

ਖੁਦ ਜਾਂਚ ਕਰੋ **6**

ਹੇਠ ਦਿੱਤਿਆਂ ਵਿੱਚ ਕਿਸ ਨੂੰ ਬੈਂਕਰ ਹਰਜਾਨਾ ਬੀਮਾ ਪਾਲਸੀ ਅਧੀਨ ਬੀਮਾ ਸੁਰੱਖਿਆ ਦਿੱਤੀ ਜਾਂਦੀ ਹੈ?

I. ਧਨ, ਜਮਾਨਤ ਉਸ ਸਮੇਂ ਅੱਗ ਕਰਕੇ ਗੁਆਚਣਾ ਜਾਂ ਨੁਕਸਾਨ ਹੋਣਾ, ਜਦੋਂ ਕਿ ਉਹ ਇਮਾਰਤ ਦੇ ਵਿੱਚ ਹੈ।
II. ਚੈੱਕ ਨਾਲ ਧੋਖਾਧੜੀ ਜਾਂ ਤਬਦਾਲਾ
III. ਧਨ ਦੇ ਸਬੰਧ ਵਿੱਚ ਮੁਲਾਜ਼ਮਾਂ ਦੀ ਬੇਈਮਾਨੀ
IV. ਉੱਤੇ ਦਿੱਤੇ ਸਭ

G. ਜੌਹਰੀ ਬਲਾਕ ਪਾਲਸੀ

ਤਾਜ਼ਾ ਸਾਲਾਂ ਵਿੱਚ, ਭਾਰਤ ਸੰਸਾਰ ਵਿੱਚ ਜੌਹਰੀਆਂ, ਖਾਸ ਕਰਕੇ ਹੀਰਿਆਂ ਦੇ, ਲਈ ਵੱਡਾ ਕੇਂਦਰ ਬਣ ਕੇ ਉਭਰਿਆ ਹੈ। ਇੰਪੋਰਟ ਕੀਤੇ ਕੱਚੇ ਹੀਰੇ ਕੱਟੀ, ਤਰਾਸ਼ੇ ਅਤੇ ਐਕਸਪੋਰਟ ਕੀਤੇ ਜਾਂਦੇ ਹਨ। ਇਹ ਜੌਹਰੀ ਦੇ ਸਭ ਜੋਖਿਮਾਂ ਦੀ ਦੇਖਭਾਲ ਕਰਦੀ ਹੈ, ਜਿਸ ਦੇ ਕਾਰੋਬਾਰ ਵਿੱਚ ਛੋਟੀ ਮਾਤਰਾ ਵਿੱਚ ਵੱਡੇ ਮੁੱਲ ਦੇ ਸਾਮਾਨ ਦੀ ਵਿਕਰੀ ਸ਼ਾਮਿਲ ਹੈ, ਜਿਵੇਂ ਕਿ ਸੋਨੇ ਤੇ ਚਾਂਦੀ ਦੇ ਗਹਿਣੇ, ਹੀਰੇ ਤੇ ਮੋਤੀ ਦੇ ਪੱਥਰ, ਘੜੀਆਂ ਆਦਿ। ਵਪਾਰ ਵਿੱਚ ਇਹਨਾਂ ਮਹਿੰਗੀਆਂ ਚੀਜ਼ਾਂ ਨੂੰ ਵੱਡੀ ਮਿਕਦਾਰ ਵਿੱਚ ਸੰਭਾਲਣਾ ਅਤੇ ਉਹਨਾਂ ਨੂੰ ਵੱਖ-ਵੱਖ ਥਾਵਾਂ ਉੱਤੇ ਭੇਜਣਾ ਸ਼ਾਮਿਲ ਹੈ।

1. ਜੌਹਰੀ ਬਲਾਕ ਬੀਮਾ ਸੁਰੱਖਿਆ ਪਾਲਸੀ

ਜੌਹਰੀ ਬਲਾਕ ਪਾਲਸੀ ਵਿੱਚ ਅਜਿਹੇ ਜੋਖਿਮ ਆਉਂਦੇ ਹਨ। ਇਸ ਨੂੰ ਚਾਰ ਭਾਗਾਂ ਵਿੱਚ ਵੰਡਿਆ ਜਾਂਦਾ ਹੈ। ਭਾਗ 1 ਦੇ ਅਧੀਨ ਬੀਮਾ ਸੁਰੱਖਿਆ ਲਾਜ਼ਮੀ ਹੈ। ਬੀਮਤ ਹੋਰ ਭਾਗਾਂ ਨੂੰ ਆਪਣੀ ਪਸੰਦ ਮੁਤਾਬਕ ਲੈ ਸਕਦਾ ਹੈ। ਇਹ ਇੱਕ ਪੈਕੇਜ ਪਾਲਸੀ ਹੈ।

a) **ਭਾਗ I:** ਅੱਗ, ਧਮਾਕੇ, ਬਿਜਲੀ ਚੋਰੀ, ਚੋਰੀ, ਲੁੱਟ, ਡਾਕਾ, ਦੰਗੇ, ਹੜਤਾਲ ਅਤੇ ਬਦਨੀਤੀ ਤਹਿਤ ਨੁਕਸਾਨ ਤੇ ਅੱਤਵਾਦ ਰਾਹੀਂ ਜਾਇਦਾਦ ਦੇ ਘਾਟੇ ਜਾਂ ਨੁਕਸਾਨ, ਜਦੋਂ ਕਿ ਇਮਾਰਤ (ਥਾਂ) ਦਾ ਬੀਮਾ ਹੁੰਦਾ ਹੈ, ਲਈ ਬੀਮਾ ਸੁਰੱਖਿਆ ਦਿੱਤੀ ਜਾਂਦੀ ਹੈ।

b) **ਭਾਗ II:** ਘਾਟੇ ਜਾਂ ਨੁਕਸਾਨ ਲਈ ਬੀਮਾ ਸੁਰੱਖਿਆ ਦਿੱਤੀ ਜਾਂਦੀ ਹੈ, ਜਦੋਂ ਬੀਮਾ ਕਰਵਾਈ ਗਈ ਜਾਇਦਾਦ ਬੀਮਤ ਅਤੇ ਹੋਰ ਤਹਿਸ਼ੁਦਾ ਵਿਅਖਤੀਆਂ ਦੀ ਨਿਗਰਾਨੀ ਵਿੱਚ ਹੈ।

c) **ਭਾਗ III:** ਘਾਟੇ ਜਾਂ ਨੁਕਸਾਨ ਲਈ ਬੀਮਾ ਸੁਰੱਖਿਆ ਦਿੱਤੀ ਜਾਂਦੀ ਹੈ, ਜਦੋਂ ਇੰਝ ਦੀ ਜਾਇਦਾਦ ਨੂੰ ਰਜਿਸਟਰ ਬੀਮਾ ਕਰਵਾਏ ਪਾਰਸਲ ਡਾਕ, ਹਵਾਈ ਮਾਲ ਢੁਆਈ ਆਦਿ ਰਾਹੀਂ ਗੁਜ਼ਰਦੀ ਹੈ।

d) **ਭਾਗ IV:** ਵਪਾਰ ਅਤੇ ਦਫ਼ਤਰੀ ਫਰਨੀਚਰ ਤੇ ਇਮਾਰਤ ਵਿਚਲੀ ਫਿਟਿੰਗ ਲਈ ਭਾਗ I ਵਿੱਚ ਦਿੱਤੇ ਸੰਕਟਾਂ ਲਈ ਬੀਮਾ ਸੁਰੱਖਿਆ ਦਿੱਤੀ ਜਾਂਦੀ ਹੈ।

ਹਰ ਭਾਗ ਵਾਸਤੇ ਪ੍ਰੀਮੀਅਮ ਕੱਢਣ ਲਈ ਵੱਖਰੇ ਰੂਪ ਵਿੱਚ ਦਰ ਤਹਿ ਕੀਤੀ ਜਾਂਦੀ ਹੈ।

2. ਮਹੱਤਵਪੂਰਨ ਅਲਹਿਦਗੀਆਂ ਹਨ:

a) ਏਜੰਟਾਂ, ਕੱਟਰ, ਸੁਨਿਆਰਿਆਂ ਦੀ ਬੇਈਮਾਨੀ,

b) ਲੋਕ ਪ੍ਰਦਰਸ਼ਨੀ ਵਾਸਤੇ ਜਾਇਦਾਦ ਰੱਖਣ ਦੇ ਦੌਰਾਨ

c) ਨਿੱਜੀ ਵਰਤੋਂ ਲਈ ਪਹਿਣਨ / ਲੈ ਕੇ ਜਾਣ ਦੇ ਦੌਰਾਨ ਗੁਆਚਣ

d) ਜਾਇਦਾਦ ਕਾਰੋਬਾਰੀ ਸਮੇਂ ਦੌਰਾਨ ਤਿਜੌਰੀ ਵਿੱਚ ਨਾ ਰੱਖੀ

e) ਜਾਇਦਾਦ ਰਾਤ ਸਮੇਂ ਵੇਖਣ ਖਿੜਕੀ ਵਿੱਚ ਰੱਖੀ

f) ਮੁਲਾਜ਼ਮ ਜਾਂ ਬੀਮਤ ਪਰਿਵਾਰ ਦੇ ਮੈਂਬਰ ਦੇ ਵਿਸ਼ਵਾਸਘਾਤ ਕਰਕੇ ਪਏ ਘਾਟੇ ਲਈ ਬੀਮਾ ਸੁਰੱਖਿਆ ਨਹੀਂ ਹੁੰਦੀ ਹੈ।

ਦ੍ਰਿੜ੍ਹਤਾ ਗਾਰੰਟੀ ਬੀਮਾ ਸੁਰੱਖਿਆ ਪੂਰੀ ਸੁਰੱਖਿਆ ਲਈ ਬੀਮਤ ਵਲੋਂ ਲਈ ਜਾਣੀ ਚਾਹੀਦੀ ਹੈ।

3. ਪ੍ਰੀਮੀਅਮ

ਜੋਖਿਮ ਦੀ ਦਰ ਹਰ ਕੇਸ ਦੀਆਂ ਯੋਗਤਾ ਦੇ ਮੁਤਾਬਕ ਤਹਿ ਕੀਤੀ ਜਾਂਦੀ ਹੈ। ਹਰ ਭਾਗ ਵਿੱਚ ਵੱਖ-ਵੱਖ ਪ੍ਰੀਮੀਅਮ ਦਰਾਂ ਲਾਗੂ ਕੀਤੀਆਂ ਜਾਂਦੀਆਂ ਹਨ, ਜਿਸ ਵਿੱਚ ਦਿਨ-ਰਾਤ ਚੌਂਕੀਦਾਰ ਰੱਖਣ, ਸੀਸੀਟੀਵੀ / ਅਲਾਰਮ ਸਿਸਟਮ, ਖਾਸ ਤੌਰ ਉੱਤੇ ਮਜ਼ਬੂਤ ਕਮਰਾ ਅਤੇ ਹੋਰ ਸੁਰੱਖਿਆ ਯੰਤਰ ਆਦਿ ਲਗਾਉਣ ਨਾਲ ਛੋਟਾਂ ਦਿੱਤੀਆਂ ਜਾਂਦੀਆਂ ਹਨ।

ਖੁਦ ਜਾਂਚ ਕਰੋ **7**

ਜੌਹਰੀ ਬਲਾਕ ਪਾਲਸੀ ਦੇ ਕੇਸ ਵਿੱਚ, ਬੀਮਾ ਕਰਵਾਈ ਗਈ ਜਾਇਦਾਦ ਦੇ ਨੁਕਸਾਨ ਵਿੱਚ, ਜਦੋਂ ਕਿ ਇਹ ਰਜਿਸਟਰ ਕੀਤੇ ਪਾਰਸਲ ਰਾਹੀਂ ਰਾਹ ਵਿੱਚੋਂ ਗੁਜ਼ਰ ਰਹੀ ਹੋਵੇ ਤਾਂ ਇਸ ਲਈ ਬੀਮਾ ਸੁਰੱਖਿਆ _____ ਰਾਹੀਂ ਦਿੱਤੀ ਜਾਵੇਗੀ।

I. ਭਾਗ I

II. ਭਾਗ II

III. ਭਾਗ III

IV. ਭਾਗ IV

H. ਇੰਜਨੀਅਰਿੰਗ ਬੀਮਾ

ਇੰਜਨੀਅਰਿੰਗ ਬੀਮਾ ਜਰਨਲ ਬੀਮੇ ਦਾ ਹਿੱਸਾ ਹੈ, ਜਿਸ ਨੂੰ ਅੱਗ ਬੀਮੇ ਦੇ ਵਧਣ ਨਾਲ ਸਮਾਂਤਰ ਰੂਪ ਵਿੱਚ ਤਿਆਰ ਕੀਤਾ ਗਿਆ ਹੈ। ਇਸ ਦਾ ਮੁੱਢ ਉਦਯੋਗੀਕਰਨ ਦੇ ਵਿਕਾਸ ਵਿੱਚ ਲੱਭਿਆ ਜਾ ਸਕਦਾ ਹੈ, ਜਿਸ ਨੇ ਪਲਾਂਟ ਤੇ ਮਸ਼ੀਨਰੀ ਲਈ ਵੱਖਰਾ ਬੀਮਾ ਸੁਰੱਖਿਆ ਦੇਣ ਦੀ ਲੋੜ ਨੂੰ ਉਭਾਰਿਆ। ਸਭ ਜੋਖਿਮਾਂ ਲਈ ਬੀਮਾ ਸੁਰੱਖਿਆ ਦੇਣ ਦੇ ਸਿਧਾਂਤ ਨੂੰ ਵੀ ਇੰਜਨੀਅਰਿੰਗ ਪ੍ਰੋਜੈਕਟਾਂ ਦੇ ਸਬੰਧੀ ਤਿਆਰ ਕੀਤਾ ਗਿਆ - ਬੀਮਾ ਸੁਰੱਖਿਆ ਵਿੱਚ ਕਿਸੇ ਕਾਰਨ ਦੇ ਕਰਕੇ ਹੋਣ ਵਾਲੇ ਨੁਕਸਾਨ ਲਈ ਹੈ, ਜਿਹਨਾਂ ਨੂੰ ਖਾਸ ਤੌਰ ਉੱਤੇ ਅਲਹਿਦਾ ਨਾ ਕੀਤਾ ਗਿਆ ਹੋਵੇ। ਉਤਪਾਦਾਂ ਨੂੰ ਕਈ ਪੜਾਅਵਾਂ ਉੱਤੇ ਬੀਮਾ ਸੁਰੱਖਿਆ ਦਿੱਤੀ ਜਾਂਦੀ ਹੈ - ਨਿਰਮਾਣ ਤੋਂ ਟੈਸਟਿੰਗ ਤੱਕ, ਜਦੋਂ ਪਲਾਂਟ ਪੂਰੀ ਤਰ੍ਹਾਂ ਕੰਮ ਕਰਨ ਲੱਗ ਜਾਂਦਾ ਹੈ। ਇਹ ਬੀਮੇ ਦੇ ਗਾਹਕ ਵੱਡੀਆਂ ਤੇ ਛੋਟੀਆਂ ਉਦਯੋਗਿਕ ਇਕਾਈਆਂ ਦੋਵੇਂ ਹਨ। ਇਸ ਵਿੱਚ ਵੱਡੇ ਪ੍ਰੋਜੈਕਟ ਕਰਨ ਵਾਲੀਆਂ ਇਲੈਕਟ੍ਰੋਨਿਕ ਯੰਤਰ ਅਤੇ ਠੇਕੇਦਾਰ ਇਕਾਈਆਂ ਵੀ ਸ਼ਾਮਿਲ ਹਨ।

ਇੰਜਨੀਅਰਿੰਗ ਬੀਮਾ ਪਾਲਸੀਆਂ ਦੀਆਂ ਕਿਸਮਾਂ

ਆਓ ਵੱਡੀਆਂ ਪਾਲਸੀਆਂ ਬਾਰੇ ਵਿਚਾਰ ਕਰੀਏ, ਜੋ ਕਿ ਬੀਮੇ ਦੀ ਇਸ ਕਿਸਮ ਅਧੀਨ ਆਉਂਦੀਆਂ ਹਨ।

1. ਠੇਕੇਦਾਰ ਸਭ ਜੋਖਿਮ (ਸੀ.ਏ.ਆਰ) ਪਾਲਸੀ

ਇਸ ਨੂੰ ਛੋਟੀਆਂ ਇਮਾਰਤਾਂ ਤੋਂ ਵੱਡੇ ਡੈਮ, ਇਮਾਰਤਾਂ, ਪੁੱਲ, ਸੁਰੰਗਾਂ ਆਦਿ ਬਣਾਉਣ ਵਾਲੇ ਸਿਵਲ ਇੰਜਨੀਅਰਿੰਗ ਪ੍ਰੋਜੈਕਟਾਂ ਵਿੱਚ ਲੱਗੇ ਠੇਕੇਦਾਰਾਂ ਤੇ ਮਾਲਕਾਂ ਦੇ ਹਿੱਤਾਂ ਨੂੰ ਬਚਾਉਣ ਲਈ ਤਿਆਰ ਕੀਤਾ ਗਿਆ ਹੈ। ਇਹ ਪਾਲਸੀ "ਸਭ ਜੋਖਿਮ" ਬੀਮਾ ਸੁਰੱਖਿਆ ਦਿੰਦੀ ਹੈ - ਇਸਕਰਕੇ ਕਿਸੇ ਵੀ ਅਚਾਨਕ ਅਤੇ ਅਚਨਚੇਤ ਘਾਟੇ ਜਾਂ ਨੁਕਸਾਨ ਲਈ ਹਰਜਾਨਾ ਦਿੰਦੀ ਹੈ, ਜੋ ਕਿ ਨਿਰਮਾਣ ਥਾਂ ਉੱਤੇ ਬੀਮਾ ਕਰਵਾਈ ਜਾਇਦਾਦ ਲਈ ਪੈਂਦਾ ਹੈ। ਇਸ ਨੂੰ ਸੁਤੰਤਰ ਧਿਰ ਦੇਣਦਾਰੀ ਅਤੇ ਹੋਰ ਪ੍ਰਭਾਵਾਂ ਲਈ ਬੀਮਾ ਸੁਰੱਖਿਆ ਦੇਣ ਲਈ ਵਧਾਇਆ ਜਾ ਸਕਦਾ ਹੈ। ਵਸੂਲੀਯੋਗ ਪ੍ਰੀਮੀਅਮ ਪ੍ਰੋਜੈਕਟ ਦੀ ਕਿਸਮ, ਪ੍ਰੋਜੈਕਟ ਦੀ ਕੀਮਤ, ਪ੍ਰੋਜੈਕਟ ਦੇ ਸਮੇਂ, ਭੂਗੋਲਿਕ ਟਿਕਾਣੇ ਅਤੇ ਟੈਸਟ ਦੇ ਸਮੇਂ ਉੱਤੇ ਨਿਰਭਰ ਕਰਦਾ ਹੈ।

2. ਠੇਕੇਦਾਰ ਪਲਾਂਤ ਅਤੇ ਮਸ਼ੀਨੀਰ (ਸੀਪੀਐਮ) ਪਾਲਸੀ

ਠੇਕੇਦਾਰਾਂ ਲਈ ਢੁੱਕਵੀਂ ਹੈ, ਜੋ ਕਿ ਨਿਰਮਾਣ ਦੇ ਕੰਮ ਵਿੱਚ ਲੱਗੇ ਹਨ, ਇਸ ਵਿੱਚ ਬੀਮਾ ਸੁਰੱਖਿਆ ਮਸ਼ੀਨਰੀ ਦੀਆਂ ਸਭ ਕਿਸਮਾਂ ਲਈ ਹੈ, ਜਿਸ ਵਿੱਚ ਕਰੇਨਾਂ, ਖੁਦਾਈ-ਮਸ਼ੀਨਾਂ, ਅਖਿਆਲੇ ਅਤੇ ਅਚਾਨਕ ਭੌਤਿਕ ਘਾਟਾ ਜਾਂ ਨੁਕਸਾਨ ਹਨ, ਜੋ ਕਿ ਹੇਠ ਦਿੱਤਿਆਂ ਵਿੱਚੋਂ ਕਿਸੇ ਕਾਰਨ ਕਰਕੇ ਹੋ ਸਕਦਾ ਹੈ:

a) ਸੰਨ੍ਹਮਾਰੀ, ਚੋਰੀ, ਆਰ.ਐਸ.ਐਮ.ਡੀ.ਟੀ.

b) ਅੱਗ ਅਤੇ ਅਸਮਾਨੀ ਬਿਜਲੀ, ਬਾਹਰੀ ਧਮਾਕਾ, ਭੁਚਾਲ ਅਤੇ ਹੋਰ ਰੱਬੀ ਆਫ਼ਤਾਂ ਦੇ ਕਰਕੇ

c) ਕੰਮ ਉੱਤੇ ਦੁਰਘਟਨਾ ਕਰਕੇ ਨੁਕਸਾਨ, ਜਦੋਂ ਗਲਤ ਤਰ੍ਹਾਂ ਨਾਲ ਇਸਤੇਮਾਨ, ਡਿੱਗਣਾ, ਢਹਿਣਾ, ਟੱਕਰ ਤੇ ਧੱਕਾ; ਸੁਤੰਤਰ ਧਿਰ ਦੇ ਨੁਕਸਾਨ ਲਈ ਵਧਾਇਆ ਜਾ ਸਕਦਾ ਹੈ।

ਪ੍ਰੀਮੀਅਮ ਯੰਤਰ ਦੀ ਕਿਸਮ ਅਤੇ ਇਸ ਦੇ ਵਰਤੇ ਜਾਣ ਉੱਤੇ ਟਿਕਾਣੇ ਉੱਤੇ ਨਿਰਭਰ ਕਰਦਾ ਹੈ।

ਬੀਮਾ ਸੁਰੱਖਿਆ ਲਾਗੂ ਰਹਿੰਦੀ ਹੈ, ਜਦੋਂ ਵੀ ਯੰਤਰ ਕੰਮ ਕਰਦਾ ਹੈ ਜਾਂ ਰੁਕਿਆ ਹੈ ਜਾਂ ਸਫ਼ਾਈ ਲਈ ਖੋਲ੍ਹਿਆ ਹੈ ਜਾਂ ਮੁਰੰਮਤ ਜਾਂ ਬਾਅਦ ਵਿੱਚ ਮੁੜ-ਜੋੜਿਆ ਜਾ ਰਿਹਾ ਹੈ। ਬੀਮਾ ਸੁਰੱਖਿਆ ਤਾਂ ਵੀ ਲਾਗੂ ਹੁੰਦੀ ਹੈ, ਜਦੋਂ ਇਹ ਠੇਕੇਦਾਰ ਦੇ ਟਿਕਾਣੇ ਉੱਤੇ ਹੁੰਦਾ ਹੈ।

3. ਨਿਰਮਾਣ ਸਭ ਜੋਖਿਮ (ਈਏਆਰ) ਪਾਲਸੀ

ਇਸ ਪਾਲਸੀ ਨੂੰ ਭੰਡਰਨ-ਤੇ-ਨਿਰਮਾਣ (ਐਸਸੀਈ) ਪਾਲਸੀ ਵਜੋਂ ਵੀ ਜਾਣਿਆ ਜਾਂਦਾ ਹੈ। ਇਹ ਨਿਰਮਾਣ ਕੀਤੇ ਜਾਣ ਵਾਲੇ ਪ੍ਰੋਜੈਕਟ ਦੇ ਮਾਲਕ ਜਾਂ ਠੇਕੇਦਾਰਾਂ ਲਈ ਢੁੱਕਵੀਂ ਹੈ, ਕਿਉਂਕਿ ਪ੍ਰੋਜੈਕਟ ਨਿਰਮਾਣ ਦੇ ਦੌਰਾਨ ਕਈ ਬਾਹਰੀ ਜੋਖਿਮਾਂ ਦਾ ਸਾਹਮਣਾ ਕਰ ਸਕਦਾ ਹੈ। ਇਹ ਵਿਆਪਕ ਬੀਮਾ ਪਾਲਸੀ ਹੈ, ਜੋ ਕਿ ਕਿਸੇ ਵੀ ਕਿਸਮ ਦੀ ਅਚਨਚੇਤ ਵਾਪਰੀ ਘਟਨਾ ਲਈ ਬੀਮਾ ਸੁਰੱਖਿਆ ਦਿੰਦੀ ਹੈ, ਪ੍ਰੋਜੈਕਟ ਟਿਕਾਣੇ ਉੱਤੇ ਚੀਜ਼ਾਂ ਨੂੰ ਅਣ-ਲੋਡ ਕਰਨ ਤੋਂ ਸ਼ੁਰੂ ਹੋ ਕੇ ਪੂਰੇ ਪ੍ਰੋਜੈਕਟ ਦੇ ਦੌਰਾਨ ਪ੍ਰੋਜੈਕਟ ਦੀ ਜਾਂਚ, ਅਧਿਕਾਰਿਤ ਅਤੇ ਹਵਾਲੇ ਕਰਨ ਤੱਕ ਜਾਰੀ ਰਹਿੰਦੀ ਹੈ।

ਵਸੂਲੀਯੋਗ ਪ੍ਰੀਮੀਅਮ ਪ੍ਰੋਜੈਕਟ ਦੀ ਕਿਸਮ, ਕੀਮਤ, ਪ੍ਰੋਜੈਕਟ ਦੇ ਸਮੇਂ, ਭੂਗੋਲਿਕ ਟਿਕਾਣੇ ਅਤੇ ਟੈਸਟ ਦੇ ਸਮੇਂ ਉੱਤੇ ਨਿਰਭਰ ਕਰਦਾ ਹੈ।

ਜੇ ਲੋੜ ਹੋਵੇ ਤਾਂ ਯੰਤਰਾਂ ਤੇ ਸਾਮਾਨ ਨੂੰ ਰਾਹ ਵਿੱਚ ਭੇਜਣ ਦੇ ਦੌਰਾਨ ਤੋਂ ਪ੍ਰੋਜੈਕਟ ਟਿਕਾਣੇ ਉੱਤੇ ਪਹੁੰਚਣ ਤੱਕ ਜਹਾਜ਼ੀ ਬੀਮਾ ਸੁਰੱਖਿਆ ਵੀ ਨਿਰਮਾਣ ਪਾਲਸੀ ਦੇ ਨਾਲ ਦਿੱਤੀ ਜਾ ਸਕਦੀ ਹੈ।

4. ਮਸ਼ੀਨ ਖਰਾਬ ਹੋਣ ਪਾਲਸੀ (ਐਮਬੀ)

ਇਹ ਪਾਲਸੀ ਹਰ ਉਦਯੋਗ ਲਈ ਢੁੱਕਵੀਂ ਹੈ, ਜਿਸ ਵਿੱਚ ਮਸ਼ੀਨ ਵਰਤੀਆਂ ਜਾਂਦੀਆਂ ਹਨ ਅਤੇ ਜਿਹਨਾਂ ਲਈ ਪਲਾਂਟ ਤੇ ਮਸ਼ੀਨਰੀ ਦੇ ਖਰਾਬ ਹੋਣ ਨਾਲ ਗੰਭੀਰ ਨਤੀਜੇ ਹੁੰਦੇ ਹਨ। ਇਹ ਪਾਲਸੀ ਮਸ਼ੀਨ ਜਿਵੇਂ ਕਿ ਜਰਨੇਟਰ, ਟਰਾਂਸਫਰਮਰ ਅਤੇ ਹੋਰ ਬਿਜਲੀ, ਮਸ਼ੀਨ ਅਤੇ ਲਿਫਟਿੰਗ ਯੰਤਰਾਂ, ਲਈ ਬੀਮਾ ਸੁਰੱਖਿਆ ਦਿੰਦੀ ਹੈ।

ਇਹ ਪਾਲਸੀ ਮਸ਼ੀਨੀ ਜਾਂ ਬਿਜਲੀ ਖਰਾਬੀ ਦੇ ਕਰਕੇ ਬੀਮਾ ਕਰਵਾਈ ਜਾਇਦਾਦ ਨੂੰ ਅਣਖਿਆਲੇ ਅਤੇ ਅਚਾਨਕ ਹੋਣ ਵਾਲੇ ਨੁਕਸਾਨ ਲਈ ਬੀਮਾ ਸੁਰੱਖਿਆ ਦਿੰਦੀ ਹੈ:

a) ਜਦੋਂ ਇਹ ਚਾਲੂ ਸੀ ਜਾਂ ਬੰਦ ਸੀ।
b) ਜਦੋਂ ਇਸ ਨੂੰ ਸਫ਼ਾਈ ਕਰਨ ਜਾਂ ਮੁਰੰਮਤ ਲਈ ਖੋਲ੍ਹਿਆ ਜਾ ਰਿਹਾ ਹੋਵੇ
c) ਸਫ਼ਾਈ ਜਾਂ ਮੁਰੰਮਤ ਕਰਨ ਦੇ ਦੌਰਾਨ ਅਤੇ ਉਸ ਦੇ ਬਾਅਦ ਜੋੜਨ ਦੌਰਾਨ
d) ਥਾਂ (ਟਿਕਾਣੇ) ਦੇ ਵਿੱਚ ਇਧਰ-ਓਧਰ ਕੀਤਾ ਜਾ ਰਿਹਾ ਹੋਵੇ।

ਪ੍ਰੀਮੀਅਮ ਅੱਡ-ਅੱਡ ਮਸ਼ੀਨਰੀ ਦੇ ਬਹਾਲੀ / ਤਬਾਦਲੇ ਦੇ ਮੁੱਲ ਦੇ ਮੁਤਾਬਕ ਵਸੂਲਿਆ ਜਾਂਦਾ ਹੈ। ਪੂਰੀ ਮਸ਼ੀਨ ਦਾ ਬੀਮਾ ਕਰਵਾਉਣਾ ਚਾਹੀਦਾ ਹੈ। ਦਰ ਮਸ਼ੀਨ ਦੀ ਕਿਸਮ; ਉਦਯੋਗ, ਜਿਸ ਵਿੱਚ ਇਹ ਵਰਤੀ ਜਾਂਦੀ ਹੈ ਅਤੇ ਇਸ ਉੱਤੇ ਨਿਰਭਰ ਕਰਦੀ ਹੈ। ਮੌਜੂਦ ਤਿਆਰ ਸਹੂਲਤਾਂ, ਫਾਲਤੂ ਸਮਾਨ ਦੀ ਮੌਜੂਦਗੀ ਅਤੇ ਦਾਅਵੇ ਅਨੁਭਵ ਦੇ ਮੁਤਾਬਕ ਛੋਟਾਂ ਦਿੱਤੀਆਂ ਜਾਂਦੀਆਂ ਹਨ।

5. ਬੁਆਇਲਰ ਅਤੇ ਪ੍ਰੈਸ਼ਰ ਪਲਾਂਟ ਨੀਤੀ

ਇਹ ਬੁਆਇਲਰ ਅਤੇ ਪ੍ਰੈਸ਼ਰ ਪੋਤ ਲਈ ਬੀਮਾ ਸੁਰੱਖਿਆ ਦਿੰਦੀ ਹੈ, ਇਸ ਲਈ:

a) ਬੁਲਾਇਲਰ ਤੇ / ਜਾਂ ਹੋਰ ਪ੍ਰੈਸ਼ਰ ਪਲਾਂਟ ਲਈ ਅਤੇ ਆਲੇ-ਦੁਆਲੇ ਦੀ ਬੀਮਾ ਕਰਵਾਈ ਹੋਈ ਜਾਇਦਾਦ ਲਈ, ਅੱਗ ਤੋਂ ਬਿਨਾਂ ਹੋਰ ਕਿਸੇ ਕਾਰਨ ਨਾਲ, ਹੋਏ ਨੁਕਸਾਨ ਅਤੇ

b) ਇੰਝ ਦੇ ਬੁਆਇਲਰ ਤੇ / ਜਾਂ ਪ੍ਰੈਸ਼ਰ ਪਲਾਂਟ ਦੇ ਅੰਦਰੂਨੀ ਦਬਾਅ ਕਰਕੇ ਧਮਾਕੇ ਜਾਂ ਦੁਰਘਟਨਾ ਦੇ ਕਾਰਨ ਕਰਕੇ ਸਰੀਰਿਕ ਰੂਪ ਵਿੱਚ ਫੱਟੜ ਹੋਏ ਵਿਅਕਤੀ ਜਾਂ ਸੁਤੰਤਰ ਧਿਰ ਦੀ ਜਾਇਦਾਦ ਨੂੰ ਹੋਏ ਨੁਕਸਾਨ ਦੇ ਲਈ ਕਾਨੂੰਨੀ ਦੇਣਦਾਰੀ।

ਕਿਉਂਕਿ ਅੱਗ ਪਾਲਸੀ ਅਤੇ ਬੁਆਇਲਰ ਬੀਮਾ ਪਾਲਸੀ ਆਪਸ ਵਿੱਚ ਪੂਰੀ ਤਰ੍ਹਾਂ ਅਲਹਿਦਾ ਹਨ, ਢੁਕਵੀਂ ਬੀਮਾ ਸੁਰੱਖਿਆ ਲਈ ਦੋਵੇਂ ਪਾਲਸੀਆਂ ਨੂੰ ਲੈਣ ਦੀ ਲੋੜ ਹੁੰਦੀ ਹੈ। ਸਭ ਇੰਜਨੀਅਰਿੰਗ ਪਾਲਸੀਆਂ ਦੇ ਅਧੀਨ ਬੀਮਾ ਕੀਤੀ ਰਕਮ ਮੌਜੂਦ ਤਬਦਾਲਾ ਮੁੱਲ ਹੁੰਦਾ ਹੈ।

6. ਮਸ਼ੀਨਰੀ ਫਾਇਦੇ ਦਾ ਨੁਕਸਾਨ (ਐਮਐਲਓਪੀ) ਪਾਲਸੀ

ਇਹ ਪਾਲਸੀ ਉਦਯੋਗਾਂ ਲਈ ਢੁੱਕਵੀਂ ਹੈ, ਜਿੱਥੇ ਮਸ਼ੀਨਰੀ ਦੇ ਖਰਾਬ ਹੋਣ ਜਾਂ ਬੁਆਇਲਰ ਫੱਟਣ ਦੀ ਰੁਕਵਾਟ ਜਾਂ ਦੇਰੀ ਦੇ ਨਤੀਜੇ ਵਜੋਂ ਭਾਰੀ ਘਾਟੇ ਪੈਂਦੇ ਹਨ।

ਜਿੱਥੇ ਖ਼ਰਾਬ ਹੋਣ ਜਾਂ ਨੁਕਸਾਨ ਹੋਣ ਤੇ ਮੁੜ-ਬਹਾਲੀ ਵਿੱਚ ਲੱਗਣ ਵਾਲਾ ਸਮਾਂ ਬਹੁਤ ਵੱਧ ਹੁੰਦਾ ਹੈ, ਇਹ ਪਾਲਸੀ ਇਸ ਵਿਚਕਾਰਲੇ ਸਮੇਂ ਦੇ ਦੌਰਾਨ ਹੋਣ ਵਾਲੇ ਕੰਮ ਵਿੱਚ ਕਮੀ ਅਤੇ ਕਾਰਜਕਾਰੀ ਕੀਮਤ ਵਿੱਚ ਵਾਧੇ ਦੇ ਕਰਕੇ ਫਾਇਦੇ ਵਿੱਚ ਹੋਏ ਘਾਟੇ ਲਈ ਹਰਜਾਨਾ ਦਿੰਦੀ ਹੈ। ਕਾਰੋਬਾਰ ਰੁਕਾਵਟ ਪਾਲਸੀ ਲਈ ਨਿਯਮ ਤੇ ਸ਼ਰਤਾਂ

ਅਤੇ ਬੀਮਾ ਸੁਰੱਖਿਆ ਬੀਮਾ ਅੱਗ ਪਾਲਸੀ ਘਾਟੇ ਦੇ ਬਾਅਦ ਕਾਰੋਬਾਰ ਰੁਕਾਵਟ ਪਾਲਸੀ ਦੇ ਵਾਂਗ ਹੀ ਹੁੰਦੀਆਂ ਹਨ, ਜਿਸ ਨੂੰ ਇਹ ਪਾਠ ਵਿੱਚ ਪਹਿਲਾਂ ਵਿਚਾਰਿਆ ਜਾ ਚੁੱਕਾ ਹੈ।

7. ਸਟਾਕ ਖਰਾਬ ਹੋਣ ਪਾਲਸੀ

ਇਹ ਪਾਲਸੀ ਕੋਲਡ ਸਟੋਰੇਜ਼ ਦੇ ਮਾਲਕਾਂ (ਨਿੱਜੀ ਜਾਂ ਸਹਿਕਾਰੀ ਸੋਸਾਇਟੀ) ਲਈ ਢੁੱਕਵੀਂ ਹੈ ਜਾਂ ਉਹਨਾਂ ਲਈ, ਜੋ ਖਰਾਬ-ਹੋਣ ਯੋਗ ਵਸਤੂ ਨੂੰ ਸੰਭਾਲਣ ਲਈ ਕੋਲਡ ਸਟੋਰੇਜ਼ ਨੂੰ ਕਿਰਾਏ ਉੱਤੇ ਦਿੰਦੇ ਜਾਂ ਲੈਂਦੇ ਹਨ। ਠੰਡਾ ਕਰਨ ਦੇ ਪਲਾਂਟ ਅਤੇ ਮਸ਼ੀਨਰੀ ਦੇ ਖਰਾਬ ਹੋਣ ਕਰਕੇ ਸੜਨ ਤੇ ਵਿਗੜਨ ਦੇ ਜੋਖਿਮ ਲਈ ਬੀਮਾ ਸੁਰੱਖਿਆ ਹੈ ਅਤੇ ਨਾਲ ਹੀ ਤਾਪਮਾਨ ਵੱਧਣ ਅਤੇ ਅਚਾਨਕ ਤੇ ਅਣਖਿਆਲੇ ਢੰਗ ਨਾਲ ਠੰਡਾ ਕਰਨ ਵਾਲੇ ਪਦਾਰਥਾਂ ਦੇ ਕੋਲਡ ਸਟੋਰੇਜ਼ ਰੂਮ ਵਿੱਚ ਲੀਕ ਲਈ ਵੀ ਹੈ।

8. ਇਲੈਕਟ੍ਰੋਨਿਕ ਯੰਤਰ ਪਾਲਸੀ

ਇਸ ਵਿੱਚ ਕਈ ਕਿਸਮਾਂ ਦੇ ਬਿਜਲਈ ਯੰਤਰਾਂ ਲਈ ਬੀਮਾ ਸੁਰੱਖਿਆ ਹੈ, ਜਿਸ ਵਿੱਚ ਸੀਪੀਯੂ, ਕੀ ਬੋਰਡ, ਮਾਨੀਟਰ, ਪਰਿੰਟਰ, ਯੂਪੀਐਸ, ਸਿਸਟਮ ਸਾਫਟਵੇਅਰ ਆਦਿ ਦੇ ਸਮੇਤ ਪੂਰੇ ਕੰਪਿਊਟਰ ਸਿਸਟਮਾਂ ਸ਼ਾਮਿਲ ਹਨ। ਸਹਾਇਕ ਯੰਤਰ ਜਿਵੇਂ ਕਿ ਏਅਰ-ਕੰਡੀਸ਼ਨਰ, ਹੀਟਿੰਗ ਅਤੇ ਪਾਵਰ ਬੱਚਤ ਆਦਿ ਨੂੰ ਵੀ ਬੀਮਾ ਸੁਰੱਖਿਆ ਦਿੱਤੀ ਜਾ ਸਕਦੀ ਹੈ।

ਇਹ ਪਾਲਸੀ ਅੱਗ ਪਾਲਸੀ, ਮਸ਼ਨੀਰੀ ਬੀਮਾ ਪਾਲਸੀ ਅਤੇ ਸੰਨ੍ਹਮਾਰੀ ਪਾਲਸੀ ਦੇ ਨਾਲ ਜੋੜੀ ਜਾਂਦੀ ਹੈ। ਪਾਲਸੀ ਵਿੱਚ ਨੁਕਸਦਾਰ ਡਿਜ਼ਾਇਨ (ਜੋ ਕਿ ਵਾਰੰਟੀ ਦੇ ਅਧੀਨ ਨਹੀਂ ਆਉਂਦਾ), ਕੁਦਰਤੀ ਘਟਨਾ ਦੇ ਪ੍ਰਭਾਵ; ਵੋਲਟੇਜ਼ ਘਟਣ-ਵਧਣ ਦੇ ਕਰਕੇ ਕੰਮ-ਕਾਰੀ ਨੁਕਸਾਨ, ਧੱਕੇ ਦਾ ਅਸਰ ਆਦਿ, ਸੰਨ੍ਹਮਾਰੀ, ਚੋਰੀ ਆਦਿ ਨਾਲ ਹੋਏ ਫੁਟਕਲ ਖਰਚਿਆਂ ਲਈ ਬੀਮਾ ਸੁਰੱਖਿਆ ਦਿੱਤੀ ਜਾਂਦੀ ਹੈ।
ਪਾਲਸੀ ਮਾਲਕ, ਪੱਟੇਦਾਰ ਜਾਂ ਕਿਰਾਏਦਾਰ ਲਈ ਉਪਲੱਬਧ ਹੈ, ਜੋ ਕਿ ਹਰ ਕੇਸ ਵਿੱਚ ਜ਼ਿੰਮੇਵਾਰੀ ਜਾਂ ਦੇਣਦਾਰੀ ਉੱਤੇ ਨਿਰਭਰ ਹੈ। ਇਸ ਵਿੱਚ ਅਕਸਰ ਤਿੰਨ ਭਾਗ ਹੁੰਦੇ ਹਨ, ਜੋ ਕਿ ਕਈ ਕਿਸਮ ਦੇ ਘਾਟਿਆਂ ਲਈ ਬੀਮਾ ਸੁਰੱਖਿਆ ਦਿੰਦੇ ਹਨ:

a) **ਭਾਗ 1:** ਯੰਤਰ ਦਾ ਗੁੰਮ ਹੋਣਾ ਅਤੇ ਖਰਾਬੀ

b) **ਭਾਗ 2:** ਬਾਹਰੀ ਡਾਟਾ ਮੀਡਿਆ, ਜਿਵੇਂ ਕਿ ਕੰਪਿਊਟਰ ਬਾਹਰੀ ਹਾਰਡ ਡਿਸਕ, ਗੁਆਚਣਾ ਅਤੇ ਖਰਾਬ ਹੋਣਾ।

c) **ਭਾਗ 3:** ਕੰਮਕਾਜ ਦੀ ਵਧੀ ਕੀਮਤ - ਬਦਲਵੇਂ ਯੰਤਰ ਉੱਤੇ ਲਾਗਤਾਰ ਡਾਟਾ ਕਾਰਵਾਈ ਯਕੀਨੀ ਬਣਾਉਣ ਲਈ - 12, 26, 40 ਜਾਂ 52 ਹਫ਼ਤਿਆਂ ਲਈ।

9. ਫਾਇਦੇ ਦਾ ਪੇਸ਼ਗੀ ਘਾਟਾ ਬੀਮਾ ਸੁਰੱਖਿਆ (ਏਐਲਓਪੀ) ਜਾਂ ਸ਼ੁਰੂ ਵਿੱਚ ਦੇਰੀ ਪਾਲਸੀ (ਡੀ.ਐਸ.ਯੂ.)

ਇਹ ਦੇ ਪ੍ਰੋਜੈਕਟ ਲਈ ਵਿੱਤੀ ਨਤੀਜਿਆਂ ਲਈ ਬੀਮਾ ਸੁਰੱਖਿਆ ਦਿੰਦੀ ਹੈ, ਜਿਸ ਵਿੱਚ ਪ੍ਰੋਜੈਕਟ ਦੇ ਦੌਰਾਨ ਦੁਰਘਟਨਾ ਨੁਕਸਾਨ ਦੇ ਕਰਕੇ ਦੇਰੀ ਹੋ ਰਹੀ ਹੈ। ਬੀਮਤ, ਜੋ ਕਿ ਪ੍ਰੋਜੈਕਟ ਵਿੱਚ ਆਪਣੇ ਹਿੱਤ ਦੀ ਦੇਰੀ ਵੱਧਣ ਕਰਕੇ ਕਰਕੇ ਸੰਭਾਵਿਤ ਕਮਾਈ ਅਤੇ ਵਿੱਤੀ ਸਥਾਪਨ ਤੋਂ ਵਾਂਝਾ ਹੈ, ਲਈ ਢੁੱਕਵੀਂ ਹੈ। ਇਸ ਨੂੰ ਪ੍ਰੋਜੈਕਟ ਦੇ ਅਸਲ ਵਿੱਚ ਸ਼ੁਰੂ ਹੋਣ ਤੋਂ ਪਹਿਲਾਂ MCE/EAR/CAR ਪਾਲਸੀਆਂ ਦੇ ਨਾਲ ਵਾਧੇ ਵਜੋਂ ਜਾਰੀ ਕੀਤਾ ਜਾਂਦਾ ਹੈ।

ਪਾਲਸੀ ਕਰਜ਼, ਰਿਣ-ਪੱਤਰ, ਮਿਹਨਤਾਨੇ ਅਤੇ ਤਨਖਾਹਾਂ ਆਦਿ ਰਾਹੀਂ ਹੋਣ ਵਾਲੇ ਲਗਾਤਾਰ ਖਰਚਿਆਂ ਅਤੇ ਸੰਭਾਵਿਤ ਸ਼ੁੱਧ ਫਾਇਦਿਆਂ, ਜੋ ਕਿ ਕਾਰੋਬਾਰ ਤੋਂ ਪ੍ਰਾਪਤ ਹੋਣੇ ਸੀ, ਜੇ ਇਹ ਤਹਿ ਸਮੇਂ ਉੱਤੇ ਪੂਰਾ ਹੋ ਜਾਂਦਾ ਹੈ ਤਾਂ, ਦੇ ਰੂਪ ਵਿੱਚ ਹੋਏ ਘਾਟੇ ਲਈ ਵਿੱਤੀ ਬੀਮਾ ਸੁਰੱਖਿਆ ਦਿੰਦੀ ਹੈ।

ਪ੍ਰੀਮੀਅਦ ਦਰ ਕਈ ਗੰਭੀਰ ਕਾਰਨਾਂ ਅਤੇ ਉਪਲੱਬਧ ਮੁੜ-ਬੀਮਾ ਸਹਾਇਤਾ ਦੇ ਮੁਤਾਬਕ ਤਹਿ ਹੁੰਦੀ ਹੈ। ਸੰਭਾਵਿਤ ਕੁੱਲ ਫਾਇਦਾ ਜਾਂ ਵਿਕਰੀ ਅਤੇ ਹਰਜਾਨਾ ਅੰਤਰਾਲ ਵੀ ਦੇਣਯੋਗ ਪ੍ਰੀਮੀਅਮ ਤਹਿ ਕਰਨ ਲਈ ਗੰਭੀਰ ਕਾਰਨ ਹੁੰਦੇ ਹਨ।

ਖੁਦ ਜਾਂਚ ਕਰੋ **8**

ਸ਼ੁਰੂ ਹੋਣ ਵਿੱਚ ਦੇਰੀ ਪਾਲਸੀ ਨੂੰ _____ ਵਜੋਂ ਵੀ ਜਾਣਿਆ ਜਾਂਦਾ ਹੈ।

I. ਮਸ਼ੀਨਰੀ ਫਾਇਦੇ ਦਾ ਨੁਕਸਾਨ ਬੀਮਾ ਸੁਰੱਖਿਆ
II. ਫਾਇਦੇ ਦਾ ਪੇਸ਼ਗੀ ਨੁਕਸਾਨ ਬੀਮਾ ਸੁਰੱਖਿਆ
III. ਠੇਕੇਦਾਰ ਸਭ ਜੋਖਿਮ ਬੀਮਾ ਸੁਰੱਖਿਆ
IV. ਠੇਕੇਦਾਰ ਪਲਾਂਟ ਅਤੇ ਮਸ਼ਨੀਰੀ ਬੀਮਾ ਸੁਰੱਖਿਆ

I. ਉਦਯੋਗਿਕ ਸਭ ਜੋਖਿਮ ਬੀਮਾ

ਉਦਯੋਗਿਕ ਸਭ ਜੋਖਿਮ ਬੀਮਾ ਪਲਾਸੀ ਭਾਰਤ ਵਿੱਚ ਕਿਤੇ ਵੀ ਇੱਕ ਹੀ ਪਾਲਸੀ ਦੇ ਅਧੀਨ ਉਦਯੋਗਿਕ ਜਾਇਦਾਦ - ਨਿਰਮਾਣ ਅਤੇ ਭੰਡਾਰਨ ਸਹੂਲਤ ਦੋਵਾਂ ਲਈ ਬੀਮਾ ਸੁਰੱਖਿਆ ਦੇਣ ਲਈ ਤਿਆਰ ਕੀਤੀ ਗਈ ਸੀ। ਇਹ ਪਦਾਰਥੀ ਨੁਕਸਾਨ ਅਤੇ ਕਾਰੋਬਾਰੀ ਰੁਕਾਵਟ ਵਿਰੁਧ ਬੀਮਾ ਰਕਮ ਦਿੰਦੀ ਹੈ।
ਅਕਸਰ ਪਾਲਸੀ ਹੇਠ ਦਿੱਤਿਆਂ ਲਈ ਬੀਮਾ ਸੁਰੱਖਿਆ ਦਿੰਦੀ ਹੈ:

i. ਅੱਗੇ ਅਤੇ ਅੱਗ ਬੀਮਾ ਰਿਵਾਜ ਦੇ ਮੁਤਾਬਕ ਤਹਿ ਕੀਤੇ ਸੰਕਟ,

ii. ਸੰਨ੍ਹਮਾਰੀ (ਚੋਰੀ ਤੋਂ ਬਿਨਾਂ)

iii. ਮਸ਼ੀਨਰੀ ਖ਼ਰਾਬ ਹੋਣੀ / ਬੁਆਇਲਰ ਫੱਟਣਾ / ਬਿਜਲਈ ਸਾਮਾਨ

iv. ਉੱਤੇ ਦਿੱਤੇ ਸੰਕਟਾਂ ਦੇ ਕਰਕੇ ਕਾਰਵਾਈਆਂ ਕਰਕੇ ਕਾਰੋਬਾਰ ਰੁਕਾਵਟ

(ਨੋਟ: ਕਾਰੋਬਾਰੀ ਰੁਕਾਵਟ, ਜੋ ਕਿ ਉੱਤੇ ਦਿੱਤੇ (c) ਦੇ ਸੰਕਟ ਤੋਂ ਬਾਅਦ ਹੁੰਦੀ ਹੈ, ਨੂੰ ਅਕਸਰ ਪੈਕੇਜ ਵਿੱਚ ਸ਼ਾਮਿਲ ਨਹੀਂ ਕੀਤਾ ਜਾਂਦਾ ਹੈ, ਪਰ ਚੋਣਵੀਂ ਬੀਮਾ ਸੁਰੱਖਿਆ ਵਜੋਂ ਉਪਲੱਬਧ ਹੁੰਦੀ ਹੈ)

- ✓ ਇਸ ਪਾਲਸੀ ਰਾਹੀਂ ਵੱਖ-ਵੱਖ ਚਾਲੂ ਪਾਲਸੀਆਂ ਵਲੋਂ ਦਿੱਤੀਆਂ ਜਾਂਦੀਆਂ ਪੇਸ਼ਕਸ਼ਾਂ ਤੋਂ ਵੱਧ ਹੁੰਦੀਆਂ ਹਨ।

- ✓ ਪਾਲਸੀ ਲਈ ਪ੍ਰੀਮੀਅਮ ਦਰਾਂ ਚੁਣੀ ਬੀਮਾ ਸੁਰੱਖਿਆ, ਦਾਅਵਾ ਅਨੁਭਵ, ਅਤੇ ਚੁਣੀਆਂ ਕਟੌਤੀਆਂ, ਐਮਐਲਓਪੀ (MLOP) ਲਈ ਜੋਖਿਮ ਮੁਲਾਂਕਣ ਰਿਪੋਰਟ ਆਦਿ ਉੱਤੇ ਨਿਰਭਰ ਹੁੰਦੀਆਂ ਹਨ।

ਖੁਦ ਜਾਂਚ ਕਰੋ **9**

ਉਦਯੋਗਿਕ ਸਭ ਜੋਖਿਮ ਬੀਮੇ ਵਿੱਚ ਹੇਠ ਦਿੱਤਿਆਂ ਵਿੱਚੋਂ ਕਿਸ ਲਈ ਬੀਮਾ ਸੁਰੱਖਿਆ ਨਹੀਂ ਹੁੰਦੀ ਹੈ?

I. ਅੱਗੇ ਅਤੇ ਅੱਗ ਬੀਮਾ ਰਿਵਾਜ ਦੇ ਮੁਤਾਬਕ ਖਾਸ ਸੰਕਟ,
II. ਚੋਰੀ
III. ਮਸ਼ੀਨਰੀ ਖਰਾਬੀ
IV. ਇਲੈਕਟ੍ਰੋਨਿਕ ਯੰਤਰ

J. ਜਹਾਜ਼ੀ ਬੀਮਾ

ਜਹਾਜ਼ੀ ਬੀਮੇ ਨੂੰ ਦੋ ਭਾਗਾਂ ਵਿੱਚ ਵੰਡਿਆ ਜਾਂਦਾ ਹੈ: ਜਹਾਜ਼ੀ ਸਾਮਾਨ ਅਤੇ ਜਹਾਜ਼ੀ ਢਾਂਚਾ

1. ਜਹਾਜ਼ੀ ਕਾਰਗੋ ਬੀਮਾ

ਹਾਲਾਂਕਿ 'ਜਹਾਜ਼ੀ' ਸ਼ਬਦ ਨੂੰ ਕੇਵਲ ਸਮੁੰਦਰੀ ਦੁਰਘਟਨਾਵਾਂ ਰਾਹੀਂ ਹੋਣ ਵਾਲੇ ਨੁਕਸਾਨ ਲਈ ਵਰਤਿਆ ਜਾਂਦਾ ਹੈ, **ਜਹਾਜ਼ੀ ਕਾਰਗੋ ਬੀਮੇ** ਵਿੱਚ ਹੋਰ ਵੀ ਬਹੁਤ ਕੁਝ ਲਈ ਬੀਮਾ ਸੁਰੱਖਿਆ ਦਿੱਤੀ ਜਾਂਦੀ ਹੈ। ਇਸ ਰਾਹੀਂ ਰੇਲ ਗੱਡੀ, ਸੜਕ, ਹਵਾਈ ਜਹਾਜ਼ ਜਾਂ ਰਜਿਸਟਰ ਡਾਕ ਰਾਹੀਂ ਦੇਸ਼ ਅਤੇ ਵਿਦੇਸ਼ ਵਿੱਚ ਭੇਜੇ ਜਾਣ ਦੇ ਦੌਰਾਨ ਸਾਮਾਨ ਦਾ ਘਾਟੇ ਜਾਂ ਨੁਕਸਾਨ ਦੇ ਸਬੰਧ ਵਿੱਚ ਹਰਜਾਨਾ ਹੁੰਦਾ ਹੈ। ਹੀਰਿਆਂ ਤੋਂ ਘਰ ਦੇ ਸਾਮਾਨ ਤੱਕ, ਵੱਡੀ ਗਿਣਤੀ ਵਿੱਚ ਆਈਟਮਾਂ, ਜਿਵੇਂ ਕਿ ਸੀਮੈਂਟ, ਦਾਣੇ, ਪ੍ਰੋਜੈਕਟਾਂ ਲਈ ਵੱਡੇ ਮਾਪ ਦੇ ਕਾਰਗੋ ਆਦਿ ਲਈ ਕਈ ਕਿਸਮ ਦੀਆਂ ਚੀਜ਼ਾਂ ਹੋ ਸਕਦੀਆਂ ਹਨ।

ਕਾਰਗੋ ਬੀਮਾ ਘਰੇਲੂ ਵਪਾਰ ਦੇ ਨਾਲ ਨਾਲ ਅੰਤਰਰਾਸ਼ਟਰੀ ਵਪਾਰ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ। ਵਿਕਰੀ ਦੇ ਬਹੁਤੇ ਸਮਝੌਤਿਆਂ ਲਈ ਸਾਮਾਨ ਨੂੰ ਘਾਟੇ ਜਾਂ ਨੁਕਸਾਨ ਦੇ ਲਈ ਬੀਮਾ ਸੁਰੱਖਿਆ ਦੇਣੀ ਜ਼ਰੂਰੀ ਹੈ, ਭਾਵੇਂ ਵਿਕਰੇਤਾ ਦੇਵੇ ਜਾਂ ਖਰੀਦਦਾਰ।

ਬੀਮੇ ਨੂੰ ਕੌਣ ਪ੍ਰਭਾਵਿਤ ਕਰਦਾ ਹੈ: ਸਾਮਾਨ [ਸਪੁਰਦਗੀ] ਦਾ ਵਿਕਰੇਤਾ ਜਾਂ ਖਰੀਦਦਾਰ ਵਿਕਰੀ ਦੇ ਸਮਝੌਤੇ ਦੇ ਤਹਿਤ ਕਾਰਗੋ ਦਾ ਬੀਮਾ ਕਰਵਾ ਸਕਦਾ ਹੈ।

ਜਹਾਜ਼ੀ ਬੀਮਾ ਸਮਝੌਤੇ ਲਈ ਕਾਨੂੰਨ ਹੋਣੇ ਚਾਹੀਦੇ ਹਨ, ਜੋ ਕਿ ਅੰਤਰਰਾਸ਼ਟਰੀ ਪੱਧਰ ਉੱਤੇ ਲਾਗੂ ਹੋਣ। ਇਹ ਇਸਕਰਕੇ ਕਿ ਇਹ ਸਾਮਾਨ ਲਈ ਬੀਮਾ ਸੁਰੱਖਿਆ ਦਿੰਦਾ, ਜੋ ਕਿ ਕਿਸੇ ਵੀ ਦੇਸ਼ ਦੀਆਂ ਸਰਹੱਦਾਂ ਤੋਂ ਪਾਰ ਲੰਘਦਾ ਹੈ। ਬੀਮਾ ਸੁਰੱਖਿਆ ਨੂੰ ਅੰਤਰਰਾਸ਼ਟਰੀ ਸੰਧੀਆਂ ਅਤੇ ਪਾਲਸੀ ਵਿੱਚ ਦਿੱਤੇ ਕੁਝ ਕਾਨੂੰਨਾਂ ਦੇ ਤਹਿਤ ਦਿੱਤਾ ਜਾਂਦਾ ਹੈ।

ਜਦੋਂ ਕਿ ਮੂਲ ਪਾਲਸੀ ਦਸਤਾਵੇਜ਼ਾਂ ਵਿੱਚ ਆਮ ਸ਼ਰਤਾਂ ਹੁੰਦੀਆਂ ਹਨ, ਬੀਮਾ ਸੁਰੱਖਿਆ ਦੀ ਹੱਦ ਅਤੇ ਛੋਟਾਂ ਅਤੇ ਖਾਸ ਅਲਹਿਦਗੀਆਂ ਬਾਰੇ ਜਾਣਕਾਰੀ ਵੱਖਰੀ ਸ਼ਰਤਾਂ ਨਾਲ ਨੱਥੀ ਹੁੰਦੀਆਂ ਹਨ, ਜਿਸ ਨੂੰ ਇੰਸਟੀਟਿਊਟ ਕਾਰਗੋ ਕਲਾਜ਼ (ਆਈਸੀਸੀ(ICC)) ਕਹਿੰਦੇ ਹਨ। ਇਹਨਾਂ ਦਾ ਖਰੜਾ ਇੰਸਟੀਟਿਊਟ ਆਫ਼ ਲੰਡਨ ਅੰਡਰਰਾਈਟਰ ਵਲੋਂ ਤਿਆਰ ਕੀਤਾ ਜਾਂਦਾ ਹੈ।

a) ਜਹਾਜ਼ੀ ਕਾਰਗੋ ਬੀਮੇ ਅਧੀਨ ਬੀਮਾ ਸੁਰੱਖਿਆ

ਕਾਰਗੋ ਪਾਲਸੀਆਂ ਜ਼ਰੂਰੀ ਰੂਪ ਵਿੱਚ ਜ਼ਹਾਜ਼ੀ (ਸਮੁੰਦਰੀ ਯਾਤਰਾ) ਪਾਲਸੀਆਂ ਹੁੰਦੀਆਂ ਹਨ, ਜੋ ਕਿ ਵਿਸ਼ਾ-ਵਸਤੂ ਨੂੰ ਇੱਕ ਥਾਂ ਤੋਂ ਦੂਜੇ ਥਾਂ ਉੱਤੇ ਲੈ ਜਾਣ ਲਈ ਬੀਮਾ ਸੁਰੱਖਿਆ ਦਿੰਦੀਆਂ ਹਨ। ਪਰ, ਬੀਮਤ ਨੂੰ ਉਹ ਦੇ ਹੱਥ-ਵਸ ਸਭ ਹਾਲਤ ਵਿੱਚ ਧਿਆਨ ਨਾਲ ਕੰਮ ਕਰਨ ਦੀ ਲੋੜ ਹੁੰਦੀ ਹੈ। ਇਹ ਪਾਲਸੀ ਦਾ ਮੁੱਖ ਲੱਛਣ ਹੈ ਕਿ ਇਹ ਸਹਿਮਤ ਹੋਏ ਮੁੱਲ ਪਾਲਸੀ ਹੈ। ਮੁਲਾਂਕਣ ਬੀਮਾਕਰਤਾ ਅਤੇ ਬੀਮਤ ਦੇ ਵਿਚਕਾਰ ਤਹਿ ਹੁੰਦਾ ਹੈ ਅਤੇ ਇਸ ਦੇ ਮੁੜ-ਮੁਲਾਂਕਣ ਦੀ ਲੋੜ ਨਹੀਂ ਹੁੰਦੀ ਹੈ, ਜਦੋਂ ਤੱਕ ਧੋਖੇ ਦਾ ਸ਼ੱਕ ਨਾ ਹੋਵੇ। ਇੱਕ ਹੋਰ ਵਿਲੱਖਣ ਲੱਛਣ ਹੁੰਦਾ ਹੈ ਕਿ ਪਾਲਸੀ ਖੁੱਲ੍ਹੇ ਰੂਪ ਵਿੱਚ ਨਿਰਧਾਰਨਯੋਗ ਹੁੰਦੀ ਹੈ।

ਬੀਮਾ ਸੁਰੱਖਿਆ ਆਮ ਤੌਰ ਉੱਤੇ ਪਾਲਸੀ ਵਿੱਚ ਦਿੱਤੀ ਥਾਂ ਤੋਂ ਗੁਦਾਮ ਵਿੱਚੋਂ ਚੱਲਣ ਸਮੇਂ ਸ਼ੁਰੂ ਹੁੰਦੀ ਹੈ ਅਤੇ ਪਾਲਸੀ ਵਿੱਚ ਦਿੱਤੇ ਅੰਤਿਮ ਟਿਕਾਣੇ ਉੱਤੇ ਖਤਮ ਹੁੰਦੀ ਹੈ, ਇਹ ਵਿਕਰੀ ਦੇ ਸਮਝੌਤੇ ਦੀਆਂ ਸ਼ਰਤਾਂ ਉੱਤੇ ਨਿਰਭਰ ਹੁੰਦੀ ਹੈ।

ਲਾਗੂ ਹੋਣ ਵਾਲੇ ਨਿਯਮ ਅਤੇ ਸ਼ਰਤਾਂ ਨੂੰ ਨਿਅੰਤਰਿਤ ਕੀਤਾ ਜਾਂਦਾ ਹੈ;

i. ਇਨਲੈਂਡ ਟਰਾਂਸਿਟ ਕਲਾਜ਼ (ITC) A, B ਜਾਂ C ਘਰੇਲੂ ਆਵਾਜਾਈ ਲਈ
ii. ਇੰਸਟੀਟਿਊਟ ਕਾਰਗੋ ਕਲਾਜ਼ (ICC) A, B, ਜਾਂ C ਸਮੁੰਦਰ ਰਾਹੀਂ ਜਹਾਜ਼ ਰਾਹੀਂ
iii. ਇੰਸਟੀਟਿਊਟ ਕਾਰਗੋ (ਏਅਰ) ਕਲਾਜ਼ - A ਹਵਾ ਰਾਹੀਂ ਭੇਜਣ ਲਈ

ਇੰਸਟੀਟਿਊਟ ਕਾਰਗੋ ਕਲਾਜ਼ C ਘੱਟੋ-ਘੱਟ ਬੀਮਾ ਸੁਰੱਖਿਆ ਦਿੰਦੀ ਹੈ, ਜੋ ਕਿ ਕਾਰਗੋ ਲੈ ਕੇ ਜਾਣ ਵਾਲੇ ਵਹੀਕਲ ਜਾਂ ਸਮੁੰਦਰੀ ਜਹਾਜ਼ ਦੀ ਦੁਰਘਟਨਾ ਦੇ ਕਰਕੇ ਹੋਣ ਵਾਲੇ ਘਾਟੇ ਜਾਂ ਨੁਕਸਾਨ ਲਈ ਹੈ, ਜਿਸ ਦਾ ਕਾਰਨ ਹੋ ਸਕਦਾ ਹੈ:

i. ਅੱਗ ਜਾਂ ਧਮਾਕਾ
ii. ਪਟੜੀ ਤੋਂ ਉੱਤਰਨ ਜਾਂ ਵਹੀਕਲ ਦੇ ਉਲਟਾ ਹੋਣ ਕਰਕੇ
iii. ਜਹਾਜ਼ ਦੇ ਕੰਢੇ ਉੱਤੇ ਚੜ੍ਹਨ, ਤੱਟ ਉੱਤੇ ਪੁੱਜਣ ਜਾਂ ਡੁੱਬਣ ਕਰਕੇ (ਸਮੁੰਦਰੀ ਜਹਾਜ਼ ਦੇ ਕੇਸ ਵਿੱਚ)
iv. ਬਾਹਰੀ ਚੀਜ਼ ਨਾਲ ਟੱਕਰ

ਇੰਸਟੀਟਿਊਟ ਕਾਰਗੋ ਕਲਾਜ਼ B ਦਾ ਖੇਤਰ C ਨਾਲੋਂ ਵੱਧ ਹੈ। C ਵਿੱਚ ਦਿੱਤੇ ਸੰਕਟਾਂ ਤੋਂ ਬਿਨਾਂ ਇਸ ਵਿੱਚ ਅੱਗੇ ਦਿੱਤੇ ਨਾਲ ਹੋਣ ਵਾਲੇ ਘਾਟੇ ਜਾਂ ਨੁਕਸਾਨ ਲਈ ਬੀਮਾ ਸੁਰੱਖਿਆ ਹੈ:

i. ਕਿਸਮਤ ਦੇ ਕੰਮ (AOG) ਸੰਕਟ ਜਿਵੇਂ ਕਿ ਭੁਚਾਲ, ਜਵਾਲਾਮੁਖੀ ਫੁੱਟਣਾ ਅਤੇ ਅਸਮਾਨੀ ਬਿਜਲੀ
ii. ਘਰੇਲੂ ਆਵਾਜਾਈ ਦੇ ਦੌਰਾਨ ਪੁੱਲ ਢਹਿਣਾ
iii. ਸਮੁੰਦਰੀ ਯਾਤਰਾ ਦੌਰਾਨ ਜਹਾਜ਼ ਦੇ ਬਾਹਰ ਡਿੱਗਣ ਅਤੇ ਸਲਿੰਗ (sling) ਘਾਟੇ

iv. ਜਹਾਜ਼ ਵਿੱਚ ਪਾਣੀ ਪੈਣਾ

ਇੰਸਟੀਟਿਊਟ ਕਾਰਗੋ ਕਲਾਜ਼ A ਸਭ ਤੋਂ ਵੱਧ ਬੀਮਾ ਸੁਰੱਖਿਆ ਹੈ, ਕਿਉਂਕਿ ਇਸ ਵਿੱਚ B ਤੇ C ਦੇ ਸੰਕਟਾਂ ਲਈ ਬੀਮਾ ਸੁਰੱਖਿਆ ਹੈ, ਅਤੇ ਨਾਲ ਹੀ ਹੇਠ ਦਿੱਤੀਆਂ ਕੁਝ ਅਲਹਿਦਗੀਆਂ ਨੂੰ ਛੱਡ ਕੇ ਹੋਰ ਕੋਈ ਵੀ ਜੋਖਿਮ ਲਈ ਬੀਮਾ ਸੁਰੱਖਿਆ ਹੈ:

i. ਬੀਮਤ ਵਲੋਂ ਜਾਣ-ਬੁੱਝ ਕੇ ਕੀਤਾ ਘਾਟਾ ਜਾਂ ਨੁਕਸਾਨ
ii. ਸਧਾਰਨ ਲੀਕ, ਟੁੱਟ-ਭੱਜ, ਘਸਾਈ ਜਾਂ ਭਾਰ / ਆਈਤਨ ਵਿੱਚ ਕਮੀ
iii. ਪੈਕੇਜ ਕਰਨ ਵਿੱਚ ਕਮੀ
iv. ਸੁਭਾਵਿਕ ਔਗੁਣ
v. ਦੇਰੀ
vi. ਮਾਲਕਾਂ ਦੇ ਦੀਵਾਲੀਆ ਹੋਣ ਨਾਲ ਨੁਕਸਾਨ
vii. ਪ੍ਰਮਾਣੂ ਸੰਕਟ

ਇਹ ਅਲਹਿਦਗੀਆਂ ਸੜਕ, ਹਵਾ ਅਤੇ ਸਮੁੰਦਰ ਦੀਆਂ ਸਭ ਸ਼ਰਤਾਂ ਲਈ ਸਾਂਝੀਆਂ ਹਨ। ਖਾਸ ਵਸਤਾਂ ਜਿਵੇਂ ਕਿ ਕੋਲਾ, ਵੱਡੀ ਮਿਕਦਾਰ ਵਿੱਚ ਤੇਲ ਅਤੇ ਚਾਹ ਆਦਿ ਦੇ ਵਪਾਰ ਲਈ ਵੱਖਰੀਆਂ ਸ਼ਰਤਾਂ ਵੀ ਹਨ। ਜਹਾਜ਼ੀ ਬੀਮਾ ਸੁਰੱਖਿਆ ਨੂੰ ਵਾਧੂ ਪ੍ਰੀਮੀਅਮ ਦੇ ਕੇ ਜੰਗ, ਹੜਤਾਲ, ਦੰਗਿਆਂ, ਸਮਾਜਿਕ ਹਲਚਲ ਅਤੇ ਅੱਤਵਾਦ ਲਈ ਵੀ ਵਧਾਇਆ ਜਾ ਸਕਦਾ ਹੈ। ਸਮੁੰਦਰੀ ਅਤੇ ਹਵਾਈ ਪਾਲਸੀਆਂ ਬੀਮੇ ਦੀਆਂ ਕੇਵਲ ਅਜਿਹੀਆਂ ਬਰਾਂਚ ਹਨ, ਜਿਸ ਵਿੱਚ ਜੰਗੀ ਸੰਕਟਾਂ ਲਈ ਵੀ ਬੀਮਾ ਸੁਰੱਖਿਆ ਦਿੱਤੀ ਜਾਂਦੀ ਹੈ।

ਖਾਸ

ਜਹਾਜ਼ੀ ਪਾਲਸੀ ਅਧੀਨ, ਸਟੈਂਡਰਡ ਪਾਲਸੀ ਫਾਰਮ ਅਧੀਨ, ਅਤੇ ਪਾਲਸੀ ਨਾਲ ਨੱਥੀਆਂ ਕੀਤੀਆਂ ਕਈ ਸ਼ਰਤਾਂ ਦੇ ਅਧੀਨ ਦਿੱਤੇ ਗਏ ਜੋਖਿਮ ਵੱਡੇ ਰੂਪ ਵਿੱਚ ਤਿੰਨ ਵਰਗਾਂ ਵਿੱਚ ਆਉਂਦੇ ਹਨ:

i. ਸਮੁੰਦਰੀ ਸੰਕਟ,
ii. ਬਾਹਰੀ ਸੰਕਟ ਅਤੇ
iii. ਜੰਗ, ਹੜਤਾਲ ਦੰਗੇ, ਸਿਵਲ ਗੜਬੜ, ਅਤੇ ਅੱਤਵਾਦੀ ਹਮਲੇ।

---

b) ਜਹਾਜ਼ੀ ਪਾਲਸੀਆਂ ਦੀਆਂ ਵੱਖ-ਵੱਖ ਕਿਸਮਾਂ

i. ਖਾਸ ਪਾਲਸੀ

ਇਹ ਪਾਲਸੀ ਇੱਕ ਇੱਕਲੀ ਮਾਲ (ਸ਼ਿਪਮੈਂਟ) ਕਵਰ ਕਰਦੀ ਹੈ। ਇਹ ਖਾਸ ਸਮੁੰਦਰੀ ਯਾਤਰਾ ਜਾਂ ਆਵਾਜਾਈ ਲਈ ਵੈਧ ਹੁੰਦੀ ਹੈ। ਵਪਾਰੀਆਂ, ਜੋ ਕਿ ਨਿਯਮਤ ਰੂਪ ਵਿੱਚ ਦਰਾਮਦ ਤੇ ਬਰਾਮਦ ਵਪਾਰ

ਕਰਦੇ ਹਨ ਜਾਂ ਜੋ ਕਿ ਨਿਯਮਤ ਰੂਪ ਵਿੱਚ ਸਾਮਾਨ ਘਰੇਲੂ ਮਾਰਗ ਰਾਹੀਂ ਭੇਜਦੇ ਹਨ, ਲਈ ਖਾਸ ਪ੍ਰਬੰਧ ਜਿਵੇਂ ਵੀ ਖੁੱਲ੍ਹੀ ਪਾਲਸੀ ਅਧੀਨ ਬੀਮੇ ਦਾ ਪ੍ਰਬੰਧ ਸੌਖਾ ਹੋ ਸਕਦਾ ਹੈ।

ii. ਖੁੱਲ੍ਹੀ ਪਾਲਸੀ

ਦੇਸ਼ ਵਿੱਚ ਲੈ ਕੇ ਜਾਣ ਵਾਲੇ ਸਾਮਾਨ ਨੂੰ ਇੱਕ ਖੁੱਲ੍ਹੀ ਪਾਲਸੀ ਦੇ ਵਿੱਚ ਵਰਤੀ ਜਾ ਸਕਦੀ ਹੈ। ਪਾਲਸੀ ਇੱਕ ਸਾਲ ਲਈ ਵੈਧ ਹੁੰਦੀ ਹੈ ਅਤੇ ਇਸ ਸਮੇਂ ਦੇ ਦੌਰਾਨ ਭੇਜੇ ਸਭ ਸਾਮਾਨ ਨੂੰ ਬੀਮਤ ਵਲੋਂ ਬੀਮਾਕਰਤਾ ਨੂੰ ਦੋਵਾਂ ਦੇ ਵਿਚਾਰ ਪੰਦਰਾ-ਦਿਨਾਂ, ਮਹੀਨੇਵਾਰ ਜਾਂ ਤਿਮਾਹੀ ਦੇ ਆਧਾਰ ਉੱਤੇ ਦੱਸਿਆ ਜਾਂਦਾ ਹੈ।

iii. ਖੁੱਲ੍ਹੀ ਬੀਮਾ ਸੁਰੱਖਿਆ

ਵੱਡੇ ਬਰਾਮਦਕਾਰਾਂ ਅਤੇ ਦਰਾਮਦਕਾਰਾਂ ਲਈ, ਜੋ ਲਗਾਤਾਰ ਵਪਾਰ ਕਰਦੇ ਹਨ, ਨੂੰ ਖੁੱਲ੍ਹੀ ਬੀਮਾ ਸੁਰੱਖਿਆ ਦਿੱਤੀ ਜਾਂਦੀ ਹੈ। ਜਹਾਜ਼ੀ ਸਾਮਾਨ ਭੇਜਣ ਦੇ ਇੱਕ ਸਾਲ ਦੇ ਲੈਣ-ਦੇਣ ਲਈ ਸ਼ਰਤਾਂ ਅਤੇ ਪ੍ਰੀਮੀਅਮ ਦੀਆਂ ਦਰਾਂ ਤਹਿ ਕੀਤੀਆਂ ਜਾਂਦੀਆਂ ਹਨ। ਖੁੱਲ੍ਹੀ ਬੀਮਾ ਸੁਰੱਖਿਆ ਪਾਲਸੀ ਨਹੀਂ ਹੈ ਅਤੇ ਇਸ ਉੱਤੇ ਮੋਹਰ ਨਹੀਂ ਹੁੰਦੀ ਹੈ। ਹਰ ਐਲਾਨ ਲਈ ਢੁੱਕਵੇਂ ਮੁੱਲ ਦੇ ਨਾਲ ਮੋਹਰ ਲਗਾ ਕੇ ਇੱਕ ਬੀਮੇ ਦਾ ਸਰਟੀਫਿਕੇਟ ਜਾਰੀ ਕੀਤਾ ਜਾਂਦਾ ਹੈ।

iv. ਡਿਊਟੀ ਅਤੇ ਵਧੀਆ ਮੁੱਲ ਬੀਮਾ

ਇਹ ਪਾਲਸੀਆਂ ਵਾਧੂ ਬੀਮਾ ਦਿੰਦੀਆਂ ਹਨ, ਜੇ ਕਾਰਗੋ ਦਾ ਮੁੱਲ ਕਸਟਮ ਡਿਊਟੀ ਦੇਣ ਕਰਕੇ ਜਾਂ ਟਿਕਾਣੇ ਉੱਤੇ ਪਹੁੰਚਣ ਦੀ ਮਿਤੀ ਤੱਕ ਸਾਮਾਨ ਦਾ ਬਾਜ਼ਾਰੀ ਮੁੱਲ ਵੱਧ ਜਾਵੇ।

v. ਸ਼ੁਰੂ ਕਰਨ ਵਿੱਚ ਦੇਰੀ

ਕਈ ਬੀਮਤ ਇਹ ਬੀਮਾ ਸੁਰੱਖਿਆ ਦੀ ਚੋਣ ਕਰਦੀਆਂ ਹਨ। ਨਵੇਂ ਪ੍ਰੋਜੈਕਟ ਦੇ ਕੇਸ ਵਿੱਚ, ਭੇਜਣ ਦੌਰਾਨ ਯੰਤਰ ਦੇ ਨੁਕਸਾਨ ਕਰਕੇ ਨਵੇਂ ਯੰਤਰ ਨੂੰ ਮੰਗਵਾਉਣਾ ਪੈ ਸਕਦਾ ਹੈ, ਜਿਸ ਨਾਲ ਪ੍ਰੋਜੈਕਟ ਪੂਰਾ ਹੋਣ ਵਿੱਚ ਦੇਰੀ ਹੁੰਦੀ ਹੈ ਅਤੇ ਇਸਕਰਕੇ ਫਾਇਦੇ ਵਿੱਚ ਘਾਟਾ ਪੈਂਦਾ ਹੈ। ਵਿੱਤੀ ਸੰਗਠਨ, ਜੋ ਕਿ ਆਪਣੇ ਕਰਜ਼ ਸੇਵਾ ਲਈ ਪ੍ਰੋਜੈਕਟ ਨੂੰ ਸਮੇਂ ਸਿਰ ਪੂਰਾ ਕਰਨਾ ਚਾਹੁੰਦੇ ਹੋ, ਇਹ ਜੋਖਿਮ ਨੂੰ ਬੀਮਾ ਸਮਝੌਤੇ ਦੇ ਤਹਿਤ ਬੀਮਾ ਸੁਰੱਖਿਆ ਚਾਹੁੰਦੇ ਹੋ ਸਕਦੇ ਹਨ ਅਤੇ ਜਹਾਜ਼ੀ (ਕਾਰਗੋ) ਬੀਮਾ ਪਾਲਸੀ ਨੂੰ ਜਹਾਜ਼ ਦੇਰੀ ਜਾਂ ਆਮ ਸ਼ੁਰੂਆਤ ਦੇਰੀ ਦੇ ਕਰਕੇ ਹੋਣ ਵਾਲੇ ਘਾਟਿਆਂ ਨੂੰ ਵਧਾਉਣ ਲਈ ਵਰਤਿਆ ਜਾ ਸਕਦਾ ਹੈ।

ਪ੍ਰੀਮੀਅਮ: ਦਰ ਸਾਮਾਨ ਦੀ ਕਿਸਮ, ਭੇਜਣ ਦੇ ਢੰਗ, ਪੈਕ ਕਰਨ ਦੀ ਕਿਸਮ, ਜਹਾਜ਼ੀ ਯਾਤਰਾ ਦੇ ਰਾਹ ਅਤੇ ਪੁਰਾਣੇ ਦਾਅਵਾ ਅਨੁਭਵ ਦੇ ਉਤੇ ਨਿਰਭਰ ਕਰਦੀ ਹੈ। ਪਰ ਵਧਾਈ ਬੀਮਾ ਸੁਰੱਖਿਆ ਜਿਵੇਂ ਕਿ SRCC

ਅਤੇ ਜੰਗ ਜੋਖਿਮ (ਵਿਦੇਸ਼ੀ ਕਾਰਗੋ), ਜੋਖਿਮਾਂ ਨੂੰ ਖਾਸ ਨਿਯਮਾਂ ਰਾਹੀਂ ਲਾਗੂ ਕੀਤਾ ਜਾਂਦਾ ਹੈ ਅਤੇ ਇੱਕਠਾ ਕੀਤੇ ਪ੍ਰੀਮੀਅਮ ਕੇਂਦਰ ਸਰਕਾਰ ਕੋਲ ਜਮ੍ਹਾਂ ਕਰਵਾਏ ਜਾਣਗੇ।

2. ਜਹਾਜ਼ੀ ਢਾਂਚਾ ਬੀਮਾ

ਸ਼ਬਦ 'ਢਾਂਚਾ' ਜਹਾਜ਼ ਜਾਂ ਹੋਰ ਸਮੁੰਦਰੀ ਆਵਾਜਾਈ ਸਾਧਨ ਦੇ ਭਾਗ ਨੂੰ ਕਿਹਾ ਜਾਂਦਾ ਹੈ।

ਜਹਾਜ਼ੀ ਢਾਂਚਾ ਬੀਮਾ ਵੱਖ-ਵੱਖ ਦੇਸ਼ਾਂ ਵਿੱਚ ਲਾਗੂ ਹੋਣ ਵਾਲੇ ਅੰਤਰਰਾਸ਼ਟਰੀ ਕਾਨੂੰਨੀ ਦੇ ਤਹਿਤ ਕੀਤਾ ਜਾਂਦਾ ਹੈ। ਜਹਾਜ਼ੀ ਢਾਂਚਾ ਦੋ ਕਿਸਮ ਦੇ ਲਾਜ਼ਮੀ ਬੀਮਾ ਸੁਰੱਖਿਆ ਦਿੰਦਾ ਹੈ:

a) **ਖਾਸ ਸਮੁੰਦਰੀ ਯਾਤਰਾ ਲਈ ਬੀਮਾ ਸੁਰੱਖਿਆ ਦੇਣੀ: ਇੱਥੇ ਵਰਤੀਆਂ ਜਾਂਦੇ ਨਿਯਮਾਂ ਦੇ ਸਮੂਹ ਨੂੰ ਇੰਸਟੀਟਿਊਟ ਵੈਇਇਜ਼ ਕਲਾਜ਼ ਕਹਿੰਦੇ ਹਨ**

b) **ਕਵਰ ਕਰਨ ਦਾ ਸਮਾਂ ਅੰਤਰਾਲ: ਆਮ ਤੌਰ ਉੱਤੇ ਇੱਕ ਸਾਲ। ਇੱਥੇ ਵਰਤੀਆਂ ਜਾਂਦੇ ਨਿਯਮਾਂ ਦੇ ਸਮੂਹ ਨੂੰ ਇੰਸਟੀਟਿਊਟ (ਟਾਈਮ) ਵੈਇਇਜ਼ ਕਲਾਜ਼ ਕਹਿੰਦੇ ਹਨ**

ਜਾਣਕਾਰੀ

ਢਾਂਚਾ ਬੀਮੇ ਵਿੱਚ ਅੱਗੇ ਦਿੱਤੇ ਬੀਮੇ ਵੀ ਸ਼ਾਮਿਲ ਹਨ:

i. ਘਰੇਲੂ ਪੋਤ, ਜਿਵੇਂ ਕਿ ਕਿਸ਼ਤੀ, ਲਾਂਚ, ਸਵਾਰੀ ਪੋਤ ਆਦਿ
ii. ਗਾਰਾ ਕੱਢਣ ਵਾਲਾ (ਮਸ਼ੀਨ ਰਾਹੀਂ ਜਾਂ ਬਿਨਾਂ-ਮਸ਼ੀਨ)
iii. ਮੱਛੀਆਂ ਫੜ੍ਹਨ ਵਾਲੀ ਕਿਸ਼ਤੀ (ਮਸ਼ੀਨੀ ਜਾਂ ਬਿਨਾਂ-ਮਸ਼ੀਨ)
iv. ਸੈਰ ਵਾਲੀ ਕਿਸ਼ਤੀ (ਮਸ਼ੀਨੀ ਜਾਂ ਬਿਨਾਂ-ਮਸ਼ੀਨ)
v. ਬੰਦਰਗਾਹ (ਜੈਟੀ) ਅਤੇ ਘਾਟ
vi. ਨਿਰਮਾਣ ਦੇ ਦੌਰਾਨ ਜਹਾਜ਼

ਜਹਾਜ਼ ਮਾਲਕਾਂ ਦਾ ਨਾ ਕੇਵਲ ਜਹਾਜ਼ ਵਿੱਚ ਬੀਮਾਯੋਗ ਹਿੱਤ ਹੁੰਦਾ ਹੈ, ਬਲਕਿ ਬੀਮੇ ਦੇ ਸਮੇਂ ਦੇ ਦੌਰਾਨ ਮਾਲ-ਢੁਆਈ ਰਾਹੀਂ ਕਮਾਈ ਵਿੱਚ ਵੀ ਹੁੰਦਾ ਹੈ। ਮਾਲ-ਢੁਆਈ ਦੇ ਨਾਲ ਨਾਲ ਜਹਾਜ਼ ਮਾਲਕ ਦਾ ਜਹਾਜ਼ ਤਿਆਰ ਕਰਨ ਲਈ ਉਸ ਵਲੋਂ ਖਰਚੀ ਜਾਂਦੀ ਰਕਮ ਵਿੱਚ ਬੀਮਾਯੋਗ ਹਿੱਤ ਹੁੰਦੇ ਹਨ, ਜਿਸ ਵਿੱਚ ਪ੍ਰਬੰਧ ਅਤੇ ਭੰਡਾਰ ਦੇ ਸਮੇਤ। **ਇਹ ਖਰਚਿਆਂ ਨੂੰ ਟਰਮ ਮੁਤਾਬਕ ਵੰਡਿਆ ਜਾਂਦਾ ਹੈ ਅਤੇ ਸਮੇਂ ਦੇ ਅੰਤਰਾਲ ਲਈ ਢਾਂਚਾ ਪਾਲਸੀ ਨਾਲ ਸਮਾਂਤਰ ਬੀਮਾ ਕੀਤਾ ਜਾਂਦਾ ਹੈ।**

ਖਾਸ

ਹਵਾਬਾਜ਼ੀ ਬੀਮਾ: ਹਵਾਈ-ਜਹਾਜ਼ ਲਈ ਵੀ ਵਿਆਪਕ ਪਾਲਸੀ ਉਪਲੱਬਧ ਹੈ, ਜੋ ਕਿ ਹਵਾਈ-ਜਹਾਜ਼ ਨੂੰ ਹੋਣ ਵਾਲੇ ਘਾਟੇ ਜਾਂ ਨੁਕਸਾਨ ਦੇ ਨਾਲ ਨਾਲ ਸੁਤੰਤਰ ਧਿਰਾਂ ਅਤੇ ਹਵਾਈ-ਜਹਾਜ਼ ਵਿੱਚ ਜਾ ਰਹੇ ਮੁਸਾਫਰਾਂ ਲਈ ਕਾਨੂੰਨੀ ਦੇਣਦਾਰੀਆਂ ਬੀਮਾ ਸੁਰੱਖਿਆ ਦਿੰਦੀ ਹੈ।

ਖੁਦ ਜਾਂਚ ਕਰੋ **10**

ਬੀਮੇ ਦੀ ਕਿਹੜੀ ਬਰਾਂਚ ਜੰਗ ਸੰਕਟਾਂ ਲਈ ਬੀਮਾ ਸੁਰੱਖਿਆ ਦਿੰਦੀ ਹੈ?

I. ਜਹਾਜ਼ੀ ਪਾਲਸੀਆਂ
II. ਹਵਾਬਾਜ਼ੀ ਬੀਮਾ
III. ਉੱਤੇ ਦਿੱਤਿਆਂ ਵਿੱਚੋਂ ਦੋਵੇਂ
IV. ਉੱਤੇ ਦਿੱਤਿਆਂ ਵਿੱਚੋਂ ਕੋਈ ਨਹੀਂ

K. ਦੇਣਦਾਰੀ ਪਾਲਸੀਆਂ

ਦੁਰਘਟਨਾਵਾਂ ਤੋਂ ਹਾਲਾਂਕਿ ਪੂਰੀ ਤਰ੍ਹਾਂ ਬਚਿਆ ਨਹੀਂ ਜਾ ਸਕਦਾ ਹੈ, ਪਰ ਸਾਵਧਾਨ ਵਿਅਕਤੀ ਬਚਾ ਸਕਦਾ ਹੈ। ਇਸ ਦੇ ਨਤੀਜੇ ਵਜੋਂ ਖੁਦ ਲਈ ਸੱਟਾਂ ਅਤੇ ਆਪਣੀ ਜਾਇਦਾਦ ਦਾ ਨੁਕਸਾਨ ਹੋ ਸਕਦਾ ਹੈ ਅਤੇ ਨਾਲ ਹੀ ਹੋਰ ਵਿਅਕਤੀ ਦੇ ਸੱਟਾਂ ਅਤੇ ਉਹਨਾਂ ਦੀ ਜਾਇਦਾਦ ਦਾ ਨੁਕਸਾਨ ਹੋ ਸਕਦਾ ਹੈ। ਇਸਕਰਕੇ ਪ੍ਰਭਾਵਿਤ ਹੋਣ ਵਾਲੇ ਵਿਅਕਤੀ ਇੰਝ ਦੇ ਘਾਟੇ ਲਈ ਹਰਜਾਨੇ ਦਾ ਦਾਅਵਾ ਕਰਨਗੇ।

ਬਣਾਏ ਤੇ ਵੇਚੇ ਗਏ ਉਤਪਾਦ ਵਿੱਚ ਨੁਕਸ ਤੋਂ ਵੀ ਦੇਣਦਾਰੀ ਉੱਠ ਸਕਦੀ ਹੈ, ਜਿਵੇਂ ਕਿ ਚਾਕਲੇਟ ਜਾਂ ਦਵਾਈਆਂ, ਜੋ ਕਿ ਗਾਹਕ ਨੂੰ ਨੁਕਸਾਨ ਦੇ ਸਕਦੀਆਂ ਹਨ। ਇਸੇਤਰ੍ਹਾਂ, ਮਰੀਜ਼ ਦੀ ਗਲਤ ਜਾਂਚ / ਇਲਾਜ ਜਾਂ ਵਕੀਲ ਵਲੋਂ ਆਪਣੇ ਕਲਾਇਟ ਦਾ ਕੇਸ ਠੀਕ ਨਾਲ ਨਾਲ ਨਿਪਟਾਉਣ ਤੋਂ ਦੇਣਦਾਰੀ ਪੈਦਾ ਹੋ ਸਕਦੀ ਹੈ।

ਸਭ ਕੇਸਾਂ ਵਿੱਚ, ਜਦੋਂ ਸੁਤੰਤਰ ਧਿਰ, ਗਾਹਕ ਜਾਂ ਮਰੀਜ਼ ਕਥਿਤ ਗਲਤ ਕਰਨ ਦੇ ਲਈ ਹਰਜਾਨੇ ਦੀ ਮੰਗ ਕਰੇਗਾ, ਇਸ ਦੇ ਨਾਲ ਹਰਜਾਨੇ ਦੇ ਭੁਗਤਾਨ ਕਰਨ ਜਾਂ ਦਾਅਵੇਦਾਰ ਰਾਹੀਂ ਕੀਤੇ ਗਏ ਕੇਸ ਲੜਨ ਦਾ ਖਰਚਾ ਪੂਰਾ ਕਰਨ ਦੀ ਲੋੜ ਪੈਦਾ ਹੁੰਦੀ ਹੈ। ਦੂਜੇ ਸ਼ਬਦਾਂ ਵਿੱਚ, ਭੁਗਤਾਨ ਕਰਨ ਦੀ ਦੇਣਦਾਰੀ ਰਾਹੀਂ ਵਿੱਤੀ ਘਾਟਾ ਪੈਦਾ ਹੁੰਦਾ ਹੈ। ਇੰਝ ਦੀ ਦੇਣਦਾਰੀ ਦੀ ਮੌਜੂਦਗੀ ਅਤੇ ਭੁਗਤਾਨ ਕਰਨ ਵਾਲੇ ਹਰਜਾਨੇ ਦੀ ਰਕਮ ਨੂੰ ਦੀਵਾਨੀ ਅਦਾਲਤ ਵਲੋਂ ਤਹਿ ਕੀਤਾ ਜਾਵੇਗਾ, ਜੋ ਕਿ ਲਾਪਰਵਾਹੀ / ਧੋਖੇ ਦੇ ਪੱਖ ਵਿੱਚ ਹੋਵੇਗਾ। ਦੇਣਦਾਰੀ ਬੀਮਾ ਪਾਲਸੀਆਂ ਇੰਝ ਦੀਆਂ ਦੇਣਦਾਰੀਆਂ ਲਈ ਬੀਮਾ ਸੁਰੱਖਿਆ ਦਿੰਦੀਆਂ ਹਨ।

ਆਓ ਦੇਣਦਾਰੀਆਂ ਪਾਲਸੀਆਂ ਵਿੱਚੋਂ ਕੁਝ ਵੇਖੀਏ।

ਕਨੂੰਨੀ ਦੇਣਦਾਰੀ

ਹਰਜਾਨਾ ਦੇ ਭੁਗਤਾਨ ਕਰਨ ਲਈ ਕੁਝ ਕਨੂੰਨ ਜਾਂ ਵਿਧਾਨ ਹਨ। ਕਾਨੂੰਨ ਹਨ:

- ✓ ਪਬਲਿਕ ਦੇਣਦਾਰੀ ਬੀਮਾ ਐਕਟ, 1991 ਅਤੇ
- ✓ ਮੁਲਾਜ਼ਮ ਹਰਜਾਨਾ ਐਕਟ 1923, 2010 ਵਿੱਚ ਸੋਧਿਆ

ਇੰਝ ਦੀਆਂ ਦੇਣਦਾਰੀਆਂ ਦੇ ਸਬੰਧ ਵਿੱਚ ਸੁਰੱਖਿਆ ਵਾਸਤੇ ਬੀਮਾ ਪਾਲਸੀਆਂ ਉਪਲੱਬਧ ਹਨ। ਆਓ ਇਹਨਾਂ ਵਿੱਚੋਂ ਕੁਝ ਵੇਖੀਏ।

1. ਲਾਜ਼ਮੀ ਜਨਤਕ ਦੇਣਦਾਰੀ ਪਾਲਸੀ

ਜਨਤਕ ਦੇਣਦਾਰੀ ਬੀਮਾ ਕਾਨੂੰਨ, 1991 ਵਿੱਚ ਬਿਨਾਂ ਗ਼ਲਤੀ ਦੇ ਆਧਾਰ ਉੱਤੇ ਉਹਨਾਂ, ਜੋ ਕਿ ਖ਼ਤਰਨਾਕ ਚੀਜ਼ਾਂ ਦਾ ਇਸਤੇਮਾਲ ਕਰਦੇ ਹਨ, ਉੱਤੇ ਦੇਣਦਾਰੀ ਤਹਿ ਕੀਤੀ ਗਈ ਹੈ, ਜੇ ਕੋਈ ਜ਼ਖਮੀ ਹੋ ਜਾਵੇ ਜਾਂ ਉਸ ਦੀ

ਜਾਇਦਾਦ ਦਾ ਨੁਕਸਾਨ ਹੋ ਜਾਵੇ ਅਤੇ 'ਕਾਨੂੰਨ' ਵਿੱਚ ਸੂਚੀਬੱਧ ਹਰੇਕ ਚੀਜ਼ ਲਈ। ਖ਼ਤਰਨਾਕ ਚੀਜ਼ਾਂ ਦੇ ਨਾਂ ਅਤੇ ਹਰੇਕ ਦੀ ਗਿਣਤੀ ਮਿਤੀ ਨੂੰ 'ਕਾਨੂੰਨ' ਵਿੱਚ ਸੂਚੀਬੱਧ ਹੈ।

ਹਰੇਕ ਵਿਅਕਤੀ ਲਈ ਦਿੱਤੇ ਜਾਣ ਵਾਲੇ ਹਰਜਾਨੇ ਦੀ ਰਕਮ ਤਹਿ ਹੈ, ਜੋ ਕਿ ਹੇਠਾਂ ਵਿਖਾਈ ਗਈ ਹੈ।

ਦੇਣਯੋਗ ਹਰਜਾਨਾ

ਘਾਤਕ ਦੁਰਘਟਨਾ	ਰੁ: 25,000
ਪੱਕੇ ਤੌਰ ਉੱਤੇ ਪੂਰੀ ਅਪੰਗਤਾ	ਰੁ: 25,000
ਪੱਕੇ ਤੌਰ ਉੱਤੇ ਅਧੂਰੀ ਅਪੰਗਤਾ	% ਰੁ: 25,000 ਅਪੰਗਤਾ % ਦੇ ਮੁਤਾਬਕ
ਆਰਜ਼ੀ ਅਧੂਰੀ ਅਪੰਗਤਾ	ਰੁ: 1000 ਪ੍ਰਤੀ ਮਹੀਨੇ, ਵੱਧ ਤੋਂ ਵੱਧ 3 ਮਹੀਨਿਆਂ ਲਈ
ਅਸਲ ਡਾਕਟਰੀ ਖਰਚੇ	ਹੱਦ ਵੱਧ ਤੋਂ ਵੱਧ ਰੁ. 12,500
ਜਾਇਦਾਦ ਲਈ ਅਸਲ ਨੁਕਸਾਨ, ਹੱਦ	ਰੁ: 6,000

ਪ੍ਰੀਮੀਅਮ ਏਓਏ (ਕੋਈ ਵੀ ਇੱਕ ਦੁਰਘਟਨਾ) ਹੱਦ ਦੇ ਅਧਾਰ ਉੱਤੇ ਅਤੇ ਕਲਾਂਇਟ ਦੇ ਕਮਾਈ ਮੁਤਾਬਕ। ਇਹ ਪਾਲਸੀ ਦਾ ਖਾਸ ਲੱਛਣ ਹੈ ਕਿ ਬੀਮਤ ਨੂੰ ਲਾਜ਼ਮੀ ਰੂਪ ਵਿੱਚ ਪ੍ਰੀਮੀਅਮ ਦੇ ਬਰਾਬਰ ਦੀ ਰਕਮ ਦਾ ਯੋਗਦਾਨ ਵਾਤਾਵਰਨ ਰਾਹਤ ਫੰਡ ਵਿੱਚ ਦੇਣਾ ਹੁੰਦਾ ਹੈ। ਜੇ ਵੱਡੀ ਗਿਣਤੀ ਵਿੱਚ ਸੁਤੰਤਰ ਧਿਰਾਂ ਪ੍ਰਭਾਵਿਤ ਹੁੰਦੀਆਂ ਹਨ ਅਤੇ ਕੁੱਲ ਦਿੱਤੀ ਜਾਣ ਵਾਲੀ ਰਾਹਤ ਦੀ ਰਕਮ ਏ.ਓ.ਏ. ਹੱਦ ਤੋਂ ਵੱਧ ਜਾਵ ਤਾਂ ਬਕਾਇਆ ਰਕਮ ਨੂੰ ਫੰਡ ਰਾਹੀਂ ਦਿੱਤੀ ਜਾਵੇਗੀ।

2. ਜਨਤਕ ਦੇਣਦਾਰੀ ਪਾਲਸੀ (ਉਦਯੋਗਿਕ / ਗੈਰ-ਉਦਯੋਗਿਕ ਜੋਖਿਮ)

ਪਾਲਸੀ ਦੀ ਇਹ ਕਿਸਮ ਬੀਮਤ ਦੀ ਗ਼ਲਤੀ / ਲਾਪਰਵਾਹੀ ਦੇ ਕਰਕੇ ਸੁਤੰਤਰ ਧਿਰ ਦੇ ਜ਼ਖਮੀ ਹੋਣ ਜਾਂ ਜਾਇਦਾਦ ਤਬਾਹ ਹੋਣ ਦੇ ਹਾਲਤ ਵਿੱਚ ਪੈਦਾ ਹੋਈ ਦੇਣਦਾਰੀ ਲਈ ਬੀਮਾ ਸੁਰੱਖਿਆ ਦਿੰਦੀ ਹੈ।

ਉਦਯੋਗਿਕ ਜੋਖਿਮ ਦੇ ਨਾਲ ਨਾਲ ਗ਼ੈਰ-ਉਦਯੋਗਿਕ ਜੋਖਿਮ ਦੀ ਬੀਮਾ ਸੁਰੱਖਿਆ ਲਈ ਵੱਖ-ਵੱਖ ਪਾਲਸੀਆਂ ਹਨ ਜਿਵੇਂ ਕਿ ਜੋ ਹੋਟਲ, ਸਿਨੇਮਾ ਹਾਲਤ, ਆਡੀਟੋਰੀਅਮ, ਰਿਹਾਇਸ਼ ਥਾਂ, ਦਫ਼ਤਰ, ਸਟੇਡੀਅਮ, ਗੁਦਾਮ, ਅਤੇ ਦੁਕਾਨਾਂ ਨੂੰ ਪ੍ਰਭਾਵਿਤ ਕਰਦੇ ਹਨ। ਇਹ ਹਰਜਾਨੇ ਦੇ ਭੁਗਤਾਨ ਲਈ ਕਾਨੂੰਨੀ ਦੇਣਦਾਰੀਆਂ ਲਈ ਬੀਮਾ ਸੁਰੱਖਿਆ ਦਿੰਦੀ ਹੈ, ਜਿਸ ਵਿੱਚ TPPI/TPPD ਦੇ ਸਬੰਧੀ ਭਾਰਤੀ ਕਾਨੂੰਨ ਦੇ ਮੁਤਾਬਕ ਦਾਅਵੇਦਾਰ ਦੀਆਂ ਕੀਮਤਾਂ, ਫੀਸਾਂ ਅਤੇ ਖਰਚੇ ਵੀ ਸ਼ਾਮਿਲ ਹਨ।

ਪਾਲਸੀ ਬੀਮਾ ਸੁਰੱਖਿਆ ਨਹੀਂ ਦਿੰਦੀ ਹੈ:

a) ਉਤਪਾਦ ਦੇਣਦਾਰੀ

b) ਪ੍ਰਦੂਸ਼ਨ ਦੇਣਦਾਰੀ

c) ਆਵਾਜਾਈ ਅਤੇ

d) ਕਾਮੇ / ਮੁਲਾਜ਼ਮਾਂ ਦੇ ਸੱਟਾਂ

3. ਉਤਪਾਦ ਦੇਣਦਾਰੀ ਪਾਲਸੀ

ਉਤਪਾਦ ਦੇਣਦਾਰੀ ਬੀਮੇ ਦੀ ਮੰਗ ਪੈਂਦਾ ਹੁੰਦੀ ਹੈ ਕਿਉਂਕਿ ਉਤਪਾਦ ਦੀਆਂ ਕਈ ਕਿਸਮਾਂ (ਜਿਵੇਂ ਕਿ ਕੈਨ ਵਿੱਚ ਪੈਕ ਕੀਤੇ ਭੋਜਨ, ਹਵਾ ਸਮੇਤ ਪਾਣੀ, ਦਵਾਈਆਂ ਤੇ ਟੀਕੇ, ਬਿਜਲੀ ਯੰਤਰ, ਮਸ਼ੀਨੀ ਯੰਤਰ, ਰਸਾਇਣ ਆਦਿ), ਜੋ ਕਿ ਅੱਜ ਬਣਾਈਆਂ ਜਾਂਦੀਆਂ ਹਨ ਅਤੇ ਜਨਤਕ ਤੌਰ ਉੱਤੇ ਵੇਚੀਆਂ ਜਾਂਦੀਆਂ ਹਨ। ਜੇ ਉਤਪਾਦ ਵਿੱਚ ਨੁਕਸ ਹੋਣ ਕਰਕੇ ਮੌਤ ਹੋਵੇ, ਸਰੀਰ ਫੱਟੜ ਹੋਵੇ ਜਾਂ ਬੀਮਾਰੀ ਹੋਵੇ ਜਾਂ ਸੁਤੰਤਰ ਧਿਰ ਦੀ ਜਾਇਦਾਦ ਲਈ ਨੁਕਸਾਨ ਹੋਵੇ ਤਾਂ ਇਸ ਲਈ ਦਾਅਵਾ ਹੋ ਸਕਦਾ ਹੈ। ਉਤਪਾਦ ਦੇਣਦਾਰੀ ਪਾਲਸੀਆਂ ਵਿੱਚ ਬੀਮਤ ਦੀ ਇਹ ਦੇਣਦਾਰੀ ਲਈ ਬੀਮਾ ਸੁਰੱਖਿਆ ਹੁੰਦੀ ਹੈ।

ਬੀਮਾ ਸੁਰੱਖਿਆ ਬਰਾਮਦ ਦੇ ਨਾਲ ਨਾਲ ਘਰੇਲੂ ਵਿਕਰੀ ਲਈ ਵੀ ਉਪਲੱਬਧ ਹੈ।

4. ਲਿਫ਼ਟ (ਸੁਤੰਤਰ ਧਿਰ) ਦੇਣਦਾਰੀ ਬੀਮਾ

ਇਹ ਪਾਲਸੀ ਲਿਫ਼ਟ ਦੀ ਵਰਤੋਂ ਅਤੇ ਕੰਮ ਦੀ ਵਰਤੋਂ ਨਾਲ ਪੈਦਾ ਹੋਣ ਵਾਲੀਆਂ ਦੇਣਦਾਰੀਆਂ ਦੇ ਸਬੰਧ ਵਿੱਚ ਇਮਾਰਤ ਦੇ ਮਾਲਕਾਂ ਲਈ ਹਰਜਾਨਾ ਦਿੰਦੀ ਹੈ। ਇਹ ਵਿੱਚ ਕਾਨੂੰਨੀ ਦੇਣਦਾਰੀ ਸ਼ਾਮਿਲ ਹੈ:

a) ਕਿਸੇ ਵਿਅਕਤੀ ਦੀ ਮੌਤ / ਸਰੀਰ ਜ਼ਖ਼ਮੀ ਹੋਣਾ (ਬੀਮਤ ਦੇ ਮੁਲਾਜ਼ਮਾਂ ਨੂੰ ਛੱਡ ਕੇ)

b) ਜਾਇਦਾਦ ਦਾ ਨੁਕਸਾਨ (ਬੀਮਤ ਦੀ ਆਪਣੀ ਜਾਂ ਮੁਲਾਜ਼ਮ ਦੀ ਜਾਇਦਾਦ ਨੂੰ ਛੱਡ ਕੇ)

ਪ੍ਰੀਮੀਅਮ ਦਰ ਹਰਜਾਨੇ ਦੀ ਦਰ, ਕਿਸੇ ਇੱਕ ਵਿਅਕਤੀ, ਕੋਈ ਇੱਕ ਦੁਰਘਟਨਾ ਅਤੇ ਕਿਸੇ ਇੱਕ ਸਾਲ ਉੱਤੇ ਨਿਰਭਰ ਕਰਦੀ ਹੈ।

5. ਪੇਸ਼ਾਵਰ ਦੇਣਦਾਰੀ

ਪੇਸ਼ਾਵਰ ਹਰਜਾਨੇ ਨੂੰ ਪੇਸ਼ਾਵਰ ਲੋਕਾਂ ਨੂੰ ਉਹਨਾਂ ਦੀਆਂ ਪੇਸ਼ਾਵਰ ਫ਼ਰਜ਼ਾਂ ਨੂੰ ਪੂਰਾ ਕਰਨ ਦੇ ਦੌਰਾਨ ਲਾਪਰਵਾਹੀ ਦੇ ਕਰਕੇ ਹੋਏ ਨੁਕਸਾਨ ਦੇ ਭੁਗਤਾਨ ਕਰਨ ਦੀ ਉਹਨਾਂ ਦੀ ਕਾਨੂੰਨੀ ਦੇਣਦਾਰੀ ਉੱਤੇ ਬੀਮਾ ਸੁਰੱਖਿਆ ਦੇਣ ਲਈ ਤਿਆਰ ਕੀਤਾ ਹੈ। ਇੰਝ ਦੀ ਬੀਮਾ ਸੁਰੱਖਿਆ ਡਾਕਟਰਾਂ ਹਸਪਤਾਲਾਂ; ਇੰਜਨੀਅਰਾਂ, ਆਰਚੀਟੈਕਟ; ਚਾਰਟਡ ਅਕਾਊਂਟੈਂਟ, ਵਿੱਤੀ ਸਲਾਹਕਾਰ, ਵਕੀਲ, ਬੀਮਾ ਦਲਾਲਾਂ ਲਈ ਉਪਲੱਬਧ ਹੈ।

6. ਡਾਇਰੈਕਟਰੀ ਅਤੇ ਅਧਿਕਾਰੀਆਂ ਦੀ ਕਾਨੂੰਨੀ ਦੇਣਦਾਰੀ

ਕੰਪਨੀਆਂ ਦੇ ਡਾਇਰੈਕਟਰ ਅਤੇ ਅਧਿਕਾਰੀ ਭਰੋਸੇ ਅਤੇ ਜ਼ਿੰਮੇਵਾਰੀਆਂ ਦੇ ਅਹੁਦੇ ਰੱਖਦੇ ਹਨ। ਉਹ ਕੰਪਨੀ ਦੇ ਨਿਗਰਾਨੀ ਅਤੇ ਪ੍ਰਬੰਧ ਦੇ ਮਾਮਲਿਆਂ ਵਿੱਚ ਉਹਨਾਂ ਵਲੋਂ ਕੀਤੇ ਗਲਤ ਕੰਮਾਂ ਲਈ ਸ਼ੇਅਰ-ਹੋਲਡਰ, ਮੁਲਾਜ਼ਮਾਂ, ਕਰਜ਼ਦਾਤਿਆਂ, ਅਤੇ ਕੰਪਨੀ ਦੇ ਹੋਰ ਸਟਾਕ-ਹੋਲਡਰਾਂ ਦੇ ਹੋਏ ਨੁਕਸਾਨ ਦੇ ਭੁਗਤਾਨ ਕਰਨ ਲਈ ਦੇਣਦਾਰ ਹੋ ਸਕਦੇ ਹਨ। ਇੰਝ ਦੀ ਦੇਣਦਾਰੀ ਦੀ ਬੀਮਾ ਸੁਰੱਖਿਆ ਲਈ ਪਾਲਸੀ ਦੀ ਯੋਗਨਾ ਬਣਾਈ ਗਈ ਹੈ ਅਤੇ ਕੰਪਨੀ ਨੂੰ ਉਸ ਦੇ ਸਭ ਡਾਇਰੈਕਟਰੀਆਂ ਨੂੰ ਬੀਮਾ ਸੁਰੱਖਿਆ ਦੇਣ ਲਈ ਜਾਰੀ ਕੀਤੀ ਜਾਂਦੀ ਹੈ।

7. ਮੁਲਾਜ਼ਮ ਦਾ ਹਰਜਾਨਾ ਬੀਮਾ

ਇਹ ਪਾਲਸੀ ਬੀਮਤ ਨੂੰ ਉਸ ਦੇ ਮੁਲਾਜ਼ਮ ਨੂੰ ਮੁਆਵਜ਼ਾ ਦੇਣ ਲਈ ਉਸ ਦੀ ਕਾਨੂੰਨੀ ਦੇਣਦਾਰੀ ਲਈ ਹਰਜਾਨਾ ਦਿੰਦੀ ਹੈ, ਜਿਸ ਨੂੰ ਉਸ ਦੀ ਨੌਕਰੀ ਦੇ ਦੌਰਾਨ ਦੁਰਘਟਨਾ ਦੌਰਾਨ ਨਿੱਜੀ ਸੱਟਾਂ ਲੱਗੀਆਂ ਹੋਣ ਜਾਂ ਬੀਮਾਰੀ ਲੱਗੀ ਹੋਵੇ। ਇਸ ਨੂੰ **ਕਾਮੇ ਦਾ ਹਰਜਾਨਾ ਬੀਮਾ** ਕਹਿੰਦੇ ਹਨ।

ਬਾਜ਼ਾਰ ਵਿੱਚ ਬੀਮੇ ਦੇ ਦੋ ਫਾਰਮ ਪ੍ਰਚਲਿਤ ਹਨ:

a) **ਸਾਰਣੀ ਏ:** ਮੁਲਜ਼ਾਮ ਮੁਆਵਜ਼ਾ ਐਕਟ, 1923 (ਕਰਮਚਾਰੀ ਦਾ ਮੁਆਵਜ਼ਾ ਕਾਨੂੰਨ), ਘਾਤਕ ਦੁਰਘਟਨਾ ਐਕਟ, 1855 ਅਤੇ ਆਮ ਕਾਨੂੰਨ ਦੇ ਤਹਿਤ ਮੁਲਾਜ਼ਮਾਂ ਨੂੰ ਹੋਣ ਵਾਲੀਆਂ ਦੁਰਘਟਨਾਵਾਂ ਲਈ ਕਾਨੂੰਨੀ ਦੇਣਦਾਰੀ ਵਿਰੁਧ ਹਰਜਾਨਾ

b) **ਸਾਰਣੀ ਬੀ** ਘਾਤਕ ਦੁਰਘਟਨਾਵਾਂ ਕਾਨੂੰਨ, 1855 ਅਤੇ ਆਮ ਕਾਨੂੰਨ ਦੇ ਤਹਿਤ ਕਾਨੂੰਨੀ ਦੇਣਦਾਰੀ ਲਈ ਹਰਜਾਨਾ।

ਪ੍ਰੀਮੀਅਮ ਦਰ ਨੂੰ ਪੇਸ਼ਕਸ਼ ਫਾਰਮ ਵਿੱਚ ਐਲਾਨੀ ਮੁਲਾਜ਼ਮ ਦੀ ਅੰਦਾਜ਼ਨ ਤਨਖਾਹ ਉੱਤੇ ਲਾਗੂ ਕੀਤਾ ਜਾਂਦਾ ਹੈ ਅਤੇ ਪ੍ਰੀਮੀਅਮ ਨੂੰ ਪਾਲਸੀ ਦੀ ਮਿਆਦ ਪੁੱਗਣ ਉੱਤੇ ਬੀਮਤ ਵਲੋਂ ਅਸਲ ਐਲਾਨੀ ਤਨਖਾਹ ਦੇ ਅਧਾਰ ਉੱਤੇ ਸੋਧਿਆ ਜਾਂਦਾ ਹੈ।

ਪਾਲਸੀ ਨੂੰ ਅੱਗੇ ਦਿੱਤੀ ਬੀਮਾ ਸੁਰੱਖਿਆ ਲਈ ਵਧਾਇਆ ਜਾ ਸਕਦਾ ਹੈ:

i. ਬੀਮਤ ਵਲੋਂ ਮੁਲਾਜ਼ਮ ਦੀਆਂ ਸੱਟਾਂ ਦਾ ਇਲਾਜ ਲਈ ਡਾਕਟਰੀ ਅਤੇ ਹਸਪਤਾਲ ਦਾ ਖਰਚਾ ਆਪਣੇ ਉੱਪਰ ਲਿਆ ਜਾਂਦਾ ਹੈ, ਤਹਿ ਕੀਤੀ ਰਕਮ ਤੱਕ

ii. ਕਾਨੂੰਨ ਵਿੱਚ ਸੂਚੀਬੱਧ ਪੇਸ਼ੇ ਸਬੰਧੀ ਬੀਮਾਰੀਆਂ ਲਈ ਦੇਣਦਾਰੀ

iii. ਠੇਕੇਦਾਰ ਦੇ ਮੁਲਾਜ਼ਮਾਂ ਵੱਲ ਦੇਣਦਾਰੀ

ਖੁਦ ਜਾਂਚ ਕਰੋ **11**

ਜਨਤਕ ਦੇਣਦਾਰੀ ਬੀਮਾ ਕਾਨੂੰਨ, 1991 ਦੇ ਅਧੀਨ, ਅਸਲ ਡਾਕਟਰੀ ਖਰਚੇ ਲਈ ਕਿੰਨਾ ਮੁਆਵਜ਼ਾ ਦੇਣਯੋਗ ਹੈ?

I. ਰੁ: 6,250

II. ਰੁ: 12,500

III. ਰੁ: 25,000

IV. ਰੁ: 50,000

ਸਾਰ

a) ਅੱਗ ਬੀਮਾ ਪਾਲਸੀ ਵਪਾਰਕ ਉਦਯੋਗਾਂ ਦੇ ਨਾਲ ਨਾਲ ਜਾਇਦਾਦ ਦੇ ਮਾਲਕਾਂ, ਵਿਅਕਤੀਗਤ / ਵਿੱਤ ਸੰਸਥਾਵਾਂ, ਜਿਹਨਾਂ ਦਾ ਜਾਇਦਾਦ ਵਿੱਚ ਵਿੱਤੀ ਹਿੱਤ ਹੁੰਦੇ ਹਨ, ਦੇ ਲਈ ਢੁੱਕਵੀਂ ਹੁੰਦੀ ਹੈ।

b) ਅੱਗ ਪਾਲਸੀਆਂ ਦੇ ਵੱਖ-ਵੱਖ ਰੂਪਾਂ ਵਿੱਚ ਹਨ:

- ✓ ਮਾਰਕੀਟ ਮੁੱਲ ਅਧਾਰ ਪਾਲਸੀ
- ✓ ਐਲਾਨ ਪਾਲਸੀਆਂ
- ✓ ਫਲੋਟਰ ਪਾਲਸੀ

c) ਪਰਿਣਾਮੀ ਘਾਟਾ (CL) ਪਾਲਸੀ ਜਾਂ ਕਾਰੋਬਾਰ ਰੁਕਾਵਟ (BI) ਘਾਟਾ ਪਾਲਸੀ, ਜੋ ਕਿ ਕੁੱਲ ਫਾਇਦੇ ਦੇ ਰੂਪ ਵਿੱਚ ਹੁੰਦਾ ਹੈ, ਲਈ ਹਰਜਾਨਾ ਦਿੰਦੀ ਹੈ - ਜਿਸ ਵਿੱਚ ਸ਼ੁੱਧ ਫਾਇਦਾ ਅਤੇ ਬੀਮਤ ਵਲੋਂ ਕਾਰੋਬਾਰ ਨੂੰ, ਅੰਤਿਮ ਘਾਟੇ ਨੂੰ ਜਿੰਨਾ ਵੀ ਸੰਭਵ ਹੋਵੇ ਘੱਟ ਕਰਨ ਲਈ, ਆਮ ਦੀ ਤਰ੍ਹਾਂ ਚਾਲੂ ਕਰਨ ਲਈ ਝੱਲੀ ਗਈ ਵਧੀ ਕੀਮਤ ਦੇ ਨਾਲ ਸਥਾਈ ਖਰਚੇ ਸ਼ਾਮਿਲ ਹਨ।

d) ਸੰਨ੍ਹਮਾਰੀ ਪਾਲਸੀ ਕਾਰੋਬਾਰੀ ਥਾਵਾਂ ਜਿਵੇਂ ਕਿ ਫੈਕਟਰੀਆਂ, ਦੁਕਾਨਾਂ, ਦਫ਼ਤਰਾਂ, ਵੇਅਰਹਾਊਸ ਅਤੇ ਗੁਦਾਮਾਂ ਲਈ ਹੈ, ਜਿੱਥੇ ਕਿ ਸਟਾਕ, ਸਾਮਾਨ, ਫਰਨੀਚਰ, ਚਲ ਸੰਪੱਤੀ ਅਤੇ ਤਿਜੌਰੀ ਵਿੱਚ ਰੱਖੀ ਨਕਦੀ, ਜਿਹਨਾਂ ਦੀ ਚੋਰੀ ਹੋ ਸਕਦੀ ਹੈ।

e) ਧਨ ਬੀਮਾ ਪਾਲਸੀ ਨੂੰ ਨਕਦ ਚੈਕ/ਪੋਸਟ ਆਰਡਰ/ਡਾਕ ਟਿਕਟਾਂ ਨੂੰ ਨਿਪਟਾਉਣ ਦੌਰਾਨ ਹੋਣ ਵਾਲੇ ਘਾਟੇ ਲਈ ਬੀਮਾ ਸੁਰੱਖਿਆ ਦੇਣ ਲਈ ਤਿਆਰ ਕੀਤਾ ਗਿਆ ਹੈ।

f) ਧਨ ਬੀਮਾ ਪਾਲਸੀਆਂ ਦੋ ਭਾਗਾਂ ਵਿੱਚ ਬੀਮਾ ਸੁਰੱਖਿਆ ਦਿੰਦੀ ਹੈ: ਭੇਜਣ (transit) ਭਾਗ ਅਤੇ ਇਮਾਰਤ ਭਾਗ

g) ਦ੍ਰਿੜ੍ਹਤਾ ਗਾਰੰਟੀ ਬੀਮਾ ਮਾਲਕ (ਜਾਂ ਕੰਪਨੀ) ਨੂੰ ਉਹਨਾਂ ਨੂੰ ਉਹਨਾਂ ਦੇ ਮੁਲਾਜ਼ਮਾਂ ਵਲੋਂ ਧੋਖਾ ਦੇਣ ਜਾਂ ਬੇਈਮਾਨੀ ਕਰਕੇ ਜਾਲ੍ਹਸਾਜ਼ੀ, ਗ਼ਬਨ, ਲੁੱਟ ਜਾਂ ਕੁਵਰਤੋਂ ਤੇ ਕੁਤਾਹੀ ਦੇ ਕਰਕੇ ਹੋਣ ਵਾਲੇ ਵਿੱਤੀ ਘਾਟੇ ਲਈ ਹਰਜਾਨਾ ਦਿੰਦਾ ਹੈ।

h) ਦ੍ਰਿੜ੍ਹਤਾ ਗਾਰੰਟੀ ਪਾਲਸੀ ਦੀਆਂ ਕਿਸਮਾਂ ਵਿੱਚ ਸ਼ਾਮਿਲ ਹਨ: ਨਿੱਜੀ ਪਾਲਸੀ, ਸਮੂਹਿਕ ਫਲੋਟਿੰਗ ਪਾਲਸੀ, ਸਥਿਤੀ ਪਾਲਸੀ ਅਤੇ ਪਰਦਾ ਪਾਉਣ ਪਾਲਸੀ

i) ਬੈਂਕਰ ਹਰਜਾਨਾ ਪਾਲਸੀ ਇੱਕ ਵਿਆਪਕ ਬੀਮਾ ਸੁਰੱਖਿਆ ਬੈਂਕ, ਐਨਬੀਐਫਸੀ ਅਤੇ ਹੋਰ ਸੰਸਥਾਵਾਂ, ਜੋ ਕਿ ਧਨ ਦੇ ਸਬੰਧੀ ਕੰਮ ਕਰਦੀਆਂ ਹਨ, ਦੇਣ ਲਈ ਲਈ ਖਰੜਾ ਤਿਆਰ ਕੀਤਾ ਗਿਆ ਸੀ, ਉਹਨਾਂ ਨੂੰ ਧਨ ਅਤੇ ਜਮਾਨਤ ਦੇ ਸਬੰਧੀ ਪੈਦਾ ਹੋਣ ਵਾਲੇ ਖਾਸੇ ਜੋਖਿਮਾਂ ਨੂੰ ਧਿਆਨ ਵਿੱਚ ਰੱਖਦੇ ਹੋਏ।

j) ਵੱਡੀਆਂ ਪਾਲਸੀਆਂ, ਜੋ ਕਿ ਇੰਜਨੀਅਰਿੰਗ ਬੀਮੇ ਦੇ ਅਧੀਨ ਆਉਂਦੀਆਂ ਹਨ:

- ✓ ਠੇਕੇਦਾਰ ਸਭ ਜੋਖਿਮ (ਸੀ.ਏ.ਆਰ) ਪਾਲਸੀ
- ✓ ਠੇਕੇਦਾਰ ਪਲਾਂਟ ਅਤੇ ਮਸ਼ਨੀਰੀ ਪਾਲਸੀ
- ✓ ਨਿਰਮਾਣ ਸਭ ਜੋਖਿਮ ਪਾਲਸੀ
- ✓ ਮਸ਼ੀਨ ਖਰਾਬ ਹੋਣ ਪਾਲਸੀ
- ✓ ਬੁਆਇਲਰ ਅਤੇ ਪ੍ਰੈਸ਼ਰ ਪਲਾਂਟ ਨੀਤੀ
- ✓ ਮਸ਼ੀਨਰੀ ਫਾਇਦੇ ਦਾ ਨੁਕਸਾਨ ਪਾਲਸੀ
- ✓ ਸਟਾਕ ਖਰਾਬ ਹੋਣ ਪਾਲਸੀ
- ✓ ਇਲੈਕਟ੍ਰੋਨਿਕ ਯੰਤਰ ਪਾਲਸੀ
- ✓ ਫਾਇਦੇ ਦਾ ਪੇਸ਼ਗੀ ਨੁਕਸਾਨ ਬੀਮਾ ਸੁਰੱਖਿਆ

k) ਉਦਯੋਗਿਕ ਸਭ ਜੋਖਿਮ ਬੀਮਾ ਪਲਾਸੀ ਭਾਰਤ ਵਿੱਚ ਕਿਤੇ ਵੀ ਇੱਕ ਹੀ ਪਾਲਸੀ ਦੇ ਅਧੀਨ ਉਦਯੋਗਿਕ ਜਾਇਦਾਦ - ਨਿਰਮਾਣ ਅਤੇ ਭੰਡਾਰਨ ਸਹੂਲਤ ਦੋਵਾਂ ਲਈ ਬੀਮਾ ਸੁਰੱਖਿਆ ਦੇਣ ਲਈ ਤਿਆਰ ਕੀਤੀ ਗਈ ਸੀ।

l) ਜਹਾਜ਼ੀ ਬੀਮੇ ਨੂੰ ਵੰਡਿਆ ਜਾਂਦਾ ਹੈ: ਜਹਾਜ਼ੀ ਸਾਮਾਨ ਅਤੇ ਜਹਾਜ਼ੀ ਢਾਂਚਾ

m) ਕਾਰਗੋ ਪਾਲਸੀਆਂ ਜ਼ਰੂਰੀ ਰੂਪ ਵਿੱਚ ਜ਼ਹਾਜ਼ੀ (ਸਮੁੰਦਰੀ ਯਾਤਰਾ) ਪਾਲਸੀਆਂ ਹੁੰਦੀਆਂ ਹਨ, ਜੋ ਕਿ ਵਿਸ਼ਾ-ਵਸਤੂ ਨੂੰ ਇੱਕ ਥਾਂ ਤੋਂ ਦੂਜੇ ਥਾਂ ਉੱਤੇ ਲੈ ਜਾਣ ਲਈ ਬੀਮਾ ਸੁਰੱਖਿਆ ਦਿੰਦੀਆਂ ਹਨ।

n) ਵੱਖ-ਵੱਖ ਕਿਸਮ ਦੀਆਂ ਜਹਾਜ਼ੀ ਪਾਲਸੀਆਂ ਵਿੱਚ ਹਨ:

- ✓ ਖਾਸ ਪਾਲਸੀ
- ✓ ਖੁੱਲ੍ਹੀ ਪਾਲਸੀ
- ✓ ਖੁੱਲ੍ਹੀ ਬੀਮਾ ਸੁਰੱਖਿਆ
- ✓ ਡਿਊਟੀ ਅਤੇ ਵਧੀਆ ਮੁੱਲ ਬੀਮਾ
- ✓ ਸ਼ੁਰੂ ਕਰਨ ਵਿੱਚ ਦੇਰੀ

o) ਜਹਾਜ਼ੀ ਢਾਂਚੇ ਵਿੱਚ ਦੋ ਕਿਸਮ ਦੀਆਂ ਲਾਜ਼ਮੀ ਬੀਮਾ ਸੁਰੱਖਿਆ ਹਨ: ਇੱਕ ਖਾਸ ਜਹਾਜ਼ੀ ਯਾਤਰਾ ਲਈ ਬੀਮਾ ਸੁਰੱਖਿਆ ਅਤੇ ਇੱਕ ਖਾਸ ਸਮਾਂ ਅੰਤਰਾਲ ਲਈ ਬੀਮਾ ਸੁਰੱਖਿਆ।

p) ਇੱਕ ਜਨਤਕ ਦੇਣਦਾਰੀ ਪਾਲਸੀ ਦੀ ਇਹ ਕਿਸਮ ਬੀਮਤ ਦੀ ਗ਼ਲਤੀ / ਲਾਪਰਵਾਹੀ ਦੇ ਕਰਕੇ ਸੁਤੰਤਰ ਧਿਰ ਦੇ ਜ਼ਖਮੀ ਹੋਣ ਜਾਂ ਜਾਇਦਾਦ ਤਬਾਹ ਹੋਣ ਦੇ ਹਾਲਤ ਵਿੱਚ ਪੈਦਾ ਹੋਈ ਦੇਣਦਾਰੀ ਲਈ ਬੀਮਾ ਸੁਰੱਖਿਆ ਦਿੰਦੀ ਹੈ।

q) ਉਤਪਾਦ ਦੇਣਦਾਰੀ ਪਾਲਸੀਆਂ ਅਧੀਨ ਬੀਮਤ ਦੀ ਉਤਪਾਦ ਵਿੱਚ ਨੁਕਸ ਦੇ ਕਰਕੇ ਹੋਣ ਵਾਲੀ ਮੌਤ, ਸਰੀਰਿਕ ਸੱਟਾਂ ਜਾਂ ਬੀਮਾਰੀ ਜਾਂ ਸੁਤੰਤਰ ਧਿਰ ਦੀ ਜਾਇਦਾਦ ਨੂੰ ਹੋਣ ਵਾਲੇ ਨੁਕਸਾਨ ਦੇ ਸਬੰਧੀ ਦੇਣਦਾਰੀ ਲਈ ਬੀਮਾ ਸੁਰੱਖਿਆ ਹੈ।

r) ਪੇਸ਼ਾਵਰ ਹਰਜਾਨੇ ਨੂੰ ਪੇਸ਼ਾਵਰ ਲੋਕਾਂ ਨੂੰ ਉਹਨਾਂ ਦੀਆਂ ਪੇਸ਼ਾਵਰ ਫ਼ਰਜ਼ਾਂ ਨੂੰ ਪੂਰਾ ਕਰਨ ਦੇ ਦੌਰਾਨ ਲਾਪਰਵਾਹੀ ਦੇ ਕਰਕੇ ਹੋਏ ਨੁਕਸਾਨ ਦੇ ਭੁਗਤਾਨ ਕਰਨ ਦੀ ਉਹਨਾਂ ਦੀ ਕਾਨੂੰਨੀ ਦੇਣਦਾਰੀ ਉੱਤੇ ਬੀਮਾ ਸੁਰੱਖਿਆ ਦੇਣ ਲਈ ਤਿਆਰ ਕੀਤਾ ਹੈ।

ਮੁੱਖ ਸ਼ਬਦ

a) ਜਾਇਦਾਦ ਦਾ ਅੱਗ ਬੀਮਾ
b) ਸੰਨ੍ਹਮਾਰੀ ਬੀਮਾ
c) ਧਨ ਬੀਮਾ
d) ਦ੍ਰਿੜ੍ਹਤਾ ਗਾਰੰਟੀ ਬੀਮਾ
e) ਬੈਂਕਰ ਹਰਜਾਨਾ ਬੀਮਾ
f) ਜੌਹਰੀ ਬਲਾਕ ਪਾਲਸੀ
g) ਇੰਜਨੀਅਰਿੰਗ ਬੀਮਾ
h) ਉਦਯੋਗਿਕ ਸਭ ਜੋਖਿਮ ਬੀਮਾ
i) ਜਹਾਜ਼ੀ ਬੀਮਾ
j) ਢਾਂਚਾ ਬੀਮਾ
k) ਦੇਣਦਾਰੀ ਪਾਲਸੀ

ਸਵੈ ਜਾਂਚ ਦੇ ਜਵਾਬ

ਜਵਾਬ 1

ਸਹੀਂ ਚੋਣ III ਹੈ।

ਵਪਾਰਕ ਜੋਖਿਮਾਂ ਲਈ ਅੱਗ ਬੀਮੇ ਦੇ ਤਹਿਤ ਵਿਸਫੋਟ ਅਤੇ ਅੰਤਰ ਵਿਸਫੋਟ ਵਾਲੇ ਸੰਕਟ ਹਨ।

ਜਵਾਬ 2

ਸਹੀਂ ਚੋਣ I ਹੈ।

ਕਾਰੋਬਾਰ ਰੁਕਾਵਟ ਬੀਮਾ ਪਾਲਸੀ ਨੂੰ ਮਿਆਰੀ ਅੱਗ ਅਤੇ ਖਾਸ ਸੰਕਟ ਪਾਲਸੀ ਦੇ ਨਾਲ ਜੋੜ ਕੇ ਹੀ ਲਿਆ ਜਾ ਸਕਦਾ ਹੈ।

ਜਵਾਬ 3

ਸਹੀਂ ਚੋਣ IV ਹੈ।

ਸੰਨ੍ਹਮਾਰ ਪਾਲਸੀ ਲਈ ਪ੍ਰੀਮੀਅਮ ਬੀਮਤ ਜਾਇਦਾਦ ਦੀ ਕਿਸਮ, ਖੁਦ ਬੀਮਤ ਦੇ ਨੈਤਿਕ ਖਤਰੇ, ਟਿਕਾਣੇ ਦੇ ਨਿਰਮਾਣ ਤੇ ਥਾਂ, ਸੁਰੱਖਿਆ ਕਦਮਾਂ (ਜਿਵੇਂ ਕਿ ਚੌਕੀਦਾਰ, ਸੰਨ੍ਹਮਾਰੀ ਅਲਾਰਮ), ਪਿਛਲੇ ਦਾਅਵਾ ਅਨੁਭਵ ਆਦਿ ਕਈ ਚੀਜ਼ਾਂ ਉੱਤੇ ਨਿਰਭਰ ਕਰਦੀ ਹੈ।

ਜਵਾਬ 4

ਸਹੀਂ ਚੋਣ II ਹੈ।

ਧਨ ਬੀਮਾ ਪਾਲਸੀ ਦੇ ਅਧੀਨ ਕਿਸੇ ਦੇ ਥਾਂ ਤੋਂ ਸੰਨ੍ਹਮਾਰੀ ਦੇ ਕਰਕੇ ਧਨ ਦੇ ਹੋਣ ਵਾਲੇ ਨੁਕਸਾਨ ਲਈ ਬੀਮਾ ਸੁਰੱਖਿਆ ਦਿੱਤੀ ਜਾਂਦੀ ਹੈ। ਦੰਗੇ ਹੜਤਾਲ ਅਤੇ ਅੱਤਵਾਦ ਨੂੰ ਵਾਧੂ ਪ੍ਰੀਮੀਅਮ ਦਾ ਭੁਗਤਾਨ ਕਰਕੇ ਵਾਧੇ ਰਾਹੀਂ ਬੀਮਾ ਸੁਰੱਖਿਆ ਦਿੱਤੀ ਜਾ ਸਕਦੀ ਹੈ।

ਜਵਾਬ 5

ਸਹੀਂ ਚੋਣ I ਹੈ।

ਦ੍ਰਿੜ੍ਹਤਾ ਗਾਰੰਟੀ ਬੀਮਾ ਪਾਲਸੀ ਮਾਲਕ ਨੂੰ ਉਹਨਾਂ ਦੇ ਮੁਲਾਜ਼ਮਾਂ ਵਲੋਂ ਧੋਖਾ ਦੇਣ ਜਾਂ ਬੇਈਮਾਨੀ ਕਰਕੇ ਹੋਣ ਵਾਲੇ ਵਿੱਤੀ ਘਾਟੇ ਲਈ ਹਰਜਾਨਾ ਦਿੰਦੀ ਹੈ।

ਜਵਾਬ 6

ਸਹੀਂ ਚੋਣ IV ਹੈ।

ਬੈਂਕਰ ਹਰਜਾਨਾ ਬੀਮਾ ਪਾਲਸੀ ਬੀਮਾ ਸੁਰੱਖਿਆ ਦੇ ਸਕਦੀ ਹੈ: ਧਨ ਦੇ ਸਬੰਧੀ ਇਮਾਰਤ ਵਿੱਚ ਅੱਗ, ਚੈੱਕ ਧੋਖਾਧੜੀ ਜਾਂ ਬਦਲਾਅ, ਮੁਲਾਜ਼ਮਾਂ ਦੀ ਬੇਈਮਾਨੀ ਦੇ ਕਰਕੇ ਜਮਾਨਤ ਧਨ ਗੁਆਚਣ ਜਾਂ ਨੁਕਸਾਨ।

ਜਵਾਬ 7

ਸਹੀਂ ਚੋਣ III ਹੈ।

ਜੌਹਰੀ ਬਲਾਕ ਪਾਲਸੀ ਦੇ ਕੇਸ ਵਿੱਚ, ਬੀਮਾ ਕਰਵਾਈ ਗਈ ਜਾਇਦਾਦ ਦੇ ਨੁਕਸਾਨ ਵਿੱਚ, ਜਦੋਂ ਕਿ ਇਹ ਰਜਿਸਟਰ ਕੀਤੇ ਪਾਰਸਲ ਰਾਹੀਂ ਰਾਹ ਵਿੱਚੋਂ ਗੁਜ਼ਰ ਰਹੀ ਹੋਵੇ ਤਾਂ ਇਸ ਲਈ ਬੀਮਾ ਸੁਰੱਖਿਆ ਸੈਕਸ਼ਨ III ਰਾਹੀਂ ਦਿੱਤੀ ਜਾਵੇਗੀ।

ਜਵਾਬ 8

ਸਹੀਂ ਚੋਣ II ਹੈ।

ਸ਼ੁਰੂ ਹੋਣ ਵਿੱਚ ਦੇਰੀ ਪਾਲਸੀ ਨੂੰ ਪੇਸ਼ਗੀ ਫਾਇਦੇ ਦੇ ਘਾਟੇ ਦੀ ਬੀਮਾ ਸੁਰੱਖਿਆ ਵਜੋਂ ਵੀ ਜਾਣਿਆ ਜਾਂਦਾ ਹੈ।

ਜਵਾਬ 9

ਸਹੀਂ ਚੋਣ II ਹੈ।

ਜਵਾਬ 10

ਸਹੀਂ ਚੋਣ II ਹੈ।

ਉਦਯੋਗਿਕ ਸਭ ਜੋਖਿਮ ਬੀਮੇ ਵਿੱਚ ਹੇਠ ਦਿੱਤਿਆਂ ਵਿੱਚੋਂ ਚੋਰੀ ਬੀਮਾ ਸੁਰੱਖਿਆ ਨਹੀਂ ਹੁੰਦੀ ਹੈ?

ਜਵਾਬ 11

ਸਹੀਂ ਚੋਣ III ਹੈ।

ਸਮੁੰਦਰੀ ਅਤੇ ਹਵਾਈ ਬੀਮੇ ਦੀਆਂ ਕੇਵਲ ਅਜਿਹੀਆਂ ਬਰਾਂਚ ਹਨ, ਜਿਸ ਵਿੱਚ ਜੰਗੀ ਸੰਕਟਾਂ ਲਈ ਵੀ ਬੀਮਾ ਸੁਰੱਖਿਆ ਦਿੱਤੀ ਜਾਂਦੀ ਹੈ।

ਜਵਾਬ 12

ਸਹੀਂ ਚੋਣ II ਹੈ।

ਜਨਤਕ ਦੇਣਦਾਰੀ ਬੀਮਾ ਕਾਨੂੰਨ, 1991 ਦੇ ਅਧੀਨ, ਅਸਲ ਡਾਕਟਰੀ ਖਰਚੇ ਲਈ ਦੇਣਯੋਗ ਮੁਆਵਜ਼ਾ ਹੈ ਰੁ. 12,500.

ਖੁਦ ਪ੍ਰੀਖਿਆ ਸਵਾਲ

ਸਵਾਲ 1

ਇੰਜਨੀਅਰਿੰਗ ਬੀਮੇ ਵਿੱਚ ਕਾਰ (CAR) ਦਾ ਭਾਵ ਹੈ

I. ਮੋਟਰ ਕਾਰ
II. ਠੇਕੇਦਾਰ ਸਭ ਜੋਖਿਮ
III. ਕੰਪਨੀ ਦੇ ਸਭ ਜੋਖਿਮ
IV. ਕੰਪਨੀਆਂ ਦੀਆਂ ਸਭ ਲੋੜਾਂ

ਸਵਾਲ 2

ਮਾਲਕ (ਕੰਪਨੀ) ਖੁਦ ਨੂੰ ਆਪਣੇ ਮੁਲਾਜ਼ਮਾਂ ਦੀ ਬੇਈਮਾਨੀ ਤੋਂ ਖੁਦ ਨੂੰ _____ ਰਾਹੀਂ ਬੀਮਾ ਸੁਰੱਖਿਆ ਦੇ ਸਕਦਾ ਹੈ।

I. ਮੁਲਾਜ਼ਮ ਹਰਜਾਨਾ ਪਾਲਸੀ
II. ਜਨਤਕ ਦੇਣਦਾਰੀ ਬੀਮਾ ਪਾਲਸੀ
III. ਦ੍ਰਿੜ੍ਹਤਾ (Fidelity) ਗਾਰੰਟੀ ਬੀਮਾ ਪਾਲਸੀ
IV. ਪਾਲਸੀ ਐਲਾਨ।

ਸਵਾਲ 3

_____ ਸਮੁੰਦਰੀ ਜਹਾਜ਼ ਦੇ ਢਾਂਚੇ ਨਾਲ ਸਬੰਧਿਤ ਹੈ।

I. ਢਾਂਚਾ
II. ਕਾਰਗੋ
III. ਪਰਾਈਵੇਸੀ

IV. ਜੈਟੀਸਨ (ਬੰਦਰਗਾਹ)

ਸਵਾਲ 4

ਪਾਲਸੀ, ਜੋ ਕਿ ਹਵਾਈ-ਜਹਾਜ਼ ਦੇ ਘਾਟੇ ਜਾਂ ਨੁਕਸਾਨ ਲਈ ਬੀਮਾ ਸੁਰੱਖਿਆ ਦਿੰਦੀ ਹੈ,_____ ਹੈ।

I. ਕਨੂੰਨੀ ਦੇਣਦਾਰੀ
II. ਜਾਇਦਾਦ ਬੀਮਾ
III. ਹਵਾਬਾਜ਼ੀ ਬੀਮਾ
IV. ਧਨ ਬੀਮਾ

ਸਵਾਲ 5

ਅੱਗ ਬੀਮਾ ਪਾਲਸੀ _____ ਰਾਹੀਂ ਜਾਇਦਾਦ ਨੂੰ ਹੋਏ ਨੁਕਸਾਨ ਲਈ ਬੀਮਾ ਸੁਰੱਖਿਆ ਨਹੀਂ ਦਿੰਦੀ ਹੈ, ਭਾਵੇਂ ਵਾਧੂ (ਐਡ-ਆਨ) ਬੀਮਾ ਸੁਰੱਖਿਆ ਲਈ ਹੋਵੇ।

I. ਹੜ੍ਹ
II. ਭੁਚਾਲ
III. ਅੱਗ
IV. ਜੰਗ ਕਰਕੇ ਬੰਬਾਰੀ

ਸਵਾਲ 6

ਨਤੀਜੇ ਵਜੋਂ ਹੋਣ ਵਾਲੇ ਘਾਟੇ (ਅੱਗ ਪਾਲਸੀ) ਬੀਮਾ ਸੁਰੱਖਿਆ ਦਿੰਦੇ ਹਨ:

I. ਫੈਕਟਰੀ ਦੇ ਨੁਕਸਾਨ ਕਰਕੇ ਫਾਇਦੇ ਦਾ ਘਾਟਾ
II. ਸਾਖ ਦਾ ਨੁਕਸਾਨ
III. ਮਸ਼ੀਨਰੀ ਵਿੱਚ ਪਦਾਰਥ ਘਸਾਈ
IV. ਵਿਦੇਸ਼ੀ ਐਕਸਚੇਜ਼ ਉਤਾਰ-ਚੜ੍ਹਾਅ ਕਰਕੇ ਹੋਏ ਘਾਟੇ

ਸਵਾਲ 7

ਸੰਨ੍ਹਮਾਰੀ ਵਿੱਚ ਪ੍ਰੀਮੀਅਮ ਨਿਰਭਰ ਕਰਦਾ ਹੈ:

I. ਸੁਰੱਖਿਆ ਅਨੁਮਾਨ
II. ਥਾਂ ਦਾ ਟਿਕਾਣਾ

III. ਜਾਇਦਾਦ ਦੀ ਕਿਸਮ

IV. ਉੱਤੇ ਦਿੱਤੇ ਸਭ

ਸਵਾਲ 8

ਠੇਕੇਦਾਰ ਦੇ ਸਭ ਜੋਖਿਮ ਪਾਲਸੀ ਰੂਪ ਹੈ:

I. ਅੱਗ ਬੀਮਾ

II. ਜੀਵਨ ਬੀਮਾ

III. ਇੰਜਨੀਅਰਿੰਗ ਬੀਮਾ

IV. ਜਹਾਜ਼ੀ ਬੀਮਾ

ਸਵਾਲ 9

ਮੁਲਾਜ਼ਮ ਦਾ ਹਰਜਾਨਾ ਪਾਲਸੀ ਇੱਕ ਕਿਸਮ ਹੈ

I. ਦੇਣਦਾਰੀ ਬੀਮਾ

II. ਅੱਗ ਬੀਮਾ

III. ਜਹਾਜ਼ੀ ਕਾਰਗੋ ਬੀਮਾ

IV. ਇੰਜਨੀਅਰਿੰਗ ਬੀਮਾ

ਸਵਾਲ 10

ਧਨ ਬੀਮਾ ਪਾਲਸੀ ਬੀਮਾ ਸੁਰੱਖਿਆ ਦਿੰਦੀ ਹੈ:

I. ਹੱਥ ਵਿੱਚ ਨਕਦੀ

II. ਮਿਊਚਲ ਫੰਡ ਵਿੱਚ ਨਿਵੇਸ਼ ਕੀਤਾ ਧਨ

III. ਬੱਚਤ ਬੈਂਕ ਵਿੱਚ ਪਿਆ ਧਨ

IV. ਡਾਕ ਘਰ ਵਿੱਚ ਜ਼ਮ੍ਹਾਂ ਕਰਵਾਇਆ ਧਨ।

ਸਵੈ ਪ੍ਰੀਖਿਆ ਸਵਾਲਾਂ ਦੇ ਜਵਾਬ

ਜਵਾਬ 1

ਸਹੀਂ ਚੋਣ II ਹੈ।

ਇੰਜਨੀਅਰਿੰਗ ਬੀਮੇ ਵਿੱਚ ਕਾਰ (CAR) ਦਾ ਭਾਵ ਠੇਕੇਦਾਰ ਸਭ ਜੋਖਿਮ ਹੈ।

ਜਵਾਬ 2

ਸਹੀਂ ਚੋਣ III ਹੈ।

ਮਾਲਕ (ਕੰਪਨੀ) ਖੁਦ ਨੂੰ ਆਪਣੇ ਮੁਲਾਜ਼ਮਾਂ ਦੀ ਬੇਈਮਾਨੀ ਤੋਂ ਖੁਦ ਨੂੰ ਦ੍ਰਿੜ੍ਹਤਾ ਗਾਰੰਟੀ ਬੀਮਾ ਪਾਲਸੀ ਰਾਹੀਂ ਬੀਮਾ ਸੁਰੱਖਿਆ ਦੇ ਸਕਦਾ ਹੈ।

ਜਵਾਬ 3

ਸਹੀਂ ਚੋਣ I ਹੈ।

ਢਾਂਚਾ ਸਮੁੰਦਰੀ ਜਹਾਜ਼ ਦੇ ਢਾਂਚੇ ਨਾਲ ਸਬੰਧਿਤ ਹੈ।

ਜਵਾਬ 4

ਸਹੀਂ ਚੋਣ III ਹੈ।

ਪਾਲਸੀ, ਜੋ ਕਿ ਹਵਾਈ-ਜਹਾਜ਼ ਦੇ ਘਾਟੇ ਜਾਂ ਨੁਕਸਾਨ ਲਈ ਬੀਮਾ ਸੁਰੱਖਿਆ ਦਿੰਦੀ ਹੈ, ਹਵਾਬਾਜ਼ੀ ਬੀਮਾ ਹੈ।

ਜਵਾਬ 5

ਸਹੀਂ ਚੋਣ IV ਹੈ।

ਅੱਗ ਬੀਮਾ ਪਾਲਸੀ ਬੰਬ ਸੁੱਟ ਜਾਂ ਜੰਗ ਰਾਹੀਂ ਜਾਇਦਾਦ ਨੂੰ ਹੋਏ ਨੁਕਸਾਨ ਲਈ ਬੀਮਾ ਸੁਰੱਖਿਆ ਨਹੀਂ ਦਿੰਦੀ ਹੈ, ਭਾਵੇਂ ਵਾਧੂ (ਐਡ-ਆਨ) ਬੀਮਾ ਸੁਰੱਖਿਆ ਲਈ ਹੋਵੇ।

ਜਵਾਬ 6

ਸਹੀਂ ਚੋਣ I ਹੈ।

ਪਰਿਣਾਮੀ ਘਾਟਾ (ਅੱਗ ਪਾਲਸੀ) ਫੈਕਟਰੀ ਦੇ ਨੁਕਸਾਨ ਦੇ ਕਰਕੇ ਫਾਇਦੇ ਵਿੱਚ ਹੋਣ ਵਾਲੇ ਘਾਟੇ ਲਈ ਬੀਮਾ ਸੁਰੱਖਿਆ ਦਿੰਦੀ ਹੈ।

ਜਵਾਬ 7

ਸਹੀਂ ਚੋਣ IV ਹੈ।

ਸੰਨ੍ਹਾਮਾਰੀ ਦਾ ਪ੍ਰੀਮੀਅਮ, ਸੁਰੱਖਿਆ ਦੇ ਅਨੁਮਾਨ, ਥਾਂ ਦੇ ਟਿਕਾਣੇ, ਜਾਇਦਾਦ ਦੀ ਕਿਸਮ ਆਦਿ ਉੱਤੇ ਨਿਰਭਰ ਹੈ।

ਜਵਾਬ 8

ਸਹੀਂ ਚੋਣ III ਹੈ।

ਠੇਕੇਦਾਰ ਦੇ ਸਭ ਜੋਖਿਮ ਪਾਲਸੀ ਰੂਪ ਹੈ ਇੰਜਨੀਅਰਿੰਗ ਬੀਮੇ ਦਾ।

ਜਵਾਬ 9

ਸਹੀਂ ਚੋਣ I ਹੈ।

ਮੁਲਾਜ਼ਮ ਦਾ ਹਰਜਾਨਾ ਪਾਲਸੀ ਇੱਕ ਕਿਸਮ ਹੈ ਦੇਣਦਾਰੀ ਬੀਮੇ ਦੀ।

ਜਵਾਬ 10

ਸਹੀਂ ਚੋਣ I ਹੈ।

ਧਨ ਬੀਮਾ ਪਾਲਸੀ ਹੱਥ ਵਿੱਚ ਨਕਦੀ ਲਈ ਬੀਮਾ ਸੁਰੱਖਿਆ ਦਿੰਦੀ ਹੈ।

ਪਾਠ 16

ਦਾਅਵਾ ਕਾਰਵਾਈ

ਪਾਠ ਜਾਣ-ਪਛਾਣ

ਬੀਮਾ ਇਕਰਾਰਨਾਮੇ ਦੇ ਮੂਲ ਵਿੱਚ ਸ਼ੁਰੂ ਵਿੱਚ ਕੀਤਾ ਹੋਇਆ ਹੁੰਦਾ ਹੈ; ਘਾਟੇ ਹੋਣ ਦੀ ਘਟਨਾ ਵਿੱਚ ਬੀਮਤ ਨੂੰ ਹਰਜਾਨਾ ਦੇਣਾ। ਇਹ ਪਾਠ ਵਿੱਚ ਸ਼ਾਮਿਲ ਕਾਰਵਾਈਆਂ ਤੇ ਦਸਤਾਵੇਜ਼, ਘਾਟਾ ਪੈਣ ਦੇ ਸਮੇਂ, ਦਾਅਵਾ ਸਮਝੌਤਿਆਂ ਦੀ ਪੂਰੀ ਕਾਰਵਾਈ ਨੂੰ ਸਮਝਣ ਲਈ ਸੌਖਾ ਬਣਾਉਣ ਲਈ ਜਾਣਕਾਰੀ ਦਿੱਤੀ ਗਈ ਹੈ। ਬੀਮਤ ਜਾਂ ਬੀਮਾਕਰਤਾ ਵਲੋਂ ਦਾਅਵਿਆਂ ਦੇ ਵਿਵਾਦ ਨਾਲ ਨਿਪਟਣ ਦੇ ਢੰਗ ਬਾਰੇ ਵੀ ਜਾਣਕਾਰੀ ਦਿੱਤੀ ਗਈ ਹੈ।

ਸਿੱਖਣ ਨਤੀਜੇ

A. ਦਾਅਵਾ ਸਮਝੌਤਾ ਕਾਰਵਾਈ

ਇਹ ਪਾਠ ਪੜ੍ਹਨ ਦੇ ਬਾਅਦ ਤੁਸੀਂ ਯੋਗ ਹੋਣੇ ਚਾਹੀਦੇ ਹੋ:

1. ਦਾਅਵਾ ਸਮਝੌਤਾ ਕੰਮਾਂ ਦੀ ਮਹੱਤਤਾ ਬਾਰੇ ਦਲੀਲ ਦੇਣੀ
2. ਘਾਟੇ ਦੀ ਇਤਲਾਹ ਲਈ ਕਾਰਵਾਈ ਦੱਸਣ ਦੇ
3. ਦਾਅਵੇ ਦੀ ਜਾਂਚ ਅਤੇ ਮੁੱਲ ਨਿਰਧਾਰਨ
4. ਸਰਵੇਅਰ ਅਤੇ ਘਾਟਾ ਮੁੱਲ ਨਿਰਧਾਰਕਦੀ ਮਹੱਤਤਾ ਸਮਝਾਉਣ
5. ਦਾਅਵਾ ਫਾਰਮਾਂ ਦੀ ਸਮੱਗਰੀ ਦਰਸਾਉਣ
6. ਦਾਅਵਾ ਮੇਲ ਅਤੇ ਸਮਝੌਤੇ ਦੀ ਪਰਿਭਾਸ਼ਾ

A. ਦਾਅਵਾ ਸਮਝੌਤਾ ਕਾਰਵਾਈ

1. ਦਾਅਵੇ ਸਮਝੌਤਾ ਕਰਵਾਉਣ ਦੀ ਮਹੱਤਤਾ

ਬੀਮਾ ਕੰਪਨੀ ਦਾ ਸਭ ਤੋਂ ਮਹੱਤਵਪੂਰਨ ਕੰਮ ਹੈ ਘਾਟਾ ਹੋਣ ਦੀ ਘਟਨਾ ਵਾਪਰਨ ਉੱਤੇ ਪਾਲਸੀ ਹੋਲਡਰ ਦੇ ਦਾਅਵਿਆਂ ਨੂੰ ਨਿਪਟਾਉਣਾ। ਬੀਮਾਕਰਤਾ ਇਹ ਵਾਅਦੇ ਨੂੰ ਪਾਲਸੀਧਾਰਕ ਨੂੰ ਜਾਂ ਤਾਂ ਭੁਗਤਾਨ ਕਰਕੇ ਜਾਂ ਬੀਮਤ ਲਈ ਸੁਤੰਤਰ ਧਿਰ ਨੂੰ ਦਾਅਵੇ ਭੁਗਤਾਨ ਤੁਰੰਤ, ਇਮਾਨਦਾਰੀ ਅਤੇ ਨਿਰਪੱਖ ਸੇਵਾ ਦੇ ਕੇ ਪੂਰਾ ਕਰ ਸਕਦਾ ਹੈ।

ਬੀਮੇ ਨੂੰ ਵਿੱਤੀ ਢੰਗ ਵਜੋਂ ਪ੍ਰਚਾਰਿਆ ਜਾਂਦਾ ਹੈ, ਜੋ ਕਿ ਬੀਮਾ ਕਰਵਾਏ ਸੰਕਟਾਂ ਦੇ ਕਰਕੇ ਹੋਣ ਵਾਲੇ ਘਾਟਿਆਂ ਲਈ ਹਰਜਾਨਾ ਦਿੰਦਾ ਹੈ। ਕੀ ਇਹ ਬੀਮਾ ਅਤੇ ਦਾਅਵਾ ਨਿਪਟਾਉਣ ਕਾਰਵਾਈ ਨਾ ਹੁੰਦੀ, ਬਦਕਿਸਮਤ ਦੁਰਘਟਨਾ /ਘਟਨਾ ਦੇ ਬਾਅਦ ਸਧਾਰਨ ਰੂਪ ਵਿੱਚ ਵਾਪਿਸ ਆਉਣਾ ਹੌਲੀ, ਨਾ-ਪ੍ਰਭਾਵੀ ਅਤੇ ਔਖਾ ਹੋ ਸਕਦਾ ਹੈ।

ਇੱਕ ਗ਼ੈਰ-ਜੀਵਨ ਬੀਮਾ ਕੰਪਨੀ ਨੇ ਆਪਣੇ ਬੋਰਡ ਰੂਮ ਵਿੱਚ "ਜੇ ਤੁਸੀਂ ਭੁਗਤਾਨ ਕਰਨ ਸਕਦੇ ਹੋ ਤਾਂ ਕਰੋ; ਨਾਮਨਜ਼ੂਰ ਕਰੋ ਜੇ ਤੁਹਾਨੂੰ ਕਰਨਾ ਜ਼ਰੂਰੀ ਹੈ " ਲਿਖਿਆ ਹੋਇਆ ਸੀ। ਇਹ ਬੀਮੇ ਦੇ ਉੱਤਮ ਕਾਰੋਬਾਰ ਦਾ ਅਸਲ ਮਤਲਬ ਹੈ।

ਦਾਅਵਿਆਂ ਨੂੰ ਪੇਸ਼ੇਵਰ ਢੰਗ ਨਾਲ ਨਿਪਟਾਉਣਾ ਇੱਕ ਬੀਮਾ ਕੰਪਨੀਆਂ ਲਈ ਸਭ ਤੋਂ ਵੱਡਾ ਇਸ਼ਤਿਹਾਰਬਾਜ਼ੀ ਇਨਾਮ ਹੈ।

a) ਤਤਪਰਤਾ

ਦਾਅਵਿਆਂ ਨੂੰ ਨਿਪਟਾਉਣ ਵਿੱਚ ਤਤਪਰਤਾ ਬਹੁਤ ਮਹੱਤਵਪੂਰਨ ਹੈ, ਭਾਵੇਂ ਬੀਮਤ ਇੱਕ ਕਾਰਪੋਰੇਟ ਗਾਹਕ ਹੋਵੇ ਜਾਂ ਕੋਈ ਵਿਅਕਤੀ ਜਾਂ ਭਾਵੇਂ ਘਾਟੇ ਦਾ ਆਕਾਰ ਬਹੁਤ ਵੱਡਾ ਹੋਵੇ ਜਾਂ ਬਹੁਤ ਛੋਟਾ। ਇਹ ਜ਼ਰੂਰ ਸਮਝਣਾ ਚਾਹੀਦਾ ਹੈ ਕਿ ਬੀਮਤ ਨੂੰ ਘਾਟੇ ਦੇ ਬਾਅਦ ਬੀਮਾ ਹਰਜਾਨੇ ਦੀ ਲੋੜ ਜਿੰਨਾ ਛੇਤੀ ਸੰਭਵ ਹੋਵੇ ਹੁੰਦੀ ਹੈ।

ਜੇ ਉਸ ਨੂੰ ਧਨ ਤੁਰੰਤ ਮਿਲਦਾ ਹੈ ਤਾਂ ਇਹ ਉਸ ਲਈ ਵੱਧ ਤੋਂ ਵੱਧ ਵਰਤੋਂ ਦਾ ਹੋ ਸਕਦਾ ਹੈ। ਇਹ ਬੀਮਾ ਕੰਪਨੀ ਦਾ ਫ਼ਰਜ਼ ਹੈ ਕਿ ਉਹ ਦਾਅਵਾ ਰਕਮ ਨੂੰ ਭੁਗਤਾਨ ਕਰਨ, ਜਦੋਂ ਵੀ ਬੀਮਤ ਨੂੰ ਇਸ ਦੀ ਸਭ ਤੋਂ ਵੱਧ ਲੋੜ ਹੁੰਦੀ ਹੈ - ਘਾਟਾ ਪੈਣ ਦੇ ਜਿੰਨਾ ਛੇਤੀ ਸੰਭਵ ਹੋਵੇ।

b) **ਪੇਸ਼ਾਵਾਰਾਨਾ ਢੰਗ**

ਬੀਮਾ ਅਧਿਕਾਰੀ ਹਰੇਕ ਦਾਅਵੇ ਨੂੰ ਕਾਬਲੀਅਤ ਦੇ ਅਧਾਰ ਉੱਤੇ ਵਿਚਾਰਦੇ ਹਨ ਅਤੇ ਹੇਠ ਦਿੱਤੇ ਸਵਾਲਾਂ ਦੇ ਜਵਾਬ ਦੇਣ ਵਾਲੇ ਸਭ ਦਸਤਾਵੇਜ਼ਾਂ ਦੀ ਜਾਂਚ ਕੀਤੇ ਬਿਨਾਂ ਦਾਅਵੇ ਲਈ ਪੱਖਪਾਤੀ ਜਾਂ ਪਹਿਲਾਂ-ਸੋਚੀ ਭਾਵਨਾ ਲਾਗੂ ਨਹੀਂ ਕਰ ਸਕਦੇ ਹਨ।

i. ਕੀ ਘਾਟਾ ਅਸਲ ਵਿੱਚ ਪਿਆ ਹੈ?
ii. ਜੇ ਹਾਂ ਤਾਂ ਕੀ ਘਾਟਾ ਪਾਉਣ ਵਾਲੀ ਘਟਨਾ ਨੇ ਅਸਲ ਵਿੱਚ ਕੋਈ ਨੁਕਸਾਨ ਕੀਤਾ ਹੈ?
iii. ਇਸ ਘਟਨਾ ਦੇ ਨੁਕਸਾਨ ਦੀ ਹੱਦ।
iv. ਘਾਟੇ ਦਾ ਕੀ ਕਾਰਨ ਸੀ?
v. ਕੀ ਘਾਟਾ ਪਾਲਸੀ ਦੇ ਅਧੀਨ ਬੀਮਾ ਸੁਰੱਖਿਆ ਵਿੱਚ ਹੈ?
vi. ਕੀ ਸਮਝੌਤਾ / ਪਾਲਸੀ ਸ਼ਰਤਾਂ ਦੇ ਅਧੀਨ ਦਾਅਵਾ ਦੇਣ-ਯੋਗ ਹੈ?
vii. ਜੇ ਹਾਂ ਤਾਂ ਕਿੰਨਾ ਦੇਣਯੋਗ ਹੈ?

ਇਹਨਾਂ ਸਭ ਸਵਾਲਾਂ ਦੇ ਜਵਾਬ ਬੀਮਾ ਕੰਪਨੀ ਨੂੰ ਲੱਭਣ ਦੀ ਲੋੜ ਹੁੰਦੀ ਹੈ।
ਦਾਅਵਿਆਂ ਉੱਤੇ ਕਾਰਵਾਈ ਕਰਨਾ ਇੱਕ ਮਹੱਤਵਪੂਰਨ ਸਰਗਰਮੀ ਹੈ। ਸਭ ਦਾਅਵਾ ਫਾਰਮਾਂ, ਕਾਰਵਾਈਆਂ ਅਤੇ ਹਦਾਇਤਾਂ ਨੂੰ ਕੰਪਨੀ ਵਲੋਂ ਧਿਆਨ ਨਾਲ ਤਿਆਰ ਕੀਤਾ ਗਿਆ ਹੁੰਦਾ ਹੈ ਤਾਂ ਕਿ ਪਾਲਸੀ ਦੇ ਅਧੀਨ 'ਭੁਗਤਾਨਯੋਗ' ਸਭ ਦਾਅਵਿਆਂ ਨੂੰ ਤੁਰੰਤ ਭੁਗਤਾਨ ਕੀਤਾ ਜਾ ਸਕੇ ਅਤੇ ਜੋ ਦੇਣਯੋਗ ਨਹੀਂ ਹਨ, ਉਹਨਾਂ ਦਾ ਭੁਗਤਾਨ ਨਾ ਕੀਤਾ ਜਾਵੇ।

ਏਜੰਟ, ਬੀਮਤ ਲਈ ਕੰਪਨੀ ਦੇ ਪ੍ਰਤੀਨਿਧੀ ਹੋਣ ਦੇ ਕਰਕੇ, ਨੂੰ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਸਹੀਂ ਜਾਣਕਾਰੀ ਨੂੰ ਠੀਕ ਢੰਗ ਨਾਲ ਢੁੱਕਵੇਂ ਫਾਰਮਾਂ ਵਿਚ ਭਰਿਆ ਜਾਵੇ, ਘਾਟੇ ਦੇ ਸਬੂਤ ਵਜੋਂ ਸਭ ਦਸਤਾਵੇਜ਼ ਨੱਥੀ ਹੋਣ ਅਤੇ ਸਭ ਤਹਿ ਕੀਤੀਆਂ ਕਾਰਵਾਈਆਂ ਨੂੰ ਸਮੇਂ ਸਿਰ ਅਤੇ ਤਸਦੀਕ ਕਰਕੇ ਕੰਪਨੀ ਨੂੰ ਦਿੱਤਾ ਜਾਵੇ। ਘਾਟੇ ਦੇ ਸਮੇਂ ਏਜੰਟ ਦੀ ਭੂਮਿਕਾ ਨੂੰ ਪਹਿਲਾਂ ਹੀ ਵਿਚਾਰਿਆ ਜਾ ਚੁੱਕਾ ਹੈ।

2. ਘਾਟੇ ਦੀ ਇਤਲਾਹ ਜਾਂ ਸੂਚਨਾ

ਪਾਲਸੀ ਸ਼ਰਤਾਂ ਕਹਿੰਦੀਆਂ ਹਨ ਕਿ ਘਾਟੇ ਬਾਰੇ ਸੂਚਨਾ ਬੀਮਾਕਰਤਾ ਨੂੰ ਤੁਰੰਤ ਦੇਣੀ ਚਾਹੀਦੀ ਹੈ। ਤੁਰੰਤ ਸੂਚਨਾ ਦਾ ਮਕਸਦ ਬੀਮਾਕਰਤਾ ਨੂੰ ਘਾਟੇ ਦੇ ਮੁੱਢਲੇ ਪੜਾਅ ਉੱਤੇ ਜਾਂਚ ਕਰਨ ਦਾ ਮੌਕਾ ਦੇਣਾ ਹੈ। ਦੇਰੀ ਦੇ ਨਤੀਜੇ ਕਰਕੇ ਘਾਟੇ ਦੇ ਸਬੰਧੀ ਮਹੱਤਵਪੂਰਨ ਜਾਣਕਾਰੀ ਖਤਮ ਹੋ ਸਕਦੀ ਹੈ। ਇਸ ਨਾਲ ਬੀਮਾਕਰਤਾ ਘਾਟੇ ਨੂੰ ਘੱਟ ਕਰਨ ਲਈ ਕਾਰਵਾਈਆਂ ਲਈ ਸੁਝਾਅ ਦੇਣ ਅਤੇ ਬਚੀ ਸੰਪੱਤੀ ਨੂੰ ਸੁਰੱਖਿਅਤ ਕਰਨ ਲਈ ਕਦਮ ਚੁੱਕਣ ਦੇ ਯੋਗ ਕਰਦੀ ਹੈ। ਘਾਟੇ ਦੀ ਸੂਚਨਾ ਜਿੰਨਾ ਵੀ ਛੇਤੀ ਸੰਭਵ ਹੋਵੇ ਦਿੱਤੀ ਜਾਣੀ ਚਾਹੀਦੀ ਹੈ।

ਇਹ ਸ਼ੁਰੂਆਤੀ ਜਾਂਚ/ਪੜਤਾਲ ਦੇ ਬਾਅਦ, ਦਾਅਵੇ ਨੂੰ ਇੱਕ ਨੰਬਰ ਦਿੱਤਾ ਜਾਂਦਾ ਹੈ ਅਤੇ ਇਸ ਨੂੰ ਦਾਅਵੇ ਰਜਿਸਟਰ ਵਿੱਚ ਜੋੜਿਆ ਜਾਂਦਾ ਹੈ, ਜਿਸ ਵਿੱਚ ਪਾਲਸੀ ਨੰਬਰ, ਬੀਮਤ ਦਾ ਨਾਂ, ਘਾਟੇ ਦੀ ਅੰਦਾਜ਼ਨ ਰਕਮ, ਘਾਟੇ ਦੀ ਮਿਤੀ ਹੁੰਦੀ ਹੈ, ਹੁਣ ਦਾਅਵਾ ਕਾਰਵਾਈ ਲਈ ਤਿਆਰ ਹੁੰਦਾ ਹੈ।

ਕੁਝ ਪਾਲਸੀਆਂ ਦੀਆਂ ਕਿਸਮਾਂ ਅਧੀਨ (ਜਿਵੇਂ ਸੰਨ੍ਹਮਾਰੀ) ਪੁਲਿਸ ਅਧਿਕਾਰੀਆਂ ਨੂੰ ਵੀ ਸੂਚਨਾ ਦਿੱਤੀ ਜਾਣੀ ਚਾਹੀਦੀ ਹੈ। ਕਾਰਗੋ ਰੇਲ ਸਾਮਾਨ ਭੇਜਣ ਪਾਲਸੀਆਂ ਅਧੀਨ, ਸੂਚਨਾ ਰੇਲਵੇ ਨੂੰ ਦਿੱਤੀ ਜਾਣੀ ਚਾਹੀਦੀ ਹੈ।

3. ਜਾਂਚ ਅਤੇ ਮੁਲਾਂਕਣ

a) ਸਾਰ

ਬੀਮਤ ਤੋਂ ਦਾਅਵਾ ਫਾਰਮ ਪ੍ਰਾਪਤ ਕਰਨ ਦੇ ਬਾਅਦ, ਬੀਮਾਕਰਤਾ ਘਾਟੇ ਦੀ ਜਾਂਚ ਕਰਨ ਅਤੇ ਮੁਲਾਂਕਣ ਕਰਨ ਦਾ ਫੈਸਲਾ ਲੈਂਦਾ ਹੈ। ਜੇ ਦਾਅਵਾ ਰਕਮ ਛੋਟੀ ਹੈ ਤਾਂ ਘਾਟੇ ਦੇ ਕਾਰਨ ਤੇ ਹੱਦ ਪਤਾ ਕਰਨ ਦੀ ਜਾਂਚ ਨੂੰ ਬੀਮਾਕਰਤਾ ਦੇ ਅਧਿਕਾਰੀ ਵਲੋਂ ਕੀਤਾ ਜਾਂਦਾ ਹੈ।

ਹੋਰ ਦਾਅਵਿਆਂ ਵਿੱਚ **ਪੜਤਾਲ** ਆਜ਼ਾਦ ਲਾਈਸੈਂਸ ਪ੍ਰਾਪਤ ਪੇਸ਼ੇਵਰ ਸਰਵੇਅਰ ਨੂੰ ਸੌਂਪੀ ਜਾਂਦੀ ਹੈ, ਜੋ ਕਿ ਘਾਟਾ ਮੁਲਾਂਕਣ ਵਿੱਚ ਮਾਹਿਰ ਹੁੰਦੇ ਹਨ। ਆਜ਼ਾਦ ਸਰਵੇਅਰਾਂ ਵਲੋਂ ਘਾਟੇ ਦੇ ਮੁਲਾਂਕਣ ਦਾ ਫੈਸਲਾ ਮਾਲਕ ਦੇ ਅਧਾਰ ਉੱਤੇ ਹੁੰਦਾ ਹੈ, ਕਿਉਂਕਿ ਬੀਮਾਕਰਤਾ ਅਤੇ ਬੀਮਤ ਦੋਵੇਂ ਹਿੱਤਕਾਰੀ ਧਿਰਾਂ ਹੁੰਦੀਆਂ ਹਨ, ਇਸਕਰਕੇ ਇੱਕ ਆਜ਼ਾਦ ਪੇਸ਼ੇਵਾਰ ਵਿਅਕਤੀ ਦਾ ਨਿਰਪੱਖ ਮੱਤ ਦੋਵਾਂ ਧਿਰਾਂ ਅਤੇ ਕਾਨੂੰਨੀ ਅਦਾਲਤ, ਜੇ ਕੋਈ ਵਿਵਾਦ ਹੁੰਦਾ ਹੈ, ਨੂੰ ਮਨਜ਼ੂਰ ਹੋਣੀ ਚਾਹੀਦੀ ਹੈ।

b) ਦਾਅਵਾ ਮੁਲਾਂਕਣ

ਅੱਗ ਦੇ ਕੇਸ ਵਿੱਚ, ਦਾਅਵੇ ਦਾ ਮੁਲਾਂਕਣ ਪੁਲਿਸ ਰਿਪੋਰਟ, ਜਾਂਚਕਰਤਾ ਦੀ ਰਿਪੋਰਟ, ਜੇ ਕਾਰਨ ਅਣਜਾਣ ਹੋਵੇ ਅਤੇ ਸਰਵੇਖਣ ਰਿਪੋਰਟ ਦੇ ਅਧਾਰ ਉੱਤੇ ਹੁੰਦਾ। ਨਿੱਜੀ ਦੁਰਘਟਨਾ ਦਾਅਵਿਆਂ ਲਈ, ਬੀਮਤ ਨੂੰ ਇਲਾਜ ਕਰਨ ਵਾਲੇ ਡਾਕਟਰ ਦੀ ਦੁਰਘਟਨਾ ਦੇ ਕਾਰਨ ਜਾਂ ਬੀਮਾਰੀ ਦੀ ਕਿਸਮ ਦੀ ਜਾਣਕਾਰੀ ਅਤੇ ਅਪੰਗਤਾ ਦਾ ਸਮਾਂ ਦੇਣ ਵਾਲੀ ਰਿਪਰੋਟ ਦੇਣ ਦੀ ਲੋੜ ਹੁੰਦੀ ਹੈ।

ਪਾਲਸੀ ਸ਼ਰਤਾਂ ਦੇ ਅਧੀਨ, ਬੀਮਾਕਰਤਾ ਨਿਰਪੱਖ ਡਾਕਟਰੀ ਜਾਂਚ ਦੇ ਪ੍ਰਬੰਧ ਕਰਨ ਦਾ ਹੱਕ ਰੱਖਦਾ ਹੈ। "ਕਰਮਚਾਰੀ ਦਾ ਮੁਆਵਜ਼ਾ" ਦਾਅਵਿਆਂ ਦੀ ਮੱਦਦ ਵਿੱਚ ਵੀ ਡਾਕਟਰੀ ਸਬੂਤ ਦੀ ਲੋੜ ਹੁੰਦੀ ਹੈ। ਪਸ਼ੂ ਧਨ ਅਤੇ ਪਸ਼ੂ ਦਾਅਵਿਆਂ ਦਾ ਮੁਲਾਂਕਣ ਡੰਗਰ ਡਾਕਟਰ ਦੀ ਰਿਪੋਰਟ ਦੇ ਅਧਾਰ ਉੱਤੇ ਕੀਤਾ ਜਾਂਦਾ ਹੈ।

ਜਾਣਕਾਰੀ

ਘਾਟੇ ਜਾਂ ਨੁਕਸਾਨ ਦੀ ਸੂਚਨਾ ਮਿਲਣ ਉੱਤੇ, ਬੀਮਾਕਰਤਾ ਨੂੰ ਜਾਂਚ ਕਰਨੀ ਚਾਹੀਦੀ ਹੈ ਕਿ:

1. ਘਾਟਾ ਜਾਂ ਨੁਕਸਾਨ ਹੋਣ ਦੀ ਮਿਤੀ ਨੂੰ ਬੀਮਾ ਪਾਲਸੀ ਲਾਗੂ ਹੈ
2. ਘਾਟਾ ਜਾਂ ਨੁਕਸਾਨ ਬੀਮਾ ਕਰਵਾਏ ਸੰਕਟ ਕਰਕੇ ਹੋਇਆ ਹੈ
3. ਘਾਟੇ ਦੇ ਵਜੋਂ ਪ੍ਰਭਾਵਿਤ ਹੋਈ ਜਾਇਦਾਦ (ਬੀਮੇ ਦੀ ਵਿਸ਼ਾ-ਵਸਤੂ) ਪਾਲਸੀ ਵਿੱਚ ਬੀਮਾ ਕਰਵਾਈ ਹੋਈ ਹੀ ਹੈ
4. ਘਾਟੇ ਦੀ ਸੂਚਨਾ ਬਿਨਾਂ ਦੇਰੀ ਦੇ ਪ੍ਰਾਪਤ ਹੋਈ ਹੈ।

ਮੋਟਰ ਸੁਤੰਤਰ ਧਰ ਦਾਅਵਿਆਂ, ਜਿਸ ਵਿੱਚ ਮੌਤ ਤੇ ਨਿੱਜੀ ਸੱਟਾਂ ਸ਼ਾਮਿਲ ਹਨ, ਦਾ ਮੁਲਾਂਕਣ ਡਾਕਟਰ ਦੀ ਰਿਪੋਰਟ ਦੇ ਆਧਾਰ ਉੱਤੇ ਕੀਤਾ ਜਾਂਦਾ ਹੈ। ਇਹ ਦਾਅਵਿਆਂ ਨੂੰ ਮੋਟਰ ਦੁਰਘਟਨਾ ਦਾਅਵੇ ਟ੍ਰਿਬਿਊਨਲ ਵਲੋਂ ਨਿਪਟਾਇਆ ਜਾਂਦਾ ਹੈ ਅਤੇ ਭੁਗਤਾਨ ਕੀਤੀ ਜਾਣ ਵਾਲੀ ਰਕਮ ਨੂੰ ਦਾਅਵੇਦਾਰ ਦੀ ਉਮਰ ਤੇ ਆਮਦਨ ਵਰਗੇ ਕਾਰਨਾਂ ਦੇ ਆਧਾਰ ਉੱਤੇ ਤਹਿ ਕੀਤਾ ਜਾਂਦਾ ਹੈ।

ਸੁਤੰਤਰ ਧਿਰ ਦੀ ਜਾਇਦਾਦ ਨੂੰ ਹੋਏ ਨੁਕਸਾਨ ਵਾਲੇ ਦਾਅਵਿਆਂ ਦਾ ਮੁਲਾਂਕਣ ਸਰਵੇਖਣ ਰਿਪੋਰਟ ਦੇ ਅਧਾਰ ਉੱਤੇ ਕੀਤਾ ਜਾਂਦਾ ਹੈ।

- ✓ ਮੋਟਰ ਖੁਦ ਦੇ ਨੁਕਸਾਨ ਦਾਅਵੇ ਦਾ ਮੁਲਾਂਕਣ ਸਰਵੇਅਰ ਰਿਪੋਰਟ ਦੇ ਆਧਾਰ ਉੱਤੇ ਕੀਤਾ ਜਾਂਦਾ ਹੈ।
- ✓ ਜੇ ਕਿਸੇ ਹੋਰ ਧਿਰ ਦਾ ਨੁਕਸਾਨ ਸ਼ਾਮਿਲ ਹੋਵੇ ਤਾਂ ਪੁਲਿਸ ਨੂੰ ਰਿਪੋਰਟ ਦਿੱਤੀ ਜਾ ਸਕਦੀ ਹੈ।

ਜਾਣਕਾਰੀ

ਜਾਂਚ ਘਾਟੇ ਦੇ ਮੁਲਾਂਕਣ ਤੋਂ ਵੱਖਰੀ ਹੈ। ਜਾਂਚ ਯਕੀਨੀ ਬਣਾਉਣ ਲਈ ਕੀਤੀ ਜਾਂਦੀ ਹੈ ਕਿ ਠੀਕ ਦਾਅਵਾ ਕੀਤਾ ਗਿਆ ਹੈ ਅਤੇ ਮਹੱਤਵਪੂਰਨ ਵੇਰਵੇ ਤੇ ਸ਼ੱਕ ਜਿਵੇਂ ਕਿ ਬੀਮਾਯੋਗ ਹਿੱਤ, ਪ੍ਰਮੁੱਖ ਤੱਥਾਂ ਦੀ ਗਲਤ ਜਾਣਕਾਰੀ, ਜਾਣਬੁੱਝ ਕੇ ਕੀਤੇ ਨੁਕਸਾਨ ਆਦਿ ਨੂੰ ਖਤਮ ਕਰਨ ਲਈ ਲਈ ਕੀਤੀ ਜਾਂਦੀ ਹੈ।

ਸਿਹਤ ਬੀਮਾ ਦਾਅਵਿਆਂ ਦਾ ਮੁਲਾਂਕਣ ਖੁਦ ਜਾਂ ਸੁਤੰਤਰ ਧਿਰ ਪ੍ਰਸ਼ਾਸ਼ਕਾਂ (TPA) ਵਲੋਂ ਗ਼ੈਰ-ਜੀਵਨ ਬੀਮਾ ਕੰਪਨੀਆਂ ਦੇ ਤੌਰ ਉੱਤੇ ਕੀਤਾ ਜਾਂਦਾ ਹੈ। ਮੁਲਾਂਕਣ ਡਾਕਟਰੀ ਰਿਪੋਰਟਾਂ ਅਤੇ ਮਾਹਿਰਾਂ ਦੇ ਵਿਚਾਰਾਂ ਦੇ ਆਧਾਰ ਉੱਤੇ ਹੁੰਦਾ ਹੈ।

ਬੀਮਾ ਸਰਵੇਖਕ ਜਾਂਚ ਦਾ ਕੰਮ ਵੀ ਕਰਦੇ ਹਨ। ਇਹ ਮੱਦਦਗਾਰ ਹੁੰਦਾ ਹੈ, ਜੇ ਸਰਵੇਖਕ ਕੰਮ ਜਿੰਨਾ ਛੇਤੀ ਸੰਭਵ ਹੋਵੇ ਕਰ ਸਕੇ। ਇਸਕਰਕੇ, ਦਾਅਵੇ ਪ੍ਰਾਪਤ ਹੋਣ ਦੇ ਜਿੰਨਾ ਛੇਤੀ ਸੰਭਵ ਹੋਵੇ ਸਰਵੇਅਰ ਨੂੰ ਨਿਯੁਕਤ ਕਰਨ ਰਿਵਾਜ ਹੈ।

4. ਸਰਵੇਅਰ ਅਤੇ ਘਾਟਾ ਮੁੱਲ ਨਿਰਧਾਰਕ

a) ਸਰਵੇਅਰ

ਸਰਵੇਅਰ ਆਈਆਰਡੀਏਆ ਵਲੋਂ ਲਾਈਸੈਂਸ ਪ੍ਰਾਪਤ ਪੇਸ਼ੇਵਰ ਹੁੰਦੇ ਹਨ। ਉਹ ਖਾਸ ਖੇਤਰਾਂ ਵਿੱਚ ਘਾਟਿਆਂ ਦੀ ਜਾਂਚ ਕਰਨ ਤੇ ਮੁਲਾਂਕਣ ਕਰਨ ਲਈ ਮਾਹਿਰ ਹੁੰਦੇ ਹਨ। ਸਰਵੇਅਰਾਂ ਨੂੰ ਆਮ ਤੌਰ ਉੱਤੇ ਉਹਨਾਂ ਨੂੰ ਕੰਮ ਦੇਣ ਵਾਲੀ ਬੀਮਾ ਕੰਪਨੀ ਵਲੋਂ ਫੀਸ ਦਿੱਤੀ ਜਾਂਦੀ ਹੈ। ਸਰਵੇਅਰ ਅਤੇ ਘਾਟਾ ਮੁਲਾਂਕਣ ਕਰਨ ਵਾਲੇ ਆਮ ਤੌਰ ਉੱਤੇ ਜਰਨਲ ਬੀਮਾ ਕੰਪਨੀਆਂ ਵਲੋਂ ਦਾਅਵੇ ਦੇ ਸਮੇਂ ਕੰਮ ਉੱਤੇ ਲਾਏ ਜਾਂਦੇ ਹਨ। ਉਹ ਸਵਾਲ ਵਿਚਲੀ ਜਾਇਦਾਦ ਦੀ ਜਾਂਚ, ਪੜਤਾਲ ਅਤੇ ਘਾਟੇ ਦੇ ਕਾਰਨ ਤੇ ਹਾਲਤਾਂ ਦੀ ਪੁਸ਼ਟੀ ਕਰਦੇ ਹਨ। ਉਹ ਘਾਟੇ ਦੀ ਮਾਤਰਾ ਬਾਰੇ ਅੰਦਾਜ਼ਾ ਵੀ ਲਗਾਉਂਦੇ ਹਨ ਅਤੇ ਬੀਮਾ ਕੰਪਨੀ ਨੂੰ ਰਿਪੋਰਟ ਦਿੰਦੇ ਹਨ।

ਉਹ ਬੀਮਾਕਰਤਾ ਨੂੰ ਹੋਰ ਘਾਟੇ ਨੂੰ ਰੋਕਣ ਲਈ ਢੁੱਕਵੇਂ ਕਦਮ ਚੁੱਕਣ ਵਾਸਤੇ ਸਲਾਹ ਵੀ ਦਿੰਦੇ ਹਨ। ਸਰਵੇਅਰ ਬੀਮਾ ਕਾਨੂੰਨ 1938, ਬੀਮਾ ਨਿਯਮ, 1939 ਅਤੇ ਆਈਆਰਡੀਏਆ ਵਲੋਂ ਜਾਰੀ ਖਾਸ ਨਿਯਮਾਂ ਦੇ ਤਹਿਤ ਕੰਮ ਕਰਦੇ ਹਨ। ਦਰਾਮਦ ਲਈ 'ਯਾਤਰਾ ਪਾਲਸੀ' ਜਾਂ 'ਜਹਾਜ਼ੀ ਖੁੱਲ੍ਹੀ ਪਾਲਸੀ' ਦੇ ਕੇਸ ਵਿੱਚ ਦੇਸ਼ ਤੋਂ ਬਾਹਰ ਦਾਅਵਿਆਂ ਦੇ ਮੁਲਾਂਕਣ ਨੂੰ ਪਾਲਸੀ ਵਿੱਚ ਦਿੱਤੇ ਗਏ ਵਿਦੇਸ਼ੀ ਦਾਅਵਾ ਸਮਝੌਤਾ ਏਜੰਟਾਂ ਵਲੋਂ ਕੀਤਾ ਜਾਂਦਾ ਹੈ।

ਇਹ ਏਜੰਟ ਘਾਟੇ ਦਾ ਮੁਲਾਂਕਣ ਅਤੇ ਭੁਗਤਾਨ ਵੀ ਕਰ ਸਕਦੇ ਹਨ, ਜਿਸ ਲਈ ਉਹਨਾਂ ਨੂੰ ਬੀਮਾਕਰਤਾ ਵਲੋਂ ਉਹਨਾਂ ਦੀ ਨਿਪਟਾਰਾ ਫੀਸ ਦੇ ਨਾਲ ਧਨ-ਵਾਪਸੀ ਕੀਤੀ ਜਾਂਦੀ ਹੈ। ਬਦਲਵੇਂ ਰੂਪ ਵਿੱਚ, ਬੀਮਾ ਦਾਅਵਾ ਨਿਪਟਾਉਣ ਏਜੰਟਾਂ ਵਲੋਂ ਸਭ ਦਾਅਵਾ ਪੇਪਰ ਪ੍ਰਾਪਤ ਕੀਤੇ ਜਾਂਦੇ ਹਨ ਅਤੇ ਬੀਮਾਕਰਤਾ ਨੂੰ ਦਿੱਤੇ ਜਾਂਦੇ ਹਨ, ਉਹਨਾਂ ਦੇ ਮੁਲਾਂਕਣ ਦੇ ਨਾਲ।

ਖਾਸ

ਬੀਮਾ ਐਕਟ ਦੇ ਸੈਕਸ਼ਨ 64 UM

ਜਿੱਥੇ ਵੀ ਕਿਸੇ ਬੀਮਾ ਪਾਲਸੀ ਦੇ ਤਹਿਤ ਦਾਅਵੇ ਦਾ ਮੁੱਲ ਵੀਹ ਹਜ਼ਾਰ ਰੁਪਏ ਤੋਂ ਘੱਟ ਹੋਵੇ ਤਾਂ ਬੀਮਾਕਰਤਾ ਲਈ ਇਹ ਸੰਭਵ ਨਹੀਂ ਹੈ ਕਿ ਉਹ ਮਨਜ਼ੂਰੀ ਪ੍ਰਾਪਤ ਸਰਵੇਅਰ ਜਾਂ ਘਾਟਾ ਨਿਰਧਾਰਕ ਨੂੰ ਦਾਅਵੇ ਦੀ ਰਕਮ

ਬੇਢੰਗੇ ਖਰਚੇ ਬਿਨਾਂ ਕੰਮ ਉੱਤੇ ਲਾਵੇ, ਬੀਮਾਕਰਤਾ ਕਿਸੇ ਹੋਰ ਵਿਅਕਤੀ (ਸਰਵੇਅਰ ਜਾਂ ਘਾਟਾ ਨਿਰਧਾਰਕ ਦੇ ਵਜੋਂ ਨੌਕਰੀ ਦੇਣ ਲਈ ਅਯੋਗ ਵਿਅਕਤੀ ਨਹੀਂ) ਨੂੰ ਇੰਝ ਦੇ ਘਾਟੇ ਲਈ ਕੰਮ ਦੇਵੇ ਅਤੇ ਕੰਮ ਉੱਤੇ ਵਿਅਕਤੀ ਨੂੰ ਸੰਭਵ ਫੀਸ ਜਾਂ ਸੇਵਾ-ਫ਼ਲ ਦੇਵੇ ਜੋ ਕਿ ਉਸ ਨੂੰ ਯੋਗ ਲੱਗੇ।

---

5. ਦਾਅਵਾ ਫਾਰਮ

ਦਾਅਵਾ ਫਾਰਮ ਦੀ ਸਮੱਗਰੀ ਬੀਮੇ ਦੇ ਹਰ ਵਰਗੇ ਮੁਤਾਬਕ ਵੱਖ-ਵੱਖ ਹੋ ਸਕਦੀ ਹੈ। ਆਮ ਤੌਰ ਉੱਤੇ, ਦਾਅਵਾ ਫਾਰਮ ਨੂੰ ਘਾਟੇ ਦੇ ਹਾਲਤ, ਘਾਟੇ ਦੀ ਮਿਤੀ, ਸਮਾਂ, ਘਾਟੇ ਦੇ ਕਾਰਨ, ਘਾਟੇ ਦੀ ਹੱਦ ਆਦਿ ਦੇ ਬਾਰੇ ਪੂਰੀ ਜਾਣਕਾਰੀ ਪ੍ਰਾਪਤ ਕਰਨ ਲਈ ਤਿਆਰ ਕੀਤਾ ਗਿਆ ਹੈ। ਹੋਰ ਸਵਾਲ ਬੀਮੇ ਦੇ ਇੱਕ ਵਰਗ ਤੋਂ ਦੂਜੇ ਲਈ ਵੱਖਰੇ ਹੁੰਦੇ ਹਨ।

ਉਦਾਹਰਨ

ਅੱਗ ਦਾਅਵਾ ਫਾਰਮ ਵਿੱਚ ਪੁੱਛੀ ਜਾਣ ਵਾਲੀ ਜਾਣਕਾਰੀ ਦੀ ਉਦਾਹਰਨ ਹੇਠਾਂ ਦਿੱਤੀ ਹੈ:

i. ਬੀਮਤ ਦਾ ਨਾਂ, ਪਾਲਸੀ ਨੰਬਰ ਅਤੇ ਸਿਰਨਾਵਾਂ
ii. ਅੱਗ ਦੀ ਮਿਤੀ, ਸਮਾਂ, ਕਾਰਨ ਅਤੇ ਹਾਲਤ
iii. ਨੁਕਸਾਨੀ ਗਈ ਜਾਇਦਾਦ ਵੇਰਵਾ
iv. ਅੱਗ ਦੇ ਸਮੇਂ ਜਾਇਦਾਦ ਜਾਂਚਿਆ ਮੁੱਲ ਜਿੱਥੇ ਬੀਮੇ ਵਿਚ ਕਈ ਚੀਜ਼ਾਂ ਹੋ ਸਕਦੀਆਂ ਹਨ, ਜਿਸ ਲਈ ਦਾਅਵਾ ਕੀਤਾ ਜਾ ਸਕਦਾ ਹੈ। [ਦਾਅਵਾ ਘਟਨਾ ਹੋਣ ਦੀ ਥਾਂ ਤੇ ਸਮੇਂ ਕੀਮਤ ਵਿੱਚ ਕਮੀ, ਘਸਾਈ ਦੀ ਕਟੌਤੀ (ਜਦੋਂ ਤੱਕ ਕਿ "ਮੁੜ-ਸਥਾਪਨ ਮੁੱਲ" ਦੇ ਆਧਾਰ ਉੱਤੇ ਇਮਾਰਤ, ਪਲਾਂਟ ਅਤੇ ਮਸ਼ੀਨਰੀ ਦੇ ਸਬੰਧ ਵਿੱਚ ਪਾਲਸੀ ਨਾ ਹੋਵੇ) ਦੇ ਬਾਅਦ ਜਾਇਦਾਦ ਦੇ ਅਸਲ ਮੁੱਲ ਦੇ ਅਧਾਰ ਉੱਤੇ ਹੋਣਾ ਚਾਹੀਦਾ ਹੈ। ਇਸ ਵਿਚ ਫਾਇਦਾ ਸ਼ਾਮਿਲ ਨਹੀਂ ਹੋਣਾ ਚਾਹੀਦਾ]
v. ਬਚੀ ਸੰਪੱਤੀ ਦੀ ਕਟੌਤੀ ਦੇ ਬਾਅਦ ਦਾਅਵਾ ਕੀਤੀ ਗਈ ਰਕਮ
vi. ਟਿਕਾਣਾ ਦੀ ਸਥਿਤੀ ਅਤੇ ਉੱਥੇ ਮੌਜੂਦਗੀ, ਜਿੱਥੇ ਅੱਗ ਲੱਗੀ ਸੀ
vii. ਅਧਿਕਾਰ, ਜਿਸ ਮੁਤਾਬਕ ਬੀਮਤ ਨੇ ਦਾਅਵਾ ਕੀਤਾ ਹੈ, ਭਾਵੇਂ ਮਾਲਕ ਵਜੋਂ, ਗਹਿਣੇ ਰੱਖਣ ਵਾਲੇ ਵਜੋਂ ਜਾਂ ਇੰਝ ਹੀ ਹੋਰ
viii. ਜੇ ਕੋਈ ਹੋਰ ਵਿਅਕਤੀ ਜਾਇਦਾਦ ਨੁਕਸਾਨ ਵਿੱਚ ਦਿਲਚਸਪੀ ਰੱਖਦਾ ਹੈ
ix. ਜੇ ਕੋਈ ਹੋਰ ਬੀਮਾ ਉਸ ਜਾਇਦਾਦ ਲਈ ਲਾਗੂ ਹੈ, ਜੇ ਹੈ ਤਾਂ ਵੇਰਵਾ

ਇਸ ਦੇ ਬਾਅਦ ਐਲਾਨ ਹੁੰਦਾ ਹੈ ਕਿ ਫਾਰਮ ਵਿੱਚ ਦਿੱਤਾ ਗਿਆ ਬਿਆਨ ਸੱਚਾ ਤੇ ਠੀਕ ਹੈ ਅਤੇ ਬੀਮਤ ਦੇ ਦਸਤਖਤ ਤੇ ਮਿਤੀ ਹੁੰਦੇ ਹਨ।

ਬੀਮਾ ਕੰਪਨੀ ਦੇ ਅੱਗ ਦਾਅਵਾ ਫਾਰਮ ਦਾ ਨਮੂਨਾ ਇਸ ਪਾਠ ਵਿੱਚ "ਨੁਮਾਇਸ਼ 1" ਵਿੱਚ ਦਿੱਤਾ ਗਿਆ ਹੈ।

ਬੀਮਾ ਕੰਪਨੀ ਵਲੋਂ ਦਾਅਵਾ ਫਾਰਮ ਜਾਰੀ ਕਰਨ ਦਾ ਭਾਵ ਇਹ ਨਹੀਂ ਹੁੰਦਾ ਹੈ ਕਿ ਬੀਮਾਕਰਤਾ ਨੇ ਦਾਅਵੇ ਨੂੰ ਮਨਜ਼ੂਰ ਕਰ ਲਿਆ ਹੈ। ਦਾਅਵਾ ਫਾਰਮ 'ਬਿਨਾਂ ਘਾਟਾ' ਟਿੱਪਣੀ ਨਾਲ ਜਾਰੀ ਕੀਤੇ ਜਾਂਦੇ ਹਨ।

a) ਸਹਾਇਕ ਦਸਤਾਵੇਜ਼

ਦਾਅਵਾ ਫਾਰਮ ਦੇ ਨਾਲ, ਦਾਅਵਾ ਦਸਤਾਵੇਜ਼ ਦਾਅਵੇਦਾਰ ਵਲੋਂ ਪੇਸ਼ ਕਰਨ ਦੀ ਲੋੜ ਹੁੰਦੀ ਹੈ ਜਾਂ ਦਾਅਵਾ ਸਿੱਧ ਕਰਨ ਲਈ ਬੀਮਾਕਰਤਾ ਵਲੋਂ ਲੈਣੇ ਹੁੰਦੇ ਹਨ।

i. ਅੱਗ ਦਾਅਵੇ ਲਈ, ਅੱਗ ਬਝਾਊ ਦਸਤੇ ਤੋਂ ਰਿਪੋਰਟ ਜ਼ਰੂਰੀ ਹੋਵੇਗੀ।
ii. ਸਾਈਕਲੋਨ ਨੁਕਸਾਨ ਲਈ, ਮੌਸਮ ਵਿਭਾਗ ਤੋਂ ਰਿਪੋਰਟ ਮੰਗਵਾਈ ਜਾ ਸਕਦੀ ਹੈ
iii. ਸੰਨ੍ਹਮਾਰੀ ਦਾਅਵੇ ਲਈ, ਪੁਲਿਸ ਤੋਂ ਰਿਪੋਰਟ ਜ਼ਰੂਰੀ ਹੋ ਸਕਦੀ ਹੈ।
iv. ਘਾਤਕ ਦੁਰਘਟਨਾ ਦਾਅਵਿਆਂ ਲਈ, ਪੜਤਾਲ ਕਰਨ ਵਾਲੇ ਅਧਿਕਾਰੀ ਅਤੇ ਪੁਲਿਸ ਤੋਂ ਰਿਪੋਰਟਾਂ ਜ਼ਰੂਰੀ ਹੋ ਸਕਦੀਆਂ ਹਨ।
v. ਮੋਟਰ ਦਾਅਵਿਆਂ ਲਈ, ਬੀਮਾ ਕਰਤਾ ਡਰਾਇਵਿੰਗ ਲਾਈਸੈਂਸ, ਰਜਿਸਟਰੇਸ਼ਨ ਬੁੱਕ, ਪੁਲਿਸ ਰਿਪੋਰਟ ਆਦਿ ਵੇਖ ਸਕਦਾ ਹੈ।
vi. ਜਹਾਜ਼ੀ ਕਾਰਗੋ ਦਾਅਵਿਆਂ ਵਿੱਚ, ਦਸਤਾਵੇਜ਼ਾਂ ਦੀ ਕਿਸਮ ਘਾਟੇ ਦੀ ਕਿਸਮ ਜਿਵੇਂ ਕਿ ਕੁੱਲ ਘਾਟਾ, ਖਾਸ ਔਸਤ, ਘਰੇਲੂ ਜਾਂ ਵਿਦੇਸ਼ੀ ਮਾਰਗ ਦਾਅਵਿਆਂ ਆਦਿ ਦੇ ਮੁਤਾਬਕ ਵੱਖ-ਵੱਖ ਹੁੰਦੇ ਹਨ।

6. ਘਾਟਾ ਮੁਲਾਂਕਣ ਅਤੇ ਦਾਅਵਾ ਸਮਝੌਤਾ

ਦਾਅਵਾ ਮੁਲਾਂਕਣ ਪਤਾ ਕਰਨ ਦੀ ਪ੍ਰਕਿਰਿਆ ਹੈ ਕਿ ਕੀ ਬੀਮਤ ਨੂੰ ਪਿਆ ਘਾਟਾ ਬੀਮਤ ਹੋਏ ਸੰਕਟ ਕਰਕੇ ਹੀ ਪਿਆ ਹੈ ਅਤੇ ਕੋਈ ਵੀ ਵਾਰੰਟੀ ਉਲੰਘਣਾ ਤਾਂ ਨਹੀਂ ਹੋਈ ਹੈ।

ਦਾਅਵਿਆਂ ਦੇ ਨਿਪਟਾਉਣ ਨੂੰ ਨਿਰਪੱਖਤਾ ਅਤੇ ਨਿਆਂ ਦੇ ਅਧਾਰ ਉੱਤੇ ਵਿਚਾਰਿਆ ਜਾਂਦਾ ਹੈ। ਗ਼ੈਰ-ਜੀਵਨ ਬੀਮਾ ਕੰਪਨੀ ਲਈ, ਦਾਅਵਿਆਂ ਦੇ ਨਿਪਟਾਉਣ ਵਿੱਚ ਤੇਜ਼ੀ ਨੂੰ ਉਸ ਦੀਆਂ ਸੇਵਾਵਾਂ ਲਈ ਕਾਰਗੁਜ਼ਾਰੀ ਦੇ ਪੈਮਾਨੇ ਵਜੋਂ ਵੇਖਿਆ ਜਾਂਦਾ ਹੈ। ਹਰ ਕੰਪਨੀ ਦੀਆਂ ਦਾਅਵਿਆਂ ਉੱਤੇ ਕੰਮ ਕਰਨ ਲਈ ਲੱਗੇ ਲਈ ਅੰਦਰੂਨੀ ਹਦਾਇਤਾਂ ਹੁੰਦੀਆਂ ਹਨ, ਜਿਹਨਾਂ ਨੂੰ ਮੁਲਾਜ਼ਮਾਂ ਨੂੰ ਪੂਰਾ ਕਰਨਾ ਹੁੰਦਾ ਹੈ।

ਇਹਨਾਂ ਆਮ ਤੌਰ ਉੱਤੇ "ਵਾਰੀ ਸਿਰ ਸਮਾਂ" (ਟੀਏਟੀ) ਕਹਿੰਦੇ ਹਨ। ਕਈ ਬੀਮਾਕਰਤਾ ਨੇ ਆਪਣੇ ਗਾਹਕਾਂ ਦੀ ਸਹੂਲਤ ਲਈ ਆਨਲਾਈਨ ਸਮੇਂ ਸਮੇਂ ਉੱਤੇ ਸਥਿਤੀ ਵੇਖਣ ਦੀ ਸਹੂਲਤ ਵੀ ਦਿੱਤੀ ਹੋਈ ਹੈ। ਕੁਝ ਗ਼ੈਰ-ਜੀਵਨ ਬੀਮਾ ਕੰਪਨੀਆਂ ਨੇ ਦਾਅਵਿਆਂ ਉੱਤੇ ਤੇਜ਼ੀ ਨਾਲ ਕੰਮ ਕਰਨ ਲਈ ਦਾਅਵਾ ਹੱਬ ਤਿਆਰ ਕੀਤੇ ਹਨ।

ਖਾਸ

ਬੀਮਾ ਦਾਅਵੇ ਵਿੱਚ ਮਹੱਤਵਪੂਰਨ ਪੱਖ

i. ਫੈਸਲੇ ਲੈਣ ਦਾ ਪਹਿਲਾਂ ਪੱਖ ਹੁੰਦਾ ਹੈ ਕਿ ਕੀ ਘਾਟਾ ਪਾਲਸੀ ਦੀ ਹੱਦ ਵਿੱਚ ਹੈ। ਲਗਭਗ ਕਾਰਨ ਦਾ ਕਾਨੂੰਨੀ ਸਿਧਾਂਤ ਫੈਸਲਾ ਕਰਨ ਲਈ ਹਦਾਇਤਾਂ ਦਿੰਦਾ ਹੈ ਕਿ ਕੀ ਘਾਟਾ ਬੀਮਾ ਕੀਤੇ ਸੰਕਟ ਰਾਹੀਂ ਹੋਇਆ ਹੈ ਜਾਂ ਬਿਨਾਂ ਬੀਮਾ ਕਰਵਾਏ ਸੰਕਟ ਰਾਹੀਂ। ਸਬੂਤ ਦੀ ਜ਼ਿੰਮੇਵਾਰੀ ਕਿ ਘਾਟਾ ਪਾਲਸੀ ਦੀ ਹੱਦ ਵਿੱਚ ਹੈ, ਬੀਮਤ ਉੱਤੇ ਹੁੰਦੀ ਹੈ। ਪਰ, ਜੇ ਘਾਟਾ ਬਾਹਰੀ ਸੰਕਟ ਰਾਹੀਂ ਹੋਇਆ ਹੋਵੇ ਤਾਂ ਸਬੂਤ ਦੀ ਜ਼ਿੰਮੇਵਾਰੀ ਬੀਮਾਕਰਤਾ ਦੀ ਹੁੰਦੀ ਹੈ।

ii. ਫੈਸਲਾ ਕੀਤਾ ਜਾਣ ਵਾਲਾ ਦੂਜਾ ਪੱਖ ਹੁੰਦਾ ਹੈ ਕਿ ਕੀ ਬੀਮਤ ਨੇ ਪਾਲਸੀਆਂ ਦੀਆਂ ਸ਼ਰਤਾਂ ਦੀ ਪਾਲਣਾ ਕੀਤੀ ਹੈ ਖਾਸ ਤੌਰ ਉੱਤੇ ਸ਼ਰਤਾਂ, ਜੋ ਕਿ 'ਦੇਣਦਾਰੀ' ਲਈ ਮਿਸਾਲ ਹਨ।

iii. ਤੀਜਾ ਪੱਖ ਵਾਰੰਟੀਆਂ ਦੇ ਪਾਲਣ ਕਰਨ ਸਬੰਧੀ ਹੈ। ਸਰਵੇ ਰਿਪੋਰਟ ਦਰਸਾਏਗੀ ਕਿ ਕੀ ਵਾਰੰਟੀਆਂ ਦੀ ਪਾਲਣਾ ਹੋਈ ਹੈ।

iv. ਚੌਥਾ ਪੱਖ ਪਾਲਸੀ ਜਾਰੀ ਰਹਿਣ ਦੇ ਦੌਰਾਨ ਪੇਸ਼ਕਰਤਾ ਵਲੋਂ ਅਤਿ ਚੰਗੇ ਵਿਸ਼ਵਾਸ਼ ਦੀ ਪਾਬੰਦੀ ਦੇ ਸਬੰਧ ਵਿੱਚ ਹੈ।

v. ਘਾਟਾ ਹੋਣ ਉੱਤੇ, ਬੀਮਤ ਤੋਂ ਇਸ ਤਰ੍ਹਾਂ ਕੰਮ ਕਰਨ ਦੀ ਉਮੀਦ ਕੀਤੀ ਜਾਂਦੀ ਹੈ ਕਿ ਜਿਵੇਂ ਉਸ ਦਾ ਬੀਮਾ ਨਾ ਹੋਵੇ। ਦੂਜੇ ਸ਼ਬਦਾਂ ਵਿੱਚ, ਉਸ ਦਾ ਫ਼ਰਜ਼ ਹੈ ਕਿ ਘਾਟੇ ਨੂੰ ਘਟਾਉਣ ਲਈ ਕਦਮ ਚੁੱਕੇ।

vi. ਛੇਵਾਂ ਪੱਖ ਹੈ ਕਿ ਦਿੱਤੱ ਜਾਣ ਵਾਲੀ ਰਕਮ ਦਾ ਪਤਾ ਕਰਨਾ। ਦੇਣਯੋਗ ਘਾਟੇ ਦੀ ਰਕਮ ਬੀਮਾ ਕਰਵਾਈ ਰਕਮ ਉੱਤੇ ਨਿਰਭਰ ਹੈ। ਪਰ, ਦੇਣਯੋਗ ਰਕਮ ਹੇਠ ਦਿੱਤਿਆਂ ਉੱਤੇ ਵੀ ਨਿਰਭਰ ਹੈ:

- ✓ ਪ੍ਰਭਾਵਿਤ ਹੋਈ ਜਾਇਦਾਦ ਵਿੱਚ ਬੀਮਤ ਦੇ ਬੀਮਾਯੋਗ ਹਿੱਤ ਦੀ ਹੱਦ
- ✓ ਬਚੇ ਸਾਮਾਨ ਦਾ ਮੁੱਲ
- ✓ ਅਲਪ-ਬੀਮੇ ਦੀ ਘੱਟ ਸੰਪਤੀ ਦਾ ਮੁਲਕਾਨ
- ✓ ਯੋਗਦਾਨ ਅਤੇ ਪਰ-ਸਥਾਪਨ ਸ਼ਰਤਾਂ ਦੀ ਅਰਜ਼ੀ

---

a) ਦਾਅਵੇ ਦੇ ਵਰਗ

ਦਾਅਵੇ, ਜੋ ਕਿ ਬੀਮਾ ਪਾਲਸੀਆਂ ਵਿੱਚ ਆਉਂਦੇ ਹਨ, ਹੇਠ ਦਿੱਤੇ ਵਰਗਾਂ ਅਧੀਨ ਹੁੰਦੇ ਹਨ:

i. ਸਟੈਂਡਰਡ ਦਾਅਵੇ

ਇਹ ਦਾਅਵੇ ਸਪਸ਼ਟ ਰੂਪ ਵਿੱਚ ਪਾਲਸੀ ਦੇ ਨਿਯਮਾਂ ਤੇ ਸ਼ਰਤਾਂ ਦੇ ਤਹਿਤ ਆਉਂਦੇ ਹਨ। ਦਾਅਵੇ ਦਾ ਮੁਲਾਂਕਣ ਹੱਦ ਅਤੇ ਚੁਣੇ ਗਈ ਬੀਮਾ ਰਕਮ ਅਤੇ ਬੀਮੇ ਦੇ ਕਈ ਵਰਗਾਂ ਲਈ ਹਰਜਾਨੇ ਦੇ ਹੋਰ ਢੰਗਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਕੀਤਾ ਜਾਂਦਾ ਹੈ।

ਬੀਮਾਕਰਤਾ ਵਲੋਂ ਭੁਗਤਾਨ ਯੋਗ ਦਾਅਵਾ ਰਕਮ ਲਈ ਗਈ ਪਾਲਸੀ ਦੇ ਮੁਤਾਬਕ ਕਈ ਕਾਰਨਾਂ ਜਿਵੇਂ ਕਿ ਘਾਟੇ ਦੇ ਸਮੇਂ ਮੁਲਾਂਕਣ, ਬੀਮਾਯੋਗ ਹਿੱਤ, ਸੰਭਾਵਿਤ ਬਚੀ ਸਮੱਗਰੀ, ਕਮਾਈ ਦਾ ਘਾਟਾ, ਵਰਤੋਂ ਦਾ ਘਾਟਾ, ਮੁੱਲ-ਘਾਟਾ, ਬਦਲਣ ਮੁੱਲ ਉੱਤੇ ਨਿਰਭਰ ਕਰਦੀ ਹੈ।

ii. ਗ਼ੈਰ-ਸਟੈਂਡਰਡ ਦਾਅਵੇ

ਦਾਅਵੇ ਹੋ ਸਕਦੇ ਹਨ, ਜਿੱਥੇ ਬੀਮਤ ਨੇ ਸ਼ਰਤ ਜਾਂ ਵਾਰੰਟੀ ਦਾ ਉਲੰਘਣ ਕੀਤਾ ਹੋਵੇ। ਇਹ ਦਾਅਵਿਆਂ ਦੇ ਨਿਪਟਾਰੇ ਨੂੰ ਗ਼ੈਰ-ਜੀਵਨ ਬੀਮਾ ਕੰਪਨੀਆਂ ਵਲੋਂ ਤਿਆਰ ਕੀਤੇ ਨਿਯਮਾਂ ਤੇ ਸਿਧਾਂਤਾਂ ਦੇ ਤਹਿਤ ਵਿਚਾਰਿਆਂ ਜਾਂਦਾ ਹੈ।

iii. ਐਸਤ ਜਾਂ ਐਸਤ ਨਿਯਮ ਦੀ ਸ਼ਰਤ

ਕੁਝ ਪਾਲਸੀਆਂ ਵਿੱਚ ਇਹ ਸ਼ਰਤ ਹੁੰਦੀ ਹੈ, ਜਿਸ ਵਿੱਚ ਬੀਮਤ ਨੂੰ ਆਪਣੀ ਜਾਇਦਾਦ ਦਾ ਬੀਮਾ ਉਸ ਦੇ ਅਸਲ ਮੁੱਲ ਤੋਂ ਘੱਟ, ਜਿਸ ਨੂੰ ਅਲਪ-ਬੀਮਾ ਕਹਿੰਦੇ ਹਨ, ਉੱਤੇ ਕਰਵਾਉਣ ਲਈ ਜੁਰਮਾਨਾ ਲਗਾਉਂਦੀ ਹੈ। ਦਾਅਵੇ ਦੇ ਸਮੇਂ ਬੀਮਤ ਰਕਮ ਪ੍ਰਾਪਤ ਕਰਦਾ ਹੈ, ਜੋ ਕਿ ਉਸ ਦੇ ਅਸਲ ਘਾਟੇ ਵਿੱਚੋਂ ਅਲਪ-ਬੀਮਾ ਕਰਵਾਈ ਰਕਮ ਦੇ ਮੁਤਾਬਕ ਘੱਟ ਜਾਂਦੀ ਹੈ।

iv. ਕੁਦਰਤੀ ਘਟਨਾ ਸੰਕਟ - ਤਬਾਹਕਾਰੀ ਘਾਟੇ

ਕੁਦਰਤੀ ਸੰਕਟ ਜਿਵੇਂ ਕਿ ਤੂਫਾਨ, ਸਾਈਕਲੋਨ, ਹੜ੍ਹ, ਕਾਂਗ ਅਤੇ ਭੁਚਾਲ ਨੂੰ "ਰੱਬੀ ਆਫ਼ਤਾਂ" ਸੰਕਟ ਵਜੋਂ ਦਰਸਾਇਆ ਜਾਂਦਾ ਹੈ। ਇਹ ਸੰਕਟ ਦੇ ਨਤੀਜੇ ਕਰਕੇ ਬੀਮਾਕਰਤਾ ਦੀਆਂ ਕਈ ਪਾਲਸੀਆਂ ਨੂੰ ਪ੍ਰਭਾਵਿਤ ਖੇਤਰ ਵਿੱਚ ਘਾਟਾ ਪੈਂਦਾ ਹੈ।

ਇੰਝ ਦੇ ਕੁਝ ਵੱਡੇ ਅਤੇ ਤਬਾਹਕਾਰੀ ਘਾਟਿਆਂ ਵਿੱਚ, ਸਰਵੇਅਰ ਨੂੰ ਘਾਟਾ ਪੈਣ ਵਾਲੀ ਥਾਂ ਉੱਤੇ ਤੁਰੰਤ ਮੁਲਾਂਕਣ ਅਤੇ ਘਾਟਾ ਘੱਟ ਕਰਨ ਦੇ ਯਤਨਾਂ ਲਈ ਜਾਣ ਲਈ ਕਿਹਾ ਜਾਂਦਾ ਹੈ। ਨਾਲ ਹੀ, ਬੀਮਾਕਰਤਾ ਦੇ ਅਧਿਕਾਰੀ ਵੀ ਖਾਸ ਤੌਰ ਉੱਤੇ ਘਾਟੇ ਦੀ ਥਾਂ ਦਾ ਦੌਰਾ ਕਰ ਸਕਦੇ ਹਨ, ਜਦੋਂ ਕਿ ਘਾਟੇ ਦੀ ਰਕਮ ਬਹੁਤ ਵੱਡੀ ਹੋਵੇ। ਦੌਰਾ ਕਰਨ ਦਾ ਮਕਸਦ ਤੁਰੰਤ, ਮੌਕੇ ਉੱਤੇ ਘਾਟੇ ਦੀ ਕਿਸਮ ਅਤੇ ਹੱਦ ਦਾ ਪਤਾ ਕਰਨਾ ਹੈ।

ਮੁੱਢਲੀਆਂ ਰਿਪੋਰਟਾਂ ਵੀ ਦਿੱਤੀ ਜਾਂਦੀਆਂ ਹਨ, ਜੇ ਸਰਵੇਅਰ ਨੂੰ ਮੁਲਾਂਕਣ ਵਿੱਚ ਕੋਈ ਸਮੱਸਿਆ ਹੋਵੇ ਅਤੇ ਬੀਮਾਕਰਤਾ ਤੋਂ ਹਦਾਇਤਾਂ ਅਤੇ ਸਹਾਇਤਾਂ ਦੀ ਲੋੜ ਹੋਵੇ, ਜੋ ਕਿ ਲੋੜ ਮੁਤਾਬਕ ਬੀਮਤ ਨਾਲ ਮੁੱਦਿਆਂ ਨੂੰ ਵਿਚਾਰਨ ਦਾ ਮੌਕਾ ਦਿੰਦੇ ਹਨ।

v. ਖਾਤੇ ਵਿੱਚ ਭੁਗਤਾਨ

ਮੁੱਢਲੀ ਰਿਪੋਰਟਾਂ ਤੋਂ ਬਿਨਾਂ, ਅੰਤਰਿਮ ਰਿਪੋਰਟਾਂ ਵੀ ਸਮੇਂ ਸਮੇਂ ਉੱਤੇ ਦਿੱਤੀ ਜਾਂਦੀਆਂ ਹਨ, ਜਿੱਥੇ ਮੁਰੰਮਤ ਅਤੇ/ਜਾਂ ਤਬਦੀਲੀ ਕਰਨ ਲਈ ਲੰਮਾ ਸਮਾਂ ਲੱਗਦਾ ਹੈ। ਅੰਤਰਿਮ ਰਿਪੋਰਟਾਂ ਬੀਮਾਕਰਤਾ ਨੂੰ ਘਾਟੇ ਦੇ ਮੁਲਾਂਕਣ ਵਿੱਚ ਤਰੱਕੀ ਬਾਰੇ ਯੋਜਨਾ ਦਿੰਦੀਆਂ ਹਨ। ਇਹ ਦਾਅਵੇ ਦੇ "ਖਾਤੇ ਵਿੱਚ ਭੁਗਤਾਨ" ਦੀ ਸਿਫਾਰਸ਼ ਕਰਨ ਲਈ ਮੱਦਦਗਾਰ ਹਨ, ਜੋ ਬੀਮਤ ਚਾਹੇ ਤਾਂ। ਇਹ ਅਕਸਰ ਤਾਂ ਹੁੰਦਾ ਹੈ, ਜਦੋਂ ਘਾਟਾ ਬਹੁਤ ਵੱਡਾ ਹੁੰਦਾ ਹੈ ਅਤੇ ਮੁਲਾਂਕਣ ਨੂੰ ਪੂਰਾ ਕਰਨ ਲਈ ਕੁਝ ਸਮਾਂ ਲੱਗ ਸਕਦਾ ਹੈ।

ਜੇ ਹੁਕਮਾਂ ਵਿੱਚ ਦਾਅਵਾ ਮਿਲਦਾ ਹੈ ਤਾਂ ਭੁਗਤਾਨ ਦਾਅਵੇਦਾਰ ਨੂੰ ਕੀਤਾ ਜਾਂਦਾ ਹੈ ਅਤੇ ਇੰਦਰਾਜ਼ ਕੰਪਨੀ ਰਿਕਾਰਡ ਵਿੱਚ ਬਣਾਏ ਜਾਂਦੇ ਹਨ। ਢੁੱਕਵੀਂ ਵਸੂਲੀ ਸਹਿ-ਬੀਮਾਕਰਤਾ ਅਤੇ ਮੁੜ-ਬੀਮਾਕਰਤਾ ਤੋਂ ਕੀਤੀ ਜਾਂਦੀ ਹੈ, ਜੇ ਕੋਈ ਹੋਵੇ। ਕੁਝ ਕੇਸਾਂ ਵਿੱਚ, ਬੀਮਤ ਵਿਅਕਤੀ ਨਹੀਂ ਹੋ ਸਕਦਾ ਹੈ, ਜਿਸ ਨੂੰ ਧਨ ਦਾ ਭੁਗਤਾਨ ਕੀਤਾ ਜਾਂਦਾ ਹੈ।

ਉਦਾਹਰਨ

ਜੇ ਅੱਗ ਪਾਲਸੀ ਦੇ ਅਧੀਨ ਬੀਮਾ ਕਰਵਾਈ ਜਾਇਦਾਦ ਬੈਂਕ ਤੋਂ ਕਰਜ਼ ਉੱਤੇ ਸੀ, ਤਾਂ "ਸਹਿਮਤੀ ਪ੍ਰਾਪਤ ਬੈਂਕ ਨਿਯਮ" ਦੇ ਮੁਤਾਬਕ ਦਾਅਵਾ ਧਨ ਬੈਂਕ ਨੂੰ ਭੁਗਤਾਨ ਕੀਤਾ ਜਾਂਦਾ ਹੈ। ਇਸਤਰ੍ਹਾਂ ਵਹੀਕਲ ਉੱਤੇ "ਕੁੱਲ ਘਾਟੇ" ਦੇ ਦਾਅਵੇ ਦਾ ਭੁਗਤਾਨ ਕਿਰਾਇਆ ਖਰੀਦ ਇਕਰਾਰਨਾਮੇ ਦੇ ਤਹਿਤ ਫਾਈਨੈਂਸਰਾਂ ਨੂੰ ਕੀਤਾ ਜਾਂਦਾ ਹੈ।

ਜਹਾਜ਼ੀ ਕਾਰਗੋ ਦਾਅਵੇ ਦਾ ਭੁਗਤਾਨ ਦਾਅਵੇਦਾਰ ਨੂੰ ਕੀਤਾ ਜਾਂਦਾ ਹੈ, ਜਿਸ ਨੇ ਆਪਣੇ ਹੱਕ ਵਿੱਚ ਘਾਟੇ ਦੇ ਸਮੇਂ ਤਸਦੀਕ ਕੀਤੀ ਜਹਾਜ਼ੀ ਪਾਲਸੀ ਪੇਸ਼ ਕੀਤੀ ਹੈ।

---

b) ਡਿਸਚਾਰਜ ਵਾਊਚਰ

ਦਾਅਵੇ ਦਾ ਨਿਪਟਾਰਾ ਕੇਵਲ ਪਾਲਸੀ ਦੇ ਅਧੀਨ ਡਿਸਚਾਰਜ ਪ੍ਰਾਪਤ ਕਰਨ ਦੇ ਬਾਅਦ ਹੀ ਕੀਤਾ ਜਾਂਦਾ ਹੈ। ਸੱਟਾਂ ਲਈ ਦਾਅਵਿਆਂ (ਨਿੱਜੀ ਦੁਰਘਟਨਾ ਬੀਮਾ ਵਿੱਚ) ਲਈ ਛੁੱਟੀ ਮਿਲਣ ਦੀ ਰਸੀਦ ਦੇ ਨਮੂਨੇ ਵਿੱਚ ਅੱਗੇ ਦਿੱਤੇ ਸ਼ਬਦ ਹੁੰਦੇ ਹਨ: (ਕੰਪਨੀ ਤੋਂ ਕੰਪਨੀ ਲਈ ਵੱਖ-ਵੱਖ ਹੋ ਸਕਦਾ ਹੈ)

ਬੀਮਤ ਦਾ ਨਾਂ

ਦਾਅਵਾ ਨੰ. ਪਾਲਸੀ ਨੰ.

ਵਲੋਂ ਪ੍ਰਾਪਤ ਕੰਪਨੀ ਲਿਮ.

ਰਕਮ ਰੁਪਏ _____ ਮੁਆਵਜ਼ੇ ਦਾ ਪੂਰਾ ਅਤੇ ਅੰਤਿਮ ਸਮਝੌਤਾ ਮੇਰੇ/ਸਾਡੇ ਲਈ ਦੁਰਘਟਨਾ ਕਰਕੇ ਮੇਰੇ/ਸਾਡੇ ਲੱਗੀਆਂ ਸੱਟਾਂ ਹਨ, ਜੋ ਕਿ _____ ਨੂੰ ਹੋਇਆ ਸੀ ਮੈਂ/ਅਸੀਂ ਇਹ ਡਿਸਚਾਰਜ ਰਸੀਦ ਕੰਪਨੀ ਨੂੰ ਮੇਰੇ/ਸਾਡੇ ਮੌਜੂਦਾ ਅਤੇ ਭਵਿੱਖ ਵਿੱਚ ਦਿੱਤੇ ਦਾਅਵੇ ਦੇ ਸਬੰਧੀ ਸਿੱਧੇ ਜਾਂ ਅਸਿੱਧੇ ਰੂਪ ਵਿੱਚ ਪੈਦਾ ਹੋਣ ਵਾਲੇ ਦਾਅਵੇ ਦੇ ਪੂਰੇ ਅਤੇ ਅੰਤਿਮ ਸਮਝੌਤੇ ਦੇ ਰੂਪ ਵਿੱਚ ਦਿੱਤੀਆਂ ਹਨ।

ਮਿਤੀ (ਦਸਤਖਤ)

ਸੁਤੰਤਰ ਧਿਰ ਦੇਣਦਾਰੀ ਦਾਅਵਿਆਂ ਲਈ ਛੋਟ ਦੀ ਰਸੀਦ ਦੇ ਸ਼ਬਦਾਂ ਵਿੱਚ ਹੇਠ ਦਿੱਤੀਆਂ ਸਤਰਾਂ ਹੋ ਸਕਦੀਆਂ ਹਨ:

ਮੈਂ (ਦਾਅਵੇਦਾਰ ਦਾ ਨਾਂ) _____ ਇੱਥੇ ਤਸਦੀਕ ਕਰਦਾ/ਕਰਦੀ ਹਾਂ ਕਿ ਮੈਂ _____ ਰੁਪਏ ਦੀ ਰਕਮ ਪ੍ਰਾਪਤ ਕੀਤੀ ਹੈ, ਜੋ ਕਿ _____ (ਬੀਮਤ ਦਾ ਨਾਂ) ਵਲੋਂ ਮੈਨੂੰ ਉਸ ਉੱਤੇ ਦੁਰਘਟਨਾ ਹੋਣ ਕਰਕੇ ਸਰੀਰਿਕ ਸੱਟਾਂ ਲੱਗਣ ਅਤੇ ਹੋਰ ਘਾਟਿਆਂ ਕਰਕੇ ਦਾਅਵੇ ਦੇ ਸਬੰਧੀ ਦਿੱਤੀ ਗਈ ਹੈ, ਜੋ ਕਿ ਮੇਰੇ ਨਾਲ _____ ਦਿਨ _____ ਨੂੰ _____ ਵਜੇ ਹੋਈ ਸੀ ਅਤੇ ਮੈਂ ਦਿੱਤਾ _____ (ਜਾਂ ਹੋਰ ਵਿਅਕਤੀ) ਦੇ ਹਿੱਸੇ ਉੱਤੇ ਦੇਣਦਾਰੀ ਦੇ ਇਨਕਾਰ ਨਾਲ ਰਕਮ ਦਾ ਭੁਗਤਾਨ ਲਈ ਸਹਿਮਤ ਹਾਂ, ਜੋ ਦਿੱਤੀ ਘਟਨਾ ਦੇ ਸਬੰਧ ਵਿੱਚ ਅਤੇ ਨੁਕਸਾਨ, ਜੋ ਕਿ ਹੁਣ ਜਾਂ ਇਸ ਤੋਂ ਬਾਅਦ ਹੁੰਦਾ ਹੈ ਅਤੇ ਉਸ ਹੱਦ, ਜੋ ਕਿ ਦਿੱਤੇ ਅਤੇ ਹੋਰ ਵਿਅਕਤੀ ਦਿੱਤੀ ਘਟਨਾ ਤੋਂ ਮੇਰੇ ਜਾਂ ਮੇਰੇ ਤੌਰ ਉੱਤੇ ਪੈਦਾ ਹੋਣ ਵਾਲੀ ਹਰ ਕਿਸਮ ਦੇ ਹੋਰ ਦਾਅਵਿਆਂ ਤੋਂ ਅਸਲ ਅਤੇ ਪੂਰੀ ਤਰ੍ਹਾਂ ਮੁਕਤ ਹਨ।

ਮਿਤੀ ਦਸਤਖਤ ਗਵਾਹ

(ਨੋਟ: ਇਹ ਸ਼ਬਦ ਸਟੈਂਡਰਡ ਨਹੀਂ ਹਨ, ਪਰ ਵਿਆਖਿਆ ਕਰਨ ਲਈ ਹੀ ਦਿੱਤੇ ਗਏ ਹਨ ਅਤੇ ਬਦਲ ਵੀ ਸਕਦੇ ਹਨ)।

c) **ਸਮਝੌਤੇ ਦਾ ਬਾਅਦ ਕਾਰਵਾਈ**

ਦਾਅਵੇ ਦੇ ਸਮਝੌਤੇ ਦੇ ਬਾਅਦ ਕੀਤੀ ਜਾਣ ਵਾਲੀ ਕਾਰਵਾਈ ਦੇ ਸਬੰਧੀ ਅੰਡਰਰਾਈਟਿੰਗ ਕਾਰੋਬਾਰ ਦੇ ਇੱਕ ਵਰਗ ਤੋਂ ਦੂਜੇ ਵਰਗ ਵਿੱਚ ਵੱਖ ਹੋ ਸਕਦੀ ਹੈ।

ਉਦਾਹਰਨ

ਅੱਗ ਪਾਲਸੀ ਅਧੀਨ ਬੀਮਾ ਕਰਵਾਈ ਰਕਮ ਦਾਅਵੇ ਦੇ ਭੁਗਤਾਨ ਦੀ ਰਕਮ ਦੀ ਹੱਦ ਤੱਕ ਘੱਟ ਜਾਂਦੀ ਹੈ। ਪਰ, ਇਸ ਦੀ ਬਹਾਲੀ ਪ੍ਰੋ-ਰਾਟਾ ਪ੍ਰੀਮੀਅਮ ਦੇ ਭੁਗਤਾਨ ਨਾਲ ਹੋ ਜਾਂਦੀ ਹੈ, ਜੋ ਕਿ ਭੁਗਤਾਨ ਕੀਤੇ ਦਾਅਵੇ ਦੀ ਰਕਮ ਤੋਂ ਕੱਟਿਆ ਜਾਂਦਾ ਹੈ।

ਨਿੱਜੀ ਦੁਰਘਟਨਾ ਪਾਲਸੀ ਅਧੀਨ ਬੀਮਾ ਕੀਤੀ ਰਕਮ ਪੂੰਜੀ ਦੇ ਭੁਗਤਾਨ ਕਰਨ ਦੇ ਬਾਅਦ ਪਾਲਸੀ ਰੱਦ ਹੋ ਜਾਂਦੀ ਹੈ।

ਇਸਤਰ੍ਹਾਂ ਵਿਅਕਤੀਗਤ ਦ੍ਰਿੜ੍ਹਤਾ ਗਾਰੰਟੀ ਪਾਲਸੀ ਅਧੀਨ ਦਾਅਵਾ ਭੁਗਤਾਨ ਦੇ ਬਾਅਦ ਪਾਲਸੀ ਆਪਣੇ-ਆਪ ਖਤਮ ਹੋ ਜਾਂਦੀ ਹੈ।

---

d) ਬਚੀ ਸੰਪੱਤੀ

ਆਮ ਤੌਰ ਉੱਤੇ ਨੁਕਸਾਨੀ ਗਈ ਜਾਇਦਾਦ ਨੂੰ ਬਚੀ ਸੰਪੱਤੀ ਕਿਹਾ ਜਾਂਦਾ ਹੈ। ਘਾਟੇ ਦੇ ਭੁਗਤਾਨ ਉੱਤੇ, ਬਚੀ ਸੰਪੱਤੀ ਬੀਮਾਕਰਤਾ ਦੀ ਹੋ ਜਾਂਦੀ ਹੈ।

ਉਦਾਹਰਨ

ਜਦੋਂ ਮੋਟਰ ਦਾਅਵੇ ਪੂਰੇ ਘਾਟੇ ਦੇ ਅਧਾਰ ਉੱਤੇ ਨਿਪਟਾਇਆ ਜਾਂਦਾ ਹੈ ਤਾਂ ਨੁਕਸਾਨੇ ਗਏ ਵਹੀਕਲ ਨੂੰ ਬੀਮਾਕਰਤਾ ਵਲੋਂ ਲੈ ਲਿਆ ਜਾਂਦਾ ਹੈ। ਅੱਗੇ ਦਾਅਵਿਆਂ, ਜਹਾਜ਼ੀ ਕਾਰਗੋ ਦਾਅਵਿਆਂ ਆਦਿ ਤੋਂ ਵੀ ਬਚੀ ਸੰਪੱਤੀ ਹੋ ਸਕਦੀ ਹੈ।

ਕੰਪਨੀਆਂ ਵਲੋਂ ਮਕਸਦ ਲਈ ਤਹਿ ਕੀਤੇ ਨਿਯਮਾਂ ਦੇ ਮੁਤਾਬਕ ਬਚੀ ਸੰਪੱਤੀ (Salvage) ਨੂੰ ਸਿਰੇ ਲਗਾਇਆ ਜਾਂਦਾ ਹੈ। ਸਰਵੇਅਰ, ਜਿਹਨਾਂ ਨੇ ਘਾਟੇ ਦਾ ਮੁਲਾਂਕਣ ਕੀਤਾ ਹੁੰਦਾ ਹੈ, ਨਿਪਟਾਰੇ ਦੇ ਢੰਗ ਦੀ ਵੀ ਸਿਫਾਰਸ਼ ਕਰ ਸਕਦੇ ਹਨ।

e) ਵਸੂਲੀ

ਦਾਅਵੇ ਨੂੰ ਨਿਪਟਾਉਣ ਤੋਂ ਬਾਅਦ ਬੀਮਾ ਇਕਰਾਰਨਾਮਿਆਂ ਉੱਤੇ ਲਾਗੂ ਪਰ-ਸਥਾਪਨ ਹੱਕਾਂ ਦੇ ਤਹਿਤ ਬੀਮਾਕਰਤਾ ਬੀਮਤ ਦੇ ਅਧਿਕਾਰਾਂ ਤੇ ਠੀਕ ਕਰਨ ਦਾ ਹੱਕਦਾਰ ਹੁੰਦਾ ਹੈ ਅਤੇ ਸੁਤੰਤਰ ਧਿਰ ਤੋਂ ਭੁਗਤਾਨ ਕੀਤੇ ਘਾਟੇ ਨੂੰ ਵਸੂਲ ਸਕਦਾ ਹੈ, ਜੋ ਕਿ ਲਾਗੂ ਹੋਣ ਵਾਲੇ ਅਨੁਸਾਰੀ ਕਾਨੂੰਨਾਂ ਦੇ ਤਹਿਤ ਘਾਟੇ ਲਈ ਜ਼ਿੰਮੇਵਾਰ ਹੋ ਸਕਦੇ ਹਨ। ਇਸਕਰਕੇ ਬੀਮਾਕਰਤਾ ਭੇਜਣ ਵਾਲੀਆਂ ਕੰਪਨੀਆਂ, ਰੇਲਵੇ, ਰੋਡ ਕੈਰੀਅਰ, ਹਵਾਈ-ਕੰਪਨੀਆਂ ਤੇ ਪੋਰਟ ਟਰੱਸਟਾਂ ਆਦਿ ਤੋਂ ਘਾਟੇ ਦੀ ਵਸੂਲੀ ਕਰ ਸਕਦਾ ਹੈ।

ਉਦਾਹਰਨ

ਸਾਮਾਨ ਦੇ ਨਾ-ਪਹੁੰਚਣ ਦੇ ਕੇਸ ਵਿੱਚ, ਘਾਟੇ ਦੀ ਜ਼ਿੰਮੇਵਾਰੀ ਕੈਰੀਅਰ ਦੀ ਹੁੰਦੀ ਹੈ। ਇਸੇ ਤਰ੍ਹਾਂ, ਪੋਰਟ ਟਰੱਸਟ ਸਾਮਾਨ ਲਈ ਦੇਣਦਾਰੀ ਹੈ, ਜੋ ਕਿ ਸੁਰੱਖਿਅਤ ਢੰਗ ਨਾਲ ਆ ਤਾਂ ਗਿਆ ਸੀ, ਪਰ ਬਾਅਦ ਵਿੱਚ ਗੁੰਮ ਹੋ ਗਿਆ। ਇਹ ਮਕਸਦ ਲਈ, ਦਾਅਵੇ ਦੇ ਸਮਝੌਤੇ ਤੋਂ ਪਹਿਲਾਂ ਬੀਮਤ ਤੋਂ ਠੀਕ ਮੋਹਰ ਲੱਗਾ ਪਰ-ਸਥਾਪਨ ਪੱਤਰ ਦੀ ਲੈਣਾ ਹੁੰਦਾ ਹੈ।

---

7. ਦਾਅਵਿਆਂ ਦੇ ਸਬੰਧੀ ਵਿਵਾਦ

ਵਧੀਆ ਯਤਨਾਂ ਦੇ ਬਾਵਜੂਦ, ਦਾਅਵੇ ਲਈ ਦੇਰੀ ਜਾਂ ਨਾ-ਭੁਗਤਾਨ (ਨਕਾਰਨਾ), ਜਾਂ ਤਾਂ ਘਾਟੇ ਦੀ ਸੂਚਨਾ ਦੇਣ ਵਿੱਚ ਦੇਰੀ ਕਰਕੇ ਜਾਂ ਗਾਹਕਾਂ ਵਲੋਂ ਦਸਤਾਵੇਜ਼ ਦੇਣ ਵਿੱਚ ਦੇਰੀ ਕਰਕੇ ਹੋ ਸਕਦਾ ਹੈ।

ਇਹਨਾਂ ਤੋਂ ਬਿਨਾਂ, ਸਭ ਤੋਂ ਆਮ ਕਾਰਨਾਂ ਵਿੱਚੋਂ ਕੁਝ ਹਨ:

- ✓ ਪ੍ਰਮੁੱਖ ਤੱਥਾਂ ਬਾਰੇ ਨਾ-ਦੱਸਣਾ
- ✓ ਬੀਮਾ ਸੁਰੱਖਿਆ ਦੀ ਕਮੀ
- ✓ ਅਲਹਿਦਾ ਰੱਖੇ ਸੰਕਟਾਂ ਕਰਕੇ ਹੋਇਆ ਨੁਕਸਾਨ
- ✓ ਢੁਕਵੀਂ ਬੀਮਾ ਕੀਤੀ ਰਕਮ ਦੀ ਕਮੀ
- ✓ ਵਾਰੰਟੀ ਦਾ ਉਲੰਘਣ
- ✓ ਘੱਟ-ਬੀਮੇ, ਘਸਾਈ ਆਦਿ ਦੇ ਕਰਕੇ ਰਕਮ ਦੇ ਮੁੱਦੇ

ਇਹ ਸਭ ਕਰਕੇ ਬੀਮਤ ਨੂੰ ਉਸ ਸਮੇਂ ਭਾਰੀ ਦੁੱਖ ਹੁੰਦਾ ਹੈ, ਜਦੋਂ ਉਹ ਪਹਿਲਾਂ ਹੀ ਘਾਟੇ ਦੇ ਕਰਕੇ ਵਿੱਤੀ ਹਾਲਤਾਂ ਤੋਂ ਪ੍ਰਭਾਵਿਤ ਹੁੰਦਾ ਹੈ।
ਉਸ ਦੇ ਦੁੱਖ ਨੂੰ ਘਟਾਉਣ ਲਈ, ਸ਼ਿਕਾਇਤ ਨਿਪਟਾਰਾ ਅਤੇ ਵਿਵਾਦ ਨਿਪਟਾਉਣ ਦੇ ਢੰਗ ਪਾਲਸੀ ਵਿੱਚ ਹੀ ਦਿੱਤੇ ਹੁੰਦੇ ਹਨ। ਅੱਗ ਜਾਂ ਜਾਇਦਾਦ ਦੀਆਂ ਪਾਲਸੀਆਂ ਵਿੱਚ "ਵਿਚੋਲਪੁਣੇ" ਦੀ ਸ਼ਰਤ ਪਾਲਸੀ ਵਿੱਚ ਹੁੰਦੀ ਹੈ।

a) ਵਿਚੋਲਪੁਣਾ

ਇਕਰਾਰਾਂ ਦੇ ਕਰਕੇ ਹੋਏ ਵਿਵਾਦਾਂ ਨੂੰ ਨਿਪਟਾਉਣ ਦਾ ਇੱਕ ਢੰਗ ਹੈ ਵਿਚੋਲਪੁਣਾ। ਵਿਚੋਲਪੁਣਾ ਅਕਸਰ ਅਰਬੀਟੇਰਸ਼ਨ ਐਂਡ ਕਨਸੀਲੇਸ਼ਨ ਐਕਟ, 1996 ਦੇ ਨਿਯਮਾਂ ਦੇ ਤਹਿਤ ਕੀਤਾ ਜਾਂਦਾ ਹੈ। ਸਮਝੌਤੇ ਨੂੰ ਲਾਗੂ ਕਰਨ ਜਾਂ ਵਿਵਾਦ ਨਿਪਟਾਉਣ ਦੇ ਆਮ ਢੰਗਾਂ ਨੂੰ ਕਾਨੂੰਨੀ ਅਦਾਲਤ ਰਾਹੀਂ ਜਾਣਾ ਹੁੰਦਾ ਹੈ। ਇੰਝ ਦੇ ਮੁਕੱਦਮਿਆਂ ਵਿੱਚ ਕਾਫ਼ੀ ਦੇਰੀ ਅਤੇ ਖਰਚਾ ਲੱਗਦਾ ਹੈ। ਵਿਚੋਲਪੁਣਾ ਕਾਨੂੰਨ ਧਿਰਾਂ ਨੂੰ ਇਕਰਾਰ ਦੇ ਅਧੀਨ ਵਿਵਾਦਾਂ ਨੂੰ ਵਿਚੋਲਪੁਣੇ ਦੇ ਹੋਰ ਵੀ ਗ਼ੈਰ-ਰਸਮੀ ਢੰਗ, ਘੱਟ ਖਰਚੀਲੇ ਅਤੇ ਪ੍ਰਾਈਵੇਟ ਢੰਗ ਨਾਲ ਦੇਣਾ ਮਨਜ਼ੂਰ ਕਰਦਾ ਹੈ।

ਵਿਚੋਲਪੁਣਾ ਆਪਸੀ ਵਿਵਾਦ ਵਾਲੀਆਂ ਧਿਰਾਂ ਵਲੋਂ ਚੁਣੇ ਗਏ ਇੱਕ ਵਿਚੋਲੇ ਜਾਂ ਵੱਧ ਵਿਚੋਲਿਆਂ ਰਾਹੀਂ ਕੀਤਾ ਜਾ ਸਕਦਾ ਹੈ। ਇੱਕਲੇ ਵਿਚੋਲੇ ਹੋਣ ਦੇ ਹਾਲਤ ਵਿੱਚ, ਧਿਰਾਂ ਨੂੰ ਉਸ ਵਿਅਕਤੀ ਲਈ ਸਹਿਮਤ ਹੋਣਾ ਚਾਹੀਦਾ ਹੈ। ਕੋਈ ਵਪਾਰਕ ਬੀਮਾ ਪਾਲਸੀਆਂ ਵਿਚੋਲਪੁਣਾ ਨਿਯਮ ਰੱਖਦੀਆਂ ਹਨ, ਜਿਸ ਦੇ ਅਧੀਨ ਵਿਵਾਦ ਵਿਚੋਲਪੁਣੇ ਅਧੀਨ ਆਉਣਗੇ। ਅੱਗ ਅਤੇ ਬਹੁਤੀਆਂ ਫੁਟਕਲ ਪਾਲਸੀਆਂ ਵਿੱਚ ਵੀ ਇੱਕ ਵਿਚੋਲਾ ਸ਼ਰਤ ਹੁੰਦੀ ਹੈ, ਜਿਸ ਮੁਤਾਬਕ ਜੇ ਪਾਲਸੀ ਦੇ ਅਧੀਨ ਦੇਣਦਾਰੀ ਨੂੰ ਕੰਪਨੀ ਵਲੋਂ ਮੰਨਿਆ ਜਾਂਦਾ ਹੈ ਅਤੇ ਭੁਗਤਾਨ ਕੀਤੇ ਜਾਣ ਵਾਲੀ ਮਾਤਰਾ ਸਬੰਧੀ ਮੱਤਭੇਦ ਹੋਵੇ ਤਾਂ ਇੰਝ ਦੇ ਮੱਤਫੇਦ ਨੂੰ ਵਿਚੋਲੇ ਨੂੰ ਸੌਂਪਣਾ ਚਾਹੀਦਾ ਹੈ। ਆਮ ਤੌਰ ਉੱਤੇ ਵਿਚੋਲ ਦਾ ਫੈਸਲਾ ਦੋਵਾਂ ਧਿਰਾਂ ਲਈ ਅੰਤਿਮ ਅਤੇ ਲਾਜ਼ਮੀ ਮੰਨਿਆ ਜਾਂਦਾ ਹੈ।

ਸ਼ਰਤਾਂ ਪਾਲਸੀ ਤੋਂ ਪਾਲਸੀ ਦੇ ਮੁਤਾਬਕ ਵੱਖ-ਵੱਖ ਹੁੰਦੀਆਂ ਹਨ। ਆਮ ਤੌਰ ਉੱਤੇ ਇਹ ਹੇਠ ਦਿੱਤੇ ਹਨ:

i. ਵਿਵਾਦ ਧਿਰਾਂ ਵਲੋਂ ਨਿਯੁਕਤ ਕੀਤੇ ਵਿਚੋਲੇ ਨੂੰ ਫੈਸਲੇ ਲਈ ਪੇਸ਼ ਕੀਤਾ ਜਾਂਦਾ ਹੈ ਜਾਂ ਇੱਕ ਵਿਚੋਲੇ ਦੀ ਨਿਯੁਕਤੀ ਨੂੰ ਲੈ ਕੇ ਜੇ ਉਹਨਾਂ ਵਿੱਚ ਕੋਈ ਅਸਹਮਿਤੀ ਹੋਣ ਉੱਤੇ, ਦੋ ਵਿਚੋਲੇ ਹਰੇਕ ਧਿਰ ਵਲੋਂ ਇੱਕ ਫੈਸਲਾ ਕਰਨ ਲਈ ਨਿਯੁਕਤ ਕੀਤੇ ਜਾਂਦੇ ਹਨ।

ii. ਇਹਨਾਂ ਦੋ ਵਿਚੋਲਿਆਂ ਨੂੰ ਅੰਪਾਇਰ ਨਿਯੁਕਤ ਕਰਨਾ ਚਾਹੀਦਾ ਹੈ, ਜੋ ਕਿ ਮੀਟਿੰਗ ਦੀ ਪ੍ਰਧਾਨਗੀ ਕਰਦਾ ਹੈ। ਇਹਨਾਂ ਮੀਟਿੰਗਾਂ ਵਿਚਲੀ ਕਾਰਵਾਈ ਕਾਨੂੰਨੀ ਅਦਾਲਤ ਨਾਲ ਮਿਲਦੀ ਹੈ। ਹਰ ਧਿਰ ਆਪਣਾ ਕੇਸ ਦੱਸਦੀ ਹੈ, ਜੇ ਲੋੜ ਹੋਵੇ ਤਾਂ, ਵਕੀਲ ਦੀ ਮੱਦਦ ਨਾਲ ਅਤੇ ਗਵਾਹਾਂ ਦੀ ਪੁੱਛ-ਗਿੱਛ ਕੀਤੀ ਜਾਂਦੀ ਹੈ।

iii. ਜੇ ਦੋ ਵਿਚੋਲੇ ਇੱਕ ਫੈਸਲੇ ਉੱਤੇ ਸਹਿਮਤ ਨਹੀਂ ਹੁੰਦੇ ਹਨ ਤਾਂ ਮਸਲੇ ਨੂੰ ਅੰਪਾਇਰ ਦੇ ਸਾਹਮਣੇ ਰੱਖਿਆ ਜਾਂਦਾ ਹੈ, ਜੋ ਕਿ ਆਪਣਾ ਫ਼ੈਸਲਾ ਸੁਣਾਉਂਦਾ ਹੈ।

iv. ਫ਼ੈਸਲਾ ਦਿੱਤੇ ਜਾਣ ਵਾਲਾ ਖਰਚਾ ਫ਼ੈਸਲਾ ਦੇਣ ਵਾਲੇ ਵਿਚੋਲੇ ਜਾਂ ਅੰਪਾਇਰ ਦੀ ਮਨਮਨਰਜ਼ੀ ਉੱਤੇ ਨਿਰਭਰ ਕਰਦਾ ਹੈ।

ਦੇਣਦਾਰੀ ਦੇ ਸਵਾਲ ਸਬੰਧੀ ਵਿਵਾਦਾਂ ਨੂੰ ਮੁਕੱਦਮਾ ਰਾਹੀਂ ਹੱਲ ਕੀਤਾ ਜਾ ਸਕਦਾ ਹੈ।

ਉਦਾਹਰਨ

ਜੇ ਬੀਮਾਕਰਤਾ ਫੈਸਲਾ ਕਰਦਾ ਹੈ ਕਿ ਕੁਝ ਘਾਟਾ ਦੇਣਯੋਗ ਨਹੀਂ ਹੈ, ਕਿਉਂਕਿ ਇਹ ਪਾਲਸੀ ਦੇ ਅਧੀਨ ਸੁਰੱਖਿਅਤ ਨਹੀਂ ਸੀ ਤਾਂ ਇੰਝ ਦੇ ਮਸਲਿਆਂ ਦਾ ਫੈਸਲਾ ਕਾਨੂੰਨੀ ਅਦਾਲਤ ਰਾਹੀਂ ਕੀਤਾ ਜਾਵੇਗਾ। ਫੇਰ, ਬੀਮਾਕਰਤਾ ਪਾਲਸੀ ਦੇ ਪ੍ਰਭਾਵਹੀਣ, ਕਿਉਂਕਿ ਇਹ ਪ੍ਰਮੁੱਖ ਤੱਥਾਂ ਦੇ ਧੋਖੇ ਰਾਹੀਂ ਨਾ-ਦੱਸਣ ਦੇ ਕਰਕੇ ਪ੍ਰਾਪਤ ਕੀਤੀ ਗਈ ਸੀ ('ਅਤਿ ਚੰਗੇ ਵਿਸ਼ਵਾਸ਼' ਦੇ ਕਾਨੂੰਨੀ ਫਰਜ਼ ਦਾ ਉਲੰਘਣ), ਹੋਣ ਦੇ ਅਧਾਰ ਉੱਤੇ ਦਾਅਵਾ ਭੁਗਤਾਨ ਤੋਂ ਇਨਕਾਰ ਕਰਦਾ ਹੈ ਤਾਂ ਮਾਮਲੇ ਨੂੰ ਮੁਕੱਦਮੇ ਤਹਿਤ ਹੱਲ ਕਰਨਾ ਚਾਹੀਦਾ ਹੈ।

ਨੋਟ: ਜਹਾਜ਼ੀ ਕਾਰਗੋ ਪਾਲਸੀਆਂ ਵਿੱਚ ਕੋਈ ਵਿਚੋਲਪੁਣੇ ਦੀ ਸ਼ਰਤ ਨਹੀਂ ਹੁੰਦੀ ਹੈ।

8. ਹੋਰ ਸ਼ਿਕਾਇਤ ਹੱਲ ਕਰਨ ਢੰਗ

ਆਈਆਰਡੀਏਆ ਦੇ ਨਿਯਮਾਂ ਤਹਿਤ, ਬੀਮਤ ਦੇ ਕਿਸੇ ਵੀ ਕਾਰਨ ਕਰਕੇ ਬੀਮਾਕਰਤਾ ਦੀ ਸੇਵਾ ਤੋਂ ਸੰਤੁਸ਼ਟ ਨਾ ਹੋਣ ਦੇ ਹਾਲਤ ਵਿੱਚ ਉਪਲੱਬਧ ਸ਼ਿਕਾਇਤ ਨਿਪਟਾਰਾ ਸਿਸਟਮ ਬਾਰੇ ਜਾਣਕਾਰੀ ਸਭ ਪਾਲਸੀਆਂ ਵਿੱਚ ਦੇਣੀ ਜ਼ਰੂਰੀ ਹੈ।

ਕਾਰੋਬਾਰ ਦੇ ਨਿੱਜੀ ਦਾਅਵਿਆਂ ਦੇ ਕੇਸ ਵਿੱਚ, ਅਸੰਤੁਸ਼ਟ ਬੀਮਤ ਲੋਕਪਾਲ ਕੋਲ ਜਾ ਸਕਦਾ ਹੈ, ਜਿਸ ਦੇ ਦਫ਼ਤਰ ਦਾ ਵੇਰਵਾ ਪਾਲਸੀ ਵਿੱਚ ਦਿੱਤਾ ਜਾਂਦਾ ਹੈ।

ਖੁਦ ਜਾਂਚ ਕਰੋ 1

ਹੇਠ ਦਿੱਤੀਆਂ ਸਰਗਰਮੀਆਂ ਵਿੱਚੋਂ ਕਿਸ ਨੂੰ ਦਾਅਵਿਆਂ ਦੇ ਪੇਸ਼ੇਵਰ ਢੰਗ ਨਾਲ ਨਿਪਟਾਉਣ ਵਿੱਚ ਨਹੀਂ ਰੱਖਿਆ ਜਾ ਸਕਦਾ ਹੈ?

I. ਘਾਟੇ ਦੇ ਕਾਰਨਾਂ ਦੇ ਸਬੰਧ ਵਿੱਚ ਜਾਣਕਾਰੀ ਪ੍ਰਾਪਤ ਕਰਨੀ
II. ਦਾਅਵੇ ਨੂੰ ਪੱਖ-ਪਾਤੀ ਢੰਗ ਨਾਲ ਪੇਸ਼ ਕਰਨਾ
III. ਪਤਾ ਕਰਨਾ ਕਿ ਕੀ ਘਾਟਾ ਬੀਮਾ ਕਰਵਾਏ ਗਏ ਸੰਕਟ ਦੇ ਨਤੀਜੇ ਵਜੋਂ ਹੋਇਆ ਹੈ
IV. ਦਾਅਵੇ ਦੇ ਅਧੀਨ ਦੇਣਯੋਗ ਰਕਮ ਦੀ ਮਾਤਰਾ ਤਹਿ ਕਰਨੀ

ਸਵੈ ਜਾਂਚ ਕਰੋ 2

ਰਾਜ ਦੀ ਇੱਕ ਕਾਰ ਦੁਰਘਟਨਾ ਹੋਈ ਹੈ। ਉਸ ਦੀ ਕਾਰ ਮੋਟਰ ਬੀਮਾ ਪਾਲਸੀ ਦੇ ਤਹਿਤ ਬੀਮਾ ਕਰਵਾਈ ਹੋਈ ਸੀ। ਹੇਠ ਦਿੱਤਿਆਂ ਵਿੱਚੋਂ ਕਿਹੜਾ ਕੰਮ ਰਾਜ ਨੂੰ ਕਰਨ ਲਈ ਸਭ ਤੋਂ ਢੁੱਕਵਾਂ ਹੈ?

I. ਬੀਮਾ ਕਰਤਾ ਨੂੰ ਘਾਟਾ ਬਾਰੇ ਜਿੰਨਾ ਵੀ ਛੇਤੀ ਸੰਭਵ ਹੋਵੇ ਸੂਚਨਾ ਦੇਣੀ
II. ਬੀਮਾ ਕਰਤਾ ਨੂੰ ਬੀਮਾ ਨਵਿਆਉਣ ਦੇ ਸਮੇਂ ਸੂਚਨਾ ਦੇਣੀ
III. ਕਾਰ ਨੂੰ ਹੋਰ ਨੁਕਸਾਨ ਪਹੁੰਚਾਉਣਾ, ਤਾਂ ਕਿ ਵੱਡਾ ਹਰਜਾਨਾ ਮਿਲ ਸਕਦੇ
IV. ਨੁਕਸਾਨ ਨੂੰ ਅਣਡਿੱਠਾ ਕਰਨਾ

ਸਵੈ ਜਾਂਚ ਕਰੋ 3

ਦਾਅਵਾ ਜਾਂਚ ਤੇ ਦਾਅਵਾ ਮੁਲਾਂਕਣ ਦੀ ਤੁਲਾਨ।

I. ਦਾਅਵਾ ਜਾਂਚ ਅਤੇ ਮੁਲਾਂਕਣ ਇੱਕੋ ਹੀ ਚੀਜ਼ਾਂ ਹਨ।
II. ਜਾਂਚਕਰਤਾ ਦਾਅਵੇ ਦੀ ਵੈਧਤਾ ਪਤਾ ਕਰਨ ਦੀ ਕੋਸ਼ਿਸ਼ ਕਰਦੇ ਹਨ, ਜਿੱਥੇ ਕਿ ਮੁਲਾਂਕਣ ਘਾਟੇ ਦੇ ਕਾਰਨ ਤੇ ਹੱਦ ਦੇ ਬਾਰੇ ਵੱਧ ਸਬੰਧਿਤ ਹੋਵੇ
III. ਜਾਂਚਕਰਤਾ ਦਾਅਵੇ ਦੀ ਵੈਧਤਾ ਪਤਾ ਕਰਨ ਦੀ ਕੋਸ਼ਿਸ਼ ਕਰਦੇ ਹਨ, ਜਿੱਥੇ ਕਿ ਮੁਲਾਂਕਣ ਘਾਟੇ ਦੇ ਕਾਰਨ ਤੇ ਹੱਦ ਦੇ ਬਾਰੇ ਵੱਧ ਸਬੰਧਿਤ ਹੋਵੇ।
IV. ਦਾਅਵੇ ਦੇ ਭੁਗਤਾਨ ਕਰਨ ਤੋਂ ਪਹਿਲਾਂ ਜਾਂਚ ਕੀਤੀ ਜਾਂਦੀ ਹੈ ਅਤੇ ਮੁਲਾਂਕਣ ਭੁਗਤਾਨ ਕਰਨ ਦੇ ਬਾਅਦ ਕੀਤਾ ਜਾਂਦਾ ਹੈ

ਸਵੈ ਜਾਂਚ ਕਰੋ 4

ਸਰਵੇਅਰਾਂ ਨੂੰ ਲਾਈਸੈਂਸ ਦੇਣ ਦਾ ਅਧਿਕਾਰ ਕਿਸ ਕੋਲ ਹੈ?

I. ਸਰਵੇਅਰ ਐਸੋਸੀਏਸ਼ਨ ਆਫ਼ ਇੰਡੀਆ
II. ਸਰਵੇਅਰ ਰੈਗੂਲੇਟਰੀ ਐਂਡ ਡਿਵੈਲਪਮੈਂਟ ਅਥਾਰਟੀ
III. ਇੰਸ਼ੋਅਰੈਂਸ ਰੈਗੂਲੇਟਰੀ ਐਂਡ ਡਿਵੈਲਪਮੈਂਟ ਅਥਾਰਟੀ ਆਫ਼ ਇੰਡੀਆ
IV. ਭਾਰਤ ਸਰਕਾਰ

ਸਵੈ ਜਾਂਚ ਕਰੋ 5

ਸਾਈਕਲੋਨ ਨੁਕਸਾਨ ਦਾਅਵੇ ਦੀ ਜਾਂਚ ਕਰਨ ਦੇ ਦੌਰਾਨ ਆਮ ਤੌਰ ਉੱਤੇ ਕਿਹੜੇ ਦਸਤਾਵੇਜ਼ ਦੀ ਮੰਗ ਕੀਤੀ ਜਾਂਦੀ ਹੈ?

I. ਪੜਤਾਲ ਅਧਿਕਾਰੀ ਦੀ ਰਿਪੋਰਟ

II. ਅੱਗ ਬਝਾਊ ਦਸਤੇ ਤੋਂ ਰਿਪੋਰਟ

III. ਪੁਲਿਸ ਰਿਪੋਰਟ

IV. ਮੌਸਮ ਵਿਭਾਗ ਦੀ ਰਿਪੋਰਟ

ਸਵੈ ਜਾਂਚ ਕਰੋ 6

ਕਿਸ ਦੇ ਸਿਧਾਂਤ ਮੁਤਾਬਕ ਬੀਮਾ ਕਰਤਾ ਪਾਲਸੀ ਦੇ ਤਹਿਤ ਭੁਗਤਾਨ ਕੀਤੇ ਘਾਟੇ ਨੂੰ ਬੀਮਤ ਦੇ ਹੱਕਾਂ ਦੇ ਅਧੀਨ ਸੁਤੰਤਰ ਧਿਰ ਤੋਂ ਵਸੂਲੀ ਕਰ ਸਕਦਾ ਹੈ।

I. ਯੋਗਦਾਨ

II. ਬਰਖਾਸਤ

III. ਪਰ-ਸਥਾਪਨ

IV. ਹਰਜਾਨਾ

ਸਵੈ ਜਾਂਚ ਕਰੋ 7

ਜੇ ਬੀਮਾਕਰਤਾ ਫੈਸਲਾ ਕਰਦਾ ਹੈ ਕਿ ਕੁਝ ਘਾਟਾ ਦੇਣਯੋਗ ਨਹੀਂ ਹੈ, ਕਿਉਂਕਿ ਇਹ ਪਾਲਸੀ ਦੇ ਅਧੀਨ ਸੁਰੱਖਿਅਤ ਨਹੀਂ ਸੀ ਤਾਂ ਇੰਝ ਦੇ ਮਸਲਿਆਂ ਦਾ ਫੈਸਲਾ ਕੌਣ ਕਰਦਾ ਹੈ?

I. ਬੀਮਾਕਰਤਾ ਦਾ ਫੈਸਲਾ ਅੰਤਮ ਹੈ

II. ਅੰਪਾਇਅਰ

III. ਵਿਚੋਲਾ

IV. ਕਾਨੂੰਨੀ ਅਦਾਲਤ

ਸਾਰ

a) ਦਾਅਵਿਆਂ ਨੂੰ ਪੇਸ਼ੇਵਰ ਢੰਗ ਨਾਲ ਨਿਪਟਾਉਣਾ ਬੀਮਾ ਕੰਪਨੀ ਲਈ ਸਭ ਤੋਂ ਵੱਡੀ ਇਸ਼ਤਿਹਾਰਬਾਜ਼ੀ ਮੰਨਿਆ ਜਾਂਦਾ ਹੈ।

b) ਪਾਲਸੀ ਸ਼ਰਤਾਂ ਕਹਿੰਦੀਆਂ ਹਨ ਕਿ ਘਾਟੇ ਬਾਰੇ ਸੂਚਨਾ ਬੀਮਾਕਰਤਾ ਨੂੰ ਤੁਰੰਤ ਦੇਣੀ ਚਾਹੀਦੀ ਹੈ।

c) ਜੇ ਦਾਅਵਾ ਰਕਮ ਛੋਟੀ ਹੈ ਤਾਂ ਘਾਟੇ ਦੇ ਕਾਰਨ ਤੇ ਹੱਦ ਪਤਾ ਕਰਨ ਦੀ ਜਾਂਚ ਨੂੰ ਬੀਮਾਕਰਤਾ ਦੇ ਅਧਿਕਾਰੀ ਵਲੋਂ ਕੀਤਾ ਜਾਂਦਾ ਹੈ। ਹੋਰ ਦਾਅਵਿਆਂ ਵਿੱਚ, ਆਜ਼ਾਦ ਲਾਈਸੈਂਸ ਪ੍ਰਾਪਤ ਪੇਸ਼ੇਵਰ ਸਰਵੇਅਰ ਨੂੰ ਸੌਂਪਿਆ ਜਾਂਦਾ ਹੈ, ਜੋ ਕਿ ਘਾਟਾ ਮੁਲਾਂਕਣ ਵਿੱਚ ਮਾਹਿਰ ਹੁੰਦੇ ਹਨ।

d) ਆਮ ਤੌਰ ਉੱਤੇ, ਦਾਅਵਾ ਫਾਰਮ ਨੂੰ ਘਾਟੇ ਦੇ ਹਾਲਤ, ਘਾਟੇ ਦੀ ਮਿਤੀ, ਸਮਾਂ, ਘਾਟੇ ਦੇ ਕਾਰਨ, ਘਾਟੇ ਦੀ ਹੱਦ ਆਦਿ ਦੇ ਬਾਰੇ ਪੂਰੀ ਜਾਣਕਾਰੀ ਪ੍ਰਾਪਤ ਕਰਨ ਲਈ ਤਿਆਰ ਕੀਤਾ ਗਿਆ ਹੈ।

e) ਦਾਅਵਾ ਮੁਲਾਂਕਣ ਪਤਾ ਲਗਾਉਣਾ ਦਾ ਢੰਗ ਹੈ ਕਿ ਕੀ ਬੀਮਾ ਕਰਵਾਏ ਸੰਕਟ ਦੇ ਕਰਕੇ ਬੀਮਤ ਨੂੰ ਘਾਟਾ ਹੋਇਆ ਹੈ, ਜਿਸ ਵਿੱਚ ਕਿਸੇ ਵਾਰੰਟੀ ਦਾ ਉਲੰਘਣ ਨਹੀਂ ਹੋਇਆ, ਬੀਮਤ ਨੂੰ ਹੋਏ ਘਾਟੇ ਦੀ ਮਾਤਰਾ ਅਤੇ ਪਾਲਸੀ ਦੇ ਅਧੀਨ ਦੇ ਬੀਮਾਕਰਤਾ ਦੀ ਦੇਣਦਾਰੀ।

f) ਦਾਅਵੇ ਦਾ ਨਿਪਟਾਰਾ ਕੇਵਲ ਪਾਲਸੀ ਦੇ ਅਧੀਨ ਡਿਸਚਾਰਜ ਪ੍ਰਾਪਤ ਕਰਨ ਦੇ ਬਾਅਦ ਹੀ ਕੀਤਾ ਜਾਂਦਾ ਹੈ।

g) ਇਕਰਾਰਾਂ ਦੇ ਕਰਕੇ ਹੋਏ ਵਿਵਾਦਾਂ ਨੂੰ ਨਿਪਟਾਉਣ ਦਾ ਇੱਕ ਢੰਗ ਹੈ ਵਿਚੋਲਪੁਣਾ।

ਮੁੱਖ ਸ਼ਬਦ

a) ਘਾਟੇ ਦੀ ਸੂਚਨਾ
b) ਜਾਂਚ ਅਤੇ ਮੁਲਾਂਕਣ
c) ਸਰਵੇਅਰ ਅਤੇ ਘਾਟਾ ਮੁੱਲ ਨਿਰਧਾਰਕ
d) ਦਾਅਵਾ ਫਾਰਮ
e) ਮੇਲ ਅਤੇ ਸਮਝੌਤਾ
f) ਦਾਅਵੇ ਸਮਝੌਤੇ ਵਿੱਚ ਵਿਵਾਦ
g) ਵਿਚੋਲਪੁਣਾ

ਸਵੈ ਜਾਂਚ ਦੇ ਜਵਾਬ

ਜਵਾਬ 1

ਸਹੀਂ ਚੋਣ II ਹੈ।

ਦਾਅਵਿਆਂ ਦੇ ਪੇਸ਼ੇਵਰ ਨਿਪਟਾਰੇ ਵਿੱਚ ਪੱਖਪਾਤੀ ਦਾਅਵੇ ਉੱਤੇ ਕੰਮ ਕਰਨਾ ਸ਼ਾਮਿਲ ਨਹੀਂ ਹੈ।

ਜਵਾਬ 2

ਸਹੀਂ ਚੋਣ I ਹੈ।

ਦਾਅਵੇ ਲਈ ਜਿੰਨਾ ਛੇਤੀ ਸੰਭਵ ਹੋਵੇ ਸੂਚਨਾ ਦੇਣੀ ਚਾਹੀਦੀ ਹੈ।

ਜਵਾਬ 3

ਸਹੀਂ ਚੋਣ II ਹੈ।

ਜਾਂਚਕਰਤਾ ਦਾਅਵੇ ਦੀ ਵੈਧਤਾ ਪਤਾ ਕਰਨ ਦੀ ਕੋਸ਼ਿਸ਼ ਕਰਦੇ ਹਨ, ਜਿੱਥੇ ਕਿ ਮੁਲਾਂਕਣ ਘਾਟੇ ਦੇ ਕਾਰਨ ਤੇ ਹੱਦ ਦੇ ਬਾਰੇ ਵੱਧ ਸਬੰਧਿਤ ਹੋਵੇ।

ਜਵਾਬ 4

ਸਹੀਂ ਚੋਣ III ਹੈ।

ਆਈਆਰਡੀਏਆ ਕੋਲ ਸਰਵੇਅਰਾਂ ਨੂੰ ਲਾਈਸੈਂਸ ਦੇਣ ਦਾ ਅਧਿਕਾਰ ਹੈ।

ਜਵਾਬ 5

ਸਹੀਂ ਚੋਣ IV ਹੈ।

ਸਾਈਕਲੋਨ ਨੁਕਸਾਨ ਦਾਅਵੇ ਦੀ ਜਾਂਚ ਕਰਨ ਦੇ ਦੌਰਾਨ ਆਮ ਤੌਰ ਉੱਤੇ ਮੌਸਮ ਵਿਭਾਗ ਦੀ ਰਿਪੋਰਟ ਦੀ ਮੰਗ ਕੀਤੀ ਜਾਂਦੀ ਹੈ।

ਜਵਾਬ 6

ਸਹੀਂ ਚੋਣ III ਹੈ।

ਪਰ-ਸਥਾਪਨ ਦੇ ਸਿਧਾਂਤ ਮੁਤਾਬਕ ਬੀਮਾ ਕਰਤਾ ਪਾਲਸੀ ਦੇ ਤਹਿਤ ਭੁਗਤਾਨ ਕੀਤੇ ਘਾਟੇ ਨੂੰ ਬੀਮਤ ਦੇ ਹੱਕਾਂ ਦੇ ਅਧੀਨ ਸੁਤੰਤਰ ਧਿਰ ਤੋਂ ਵਸੂਲੀ ਕਰ ਸਕਦਾ ਹੈ।

ਜਵਾਬ 7

ਸਹੀਂ ਚੋਣ IV ਹੈ।

ਜੇ ਬੀਮਾਕਰਤਾ ਫੈਸਲਾ ਕਰਦਾ ਹੈ ਕਿ ਕੁਝ ਘਾਟਾ ਦੇਣਯੋਗ ਨਹੀਂ ਹੈ, ਕਿਉਂਕਿ ਇਹ ਪਾਲਸੀ ਦੇ ਅਧੀਨ ਸੁਰੱਖਿਅਤ ਨਹੀਂ ਸੀ ਤਾਂ ਇੰਝ ਦੇ ਮਸਲਿਆਂ ਦਾ ਫੈਸਲਾ ਕਾਨੂੰਨੀ ਅਦਾਲਤ ਰਾਹੀਂ ਕੀਤਾ ਜਾਵੇਗਾ।

ਖੁਦ ਪ੍ਰੀਖਿਆ ਸਵਾਲ

ਸਵਾਲ 1

ਘਾਟੇ ਦੀ ਸੂਚਨਾ ਦੇਣੀ ਚਾਹੀਦੀ ਹੈ:

I. ਘਾਟੇ ਦੇ ਠੀਕ ਸਮੇਂ ਉੱਤੇ
II. 15 ਦਿਨਾਂ ਬਾਅਦ
III. ਜਿੰਨਾ ਛੇਤੀ ਸੰਭਵ ਹੋ ਸਕੇ
IV. ਘਾਟੇ ਦੇ ਬਾਅਦ ਕਦੇ ਵੀ

ਸਵਾਲ 2

ਘਾਟੇ ਦੀ ਜਾਂਚ ਕੀਤੀ ਜਾਂਦੀ ਹੈ, ਵਲੋਂ:

I. ਬਿਨਾਂ-ਲਾਈਸੈਂਸ ਪ੍ਰਾਪਤ ਸਰਵੇਅਰ
II. ਲਾਈਸੈਂਸ ਪ੍ਰਾਪਤ ਅਤੇ ਯੋਗ ਸਰਵੇਅਰ
III. ਬੀਮਤ ਦੇ ਪ੍ਰਤੀਨਿਧੀ
IV. ਇੰਜਨੀਅਰਿੰਗ ਵਿੱਚ ਡਿਗਰੀ ਪ੍ਰਾਪਤ ਕਿਸੇ ਵੀ ਵਿਅਕਤੀ ਵਲੋਂ

ਸਵਾਲ 3

ਨਿੱਜੀ ਦੁਰਘਟਨਾ ਦਾਅਵਿਆਂ ਲਈ, _____ ਦੀ ਰਿਪੋਰਟ ਜ਼ਰੂਰੀ ਹੈ।

I. ਸਰਵੇਅਰ
II. ਡਾਕਟਰ
III. ਪੁਲਿਸ
IV. ਪੜਤਾਲ ਅਧਿਕਾਰੀ

ਸਵਾਲ 4

ਬੀਮਾ ਕਾਨੂੰਨ ਦੇ ਅਧੀਨ _____ ਦੇ ਬਰਾਬਰ ਜਾਂ ਇਸ ਤੋਂ ਵੱਧ ਦੇ ਦਾਅਵਿਆਂ ਲਈ ਆਜ਼ਾਦ ਸਰਵੇਅਰ ਦੀ ਲੋੜ ਹੁੰਦੀ ਹੈ।

I. ਰੁ: 40,000

II. ਰੁ: 15,000
III. ਰੁ: 20,000
IV. ਰੁ: 25,000

ਸਵਾਲ 5

ਯਾਤਰਾ ਬੀਮਾ ਪਾਲਸੀਆਂ ਕਰਨ ਦੇ ਕੇਸ ਵਿੱਚ ਦੇਸ਼ ਤੋਂ ਬਾਹਰ ਦਾਅਵਿਆਂ ਦੇ ਮੁਲਾਂਕਣ ਕੀਤਾ ਜਾਂਦਾ ਹੈ ਵਲੋਂ:

I. ਭਾਰਤੀ ਸਰਵੇਅਰ
II. ਘਾਟੇ ਦੇ ਦੇਸ਼ ਵਿੱਚ ਲੋਕਲ ਸਰਵੇਅਰ
III. ਬੀਮਾਕਰਤਾ ਦੇ ਆਪਣੇ ਮੁਲਾਜ਼ਮ
IV. ਪਾਲਸੀ ਵਿੱਚ ਦਿੱਤੇ ਦਾਅਵਾ ਸਮਝੌਤਾ ਏਜੰਟਾਂ ਰਾਹੀਂ

ਸਵਾਲ 6

ਅੱਗ ਦਾਅਵੇ ਦੇ ਕੇਸ ਵਿੱਚ, ਅੱਗ ਬਝਾਊ ਦਸਤੇ ਦੀ ਰਿਪੋਰਟ:

I. ਲੋੜੀਦੀ ਨਹੀਂ ਹੈ
II. ਬੀਮਤ ਲਈ ਚੋਣਵੀਂ ਹੈ
III. ਜ਼ਰੂਰੀ ਹੈ
IV. ਪੁਲਿਸ ਰਿਪੋਰਟ ਦਾ ਭਾਗ ਹੈ

ਸਵਾਲ 7

ਟੀਏਟੀ (TAT) ਕੀ ਹੈ?

I. ਸਮਾਂ ਅਤੇ ਵਾਰੀ
II. ਸਮੇਂ ਤੱਕ
III. ਸਮਾਂ ਅਤੇ ਚਾਲ
IV. ਵਾਰੀ ਸਿਰ ਸਮਾਂ (ਟਰਨ-ਅਰਾਊਂਡ ਟਾਈਮ)

ਸਵਾਲ 8

ਘਾਟੇ ਦੇ ਭੁਗਤਾਨ ਉੱਤੇ, ਬਚੀ ਸੰਪੱਤੀ ਹੋ ਜਾਂਦੀ ਹੈ:

I. ਸਰਵੇਅਰ
II. ਬੀਮਤ

III. ਬੀਮਾਕਰਤਾ

IV. ਲੋਕਲ ਅਧਿਕਾਰੀ

ਸਵਾਲ 9

ਵਿਚੋਲਪੁਣਾ _____ ਦਾਅਵਾ ਨਿਪਟਾਉਣ ਦਾ ਇੱਕ ਢੰਗ ਹੈ।

I. ਕਾਨੂੰਨੀ ਅਦਾਲਤ ਵਿੱਚ

II. ਸਰਵੇਅਰ ਦੇ ਸਮੂਹ ਰਾਹੀਂ

III. ਸ਼ਾਮਿਲ ਧਿਰਾਂ ਵਲੋਂ ਚੁਣੇ ਵਿਚੋਲੇ ਰਾਹੀਂ

IV. ਬੀਮਾ ਕੰਪਨੀ ਦੇ ਮੁਲਾਜ਼ਮਾਂ ਵਲੋਂ ਵਿਚੋਲੇ ਰਾਹੀਂ

ਸਵਾਲ 10

ਬੀਮਾਕਰਤਾ ਨੂੰ ਪਰ-ਸਥਾਪਨ ਦੇ ਹੱਕ ਦੇ ਅਧੀਨ ਭੁਗਤਾਨ ਕੀਤੇ ਗਏ ਘਾਟੇ ਦੀ ਵਸੂਲੀ ਕਰਨ ਦੀ ਮਨਜ਼ੂਰੀ ਹੈ:

I. ਕੇਵਲ ਭੇਜਣ ਵਾਲੀਆਂ ਕੰਪਨੀਆਂ

II. ਕੇਵਲ ਰੇਲਵੇ ਅਤੇ ਰੋਡ ਕੈਰੀਅਰ ਹੀ

III. ਕੇਵਲ ਹਵਾਈ-ਕੰਪਨੀਆਂ ਅਤੇ ਪੋਰਟ ਟਰੱਸਟ ਹੀ

IV. ਭੇਜਣ ਕੰਪਨੀਆਂ ਤੇ ਰੇਲਵੇ ਤੇ ਰੋਡ ਕੈਰੀਅਰ ਤੇ ਹਵਾਈ-ਕੰਪਨੀਆਂ ਤੇ ਪੋਰਟ ਟਰੱਸਟ

ਸਵੈ ਪ੍ਰੀਖਿਆ ਸਵਾਲਾਂ ਦੇ ਜਵਾਬ

ਜਵਾਬ 1

ਸਹੀਂ ਚੋਣ III ਹੈ।

ਘਾਟੇ ਦੀ ਸੂਚਨਾ ਜਿੰਨਾ ਵੀ ਛੇਤੀ ਸੰਭਵ ਹੋਵੇ ਦਿੱਤੀ ਜਾਣੀ ਚਾਹੀਦੀ ਹੈ।

ਜਵਾਬ 2

ਸਹੀਂ ਚੋਣ II ਹੈ।

ਘਾਟੇ ਦੀ ਜਾਂਚ ਲਾਈਸੈਂਸ ਪ੍ਰਾਪਤ ਅਤੇ ਯੋਗਤਾ ਪ੍ਰਾਪਤ ਸਰਵੇਅਰ ਵਲੋਂ ਕੀਤੀ ਜਾਂਦੀ ਹੈ।

ਜਵਾਬ 3

ਸਹੀਂ ਚੋਣ II ਹੈ।

ਨਿੱਜੀ ਦੁਰਘਟਨਾ ਦਾਅਵਿਆਂ ਲਈ, ਡਾਕਟਰ ਦੀ ਰਿਪੋਰਟ ਜ਼ਰੂਰੀ ਹੈ।

ਜਵਾਬ 4

ਸਹੀਂ ਚੋਣ III ਹੈ।

ਬੀਮਾ ਕਾਨੂੰਨ ਦੇ ਅਧੀਨ 20000 ਰੁਪਏ ਦੇ ਬਰਾਬਰ ਜਾਂ ਇਸ ਤੋਂ ਵੱਧ ਦੇ ਦਾਅਵਿਆਂ ਲਈ ਆਜ਼ਾਦ ਸਰਵੇਅਰ ਦੀ ਲੋੜ ਹੁੰਦੀ ਹੈ।

ਜਵਾਬ 5

ਸਹੀਂ ਚੋਣ IV ਹੈ।

ਯਾਤਰਾ ਬੀਮਾ ਪਾਲਸੀਆਂ ਕਰਨ ਦੇ ਕੇਸ ਵਿੱਚ ਦੇਸ਼ ਤੋਂ ਬਾਹਰ ਦਾਅਵਿਆਂ ਦੇ ਮੁਲਾਂਕਣ ਨੂੰ ਪਾਲਸੀ ਵਿੱਚ ਦਿੱਤੀਆਂ ਦਾਅਵਾ ਸਮਝੌਤਾ ਏਜੰਟਾਂ ਵਲੋਂ ਕੀਤਾ ਜਾਂਦਾ ਹੈ।

ਜਵਾਬ 6

ਸਹੀਂ ਚੋਣ III ਹੈ।

ਅੱਗ ਦਾਅਵੇ ਦੇ ਕੇਸ ਵਿੱਚ, ਅੱਗ ਬਝਾਊ ਦਸਤੇ ਦੀ ਰਿਪੋਰਟ ਲੋੜੀਂਦੀ ਹੈ।

ਜਵਾਬ 7

ਸਹੀਂ ਚੋਣ IV ਹੈ।

ਟੀਏਟੀ ਵਾਰੀ ਸਿਰ ਸਮਾਂ (ਟਰਨ-ਅਰਾਊਂਡ ਸਮਾਂ) ਹੈ।

ਜਵਾਬ 8

ਸਹੀਂ ਚੋਣ III ਹੈ।

ਘਾਟੇ ਦੇ ਭੁਗਤਾਨ ਉੱਤੇ, ਬਚੀ ਸੰਪੱਤੀ ਹੋ ਜਾਂਦੀ ਹੈ ਬੀਮਾਕਰਤਾ ਦੀ।

ਜਵਾਬ 9

ਸਹੀਂ ਚੋਣ III ਹੈ।

ਵਿਚੋਲਪੁਣਾ ਵਿਚੋਲੇ ਰਾਹੀਂ ਦਾਅਵਾ ਨਿਪਟਾਉਣ ਦਾ ਇੱਕ ਢੰਗ ਹੈ, ਜੋ ਕਿ ਸ਼ਾਮਿਲ ਧਿਰਾਂ ਵਲੋਂ ਚੁਣਿਆ ਜਾਂਦਾ ਹੈ।

ਜਵਾਬ 10

ਸਹੀਂ ਚੋਣ IV ਹੈ।

ਬੀਮਾਕਰਤਾ ਨੂੰ ਪਰ-ਸਥਾਪਨ ਦੇ ਹੱਕ ਦੇ ਅਧੀਨ ਭੇਜਣ ਵਾਲੀਆਂ ਕੰਪਨੀਆਂ ਤੇ ਰੇਲਵੇ ਤੇ ਰੋਡ ਕੈਰੀਅਰ ਤੇ ਹਵਾਈ-ਕੰਪਨੀਆਂ ਤੇ ਪੋਰਟ ਟਰੱਸਟਾਂ ਤੋਂ ਭੁਗਤਾਨ ਕੀਤੇ ਗਏ ਘਾਟੇ ਦੀ ਵਸੂਲੀ ਕਰਨ ਦੀ ਮਨਜ਼ੂਰੀ ਹੈ।

ਹਰ ਪਾਲਸੀ ਦੇ ਕੁੱਲ ਐਸ.ਆਈ & ਯੋਗਦਾਨ ਦਾ ਪਤਾ ਕਰਨਾ

ਅੱਗ ਬੀਮਾ ਦਾਅਵਾ ਫ਼ਾਰਮ

1. ਬੀਮਤ ਦਾ ਨਾਂ ਅਤੇ ਸਿਰਨਾਵਾਂ:

ਬੀਮਤ ਦੀ ਪਛਾਣ

2. ਕਿਰਪਾ ਕਰਕੇ ਅੱਗ ਦੁਰਘਟਨਾ ਵਿੱਚ ਸ਼ਾਮਿਲ ਸਭ ਲਾਗੂ ਪਾਲਸੀਆਂ ਲਈ ਹੇਠ ਦਿੱਤੇ ਵੇਰਵੇ ਦਿਉ ਜੀ

ਪਾਲਸੀ ਨੰਬਰ	ਬੀਮਾ ਸੁਰੱਖਿਆ ਵਾਲੇ ਜੋਖਿਮ	ਬੀਮਾ ਕਰਵਾਈ ਰਕਮ	ਅੰਦਾਜ਼ਨ ਘਾਟੇ ਦੀ ਰਕਮ
(i)			
(ii)			

ਹਰ ਪਾਲਸੀ ਦੇ ਕੁੱਲ ਐਸ.ਆਈ & ਯੋਗਦਾਨ ਦਾ ਪਤਾ ਕਰਨਾ

ਪਾਲਸੀ ਦੇ ਚਾਲੂ ਹੋਣ ਦੇ ਦੌਰਾਨ ਘਾਟਾ ਹੋਣਾ ਚਾਹੀਦਾ ਹੈ

3. ਬੀਮੇ ਦਾ ਅੰਤਰਾਲ
4. ਘਾਟੇ ਦੀ ਮਿਤੀ ਅਤੇ ਸਮਾਂ

ਸੰਭਾਵਿਤ ਕਾਰਨ ਲਈ ਬੀਮਾ ਸੁਰੱਖਿਆ ਹੋਣੀ ਚਾਹੀਦੀ ਹੈ

5. ਘਾਟੇ ਦੀ ਕਿਸਮ ਅਤੇ ਕਾਰਨ

(ਕਿਰਪਾ ਕਰਕੇ ਘਾਟੇ ਪੈਣ ਦੇ ਹਾਲਤਾਂ ਬਾਰੇ ਜਾਣਕਾਰੀ ਦਿਉ)

ਯੋਗਦਾਨੀ ਸ਼ਰਤ

6. ਅੱਗ/ਦੁਰਘਟਨਾ ਵਿੱਚ ਸ਼ਾਮਿਲ ਜੋਖਿਮ ਉੱਤੇ ਕਿਸੇ ਹੋਰ ਬੀਮਾ ਕੰਪਨੀ ਦੇ ਬੀਮੇ ਦਾ ਵੇਰਵਾ ਦਿਉ
7. ਜੇ ਬੀਮਤ ਇੱਕਲਾ ਮਾਲਕ ਨਹੀਂ ਹੈ ਤਾਂ ਜਾਇਦਾਦ ਵਿੱਚ ਉਸ ਦੇ ਹਿੱਤ ਅਤੇ ਹੋਰ ਹਿੱਤਾਂ ਦਾ ਵੇਰਵਾ

ਬੀਮਤ ਨੂੰ ਉਸ ਦੇ ਬੀਮਾਯੋਗ ਹਿੱਤਾਂ ਦੀ ਹੱਦ ਤੱਕ ਬੀਮਾ ਸੁਰੱਖਿਆ ਹੁੰਦੀ ਹੈ

8. ਕੀ ਘਾਟੇ ਬਾਰੇ ਇਤਲਾਹ ਦਿੱਤੀ ਹੈ

(1) ਪੁਲਿਸ

(2) ਅੱਗ ਬਝਾਊ ਦਸਤਾ

ਘਾਟੇ ਦੇ ਸਮਰਥਨ ਲਈ ਵਾਧੂ ਦਸਤਾਵੇਜ਼

9. ਕੀ ਮੌਜੂਦਾ ਪਾਲਸੀ ਅੰਤਰਾਲ ਦੌਰਾਨ ਇਸੇ ਜਾਇਦਾਦ ਉੱਤੇ ਪਹਿਲਾਂ ਕੋਈ ਦਾਅਵਾ ਰਿਪੋਰਟ ਕੀਤਾ ਗਿਆ ਸੀ

ਜੇ ਹਾਂ ਤਾਂ ਇਸ ਸਬੰਧੀ ਵੇਰਵਾ ਦਿਉ

(a) ਕਾਰਨ

(b) ਦੁਰਘਟਨਾ ਦੀ ਮਿਤੀ

(c) ਦਾਅਵਾ

(d) ਪਾਲਸੀ ਜਾਰੀ ਕਰਨ ਵਾਲਾ ਦਫ਼ਤਰ

(e) ਭੁਗਤਾ ਕੀਤੇ/ਬਕਾਇਆ ਦਾਅਵਾ ਰਕਮ ਰੁ:

ਜਾਂਚ ਲਈ ਵਾਧੂ ਜਾਣਕਾਰੀ

ਮੈਂ ਇੱਥੇ ਐਲਨਾ ਕਰਦਾ/ਕਰਦੀ ਹਾਂ ਕਿ ਉੱਤੇ ਦਿੱਤੇ ਤੱਥ ਮੇਰੀ ਜਾਣਕਾਰੀ ਮੁਤਾਬਕ ਸਹੀਂ ਅਤੇ ਠੀਕ ਹਨ।

ਥਾਂ

ਮਿਤੀ: ਬੀਮਤ ਦੇ ਦਸਤਖਤ

ਡੀਈਵੀ. ਅਧਿਕਾਰੀ/ਬੀਆਰ./ਡੀ.ਓ. ਵਲੋਂ ਭਰਨ ਲਈ

ਅੱਗ ਦਾਅਵਾ ਨੰ._____

ਬਰਾਂਚ/ਡੀ.ਓ. ਕੋਡ ਨੰ	ਆਰ.ਓ. ਕੋਡ ਨੰ.	ਡੀਈਵੀ ਦਫ਼ਤਰ ਦਾ ਕੋਡ ਨੰ.	ਏਜੰਸੀ ਕੋਡ ਨੰ.	ਪ੍ਰੀਮੀਅਮ ਭੁਗਤਾਨ ਤੱਥ		
				ਰਸੀਦ ਨੰ. ਬੀਜੀ/ਸੀਡੀ ਨੰ	ਭੁਗਤਾਨ ਦੀ ਮਿਤੀ	ਰਕਮ ਰੁ: